# ਪੰਜਾਬ ਦੇ ਪ੍ਰਸਿੱਧ ਰਾਗੀ ਰਬਾਬੀ



ਬਲਬੀਰ ਸਿੰਘ ਕੰਵਲ


www.sikhbookclub.com

# ਪੰਜਾਬ ਦੇ ਪ੍ਰਸਿੱਧ ਰਾਗੀ ਰਬਾਬੀ

SIKHBOOKCLUB.COM

SIKHBOOKCLUB.COM

**ਏਸੇ ਕਲਮ ਤੋਂ :**

- *ਭਾਰਤ ਦੇ ਪਹਿਲਵਾਨ* (1635-1987)
- *ਪੰਜਾਬ ਦੇ ਸ਼ਹਿਰ*
- *ਗੀਤ ਮੇਰੇ, ਸਾਜ਼ ਤੇਰੇ* (ਕਵਿਤਾ)
- *ਪੰਜਾਬ ਕਬੱਡੀ ਦਾ ਇਤਿਹਾਸ*
- *ਇੰਟਰਨੈਸ਼ਨਲ ਪੰਜਾਬੀ ਸਾਹਿਤ*
- *ਆਲਮੀ ਕਬੱਡੀ ਦਾ ਇਤਿਹਾਸ*
- *ਪੰਜਾਬ ਦੇ ਸੰਗੀਤ ਘਰਾਣੇ ਤੇ ਕਲਾਕਾਰ* (ਛਪਣ ਹਿੱਤ)
- *Sikh Strongmen Over the Years*
- *Gama : The Lion of the Ganges*
  (Life Story of a Champion Wrestler of the World 1882-1960)
  (in press)

 www.sikhbookclub.com

# ਪੰਜਾਬ ਦੇ ਪ੍ਰਸਿੱਧ ਰਾਗੀ ਰਬਾਬੀ

(1604 - 2004 ਈ.)

ਬਲਬੀਰ ਸਿੰਘ ਕੰਵਲ

SIKHBOOKCLUB.COM

ਸਿੰਘ ਬ੍ਰਦਰਜ਼
ਅੰਮ੍ਰਿਤਸਰ

 www.sikhbookclub.com

PUNJAB DE PARSIDH RAGI RABABI : 1604 - 2004

[Famous Ragis and Rababis of the Punjab]

*by*

BALBIR SINGH KANWAL
INTERNATIONAL PANJAB HERITAGE MUSEUM
2, ALBERT ROAD,
ILFORD, ESSEX, IGI IHN, U.K.
TELE & FAX : 0208-553-1655
E-MAIL : balbirkanwal@hotmail.com

© ਲੇਖਕ

*All rights reserved with the author. No part of this publication may be reproduced, stored in a retrieval system, or transmitted, in any form or by any means, electronic, mechanical, photocopying, recording or otherwise, without the prior permission of the copyright holder.*

ISBN 81-7205-446-7

SIKHBOOKCLUB.COM

ਪਹਿਲੀ ਵਾਰ ਜਨਵਰੀ 2010

**ਮੁੱਲ** : 400-00 **ਰੁਪਏ** (ਡੀਲਕਸ)

*ਪ੍ਰਕਾਸ਼ਕ :*

**ਸਿੰਘ ਬ੍ਰਦਰਜ਼**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-224, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com

*Website :* www.singhbrothers.com

*ਛਾਪਕ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

 www.sikhbookclub.com

ਪੰਜਾਬ ਦੇ ਪ੍ਰਸਿੱਧ ਰਾਗੀਆਂ ਰਬਾਬੀਆਂ ਬਾਰੇ ਮੈਂ ਇਹ ਕ੍ਰਿਤ ਹਿੰਦੁਸਤਾਨੀ
ਸੰਗੀਤ ਦੇ ਤੁਰਦੇ-ਫਿਰਦੇ ਮਹਾਂਕੋਸ਼ (ਇਨਸਾਈਕਲੋਪੀਡੀਆ)

**ਡਾ. ਰਾਜਾ ਮ੍ਰਿਗੇਂਦ੍ਰ ਸਿੰਘ ਜੀ**

*ਵਾਲੀਏ ਰਿਆਸਤ ਪਟਿਆਲਾ*

ਨੂੰ ਬੜੇ ਹੀ ਪਿਆਰ ਸਤਿਕਾਰ ਸਹਿਤ ਸਮਰਪਿਤ ਕਰਦਾ ਹਾਂ।
ਸਾਡੀ ਇੰਟਰਨੈਸ਼ਨਲ ਪੰਜਾਬ ਹੈਰੀਟੇਜ ਮਿਊਜ਼ੀਅਮ ਵਾਸਤੇ ਉਨ੍ਹਾਂ ਨੇ ਸਾਨੂੰ ਨਾ ਕੇਵਲ ਕੁਝ ਨਾਦਰ ਤੋਂ ਨਾਦਰ ਦੁਰਲੱਭ ਵਸਤਾਂ/ਦਸਤਾਵੇਜ਼ਾਂ ਹੀ ਬਖ਼ਸ਼ੀਆਂ, ਸਗੋਂ ਸਾਨੂੰ ਇਲਮ ਦੇ ਬੇਸ਼ਬਹਾ ਭੰਡਾਰਿਆਂ ਖ਼ਜ਼ਾਨਿਆਂ ਨਾਲ ਵੀ ਮਾਲਾ ਮਾਲ ਕੀਤਾ!


www.sikhbookclub.com

# ਤਤਕਰਾ


| | |
|---|---|
| *ਮੁਖਬੰਧ* | 13 |
| *ਰਾਗੀਆਂ-ਰਬਾਬੀਆਂ ਦਾ ਐਨਸਾਈਕਲੋਪੀਡੀਆ* | 17 |
| *ਮੁੱਢਲੇ ਸ਼ਬਦ : ਪੰਜਾਬ ਦੇ ਸੰਗੀਤ ਘਰਾਣਿਆਂ ਤੋਂ ਰਾਗੀਆਂ-ਰਬਾਬੀਆਂ ਤਕ ਦਾ ਸਫ਼ਰ* | 19 |
| *ਵਿਸ਼ੇਸ਼ ਧੰਨਵਾਦ* | 24 |
| • ਸਿੱਖ ਸੰਗੀਤ 'ਤੇ ਇਕ ਸਰਸਰੀ ਝਾਤ | 25 |
| • ਕਾਦਰ ਦੀ ਕੀਰਤੀ : ਕੀਰਤਨ | 27 |
| • ਢਾਢੀ ਤਿਸਨੋ ਆਖੀਐ | 31 |
| • ਪਟਿਆਲਾ ਘਰਾਣਾ | 40 |
| • ਕਪੂਰਥਲਾ ਘਰਾਣਾ | 57 |
| • ਭਾਈ ਮਰਦਾਨਾ | 73 |
| • ਭਾਈ ਸੱਤਾ ਤੇ ਬਲਵੰਡ | 75 |
| • ਭਾਈ ਬਾਬਕ | 79 |
| • ਮੀਰ ਛਬੀਲਾ | 83 |
| • ਭਾਈ ਅਬਦੁੱਲਾ ਤੇ ਭਾਈ ਨੱਥ ਮੱਲ | 85 |
| • ਭਾਈ ਸੱਦੂ ਮੱਦੂ | 87 |
| • ਭਾਈ ਨੰਦ ਤੇ ਚੰਦ | 88 |
| • ਭਾਈ ਅਮੀਰਾ | 90 |
| • ਭਾਈ ਮਨਸ਼ਾ ਸਿੰਘ | 93 |
| • ਬਾਬਾ ਸ਼ਾਮ ਸਿੰਘ ਅੜਣਸ਼ਾਹੀ | 97 |
| • ਭਾਈ ਧੈਰ ਗਿੱਲੂ | 99 |


 www.sikhbookclub.com

- ਉਸਤਾਦ ਮਹਿਤਾਬ ਸਿੰਘ (ਅੰਮ੍ਰਿਤਸਰ ਵਾਲੇ) 102
- ਭਾਈ ਪ੍ਰਤਾਪ ਸਿੰਘ 104
- ਮਹੰਤ ਗੱਜਾ ਸਿੰਘ 109
- ਭਾਈ ਮਹਿਬੂਬ ਅਲੀ—ਸਿਤਾਰ ਨਵਾਜ਼ 118
- ਭਾਈ ਸ਼ੇਰ ਸਿੰਘ ਗੁੱਜਰਾਂਵਾਲੀਏ 121
- ਭਾਈ ਹਰਨਾਮ ਸਿੰਘ ਜੰਮੂ ਵਾਲੇ 126
- ਭਾਈ ਜਵਾਲਾ ਸਿੰਘ 129
- ਭਾਈ ਹੀਰਾ ਸਿੰਘ 133
- ਭਾਈ ਸੁੱਧ ਸਿੰਘ 136
- ਭਾਈ ਜਵੰਦ ਸਿੰਘ ਮਹਿਰਾ 138
- ਉਸਤਾਦ ਉੱਤਮ ਸਿੰਘ - I 141
- ਉੱਤਮ ਸਿੰਘ ਰਾਗੀ - II 143
- ਭਾਈ ਮਲੰਗ ਖ਼ਾਂ 147
- ਭਾਈ ਅੱਲਾ ਰੱਖਾ ਅੰਮ੍ਰਿਤਸਰ ਵਾਲੇ 156
- ਭਾਈ ਆਗ਼ਾ ਫ਼ੈਜ਼ 158
- ਭਾਈ ਇਨਾਇਤ 161
- ਭਾਈ ਸੈਂਡੂ 163
- ਭਾਈ ਬਤਨ ਸਿੰਘ ਮੋਹਲੀ 165
- ਭਾਈ ਦਲ ਸਿੰਘ ਸਹੋਤਾ 166
- ਭਾਈ ਬੂੜਾ ਰਬਾਬੀ 168
- ਭਾਈ ਬੂੜਾ 171
- ਭਾਈ ਮੋਤੀ 174
- ਭਾਈ ਸਾਈਂ ਦਿੱਤਾ 177
- ਭਾਈ ਤਾਬਾ 182
- ਭਾਈ ਲਾਲ 185

- ਭਾਈ ਗੁਰਮੁਖ ਸਿੰਘ ਸਰਮੁਖ ਸਿੰਘ ਫ਼ੱਕਰ 187
- ਭਾਈ ਛੈਲਾ ਪਟਿਆਲੇ ਵਾਲੇ 192
- ਭਾਈ ਘਸੀਟਾ 195
- ਭਾਈ ਨਸੀਰਾ 197
- ਉਸਤਾਦ ਕਰੀਮ ਬਖ਼ਸ਼ ਪੇਰਨਾ 201
- ਭਾਈ ਬਹਾਦਰ ਸਿੰਘ 203
- ਭਾਈ ਸੁੰਦਰ ਸਿੰਘ 204
- ਭਾਈ ਪੂਰਨ ਸਿੰਘ ਤਰਨ ਤਾਰਨ ਵਾਲੇ 208
- ਭਾਈ ਗਿਆਨ ਸਿੰਘ ਅਲਮਸਤ 212
- ਸ. ਅੱਛਰ ਸਿੰਘ ਸਾਜ਼ਕਾਰ 215
- ਭਾਈ ਸਮੁੰਦ ਸਿੰਘ 221
- ਭਾਈ ਜੱਸਾ ਪਾਲਾ 227
- ਪੰਡਿਤ ਦਲੀਪ ਚੰਦਰ ਬੇਦੀ 230
- ਭਾਈ ਅਰਜਣ ਸਿੰਘ ਤੁੰਗਰ 232
- ਭਾਈ ਸੰਤਾ ਸਿੰਘ ਚਮਕ 234
- ਭਾਈ ਸੰਤਾ ਸਿੰਘ 236
- ਉਸਤਾਦ ਕਰਮ ਸਿੰਘ ਚੱਕਰਵਰਤੀ 238
- ਭਾਈ ਸੁਰਜਨ ਸਿੰਘ 248
- ਭਾਈ ਚਾਂਦ 250
- ਭਾਈ ਅਵਤਾਰ ਸਿੰਘ ਗੁਰਚਰਨ ਸਿੰਘ 255
- ਪ੍ਰੋ. ਦਰਸ਼ਨ ਸਿੰਘ ਕੋਮਲ 257
- ਭਾਈ ਧਰਮ ਸਿੰਘ ਸ਼ਮਸ਼ੇਰ ਸਿੰਘ ਜ਼ਖ਼ਮੀ 259
- ਉਸਤਾਦ ਸੋਹਣ ਸਿੰਘ - ਪਦਮ-ਸ਼੍ਰੀ 261
- ਪਿਆਰਾ ਸਿੰਘ (ਦਿਲਰੁਬਾ ਅਤੇ ਤਾਰ ਸ਼ਹਿਨਾਈ ਵਾਦਕ) 265
- ਨਰਿੰਦਰ ਸਿੰਘ ਵਿਰਦੀ 266
- ਪ੍ਰੋ. ਹਰਚੰਦ ਸਿੰਘ ਗੁਰਦਿਆਲ ਸਿੰਘ ਕਲਸੀ 267

- ਸੋਹਨ ਸਿੰਘ ਪਦਮ 270
- ਮਾਸਟਰ ਮਦਨ (ਗਾਇਨ ਆਚਾਰਜ) 272
- ਉਸਤਾਦ ਲਛਮਣ ਸਿੰਘ ਸੀਨ 275
- ਭਾਈ ਦੇਵਿੰਦਰ ਸਿੰਘ 277
- ਸੰਤ ਸਰਵਣ ਸਿੰਘ ਗੰਧਰਵ 280
- ਸਿੰਘ ਬੰਧੂ : ਸੁਰਿੰਦਰ ਸਿੰਘ ਤੇਜਪਾਲ ਸਿੰਘ ਸੱਚਦੇਵ 281
- ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ 285
- ਭਾਈ ਬਖ਼ਸ਼ੀਸ਼ ਸਿੰਘ 289
- ਭਾਈ ਬਲਬੀਰ ਸਿੰਘ 291
- ਭਾਈ ਨਿਰਮਲ ਸਿੰਘ ਖ਼ਾਲਸਾ 295
- ਉਸਤਾਦ ਮਹਿੰਦਰ ਸਿੰਘ 299
- ਡਾ. ਜਸਬੀਰ ਕੌਰ 301
- ਭਾਈ ਬਲਜੀਤ ਸਿੰਘ ਗੁਰਮੀਤ ਸਿੰਘ 305
- ਵਿਦੇਸ਼ਾਂ ਵਿਚ ਕੁਝ ਗੁਰਮਤਿ ਸੰਗੀਤ ਸੇਵੀ 306
  - —ਗਿਆਨੀ ਸੰਤੋਖ ਸਿੰਘ ਨਿਰਪੱਖ 306
  - —ਮੋਹਨ ਸਿੰਘ ਮੁਸਾਪੁਰੀ 307
  - —ਤਰਸੇਮ ਸਿੰਘ ਮੋਰਾਂਵਾਲੀ 307
  - —ਗਿਆਨੀ ਗੁਰਬਚਨ ਸਿੰਘ ਹਮਦਰਦ 308
  - —ਭਾਈ ਗਿਆਨ ਸਿੰਘ ਸੁਰਜੀਤ 308
  - —ਅਵਤਾਰ ਸਿੰਘ ਰਾਗੀ 308
  - —ਪ੍ਰੋਫ਼ੈਸਰ ਸੀਤਲ ਸਿੰਘ ਸਿਤਾਰਾ 309
  - —ਸੁਰਿੰਦਰ ਸਿੰਘ ਮਠਾਰੂ 309
  - —ਪਰਗਟ ਸਿੰਘ ਮਠਾਰੂ 310
  - —ਭਾਈ ਬਲਦੀਪ ਸਿੰਘ 310
  - —ਭਾਈ ਦੇਵਿੰਦਰ ਪ੍ਰਤਾਪ ਸਿੰਘ ਮੁਹਿੰਦਰ ਪ੍ਰਤਾਪ ਸਿੰਘ (ਅਮਰੀਕਾ ਵਾਲੇ) 311

- ਪੁਰਾਤਨ ਗੁਰਮਤਿ ਸੰਗੀਤ ਦੇ ਕੁਝ ਸ੍ਰੇਸ਼ਟ ਸੰਗ੍ਰਹਿਕਾਰ 312
  - —ਗੁਰਮੁਖ ਸਿੰਘ ਲਾਲੀ 312
  - —ਹਰਜਾਪ ਸਿੰਘ ਔਜਲਾ 312
  - —ਬਲਕੀਅਤ ਸਿੰਘ 313
  - —ਐੱਮ.ਐੱਸ. ਬਿੰਦਰਾ 313
  - —ਸਾਹਿਬਜ਼ਾਦਾ ਗ਼ੁਲਾਮ ਅਲੀ 313
  - —ਰਵਿੰਦਰ ਸਿੰਘ ਖਹਿਰਾ 313
  - —ਕੁਲਦੀਪ ਸਿੰਘ ਤੱਖਰ 314
  - —ਬਲਬੀਰ ਸਿੰਘ ਕੰਵਲ 314
- ਇੰਟਰਨੈਸ਼ਨਲ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੋਸਾਇਟੀ, ਫ਼ਿਰੋਜ਼ਪੁਰ 315
- ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਟਕਸਾਲ, ਲੁਧਿਆਣਾ 317
- ਤ੍ਰੈਣੀ—ਰਾਗ ਦੀ ਤ੍ਰਿਵੇਣੀ 319
- ਸੰਗੀਤ ਦੀ ਸ਼ਬਦਾਵਲੀ 327
- ਗੁਰੂ ਸਾਹਿਬਾਨ ਦੇ ਰਾਗੀ ਰਬਾਬੀ 329
- ਰਬਾਬੀ ਕੁਰਸੀਨਾਮੇ 331
  - —ਖਡੂਰੀਏ : ਪਰਿਵਾਰ ਨੰ: 1, 2 331
  - ਪਰਿਵਾਰ ਨੰ: 3 332
  - —ਗਿੱਲੇ ਜਾਂ ਅੰਮ੍ਰਿਤਸਰੀਏ : ਪਰਿਵਾਰ ਨੰ: 4 332
  - —ਮਨਾਵੀਏ ਜਾਂ ਮਨਾਵਾਂ ਵਾਲੇ ਰਬਾਬੀ : ਪਰਿਵਾਰ ਨੰ: 5 333
  - —ਲਾਹੌਰੀਏ ਰਬਾਬੀ : ਪਰਿਵਾਰ ਨੰ: 6 333
  - —ਛੱਬੇ ਅੰਮ੍ਰਿਤਸਰੀਏ : ਪਰਿਵਾਰ ਨੰ: 7 334
  - —ਲਾਹੌਰੀਏ ਰਬਾਬੀ (ਖ਼ਾਨਦਾਨ ਦੂਜਾ) : ਪਰਿਵਾਰ ਨੰ: 8 334
  - —ਦਿਓਕੇ ਜਾਂ ਪਟਿਆਲੀਏ ਰਬਾਬੀ : ਪਰਿਵਾਰ ਨੰ: 9 335
  - —ਕਪੂਰਥਲੀਏ ਰਬਾਬੀ : ਪਰਿਵਾਰ ਨੰ: 10 335

# Dr. Raja Mrigendra Singh : The Pillar of Patiala Gharana of Music

Son of Maharaja Bhupendra Singh Ji of Patiala, Dr. Raja Mrigendra Singh, is one of the greatest musicologists of the Indian sub-Continent. An exponent of the Tantrik School of Shiv Matt of Divine



*The Author with Dr. Raja Mrigendra Singh Ji*
*The rare 'Rudra Veena' of the Mughal Durbar can also be seen in the photograph*

Classical Music, he had his early training from Bhai Mehboob Ali urf Bhai Buba Rababi, who was a direct descendant of Bhai Mardana's Guru, Bhai Farinda. In Gayaki, he had the tutelage of Ustad Akhtar Hussain Khan, who happened to be the Ustad of such a great celebrity as Ustad Bade Ghulam Ali Khan Sahib.

Look to the quirk of luck that, the Rudra Veena – a very rare instrument which he plays – dates back to the times of Emperor Mohd. Shah Rangila and was completed by artisans and craftsmen in as long as five years ! Surprisingly, he is the only instrumentalist in the whole world, who can play that !! Thus rightfully, a living legend as he is, he can be called as one of the Pillars of Patiala Gharana of Music.

Dr. Singh has a number of prestigious works to his credit like, 'Vadan Sagara,' 'Guru Nanak's Doctrine of Nama in the Context of World Religions' (his Ph.D. thesis), 'The Parallel Exegeses Anthology' to name only a few, and a number of research papers which have been read at National and International Seminars.

Raja Sahib, alongwith his family, lives in New York these days.

–B.S.K.



ਕਰਤਾ ਬਲਬੀਰ ਸਿੰਘ ਕੰਵਲ ਸੰਗੀਤ ਦੇ ਤੁਰਦੇ-ਫਿਰਦੇ ਇਨਸਾਈਕਲੋਪੀਡੀਆ
ਡਾ. ਰਾਜਾ ਮ੍ਰਿਗੇਂਦ੍ਰ ਸਿੰਘ ਜੀ ਵਾਲੀਆ ਰਿਆਸਤ ਪਟਿਆਲਾ (ਖੱਬੇ ਪਾਸੇ) ਦੇ ਨਾਲ


www.sikhbookclub.com




ਇੰਟਰਨੈਸ਼ਨਲ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੋਸਾਇਟੀ, ਫਿਰੋਜ਼ਪੁਰ ਵਾਲੇ ਕਰਤਾ ਨੂੰ ਭਾਈ ਮਰਦਾਨਾ ਐਵਾਰਡ ਨਾਲ ਸਨਮਾਨਿਤ ਕਰਦੇ ਹੋਏ। ਤਸਵੀਰ ਵਿਚ ਸੋਸਾਇਟੀ ਦੇ ਰੂਹੇ-ਰਵਾਂ ਸ. ਹਰਪਾਲ ਸਿੰਘ ਜੀ ਭੁੱਲਰ ਤੋਂ ਛੁੱਟ ਇਸ ਦੇ ਕੁਝ ਦੂਸਰੇ ਅਹਿਮ ਮੈਂਬਰ ਵੀ ਦਿਖਾਈ ਦੇ ਰਹੇ ਹਨ।


www.sikhbookclub.com



ਕਰਤਾ ਬਲਬੀਰ ਸਿੰਘ ਕੰਵਲ ਵੀਹਵੀਂ ਸਦੀ ਦੇ ਇਕ ਸਰਵੋਤਮ ਗਾਇਕ ਸ਼ਾਮ ਚੌਰਾਸੀ ਘਰਾਣੇ ਵਾਲੇ ਆਪਣੇ ਬੇਲੀ ਉਸਤਾਦ ਸਲਾਮਤ ਅਲੀ ਖ਼ਾਂ ਨਜ਼ਾਕਤ ਅਲੀ ਖ਼ਾਂ ਪਾਕਿਸਤਾਨ ਵਾਲਿਆਂ ਦੇ ਨਾਲ 1967 'ਚ ਲੰਡਨ ਆਪਣੇ ਗ੍ਰਹਿ ਵਿਖੇ ।



ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦਗਾਰੀ ਰਬਾਬ, ਗੁਰਦੁਆਰਾ ਮੰਡੀ ਸੁਕੇਤ, ਮੰਡੀ ਹਿਮਾਚਲ ਪ੍ਰਦੇਸ਼ ਵਿਖੇ ।

*Photo Credit: S. Harpal Singh Bhuller, Ferozepur*

# ਮੁਖਬੰਧ

ਸਰਦਾਰ ਬਲਬੀਰ ਸਿੰਘ 'ਕੰਵਲ' ਯੂ.ਕੇ. ਲੰਡਨ ਨੇ ਸਵਾ-ਸੌ (125) ਕੁ ਪੰਜਾਬੀ 'ਚ ਲਿਖੀ, ਉੱਨੀ-ਵੀਹਵੀਂ ਸਦੀ ਦੇ ਪੰਜਾਬੀ ਸੰਗੀਤਕਾਰਾਂ ਦੀ ਸੰਖੇਪ ਜੀਵਨੀ ਸੰਗ੍ਰਹਿ ਭੇਜੀ ਹੈ; ਪੜ੍ਹ ਕੇ ਬੜੀ ਖ਼ੁਸ਼ੀ ਹੋਈ।

ਆਪ ਸੰਗੀਤ ਤੋਂ ਛੁੱਟ ਦੰਗਲ (ਦੇਸੀ ਕੁਸ਼ਤੀ) ਦੇ ਸ਼ੌਕੀਨ ਹਨ। ਆਪ ਨੇ ਪਟਿਆਲਾ ਰਿਆਸਤ ਦੇ ਇਕ ਦਰਬਾਰੀ ਪਹਿਲਵਾਨ, ਗਾਮਾ 'ਰੁਸਤਮ-ਇ-ਜਹਾਨ' (1882-1960 ਈ.) ਤੇ ਭਾਈ ਈਮਾਮ ਬਖ਼ਸ਼ ਤਾਜ਼ੀਆ ਦਰਬਾਰ ਸ਼ਹਿਰ 'ਚ ਆਮ ਕਿਲ੍ਹਾ ਮੁਬਾਰਕ ਅੰਦਰਲੇ ਚੌਕ 'ਚ ਘੋਲ 1948 ਈ. ਤਕ ਅਸਾ ਦੇਖੇ ਹਨ, ਉੱਤੇ ਵੀ ਇਕ ਕਿਤਾਬ—*GAMA-The Lion of the Ganges-The Story of a Champion Wrestler of the World*—ਲਿਖੀ ਹੈ।

ਕਈ ਸਾਲਾਂ ਤੋਂ ਆਪ ਸੰਗੀਤਕਾਰਾਂ ਦੇ ਸੰਖੇਪ ਜੀਵਨੀ ਛਪੇ ਲੇਖ ਭੇਜਦੇ ਰਹੇ ਹਨ। ਉਨ੍ਹਾਂ ਵਿੱਚੋਂ ਪਟਿਆਲਾ ਦਰਬਾਰੀ ਮਰਹੂਮ ਖ਼ਾਂ ਸਾਹਿਬ ਅਬਦੁਲ ਅਜ਼ੀਜ਼ ਖ਼ਾਂ ਬਚਿੱਤ੍ਰ-ਬੀਨਕਾਰ ਦਾ ਚੰਗਾ ਲੇਖ ਲਿਖਿਆ ਹੈ। ਸ਼ੁਰੂ 'ਚ ਅਨਘੜ ਹੱਥ ਬਣੀ ਤਸਵੀਰ ਦਿੱਤੀ ਹੈ। ਆਪ ਕੁਛ ਕਾਲ ਪਿੱਛੋਂ ਅਮਰੀਕਾ, ਨਿਊਯਾਰਕ ਮੇਰੇ ਘਰ ਆਏ। ਬਹੁਤ ਸੰਗੀਤਕਾਰਾਂ ਦੀਆ ਫੋਟੋਆਂ-ਸੰਗ੍ਰਹਿ ਉਨ੍ਹਾਂ ਕੋਲ ਦੇਖੀਆਂ, ਪਰ ਅਬਦੁਲ ਅਜ਼ੀਜ਼ ਦੀ ਨਹੀਂ ਸੀ। ਸੋ, ਮੈਂ ਖ਼ਾਂ ਸਾਹਿਬ ਬਚਿੱਤ੍ਰ-ਬੀਨ ਵਜਾਂਦੇ ਦੀ ਫੋਟੋ ਦਿੱਤੀ। ਓਦੋਂ ਸਰਦਾਰ ਬਲਬੀਰ ਸਿੰਘ ਨੇ ਦੱਸਿਆ; ਪੰਜਾਬ 'ਚ ਆਪ ਅਜੈਬ ਘਰ (ਮਿਊਜ਼ੀਅਮ) ਬਣਾ ਰਹੇ ਹਨ, ਉਸ 'ਚ ਹੋਰ ਬਹੁਤ ਪਦਾਰਥਾਂ ਨਾਲ ਪਰਦਰਸ਼ਨ ਕਰਨਗੇ।

ਹੁਣ ਭੇਜੇ ਲੇਖ ਸੰਗ੍ਰਹਿ ਵਿਚ ਸ੍ਰੀਵਿਸ਼੍ਵਗੁਰੂ ਨਾਨਕ - ਸ੍ਰੀਜਗਦਗੁਰੂ ਗੋਬਿੰਦ ਜੀ ਦੇ "ਗੁਰੂ-ਸਿਖ ਧਰਮੀ" ਪੰਜਾਬੀ ਸੰਗੀਤਕਾਰਾਂ ਦੀਆਂ ਸੰਖੇਪ ਜੀਵਨੀ ਯੋਜਨਾ ਸੰਗ੍ਰਹਿ ਗ੍ਰੰਥ ਰਚਿਆ ਹੈ। ਸ੍ਰੀਵਿਸ਼੍ਵਗੁਰੂ ਨਾਨਕ ਦੇਵ ਜੀ ਬੰਸ ਲਾਗੀ 'ਮਿਰਾਸੀ ਰਬਾਬੀ' ਭਾਈ ਮਰਦਾਨੇ ਗੁਰੂ-ਸਿੱਖ ਤੋਂ ਆਰੰਭ, ਸ੍ਰੀਜਗਦਗੁਰੂ ਗੋਬਿੰਦ ਜੀ ਦੇ ਢਾਡੀ, ਰਬਾਬੀ ਭਾਈ ਨੰਦ ਆਦਿਆਂ ਦੇ ਅਤਿ ਸੰਖੇਪ ਜੀਵਨ ਲਿਖੇ ਹਨ, ਪਰ ਉਨ੍ਹਾਂ ਦੇ ਬੰਸ ਸ਼ਜਰੇ (ਬ੍ਰਿਕਸ਼/ਕੁਰਸੀ ਨਾਮੇ) ਦੀ ਘਾਟ ਹੈ। ਚੰਗਾ ਹੁੰਦਾ, ਓਹ ਵੀ ਰਬਾਬੀ ਭਾਈ ਮਰਦਾਨੇ ਦੇ ਰਬਾਬ ਉਸਤਾਦ ਭਾਈ ਫਰਿੰਦੇ ਬੰਸ ਨਾਲ ਜੋੜ ਕੇ ਲਿਖਦੇ, ਤਾਂ ਕਿ ਭਾਈ ਮਰਦਾਨੇ ਅਤੇ ਦੂਜੇ ਸ੍ਰੀਜਗਦਗੁਰੂ ਜੀ ਤੋਂ ਛੇਵੇਂ ਮੀਰੀ-ਪੀਰੀ ਸ੍ਰੀਜਗਦਗੁਰੂ ਹਰਿਗੋਬਿੰਦ ਸਾਹਿਬ ਦੇ ਕੀਰਤਨੀਏ, ਜੋ ਭਾਈ ਗੁਰਦਾਸ 'ਭੱਲਾ' ਨੇ ਗਿਆਰ੍ਹਵੀਂ ਵਾਰ 'ਚ ਲਿਖੇ ਹਨ ਅਤੇ ਭਾਈ ਮਨੀ ਸਿੰਘ ਨੇ ਵਿਸਤਾਰ ਰੂਪ ਟੀਕੇ 'ਚ ਰਬਾਬੀ, ਢਾਡੀ, ਕੀਰਤਨੀਏ ਕਹੇ; ਸਾਰੇ ਢੱਕ ਜਾਂਦੇ।

ਇਕ ਜ਼ਰੂਰੀ ਗੱਲ ਲਿਖਣ ਜੋਗ ਹੈ। ਜਿਵੇਂ ਜਾਣੋ ਸਰਦਾਰ ਹਰਜਾਪ ਸਿੰਘ 'ਔਜਲਾ' ਆਦਿ ਕੇਵਲ ਸੰਗੀਤ ਸ਼ੌਕੀਨਾਂ ਦੇ ਜ਼ਿਕਰ ਹਨ—ਪਰ, ਸੰਗੀਤ ਕਲਾਕਾਰ ਨਹੀਂ। ਇਨ੍ਹਾਂ ਤੋਂ ਵੱਧ ਜ਼ਰੂਰੀ ਸੀ, ਕਿ ਸ੍ਰੀ ਗੁਰਬਾਣੀ 'ਚ ਬਾਰ ਬਾਰ ਬਲ ਨਾਲ ਲਿਖੇ :

(ਪੰ. 590:6) ਮ: ੩ "ਸਦਾ ਸੁਖੀਏ ਨਿਰਮਲੇ, ਸਤਿਗੁਰ ਕੀ ਕਾਰ ਕਮਾਇ", ਤੇ (ਪੰ. 1408:10) "ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ" ਤੇ ਭਾਈ ਗੁਰਦਾਸ (1।45।4-6) "ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ॥ ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਯਾ॥ ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ॥" ਗੁਰੁਪੰਥ ਸਿਧਾਂਤ ਅੰਗਰੇਜ਼ ਆਣ ਤਕ ਇੱਕੋ 'ਨਿਰਮਲ/ਖ਼ਾਲਸਾ ਪੰਥ' ਸੀ ਤੇ ਕਲਿਜੁਗ ਉਧਾਰ ਕੀਰਤਨ ਧਰਮ ਪ੍ਰਧਾਨ ਹੈ, ਅਤੇ ਜਿਸ ਬਿਨਾਂ ਕੋਈ ਸਤਸੰਗ, ਸੰਮੇਲਨ ਨਹੀਂ ਹੁੰਦੇ ਲਿਖਦੇ। ਪਹਿਲਾਂ ਬਿਨਾਂ ਸੰਨ 1925 ਸ਼੍ਰੋਮਣੀ ਕਮੇਟੀ ਬਣੇ : ਧੁਰੰਦਰ ਨਿਰਮਲੇ ਮਹੰਤ, ਸੰਤ, ਕੀਰਤਨੀਏ ਬਿਨਾਂ ਕੋਈ ਦੀਵਾਨ ਨਹੀਂ ਹੁੰਦੇ ਸਨ। ਉਨ੍ਹਾਂ 'ਚ ਕੁਛ ਉਦਾਸੀ ਸਾਧੂ ਵੀ ਭਾਗ ਲੈਂਦੇ ਸਨ। ਮਹਾਰਾਜਾ ਰਣਜੀਤ ਸਿੰਘ ਮਾਨਯ ਬਾਬਾ ਸੰਤ ਮਿਸ਼੍ਰਾ ਸਿੰਘ ਕੀਰਤਨਕਾਰ, ਨਿਰਮਲ ਡੇਰਾ, ਅੰਮ੍ਰਿਤਸਰ ਅਤੇ ਇਤਿਹਾਸਿਕ ਸ੍ਰੀਗੁਰਦੁਆਰਾ ਗੁਰੁਸਰ ਆਦਿਆਂ ਦੇ ਉਚ ਕੋਟੀ 1,000 ਵੱਧ ਨਿਰਮਲੇ ਮਹੰਤ-ਸੰਤ ਸੰਗੀਤ ਸ਼ਾਸਤ੍ਰਕਾਰ ਸਨ, ਓਨ੍ਹਾਂ ਅਪਨਾਈ ਪੁਰਾਣੀ ਰੀਤਾਂ ਦੇਣ ਬਿਨਾਂ ਗ੍ਰੰਥ ਅਧੂਰਾ ਪ੍ਰਤੀਤ ਹੁੰਦਾ ਹੈ; ਲਿਖਦੇ ਚੰਗਾ ਸੀ।

ਇਸ ਲੇਖ ਸੰਗ੍ਰਹਿ ਬਾਵਜੂਦ ਸਵਾ-ਦੋ ਸੌ (225) ਸਾਲ ਗੁਰੂਸਿੱਖ ਮੁਸਲਮਾਨ ਰਬਾਬੀ ਢਾਡੀਆਂ ਦੇ ਜ਼ਿਕਰ, ਕਾਰਨਾਮੇ ਲਿਖੇ ਹਨ। ਅਠਾਰ੍ਹਵੀਂ (18) ਸਦੀ ਛੱਡ, ਉੱਨੀ (19) ਵੀਹ (20)ਵੀਂ ਸਦੀ ਦੇ ਪ੍ਰਸਿੱਧ ਗੁਰਸਿੱਖ-ਮੁਸਲਮਾਨ ਰਬਾਬੀ, ਸਿੱਖ ਕੀਰਤਨੀ ਰਾਗੀਆਂ ਦੀਆਂ ਸੰਖੇਪ ਜੀਵਨੀਆਂ ਖੋਜ ਆਰੰਭ, ਸੰਗੀਤਕਲਾ ਕਾਰਨਾਮੇ ਬਹੁਤ ਚੰਗੇ ਸੋਹਣੇ ਭਾਵ 'ਚ ਲਿਖੇ ਹਨ। ਹੋਰ ਤਾਂ ਹੋਰ, ਇਸ ਵਿਚ ਪੰਜਾਬ ਦੀ ਪਵਿੱਤ੍ਰ ਧਰਤੀ ਦੇ ਕੁਝ ਬੰਦਿਸ਼ਕਾਰ (ਵਾਗਯਾਕਾਰ), ਅਤੇ ਵਾਦਨਕਾਰ ਵੀ ਆ ਜਾਂਦੇ ਹਨ, ਭਾਵੇਂ ਇਸ ਵਿਚ ਇਹ ਗੱਲ ਅੱਖੜਦੀ ਵੀ ਹੈ; ਇਕ ਦੋ ਸਿੱਖ ਉਸਤਾਦ (ਪੰ. ਦਲੀਪ ਸਿੰਘ ਚੰਦ੍ਰ 'ਬੇਦੀ' ਤੇ ਸ. ਸੋਹਨ ਸਿੰਘ) ਜਿਨ੍ਹਾਂ ਦਾ ਉੱਤਰ ਭਾਰਤੀ ਸ਼ਾਸਤ੍ਰੀ ਸੰਗੀਤ ਗਾਇਕਾਂ 'ਚ ਉੱਚਾ ਮੁਕਾਮ ਹੈ, ਇਹ ਨਿਰੋਲ ਕੀਰਤਨਕਾਰਾਂ ਵਿਚ ਕਿਵੇਂ ਸ਼ਾਮਲ ਕੀਤੇ ? ਇਸ ਦੇ ਬਾਵਜੂਦ ਕੁਝ ਇਵੇਂ ਜਾਪਦਾ ਹੈ—ਜਿਵੇਂ ਇਸ ਖੇਤਰ 'ਚ ਹੁਣ ਤਕ ਦੇ ਕੀਤੇ ਕਾਰਜਾਂ ਨਾਲੋਂ ਕੁਝ ਰਬਾਬੀਆ ਬਾਰੇ ਅਜੇ ਤਕ ਕਿਧਰੇ ਐਨੇ ਵਿਸਤਾਰ ਨਾਲ ਨਹੀਂ ਲਿਖਿਆ ਗਿਆ। ਇਸ ਹਿਸਾਬ ਨਾਲ ਇਹ ਪਹਿਲੀ ਐਸੀ ਗੁਰ-ਸਿੱਖ ਸੰਗੀਤਕਾਰਾਂ ਦੀ ਸੰਖੇਪ ਜੀਵਨੀ ਕਿਰਤ (ਪਰਿਭਾਸ਼ਿਕ ਸ਼ਾਸਤ੍ਰੀ ਗੁਰੂ ਸੰਗੀਤ ਦੇ ਖ਼ਾਸ ਕਾਰਨਾਮੇ ਨਹੀਂ) ਆਖ ਸਕਦੇ ਹਾਂ, ਬਹੁਤ ਸ਼ਲਾਘਾਯੋਗ ਕੰਮ ਹੈ।

ਸ. ਬਲਬੀਰ ਸਿੰਘ ਦੇ ਲੇਖਾਂ ਤੋਂ ਪਤਾ ਚੱਲਦਾ ਹੈ, ਕਿ ਓਹ ਗ੍ਰਾਮੋਫ਼ੋਨ ਕੰਪਨੀ ਆਦਿ 'ਚ ਬਣੇ, ਸ਼ੁਰੂ ਤੋਂ ਬੜੇ ਪ੍ਰੇਮ ਨਾਲ ਪੁਰਾਣੇ-ਨਵੇਂ ਉੱਤਮ ਸ਼ਾਸਤ੍ਰੀ ਤੇ ਲੋਕ ਗੀਤ, ਅਤੇ ਵਾਦਯ ਵ੍ਰਿੰਦ ਰਿਕਾਰਡ ਇਕੱਠੇ ਕਰਦੇ ਰਹੇ ਹਨ।

ਪ੍ਰਦੇਸ਼ੀ ਅੰਗਰੇਜ਼ ਰਾਜ ਕਾਲ, ਦੇਸ਼ੀ ਰਾਜਾਂ ਪੰਜਾਬ ਬਿਨਾਂ, ਸਾਰੇ ਕਲਾਕਾਰਾਂ ਨਾਲ ਇੱਕੋ ਜਿਹਾ ਬਰਤਾ ਲਿਖਿਆ ਹੈ। ਪਰ, ਦੇਸ਼ੀ ਪੰਜਾਬੀ ਗੁਰਸਿੱਖ ਰਾਜਵਾੜੇ ਤੇ ਅੰਗਰੇਜ਼ੀ ਪੰਜਾਬ ਸਿੱਖਾਂ 'ਚ ਸੌ (100) ਸਾਲਾਂ ਦੇ ਵਿਵਹਾਰ, ਤੇ ਪਰਮਾਰਥ ਧਰਮ ਵਿਚ ਫ਼ਰਕ ਬਹੁਤ ਪੈ ਚੁੱਕਾ ਸੀ। ਗੁਰਸਿੱਖ ਰਾਜਵਾੜੇ ਕਦੀਮੀ "ਦਮਦਮਾ ਸ੍ਰੀਗੁਰੁ ਕਾਸ਼ੀ ਟਕਸਾਲ" ਅਟੁੱਟ ਮਰਯਾਦਾ 'ਚ ਚੱਲਦੇ ਸਨ ਜੋ ਸੰਨ 1947-48, ਤੇ ਪੈਪਸੂ


www.sikhbookclub.com

ਅੰਤ 1953 ਤਕ ਬੱਧੇ ਰਹੇ। ਪਰ ਅੰਗਰੇਜ਼ੀ ਪੰਜਾਬੀ ਸੰਨ 1890 ਤੋਂ 'ਗੁਰੂ' ਉਪਦੇਸ਼ ਛੱਡ—ਸ੍ਰੀ ਗੁਰੁਬਾਣੀ ਨਿਖੇਧੀ—ਅੰਗਰੇਜ਼ਾਂ ਠੋਸੀ ਦੂਜੇ ਭਉ ਫੁਟ ਨੀਤੀ ਬਸ, ਅੰਮ੍ਰਿਤਸਰ ਉਪ-ਟਕਸਾਲੋਂ ਟੁੱਟ ਗਏ। ੧ੴ ਗੁਰੁਬਾਣੀ ਦੇ '੧' ਏਕਤ੍ਰ ਦਾ ਉਪਦੇਸ਼ ਹੀ ਭੁਲਾ ਗਏ, ਜੋ ਸ੍ਰੀ ਗੁਰੁਬਾਣੀ ਦੇ ਇਸ ਸ਼ਬਦ ਰਾਹੀਂ ਸਿਖਿਆ ਹੈ:

**ਮ: ੩ : ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ ॥**
**ਗੁਰਮੁਖਿ "ਏਕੋ" ਬੁਝਿਆ "ਏਕਸੁ ਮਾਹਿ" ਸਮਾਇ ॥** *(ਪੰਨਾ 757:6)*

ਐਥੇ ਤਕ, ਅੰਗਰੇਜ਼ੀ ਪੰਜਾਬ 'ਚ ਸ੍ਰੀਗੁਰੁਬਾਣੀ ਉਪਦੇਸ਼ ਭੁੱਲੇ ਗੁਰੁਸਿੱਖ ਸ੍ਰੀਗੁਰੁਬਾਣੀ 'ਚ ਬਾਰ ਬਾਰ ਰੋਕੇ ਦੂਜੇ ਭਉ ਦੇ ਕਰਮ:

ਪੁਨਾ: **ਕਾਮੁ ਨ ਬਿਸਰਿਓ, ਕ੍ਰੋਧੁ ਨ ਬਿਸਰਿਓ, ਲੋਭੁ ਨ ਛੂਟਿਓ ਦੇਵਾ ॥**
**ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥** *(ਪੰਨਾ 1253:5)*

ਕਰਨ ਲੱਗ ਪਏ ਹਨ! ਐਸੇ ਸ੍ਰੀਗੁਰੁ 'ਚੱਜ ਆਚਾਰ' ਉਪਦੇਸ਼ ਬਾਵਜੂਦ, ਅੰਗਰੇਜ਼ਾਂ ਠੋਸੀ ਗੁਪਤ ਸ਼ੈਹ ਹੇਠ ਧੰਨੀ ਗਠੇ ਸਿੱਖ ਸਰਦਾਰ, ਤੇ ਕੁਝ ਰੁੱਸੇ ਉਦਾਸੀ ਸਾਧ 'ਸਿੱਖ-ਸਿੰਘ' ਫਾੜ "ਸਿੰਘ ਸਭਾ" ਦੌਰ ਚਲਾਈ; ਤੇ ਹੋਰ ਸਿੱਖਾਂ 'ਚ ਫਾੜ ਲੜੀਆਂ ਚੱਲੀਆਂ, ਖ਼ਾਲਸਾ ਦਿਵਾਨ ਆਦਿ ਪੈਦਾ ਹੋਏ, ਤੇ ਹੋਰ ਫੁੱਟਾਂ ਬਧੀਆਂ। ਬ੍ਰਿਟਿਸ਼ ਪਾਰਲੀਮੈਂਟ ਲੰਡਨ 'ਚ ਸੰਨ 1909 'ਚ "ਸਿੱਖ ਵਿਆਹ ਵਿਧਾਨ" ਲਾਗੂ ਕੀਤਾ। ਗੁਰਦੁਆਰਾ ਲਹਿਰ ਚਲੌਣ ਨਿਮਿਤ, ਸਿੱਖ-ਰਾਜ ਦੇਣ ਛਲ ਡਿੰਭ ਕਰ, ਸੰਨ 1925 'ਚ ਗੁਰਦੁਆਰਾ ਕਮੇਟੀ ਬਣਾ, ਅੰਗਰੇਜ਼ ਡੀ.ਸੀ. ਅੰਮ੍ਰਿਤਸਰ ਹੇਠ ਕਾਇਮ ਕੀਤੀ; ਜਿਸ ਕਾਰਣ ਕਦੀਮੀ (ਦੋਨੋਂ ਦਮਦਮਾ) ਅੰਮ੍ਰਿਤਸਰ ਉਪ-ਟਕਸਾਲ ਅਟੁੱਟ ਰੀਤ ਮੁੱਕੀ। ਗੁਰੁਸਿੱਖ ਰਾਗੀ, ਮੁਸਲਮਾਨ ਗੁਰੁਸਿੱਖ ਰਬਾਬੀ, ਢਾਢੀ ਵੀ ਅੰਗਰੇਜ਼ੀ ਫਾੜ ਨੀਤੀ ਮਹੌਲ ਹੋਣ ਕਰਕੇ ਸਾਰਿਆਂ 'ਚ ਫ਼ਰਕ ਪਇਆ। ਐਸੀ ਫਾੜ ਨੀਤੀ ਉਲਟ: ਦੂਜੇ ਦੇਸ਼ੀ ਗੁਰਸਿੱਖ ਰਾਜਾਂ 'ਚ ਸਿੱਖ, ਹਿੰਦੂ, ਮੁਸਲਮ ਪ੍ਰਜਾ ਨਾਲ ਸਾਂਝਾ ਬਰਤਾ ਰਿਹਾ। ਰਬਾਬੀ, ਕੀਰਤਨੀ ਰਾਗੀਆਂ ਦੇ ਵਿਹਾਰ: ਅੰਗਰੇਜ਼ੀ ਪੰਜਾਬੀ ਵਿਹਾਰਾਂ ਨਾਲੋਂ, ਕਾਰਣਾਂ ਕਰਕੇ ਕਾਫ਼ੀ ਫ਼ਰਕ ਰਹਿਆ।

ਭਾਰਤੀ ਅੰਗਰੇਜ਼ੀ ਰਾਜ ਨੇ ਆਪਣੀ ਬਰਤਾਨਵੀ ਬਾਦਸ਼ਾਹਤ ਦੀ ਤਰ੍ਹਾਂ ਭਾਰਤੀ ਕਦੀਮੀ ਦੇਸ਼ੀ ਰਾਜਵਾੜਿਆਂ ਦੇ ਦਸਤੂਰ ਮੰਨੇ ਤੇ ਸਾਂਝੇ ਵਿਹਾਰ ਸੰਬੰਧ ਰੱਖੇ:

1. ਬਾਦਸ਼ਾਹ/ਬੇਗਮ ਬਰਾਬਰ ਮਹਾਰਾਜੇ/ਨਵਾਬ (King/Queen) ਦੀ ਹੈਸੀਅਤ ਮੰਨੀ। 2. ਮਹਾਰਾਜਾ-ਕੁਮਾਰ 'ਡਯੂਕ' (Duke) ਪਦਵੀ ਮੰਨੇ। 3. ਜਾਗੀਰਦਾਰ 'ਕਾਊਂਟ' (Count) ਮੰਨੇ। 4. ਸਰਦਾਰ/ਠਾਕੁਰ 'ਲੋਰਡ' (Lord) ਦਾ ਰਸੂਖ਼ ਰੱਖਿਆ, ਆਦਿ। ਦੂਜੇ ਪਾਸੇ ਅੰਗਰੇਜ਼ੀ ਇਲਾਕੇ 'ਚ 'ਲੋਕਤੰਤ੍ਰ ਰਾਜ' ਆਮ ਲੋਕ ਵਿਹਾਰ ਬਰਤਿਆ। ਇਨ੍ਹਾਂ ਭੇਦਾਂ ਕਾਰਣ, ਦੋਨੋਂ ਦੇਸ਼ੀ, ਵਿਦੇਸ਼ੀ ਅੰਗਰੇਜ਼ੀ ਰਾਜ ਰਿਆਇਆ 'ਚ ਤੇ ਖ਼ਾਸਕਰ ਸੰਗੀਤ ਕਲਾ ਦਰਬਾਰੀ/ਮੰਚ ਸੰਗੀਤ ਕਲਾਕਾਰਾਂ ਦੇ ਰਵੱਈਆਂ ਉੱਤੇ ਸਾਂਝੇ ਆਣ ਜਾਣ ਕਾਰਣ ਵੀ ਅਸਰ ਹੋਇਆ; ਗਾਇਕ, ਵਾਦਕਾਰ, ਨਾਟਕਾਰ, ਢਾਡੀ, ਚਿਤ੍ਰਕਾਰ ਆਦਿਆਂ ਦੇ ਬਰਤਾਵਿਆਂ ਵਿਚ ਸਾਫ਼ ਫ਼ਰਕ ਦਿਖਦਾ ਸੀ।

ਅੰਗਰੇਜ਼ੀ ਗੌਰਮਿੰਟ ਨੇ ਸਾਰੇ ਮਹਾਰਾਜੇ, ਮਹਾਰਾਣੇ; ਰਾਜੇ, ਰਾਣੇ; ਠਾਕੁਰ/


www.sikhbookclub.com

ਸਰਦਾਰ ਜਾਗੀਰਦਾਰਾਂ ਅੰਦਰ ਹੈਸੀਅਤ ਮੁਜਬ; ਸਾਰੇ ਨਾਮ, ਰਿਸ਼ਤੇ, ਦਰਬਾਰੀ ਅਹੁਦੇ, ਆਦਿ ਤੇ ਹਰੇਕ ਸਾਲ, ਦਸ ਸਾਲ ਲੁਗਾਤਾਂ 'ਚ ਛਾਪੇ, ਜਿਨ੍ਹਾਂ ਤੋਂ ਇਤਿਹਾਸਕਾਰ ਤਾਰੀਖ਼ ਲਿਖਦੇ ਸਨ। ਲੇਖਕ ਅੰਗਰੇਜ਼ੀ ਪੰਜਾਬੀ ਗੁਰਸਿੱਖ ਹੋਣ ਕਾਰਣ, ਜੋ ਵਿਸ਼ੇਸ਼ ਗੁਰਸਿਖ ਰਬਾਬੀ, ਰਾਗੀ ਕਲਾਕਾਰਾਂ ਦੇ ਸੰਖੇਪ ਚਰਿਤ੍ਰ ਲਿਖੇ, ਓਹ ਚੰਗੇ ਹਨ। ਪਰ ਜੋ ਲੇਖਕ ਨੇ ਆਪਣੇ ਬਚਪਨ ਪਾਲਣ ਪੋਸਨ ਮਾਹੌਲ 'ਚ ਦੇਖੇ, ਅਨੁਭਵ ਕੀਤੇ, ਓਨ੍ਹਾਂ ਅਨੁਸਾਰ ਕਲਾਕਾਰਾਂ ਦੇ ਵਤੀਰੇ ਦਰਸਾਏ।

ਪਰ, ਜਿਨ੍ਹਾਂ ਕਦੀ ਦਰਬਾਰ ਦੇਖੇ ਹੀ ਨਹੀਂ, ਓਹ ਠੀਕ-ਗ਼ਲਤ ਅਨੁਭਵ ਅਨੁਮਾਨ 'ਚ ਰੰਗ ਬਿਆਨ ਕਰ ਸਕਦੇ ਹਨ। ਐਸਾ ਲਿਖਣ 'ਚ ਲੇਖਕ ਦਾ ਕੀ ਦੋਸ਼ ਹੈ ? ਲੇਖਕ ਨੇ ਜੋ ਸਿੱਖ ਰਾਜ ਦਰਬਾਰ ਪ੍ਰਸੰਗ 'ਚ ਕੁਛ ਲੇਖ ਲਿਖੇ, ਓਹ ਦਰਬਾਰ ਦਸਤੂਰ ਰੋਬ-ਰਵਾਬ ਮਰਯਾਦਾ ਅਨੁਕੂਲ ਸੋਧਣੇ ਚਾਹੀਦੇ ਹਨ। ਜੋ ਮਹਾਰਾਜੇ, ਰਾਜੇ, ਨਵਾਬਾਂ ਦੇ ਦਰਬਾਰੀ ਵਾਕੂਏ ਲਿਖੇ ਹਨ, ਕਈ ਥਾਂ ਵਿਹਾਰ ਦਰਬਾਰ ਅਨੁਸਾਰ ਅਸੰਭਵ, ਨਾ ਮੁਮਕਿਨ ਹਨ। ਮਸਲਨ : ਦੋ ਲੇਖ ਸੰਕੇਤ ਮੁਜਬ ਕਾਫ਼ੀ ਰਹਿਣਗੇ :

1. ਪ੍ਰਸੰਗ ਅਨੁਸਾਰ ਗ੍ਰੰਥ ਹਿੱਸਾ ਨਹੀਂ; ਲੇਖਕ ਨੇ ਛਾਪਿਆ ਹੈ : "ਹਰਿਵੱਲਭ ਸੰਗੀਤ ਸੰਮੇਲਨ" ਜਲੰਧਰ ਦੀ ਥਾਪਨਾ ਬਾਰੇ ਕਪੂਰਥਲਾ ਰਾਜਪਰਿਵਾਰ ਰਾਜਾ ਬਿਕ੍ਰਮ ਸਿੰਘ ਦਾ ਯਥਾਰਥ ਲਿਖੇ ਹਨ। ਉਸ ਵਿਚ ਨੌ-ਰਤਨ ਵਜ਼ੀਰ ਸੰਗੀਤਕਾਰ ਤਾਨਸੈਨ ਦੇ ਦਾਮਾਦ ਵੰਸ਼ੀ ਮੁਗ਼ਲ ਬਾਦਸ਼ਾਹ ਬਹਾਦੁਰ ਸ਼ਾਹ 'ਸਾਨੀ' ਅੰਤਮ ਦਰਬਾਰੀ ਵਜ਼ੀਰ, ਸੈਯਦ ਮੀਰ ਨਾਸਿਰ ਐਹਮਦ ਦੇ ਪਰਿਵਾਰ ਦੇ ਕੁਛ ਸੰਖੇਪ ਇਤਿਹਾਸਕ ਕਾਰਨਾਮੇ ਲਿਖੇ। ਇਸ ਪਰਥਾਇ ਲੇਖ ਵਿਚ ਕੁਝ ਭੁਲੇਖੇ ਹਨ।

2. ਭਾਈ ਪ੍ਰਤਾਪ ਸਿੰਘ ਰਾਗੀ ਲੇਖ 'ਚ ਵੀਹਵੀਂ ਸਦੀ ਨਾਭਾ ਰਾਜ ਦਰਬਾਰ 'ਚ ਪੰਡਿਤ (?) ਦਾ ਗੁਰਬਾਣੀ ਸੰਬੰਧੀ ਅਕਸ਼ੇਪ ਹੈ। ਮਹਾਰਾਜਾ ਹੀਰਾ ਸਿੰਘ, ਨਾ ਪੁਤ੍ਰ, ਪੋਤ੍ਰੇਆਂ ਨੂੰ ਸ਼ਾਸਤ੍ਰੀ ਸੰਗੀਤ ਦਾ ਸ਼ੌਕ ਸੀ—ਸੋ, ਓਹ ਵਕੂਆ ਕਿਸ ਮਹਾਰਾਜੇ ਦੇ ਦਰਬਾਰ ਹੋਇਆ ? ਐਸੀ ਹਰਕਤ ਕਿਸੇ ਵੀ ਰਾਜ ਦਰਬਾਰ ਦਸਤੂਰ ਮੁਤਾਬਕ ਹੋ ਨਹੀਂ ਸਕਦੀ। ਲਿਖੀ ਕਲਪਿਤ ਕਹਾਣੀ ਕੇਵਲ ਸਿੱਖ ਕੀਰਤਨਕਾਰ ਪ੍ਰੋੜ੍ਹਤਾ ਨਿਰਦੋਸ਼ ਪ੍ਰਤੀਤ ਹੁੰਦੀ ਹੈ। ਭਗਤ ਸੂਰ ਦਾਸ 'ਸੂਰ ਸਾਗਰ' ਭਜਨ ਬੇ-ਤਰਤੀਬ ਰਾਗ ਨਾਮ ਹਨ। ਇਸੇ ਤਰ੍ਹਾਂ ਤੁਲਸੀ ਦਾਸ ਕ੍ਰਿਤ 'ਰਾਮਚਰਿਤ ਮਾਨਸ' 'ਚ ਰਾਗ ਹੀ ਨਹੀਂ, ਨਾ ਕੋਈ ਸ਼ਾਸਤ੍ਰੋਕਤ ਮਹਾਕਾਵਯ ਹੈ। ਕੇਵਲ ਆਮ ਲੋਕ ਪ੍ਰਿਯ (ਡੂੰਘੇ ਭਾਵੀ) ਮਹਾਪ੍ਰਬੰਧ, ਪ੍ਰਸਿੱਧ ਲੋਕਪ੍ਰਿਯ ਤਿੰਨ ਚਾਰ ਛੰਦ : ਦੋਹਰੇ, ਸੋਰਠੇ, ਚੌਪਾਈ ਤੇ ਸਾਦੇ ਸੰਸਕ੍ਰਿਤ : ਇੰਦ੍ਰਵਜ੍ਰ, ਭੁਜੰਗ ਪ੍ਰਯਾਤ ਆਦਿ ਕਾਵਯ ਹੈ—ਨਾਟਯ ਸ਼ਾਸਤ੍ਰ ਸੰਗੀਤ ਅਨੁਯਾਯੀ ਗ੍ਰੰਥ ਨਹੀਂ—ਸੋ ਕਹਾਣੀ ਕੇਵਲ ਸਿੱਖ ਪ੍ਰੌੜ੍ਹੀਵਾਦ ਕਿਸੇ ਦੱਸੀ, ਰਚੀ ਪ੍ਰਤੀਤ ਹੁੰਦੀ ਹੈ।

ਇਨ੍ਹਾਂ ਪੁਰਾਣੇ ਦੇਸ਼ੀ ਅੰਗਰੇਜ਼ੀ ਇਲਾਕੇ ਸ਼ੁਭ-ਅਸ਼ੁਭ ਵਕੂਏ ਛੱਡ, ਬਾਕੀ ਜੋ ਸਰਦਾਰ ਬਲਬੀਰ ਸਿੰਘ ਨੇ ਸਵਾ-ਸੌ (125) ਕੁ ਕਲਾਕਾਰਾਂ ਦੇ ਬਹੁਤ ਸੰਖੇਪ ਜੀਵਨ ਬਿਰਤਾਂਤ ਲਿਖੇ ਹਨ, ਓਹ ਬਿਨਾਂ ਸੰਸ਼ੈ ਕੰਮ ਬਹੁਤ ਹੀ ਸ਼ਲਾਘਾ ਯੋਗ ਹੈ। ਆਸ ਹੈ ਕਿ ਸੂਝਵਾਨ ਪਾਠਕ ਅਤੇ ਵਿਦਵਾਨ ਇਸ ਕਿਤਾਬ ਦਾ ਭਰਵਾਂ ਹੁੰਗਾਰਾ ਭਰਨਗੇ।

ਰਾਜਾ ਮ੍ਰਿਗੇਂਦ੍ਰ ਸਿੰਘ

ਸ਼ਾਹੀ ਪਰਿਵਾਰ, ਪਟਿਆਲਾ ਰਾਜ,
ਲੌਂਗ ਆਯਰ ਲੈਂਡ, ਨਿਊਯਾਰਕ, ਅਮਰੀਕਾ।
ਗੁਰੂਵਾਰ, ਏਪ੍ਰਲ-19, 2007

# ਰਾਗੀਆਂ-ਰਬਾਬੀਆਂ ਦਾ ਐਨਸਾਈਕਲੋਪੀਡੀਆ

ਬਲਬੀਰ ਸਿੰਘ ਕੰਵਲ ਪੰਜਾਬ ਦਾ ਇੱਕੋ-ਇਕ ਲੇਖਕ ਹੈ ਜੋ 'ਅਜਾਇਬ ਘਰ' ਵਿਚ ਰਹਿੰਦਾ ਹੈ। ਚਿਰ ਹੋਇਆ, ਜਦੋਂ ਮੈਂ ਇਕ ਰਾਤ ਉਸ ਦੇ ਘਰ ਬਿਤਾਈ ਸੀ, ਤਾਂ ਓਦੋਂ ਵੀ ਮੈਨੂੰ ਉਸ ਦਾ ਘਰ ਅਜਬ ਵਸਤਾਂ ਦਾ ਭੰਡਾਰ ਹੀ ਲੱਗਾ ਸੀ।

ਉਸ ਦੇ ਸ਼ੌਕ ਸਾਧਾਰਨ ਤੋਂ ਬਹੁਤ ਹਟਵੇਂ ਹਨ, ਜਿਵੇਂ ਪਹਿਲਵਾਨਾਂ ਦੀ ਖੋਜ, ਕਬੱਡੀ ਦੇ ਖਿਡਾਰੀਆਂ ਦੀ ਭਾਲ ਤੇ ਇਸ ਵੇਲੇ ਮੇਰੇ ਸਾਹਮਣੇ ਪਿਆ ਹੈ 1604 ਤੋਂ 2004 ਈ. ਤਕ ਦੇ ਪੰਜਾਬ ਦੇ ਰਾਗੀਆ-ਰਬਾਬੀਆ ਬਾਰੇ ਉਸ ਦਾ ਤਕਰੀਬਨ 325 ਕੁ ਪੱਤਰਿਆਂ ਦਾ ਖਰੜਾ।

ਇਸ ਲੇਖਕ ਦੀ ਕੋਈ ਕਿਤਾਬ ਪੜ੍ਹੇ ਬਿਨਾਂ, ਇਹ ਅੰਦਾਜ਼ਾ ਲੱਗ ਹੀ ਨਹੀਂ ਸਕਦਾ ਕਿ ਉਸ ਨੇ ਆਪਣੇ ਪਾਤਰਾਂ ਬਾਰੇ ਜਿਸ ਤਰ੍ਹਾਂ ਦੀਆਂ ਨਿਸਚਿਤ ਤੇ ਵਿਸਤ੍ਰਿਤ ਸੂਚਨਾਵਾਂ ਇਕੱਤਰ ਕਰ ਕੇ ਆਪਣੇ ਪਾਠਕਾਂ ਦੇ ਪੇਸ਼ ਕੀਤੀਆਂ ਹਨ, ਉਨ੍ਹਾਂ ਦੀ ਪ੍ਰਾਪਤੀ ਲਈ ਇਸ ਸਾਊ ਜਿਹੇ ਬੰਦੇ ਨੇ ਕਿੰਨੀ ਜਾਨ ਮਾਰੀ ਹੋਵੇਗੀ, ਕਿੰਨੇ ਬਿਖਮ ਸਫ਼ਰ ਝਾਗੇ ਹੋਣਗੇ ਤੇ ਕਿੰਨਾ ਖ਼ਰਚ ਕੀਤਾ ਹੋਵੇਗਾ ? ਇਕ ਨਿੱਕੀ ਜਿਹੀ ਵਾਕਫ਼ੀ ਹਾਸਲ ਕਰਨ ਲਈ ਉਹ ਦਰ-ਦਰ ਰੁਲਿਆ ਹੈ। ਖੋਜ-ਕਾਰਜਾਂ ਨੂੰ ਸਿਰੇ ਚਾੜ੍ਹਨ ਲਈ, ਉਸ ਨੂੰ ਨਾ ਭਾਰਤੀ ਸਰਕਾਰ ਦੀ, ਨਾ ਪਾਕਿਸਤਾਨੀ ਸਰਕਾਰ ਦੀ ਤੇ ਨਾ ਕਿਸੇ ਯੂਨੀਵਰਸਿਟੀ ਦੀ ਸਰਪ੍ਰਸਤੀ ਮਿਲੀ ਹੋਈ ਸੀ। ਫੇਰ ਵੀ ਉਸ ਦੀ ਲਗਨ ਦਾ ਇਹ ਹਾਲ ਸੀ ਕਿ ਜਿੰਨਾ ਚਿਰ ਆਪਣੀ ਭਾਲ ਵਿਚ ਸਫਲ ਨਹੀਂ ਸੀ ਹੁੰਦਾ, ਉਹ ਆਪਣੀ ਅਣਥੱਕ ਭਟਕਣ ਜਾਰੀ ਰੱਖਦਾ।

ਲੇਖਕ ਨੇ ਆਪਣੀ ਕਿਤਾਬ ਵਿਚ ਪਿਛਲੇ ਚਾਰ ਸੌ ਵਰ੍ਹਿਆਂ ਵਿਚ ਹੋਏ ਕਰੀਬ ਕਰੀਬ 100 ਰਬਾਬੀਆਂ-ਰਾਗੀਆਂ ਤੇ ਸਾਜ਼ਿੰਦਿਆਂ ਦੀਆਂ ਜ਼ਿੰਦਗੀਆਂ ਤੇ ਪ੍ਰਾਪਤੀਆਂ ਦੇ ਬਿਓਰੇ ਦਿੱਤੇ ਹਨ। ਮੈਂ ਆਪਣੇ ਸਟੇਨੋ ਪਾਸੋਂ ਚੋਣਵੇਂ ਰਾਗੀਆਂ ਦੇ ਹਾਲ ਸੁਣ ਸੁਣ ਕੇ ਹੈਰਾਨ ਹੁੰਦਾ ਹਾਂ ਕਿ ਲੇਖਕ ਨੇ ਆਪਣੇ ਪਾਤਰਾਂ ਬਾਰੇ ਏਨੀ ਭਰਪੂਰ ਤੇ ਵਿਆਪਕ ਵਾਕਫ਼ੀ ਕਿਵੇਂ ਇਕੱਤਰ ਕੀਤੀ ਹੋਵੇਗੀ ? ਇਸ ਭਲੇ ਲੋਕ ਦੀ ਕੈਸੀ ਵਿਲੱਖਣ ਆਦਤ ਹੈ ਕਿ ਜੋ ਕੰਮ ਕਿਸੇ ਸੰਸਥਾ ਦੇ ਕਰਨ ਵਾਲੇ ਹੁੰਦੇ ਹਨ, ਉਹ ਬੜਾ ਨਿਡਰ ਹੋ ਕੇ ਉਨ੍ਹਾਂ ਨੂੰ ਹੱਥ ਪਾ ਲੈਂਦਾ ਹੈ ਤੇ ਸ਼ੁਕਰ ਹੈ ਕਿ ਉਹ ਹੁਣ ਤਕ ਕਾਮਯਾਬ ਵੀ ਹੁੰਦਾ ਆਇਆ ਹੈ। ਬੜੀ ਵਾਰੀ ਉਹ ਕਿਸੇ ਇਸ ਤਰ੍ਹਾਂ ਦੀ ਗੁੱਝੀ ਘਟਨਾ ਦੀ ਦੱਸ ਪਾ ਦੇਂਦਾ ਹੈ ਕਿ ਲੱਗਦਾ ਹੈ, ਪਾਤਰ ਦੇ ਨਜ਼ਦੀਕੀਆਂ ਲਈ ਵੀ ਇਹ ਖ਼ਬਰ ਨਵੀਂ ਹੋਵੇਗੀ।

ਲੇਖਕ ਆਪਣੀ ਇਸ ਕਿਤਾਬ ਨੂੰ ਰਾਗੀਆਂ-ਰਬਾਬੀਆਂ ਦੇ ਰੇਖਾ-ਚਿੱਤਰ ਦਾ ਸੰਗ੍ਰਹਿ ਨਹੀਂ ਬਣਾਉਂਦਾ, ਇਤਿਹਾਸ ਰਚਣ ਦੀ ਕੋਸ਼ਿਸ਼ ਕਰਦਾ ਹੈ। ਉਸ ਦਾ ਹੌਂਸਲਾ ਹਰ ਐਂਟਰੀ ਨੂੰ ਐਨਸਾਈਕਲੋਪੀਡੀਆ ਵਾਲੇ ਰੂਪ ਵਿਚ ਪੇਸ਼ ਕਰਨ ਦਾ ਹੈ।

ਕੰਵਲ ਨੇ ਜੋ ਕੁਝ ਇਸ ਕਿਤਾਬ ਵਿਚ ਸਾਂਭ ਦਿੱਤਾ ਹੈ, ਉਹ ਨਾ ਸਾਂਭਦਾ ਤਾਂ ਸਦਾ ਲਈ ਨਸ਼ਟ ਹੋ ਜਾਣਾ ਸੀ। ਪਰ ਜੇ ਬੜੇ ਵੱਡੇ ਵੱਡੇ ਕੰਮਾਂ ਦੇ ਸਿਰੇ ਚਾੜ੍ਹਨ ਵਿਚ ਉਸ ਪਾਸੋਂ ਕੋਈ ਉਕਾਈ ਹੋ ਗਈ ਹੋਵੇ, ਮਸਲਨ, ਕੋਈ ਪਹਿਲਵਾਨ ਦਰਜ ਹੋਣੋਂ ਰਹਿ ਗਿਆ ਹੋਵੇ ਜਾਂ ਕਿਸੇ ਕਬੱਡੀ ਦੇ ਖਿਡਾਰੀ ਦਾ ਨਾਮ ਲਿਖੀਜਣੋਂ ਰਹਿ ਗਿਆ ਹੋਵੇ ਤੇ ਇਸੇ ਤਰ੍ਹਾਂ, ਜੇ ਕੋਈ ਰਾਗੀ-ਰਬਾਬੀ ਉਹਲੇ ਵਿਚ ਹੀ ਪਿਆ ਰਹਿ ਗਿਆ ਹੋਵੇ ਤਾਂ ਕੋਈ ਵੱਡੀ ਗੱਲ ਨਹੀਂ ਹੋਵੇਗੀ। ਪਾਠਕਾਂ ਵਿੱਚੋਂ ਜੇ ਕੋਈ ਉਸ ਦੀ ਘਾਟ ਨੂੰ ਪੂਰਾ ਕਰ ਸਕਦਾ ਹੋਵੇ ਤਾਂ ਉਸ ਨੂੰ ਕੰਵਲ ਜੀ ਦੇ ਗਿਆਨ ਵਿਚ ਵਾਧਾ ਕਰਨਾ ਚਾਹੀਦਾ ਹੈ। ਮੈਨੂੰ ਯਕੀਨ ਹੈ ਕਿ ਮੇਰੇ ਵੀਰ ਸ. ਬਲਬੀਰ ਸਿੰਘ ਕੰਵਲ ਇਸ ਤਰ੍ਹਾਂ ਦੇ ਸੂਚਨਾ-ਦਾਤਿਆਂ ਦੇ ਸ਼ੁਕਰਗੁਜ਼ਾਰ ਹੋਣਗੇ।

ਮੈਂ ਇਸ ਕਿਤਾਬ ਵਿਚ ਰਾਗੀਆਂ ਤੇ ਰਬਾਬੀਆਂ ਬਾਰੇ ਢੇਰਾਂ ਦੇ ਢੇਰ ਦਿੱਤੀ ਸੂਚਨਾ ਲਈ ਕੰਵਲ ਜੀ ਨੂੰ ਵਧਾਈ ਦੇਂਦਾ ਹਾਂ ਤੇ ਉਨ੍ਹਾਂ ਦੀ ਖੋਜ-ਰੁਚੀ ਦੇ ਨਵੇਂ ਕ੍ਰਿਸ਼ਮੇ ਵੇਖਣ ਲਈ ਉਨ੍ਹਾਂ ਦੀ ਲੰਮੀ ਤੇ ਸਿਹਤਮੰਦ ਉਮਰ ਦੀ ਕਾਮਨਾ ਕਰਦਾ ਹਾਂ।

ਪਟਿਆਲਾ
15-8-2007

**ਪ੍ਰੀਤਮ ਸਿੰਘ, ਪ੍ਰੋ.**

*ਮੁੱਢਲੇ ਸ਼ਬਦ*

# ਪੰਜਾਬ ਦੇ ਸੰਗੀਤ ਘਰਾਣਿਆਂ ਤੋਂ ਰਾਗੀਆਂ-ਰਬਾਬੀਆਂ ਤਕ ਦਾ ਸਫ਼ਰ

"ਜੇਕਰ ਕੋਈ ਬਾਰਾਂ ਸਾਲ ਸਾਡੀਆਂ ਚਿਲਮਾਂ ਭਰੇ, ਚਿੱਲੇ ਕੱਟੇ, ਤਾਂ ਜਾ ਕੇ ਅਸੀਂ ਫੌੜ੍ਹੀ ਦਾ ਨਾਂ 'ਗੁੱਲਸਫ਼ਾ' ਦੱਸਦੇ ਹਾਂ ਅਤੇ ਉਸ ਪਿੱਛੋਂ ਸਿੱਖਿਆ ਦਾ ਪਹਿਲਾ ਸਬਕ ਸ਼ੁਰੂ ਹੁੰਦਾ ਹੈ ਕਿ ਬੱਚਾ ਸ਼ਬਦ 'ਫੌੜ੍ਹੀ' ਐਨਾ ਸੋਹਣਾ ਨਹੀਂ, ਪਰ 'ਗੁੱਲਸਫ਼ਾ' ਕਹਿਣ ਵਿਚ ਵਧੇਰੇ ਖ਼ੂਬਸੂਰਤੀ ਅਤੇ ਨਫ਼ਾਸਤ ਹੈ। ਰਾਗਦਾਰੀ ਦਾ ਕਿਉਂਕਿ ਅਸਲ ਗਹਿਣਾ ਹੀ ਨਫ਼ਾਸਤ ਹੁੰਦਾ ਹੈ, ਇਸ ਲਈ ਅਸੀਂ ਪੇਸ਼ਕਾਰੀ ਸਮੇਂ ਉਸ ਵਿਚ ਨਫ਼ਾਸਤ ਦੀ ਜ਼ਰੂਰਤਕਾਰੀ ਦਾ ਹਮੇਸ਼ਾ ਪੂਰਾ ਪੂਰਾ ਖ਼ਿਆਲ ਰੱਖਦੇ ਹਾਂ।" ਸੰਗੀਤ ਦੇ ਪੰਡਿਤਾਂ ਅਤੇ ਉਸਤਾਦਾਂ ਬਾਰੇ ਇਹ ਇਕ ਬੜੀ ਪੁਰਾਣੀ ਕਹਾਵਤ ਚੱਲਦੀ ਆ ਰਹੀ ਹੈ। ਸੰਗੀਤ ਦੇ ਕੰਮ ਵਿਚ ਕਿਉਂਕਿ ਮੈਂ ਅਣਜਾਣ ਸਾਂ, ਪੂਰਾ ਔਘੜ, ਖ਼ਾਸ ਕਰਕੇ ਪੰਡਿਤਾਂ ਅਤੇ ਉਸਤਾਦਾਂ ਦੇ ਸੁਭਾਵਾਂ ਤੋਂ, ਛੇਤੀ ਹੀ ਇਸ ਗੱਲ ਦਾ ਪਤਾ ਲੱਗ ਗਿਆ ਕਿ ਮੈਂ ਇਕ ਬੜਾ ਮੁਸ਼ਕਲ ਹੀ ਨਹੀਂ, ਅਸੰਭਵ ਵਰਗਾ ਕੰਮ ਸਹੇੜ ਬੈਠਾ ਹਾਂ। ਇਹ ਲੋਕ ਜਦ ਕਿ ਤੁਹਾਨੂੰ ਘਾਹ ਪਾਉਣ ਲਈ ਵੀ ਤਿਆਰ ਨਹੀਂ; ਖੁੱਲ੍ਹ ਕੇ ਗੱਲ ਕਰਨੀ ਤਾਂ ਕੀ, ਤੁਹਾਨੂੰ ਆਪਣੇ ਲਾਗੇ ਲੱਗਣ ਵੀ ਨਹੀਂ ਦਿੰਦੇ; ਇਨ੍ਹਾਂ ਹਾਲਾਤ 'ਚ ਤੁਸੀਂ ਕੀ ਕਰ ਲਓਗੇ ? ਅਤੇ ਉਹ ਇਲਮ ਜਿਸ 'ਤੇ ਇਹ ਅਲਜ਼ਾਮ ਲੱਗਦਾ ਆ ਰਿਹਾ ਹੈ ਕਿ ਇਹ ਸਦਾ ਪੰਡਿਤਾਂ ਅਤੇ ਉਸਤਾਦਾਂ ਦੇ ਸੀਨਿਆਂ ਵਿਚ ਹੀ ਛੁਪਿਆ ਰਿਹਾ ਹੈ, ਸੀਨਾ-ਬਸੀਨਾ, ਪੀੜ੍ਹੀ-ਦਰ-ਪੀੜ੍ਹੀ ਉਸ ਦਾ ਇਤਿਹਾਸ ਲਿਖਣਾ, ਵਿਕਾਸ ਦੀ ਬਾਤ ਪਾਉਣੀ, ਇਸਦੇ ਇਰਤਕੇ (ਹੌਲੀ ਹੌਲੀ ਤਰੱਕੀ) ਨੂੰ ਤਰਤੀਬ ਦੇਣੀ, ਇਹ ਕੋਈ ਸੌਖਾ ਕੰਮ ਨਹੀਂ ਸੀ। ਉਨ੍ਹਾਂ ਸਮਿਆਂ ਵਿਚ ਜਦ ਕਿ ਯੂ.ਕੇ. ਵਰਗੇ ਦੇਸ਼ ਵਿਚ ਮਸਾਂ ਸੱਤ ਕੁ ਪੌਂਡ ਹਫ਼ਤੇ ਦੀ ਤਨਖ਼ਾਹ ਮਿਲਦੀ ਹੁੰਦੀ ਸੀ, ਕੀ ਬਨਾਰਸੀਏ ਪੰਡਿਤ ਅਤੇ ਕੀ ਕੁਝ ਪਟਿਆਲੀਏ ਉਸਤਾਦ ਮੇਰੇ ਲਈ ਕੋਈ ਮਾੜੀ ਮੋਟੀ ਗੱਲ ਸਾਂਝੀ ਕਰਨ ਲਈ ਵੀ ਪਹਿਲਾਂ ਦਸ ਦਸ ਹਜ਼ਾਰ ਪੌਂਡ ਨਜ਼ਰ (ਭੇਟ) ਰੱਖਣ ਦੀ ਖੁੱਲ੍ਹਮ-ਖੁੱਲ੍ਹਾ ਮੰਗ ਕਰਨ (ਲੇਖਕ ਕੋਲ ਅਜਿਹੇ ਕੁਝ ਸਬੂਤ ਹਾਲੇ ਵੀ ਸਾਂਭੇ ਪਏ ਹਨ)। ਨਾਲੇ ਸਾਡੇ ਰਾਂਗਲੇ ਪੰਜਾਬ ਵਿਚ ਘਰਾਣਾ ਕਿਹੜਾ ਕੋਈ ਇਕ ਹੋਇਆ ਹੈ—ਤਲਵੰਡੀ, ਸ਼ਾਮ ਚੌਰਾਸੀ, ਹਰਿਆਣਾ, ਪਟਿਆਲਾ, ਕਪੂਰਥਲਾ, ਨੌਸ਼ਹਿਰਾ ਨੰਗਲੀ ਅਤੇ ਕਸੂਰ ਆਦਿ—ਚੱਲ ਸੋ ਚੱਲ। ਭਾਵੇਂ ਕਿ ਇਹ ਰਾਹ ਬੜਾ ਬਿਖੜਾ ਸੀ ਅਤੇ ਰਾਗ ਬੜਾ ਸਕੜਾ, ਤਾਂ ਵੀ ਮੇਰੇ ਸ਼ੌਕਿ-ਜਨੂਨ ਜਾਂ ਇਸ਼ਕ ਨੇ ਹਾਰ ਮੰਨਣ ਤੋਂ ਨਾਂਹ ਕਰ ਦਿੱਤੀ ਅਤੇ ਮੈਂ ਆਪਣੇ ਚੁਣੇ ਹੋਏ ਰਾਹ 'ਤੇ ਹੌਲੀ ਹੌਲੀ ਚੱਲਦਾ ਰਿਹਾ ਅਤੇ ਪੰਜਾਬ ਦੇ ਸੰਗੀਤ ਘਰਾਣਿਆਂ ਦਾ ਖੁਰਾ ਖੋਜ ਲੱਭਣ, ਜੜ੍ਹਾਂ ਫਰੋਲਣ ਲਈ ਟੱਕਰਾਂ ਮਾਰਦਾ ਰਿਹਾ। ਹੌਲੀ ਹੌਲੀ ਸਥਿਤੀ ਹੀ ਕੁਝ ਅਜਿਹੀ ਬਣਦੀ ਗਈ ਕਿ ਮੇਰੇ ਲਈ ਪਿੱਛੇ

ਮੁੜਨਾ ਹੁਣ ਮਿਹਣਾ ਸੀ। ਜੇਕਰ ਵੇਖਿਆ ਜਾਵੇ ਤਾਂ ਕੁਦਰਤ ਬੜੀ ਸਾਜ਼ਗਾਰ ਹੈ। ਕਿਸੇ ਵੀ ਕੰਮ ਲਈ ਜੇਕਰ ਤੁਹਾਡੇ ਦਿਲ ਅੰਦਰ ਸੱਚੀ ਲਗਨ ਹੋਵੇ, ਤਲਬ ਹੋਵੇ, ਤਾਂਘ ਹੋਵੇ ਜਮਾਂ ਦ੍ਰਿੜ੍ਹਤਾ ਤਾਂ ਕੁਦਰਤ ਤੁਹਾਡੀ ਮਦਦ ਜ਼ਰੂਰ ਕਰਦੀ ਹੈ ਅਤੇ ਕੋਈ ਨਾ ਕੋਈ ਵਸੀਲਾ ਬਣ ਜਾਂਦਾ ਹੈ। ਮੇਰੇ ਲਈ ਵੀ ਇੰਝ ਹੀ ਹੋਇਆ। ਸੋ, ਮੇਰੀ ਮਦਦ ਲਈ ਵੀ ਕੁਝ ਅਜਿਹੇ ਕਲਾਕਾਰ ਬਹੁੜ ਪਏ, ਜਿਹੜੇ ਕਿ ਆਪਣੇ ਆਪਣੇ ਕੰਮ ਦੇ ਬਾਦਸ਼ਾਹ ਸਨ। ਉਂਜ ਵੀ ਧੁਰ ਅੰਦਰੋਂ ਦਰਵੇਸ਼ ਫ਼ਕੀਰ, ਜਿਨ੍ਹਾਂ ਦੀ ਰਗ ਰਗ ਵਿਚ ਸੰਗੀਤ ਦਾ ਵਾਸਾ ਹੀ ਸੀ, ਉਨ੍ਹਾਂ ਵਿੱਚੋਂ ਉਸਤਾਦ ਕਰਮ ਸਿੰਘ ਚੱਕਰਵਰਤੀ, ਉਸਤਾਦ ਅੱਲਾ ਰੱਖਾ ਤਬਲਾ ਨਵਾਜ਼ ਅਤੇ ਉਸਤਾਦ ਨਜ਼ਾਕਤ ਅਲੀ ਸਲਾਮਤ ਅਲੀ ਖ਼ਾਂ (ਸ਼ਾਮ ਚੌਰਾਸੀ ਘਰਾਣੇ ਵਾਲੇ) ਪ੍ਰਾਈਡ ਆਫ਼ ਪ੍ਰਫੌਰਮੈਂਸ ਪਾਕਿਸਤਾਨ ਆਦਿ ਦੇ ਨਾਂ ਮੁੱਖ ਤੌਰ 'ਤੇ ਪੇਸ਼ ਪੇਸ਼ ਹਨ। ਇਹ ਉਹ ਲੋਕ ਸਨ, ਜਿਨ੍ਹਾਂ ਨੇ ਇੰਡੀਆ ਪਾਕਿਸਤਾਨ ਦੀ ਧਰਤੀ ਦਾ ਚੱਪਾ ਚੱਪਾ ਗਾਹਿਆ ਹੋਇਆ ਸੀ ਅਤੇ ਹੁਣ ਸਾਰੀ ਦੁਨੀਆ ਨੂੰ ਘੁੰਮਣ ਦੇ ਮਨਸੂਬੇ ਬਣਾਈ ਬੈਠੇ ਸਨ। ਇਹ ਲੋਕ ਦੇਸ਼ ਭਰ ਦੇ ਹਰ ਘਰਾਣੇ ਦੇ ਕਲਾਕਾਰਾਂ ਦੀਆਂ ਖ਼ੂਬੀਆਂ ਖ਼ਾਮੀਆਂ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਇਨ੍ਹਾਂ ਲੋਕਾਂ ਨੂੰ ਮੈਂ ਟੇਪ ਰੀਕਾਰਡ ਕਰਦਾ ਰਿਹਾ, ਇਨ੍ਹਾਂ ਦੇ ਪ੍ਰੋਗਰਾਮ ਕਰਵਾਉਂਦਾ, ਭਰਦਾ ਰਿਹਾ। ਸਮਾਂ ਪੈਣ ਨਾਲ ਮੋਹ ਦੀਆਂ ਤੰਦਾਂ ਹੀ ਐਨੀਆਂ ਪੀਢੀਆਂ ਹੋ ਚੁੱਕੀਆਂ ਸਨ ਕਿ ਹੁਣ ਤਕ ਇਹ ਮੈਨੂੰ ਆਪਣੀਆਂ ਗੋਝ ਤੋਂ ਗੋਝ ਬੰਦਸ਼ਾਂ ਵੀ ਭਰਵਾਉਣ ਲੱਗ ਪਏ ਸਨ, ਜਿਹੜੀਆਂ ਬਾਹਰਲੀ ਦੁਨੀਆ ਵਿਚ ਉਹ ਸ਼ਾਜ਼ੋਨਾਦਰ ਹੀ ਗਾਉਂਦੇ, ਜਿਵੇਂ ਕਿ ਉਸਤਾਦ ਸਲਾਮਤ ਅਲੀ ਖ਼ਾਂ ਹੋਰਾਂ ਵੱਲੋਂ ਸਾਡੀ 'ਇੰਟਰਨੈਸ਼ਨਲ ਪੰਜਾਬ ਹੈਰੀਟੇਜ ਮਿਊਜ਼ੀਅਮ' ਲਈ ਵਿਸ਼ੇਸ਼ ਤੌਰ 'ਤੇ ਭਰਵਾਇਆ ਗਿਆ ਰਾਗ 'ਸ਼ਾਮ ਵਤੀ', ਜਿਸ ਤੋਂ ਕਿ ਉਨ੍ਹਾਂ ਦੇ ਘਰਾਣੇ ਦਾ ਨਾਮਕਰਨ ਕੀਤਾ ਗਿਆ ਸੀ।

ਇਸੇ ਤਰ੍ਹਾਂ ਉਨ੍ਹਾਂ ਦੀ ਆਵਾਜ਼ ਵਿਚ ਭਰੇ ਗਏ ਬੇਸ਼ੁਮਾਰ ਰਾਗ-ਰਾਗਨੀਆਂ ਸੁਰੱਖਿਅਤ ਕੀਤੇ ਗਏ, ਜਿਨ੍ਹਾਂ ਦਾ ਆਮ ਬਾਜ਼ਾਰੀ ਕੈਸਟਾਂ ਜਾਂ ਸੀਡੀਆਂ-ਵੀਡੀਆਂ ਨਾਲ ਕੋਈ ਮਤਲਬ ਨਹੀਂ। ਭਲਾ ਹੋਵੇ ਹੁਸ਼ਿਆਰਪੁਰ ਵਾਲੇ ਵਿਸ਼ਨੂ ਫੋਟੋਗ੍ਰਾਫ਼ਰ ਦਾ, ਜਿਨ੍ਹਾਂ ਨੇ ਮੈਨੂੰ ਇਨ੍ਹਾਂ ਦੋਹਾਂ ਭਰਾਵਾਂ ਦੀ 1942 ਵਿਚ ਲਾਹੀ ਇਕ ਅਦੁੱਤੀ ਫੋਟੋ ਦਿੱਤੀ ਸੀ, ਜਿਸ ਨੂੰ ਉਨ੍ਹਾਂ ਵੇਖਦਿਆਂ ਹੀ ਮੈਨੂੰ ਘੁੱਟ ਕੇ ਜੱਫੀ ਵਿਚ ਲੈ ਲਿਆ ਸੀ। ਯਾਦ ਰਹੇ ਇਹ ਉਹ ਹੀ ਸਾਲ ਸੀ, ਜਦੋਂ ਉਹ ਅੱਠ ਸਾਲ ਦੀ ਉਮਰੇ ਆਲ ਇੰਡੀਆ ਰੇਡੀਓ ਲਾਹੌਰ ਦੇ ਫੰਨਕਾਰ ਬਣੇ ਸਨ। ਉਥੇ ਉਨ੍ਹਾਂ ਨੇ ਉਦੋਂ 'ਬਸੰਤ ਬਹਾਰ' ਗਾਇਆ ਸੀ, ਜਿਹੜਾ ਅਸੀਂ ਟੋਲ ਕੇ ਆਪਣੇ ਕੋਲ ਸੁਰੱਖਿਅਤ ਕੀਤਾ। ਜਦ ਹੀ ਉਨ੍ਹਾਂ ਨੂੰ ਸੁਣਾਇਆ, ਉਹ ਜਜ਼ਬਿਆਂ ਦੇ ਵਹਿਣ ਵਿਚ ਬਹਿ ਗਏ ਸਨ। ਅਸੀਂ ਤਾਂ ਉਨ੍ਹਾਂ ਨੂੰ ਬਸ ਸ਼ਰਧਾਪੂਰਵਕ ਤਿਲ-ਫੁੱਲ ਅਨੁਸਾਰ ਕੇਵਲ ਇਹੋ ਜਿਹੀ ਕੋਈ ਨਿੱਕੀ ਮੋਟੀ ਵਸਤ, ਪੁਰਾਤਨ ਫੋਟੋ ਜਾਂ ਟੇਪ ਹੀ ਨਜ਼ਰ ਕਰਦੇ ਸਾਂ, ਜਿਸ ਨੂੰ ਉਹ ਵੇਖ ਸੁਣ ਕੇ ਗਦ ਗਦ ਹੋ ਜਾਂਦੇ ਸਨ, ਪਰ ਇਕ ਸਮਾਂ ਫਿਰ ਅਜਿਹਾ ਆਇਆ ਕਿ ਉਨ੍ਹਾਂ ਨੇ ਦਾਸ ਤੋਂ ਅਸਲੋਂ ਹੀ ਇਕ ਨਵਾਂ ਰਾਗ 'ਕੰਵਲ ਭੈਰੋ' ਈਜਾਦ ਕਰ ਕੇ ਇਕ ਹਮਾਤੜ, ਨਿਮਾਣੇ ਜਿਹੇ ਬੰਦੇ ਨੂੰ ਐਨਾ ਚੁੱਕ ਕੇ ਮਾਣ ਬਖ਼ਸ਼ਿਆ ਕਿ ਅਸੀਂ ਕਦੇ ਕਿਆਸ ਵੀ ਨਹੀਂ ਸਾਂ ਕਰ ਸਕਦੇ। ਰਾਗ ਦੇ ਬੋਲ ਸਨ :

*ਅਸਥਾਈ : ਕਰਤ ਪੁਕਾਰ ਸਭ ਗੁਣੀ ਹੈ ਸਰਕਾਰ।*
*ਅੰਤਰਾ : ਗੁਣ ਗਿਆਨ ਨਈਆ ਡੋਲਤ ਥਲ ਮੇਂ*
*ਤੁਮ ਹੋ ਦਾਤਾ ਗੁਣ ਕੇ ਅਧਾਰ।*[1]

ਮੇਰੇ ਪੀਰੋ ਮੁਰਸ਼ਦ ਕਰਮ ਸਿੰਘ ਚੱਕਰਵਰਤੀ ਜੀ ਨੂੰ ਪਟਿਆਲਾ (ਪਟਿਆਲੇ ਘਰਾਣੇ ਦੀਆਂ 'ਚੀਜ਼ਾਂ') ਬੜਾ ਯਾਦ ਸੀ—ਉਨ੍ਹਾਂ ਦੇ ਵਿਸ਼ਾਲ ਅਧਿਐਨ ਤੋਂ ਬੜਾ ਫ਼ੈਜ਼ ਪਾਉਂਦੇ ਰਹੇ। ਉਸਤਾਦ ਅੱਲਾ ਰੱਖਾ ਖ਼ਾਂ ਦਾ ਤਬਲਾ ਤਾਂ ਰੱਜ ਰੱਜ ਕੇ ਸੁਣਿਆ ਹੀ, ਉਨ੍ਹਾਂ ਦਾ ਮੂਡ ਬਣਾ ਕੇ, ਉਨ੍ਹਾਂ ਦੀ ਗਾਇਕੀ ਦੇ ਅੰਗ ਦੇ ਨਮੂਨੇ ਵੀ ਭਰੇ। ਕਿੰਨੇ ਸੁਰੀਲੇ ਸਨ ਉਹ। ਸਾਡੇ ਕੋਲ ਉਨ੍ਹਾਂ ਦੀ ਆਵਾਜ਼ ਵਿਚ ਘੱਟੋ ਘੱਟ ਪੰਜਾਹ ਘੰਟਿਆਂ ਦੀ ਰੀਕਾਰਡਿੰਗ ਸੁਰੱਖਿਅਤ ਹੈ। ਇਸੇ ਤਰ੍ਹਾਂ ਹਿੰਦੁਸਤਾਨ ਭਰ ਦੇ ਕੁਝ ਹੋਰ ਬਹੁਤ ਵੱਡੇ ਵੱਡੇ ਉਸਤਾਦਾਂ ਜਿਵੇਂ ਕਿ ਉਸਤਾਦ ਕਾਲੇ ਖ਼ਾਂ ਕਸੂਰੀ, ਉਸਤਾਦ ਖ਼ੀਬੇ ਖ਼ਾਂ ਨੌਸ਼ਹਿਰਾ ਨੰਗਲੀ (ਅੰਮ੍ਰਿਤਸਰ), ਉਸਤਾਦ ਬੰਦੂ ਖ਼ਾਂ ਸਾਰੰਗੀ ਨਵਾਜ਼ (ਰਾਗ ਪੀਲੂ, ਬਿਲਾਵਲ ਬਹਾਰ, ਦਰਬਾਰੀ ਕਾਨ੍ਹੜਾ) ਅਤੇ ਉਸਤਾਦ ਅਬਦੁੱਲ ਅਜ਼ੀਜ਼ ਖ਼ਾਂ ਬੀਨਕਾਰ ਵਚਿੱਤ੍ਰ ਵੀਣਾ ਵਾਦਕ ਵਰਗਿਆਂ ਦੇ ਦੁਰਲੱਭ ਤਵੇ (ਰਾਗ ਟੋਡੀ ਤੇ ਹੁਸੈਨੀ ਕਾਨ੍ਹੜਾ) ਲੱਭੇ ਅਤੇ ਸਾਂਭੇ ਗਏ। ਉਮਰ ਦਾ ਬਹੁਤਾ ਹਿੱਸਾ ਲਾ ਕੇ, ਦਰ ਦਰ ਘੁੰਮ ਫਿਰ ਕੇ, ਧੱਕੇ ਖਾ ਖਾ ਕੇ ਜਿਹੜੇ ਦੋ ਹਜ਼ਾਰ ਦੇ ਕਰੀਬ ਤਵੇ ਇਕੱਠੇ ਕੀਤੇ ਸਨ, ਉਨ੍ਹਾਂ 'ਤੇ ਸਾਡੇ ਇਕ ਜਿਗਰੀ ਯਾਰ ਦੀ ਮੌਤ ਉਪਰੰਤ ਉਸਦੀ ਬਹੁਰਾਣੀ ਨਾਗਵਲ ਪਾ ਕੇ ਆਪਣਾ ਪੱਕਾ ਕਬਜ਼ਾ ਜਮਾ ਬੈਠੀ, ਜਿਸ ਦਾ ਕਿ ਭਾਈ ਸਮੁੰਦ ਸਿੰਘ ਜੀ ਦੇ ਸ਼ਾਗਿਰਦ ਪ੍ਰੋ. ਪਰਮਜੋਤ ਸਿੰਘ ਜੀ ਨੂੰ ਕਲੀਬਾਤ ਪਤਾ ਹੈ ਅਤੇ ਸਾਡੇ ਦਾਇਰੇ ਦੇ ਥੋੜ੍ਹੇ ਜਿਹੇ ਕੁਝ ਹੋਰਨਾਂ ਦੋਸਤਾਂ ਨੂੰ ਵੀ। ਰਿਹਾ ਸਾਡੇ ਪੰਜਾਬ ਦੇ ਸੰਗੀਤ ਘਰਾਣਿਆਂ ਦੇ ਖਰੜੇ ਦਾ ਮਾਮਲਾ ਜਿਹੜਾ ਕਿ ਹੁਣ ਤਕ ਸੰਪੂਰਨ ਹੋ ਚੁੱਕਾ ਸੀ, ਉਸ ਨੂੰ ਪੰਜਾਬ ਦੀ ਇਕ ਯੂਨੀਵਰਸਿਟੀ ਦੇ ਕੁਝ ਉੱਚ-ਅਧਿਕਾਰੀ ਛਾਪ ਕੇ ਆਪਣੀ ਹੋਣ ਵਾਲੀ ਇਕ 'ਪ੍ਰਾਈਜ਼ ਪਬਲੀਕੇਸ਼ਨ' ਮਿਥਦੇ ਸਨ, ਪਰ ਹੋਇਆ ਇਹ ਕਿ ਉਸਦਾ ਖਰੜਾ ਉਸ ਵਿਚ ਕੰਮ ਕਰ ਰਹੇ ਇਕ ਪਾਟੇ ਖ਼ਾਂ ਲੈਕਚਰਾਰ ਅਤੇ ਉਸਦੀ ਪਾਟਣ ਖ਼ਾਨੋ ਤੀਵੀਂ ਨੇ ਸਾਡੇ ਕੋਲੋਂ ਹਥਿਆ ਕੇ ਉਸ ਵਿੱਚੋਂ ਨਕਲਾਂ ਮਾਰ ਮਾਰ ਕੇ ਉਸ ਦਾ ਉਹ ਹਸ਼ਰ ਕੀਤਾ ਕਿ ਰਹੇ ਰੱਬ ਦਾ ਨਾਂ। ਖਰੜਾ ਦੇਖਦਿਆਂ ਹੀ ਖ਼ਾਨੋ ਤਾਂ ਉਸ ਉੱਤੇ ਐਨਾ ਡੁੱਲ੍ਹ ਗਈ ਸੀ ਕਿ ਲਾਲਾਂ ਵਗਾ ਵਗਾ ਕੇ ਕਹਿ ਰਹੀ ਸੀ ਕਿ ਕਿਸੇ ਵੀ ਕੀਮਤ 'ਤੇ ਹਰ ਹੀਲੇ ਬਰਾਬਰ ਦੇ ਸ਼ਰੀਕ ਭਾਈਵਾਲ ਵਾਂਗ ਕਿਤਾਬ ਵਿਚ ਉਸਦਾ ਨਾਂ ਨਾਲ ਜ਼ਰੂਰ ਛਾਪਿਆ ਜਾਵੇ, ਹਾਲਾਂਕਿ ਉਸ ਚੁੰਬੜੀ ਭੂਤਨੀ ਜੀ ਨੇ ਉਸ ਵਿਚ ਇਕ ਸਤਰ ਸਾਰਖੀ ਵੀ ਨਹੀਂ ਸੀ ਲਿਖੀ ਹੋਈ। ਐਨੀ ਮਿਹਨਤ ਨਾਲ ਇਕੱਠੀਆਂ ਕੀਤੀਆਂ ਆਪਣੀਆਂ ਲੱਭਤਾਂ ਅਤੇ ਖੋਜਾਂ ਦੀ ਇਸ ਪੱਧਰ 'ਤੇ ਹੋਈ ਲੁੱਟ-ਖਸੁੱਟ ਕਾਰਨ ਭਾਵੇਂ ਦਿਲ ਧੁਰ ਅੰਦਰੋਂ ਚੂਰੋ-ਚੂਰ ਹੋ ਚੁੱਕਾ ਸੀ—ਤਾਂ ਵੀ ਮਨ ਨੂੰ ਮਾਰ ਕੇ ਦਿਲ ਨਹੀਂ ਹਾਰਿਆ ਅਤੇ ਨਵੇਂ ਸਿਰਿਉਂ ਹੌਲੀ ਹੌਲੀ ਕੁਝ ਉਹ ਵਸਤਾਂ

---

1. ਅਧਾਰ (ਮੂਲ ਸੰਸਕ੍ਰਿਤ)—ਭਾਵ ਆਸਰਾ, ਸਹਾਰਾ, ਅਧਿਕਾਰ ਰੱਖਣ ਵਾਲਾ। ਸੁਬਹ-ਸਵੇਰੇ ਗਾਏ ਜਾਣ ਵਾਲੇ ਇਸ ਰਾਗ ਦੀ 'ਬੰਦਸ਼' ਜਿਸ ਦੇ ਮੂਡ ਵਿਚ ਉਡੀਕ ਕਰ ਰਹੇ ਪ੍ਰਾਣੀ ਦੀਆਂ ਤਰੰਗਾਂ, ਤ੍ਰਾਟਾਂ-ਕੁਰਲਾਟਾਂ ਦੀ ਬਹਿਬਲਤਾ ਦੀ ਬਹੁਲਤਾ ਪਾਈ ਜਾਂਦੀ ਹੈ। ਖ਼ਾਂ ਸਾਹਿਬ ਨੇ ਭਾਵੇਂ ਕਿ ਕਈ ਸਾਲ ਪਹਿਲਾਂ ਸੰਨ੍ਹ ਛੱਡੀ ਸੀ, ਪਰ ਉਨ੍ਹਾਂ ਨੇ ਇਸ ਨੂੰ ਸਭ ਤੋਂ ਪਹਿਲੀ ਵੇਰ 1985 ਵਿਚ ਜਨੇਵਾ (ਸਵਿਟਜ਼ਰਲੈਂਡ) ਵਿਚ ਹੋਣ ਵਾਲੇ ਇਕ ਅੰਤਰਰਾਸ਼ਟਰੀ ਸੰਗੀਤ ਫੈਸਟੀਵਲ 'ਤੇ ਗਾਇਆ ਸੀ।

 www.sikhbookclub.com

ਇਕੱਠੀਆਂ ਕਰ ਲਈਆਂ, ਜਿਨ੍ਹਾਂ ਬਾਰੇ ਉਨ੍ਹਾਂ ਲੁਟੇਰਿਆਂ ਦੇ ਫ਼ਰਿਸ਼ਤੇ ਕਿਆਸ ਤੱਕ ਵੀ ਨਹੀਂ ਕਰ ਸਕਦੇ। ਇਸ ਨੂੰ ਮੇਰੇ 'ਤੇ ਕੁਦਰਤ ਦਾ ਇਹ ਇਕ ਵੱਡਾ ਕਰਮ ਹੀ ਸਮਝਣਾ ਚਾਹੀਏ। ਸੋ, ਸਾਡੀ ਇਹ ਦਾਸਤਾਨ ਤਾਂ ਬੜੀ ਲੰਮੀ ਚੌੜੀ ਵਿਥਿਆ ਸੀ, ਜਿਸਦਾ ਅਸੀਂ ਸੰਖੇਪ ਵਿਚ ਵਰਣਨ ਕਰ ਦਿੱਤਾ ਹੈ।

x x x x

ਸਾਡੇ ਸ਼ਾਸਤ੍ਰੀ ਸੰਗੀਤ ਵਾਂਗ ਰਬਾਬੀ ਪਰੰਪਰਾ ਵੀ ਸਾਡੇ ਸਭਿਆਚਾਰ ਦਾ ਇਕ ਬੜਾ ਵੱਡਾ, ਅਨਿੱਖੜਵਾਂ ਅੰਗ ਰਹੀ ਹੈ, ਜਿਹੜੀ ਕਿ ਹੌਲੀ ਹੌਲੀ ਸਾਡੇ ਤੋਂ ਅਲੋਪ ਹੋ ਰਹੀ ਹੈ, ਬਲਕਿ ਹੋ ਹੀ ਗਈ ਹੈ। ਪਾਕਿਸਤਾਨ ਬਣਨ ਪਿੱਛੋਂ ਮੈਂ ਨੈਸ਼ਨਲ ਪੱਧਰ ਦੇ ਆਪਣੇ ਕੁਝ ਲੀਡਰਾਂ ਕੋਲ ਜਿਨ੍ਹਾਂ ਵਿੱਚੋਂ ਦੋ ਤਿੰਨ ਮੇਰੇ ਜਮਾਤੀ ਵੀ ਸਨ, ਬੜੀ ਹਾਲ ਪਾਹਰਿਆ ਪਾਈ ਕਿ ਭਈ ਪਾਕਿਸਤਾਨ ਵਿਚ ਹਾਲੇ ਵੀ ਕੁਝ ਕਲਾਕਾਰ ਅਜਿਹੇ ਹਨ, ਜਿਹੜੇ ਕਿ ਉਂਜ ਹੈਨ ਤਾਂ ਬੜੇ ਗੁਣੀ, ਪਰ ਉਂਜ ਬੇਦਰਦੀ ਬੇਕਦਰੀ ਦਾ ਸ਼ਿਕਾਰ ਹੋਏ ਉਧਰ ਰੁਲ ਰਹੇ ਹਨ, ਹਾਲੇ ਵੀ ਉਨ੍ਹਾਂ ਨੂੰ ਸਾਂਭਣ ਦਾ ਵੇਲਾ ਹੈ— ਸ੍ਰੀ ਅੰਮ੍ਰਿਤਸਰ ਸਾਹਿਬ ਜਾਂ ਹੋਰ ਕਿਧਰੇ ਰਬਾਬ ਨਗਰ ਨਾਂ ਦਾ ਇਕ ਨਵਾਂ ਸ਼ਹਿਰ ਵਸਾ ਕੇ ਉਨ੍ਹਾਂ ਦੇ ਮੁੜ ਵਸੇਬੇ ਦਾ ਕੰਮ ਸ਼ੁਰੂ ਕਰੋ, ਤਾਂ ਜੋ ਸਾਡਾ ਇਹ ਗੌਰਵਮਈ ਵਿਰਸਾ ਸਾਂਭਿਆ ਜਾ ਸਕੇ। ਹਰ ਇਕ ਨੂੰ ਮੇਰਾ ਇਹ ਸੁਝਾਉ ਚੰਗਾ ਤਾਂ ਬੜਾ ਲੱਗਦੈ, ਪਰ ਇਸ ਬਾਰੇ ਕਿਸੇ ਨੇ ਵੀ ਕੋਈ ਸਾਰਥਿਕ ਕਦਮ ਨਹੀਂ ਪੁੱਟਿਆ। 1951 ਤੋਂ ਲੈ ਕੇ 1955 ਤਕ ਲਾਇਲਪੁਰ ਖਾਲਸਾ ਕਾਲਜ, ਜਲੰਧਰ ਪੜ੍ਹਦਿਆਂ ਜਿਸ ਰਾਗੀ ਤੋਂ ਮੈਂ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਇਆ ਸਾਂ, ਉਹ ਸਨ ਪੰਥ ਦੇ ਮਹਾਨ ਕੀਰਤਨੀਏ ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ, ਜਿਹੜੇ ਉਨ੍ਹੀ ਦਿਨੀਂ ਆਲ ਇੰਡੀਆ ਰੇਡੀਓ ਸਟੇਸ਼ਨ, ਜਲੰਧਰ 'ਤੇ ਆਪਣਾ ਪ੍ਰੋਗਰਾਮ ਪ੍ਰਸਾਰਿਤ ਕਰਨ ਆਇਆਂ ਪਿੱਛੋਂ ਸਾਡੇ ਕਾਲਜ ਦੇ ਗੁਰਦੁਆਰੇ ਵਿਚ ਵੀ ਕੀਰਤਨ ਕਰਨ ਆ ਜਾਇਆ ਕਰਦੇ ਸਨ। ਉਨ੍ਹਾਂ ਨੂੰ ਸੁਣਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ। ਕਿੰਨੀ ਕਿੰਨੀ, ਰਸ-ਗੁੱਧੜੀ ਆਵਾਜ਼ ਸੀ ਉਨ੍ਹਾਂ ਦੀ। ਜਿਸ ਤਰ੍ਹਾਂ ਉਸਤਾਦ ਸਲਾਮਤ ਅਲੀ ਖ਼ਾਂ ਨੂੰ ਸੁਣਨ ਉਪਰੰਤ ਹੋਰ ਕਿਸੇ ਨੂੰ ਵੀ ਸੁਣਨ ਨੂੰ ਦਿਲ ਨਹੀਂ ਕਰਦਾ, ਇਹੋ ਹੀ ਹਾਲ ਉਨ੍ਹਾਂ ਨੂੰ ਸੁਣਨ ਉਪਰੰਤ ਹੁੰਦਾ। ਜਲੰਧਰ ਰਹਿੰਦੇ ਸਾਂ ਤਾਂ ਉਥੇ ਹਰ ਸਾਲ ਹਰਿਵਲਭ ਸੰਗੀਤ ਸੰਮੇਲਨ ਸੁਣ ਲੈਂਦੇ ਸਾਂ। 1964 ਵਿਚ ਯੂ.ਕੇ. ਆ ਗਿਆ ਤਾਂ ਸੋਚਿਆ ਕਿ ਹੁਣ ਇਸ ਸੱਨਅਤੀ ਦੇਸ਼ ਵਿਚ ਮਾਰੇ ਗਏ, ਪਰ ਕੁਦਰਤ ਦਾ ਕਰਮ ਕਿ ਉਸਤਾਦ ਕਰਮ ਸਿੰਘ ਚੱਕਰਵਰਤੀ ਬਹੁੜ ਪਏ। ਦੇਸ਼ ਭਰ ਦੇ ਕੁਝ ਦੂਜੇ ਤੀਜੇ ਕਲਾਕਾਰਾਂ ਨਾਲ ਵੀ ਮੇਲ-ਮਿਲਾਪ ਹੁੰਦਾ ਰਿਹਾ, ਜਿਸ ਨਾਲ ਸਮਾਂ ਸੋਹਣਾ ਬੀਤਦਾ ਰਿਹਾ। ਜਦ ਨੂੰ ਕਾਲਾ ਸਾਲ 1984 ਚੜ੍ਹ ਪਿਆ। ਸਿੱਖਾਂ ਦੇ ਘੱਲੂਘਾਰੇ ਦਾ ਦਿਵਸ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ, ਸਿੱਖਾਂ 'ਤੇ ਹਮਲੇ, ਵਹਿਸ਼ੀਆਨਾ ਸਾੜ ਫੂਕ। ਧੰਨ ਧੰਨ ਜਗਤ ਗੁਰੂ ਬਾਬਾ ਨਾਨਕ ਦੇਵ ਜੀ ਭਾਈ ਮਰਦਾਨਾ ਜੀ ਦੀ ਪਾਵਨ ਇਤਿਹਾਸਕ ਰਬਾਬ, ਜਿਸ ਨੇ ਕਦੇ ਸੜਦੀ ਬਲਦੀ ਧਰਤ 'ਤੇ ਰੱਬ ਦਾ ਨਾਂ ਅਲਾਪਿਆ ਸੀ ਅਤੇ ਜਿਹੜੀ ਓਦੋਂ ਤਕ ਪਟਨਾ ਸਾਹਿਬ ਵਿਖੇ ਸਾਂਭੀ ਪਈ ਸੀ, ਜ਼ਾਲਮਾਂ ਨੇ ਤਾਂ ਉਹ ਵੀ ਨਾ ਛੱਡੀ। ਇਹ ਸਭ ਕੁਝ ਵੇਖ ਸੁਣ ਕੇ ਰੂਹ ਵਲੂੰਧਰੀ ਗਈ, ਜਿੰਦ ਫੀਤਾ ਫੀਤਾ ਹੋ ਗਈ। ਆਪਣੇ ਮਨ ਵਿਚ ਹੀ ਉਦੋਂ ਇਸ ਗੱਲ ਦਾ ਪ੍ਰਣ ਕੀਤਾ ਕਿ ਪਿੱਛੇ ਨਾਲ ਤਾਂ ਗਿਆ ਪਿੱਛਾ, ਅਗਾਂਹ ਜਿੰਨੇ ਵੀ ਸੁਆਸ ਹਨ, ਉਹ ਹੁਣ ਬਸ ਸਿੱਖ

ਇਤਿਹਾਸ, ਸਿੱਖ ਚਿੰਤਨ ਅਤੇ ਸਭਿਆਚਾਰ ਸੰਬੰਧੀ ਪੜ੍ਹਨ-ਲਿਖਣ ਅਤੇ ਸਾਂਭ-ਸੰਭਾਲ 'ਤੇ ਹੀ ਲਾਉਣੇ ਹਨ। ਸੋ, ਹੱਥਲੀ ਕਿਰਤ ਮੇਰੇ ਉਸ ਉਦੋਂ ਦੇ ਫ਼ੈਸਲੇ ਦਾ ਹੀ ਨਤੀਜਾ ਹੈ।

ਅੱਜ ਇਹ ਪੁਸਤਕ ਤੁਹਾਡੇ ਦਰਬਾਰ ਵਿਚ ਹਾਜ਼ਰ ਹੈ। ਮੇਰਾ ਇਹ ਯਤਨ ਕਿਉਂਕਿ ਅਸਲੋਂ ਹੀ ਪਹਿਲੀ ਕਿਸਮ ਦਾ ਸੀ, ਇਸ ਲਈ ਬੜੀ ਗੱਲ ਨਹੀਂ ਕਿ ਇਸ ਵਿਚ ਅਣਗਿਣਤ ਖ਼ਾਮੀਆਂ ਰਹਿ ਗਈਆਂ ਹੋਣ ਜਾਂ ਗ਼ਲਤੀਆਂ ਹੋ ਗਈਆਂ ਹੋਣ, ਜਿਨ੍ਹਾਂ ਨੂੰ ਸੁਹਿਰਦ ਪਾਠਕ-ਜਨ ਮੁਆਫ਼ ਕਰਦੇ ਹੋਏ, ਨਿਸ਼ਾਨਦੇਹੀ ਕਰਨ ਪਿੱਛੋਂ ਮੇਰੇ ਨਾਲ ਚਿੱਠੀ-ਪੱਤਰ ਕਰ ਕੇ ਮੇਰੀ ਰਾਹਨੁਮਾਈ ਕਰਨ। ਮੈਂ ਉਨ੍ਹਾਂ ਦਾ ਹਾਰਦਿਕ ਧੰਨਵਾਦੀ ਹੋਵਾਂਗਾ। ਇਸ ਕਾਰਜ ਵਿਚ 'ਕਲਾਸੀਕਲ ਅੰਗ' ਵਿਚ ਕੀਰਤਨ ਕਰਨ ਵਾਲੇ ਕੁਝ ਰਾਗੀ ਰਹਿ ਵੀ ਗਏ ਹੋਣਗੇ, ਜਿਵੇਂ ਭਾਈ ਗੁਰਮੇਲ ਸਿੰਘ, ਭਾਈ ਸਤਵਿੰਦਰ ਸਿੰਘ ਹਰਵਿੰਦਰ ਸਿੰਘ ਦਿੱਲੀ ਵਾਲੇ, ਭਾਈ ਤ੍ਰਿਲੋਕ ਸਿੰਘ ਨਿਰਮਾਣ ਜਾਂ ਕੁਝ ਹੋਰ। ਮੈਂ ਕਿਸੇ ਨੂੰ ਜਾਣ ਬੁੱਝ ਕੇ ਅੱਖੋਂ ਪਰੋਖੇ ਨਹੀਂ ਕੀਤਾ, ਸਗੋਂ ਪ੍ਰਦੇਸ ਵਿਚ ਰਹਿੰਦਿਆਂ ਮੇਰੀਆਂ ਕੁਝ ਮਜਬੂਰੀਆਂ ਵੀ ਹਨ। ਕੁਝ ਨਾਲ ਮੈਂ ਰਾਬਤਾ ਨਾ ਕਰ ਸਕਿਆ ਅਤੇ ਕੁਝ ਅਜਿਹੇ ਵੀ ਹਨ, ਜਿਨ੍ਹਾਂ ਨੇ ਮੇਰੇ ਖ਼ਤ-ਪੱਤਰ ਦੀ ਕੋਈ ਪ੍ਰਵਾਹ ਵੀ ਨਹੀਂ ਕੀਤੀ। ਬਾਕੀ ਰਹੀ ਡਾ. ਰਾਜਾ ਮ੍ਰਿਗੇਂਦ੍ਰ ਸਿੰਘ ਜੀ ਦੀ ਆਲੋਚਨਾ ਦੀ ਗੱਲ ਕਿ ਸਾਡੇ ਦੋ ਬਹੁਤ ਵੱਡੇ ਸ਼ਾਸਤ੍ਰੀ ਗਾਇਕ ਜਿਵੇਂ ਕਿ ਪੰਡਿਤ ਦਲੀਪ ਚੰਦਰ ਜੀ ਬੇਦੀ ਜਾਂ ਸ. ਸੋਹਨ ਸਿੰਘ ਜੀ ਇਸ ਕਿਤਾਬ ਵਿਚ ਕਿਵੇਂ ਆ ਗਏ—ਇਸ ਦੀ ਕੀ ਤੁਕ ਸੀ ? ਰਾਜਾ ਸਾਹਿਬ ਦੀ ਆਲੋਚਨਾ ਸਾਡੇ ਸਿਰ ਮੱਥੇ 'ਤੇ, ਕਿਉਂਕਿ ਸਾਡੇ ਸੰਗੀਤ ਦੇ ਉਹ ਇਕ ਬਹੁਤ ਵੱਡੇ ਆਚਾਰਯ ਹਨ, ਪਰ ਸਨਿਮਰ ਬੇਨਤੀ ਹੈ ਕਿ ਇਨ੍ਹਾਂ ਦੋਹਾਂ ਨੇ ਹੀ ਆਪਣੀ ਸ਼ੁਰੂਆਤੀ ਜ਼ਿੰਦਗੀ ਦਾ ਆਗਾਜ਼, ਆਰੰਭ ਸ਼ਬਦ ਕੀਰਤਨ ਤੋਂ ਹੀ ਕੀਤਾ ਸੀ।

ਖ਼ਿਆਲ ਸੀ ਕਿ ਕਰੜੀ ਚੋਣ ਕਰ ਕੇ ਕੁਝ ਪੁਰਾਤਨ ਦਬੰਗ ਰਬਾਬੀਆਂ ਰਾਗੀਆਂ ਦੀਆਂ ਸੌ ਕੁ ਸਾਲ ਜਾਂ ਜ਼ਰਾ ਘੱਟ ਵੱਧ ਦੀਆਂ ਪੁਰਾਣੀਆਂ ਆਵਾਜ਼ਾਂ ਦੀ ਇਕ ਸੀ.ਡੀ. ਬਣਾ ਕੇ ਪ੍ਰਸ਼ਾਦਿ ਵਜੋਂ ਇਸ ਕਿਤਾਬ ਦੇ ਅੰਤ ਵਿਚ ਪਾ ਕੇ ਪਾਠਕਾਂ ਨੂੰ ਭੇਂਟ ਕੀਤੀ ਜਾਂਦੀ ਤਾਂ ਜੁ ਉਹ ਪੁਰਾਤਨ ਗਵੈਸ਼ ਦਾ ਨਮੂਨਾ ਸੁਣ ਕੇ ਮਾਣ ਸਕਦੇ, ਪਰ ਕੁਝ ਸਮੇਂ ਦੀ ਘਾਟ ਅਤੇ ਕੁਝ ਸੀਮਤ ਸਾਧਨਾਂ ਕਰਕੇ ਅਜਿਹਾ ਨਾ ਹੋ ਸਕਿਆ। ਹੁਣ ਤਕ ਪੱਲਿਉਂ ਪੈਸਾ ਹੀ ਐਨਾ ਕੁ ਲੱਗ ਚੁੱਕਾ ਹੈ ਕਿ ਅਗਾਂਹ ਲਈ ਇਹ ਕੰਮ ਔਖਾ ਜਾਪਦਾ ਹੈ। ਸਾਡੇ ਦਾਈਏ ਬਹੁਤ ਵੱਡੇ ਹਨ, ਪ੍ਰਾਜੈਕਟ ਵੀ ਕਾਫ਼ੀ ਵੱਡੇ—ਜਦ ਹੀ ਸਾਡਾ ਕੋਈ ਸੱਜਣ ਬੇਲੀ ਸਾਡੀ ਬਾਂਹ ਫੜਦਿਆਂ ਸਪੌਂਸਰ ਵਜੋਂ ਨਿਤਰਿਆ, ਅਸੀਂ ਇਨ੍ਹਾਂ ਦੀ ਪੂਰਤੀ ਦਾ ਯਤਨ ਕਰਾਂਗੇ।

ਇਸ ਕਿਤਾਬ ਵਿਚ ਆਉਣ ਪੱਖੋਂ ਜਿਹੜੇ ਕੁਝ ਤਕੜੇ ਰਾਗੀ-ਰਬਾਬੀ ਰਹਿ ਗਏ ਹਨ, ਉਹ ਸਾਡੇ ਨਾਲ ਰਾਬਤਾ ਪੈਦਾ ਕਰਨ, ਅਸੀਂ ਆਪਣੇ ਅਗਲੇ ਐਡੀਸ਼ਨ ਵਿਚ ਇਸ ਘਾਟ ਨੂੰ ਪੂਰਾ ਕਰ ਦਿਆਂਗੇ।

ਤੁਹਾਡੇ ਹੁੰਗਾਰੇ ਦੀ ਉਡੀਕ ਵਿਚ,

*ਤੁਹਾਡਾ,*

**ਬਲਬੀਰ ਸਿੰਘ ਕੰਵਲ**

ਲੰਡਨ
11-7-2009


www.sikhbookclub.com

# ਵਿਸ਼ੇਸ਼ ਧੰਨਵਾਦ

(ਵੇਲੇ-ਕੁਵੇਲੇ ਲੇਖਕ ਦੇ ਇਹ ਸੱਜਣ ਬੇਲੀ ਵੀ ਸਹਾਈ ਹੁੰਦੇ ਰਹੇ ਹਨ)

- ਉਸਤਾਦ ਸਲਾਮਤ ਅਲੀ ਖ਼ਾਂ, ਲਾਹੌਰ
- ਉਸਤਾਦ ਅੱਲਾ ਰੱਖਾ, ਬੰਬਈ
- ਜਨਾਬ ਐਮ.ਏ. ਸ਼ੇਖ਼, ਲਾਹੌਰ
- ਮਾਸਟਰ ਸ਼ਮਸ਼ੇਰ ਅਲੀ, ਲਾਹੌਰ
- ਸ. ਗੁਰਬਖ਼ਸ਼ ਸਿੰਘ ਮਠਾਰੂ, ਲੰਡਨ
- ਪ੍ਰੋ. ਪਰਮਜੋਤ ਸਿੰਘ, ਲੁਧਿਆਣਾ
- ਸ. ਮਾਹੀ ਮੁਕੰਦਪੁਰੀ, ਲੰਡਨ
- ਸ. ਸੁਰਜੀਤ ਸਿੰਘ ਜੀਤ, ਲੰਡਨ
- ਸ. ਮਹਿੰਦਰ ਗੋਪਾਲ ਸਿੰਘ ਬਾਠ, ਅੰਮ੍ਰਿਤਸਰ
- ਡਾ. ਮਹਿੰਦਰ ਸਿੰਘ ਢਿੱਲੋਂ, ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ
- ਸ. ਭਾਗ ਸਿੰਘ 'ਅਣਖੀ', ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ
- ਸ. ਚੇਤਨ ਸਿੰਘ, ਜਲੰਧਰ
- ਸ੍ਰੀ ਦਲਜੀਤ ਹੰਸ, ਜਲੰਧਰ
- ਮਿੱਸ ਸੰਗੀਤਾ ਕੌਰ, ਹੋਤੀ (ਮਰਦਾਨ), ਪਾਕਿਸਤਾਨ
- ਡਾ. ਸਰੋਜ ਚਮਨ, ਪਟਿਆਲਾ
- ਡਾ. ਜਸਬੀਰ ਕੌਰ, ਪਟਿਆਲਾ


www.sikhbookclub.com

# ਸਿੱਖ ਸੰਗੀਤ 'ਤੇ ਇਕ ਸਰਸਰੀ ਝਾਤ

ਪੰਜਾਬ ਦੇ ਸੰਗੀਤ ਘਰਾਣਿਆਂ ਤੋਂ ਛੁੱਟ, ਇਸ ਪਾਵਨ ਧਰਤੀ 'ਤੇ ਰਬਾਬੀਆਂ, ਰਾਗੀਆਂ ਅਤੇ ਢਾਡੀਆਂ ਦੇ ਕੁਝ ਹੋਰ ਘਰਾਣੇ ਵੀ ਹਨ, ਜਿਨ੍ਹਾਂ ਦਾ ਆਪਣਾ ਹੀ ਇਕ ਨਿਵੇਕਲਾ ਅਸਥਾਨ ਹੈ। ਸਾਡੇ ਸੰਗੀਤ ਨੂੰ ਉਨ੍ਹਾਂ ਦੀ ਇਕ ਬੜੀ ਵੱਡੀ ਦੇਣ ਹੈ।

*ਸਰਮਾਇਆ ਇਸ਼ਰਤ* ਦਾ ਕਰਤਾ ਸਾਦਕ ਅਲੀ ਖ਼ਾਂ, ਆਪਣੀ ਪ੍ਰਸਿੱਧ ਕਿਰਤ ਜਿਹੜੀ ਉਸਨੇ 1866 ਈ. ਵਿਚ ਲਿਖੀ ਅਤੇ ਜਿਹੜੀ 1 ਜਨਵਰੀ, 1874 ਨੂੰ ਛਾਪੀ ਗਈ, ਵਿਚ ਉਹ ਇੰਜ ਦਰਜ ਕਰਦਾ ਹੈ: "ਬਾਅਜ਼ ਕਾ ਕੌਲ ਹੈ ਕਿ ਰਬਾਬ ਈਜਾਦ ਕੀਆ ਹੂਆ ਗੁਰੂ ਨਾਨਕ ਸ਼ਾਹ ਫ਼ਕੀਰ ਕਾ ਹੈ।"

ਏਸੇ ਹੀ ਤਰ੍ਹਾਂ ਉਰਦੂ ਦੀ ਇਕ ਹੋਰ ਪ੍ਰਸਿੱਧ ਕਿਰਤ *ਮੁਅਦਨਲ ਮੌਸੀਕੀ* ਦਾ ਕਰਤਾ ਸੱਯਦ ਵਾਜਦ ਅਲੀ ਆਪਣੀ ਕਿਰਤ ਵਿਚ ਇੰਜ ਵਰਣਨ ਕਰਦਾ ਹੈ, "ਸਰੋਦ ਰਬਾਬ ਸੇ ਨਿਕਲਾ — ਮਗਰ ਕੱਦ ਮੇਂ ਛਿਫਿੜ੍ਹਾ। ਉਸ ਪਰ ਭੀ ਰੋਦਾ ਔਰ ਤਾਰ ਚੜ੍ਹਤੇ ਹੈਂ।"

ਏਸੇ ਹੀ ਤਰ੍ਹਾਂ ਇਕ ਹੋਰ ਵਿਦਵਾਨ ਓ. ਗੋਸੁਆਮੀ ਦਾ ਵੀ ਏਹੀ ਮਤ ਹੈ ਕਿ ਰਬਾਬ ਵਿੱਚੋਂ ਹੀ ਅਜੋਕੀ ਸਰੋਦ ਨਿਕਲੀ।

ਬੰਗਾਲ ਵਿਚ ਅੱਜ-ਕੱਲ੍ਹ ਵੀ ਇਕ ਸਾਜ਼ ਇਸਰਾਜ ਬੜਾ ਲੋਕ-ਪ੍ਰਿਯ ਹੈ, ਜਿਹੜਾ ਕਿ ਤਾਊਸ ਦੀ ਹੀ ਇਕ ਸ਼ਕਲ ਦਾ ਹੈ। ਏਸੇ ਤਾਊਸ ਨੂੰ ਮੁੱਖ ਰੱਖ ਕੇ, ਪਟਿਆਲਾ ਦੇ ਸੁਪ੍ਰਸਿੱਧ ਸੰਗੀਤਕਾਰ ਮਹੰਤ ਗੱਜਾ ਸਿੰਘ ਨੇ ਦਿਲਰੁਬਾ ਨਾਂ ਦਾ ਇਕ ਸਾਜ਼ ਤਿਆਰ ਕੀਤਾ ਸੀ। ਇਕ ਤਾਊਸ ਜਿਹੜਾ ਸੰਗੀਤ ਨਾਟਕ ਅਕਾਦਮੀ, ਦਿੱਲੀ ਦੇ ਮਿਊਜ਼ੀਅਮ ਵਿਚ ਸਾਂਭਿਆ ਪਿਆ ਹੈ, ਉਸ ਨਾਲ ਲੱਗੀ ਤਖ਼ਤੀ 'ਤੇ ਇਹ ਲਫ਼ਜ਼ ਦਰਜ ਹਨ: "Taus came to India through Bhai Mardana in 1530. Musicians of Baghdad presented to him as a robe of honour." ਅਰਥਾਤ, "ਤਾਊਸ ਸਾਡੇ ਦੇਸ਼ ਵਿਚ ਭਾਈ ਮਰਦਾਨਾ ਜੀ ਰਾਹੀਂ 1530 ਈ. ਵਿਚ ਹਾਸਲ ਹੋਇਆ। ਇਹ ਸਾਜ਼ ਬਗ਼ਦਾਦ ਦੇ ਸੰਗੀਤਕਾਰਾਂ ਨੇ ਆਪ ਜੀ ਨੂੰ ਸਿਰੋਪਾਓ ਵਜੋਂ ਭੇਂਟ ਕੀਤਾ ਸੀ।"

ਸਾਡੇ ਇਕ ਹੋਰ ਸਾਜ਼ ਸਾਰੰਦੇ ਬਾਰੇ ਸਾਦਕ ਅਲੀ ਖ਼ਾਂ ਆਪਣੀ ਪ੍ਰਸਿੱਧ ਕਿਰਤ *ਸਰਮਾਇਆ-ਇਸ਼ਰਤ* ਵਿਚ ਇੰਜ ਲਿਖਦੇ ਹਨ: "ਵਾਜ਼ਿਹ ਹੋ ਕਿ—ਸਾਰੰਦਾ—


www.sikhbookclub.com

ਈਜਾਦ ਕੀਆ ਹੁਆ ਗੁਰੂ ਅਮਰ ਦਾਸ ਜੀ ਕਾ ਹੈ ਕਿ ਜਿਨਕਾ ਮੰਦਰ ਸ਼ਹਿਰ ਅੰਮ੍ਰਿਤਸਰ ਮੇਂ ਮਸ਼ਹੂਰ ਹੈ।"

ਸ੍ਰੀ ਅੰਮ੍ਰਿਤਸਰ ਜਾਂ ਦਰਬਾਰ ਸਾਹਿਬ ਦੀ ਗੱਲ ਚੱਲੀ ਹੈ, ਤਾਂ ਇਸ ਸਵਰਨ ਮੰਦਰ ਵਿਚ ਦੇਸ਼ ਭਰ ਦੇ ਵੱਡੇ ਵੱਡੇ ਸੰਗੀਤਕਾਰ ਇਸ ਥਾਂ ਚੌਂਕੀ ਭਰ ਕੇ ਆਪਣੇ ਧੰਨ ਭਾਗ ਸਮਝਦੇ ਰਹੇ ਹਨ। ਪ੍ਰਸਿੱਧ ਵਿਦਵਾਨ ਗਿਆਨੀ ਗਿਆਨ ਸਿੰਘ ਵਲੋਂ ਰਚਿਤ *ਤਾਰੀਖ਼ ਸ੍ਰੀ ਅੰਮ੍ਰਿਤਸਰ* ਵਿੱਚੋਂ ਸਾਨੂੰ ਉਸ ਵੇਲੇ ਦੇ ਕਲਾਕਾਰਾਂ ਦੀਆਂ ਤਨਖ਼ਾਹਾਂ ਦਾ ਅੰਦਾਜ਼ਾ ਲੱਗ ਜਾਂਦਾ ਹੈ, ਜਦ ਉਹ ਲਿਖਦੇ ਹਨ: "ਸਾਰੇ ਰਾਗੀਆਂ ਰਬਾਬੀਆਂ ਨੂੰ 283/- ਰੁਪਏ ਮਾਹਵਾਰ ਸ੍ਰੀ ਦਰਬਾਰ ਸਾਹਿਬ ਜੀ ਦੇ ਖ਼ਜ਼ਾਨੇ ਵਿੱਚੋਂ ਮਿਲਦੇ ਹਨ।"[1]

ਅੰਮ੍ਰਿਤਸਰ ਵਿਚ ਜਦੋਂ ਬੁੰਗਿਆਂ ਦੀ ਉਸਾਰੀ ਕੀਤੀ ਗਈ ਤਾਂ ਏਥੇ ਦੇ ਤਿੰਨ ਬੁੰਗੇ ਰਾਗੀਆਂ ਨੇ ਹੀ ਬਣਵਾਏ ਸਨ: ਬੁੰਗਾ ਰਾਗੀ ਧਨਪਤ ਸਿੰਘ, ਬੁੰਗਾ ਰਾਗੀ ਕਾਹਨ ਸਿੰਘ ਅਤੇ ਬੁੰਗਾ ਚੜ੍ਹਤ ਸਿੰਘ। ਇਸ ਤੋਂ ਛੁੱਟ, ਸੁਲਤਾਨੁਲ ਕੌਮ ਬਾਬਾ ਜੱਸਾ ਸਿੰਘ ਆਹਲੂਵਾਲੀਏ ਦੇ ਗਭਲੇ ਬੇਟੇ ਫ਼ਤਿਹ ਸਿੰਘ ਨੇ ਉਦੋਂ ਤੇਤੀ ਹਜ਼ਾਰ ਰੁਪਏ ਦੀ ਲਾਗਤ 'ਤੇ ਤਿੰਨ-ਮੰਜ਼ਲਾ ਬੁੰਗਾ ਆਹਲੂਵਾਲੀਆ ਬਣਵਾਇਆ ਸੀ ਜਿਥੇ ਕਿ ਸਿਖਿਆਰਥੀਆਂ ਨੂੰ ਬਾਕਾਇਦਾ ਕੀਰਤਨ ਦੀ ਸਿੱਖਿਆ ਦਿੱਤੀ ਜਾਂਦੀ ਸੀ। ਫ਼ਤਿਹ ਸਿੰਘ ਕਿਉਂਕਿ ਸੰਗੀਤ ਦਾ ਆਪ ਵੀ ਬੜਾ ਰਸੀਆ ਸੀ, ਏਸੇ ਕਰਕੇ ਇਸ ਕੇਂਦਰ ਦੀ ਉਹ ਦਿਲ ਖੋਲ੍ਹ ਕੇ ਸਰਪ੍ਰਸਤੀ ਕਰਦਾ ਸੀ। ਸਿੱਖਾਂ ਵਿਚ ਕੁਝ ਵਿਅਕਤੀ ਅਜਿਹੇ ਵੀ ਹੋਏ ਹਨ, ਜਿਨ੍ਹਾਂ ਨੇ ਕੁਝ ਨਵੇਂ ਸਾਜ਼ ਵੀ ਈਜਾਦ ਕੀਤੇ।

ਚਿੱਟੀ, ਜ਼ਿਲਾ ਜਲੰਧਰ ਦੇ ਜੰਮਪਲ ਅਤੇ ਜਲੰਧਰ ਦੇ ਮਸ਼ਹੂਰ ਸਾਜ਼ਕਾਰ ਸ. ਅੱਛਰ ਸਿੰਘ ਮਠਾਰੂ (1900-1970 ਈ.) ਦਾ ਦਿਮਾਗ ਐਸੀ ਉਪਜ ਵਾਲਾ ਸੀ ਕਿ ਉਨ੍ਹਾਂ ਆਪਣੇ ਜੀਵਨ ਵਿਚ ਦੋ ਤਿੰਨ ਨਵੇਂ ਸਾਜ਼ਾਂ ਦਾ ਅਵਿਸ਼ਕਾਰ ਕੀਤਾ। 1943-44 ਈ. ਵਿਚ "ਸੁਰ ਸੁਹਾਗ" ਨਾਂ ਦਾ ਅਸਲੋਂ ਇਕ ਨਵਾਂ ਸਾਜ਼ ਈਜਾਦ ਕੀਤਾ, ਜਿਹੜਾ ਕਿ ਵਚਿੱਤ੍ਰ ਵੀਣਾ ਵਾਂਗ ਵੱਜਦਾ ਹੈ। ਉਸ ਪਿੱਛੋਂ, 1961 ਈ. ਦੇ ਨੇੜੇ ਅਸਲੋਂ ਇਕ ਹੋਰ ਨਵੀਂ "ਮਧੁਵੀਣਾ" ਬਣਾਈ, ਜਿਸ ਦੀ ਸ਼ਕਲ ਸਿਤਾਰ ਵਰਗੀ ਹੈ, ਪਰ ਇਸ ਵਿਚ ਤੂੰਬਾ ਨਹੀਂ ਲੱਗਦਾ। ਇਸ ਸਾਜ਼ ਦੀ ਇਹ ਖ਼ੂਬੀ ਹੈ ਕਿ ਇਹ ਇੱਕੋ ਸਮੇਂ ਸਿਤਾਰ ਅਤੇ ਸਰੋਦ ਵਾਦਯ ਦੀਆਂ ਮਿੱਠੀਆਂ ਧੁਨਾਂ ਨੂੰ ਬੜੇ ਦਿਲਕਸ਼ ਅੰਦਾਜ਼ ਵਿਚ ਪ੍ਰਸਾਰਤ ਕਰਦਾ ਹੈ। ਏਸੇ ਤਰ੍ਹਾਂ ਪ੍ਰੋ. ਪਿਆਰਾ ਸਿੰਘ ਦਾ ਨਾਂ ਤਾਰ-ਸ਼ਹਿਨਾਈ ਨਾਲ ਜੁੜਿਆ ਹੋਇਆ ਹੈ।

1. ਹਵਾਲੇ ਲਈ ਦੇਖੋ, ਗਿਆਨੀ ਗਿਆਨ ਸਿੰਘ ਜੀ ਦੀ ਪ੍ਰਸਿੱਧ ਪੁਸਤਕ, *ਤਾਰੀਖ਼ ਸ੍ਰੀ ਅੰਮ੍ਰਿਤਸਰ*, ਸਫ਼ਾ 46.

# ਕਾਦਰ ਦੀ ਕੀਰਤੀ : ਕੀਰਤਨ

ਜਿਵੇਂ ਕਿ ਇਨ੍ਹਾਂ ਦੋਹਾਂ ਸ਼ਬਦਾਂ ਤੋਂ ਵੀ ਸ਼ਾਇਦ ਜਾਪਦਾ ਹੈ ਕਿ ਸੁਰ ਅਤੇ ਈਸ਼ਵਰ ਦਾ ਆਪਸ ਵਿਚ ਕਾਫ਼ੀ ਸਨੇਹ ਅਤੇ ਨਾਤਾ ਹੈ। ਸੁਰ ਵਿਚ ਹੀ ਤਾਂ ਈਸ਼ਵਰ ਵੱਸਦਾ ਹੈ। ਏਸ ਲਈ ਸੰਗੀਤ ਨੂੰ ਕਈ ਵਾਰ ਈਸ਼ਵਰ ਭਗਤੀ ਦਾ ਇਕ ਮਾਪਕ ਮੰਨਿਆ ਜਾਂਦਾ ਹੈ।

ਜਿਹੜੇ ਰਾਗੀ ਉਸ ਸਿਰਜਨਹਾਰ ਦੀ ਸਿਫ਼ਤ ਗਾਉਂਦੇ ਹਨ, ਕਾਦਰ ਦੀ ਕੀਰਤੀ ਕਰਦੇ ਹਨ, ਉਨ੍ਹਾਂ ਨੂੰ ਕੀਰਤਨਕਾਰ ਆਖਿਆ ਜਾਂਦਾ ਹੈ; ਕਿਉਂਕਿ ਈਸ਼ਵਰ ਦੀ ਉਸਤਤੀ ਸਮੇਂ ਆਮ ਤੌਰ 'ਤੇ ਉਹ ਰਬਾਬ ਵੀ ਨਾਲ ਵਜਾਉਂਦੇ ਸਨ, ਇਸ ਲਈ ਉਨ੍ਹਾਂ ਨੂੰ ਰਬਾਬੀ ਵੀ ਕਿਹਾ ਜਾਂਦਾ ਹੈ। ਉਂਜ ਜਿਹੜੀ ਦਫ ਮੀਆਂ ਤਾਨਸੈਨ ਦੀ ਸਪੁੱਤਰੀ ਵਲੋਂ ਚੱਲੀ, ਉਹ ਬੀਨਕਾਰ ਅਖਵਾਉਂਦੀ ਸੀ, ਪਰ ਜਿਹੜੀ ਉਸਦੇ ਪੁੱਤਰਾਂ ਵਲੋਂ ਚੱਲੀ, ਆਪਣੇ ਆਪ ਨੂੰ ਉਹ ਵੀ ਉਂਜ ਰਬਾਬੀ ਅਖਵਾਉਂਦੇ ਸਨ। ਹੁਣ ਤਕ ਤਾਂ ਕੁਝ ਇਸ ਤਰ੍ਹਾਂ ਲੱਗਦਾ ਰਿਹਾ ਹੈ, ਜਿਵੇਂ ਉਨ੍ਹਾਂ ਰਬਾਬੀਆਂ ਦਾ ਕੀਰਤਨਕਾਰ ਰਬਾਬੀਆਂ ਨਾਲ ਕੋਈ ਸੰਬੰਧ ਨਾ ਹੋਵੇ।

ਸਿੱਖ ਧਰਮ ਫਿਲਾਸਫੀ ਅਨੁਸਾਰ ਕੀਰਤਨ ਨੂੰ ਬਹੁਤ ਉੱਚਾ ਅਸਥਾਨ ਪ੍ਰਾਪਤ ਹੈ। ਇਸ ਨੂੰ 'ਨਿਰਮੋਲਕ ਹੀਰਾ' ਆਖਿਆ ਅਤੇ "ਕਲਜੁਗ ਮਹਿ ਕੀਰਤਨੁ ਪਰਧਾਨਾ" ਮੰਨਿਆ ਗਿਆ ਹੈ। ਜਿਸ ਥਾਂ ਕੀਰਤਨ ਹੁੰਦਾ ਹੈ, ਉਹ ਥਾਂ ਹੀ ਬੜਾ ਉੱਚਾ-ਸੁੱਚਾ ਹੈ, ਸੁਹਾਵਾ ਹੈ, ਸੁਰੰਗੜਾ ਹੈ : "ਤਹਾ ਬੈਕੁੰਠੁ ਜਹ ਕੀਰਤਨੁ ਤੇਰਾ।" ਕੀਰਤਨ ਇਕ ਮੁਕਤੀ ਦਾ ਸਾਧਨ ਵੀ ਹੈ, "ਕਰਿ ਕੀਰਤਨ ਹੋਇ ਉਧਾਰ"।

ਇਕ ਵਾਰ ਜਦੋਂ ਝਾਜੂ, ਮੁਕੰਦ ਅਤੇ ਕਿਦਾਰਾ ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਆਏ ਤਾਂ ਆਖਣ ਲੱਗੇ, "ਗਰੀਬ ਨਿਵਾਜ਼ ਜੀ, ਸਾਡਾ ਉਧਾਰ ਕਿਉਂਕਰ ਹੋਵੇ ?" ਤਾਂ ਸਤਿਗੁਰਾਂ ਨੇ ਅੱਗੋਂ ਬਚਨ ਕੀਤਾ, "ਤੁਸਾਂ ਨੂੰ ਰਾਗਾਂ ਦੀ ਸਮਝ ਹੈ, ਤੇ ਕਲਯੁੱਗ ਵਿਚ ਕੀਰਤਨ ਦੇ ਸਮਾਨ ਕੋਈ ਹੋਰ ਯੋਗ ਤਪ ਨਹੀਂ। ਏਹੋ ਸ਼ਾਂਤਕ ਸਾਧਨ ਹੈ, ਤੁਸੀ ਕੀਰਤਨ ਕੀਤਾ ਕਰੋ।" *(ਗਗਨ ਰਤਨਾਵਲੀ, ਪਉੜੀ 14)*

ਕੀਰਤਨ ਸਾਡੀ ਲਿਵ ਨੂੰ ਪ੍ਰਭੂ ਚਰਨਾਂ ਨਾਲ ਜੋੜਦਾ ਹੈ, ਇਸ ਲਈ ਇਸਦਾ ਦਰਜਾ ਸਰਵੋਤਮ ਹੈ। ਇਹੀ ਕਾਰਨ ਸੀ ਕਿ ਸਾਡੇ ਗੁਰੂ ਸਾਹਿਬਾਨ ਨੇ, ਜਿਹੜੇ ਸੰਗੀਤ ਦੇ ਮਹਾਨ ਪੰਡਿਤ ਅਤੇ ਪਾਰਖੂ ਸਨ, ਬਾਣੀ ਦੀ ਰਚਨਾ ਰਾਗਾਂ ਵਿਚ ਕੀਤੀ ਅਤੇ ਆਪਣੇ ਆਪਣੇ ਦਰਬਾਰ ਵਿਚ ਉਨ੍ਹਾਂ ਨੇ ਵੱਡੇ-ਵੱਡੇ ਰਬਾਬੀ ਰਾਗੀ ਵੀ ਰੱਖੇ ਹੋਏ ਸਨ।

ਪੁਰਾਣੀਆਂ ਬੁੜ੍ਹੀਆਂ ਦਾਣਾ ਫੱਕਾ ਛੱਜਾਂ ਵਿਚ ਕਲਾਉਂਦੀਆਂ ਹੁੰਦੀਆਂ ਸਨ। ਉਸਤਾਦ ਅਤੇ ਪੰਡਿਤ ਲੋਕ ਰਾਗ ਨੂੰ, ਜਿਹੜੇ ਕਲਾ ਕਲਾ ਕੇ ਗਾਉਣ ਲੱਗੇ, ਉਹ ਕਲੌਂਤ ਅਖਵਾਉਣ ਲੱਗ ਪਏ। ਸਾਡੇ ਸ਼ਾਸਤ੍ਰੀ ਸੰਗੀਤ ਵਿਚ ਉਨ੍ਹਾਂ ਨੂੰ ਸਰਵੋਤਮ ਦਰਜਾ ਪ੍ਰਾਪਤ ਹੈ। ਉਨ੍ਹਾਂ ਤੋਂ ਛੁੱਟ, ਜਿਹੜੇ ਰਬਾਬ ਜਾਂ ਦਿਲਰੁਬਾ/ਤਾਊਸ ਲੈ ਕੇ ਗੁਰੂ ਜਾਂ ਅੱਲ੍ਹਾ ਦਾ ਜਸ ਗਾਉਣ ਲੱਗੇ, ਉਨ੍ਹਾਂ ਨੂੰ ਰਬਾਬੀ ਕਿਹਾ ਜਾਣ ਲੱਗ ਪਿਆ। ਇਹ ਲੋਕ ਗਾਉਣ ਸਮੇਂ ਰਾਗ ਦੀ ਪ੍ਰਕਿਰਤੀ ਜਾਂ ਆਕਾਰ ਦਾ ਖ਼ਿਆਲ ਤਾਂ ਰੱਖਦੇ ਪਰ ਇਸ ਦੀਆਂ ਬਹੁਤੀਆਂ ਬਰੀਕੀਆਂ ਵੱਲ ਜਾਣ ਦੀ ਬਜਾਏ ਸਿੱਧ ਪਧਰਾ ਗਾਉਂਦੇ ਤਾਂ ਜੋ ਸਰੋਤਿਆਂ ਨੂੰ ਗੁਰ ਸ਼ਬਦ ਪੂਰਾ ਪੂਰਾ ਸਮਝ ਪੈਂਦਾ ਰਹੇ। ਅਸਲ ਵਿਚ ਇਹ ਲੋਕ ਸੀਨਾ-ਬਸੀਨਾ ਚੱਲਦੀਆਂ ਆ ਰਹੀਆਂ ਪੁਰਾਤਨ ਸ਼ਬਦ-ਰੀਤਾਂ ਗਾਉਂਦੇ ਸਨ।

ਇਨ੍ਹਾਂ ਰਬਾਬੀਆਂ ਦੇ ਸਿਰਤਾਜ ਭਾਈ ਮਰਦਾਨਾ ਸਨ। ਇਹ ਤੋਰਾ ਉਨ੍ਹਾਂ ਤੋਂ ਹੀ ਤੁਰਿਆ। ਉਸਦੇ ਪਿੱਛੋਂ ਵੀ ਕਈ ਰਬਾਬੀ ਹੋਏ, ਪਰ ਗੁਰੂ ਅਰਜਨ ਦੇਵ ਜੀ ਦੇ ਦਰਬਾਰੀ ਰਾਗੀ ਸੱਤਾ ਅਤੇ ਬਲਵੰਡ ਨੇ ਬੜਾ ਨਾਮ ਖੱਟਿਆ ਅਤੇ ਕਾਫ਼ੀ ਸਮਾਂ ਉਹ ਦਰਬਾਰ ਸਾਹਿਬ ਵਿਚ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਉਨ੍ਹਾਂ ਤੋਂ ਇਲਾਵਾ ਭਾਜੂ, ਮੁਕੰਦ ਅਤੇ ਕਿਦਾਰਾ ਵੀ ਉਸ ਦੌਰ ਦੇ ਪ੍ਰਸਿੱਧ ਰਬਾਬੀ ਸਨ। ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ ਵਿਚ ਕੀਰਤਪੁਰ ਵਿਖੇ ਵੀ ਕੁਝ ਚੰਗੇ ਰਾਗੀ ਰਬਾਬੀ ਸਨ, ਜਿਨ੍ਹਾਂ ਵਿੱਚੋਂ ਪਰਸਰਾਮ ਜੀ ਦਾ ਜਥਾ ਬੜਾ ਪ੍ਰਸਿੱਧ ਸੀ।

ਬੜੇ ਹਿਰਖ ਜਿਹੇ ਦੀ ਗੱਲ ਹੀ ਤਾਂ ਹੈ ਕਿ ਬਤੌਰ ਆਲਮਾਂ ਦੇ ਅਸੀਂ ਕੀਰਤਨ ਨਾਲ ਸਰੋਤਿਆਂ ਨੂੰ ਇਸ ਪੱਖੋਂ ਸਿਖਿਅਤ ਕਰਨਾ ਤਾਂ ਕੀ, ਉਨ੍ਹਾਂ ਨੂੰ ਰਬਾਬੀ ਦੀ ਮਹੱਤਤਾ ਜਾਂ ਮੁਕਾਮ ਬਾਰੇ ਹਾਲੇਂ ਤਕ ਵੀ ਨਹੀਂ ਦੱਸ ਸਕੇ। ਸਿੱਖ ਰਾਜ ਸਮੇਂ ਭਾਈ ਅਮੀਰ ਰਬਾਬੀ, ਜਿਹੜਾ ਭਾਈ ਮਰਦਾਨੇ ਦੇ ਗੁਰੂ ਭਾਈ ਫ਼ਿਰੰਦਾ ਦੀ ਸਿੱਧੀ ਸੰਤਾਨ ਵਿੱਚੋਂ ਸੀ, ਨੂੰ ਰਾਜ ਦਰਬਾਰ ਵਿਚ ਇਕ ਬੜਾ ਉੱਚਾ ਮੁਕਾਮ ਹਾਸਲ ਸੀ। ਦਰਬਾਰੀ ਰਬਾਬੀ ਤਾਂ ਉਹ ਸੀ ਹੀ, ਮਹਾਰਾਜਾ ਸ਼ੇਰ ਸਿੰਘ ਸਮੇਂ ਵੀ ਉਸ ਨੂੰ ਅੰਦਰੂਨੀ ਡਿਉੜ੍ਹੀਦਾਰ ਬਣਾਇਆ ਗਿਆ ਸੀ; ਜਿਸ ਦਾ ਰੁਤਬਾ ਇਕ ਵਜ਼ੀਰ ਦੇ ਬਰਾਬਰ ਸੀ। ਕਰਤਾ ਦੇ ਸੰਗ੍ਰਹਿ ਵਿਚ ਉਸ ਦਾ ਵੀ ਇਕ ਅਦੁੱਤੀ ਚਿੱਤਰ ਹੈ, ਜਿਸ ਵਿਚ ਉਹ ਤਲਵਾਰ ਨਾਲ ਲੈਸ ਹੈ। ਸਿੱਖ ਰਾਜ ਦੇ ਖ਼ਾਤਮੇ ਸਮੇਂ ਆਪ ਸ੍ਰੀ ਅਨੰਦਪੁਰ ਆ ਗਏ ਸਨ, ਜਿਥੋਂ ਫਿਰ ਉਹ ਪਟਿਆਲੇ ਆ ਗਏ। ਇਹ ਉਹ ਮੁਕਾਮ ਹੈ, ਜਿਥੋਂ ਪਟਿਆਲੇ ਘਰਾਣੇ ਦੀ ਵਾਦਨ ਪਰੰਪਰਾ ਦਾ ਮੁੱਢ ਬੱਝਦਾ ਹੈ। ਅੱਗੋਂ ਭਾਈ ਮਹਿਬੂਬ ਅਲੀ ਉਰਫ਼ ਬੂਬਾ ਰਬਾਬੀ, ਜਿਸਦੀ ਟੱਕਰ ਦਾ ਲਗਭਗ ਅੱਧੀ ਸਦੀ ਸਾਰੇ ਭਾਰਤ ਵਿਚ ਸਿਤਾਰ ਵਾਦਕ ਹੋਰ ਨਹੀਂ ਸੀ, ਉਸ (?) ਦਾ ਹੀ ਪੁੱਤਰ ਸੀ। ਸਿੱਖ ਰਾਜ ਸਮੇਂ ਹੀ ਭਾਈ ਮਨਸ਼ਾ ਸਿੰਘ ਨੇ ਵੀ ਕੀਰਤਨ ਦੇ ਇਤਿਹਾਸ ਵਿਚ ਬੜਾ ਨਾਮ ਖੱਟਿਆ। ਉਹ ਉਸ ਸਮੇਂ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਸਨ।

ਅੰਮ੍ਰਿਤਸਰ ਵਾਲੇ ਮਹੰਤ ਸ਼ਾਮ ਸਿੰਘ ਅਟਾਰੀਵਾਲੇ, ਦਰਬਾਰ ਸਾਹਿਬ ਵਿਖੇ ਲਗਭਗ ਸੱਤਰ ਸਾਲ ਕੀਰਤਨ ਦੀ ਸੇਵਾ ਕਰਦੇ ਰਹੇ। ਉਹ ਕੀਰਤਨ ਦੇ ਨਾਲ ਸਾਰੰਦਾ ਵਜਾਉਂਦੇ ਸਨ ਅਤੇ 123 ਸਾਲ (1803-1926 ਈ.) ਦੀ ਲੰਮੀ ਉਮਰ ਤਕ ਜੀਵਤ ਰਹੇ। ਗੁਰੂ ਦੀ ਨਗਰੀ ਦੇ ਹੀ ਇਕ ਵੱਡੇ ਸਿਆਣੇ ਬਜ਼ੁਰਗ ਸ਼੍ਰੀ ਟੀ.ਸੀ. ਨਾਗਪਾਲ

ਜਿਹੜੇ ਉਸ ਸਮੇਂ ਸ਼ਮਸ਼ਾਨ ਘਾਟ ਚਾਟੀ ਵਿੰਡ, ਉਨ੍ਹਾਂ ਦੀ ਅਰਥੀ ਨਾਲ ਗਏ ਸਨ, ਦੱਸਦੇ ਹਨ ਕਿ ਉਨ੍ਹਾਂ ਦਾ ਸਸਕਾਰ ਚੰਦਨ ਦੀਆਂ ਲੱਕੜੀਆਂ ਨਾਲ ਹੋਇਆ ਸੀ ਅਤੇ ਕਈ ਮਣਾਂ ਬੱਧੀ ਫੁੱਲ ਉਨ੍ਹਾਂ ਦੀ ਅਰਥੀ ਤੋਂ ਨਿਛਾਵਰ ਹੋਏ ਸਨ।

ਮਹੰਤ ਗੱਜਾ ਸਿੰਘ ਪਟਿਆਲਾ ਵਾਲੇ ਵੀ ਸੰਗੀਤ ਦੇ ਬੜੇ ਸਿਆਣੇ ਸਨ, ਦਿਲਰੁਬਾ ਵਜਾਉਂਦੇ ਕਿ ਕੀ ਗੱਲਾਂ, ਦਿਲ ਕਰਦਾ ਕਿ ਸੁਣਦੇ ਹੀ ਜਾਈਏ। ਮੈਕਾਲਿਫ਼ ਉਨ੍ਹਾਂ ਨੂੰ ਸਿੱਖਾਂ ਦਾ ਸਭ ਤੋਂ ਸ੍ਰੇਸ਼ਠ ਸੰਗੀਤਕਾਰ ਮੰਨਦਾ ਸੀ। ਭਾਈ ਕਾਨ੍ਹ ਸਿੰਘ ਨਾਭਾ, ਭਾਈ ਮਸਤਾਨ ਸਿੰਘ ਤੇ ਦਿਆਲ ਸਿੰਘ ਕੌਰੋਂ, ਉਨ੍ਹਾਂ ਦੇ ਕੁਝ ਕੁ ਸ਼ਾਗਿਰਦ ਸਨ। ਮਸਤਾਨ ਸਿੰਘ ਦਾ ਪਹਿਲਾਂ ਨਾਂ ਜੀਵਨ ਸਿੰਘ ਸੀ, ਪਰ ਕਿਉਂਕਿ ਆਪ ਨਾਮਧਾਰੀ ਗੁਰੂ ਸਤਿਗੁਰ ਪ੍ਰਤਾਪ ਸਿੰਘ ਪਾਸ ਆ ਕੇ ਬੜੇ ਪ੍ਰੇਮ ਨਾਲ ਦਿਲਰੁਬਾ ਸੁਣਾਉਂਦੇ ਅਤੇ ਮਸਤੀ ਵਿਚ ਆ ਜਾਂਦੇ, ਇਸ ਕਰਕੇ ਆਪ ਦਾ ਨਾਂ 'ਮਸਤਾਨ ਸਿੰਘ' ਪ੍ਰਸਿੱਧ ਹੋ ਗਿਆ।

ਭਾਈ ਮੋਤੀ, ਭਾਈ ਲਾਲ, ਭਾਈ ਤਾਬਾ ਅਤੇ ਭਾਈ ਚਾਂਦ ਇਸ ਦੌਰ ਦੀਆਂ ਪ੍ਰਸਿੱਧ ਹਸਤੀਆਂ ਸਨ। ਇਨ੍ਹਾਂ ਵਿੱਚੋਂ ਭਾਈ ਚਾਂਦ ਰਬਾਬੀ ਪਰੰਪਰਾ ਦੇ ਆਖ਼ਰੀ ਥੰਮ੍ਹ ਸਨ। ਉਨ੍ਹਾਂ ਦੇ ਇਕ ਪਰਮ ਮਿੱਤਰ ਸ੍ਰੀ ਟੀ.ਸੀ. ਨਾਗਪਾਲ ਦੇ ਕਥਨ ਅਨੁਸਾਰ :

*ਐ ਚਾਂਦ, ਭਾਈ ਚਾਂਦ, ਤੇਰੀ ਰੌਸ਼ਨੀ ਕਿਆ ਅਜਬ ਥੀ।*
*ਕੋਇਲ ਭੀ ਸ਼ਰਮਿੰਦਾ ਥੀ, ਗੁਲੂਕਾਰੀ ਤੇਰੀ ਗ਼ਜ਼ਬ ਥੀ।*

1933 ਈ. ਦੇ ਅੱਸੂ ਵਿਚ ਭੈਣੀ ਸਾਹਿਬ ਵਿਖੇ ਨਾਮਧਾਰੀ ਸਤਿਗੁਰਾਂ ਨੇ ਇਕ ਬੜਾ ਵੱਡਾ ਕੀਰਤਨ ਦਰਬਾਰ ਕਰਵਾਇਆ, ਜਿਸ ਵਿਚ ਸ਼ਰਤ ਇਹ ਸੀ ਕਿ ਕੀਰਤਨ ਕੇਵਲ ਕਿਸੇ ਵੀ ਤੰਤੀ ਸਾਜ਼ ਨਾਲ ਹੀ ਕਰਨਾ ਹੈ। ਭਾਈ ਹਰਨਾਮ ਸਿੰਘ ਠੱਠੇ ਟਿੱਬਾ (ਕਪੂਰਥਲਾ) ਵਾਲਿਆਂ ਉਥੇ 'ਨਾਰਾਇਨ ਨਰਪਤਿ ਨਮਸਕਾਰੈ ॥ ਐਸੇ ਗੁਰ ਕਉ ਬਲਿ ਬਲਿ ਜਾਈਐ ॥' ਤਾਊਸ ਨਾਲ ਦਰਬਾਰੀ ਕਾਨ੍ਹੜਾ ਗਾਇਨ ਕੀਤਾ ਤਾਂ ਸੰਗੀਤ ਮੁਕਾਬਲੇ ਵਿੱਚੋਂ ਪੰਜਾਬ ਭਰ 'ਚੋਂ ਪਹਿਲੇ ਦਰਜੇ 'ਤੇ ਆ ਗਏ ਜਦ ਕਿ ਦੂਜਾ ਇਨਾਮ ਭਾਈ ਲਾਲ ਨੇ ਪ੍ਰਾਪਤ ਕੀਤਾ ਸੀ। ਇਨਾਮ ਵਜੋਂ ਭਾਈ ਸਾਹਿਬ ਨੂੰ ਇਕ ਘੋੜੀ ਦਿੱਤੀ ਗਈ ਸੀ। ਭਾਈ ਸੁੰਦਰ ਸਿੰਘ ਅੰਮ੍ਰਿਤਸਰ ਵਾਲੇ, ਜਿਹੜੇ ਭਾਈ ਮੋਤੀ ਦੇ ਸ਼ਾਗਿਰਦ ਸਨ, ਉਨ੍ਹਾਂ ਵਰਗਾ ਰਸ ਵੀ ਹੁਣ ਕਿਥੇ ਹੈ।

ਭਾਈ ਜਵੰਦ ਸਿੰਘ ਮਹਿਰਾ, ਫ਼ਿਰੋਜ਼ਪੁਰ ਐਨਾ ਮਿੱਠਾ ਗਾਉਂਦੇ ਕਿ ਗੁਰੂ ਚਰਨਾਂ ਵਿਚ ਲਿਵ ਜੁੜ ਜਾਂਦੀ। ਉਨ੍ਹਾਂ ਬਾਰੇ ਮਸ਼ਹੂਰ ਹੈ ਕਿ ਕੀਰਤਨ ਸਮੇਂ ਸਰੋਤਿਆਂ ਨੂੰ ਜਾਣੋ ਗੁਰੂ ਨਾਨਕ ਦੇਵ ਜੀ ਦੇ ਪ੍ਰਤੱਖ ਦਰਸ਼ਨ ਹੋ ਜਾਂਦੇ ਸਨ। ਉਹ ਬਹੁਤ ਤਕੜੇ ਬੁਲਾਰੇ ਵੀ ਸਨ। ਹੀਰਾ ਸਿੰਘ, ਭਾਗ ਸਿੰਘ ਫਰੂਕਾ ਵਾਲੇ ਵੀ ਜਦੋਂ ਬਿਆਨ ਕਰਦੇ ਤਾਂ ਨਸ਼ੇ ਆ ਜਾਂਦੇ ਸਨ, ਉਹ ਵੀ ਬੜੇ ਜ਼ਬਰਦਸਤ ਕਥਨੀਏ ਸਨ।

ਜਿਥੇ ਉਪਰੋਕਤ ਰਬਾਬੀ, ਮਿੱਠਾ ਰਸ-ਭਿੰਨਾ ਕੀਰਤਨ ਕਰਦੇ ਸਨ, ਉਥੇ ਸਰਮੁੱਖ ਸਿੰਘ ਕੱਟਾ, ਪਿੰਡ ਮੁਹਾਵਾ (ਅਟਾਰੀ ਵਾਲੇ) ਦਾ ਕੀਰਤਨ ਧਰਤੀ ਪੱਟ ਸੀ। ਨੱਥਾ, ਕਥਾ, ਤਾਨਾ ਅਤੇ ਹਜ਼ੂਰਾ ਸਿੰਘ ਬੜੇ-ਬੜੇ ਸਥੂਲ ਸਰੀਰਾਂ ਅਤੇ ਪਹਿਲਵਾਨੀ ਜੁੱਸਿਆਂ ਦੇ ਮਾਲਿਕ ਸਨ। ਜਿਧਰੋਂ ਵੀ ਲੰਘਦੇ, ਦੁਨੀਆਂ ਤੱਕਦੀ ਰਹਿ ਜਾਂਦੀ ਅਤੇ ਜਦੋਂ

 www.sikhbookclub.com

ਗਾਉਂਦੇ ਤਾਂ ਸਰੋਤੇ ਸੁਣਨੋਂ ਨਾ ਅੱਕਦੇ। ਨਾਲ-ਨਾਲ ਉਹ ਰਬਾਬ ਨੂੰ ਵੀ ਛੇੜਦੇ। ਉਨ੍ਹਾਂ ਦੇ ਰਿਸ਼ਟ ਪੁਸ਼ਟ ਸਰੀਰ ਵੇਖ ਕੇ ਕੋਈ ਤਾਂਗਾਵਾਨ, ਉਨ੍ਹਾਂ ਤਿੰਨਾਂ ਭਰਾਵਾਂ ਨੂੰ ਤਾਂ ਕੀ, ਦੋਹਾਂ ਨੂੰ ਵੀ ਤਾਂਗੇ ਵਿਚ ਨਾ ਬਿਠਾਉਂਦਾ। ਆਮ ਤੌਰ 'ਤੇ ਉਹ ਨਨਕਾਣਾ ਸਾਹਿਬ ਵਿਖੇ ਰਹਿੰਦੇ ਸਨ।

ਸੈਦਪੁਰ (ਕਪੂਰਥਲਾ) ਵਾਲੇ ਭਾਈ ਜਵਾਲਾ ਸਿੰਘ ਵੀ ਬਹੁਤ ਚੰਗੀ ਰਾਗਦਾਰੀ ਦੇ ਮਾਲਿਕ ਸਨ, ਪਰ ਇਸ ਨਾਲੋਂ ਵੱਧ ਪੁਰਾਤਨ ਸ਼ਬਦ-ਰੀਤਾਂ ਦਾ ਭੰਡਾਰ ਸਨ ਅਤੇ ਬਾਣੀ ਸ਼ੁੱਧ ਪੜ੍ਹਦੇ ਸਨ। ਸੁੱਧ ਸਿੰਘ, ਪ੍ਰਧਾਨ ਸਿੰਘ ਅਤੇ ਭਾਈ ਚੇਲਾ ਰਾਮ ਸਿੰਧੀ ਹੋਰਾਂ ਦੇ ਜਥੇ ਵੀ ਕਾਫ਼ੀ ਪ੍ਰਸਿੱਧੀ ਰੱਖਦੇ ਸਨ। ਭਾਈ ਪ੍ਰਤਾਪ ਸਿੰਘ ਧਰਮਕੋਟ ਵਾਲੇ ਵੀ ਬੜੇ ਵੱਡੇ ਅਲਾਪੀਏ ਸਨ ਅਤੇ ਗਲਾ ਵੀ ਕਾਫ਼ੀ ਗੇੜਦੇ ਸਨ। ਹੁਣ ਦੇ ਦੌਰ ਵਿਚ ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ ਅਤੇ ਗੁਰਮੁੱਖ ਸਿੰਘ ਫੱਕਰ ਆਦਿ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ।

ਉਪਰੋਕਤ ਦਰਜ ਕੀਤੇ ਗਏ ਕੀਰਤਨਕਾਰਾਂ ਵਿੱਚੋਂ ਭਾਵੇਂ ਕੋਈ ਰਾਗੀ ਸੀ ਜਾਂ ਰਬਾਬੀ, ਇਨ੍ਹਾਂ ਵਿੱਚੋਂ ਕੁਝ ਕੁ ਐਸੇ ਵੀ ਹੋਏ ਹਨ, ਜਿਹੜੇ ਚੰਗੇ ਕਲੋਂਤੀਆਂ ਦੇ ਬਰਾਬਰ ਸਨ—ਮਿਸਾਲ ਵਜੋਂ ਕਰਨੈਲ ਸਾਹਿਬ ਦੇ ਪ੍ਰਸਿੱਧ ਸ਼ਾਗਿਰਦ ਭਾਈ ਰੂੜਾ।

ਇਨ੍ਹਾਂ ਰਬਾਬੀਆਂ ਦੀ ਸਾਡੇ ਦੇਸ਼ ਵਿਚ ਤਾਂ ਵਾਹਵਾ ਸੱਦ-ਪੁੱਛ ਹੁੰਦੀ ਰਹੀ ਜਾਂ ਇੰਜ ਕਹਿ ਲਓ ਕਿ ਕਿਸੇ ਨਾ ਕਿਸੇ ਤਰ੍ਹਾਂ ਉਹ ਆਪਣਾ ਚੰਗਾ ਸਮਾਂ ਬਿਤਾਉਂਦੇ ਰਹੇ, ਪਰ ਜਿਹੜੇ ਮਰਦਾਨੇਕੇ ਪਾਕਿਸਤਾਨ ਚਲੇ ਗਏ, ਉਨ੍ਹਾਂ ਦੀ ਉਥੇ ਜਾ ਕੇ ਬੜੀ ਭੈੜੀ ਹਾਲਤ ਹੋਈ; ਇਥੋਂ ਤਕ ਕਿ ਕੀਰਤਨ ਦੇ ਚਾਨਣ-ਮੁਨਾਰੇ ਭਾਈ ਚਾਂਦ ਵਰਗੇ ਰਬਾਬੀ ਨੂੰ ਵੀ ਪੇਟ ਪਾਲਣ ਲਈ ਰੇਹੜੀਆਂ ਲਾਉਣੀਆਂ ਪਈਆਂ ਅਤੇ ਆਖ਼ਿਰ ਤਪਦਿਕ ਦਾ ਮਰੀਜ਼ ਹੋ ਕੇ ਮਰ ਗਏ। ਰੋਟੀ ਵਾਸਤੇ ਕਈਆਂ ਨੂੰ ਓਥੇ ਦੀ ਫ਼ਿਲਮ ਇੰਡਸਟਰੀ ਵਿਚ ਖਪਣਾ ਪਿਆ।

ਸਮੇਂ ਸਮੇਂ ਸਿਰ ਪੰਜਾਬ ਦੇ ਇਕ ਦੋ ਚਿੰਤਕਾਂ ਨੇ ਇਹ ਆਵਾਜ਼ ਉੱਚੀ ਉਠਾਈ ਹੈ ਕਿ ਅਜੇ ਵੀ ਆਪਣੇ ਐਨੇ ਅਮੀਰ ਵਿਰਸੇ ਨੂੰ ਕਿਸੇ ਨਾ ਕਿਸੇ ਤਰ੍ਹਾਂ ਸਾਂਭ ਲਓ, ਪਰ ਅਫ਼ਸੋਸ! ਇਸ ਪਾਸੇ ਹਾਲੇ ਤਕ ਕੋਈ ਧਿਆਨ ਨਹੀਂ ਦਿੱਤਾ ਗਿਆ। ਹੁਣ ਤਾਂ ਖ਼ਬਰੇ ਸਭ ਵੇਲਾ ਹੀ ਵਿਹਾਜ ਗਿਆ ਹੈ।

# ਢਾਢੀ ਤਿਸਨੋ ਆਖੀਐ

ਢਾਡੀ ਕੌਣ ਹਨ ਅਤੇ ਇਨ੍ਹਾਂ ਦਾ ਕਰਤੱਵ ਕੀ ਹੈ - ਇਸ ਅਧਿਆਇ ਵਿਚ ਅਸੀਂ ਇਸ ਵਿਸ਼ੇ 'ਤੇ ਚਾਨਣ ਪਾਉਣ ਦੀ ਕੋਸ਼ਿਸ਼ ਕਰਾਂਗੇ।

ਮੱਧ-ਕਾਲੀਨ ਸਾਹਿਤ ਦਾ ਜੇਕਰ ਅਧਿਐਨ ਕਰੀਏ ਤਾਂ ਭਾਰਤੀ ਭਾਸ਼ਾਵਾਂ ਦੀਆਂ ਕੁਝ ਲਿਖਤਾਂ 'ਚ ਸਾਨੂੰ ਇਸ ਸ਼ਬਦ ਦਾ ਕੀਤਾ ਗਿਆ ਵਰਣਨ ਗਾਹੇ-ਬਗਾਹੇ ਮਿਲ ਜਾਂਦਾ ਹੈ। ਅਬੁਲ ਫ਼ਜ਼ਲ ਦੀ ਕਲਾਸੀਕਲ ਕਿਰਤ *ਆਈਨ-ਇ-ਅਕਬਰੀ* ਵਿਚ ਇਨ੍ਹਾਂ ਬਾਰੇ ਲਿਖੇ ਸਾਨੂੰ ਇਹ ਸ਼ਬਦ ਮਿਲਦੇ ਹਨ : "ਢਾਡੀ ਪੰਜਾਬੀ ਗਵੱਈਆਂ ਨੂੰ ਕਹਿੰਦੇ ਹਨ ਜਿਹੜੇ ਢੱਡ ਅਤੇ ਕਿੰਗਰਾ ਵਜਾ ਕੇ ਗਾਉਂਦੇ ਹਨ।"[1]

ਇਤਫ਼ਾਕ ਵੱਸ, ਏਸੇ ਹੀ ਮਹਾਨ ਕਿਰਤ ਵਿਚ ਛੱਤੀ ਸੰਗੀਤਕਾਰਾਂ ਦੀ ਜਿਹੜੀ ਇਕ ਫ਼ਹਿਰਿਸਤ ਦਿੱਤੀ ਗਈ ਹੈ, ਉਨ੍ਹਾਂ ਵਿਚ ਚਾਰ ਢਾਡੀ ਵੀ ਹਨ : ਛਾਪੀ ਗਈ ਲਿਸਟ ਵਿਚ, ਸੱਤਵਾਂ ਮੁਹੰਮਦ ਖ਼ਾਂ ਢਾਡੀ, ਗਿਆਰ੍ਹਵਾਂ ਦਾਊਦ ਢਾਡੀ, ਤੇਰ੍ਹਵਾਂ ਮੁੱਲਾ ਇਸਹਾਕ ਢਾਡੀ ਅਤੇ ਬਾਈਵਾਂ ਸ਼ੇਖ਼ ਦਾਵਨ ਢਾਡੀ।[2] ਯਾਦ ਰਹੇ, ਇਹ ਲਿਸਟ ਮੀਆਂ ਤਾਨ ਸੈਨ ਦੇ ਨਾਂ ਨਾਲ ਸ਼ੁਰੂ ਹੁੰਦੀ ਹੈ, ਜਿਹੜਾ ਕਿ ਅਕਬਰ ਬਾਦਸ਼ਾਹ (1542-1605 ਈ.) ਦਾ ਨੌਂ-ਰਤਨ ਸੀ।

ਏਸੇ ਤਰ੍ਹਾਂ ਪੰਜਾਬ ਦੇ ਇਕ ਪ੍ਰਸਿੱਧ ਸੰਗੀਤ ਘਰਾਣੇ 'ਕਸੂਰ' ਦਾ, ਜਿਥੋਂ ਦੇ ਕਿ ਉਸਤਾਦ ਬੜੇ ਗ਼ੁਲਾਮ ਅਲੀ ਖ਼ਾਂ (ਜਿਹੜੇ ਪਿੱਛੋਂ ਪਟਿਆਲਾ ਘਰਾਣਾ ਦੇ ਉਸਤਾਦਾਂ ਦੇ ਸ਼ਾਗਿਰਦ ਹੋ ਗਏ) ਸਨ, ਜੇਕਰ ਡੂੰਘੇਰਾ ਅਧਿਐਨ ਕਰੀਏ ਤਾਂ ਇਕ-ਦੋ ਬੇਹੱਦ ਦਿਲਕਸ਼ ਤੱਥ ਜਿਹੜੇ ਉਭਰ ਕੇ ਸਾਡੇ ਸਾਹਮਣੇ ਆਉਂਦੇ ਹਨ, ਉਹ ਇਹ ਹਨ ਕਿ ਓਥੋਂ ਦੇ ਕੁਝ ਖ਼ਾਨਦਾਨ ਸਰੋਦੀਏ ਕਹਾਉਂਦੇ ਸਨ ਅਤੇ ਕੁਝ ਨਕੀਬ। ਪ੍ਰਸਿੱਧ ਕੱਵਾਲ ਉਸਤਾਦ ਨੁਸਰਤ ਅਲੀ ਖ਼ਾਂ ਦੇ ਇਕ ਭਾਈ ਰਹੀਮਦਾਦ ਖ਼ਾਂ ਦੇ ਦੱਸਣ ਅਨੁਸਾਰ, "ਅਸੀਂ ਕਦੇ ਅਫ਼ਗ਼ਾਨਸਤਾਨ ਤੋਂ ਆਏ ਸਾਂ ਅਤੇ ਸਾਡਾ ਖ਼ਾਨਦਾਨ ਸਰੋਦੀਆ ਅਖਵਾਉਂਦਾ ਸੀ।"[3]

ਲਫ਼ਜ਼ੀ ਮਾਅਨਿਆਂ ਦੇ ਤੌਰ 'ਤੇ, ਸਰੋਦ ਵਜਾਉਣ ਵਾਲੇ ਨੂੰ 'ਸਰੋਦੀਆ' ਕਿਹਾ ਜਾਂਦਾ ਹੈ, ਪਰ ਇਸ ਥਾਂ ਉਹ ਕਿਸੇ ਵੱਡੇ ਭਾਵ ਅਤੇ ਜ਼ੁੰਮੇਵਾਰੀ ਦੇ ਲਖਾਇਕ ਸਨ।

---

1. ਅਬੁਲ ਫ਼ਜ਼ਲ ਅੱਲਾਮੀ, *ਆਈਨ-ਇ-ਅਕਬਰੀ* (ਉਰਦੂ), ਜਿਲਦ ਦੋਇਮ, ਸਫ਼ਾ 142.
2. *Ain-i-Akbari*, Abul-Fazal Allami, pp. 681-682, Translated into English by H. Blochmann, M.A., First Published in 1871, Reprint 1965.
3. 2 ਜਨਵਰੀ, 2002 ਨੂੰ ਕਰਤਾ ਦੇ ਗ੍ਰਹਿ ਵਿਖੇ ਹੋਈ ਇਕ ਜ਼ਾਤੀ ਮੁਲਾਕਾਤ ਸਮੇਂ।


www.sikhbookclub.com

ਇਸ ਥਾਂ ਮੁਰਾਦ ਉਸ ਸਰੋਦੀ ਮਹਿਫ਼ਲ ਤੋਂ ਹੁੰਦੀ ਸੀ, ਜਿਹੜੀ ਪਠਾਣ ਹੁਕਮਰਾਨਾਂ ਦੇ ਵਿਆਹਾਂ ਸ਼ਾਦੀਆਂ ਸਮੇਂ ਸੱਜਦੀ ਸੀ ਅਤੇ ਜਿਹੜੇ ਜਸ਼ਨ ਫਿਰ ਉਸ ਦਿਨ ਦੇ ਕੁਝ ਦਿਨ ਪਿੱਛੋਂ ਤਕ ਵੀ ਚੱਲਦੇ ਰਹਿੰਦੇ ਸਨ। ਉਸ ਵਿਚ "ਸਿਹਰੇ ਸ਼ਾਹਾਨੇ" ਵੱਖੋ-ਵੱਖਰੇ ਰਾਗਾਂ 'ਚ ਸੁਰਬੱਧ ਕਰਕੇ ਗਾਏ ਜਾਂਦੇ ਸਨ। ਮਿਸਾਲ ਦੇ ਤੌਰ 'ਤੇ ਨਵੇਂ ਸਜੇ ਬੰਨੇ ਨੇ, ਲਾੜੇ ਨੇ, ਕਿਹੋ ਜਿਹਾ ਲਿਬਾਸ ਪਹਿਨਿਆ ਹੋਇਆ ਹੈ, ਉਹ ਕਿਹੋ ਜਿਹਾ ਲੱਗਦਾ ਹੈ, ਕਿੰਨਾ ਸੱਜਦਾ ਹੈ, ਪੱਗ ਕਿਹੋ ਜਿਹੀ ਪੇਚਦਾਰ ਬੰਨ੍ਹੀ ਹੋਈ ਹੈ, ਲਾਈ ਹੋਈ ਮਹਿੰਦੀ ਕਿਹੋ ਜਿਹਾ ਰੰਗ ਦਿਖਾ ਰਹੀ ਹੈ ਆਦਿ[4] - ਉਨ੍ਹਾਂ ਸਿਹਰਿਆਂ ਵਿਚ ਏਹੋ ਜਿਹੇ ਮਜ਼ਮੂਨ (ਵਿਸ਼ੇ) ਹੁੰਦੇ ਸਨ। ਇਹ ਸਿਹਰੇ, ਸਾਰੀ ਬ੍ਰਾਦਰੀ ਦੇ ਗਾਇਕ ਇਕੱਠੇ ਮਿਲ ਕੇ ਗਾਉਂਦੇ ਹੁੰਦੇ ਸਨ ਅਤੇ ਅਸਥਾਈ ਅੰਤਰਾ ਮਿਲ ਕੇ ਕੁਝ ਇਸ ਤਰ੍ਹਾਂ ਅਦਾ ਕਰਦੇ ਕਿ ਸਮਾਂ ਬੱਝ ਜਾਂਦਾ ਸੀ। ਸੋ ਇਸ ਤਰ੍ਹਾਂ 'ਸਿਹਰਾ ਸ਼ਾਹਾਨਾ' ਗਾਉਣ ਵਾਲੇ ਕਲਾਕਾਰ 'ਸਰੋਦੀ' ਅਖਵਾਉਣ ਲੱਗ ਪਏ ਸਨ। ਯਾਦ ਰਹੇ, ਉਸ ਟੋਲੀ ਵਿਚ ਸਰੋਦੀਏ, ਗਾਇਕ ਅਤੇ ਤਬਲਾ ਵਾਦਕ ਆਦਿ ਸਭ ਕਲਾਕਾਰ ਸ਼ਾਮਲ ਹੁੰਦੇ ਸਨ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਦਾ ਦੌਰ ਆਇਆ ਤਾਂ ਉਸਦੀਆਂ ਕੁਝ ਚਹੇਤੀਆਂ ਬਾਈਆਂ, ਹਾਥੀ ਉੱਪਰ ਉਸਦਾ ਜਲੂਸ ਦੇਖਦਿਆਂ ਸਾਰ ਹੀ ਆਪਣੇ ਬੰਨੇ ਦਾ 'ਸਿਹਰਾ ਸ਼ਾਹਾਨਾ' ਵੀ ਚਹਿਕ-ਚਹਿਕ ਕੇ ਗਾਉਣ ਲੱਗ ਪੈਂਦੀਆਂ ਸਨ :[5]

*ਨੀ ਹਾਥੀ ਉੱਤੇ ਆ ਗਿਆ, ਮੋਤੀਆਂ ਵਾਲਾ ਬੰਨਾ।*

ਏਸੇ ਤਰ੍ਹਾਂ ਕਸੂਰ ਘਰਾਣੇ ਦੇ ਕਲਾਕਾਰਾਂ ਵਿਚ ਇਕ ਹੋਰ ਸ਼੍ਰੇਣੀ ਹੁੰਦੀ ਸੀ, ਜਿਨ੍ਹਾਂ ਨੂੰ 'ਨਕੀਬ' ਕਿਹਾ ਜਾਂਦਾ ਸੀ। ਨਕੀਬ ਦੇ ਲਫ਼ਜ਼ੀ ਮਾਅਨੇ ਹਨ : ਐਲਾਨਚੀ, ਐਲਾਨ ਕਰਨ ਵਾਲਾ, ਭਾਵ ਦਰਬਾਰੀ ਲੋਕ, ਜਿਹੜੇ ਰਾਜਿਆਂ ਮਹਾਰਾਜਿਆਂ ਦੀ ਆਮਦ ਦਾ ਐਲਾਨ ਕਰਦੇ, ਉਨ੍ਹਾਂ ਦੇ ਖ਼ਾਨਦਾਨ ਦਾ ਨਸਲ-ਦਰ-ਨਸਲ ਕੁਰਸੀਨਾਮਾ ਵੀ ਯਾਦ ਰੱਖਦੇ ਅਤੇ ਵਲੀਆਂ, ਪੀਰਾਂ ਪੈਗ਼ੰਬਰਾਂ ਦੇ ਖ਼ਾਨਦਾਨਾਂ ਦੀ ਤਾਰੀਖ਼ ਦਾ ਸਿਲਸਿਲਾ ਵੀ ਉਨ੍ਹਾਂ ਨੂੰ ਹਿਫ਼ਜ਼ ਹੁੰਦਾ ਸੀ।

ਮੱਧਕਾਲ ਵਿਚ ਦੋ ਸਲਤਨਤਾਂ ਬਰਾਬਰ ਬਰਾਬਰ ਚੱਲ ਰਹੀਆਂ ਸਨ - ਇਕ ਸੀ ਬਾਬਰਕਿਆਂ ਦੀ, ਦੂਜੀ ਸੀ ਬਾਬੇਕਿਆਂ (ਗੁਰੂ ਨਾਨਕ ਦੇਵ) ਦੀ, ਜਿਨ੍ਹਾਂ ਦੇ ਮਾਰਗ ਬਿਲਕੁਲ ਵੱਖਰੇ ਵੱਖਰੇ ਸਨ। ਜਦਕਿ ਇਕ ਦਾ ਉਦੇਸ਼ ਸੀ, ਤਾਕਤ ਹਥਿਆਉਣਾ, ਮਾਰ ਧਾੜ, ਕੂੜ ਕੁਫ਼ਰ, ਕਤਲੋਗਾਰਤ ਦੁਆਰਾ - ਜਦਕਿ ਦੂਜੀ ਦਾ ਸੀ ਇਸ ਦੇ ਬਿਲਕੁਲ ਉਲਟ—ਸੱਚ ਦੇ ਮਾਰਗ ਚੱਲਣਾ, ਪ੍ਰਭੂ ਭਗਤੀ ਦੁਆਰਾ ਆਪਸ ਵਿਚ ਪਰਸਪਰ ਪਿਆਰ ਦਾ ਪੈਗ਼ਾਮ ਪਹੁੰਚਾਉਣਾ। ਆਪਣੀ ਉਸਤੱਤ ਕਰਨ ਕਰਵਾਉਣ ਲਈ, ਮੁਗ਼ਲਾਂ ਨੇ ਆਪਣੇ ਦਰਬਾਰ 'ਚ ਜੇਕਰ ਕਈ ਕਵੀ ਰੱਖੇ ਹੋਏ ਸਨ, ਜਿਹੜੇ ਕਿ ਕਬਿੱਤ-ਕਸੀਦੇ ਲਿਖਦੇ, ਖ਼ੁਸ਼ਨੂਦੀ ਕਰਦੇ, ਤਾਂ ਬਾਬੇਕਿਆਂ ਵਲੋਂ ਰਬਾਬੀ

---

4. ਐਮ.ਏ. ਸ਼ੇਖ ਅਤੇ ਸਾਥੀ, *ਕਸੂਰ ਘਰਾਣਾ*, ਹੱਥ-ਲਿਖਤ ਖਰੜਾ - ਸਫ਼ਾ 51, ਇਹ ਅਛੁੱਤੀ ਖਰੜਾ ਸਾਡੇ ਜ਼ਾਤੀ ਅਜਾਇਬ ਘਰ 'ਚ ਸੁਰੱਖਿਅਤ ਹੈ।

5. ਲਾਲਾ ਸੋਹਨ ਲਾਲ ਸੂਰੀ, *ਉਮਦਾਤੁਤ ਤਵਾਰੀਖ਼*, ਦਫ਼ਤਰ III, 1831-1839 AD, *An Original Source of Punjab History*, translated from Persian by V.S. Suri (1974), p. 91.


www.sikhbookclub.com

ਆਕ੍ਰਸ਼ਿਤ ਹੋ ਗਏ ਸਨ, ਜਿਨ੍ਹਾਂ ਦੀ ਰਬਾਬ ਵਿੱਚੋਂ 'ਰੱਬ' ਜਾਂ ਉਸਦੀ ਮਹਿਮਾ ਦੀ ਧੁਨੀ ਹੀ ਨਿਕਲਦੀ ਸੀ। ਜੇਕਰ ਉਨ੍ਹਾਂ ਦੇ ਨਕੀਬ ਹੁੰਦੇ ਸਨ ਤਾਂ ਏਧਰ ਇਨ੍ਹਾਂ ਦੇ ਸਨ, 'ਕੜਕੇ' ਜਾਂ 'ਕੜਖੇ' ਲਿਖਣ ਵਾਲੇ "ਕੜਕੀਬ"[6]। ਇਹ ਤਬਦੀਲੀ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਯੁੱਗ ਵਿਚ ਹੀ ਹੋਂਦ ਵਿਚ ਆਈ ਸੀ ਜਦ ਕਿ ਰਬਾਬੀ-ਰਾਗੀ ਅਤੇ ਢਾਡੀ ਦੋ ਸ਼ਾਖ਼ਾਵਾਂ ਵਿਚ ਵੰਡ ਗਏ ਸਨ। 'ਕੜਕੇ' ਆਮ ਕਰਕੇ ਉਨ੍ਹਾਂ ਦੇ ਦੌਰ ਵਿਚ ਹੀ ਲਿਖੇ ਜਾਣ ਲੱਗੇ ਸਨ। ਥੱਲੜੀਆਂ ਸਤਰਾਂ ਵਿਚ ਦੇਖੋ, ਉਨ੍ਹਾਂ ਦੇ ਕਰਤੱਬਾਂ ਬਾਰੇ ਕਿੰਨੀ ਖ਼ੂਬਸੂਰਤੀ ਨਾਲ ਲਿਖਿਆ ਗਿਆ ਹੈ:

**ਢਾਢੀ ਤਿਸ ਨੋ ਆਖੀਐ, ਜਿ ਖਸਮੈ ਧਰੇ ਪਿਆਰੁ ॥**
**ਦਰਿ ਖੜਾ ਸੇਵਾ ਕਰੇ ਗੁਰ ਸਬਦੀ ਵੀਚਾਰੁ ॥**[7]

ਭਾਈ ਕਾਨ੍ਹ ਸਿੰਘ ਨਾਭਾ ਜੀ ਦੇ ਕਥਨ ਅਨੁਸਾਰ: "ਢਾਢੀ ਉਹ ਹੈ ਜਿਹੜਾ ਢੱਡ ਵਜਾ ਕੇ ਯੋਧਿਆਂ ਦੀਆਂ ਵਾਰਾਂ ਗਾਉਂਦਾ ਹੈ, ਜੱਸ ਗਾਉਂਦਾ ਹੈ।"[8]

ਇਹ ਕਿਹੋ ਜਿਹਾ ਹੁਸੀਨ ਇਤਫ਼ਾਕ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਦੋਂ ਇਕ ਅਦੁੱਤੀ ਰਬਾਬ ਦੀ ਲੋੜ ਅਨੁਭਵ ਕੀਤੀ ਤਾਂ ਉਨ੍ਹਾਂ ਆਪਣੇ ਸੇਵਕ ਮਰਦਾਨੇ ਨੂੰ ਇਕ ਢਾਡੀ ਦੇ ਘਰ ਹੀ ਭੇਜਿਆ ਸੀ, "ਤਾਂ ਸੁਲਤਾਨਪੁਰ ਵਿਚ ਆਇਕਰ ਕੋਈ ਢਾਡੀਆਂ ਦਾ ਘਰ ਲੱਗਾ ਟੋਲਣ ਜਾਂ ਮਰਦਾਨਾ ਦੇਖੇ ਤਾਂ ਇਕ ਡੂਮੇਟਾ ਪਠਾਣ ਦੇ ਅੱਗੇ ਬੈਠਾ ਗਾਂਵਦਾ ਹੈ ਤਾਂ ਮਰਦਾਨੇ ਨੇ ਉਸਨੂੰ ਜਾਇਕਰ ਦੁਆਇ ਸਲਾਮ ਆਖੀ ਤਾਂ ਤਿਚਰਾਂ ਨੂੰ ਪਠਾਣ ਭੀ ਉਠ ਖੜੋਤਾ ਤਾਂ ਮਰਦਾਨੇ ਨੇ ਉਸ ਡੂਮ ਨੂੰ ਆਖਿਆ ਜੋ ਭਾਈ ਤੈਨੂੰ ਇਕ ਪਰਮੇਸਰ ਦਾ ਸੰਤ ਬੁਲਾਂਵਦਾ ਹੈ।"[9]

ਰਬਾਬ ਖ਼ਰੀਦਣ ਲਈ ਮਰਦਾਨੇ ਨੇ ਸੱਤ ਰੁਪਏ ਬੇਬੇ ਨਾਨਕੀ ਜੀ ਤੋਂ ਲਏ ਹੋਏ ਸਨ। ਉਸਨੂੰ ਉਹ ਰਬਾਬ ਸਿੰਘਨਪੁਰ ਦੇ ਇਕ ਨਗਰ ਦੇ ਰਹਿਣ ਵਾਲੇ ਇਕ ਸੰਗੀਤਕਾਰ ਭਾਈ ਫਿਰੰਦੇ ਉਰਫ਼ ਫੇਰੂ ਕੋਲੋਂ ਪ੍ਰਾਪਤ ਹੋ ਚੁੱਕੀ ਸੀ, ਜਿਹੜੀ ਕਿ ਉਸਨੇ ਆਪਣਾ ਉਧਾਰ ਕਰਨ ਲਈ ਗੁਰੂ ਮਹਾਰਾਜ ਜੀ ਦੇ ਹਜ਼ੂਰ ਖ਼ੁਦ ਪੇਸ਼ ਹੋ ਕੇ ਉਨ੍ਹਾਂ ਨੂੰ ਭੇਂਟ ਕਰ ਦਿੱਤੀ ਸੀ।[10]

---

6. ਐਮ.ਏ. ਸ਼ੇਖ਼ ਅਤੇ ਕਸੂਰ ਦੇ ਕੁਝ ਹੋਰ ਸਾਥੀ - *ਕਸੂਰ ਘਰਾਣਾ*, ਉਰਦੂ - ਹੱਥ-ਲਿਖਤ ਖਰੜਾ (ਜਿਹੜਾ ਕਿ ਇੰਟਰਨੈਸ਼ਨਲ ਪੰਜਾਬ ਹੈਰੀਟੇਜ ਮਿਊਜ਼ੀਅਮ 'ਚ ਸੁਰੱਖਿਅਤ ਹੈ) ਸਫ਼ਾ 7, ਮਿਰਜ਼ਾ ਮੁਹੰਮਦ ਇਬਨ ਫ਼ਖ਼ਰਉਦੀਨ - *ਤੋਹਫ਼ਤਾ ਅਲਹਿੰਦ* (ਫ਼ਾਰਸੀ)। ਇਹ ਕਿਤਾਬ ਜਿਹੜੀ ਕਿ ਸੰਗੀਤ ਦੇ ਕੁਝ ਅਹਿਮ ਟੀਕਿਆਂ ਜਿਵੇਂ ਕਿ ਰਾਗ ਦਰਪਨ ਅਤੇ ਸੰਭਾ ਵਿਨੋਦ 'ਤੇ ਆਧਾਰਤ ਹੈ ਅਤੇ ਜਿਹੜੀ ਕਿਧਰੇ 1666-1707 ਦੇ ਸਾਲਾਂ ਵਿਚਕਾਰ ਲਿਖੀ ਗਈ, ਦੇ ਅਨੁਸਾਰ - 'ਕੜਕਾ' - ਕਾਫ਼ ਤਾਜ਼ੀ ਖ਼ਫ਼ੀਫ਼ਾ ਕੀ ਫ਼ਤਿਹ - ਕਾਫ਼ੀ ਤਾਜ਼ੀ ਖ਼ਫ਼ੀਫ਼ੀ ਮਮਦੂਦਾ - ਗਵਾਲੀਅਰ ਅਤੇ ਚਤੌੜ ਦੇ ਆਲੇ ਦੁਆਲੇ ਦੇ ਸ਼ਹਿਰਾਂ ਵਿਚ ਰਾਜਪੂਤ ਜੋਧਿਆਂ ਦੀ ਬਹਾਦਰੀ, ਜੰਗਜੂਈ ਅਤੇ ਜਵਾਂਮਰਦੀ ਬਾਰੇ ਜੋ ਕੁਝ ਉਨ੍ਹਾਂ ਦੀ ਸਿਫ਼ਤ 'ਚ।
7. ਪਉੜੀ (ਵਾਰ ਗੂਜਰੀ, ਮ: ੩, ਪੰਨਾ 516)।
8. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਸਫ਼ਾ 565
9. ਨਾਮਾਲੂਮ: ਦੇਖੋ *ਜਨਮ ਸਾਖੀਆਂ ਗੁਰੂ ਨਾਨਕ ਦੇਵ ਜੀ ਦੀਆਂ*, ਕਾਂਡ, "ਅੱਗੇ ਸਾਖੀ ਗੁਰੂ ਜੀ ਸੁਲਤਾਨਪੁਰੋ ਨਿਕਲ ਟੁਰੇ", ਸਫ਼ੇ 113-114.
10. ਏਸੇ ਜਨਮ ਸਾਖੀ ਵਿਚ ਦੇਖੋ - "ਸਾਖੀ ਮਰਦਾਨਾ ਫਿਰੰਦਾ ਪਾਸ ਆਏ", ਸਫ਼ੇ 120-121। ਇਸ ਅਦੁੱਤੀ ਜਨਮ ਸਾਖੀ ਦਾ ਹੱਥ-ਲਿਖਤ ਖਰੜਾ, ਜਿਸ ਵਿਚ ਕਿੰਨੇ ਸਾਰੇ 'ਸਕੈੱਚ' ਵੀ ਹਨ, ਸਾਡੇ ਕੋਲ ਸੁਰੱਖਿਅਤ ਹੈ।


www.sikhbookclub.com

ਗੁਰੂ ਮਹਾਰਾਜ ਜੀ ਕੋਲ ਹੁਣ ਰਬਾਬ ਪੁੱਜ ਚੁੱਕੀ ਸੀ ਜਿਸ ਵਿੱਚੋਂ ਕਿ ਇਲਾਹੀ ਧੁਨਾਂ ਹੀ ਨਿਕਲਦੀਆਂ ਸਨ। ਪਰ ਸਿੱਖੀ ਆਪਣਾ ਚੱਕਰ ਪੂਰਾ ਕਰਨ ਲਈ ਆਪਣੀ ਚਾਲੇ ਕਦਮ-ਬਕਦਮ ਅੱਗੇ ਵੱਧ ਰਹੀ ਸੀ। ਛੇਵੀਂ ਪਾਤਸ਼ਾਹੀ ਦੇ ਸਮੇਂ ਪਰਿਸਥਿਤੀਆਂ ਬਦਲ ਚੁੱਕੀਆਂ ਸਨ, ਕੌਮ ਨੂੰ ਜ਼ੁਲਮ ਨਾਲ ਟੱਕਰ ਲੈਣ ਲਈ ਤਿਆਰ-ਬਰ-ਤਿਆਰ ਕਰਨ ਦੀ ਲੋੜ ਸ਼ਿੱਦਤ ਨਾਲ ਅਨੁਭਵ ਕੀਤੀ ਜਾ ਰਹੀ ਸੀ। ਸਿੱਖ ਸਿਧਾਂਤ ਨੂੰ ਹੁਣ ਰਬਾਬ ਵਿੱਚੋਂ ਝਰ ਝਰ ਪੈਂਦੇ ਕਰੁਣਾ ਰਸ ਦੇ ਨਾਲ ਕਿਸੇ ਅਜਿਹੇ ਸਾਜ਼ ਨੂੰ ਵਰਤੋਂ ਵਿਚ ਲਿਆਉਣ ਦੀ ਲੋੜ ਸੀ, ਜਿਹੜਾ ਵੀਰ ਰਸ ਦੀਆਂ ਧੁਨਾਂ ਕੱਢੇ, ਚੰਗਿਆੜੇ ਉਗਲੇ। ਰਬਾਬ ਵਿਚ ਲਹਿਨਾਂ ਸਨ, ਲਹਿਕਾਂ ਸਨ, ਪ੍ਰਭੂ ਨੂੰ ਮਿਲਣ ਲਈ ਲੇਲ੍ਹੜੀਆਂ ਜਿਹੀਆਂ ਕੱਢਣ ਦੀ ਗੱਲ - ਪਰ ਹੁਣ ਦੁਸ਼ਟਾਂ ਦੁਸ਼ਮਣਾਂ ਨੂੰ ਲਲਕਾਰਾ ਮਾਰਨ ਦੀ ਲੋੜ ਸੀ ਅਤੇ ਸਮੇਂ ਅਨੁਸਾਰ ਪੂਰਾ ਉਤਰਨਾ ਹੁਣ ਉਹ ਕੇਵਲ ਢੱਡ ਵਰਗੇ ਸਾਜ਼ ਤੋਂ ਹੀ ਸੰਭਵ ਸੀ। ਪਾਠਕ-ਜਨ ਇਹ ਗੱਲ ਭਲੀ-ਭਾਂਤ ਜਾਣਦੇ ਹਨ ਕਿ ਢੱਡ ਸਾਨਗੀ/ਸਾਰੰਗੀ ਦਾ ਅਜਿਹਾ ਨਾਂ ਇਸ ਕਰਕੇ ਰੱਖਿਆ ਗਿਆ ਸੀ ਕਿ ਇਸ ਵਿੱਚੋਂ 'ਸੌ ਰੰਗ' ਨਿਕਲ ਸਕਦੇ ਸਨ, ਬੁਨਿਆਦੀ ਨੌਂਆਂ ਰਸਾਂ ਦੀ ਤਾਂ ਗੱਲ ਹੀ ਛੱਡੋ। ਇਸ ਸਾਜ਼ ਦੀ ਈਜਾਦ ਬਾਰੇ ਇਹ ਗੱਲ ਹੈ ਕਿ ਯੂਨਾਨੀਆਂ ਪਿੱਛੋਂ ਅਰਬਾਂ ਨੇ ਜ਼ੰਗੋਲੇ ਦੀ ਸ਼ਕਲ ਵਿਚ ਥੋੜ੍ਹੀ ਬਹੁਤੀ ਤਬਦੀਲੀ ਕਰ ਕੇ, ਸਾਰੰਗੀ ਬਣਾ ਦਿੱਤੀ। ਇਸ ਸਾਜ਼ ਉੱਤੇ ਜਿਥੇ ਉਹ ਆਪਣੇ ਅੱਲ੍ਹਾ ਮੀਆਂ ਦੀ ਸਿਫ਼ਤਿ-ਸਾਲਾਹ ਅਲਾਪਦੇ, ਓਥੇ ਮੁਜਾਹਿਦਾਂ ਦੀ ਬਹਾਦਰੀ ਦੇ ਗੀਤ ਵੀ ਗਾਉਂਦੇ।[11] ਹੁਣ ਏਧਰ ਗੁਰੂ ਨਾਨਕ ਦੇਵ ਜੀ ਦੇ ਸੇਵਕਾਂ ਨੂੰ ਸੰਤ-ਸਿਪਾਹੀ ਬਣਨ ਦੀ ਲੋੜ ਬੜੀ ਸ਼ਿੱਦਤ ਨਾਲ ਮਹਿਸੂਸ ਹੋ ਰਹੀ ਸੀ। ਸੋ ਇਹ ਸਮੇਂ ਦੀਆਂ ਤਬਦੀਲੀਆਂ ਦਾ ਤਕਾਜ਼ਾ ਸੀ।

ਖ਼ਾਲਸਾ ਪੰਥ ਨੂੰ ਹੁਣ ਵਾਰਾਂ ਦੀ ਲੋੜ ਸੀ ਅਤੇ ਤਲਵਾਰਾਂ ਦੀ ਵੀ। ਢਾਡੀ ਬੰਸ ਦੀ ਇਕ ਪ੍ਰਮੁੱਖ ਪ੍ਰਤਿਨਿਧ ਆਸ਼ਾ ਪੋਸਲੇ[12] ਨੇ ਇਕ ਵੇਰ ਮੈਨੂੰ ਦੱਸਿਆ ਸੀ ਕਿ ਸਾਡੇ ਵਡੇਰੇ 72 ਵਾਰਾਂ ਲੈ ਕੇ ਕਦੇ ਗੁਰੂ ਮਹਾਰਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਹਾਜ਼ਰ ਹੋਏ ਸਨ, ਜਿਨ੍ਹਾਂ ਵਿੱਚੋਂ ਮਹਾਰਾਜ ਜੀ ਨੂੰ ਸਿਰਫ਼ ਨੌਂ ਧੁਨਾਂ ਹੀ ਪਸੰਦ ਆਈਆਂ ਸਨ। ਫੇਰ ਕਰਕੇ ਉਹ ਰਾਜਸਥਾਨੀ ਧੁਨਾਂ 'ਤੇ ਆਧਾਰਤ ਸਨ ਜਿਵੇਂ ਕਿ ਵਾਰ ਆਸਾ - ਟੁੰਡੇ ਸਰਜੇ ਜਾਂ ਅਸਰਾਜੇ ਦੀ ਧੁਨੀ 'ਤੇ, ਰਾਮਕਲੀ ਦੀ ਵਾਰ-ਰਾਣਾ ਪੂਰਬ ਦੇ ਬੇਟੇ ਜੋਧਿਵੀਰ ਦੇ ਨਾਂ 'ਤੇ, ਰਾਇ ਮਹਿਮਾ/ਰਾਇ ਹਸਨਾ ਜਾਂ ਹੁਸੈਨਾ ਦੇ ਨਾਂ 'ਤੇ, ਰਾਣਾ ਸੁਜਾਨ ਅਤੇ ਰਾਣਾ ਪੂਰਣ ਆਦਿ ਦੇ ਨਾਵਾਂ 'ਤੇ ਕੁਝ ਹੋਰ ਧੁਨਾਂ ਸਨ।

ਰਾਜਸਥਾਨ ਵਿਚ 'ਜੌਹਰ' ਦੀ ਪ੍ਰਥਾ ਬੜੀ ਪੁਰਾਣੀ ਹੈ। ਉਸ ਖੇਤਰ ਵਿਚ ਢਾਡੀ ਨੂੰ ਇਲਾਕਾਈ ਜ਼ੁਬਾਨ ਅਨੁਸਾਰ 'ਢੋਲੀ' ਜਾਂ 'ਡੋਲੀ' ਆਖਦੇ ਹਨ। ਢੋਲੀ, ਜਿਹੜੇ ਆਪਣੇ ਕਬੀਲੇ ਦੇ ਸਰਦਾਰ ਜਜਮਾਨ ਜਾਂ ਰਾਜੇ ਮਹਾਰਾਜੇ ਦੇ ਜੱਸ ਦੀਆਂ ਘੋੜੀਆਂ, ਉਸ ਦੀ ਮਹਿਮਾ ਵਿਚ ਗੱਜ ਵੱਜ ਕੇ ਬੜੇ ਢੋਲ ਢਮੱਕੇ ਨਾਲ ਗਾਉਣ। ਇਹ ਢਡਾਰ,

11. ਉਸਤਾਦ ਹਾਮਦ ਹੁਸੈਨ ਖ਼ਾਂ ਸਾਰੰਗੀ ਨਵਾਜ਼, ਝੱਜਰ ਘਰਾਣਾ, *ਸਾਰੰਗੀ ਕੀ ਈਜਾਦ*, ਹੱਥ-ਲਿਖਤ ਖਰੜਾ, ਸਫ਼ਾ 7; ਉਰਦੂ ਦਾ ਇਹ ਕਲਮੀ ਨੁਸਖ਼ਾ ਸਾਡੇ ਪਾਸ ਸੁਰੱਖਿਅਤ ਹੈ।
12. ਆਸ਼ਾ ਪੋਸਲੇ ਲਾਹੌਰ ਵਾਲੀ ਜੀ ਦਾ ਹੱਥ-ਲਿਖਤ ਦਸਤਾਵੇਜ਼ - ਸਫ਼ਾ 7; ਇਹ ਅਹਿਮ ਦਸਤਾਵੇਜ਼, ਜਿਸ ਉਪਰ 20 ਜੁਲਾਈ, 1976 ਦੀ ਤਾਰੀਖ਼ ਦਰਜ ਹੈ, ਵੀ ਸਾਡੇ ਕੋਲ ਭਲੀ-ਭਾਂਤ ਸੁਰੱਖਿਅਤ ਹੈ।

ਇਹ ਕਲਾਕਾਰ ਆਪਣੇ ਜਜਮਾਨ ਦੀ ਧੀ ਦੀ ਡੋਲੀ ਸਮੇਂ ਵੀ ਬੜਾ ਮਚ ਮਚ ਕੇ ਗਾਇਨ ਬਜਾਇਨ ਕਰਦੇ ਸਨ, ਇਸ ਲਈ ਥੋੜ੍ਹੇ ਬਹੁਤੇ ਇਲਾਕਾਈ ਫ਼ਰਕ ਨਾਲ ਕੁਝ ਲੋਕੀਂ ਉਨ੍ਹਾਂ ਨੂੰ 'ਡੋਲੀ' ਵੀ ਆਖ ਦਿੰਦੇ ਸਨ। ਇਹ ਕੁਝ ਇਸ ਤਰ੍ਹਾਂ ਦੀ ਗੱਲ ਜਾਪਦੀ ਹੈ ਜਿਵੇਂ ਤੁਸੀਂ ਭਾਈ ਨੂੰ ਭਾਵੇਂ ਬਾਈ (ਖ਼ਾਸ ਕਰਕੇ ਮਾਲਵੇ ਵਿਚ), ਭਰਾ, ਭਰਾਤਾ ਜਾਂ ਭਾਊ ਆਖ ਲਓ - ਕੇਂਦਰੀ ਭਾਵ ਤਾਂ ਇੱਕੋ ਹੀ ਹੈ ਨਾ।

ਛੇਵੀਂ ਪਾਤਸ਼ਾਹੀ ਨੇ ਤਖ਼ਤ 'ਤੇ ਬੈਠਦਿਆਂ ਹੀ ਇਹ ਹੁਕਮ ਸਾਦਰ ਕਰ ਦਿੱਤੇ ਸਨ, "ਅੱਗੇ ਤੋਂ ਮੇਰੀ ਭੇਟਾ ਚੰਗਾ ਸ਼ਸਤਰ ਅਤੇ ਚੰਗੀ ਜਵਾਨੀ ਹੈ"..... ਦੇ ਨਾਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਵਾਰਾਂ ਗਾਉਣ ਦੀ ਮਰਯਾਦਾ ਜਿਹੜੀ ਪੰਜਵੀਂ ਪਾਤਸ਼ਾਹੀ ਦੇ ਸਮੇਂ ਪ੍ਰਚੱਲਤ ਹੋ ਚੁੱਕੀ ਸੀ, ਹੁਣ ਆਪਣੇ ਪੂਰੇ ਜੋਬਨ 'ਤੇ ਆ ਰਹੀ ਜਾਪਦੀ ਸੀ।

ਪਾਠਕ-ਜਨਾਂ ਦੇ ਮਨਾਂ 'ਚ ਇਹ ਗੱਲ ਆ ਜਾਣੀ ਕੁਦਰਤੀ ਹੈ ਕਿ ਸਿੱਖ ਵਿਚਾਰਧਾਰਾ 'ਚ, ਐਨਾ ਪਰਿਵਰਤਨ, ਐਨੀ ਤਬਦੀਲੀ ਇਕ ਦਮ ਕਿਉਂ ? - ਮਾਲਾ ਫੇਰਨ ਤੋਂ ਮਾਰਨ ਮਰਾਣ ਤਕ ਦਾ ਸਫ਼ਰ, ਸਿਮਰਨ ਤੋਂ ਸ਼ਮਸ਼ੀਰ ਤਕ ਦਾ ਸਫ਼ਰ ਐਨੀ ਛੇਤੀ, ਆਖ਼ਿਰ ਕਿਉਂ ? ਕੋਈ ਗਭਲਾ ਜਿਹਾ, ਵਿਚ-ਵਿਚਾਲੇ ਦਾ ਰਾਹ ਆਖ਼ਿਰ ਕਿਉਂ ਨਹੀਂ ? ਅਸਲ ਗੱਲ ਇਹ ਸੀ ਕਿ ਸੱਚੇ ਸਾਹਿਬਾ ਹੁਣ ਇਹ ਗੱਲ ਭਲੀ-ਭਾਂਤ ਤਾੜ ਚੁੱਕੇ ਸਨ, ਕਿ ਇਕੱਲੀ ਮਾਲਾ ਦਾ ਪ੍ਰਯੋਗ ਹੁਣ ਕਾਫ਼ੀ ਨਹੀਂ - ਦੇਸ਼ ਦੀ ਅਣਖ-ਆਬਰੂ ਬਚਾਉਣ ਲਈ ਵੀ, ਹੋਰ ਗੱਲਾਂ ਵੀ ਓਨੀਆਂ ਹੀ ਜ਼ਰੂਰੀ ਹਨ। ਇਹ ਸੰਤ ਤੋਂ ਲੈ ਕੇ, ਸਿਪਾਹੀ ਵੱਲ ਨੂੰ ਵੱਧਦੇ ਕਦਮਾਂ ਦੀ ਸ਼ੁਰੂਆਤ ਸੀ। ਅਜਿਹਾ ਪਰਿਵਰਤਨ, ਸਮੇਂ ਦੀ ਇਕ ਅਹਿਮ ਲੋੜ ਹੀ ਤਾਂ ਬਣ ਗਿਆ ਸੀ।

ਅਸਲ ਵਿਚ ਹਿੰਦੁਸਤਾਨ, ਵੇਦਾਂ ਦੀ ਧਰਤੀ ਹੋਣ ਕਰਕੇ, 'ਵੇਦਾਂਤ' ਹਾਵੀ ਦੇਸ਼ ਬਣ ਕੇ ਹੀ ਰਹਿ ਗਿਆ ਸੀ। ਸ਼ਾਬਦਿਕ ਤੌਰ 'ਤੇ, ਨਿਖੇੜ ਕੇ ਦੇਖਿਆ ਜਾਏ ਤਾਂ 'ਵੇਦਾਂਤ' ਵੇਦ-ਅੰਤ ਤੋਂ ਸੰਮਿਲਤ ਹੋਇਆ ਲਫ਼ਜ਼ ਹੈ, ਜਿਸਦਾ ਅਰਥ ਹੈ ਵੇਦ (ਗਿਆਨ) ਅਤੇ ਅੰਤ (ਓੜਕ, ਸਿਖਰ)। ਜਹਾਨ ਭਰ ਦੀਆਂ ਸਭਿਆਤਾਵਾਂ ਦਾ ਜੇਕਰ ਤੁਲਨਾਤਮਿਕ ਅਧਿਐਨ ਕਰੀਏ ਤਾਂ ਸਾਡੀ ਸੱਭਿਅਤਾ ਰੂਹਾਨੀ ਅਤੇ ਬੌਧਿਕ ਤੌਰ 'ਤੇ ਦੂਜੀਆਂ ਨਾਲੋਂ ਬਹੁਤ ਅੱਗੇ ਨਿਕਲ ਚੁੱਕੀ ਸੀ। ਉਜੱਡ ਧਾੜਵੀ ਅਸਭਿਅਕ ਦੇਸ਼ਾਂ ਦੇ ਕੁਝ ਲੁਟੇਰਿਆਂ ਦੀਆਂ ਨਜ਼ਰਾਂ ਹੁਣ ਸਾਧੂ ਬਿਰਤੀ ਵਾਲੇ ਦੇਸ਼ਵਾਸੀਆਂ 'ਤੇ ਟਿਕ ਚੁੱਕੀਆਂ ਸਨ। ਹੁਣ ਕਿਸੇ ਸਾਧੂ ਨੇ ਕਿਸੇ ਲੁਟੇਰੇ ਦਾ ਭਲਾ ਕੀ ਟਾਕਰਾ ਕਰਨਾ ਹੋਇਆ ?

ਹੇ ਮੇਰੇ ਕਰਤਾਰ! ਉਹ ਕਿਹੋ ਜਿਹਾ ਸਮਾਂ ਹੋਵੇਗਾ, ਜਦ ਕਿ ਗੁਰੂ ਮਹਾਰਾਜ ਜੀ ਦੇ ਢਾਡੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅੱਗੇ ਤਖ਼ਤਪੋਸ਼ੀ ਸਮੇਂ ਆਪਣੇ ਪੂਰੇ ਜੋਸ਼-ਖ਼ਰੋਸ਼ ਵਿਚ ਆਪਣੀ ਧਰਤ ਕੰਬਾਊ ਆਵਾਜ਼ ਨਾਲ ਕਦੇ ਇਸ ਵਾਰ ਦੀ ਸੱਦ ਲਾਈ ਹੋਵੇਗੀ :

*ਦੋ ਤਲਵਾਰਾਂ ਬੱਧੀਆਂ,*
*ਇਕ ਮੀਰੀ ਦੀ ਇਕ ਪੀਰ ਦੀ।*
*ਇਕ ਅਜ਼ਮਤ ਦੀ, ਇਕ ਰਾਜ ਦੀ,*
*ਇਕ ਰਾਖੀ ਕਰੇ ਵਜ਼ੀਰ ਦੀ।*

 www.sikhbookclub.com

*ਹਿੰਮਤ ਬਾਹਾਂ ਕੋਟ ਗੜ੍ਹ,*
*ਦਰਵਾਜ਼ਾ ਬਲਖ਼ ਬਖ਼ੀਰ ਦੀ।*
*ਨਾਲ ਸਿਪਾਹੀ ਨੀਲ ਨਲ,*
*ਮਾਰ ਦੁਸ਼ਟਾਂ ਕਰੇ ਤਗੀਰ ਦੀ।*
*ਪੱਗ ਤੇਰੀ ! ਕੀ ਜਹਾਂਗੀਰ ਦੀ ?*

ਭਾਈ ਬਾਬਕ ਜੀ ਪਿੱਛੋਂ ਭਾਈ ਅਬਦੁੱਲਾ ਅਤੇ ਭਾਈ ਨੱਥਾ ਵੀ ਹੁਣ ਬਾਬੇਕਿਆਂ ਦੇ ਦਰਬਾਰ ਪਹੁੰਚ ਚੁੱਕੇ ਸਨ :

*ਨੱਥਾ ਢੱਡ ਬਜਾਇ,*
*ਅਬਦੁੱਲਾ ਹੱਥ ਰਬਾਬ ਲੈ।*

ਮਹਾਂਵਾਕ ਅਨੁਸਾਰ ਹੁਣ ਇਹ ਢਾਡੀ "ਖਸਮੈ ਕੈ ਦਰਬਾਰਿ ਢਾਢੀ ਵਸਿਆ"[13] ਆਪਣੇ ਸੁਆਮੀ ਦੇ ਦਰਾਂ 'ਤੇ ਆਪਣਾ ਪੱਕਾ ਡੇਰਾ ਜਮਾ ਚੁੱਕੇ ਸਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਪਿੱਛੋਂ ਜਦ ਹੀ ਕੀਰਤਪੁਰ ਵੱਸਿਆ, ਆਪਣੀਆਂ ਸਿਦਕੀ ਸੇਵਾਵਾਂ ਨਿਭਾਉਣ ਲਈ, ਓਥੇ ਵੀ ਤਾਇਨਾਤ ਹੋ ਗਏ ਸਨ।

ਉਨ੍ਹਾਂ ਪਿਛੋਂ ਬਾਬਾ ਬਾਘਾ ਜੀ ਅਤੇ ਭਾਈ ਮੀਹਾਂ ਜੀ, ਆਪਣੇ ਸਮੇਂ ਦੇ ਸਿਰਮੌਰ ਢਾਡੀ ਹੋਏ ਹਨ। ਸਿੱਖ ਰਾਜ ਸਥਾਪਤ ਹੋਇਆ ਤਾਂ ਓਥੇ ਗੌਰਵਮਈ ਪ੍ਰੰਪਰਾ ਨੂੰ ਅੱਗੇ ਤੋਰਨ ਲਈ ਇਨ੍ਹਾਂ ਭਰਾਵਾਂ ਅਰਥਾਤ ਲੱਖ ਦਰਿਆ, ਜਸ ਦਰਿਆ, ਮੌਜ ਦਰਿਆ ਅਤੇ ਸੁੱਖ ਦਰਿਆ ਨੇ ਆਪਣੇ ਆਪਣੇ ਹਿਸਾਬ ਨਾਲ ਬੜਾ ਮਾਣਮੱਤਾ ਯੋਗਦਾਨ ਪਾਇਆ। *ਪੰਥ ਪ੍ਰਕਾਸ਼* ਦਾ ਕਰਤਾ ਆਪਣੀ ਕਲਮ ਦੁਆਰਾ, ਜਸ ਦਰਿਆ ਅਤੇ ਦੂਜੇ ਢਾਡੀਆਂ ਦਾ ਵਰਣਨ, ਇਨ੍ਹਾਂ ਸ਼ਬਦਾਂ ਰਾਹੀਂ ਕਰਦਾ ਹੈ :

ਅਬਦਲ ਜਸਦਰਿਆ ਗੁਲਜਾਰਾ।
ਇਹ ਢਾਡੀ ਮਿਲ ਗਾਵਹਿ ਵਾਰਾ।
ਕੌਨ ਪੁਰਸ਼ ਜੋ ਸੁਨ ਕੈ ਵਾਰ।
ਸੂਰਬੀਰ ਨ ਹੋਇ ਉਦਾਰ।
ਐਸੋ ਚਢੈ ਬੀਰ ਰਸ ਤਹੈ।
ਹੱਥ ਤੇਗ ਮੁਛ ਪਰ ਖੁਦ ਅਹੈ।
ਵਕਤ ਦੋਇ ਗੁਰ ਲਾਇ ਦੀਵਾਨ,
ਵਾਰਾਂ ਰਾਗ ਸੁਨਤ ਮੁੱਦ ਠਾਨ।

ਸਿੱਖ ਦੌਰ ਵਿਚ ਇਕ ਵੇਰ ਹੋਇਆ ਇਹ ਕਿ ਬੜੀ ਭਾਰੀ ਔੜ ਲੱਗ ਗਈ ਅਤੇ ਮੀਂਹ ਪੈਣ ਦਾ ਨਾਂ ਤਕ ਨਾ ਲਏ। ਕਾਲ ਦੇ ਭਿਆਨਕ ਦਿਨ। ਰੱਬ ਜਾਣੇ ਉਹ 1813 ਈ. ਵਾਲਾ ਸੱਤ-ਸੇਰਾ (ਉਸ ਔਖੇ ਸਮੇਂ ਇਕ ਰੁਪਏ ਦੀ ਸੱਤ ਸੇਰ ਕਣਕ ਵਿਕ ਗਈ ਸੀ) ਕਾਲ ਸੀ, ਜਾਂ ਕਿ 1833 ਵਾਲਾ ਮਰਕਾਂਵਾਲਾ ਕਾਲ ! ਸ਼ੇਰਿ-ਪੰਜਾਬ ਦੇ ਕੰਨਾਂ ਵਿਚ ਕਿਸੇ ਨੇ ਇਹ ਗੱਲ ਪਾਈ ਕਿ ਉਹ ਆਪਣੇ ਇਕ ਢਾਡੀ ਬਾਬਾ ਬਾਘਾ ਜੀ ਨੂੰ ਬੇਨਤੀ ਕਰਨ ਕਿ ਉਹ ਕਿਸੇ ਤਰ੍ਹਾਂ ਇੰਦਰ ਦੇਵਤਾ ਨੂੰ ਰੀਝਾਉਣ ਤਾਂ ਜੋ ਕੁਝ ਬੂੰਦਾਂ ਵਰ੍ਹ ਜਾਣ। ਬਾਬਾ ਬਾਘਾ ਜੀ ਦੀ ਇਹ ਗੱਲ ਸੀ ਕਿ ਉਸਨੇ ਘੜੀ

13. ਪਉੜੀ (ਵਾਰ ਮਾਝ ਮ : ੧, ਪੰਨਾ 148)।

ਟੰਗੇ, ਦਰਬਾਰ ਸਾਹਿਬ ਦੇ ਸਰੋਵਰ ਵਿਚ ਵਿਰਦ ਕੀਤਾ ਹੋਇਆ ਸੀ। ਇਸ ਪ੍ਰਤੀ ਉਸਨੂੰ ਬੇਨਤੀ ਕੀਤੀ ਗਈ ਜਿਹੜੀ ਉਸਨੇ ਪਰਵਾਨ ਕਰ ਲਈ। ਇਸ ਅਰਜ਼ੋਈ ਲਈ ਉਹ ਸਰੋਵਰ ਵਿਚ ਵੜ ਗਿਆ ਅਤੇ ਅਰਦਾਸਾਂ ਜੋਦੜੀਆਂ ਕਰਨ ਲੱਗਾ :

*ਧੰਨ ਗੁਰੂ ਰਾਮਦਾਸ, ਭੇਜ ਅੰਮ੍ਰਿਤ ਦੀ ਬੂੰਦ।*[14]

ਰੱਬ ਦਾ ਸੱਚੇ ਦਿਲੋਂ ਨਾਂ ਲੈਣ ਵਾਲੇ ਬੰਦੇ ਦੀ ਅਰਦਾਸ ਸੁਣੀ ਗਈ, ਚੜ੍ਹਲ-ਚੜ੍ਹਲ ਮੀਂਹ ਵਰ੍ਹਨ ਲੱਗ ਪਿਆ, ਜਿਸ ਨਾਲ ਬਾਬਾ ਬਾਘਾ ਦੀ ਮਹਿਮਾ ਸਾਰੇ ਸ਼ਹਿਰ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ।

ਇਹ ਖ਼ਬਰ ਜਦ ਹੀ ਮਹਾਰਾਜਾ ਰਣਜੀਤ ਸਿੰਘ ਨੇ ਸੁਣੀ, ਉਹ ਬਹੁਤ ਖ਼ੁਸ਼ ਹੋਏ, ਇਕਦਮ ਹਾਥੀ ਦੀ ਸਵਾਰੀ ਲੈ ਕੇ, ਬਾਬਾ ਬਾਘਾ ਦੇ ਘਰ ਆਏ, ਸਲਮਾ ਅਕਾਲ ਬੁਲਾਇਆ ਅਤੇ ਜਾਂਦੀ ਵੇਰ ਉਨ੍ਹਾਂ ਨੂੰ ਬਾਈ ਪਿੰਡ ਇਨਾਮ ਦੇਣ ਵਜੋਂ ਇਕ ਪਟਾ ਵੀ ਅਤਾ ਕਰ ਗਏ।

ਸ਼ੇਰਿ-ਪੰਜਾਬ ਦੇ ਰੋਜ਼ਨਾਮਚਿਆਂ 'ਚੋਂ, ਇਸ ਗੱਲ ਦਾ ਉਲੇਖ ਸਾਨੂੰ ਗਾਹੇ-ਬਗਾਹੇ ਮਿਲ ਜਾਂਦਾ ਹੈ ਕਿ ਉਹ ਰਬਾਬੀਆਂ, ਰਾਗੀਆਂ, ਢਾਡੀਆਂ ਬਲਕਿ ਨਾਚੀਆਂ ਦੀ ਵੀ ਅਕਸਰ ਹੀ ਹੌਸਲਾ ਅਫ਼ਜ਼ਾਈ ਕਰਦਾ ਰਹਿੰਦਾ ਸੀ ਅਤੇ ਉਨ੍ਹਾਂ ਨੂੰ ਦਿਨਾਂ ਤਿਓਹਾਰਾਂ 'ਤੇ ਤਰ੍ਹਾਂ ਤਰ੍ਹਾਂ ਦੇ ਤੋਹਫ਼ਿਆਂ ਨਾਲ ਵੀ ਨਿਵਾਜਦਾ ਰਹਿੰਦਾ ਸੀ। ਉੱਨ੍ਹੀਵੀਂ ਸਦੀ 'ਚ ਗਾਇਕੀ ਦੀ ਇਹ ਸਿਨਫ਼ ਕਿੰਨੀ ਕੁ ਮਕਬੂਲ ਸੀ, ਸਾਨੂੰ ਇਸ ਗੱਲ ਦਾ ਅੰਦਾਜ਼ਾ, "ਪਟਿਆਲਾ ਵਾਲੇ ਜੱਟਾਂ ਦੀ ਹੀਰ"[15] ਵਿਚ ਕੀਤੇ ਗਏ ਵਰਣਨ ਤੋਂ ਲੱਗਦਾ ਹੈ, ਜਿਹੜੀ ਕਿ ਇਕ ਅੰਗਰੇਜ਼ ਟੈਂਪਲ ਨੇ 1864 ਈ. ਵਿਚ ਜਲੰਧਰ ਵਿੱਚੋਂ ਖ਼ਰੀਦੀ ਸੀ। ਉਸ ਵਿਚ ਹੀਰ ਦਾ ਕਰਤਾ ਇੰਜ ਬਿਆਨ ਕਰਦਾ ਹੈ :

*ਰਾਂਝਾ ਤਖ਼ਤ ਹਜ਼ਾਰੇ ਦਾ, ਝੰਗ ਸਿਆਲਾਂ ਦੀ ਹੀਰ,*
*ਉਨ੍ਹਾਂ ਦੋਹਾਂ ਦੀ ਦੋਸਤੀ, ਮਦਦ ਪੰਜੇ ਪੀਰ!*
*ਕਿਹਾ ਲੁੱਡਣ ਮਲਾਹ ਨੇ, ਕਰ ਕੇ ਬੜੀ ਤਦਬੀਰ,*
*ਜੱਟ ਗਾਉਂਦੇ ਨਾਲ ਛੱਡਾਂ ਸਾਰੰਗੀਆਂ,*
*ਦਰ ਦਰ ਟੁਕੜੇ ਮੰਗਣ ਫ਼ਕੀਰ!*

ਉੱਨ੍ਹੀਵੀਂ ਸਦੀ ਤਕ ਦਾ ਮੋਟੇ ਠੁਲ੍ਹੇ ਰੂਪ ਵਿਚ ਇਹ ਹਾਲ ਸੀ, ਪਰ ਸਮੇਂ ਦਾ ਕਾਲ ਚੱਕਰ ਪੂਰਾ ਕਰਦਿਆਂ ਵੀਹਵੀਂ ਸਦੀ ਨੇ ਆਪਣੀ ਅੱਖ ਅਜੇ ਖੋਲ੍ਹੀ ਹੀ ਸੀ ਕਿ ਉਸਦੇ ਸ਼ੁਰੂ ਦੇ ਸਾਲਾਂ ਵਿਚ ਵਾਜਾ ਈਜਾਦ ਹੋ ਚੁੱਕਾ ਸੀ। ਉਸ ਵੇਲੇ, ਦੇਸ਼ ਭਰ ਵਿਚ ਉਂਜ ਤਾਂ ਬੜੇ ਤੋਂ ਬੜੇ ਰਬਾਬੀ, ਰਾਗੀ ਅਤੇ ਢਾਡੀ ਸਨ, ਪਰ ਆਪਣੀ ਆਵਾਜ਼ ਭਰਵਾਉਣ ਲਈ ਕਈ ਕਲਾਕਾਰ ਕਈ ਤਰ੍ਹਾਂ ਦੇ ਕਾਰਨਾਂ ਕਰਕੇ, ਇਸ ਗੱਲ ਲਈ ਤਿਆਰ ਨਹੀਂ ਸਨ - ਅਖੇ ਇਹ ਧੂਤਰੂ, ਰੀਕਾਰਡ ਕਰਵਾਉਣ ਲੱਗਿਆਂ, ਤੁਹਾਡੇ ਗਲੇ ਦੀ ਮਿਠਾਸ ਆਪਣੇ ਵੱਲ ਧੂਹ ਕੇ ਖਿੱਚ ਲੈਂਦਾ ਹੈ ਜਿਸ ਨਾਲ ਤੁਹਾਡਾ ਗਲਾ ਖ਼ੁਸ਼ਕ ਹੋ ਜਾਂਦਾ ਹੈ, ਜਿਸ ਕਾਰਨ ਅੱਗੇ ਤੋਂ ਤੁਸੀਂ ਸੁਰੀਲਾ ਗਾ ਨਹੀਂ ਸਕਦੇ। ਬਹੁਤੇ ਫ਼ਨਕਾਰ, ਇਸ ਵਹਿਮ ਦਾ ਵੀ ਸ਼ਿਕਾਰ ਸਨ।

---

14. ਆਸ਼ਾ ਪੋਸਲੇ ਜੀ ਵਲੋਂ ਦਿੱਤੀ ਗਈ ਦਸਤਾਵੇਜ਼ 'ਤੇ ਆਧਾਰਿਤ, ਜਿਹੜੀ ਸਾਡੇ ਪਾਸ ਹੈ।
15. ਇਹ 'ਹੀਰ' ਬ੍ਰਿਟਿਸ਼ ਲਾਇਬ੍ਰੇਰੀ ਲੰਡਨ ਵਿਚ ਸੁਰੱਖਿਅਤ ਹੈ।

1930ਵਿਆਂ 'ਚ ਪੰਜਾਬ ਦਾ ਸੰਗੀਤਕ ਮਾਹੌਲ ਕੁਝ ਏਹੋ ਜਿਹਾ ਸੀ ਕਿ ਕੁਝ ਪ੍ਰਸਿੱਧ ਕੱਵਾਲਾਂ ਦੇ ਤਵੇ ਨਿਕਲਣੇ ਸ਼ੁਰੂ ਹੋ ਗਏ ਸਨ, ਪਰ ਉਨ੍ਹਾਂ ਉੱਤੇ ਕਲਾਕਾਰਾਂ ਦੇ ਨਾਂ ਲਿਖਣ ਦੀ ਥਾਂ ਜਲੰਧਰ ਦੇ ਕੱਵਾਲ, ਕਪੂਰਥਲੇ ਦੇ ਕੱਵਾਲ ਆਦਿ ਲਿਖਿਆ ਜਾਂਦਾ ਸੀ। ਏਸੇ ਤਰ੍ਹਾਂ ਉਨ੍ਹੀਂ ਦਿਨੀਂ ਕੁਝ ਪ੍ਰਸਿੱਧ ਰਬਾਬੀਆਂ ਦੇ ਤਵੇ ਵੀ ਭਰੇ ਗਏ ਸਨ - ਉਹ ਵੀ ਏਸੇ ਤਰ੍ਹਾਂ ਕਿ ਫ਼ਨਕਾਰਾਂ ਦੀ ਪੂਰੀ ਫ਼ਹਿਰਿਸਤ ਦੇਣ ਦੀ ਥਾਂ, ਉਨ੍ਹਾਂ ਉੱਤੇ ਸਿਰਫ਼ 'The Amritsar Rababis' ਲਿਖਿਆ ਜਾਂਦਾ ਸੀ। ਅਜਿਹੇ ਕੁਝ ਤਵੇ ਸਾਡੇ ਕੋਲ ਹਨ।

ਉਨ੍ਹਾਂ ਦਿਨਾਂ ਤੋਂ ਪੰਜ ਸੱਤ ਸਾਲ ਪਿੱਛੋਂ ਪੰਜਾਬ ਦੇ ਕੁਝ ਪੇਂਡੂ ਲੋਕਾਂ ਦੇ ਤਵੇ ਭਰਨੇ ਵੀ ਸ਼ੁਰੂ ਹੋ ਗਏ ਸਨ, ਖ਼ਾਸ ਕਰਕੇ ਢਾਡੀਆਂ ਜਾਂ ਸਿੱਧਾ-ਸਾਦਾ ਗਾਉਣ ਵਾਲਿਆਂ ਦੇ। ਇਹ ਪਹਿਲੀ ਵਾਰ ਹੋਇਆ ਕਿ ਦੁਆਬੇ ਦੇ ਕੁਝ ਗਵੱਈਆਂ ਦੇ ਤਵਿਆਂ 'ਤੇ 'Doaba Jat Songs' ਲਿਖਿਆ ਗਿਆ ਸੀ। ਦੀਦਾਰ ਸਿੰਘ ਰਟੈਂਡਾ, ਪ੍ਰਸਿੱਧ ਢਾਡੀ ਦੇ ਤਵਿਆਂ ਉੱਤੇ ਉਸਦਾ ਨਾਂ ਲਿਖਿਆ ਤਾਂ ਮਿਲਦਾ ਹੈ, ਪਰ ਲੇਬਲਾਂ ਉੱਤੇ ਇਹ ਲਿਖਿਆ ਵੀ ਮਿਲਦਾ ਹੈ : Doaba Jat Songs, 1 ਅਪਰੈਲ 1935, ਵਿਚ ਉਸਨੇ ਕੁਝ ਤਵੇ ਪਹਿਲੀ ਵੇਰ ਰੀਕਾਰਡ ਕਰਵਾਏ, ਰਲਵੇਂ ਮਿਲਵੇਂ ਸਨ— ਇਕ ਤਵਾ 'ਵਾਰ' ਦਾ ਵੀ ਸੀ, ਨੰਬਰ N-4086, ਜਿਸ ਵਿਚ ਉਸਨੇ "ਵਿਚ ਜੰਗ ਦੇ ਸਿੰਘਾਂ ਨੇ" ਗਾਇਆ ਸੀ। 1893 ਈ. ਵਿਚ ਜਨਮੇ ਇਸ ਢਾਡੀ ਦੀ ਗਣਤਾ, ਵੀਹਵੀਂ ਸਦੀ ਦੇ ਪਹਿਲੇ ਹਿੱਸੇ ਵਿਚ, ਸਿਰਮੌਰ ਢਾਡੀਆਂ ਵਿਚ ਹੁੰਦੀ ਸੀ। ਪਾਕਿਸਤਾਨ ਬਣਿਆ ਤਾਂ ਉਨ੍ਹਾਂ ਨੂੰ ਬੰਗਾ ਦੇ ਲਾਗੇ ਗੁਣਾਚੌਰ ਵਿਖੇ ਜ਼ਮੀਨ ਅਲਾਟ ਹੋ ਗਈ। ਸਾਡੇ ਇਕ ਪੁਰਾਣੇ ਦੋਸਤ ਸ. ਹਰੀ ਸਿੰਘ ਰਾਏਪੁਰ ਡੱਬਾ, ਜਿਹੜੇ ਉਨ੍ਹਾਂ ਦੇ ਗਰਾਈਂ ਵੀ ਹਨ, ਇਹ ਗੱਲ ਅਕਸਰ ਦੱਸਿਆ ਕਰਦੇ ਸਨ ਕਿ ਇਹ ਢਾਡੀ ਕਈ ਵੇਰ, "ਜੱਟਾਂ ਦਾ ਸਹਿਗਲ" ਕਰਕੇ ਵੀ ਜਾਣਿਆ ਜਾਂਦਾ ਸੀ।

ਉਸ ਤੋਂ ਥੋੜ੍ਹਾ ਜਿਹਾ 'ਸੀਨੀਅਰ' ਬੂਰਾ ਸਿੰਘ ਸੀ, ਜਿਹੜਾ ਕਿ ਜਲੰਧਰ ਦੇ ਪ੍ਰਸਿੱਧ ਸਾਜ਼ਕਾਰ ਸ. ਅੱਛਰ ਸਿੰਘ ਜੀ ਦਾ ਪੋਤੂ ਸੀ। ਉਹ ਦੋਵੇਂ ਪਿੰਡ ਚਿੱਟੀ ਜਲੰਧਰ ਦੇ ਜੰਮਪਲ ਸਨ। ਜਾਪਦਾ ਹੈ ਜਿਵੇਂ ਇਸ ਢਾਡੀ ਨੇ ਵੀ ਉਨ੍ਹੀਂ ਕੁ ਦਿਨੀਂ ਹੀ ਆਪਣੇ ਕੁਝ ਰੀਕਾਰਡ (13) ਭਰਵਾਏ ਸਨ, ਜਿਨ੍ਹਾਂ ਵਿੱਚੋਂ ਦੋ 'ਆਈਟਮ' ਸਾਡੇ ਪਾਸ ਹਨ (1) ਵੱਡਾ ਭਾਈ ਦਿੰਦਾ ਛੋਟੇ ਨੂੰ ਮੱਤੜੀ, ਅਤੇ (2) ਦੇ ਸਿੱਖਿਆ ਦਸਮੇਸ਼ ਜੀਓ ਸਿੰਘਾਂ ਨੂੰ ਤੋਰੇ।

ਉਨ੍ਹੀਂ ਦਿਨੀਂ ਕੁਝ ਮਰਦ ਗਵੱਈਏ ਤਾਂ ਢੱਡ ਸਾਰੰਗੀ ਨਾਲ ਵਾਰਾਂ ਗਾ ਗਾ ਕੇ ਆਪਣੇ ਤਵੇ ਭਰਵਾਈ ਜਾ ਰਹੇ ਸਨ। ਹੈਰਤ ਦਾ ਮੁਕਾਮ ਹੈ ਕਿ ਅਪਰੈਲ 1935 ਵਿਚ ਹੀ ਮਿਸ ਬਦਰਨਿਸਾ ਨੇ ਵੀ ਸ਼ਹੀਦੀ ਵਾਰਾਂ ਦੇ ਦੋ ਰੀਕਾਰਡ ਅਜਿਹੇ ਭਰਵਾਏ ਸਨ, ਜਿਹੜੇ ਬੇਹੱਦ ਮਕਬੂਲ ਹੋਏ ਸਨ। ਉਨ੍ਹਾਂ ਵਿੱਚੋਂ ਇਕ ਦੇ ਇਹ ਬੋਲ ਸਨ :

*ਮਾਤਾ ਕਹਿੰਦੀ ਗੋਗਿਆ, ਨਾ ਐਡਾ ਕਹਿਰ ਕਮਾ,*
*ਪਹਿਲੋਂ ਸਾਨੂੰ ਆਪ ਤੂੰ ਲਿਆ ਮਹਿਮਾਨ ਬਣਾ।*
*ਕਹਿਆ ਸਾਹਿਬਜ਼ਾਦਿਆਂ, ਸੁਣ ਤੂੰ ਸੂਬੇ ਖ਼ਾਨ,*
*ਸਾਨੂੰ ਬੱਚੇ ਜਾਣ ਕੇ, ਕਿਉਂ ਲਗੇਂ ਧਮਕਾ ?*

*ਗੁਰੂ ਨਾਨਕ ਦੇ ਬਾਗ਼ ਦੇ, ਸਾਨੂੰ ਸੱਚੇ ਫੁੱਲ ਪਛਾਣ,*
*ਗੁਰੂ ਅਰਜਨ ਦੀ ਸ਼ਕਤੀ, ਸਾਡੇ ਅੰਦਰ ਆਣ।*
*ਮੀਰੀ ਪੀਰੀ ਵਾਲੜੇ ਦੀ, ਸਾਡੇ ਅੰਦਰ ਆਨ,*
*ਗੁਰੂ ਤੇਗ ਬਹਾਦਰ ਦੀ ਰੱਤ ਹੈ, ਸਾਡੇ ਵਿਚ ਰਵਾਨ।*
*ਬਾਣੀ ਗੁਰੂ ਗ੍ਰੰਥ ਦੀ, ਸਾਡੇ ਸੀਨੇ ਦੇ ਵਿਚ ਬੰਦ,*
*ਸਾਡੇ ਹਿਰਦੇ ਵਿਚ ਪ੍ਰਕਾਸ਼ ਏ, ਸਿੱਖੀ ਵਾਲਾ ਚੰਦ।*

ਇਨ੍ਹਾਂ ਤਵਿਆਂ ਦੀ ਮਸ਼ਹੂਰੀ ਵਾਸਤੇ, ਐੱਚ.ਐੱਮ.ਵੀ. ਕੰਪਨੀ ਵਾਲਿਆਂ ਨੇ ਇਸ ਗਾਇਕਾ ਨੂੰ ਪਰਿਚਿਤ ਕਰਵਾਉਂਦਿਆਂ ਉਦੋਂ ਇਹ ਸ਼ਬਦ ਲਿਖੇ ਸਨ : "ਖ਼ਾਲਸਾ ਵੀਰੋ, ਇਸ ਮਹੀਨੇ ਤੁਹਾਡੇ ਮਨ ਦੀ ਆਸ਼ਾ ਪੂਰੀ ਹੋ ਗਈ ਏ। ਅਸੀਂ ਆਪਣੇ ਸੱਜਣਾਂ ਦੀ ਖ਼ਾਤਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਰੀਕਾਰਡਾਂ ਵਿਚ 'ਪੰਜਾਬ ਦੀ ਕੋਇਲ' ਬਦਰੁਨਿਸਾ ਕੋਲੋਂ ਭਰਵਾ ਦਿੱਤੀ ਏ। ਇਨ੍ਹਾਂ ਦੋਹਾਂ ਰੀਕਾਰਡਾਂ ਨੂੰ ਸੁਣ ਕੇ ਇਕ ਵਾਰੀ ਤਾਂ ਪੱਥਰ ਦਿਲ ਮਨੁੱਖ ਦੀਆਂ ਅੱਖੀਆਂ ਵੀ ਅੱਥਰੂਆਂ ਦੀਆਂ ਝੜੀਆਂ ਲਾ ਦਿੰਦੀਆਂ ਨੇ। ਸਾਨੂੰ ਯਕੀਨ ਏ ਕਿ ਤੁਸੀਂ ਇਹ ਦੋਵੇਂ ਵਿਚਿਤ੍ਰ ਤੇ ਅਨਮੋਲ ਰੀਕਾਰਡ ਹੱਥੋ-ਹੱਥੀ ਖ਼ਰੀਦ ਕੇ ਆਪਣੇ ਪ੍ਰੇਮ ਦਾ ਵਿਸ਼ਵਾਸ ਦੇਵੋਗੇ।"

ਹੁਣ ਜਿਗਿਆਸਾ ਜਾਗਦੀ ਹੈ ਕਿ 'ਪੰਜਾਬ ਦੀ ਕੋਇਲ' ਅਖਵਾਉਣ ਵਾਲੀ ਇਹ ਗਾਇਕਾ ਆਖ਼ਰ ਕੌਣ ਸੀ ਅਤੇ 'ਬਦਰ' ਜਾਂ 'ਬਦਰੋ' - ਸ਼ਾਬਦਿਕ ਤੌਰ 'ਤੇ ਜਿਸਦਾ ਅਰਥ ਹੀ ਚੌਧਵੀਂ ਦਾ ਚੰਦ ਹੁੰਦਾ ਹੈ - ਇਹ ਚੰਦ ਕਿਧਰੋਂ ਚੜ੍ਹ ਆਇਆ ਸੀ ? ਦੱਸਿਆ ਜਾਂਦਾ ਹੈ ਕਿ ਉਹ ਪੰਜਾਬ ਦੇ ਸੁਪ੍ਰਸਿੱਧ ਸੰਗੀਤਕਾਰ ਬਾਬਾ ਮਲੰਗ ਦੀ ਧੀ ਸੀ ਅਤੇ ਫ਼ਿਆਜ਼ ਖ਼ਾਂ ਉਰਫ਼ 'ਘਾਸ਼ਾ' ਦੀ ਭੈਣ, ਜਿਹੜੀ ਕਿ ਬਦਰੋ ਸੰਤੋਖਗੜ੍ਹ ਵਾਲੀ ਕਰਕੇ ਮਸ਼ਹੂਰ ਹੋ ਗਈ ਸੀ। ਪਾਕਿਸਤਾਨ ਵਿਚ ਪਿਛਲੇ ਦੋ ਕੁ ਦਹਾਕੇ ਪਹਿਲਾਂ ਜਿਹੜੀ ਨਾਹੀਦ ਅਖ਼ਤਰ ਨਾਂ ਦੀ ਇਕ ਗਾਇਕਾ ਨੇ ਨੂਰ ਜਹਾਂ ਵਰਗੀ ਪ੍ਰਸਿੱਧ, ਅਹਿੱਲ ਗਾਇਕਾ ਨੂੰ ਵੀ ਹਿਲਾ ਕੇ ਰੱਖ ਦਿੱਤਾ ਸੀ, ਇਹ ਓਸੇ ਬਦਰੋ ਦੀ ਹੀ ਪੋਤੀ ਹੈ। ਉਨ੍ਹੀਂ ਦਿਨੀਂ ਸਾਡੇ ਇਕ ਸਿਰਮੌਰ ਢਾਡੀ ਸੋਹਨ ਸਿੰਘ ਸੀਤਲ ਦਾ ਸਿਤਾਰਾ ਵੀ ਸਿਖਰਾਂ 'ਤੇ ਸੀ। ਉਨ੍ਹਾਂ ਨੇ ਸਾਹਿਤ ਦੇ ਖੇਤਰ ਵਿਚ ਵੀ ਬੜਾ ਯੋਗਦਾਨ ਪਾਇਆ। ਅਸੀਂ 1935 ਦੀਆਂ ਗੱਲਾਂ ਕਰ ਰਹੇ ਹਾਂ। ਉਨ੍ਹੀਂ ਦਿਨੀਂ ਤਵਿਆਂ ਵਾਲੇ ਆਮ ਵਾਜੇ ਦੀ ਕੀਮਤ 140/- ਰੁਪਏ ਹੁੰਦੀ ਸੀ ਅਤੇ ਦੋ ਰੁਪਿਆਂ ਦੀਆਂ ਦੋ ਸੌ ਸੂਈਆਂ ਆ ਜਾਂਦੀਆਂ ਸਨ।

ਪਰ ਸਮੇਂ ਦੀਆਂ ਸੂਈਆਂ ਹੁਣ ਐਨੀ ਤੇਜ਼ੀ ਨਾਲ ਵਰ੍ਹ ਵਗ ਚੁੱਕੀਆਂ ਹਨ ਕਿ ਗੁਰੂ ਸਾਹਿਬਾਨ ਵਲੋਂ ਬਖ਼ਸ਼ਿਸ਼ ਕੀਤਾ ਗਿਆ ਤੰਤੀ ਸਾਜ਼ਾਂ ਵਾਲਾ ਸੰਗੀਤ ਅਤੇ ਪੁਰਾਤਨ ਗਾਥਾਵਾਂ ਗਾਉਣ ਲਈ ਢਾਡੀਆਂ ਦੀ ਤੋਰੀ ਗਈ ਪ੍ਰਥਾ - ਇਹ ਚੀਜ਼ਾਂ ਸਾਡੇ ਕੋਲੋਂ ਹੌਲੀ ਹੌਲੀ ਬੜੀ ਦੂਰ ਜਾ ਚੁੱਕੀਆਂ ਹਨ ਅਤੇ ਉਨ੍ਹਾਂ ਦੀ ਥਾਂ ਅਸੀਂ ਹੁਣ ਲੱਚਰ-ਲੁੱਚਾ, ਗੰਦਾ-ਮੰਦਾ, ਖੌਰੂ-ਖੜਾਕੇ ਅਤੇ ਸ਼ੋਰ-ਸ਼ਰਾਬੇ ਵਾਲਾ ਸੰਗੀਤ ਸੁਣਨ ਦੇ ਆਦੀ ਹੋ ਚੁੱਕੇ ਹਾਂ। ਰੱਬ ਖ਼ੈਰ ਕਰੇ॥


www.sikhbookclub.com

# ਪਟਿਆਲਾ ਘਰਾਣਾ

ਪੰਜਾਬ ਦੇ ਸੰਗੀਤ ਘਰਾਣਿਆਂ ਵਿੱਚੋਂ ਪਟਿਆਲਾ ਇਕ ਬੜਾ ਵੱਡਾ ਵਿਰਾਟ ਘਰਾਣਾ ਹੈ ਜਿਸਦੀ ਆਪਣੀ ਇਕ ਵੱਖਰੀ ਪਛਾਣ ਹੈ। ਜਿਥੇ ਇਸਨੇ ਸਾਸਤ੍ਰੀ ਸੰਗੀਤ ਨੂੰ ਬੜਾ ਬੜ੍ਹਾਵਾ ਦਿੱਤਾ, ਉਥੇ ਗੁਰਮਤਿ ਸੰਗੀਤ ਲਈ ਵੀ ਅਲੌਕਿਕ ਕੰਮ ਕੀਤਾ। ਜਿਸ ਤਰ੍ਹਾਂ ਲਖਨਊ ਦੀ ਨਫ਼ਾਸਤੀ ਸਭਿਅਤਾ ਦੇ ਆਪਣੇ ਨੈਣ-ਨਕਸ਼ ਰਹੇ ਹਨ, ਏਸੇ ਤਰ੍ਹਾਂ ਪਟਿਆਲਾ ਵੀ ਆਪਣੀ ਗੂੜ੍ਹੀ ਵਿਰਾਸਤੀ ਅਮੀਰੀ ਕਰਕੇ ਦੁਨੀਆਂ ਭਰ ਵਿਚ ਪ੍ਰਸਿੱਧ ਹੈ। ਏਥੇ ਦੇ ਬਹੁਤ ਵੱਡੇ ਗਾਇਕ ਵਜਾਇਕ ਮਹੰਤ ਗੱਜਾ ਸਿੰਘ ਮੋਤੀ ਬਾਗ ਦੇ ਨੇੜੇ ਰਹਿੰਦੇ ਸਨ, ਕੁਝ ਵੱਡੇ ਕਲਾਕਾਰ ਸ਼ੇਰਾਂ ਵਾਲਾ ਦਰਵਾਜ਼ੇ ਦੇ ਨੇੜੇ ਅਤੇ ਕੁਝ ਧਰਮਪੁਰਾ ਬਾਜ਼ਾਰ ਵਿਚ। ਬਲਕਿ ਧਰਮਪੁਰਾ ਬਾਜ਼ਾਰ ਤੋਂ ਲੈ ਕੇ ਅਨਾਰਦਾਣਾ ਚੌਕ ਤਕ ਤਵਾਇਫ਼ਾਂ ਦੀ ਰਿਹਾਇਸ਼ ਹੁੰਦੀ ਸੀ। ਕਸ਼ਮੀਰੀ ਵਾਸੀਆਂ ਨੂੰ ਆਮ ਤੌਰ 'ਤੇ 'ਹਾਤੂ' ਇਸ ਲਈ ਕਿਹਾ ਜਾਂਦਾ ਸੀ ਕਿ ਆਮ ਲੋਕਾਂ ਦੀ ਸੋਚ ਮੁਤਾਬਿਕ ਉਹ ਉਜੱਡ ਹੁੰਦੇ ਸਨ, ਬਿਲਕੁਲ ਨਿਕੰਮੇ, ਪਰ ਵਿੱਦਿਆ ਕਿਉਂਕਿ ਕਿਸੇ ਦੇ ਪਿਓ ਦੀ ਨਹੀਂ ਹੁੰਦੀ, ਇਸ ਲਈ ਵਿੱਦਿਆ ਪ੍ਰਾਪਤ ਕਰ ਕੇ ਉਨ੍ਹਾਂ ਵਿੱਚੋਂ ਕਈ ਵੱਡੇ-ਵੱਡੇ ਵਿਦਵਾਨ ਵੀ ਬਣਦੇ ਰਹੇ। ਏਥੋਂ ਦਾ ਕਸ਼ਮੀਰੀ ਮੁਹੱਲਾ ਸਾਰੇ ਦਾ ਸਾਰਾ ਵਿਦਵਾਨਾਂ ਦਾ ਸੀ।

"ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥"(ਬਾਬਾ ਫ਼ਰੀਦ ਜੀ)[1] ਅਨੁਸਾਰ ਕਿਲ੍ਹੇਦਾਰ ਤੜਕਸਾਰ ਦਰਵਾਜ਼ੇ ਖੋਲ੍ਹਦਾ ਅਤੇ ਨੌਬਤ (ਨਗਾਰਾ) ਨਫ਼ੀਰੀ (ਸ਼ਹਿਨਾਈ) ਵੱਜਣੀ ਸ਼ੁਰੂ ਹੋ ਜਾਂਦੀ। ਸੁਬਹ ਤੋਂ ਲੈ ਕੇ ਸ਼ਾਮ ਤਕ ਨਾ ਸਿਰਫ਼ ਬੁਰਜ ਬਾਬਾ ਆਲਾ ਸਿੰਘ, ਜਿਥੇ ਕਿ ਬਹੁਤੇ ਵੱਡੇ ਰਾਗੀ ਰਬਾਬੀ ਹਾਜ਼ਰੀ ਦਿੰਦੇ ਸਨ, ਬਲਕਿ ਸ਼ਹਿਰ ਦੇ ਸਮੂਹ ਦਸਾਂ ਦਰਵਾਜ਼ਿਆਂ (Citadel Gates) ਦੇ ਉਤਲੇ ਕਮਰਿਆਂ ਵਿਚ ਵੀ ਰਾਗਾਂ/ਤਾਲਾਂ ਵਿਚ ਕੀਰਤਨ ਦਾ ਪ੍ਰਵਾਹ ਚੱਲਦਾ ਰਹਿੰਦਾ ਸੀ। ਦੁਨੀਆਂ ਦੇ ਤਖ਼ਤੇ 'ਤੇ ਇਹ ਪਹਿਲੀ ਵਾਰ ਹੋਇਆ ਕਿ ਇਹ ਪ੍ਰਥਾ ਇਵੇਂ ਏਥੇ ਇਸ ਸ਼ਹਿਰ ਵਿਚ ਕਰੀਬਨ ਦੋ ਸੌ ਸਾਲ ਪ੍ਰਚੱਲਤ ਰਹੀ।

ਪਟਿਆਲਾ ਘਰਾਣਾ ਸ਼ਾਸਤ੍ਰੀ ਸੰਗੀਤ ਦਾ ਵੀ ਇਕ ਬੜਾ ਵੱਡਾ ਗੜ੍ਹ ਰਿਹਾ ਹੈ, ਇਸ ਲਈ ਅਸੀਂ ਇਹ ਲੇਖ ਪਾਠਕਾਂ ਦੀ ਦਿਲਚਸਪੀ ਲਈ ਸਾਰੇ ਦਾ ਸਾਰਾ ਛਾਪ ਰਹੇ ਹਾਂ, ਜਿਹੜਾ ਕਿ ਅਸਲ ਵਿਚ ਕਰਤਾ ਦੇ ਵੱਡ-ਆਕਾਰੀ "ਪੰਜਾਬ ਦੇ ਸੰਗੀਤ ਘਰਾਣੇ ਤੇ ਸੰਗੀਤਕਾਰ" ਦੇ ਖਰੜੇ ਵਿੱਚੋਂ ਲਿਆ ਗਿਆ ਹੈ।

## ਪਟਿਆਲਾ ਘਰਾਣੇ ਦਾ ਪੁਰਾਤਨ ਇਤਿਹਾਸ

ਭਾਰਤ ਵਿਚ ਸੰਗੀਤ ਦੇ ਵੱਖ-ਵੱਖਰੇ ਕਈ ਘਰਾਣੇ ਹਨ। ਹਰ ਘਰਾਣੇ ਦਾ

1. ਵੇਲਾ ਸਿਮਰਨ ਦਾ ਨੀ, ਉੱਠ ਰਾਮ ਧਿਆਈਏ। (ਸ਼ਾਹ ਹੁਸੈਨ)

 www.sikhbookclub.com

ਆਪਣਾ ਆਪਣਾ ਵੱਖਰਾ ਚਰਿੱਤ੍ਰ ਅਤੇ ਆਪਣੀ ਆਪਣੀ ਵਿਸ਼ੇਸ਼ਤਾ ਹੈ। ਕਿਸੇ ਦੇ ਪ੍ਰਤਿਨਿਧ ਕਲਾਕਾਰਾਂ ਦਾ ਅਲਾਪ ਅਤੇ ਵਿਲੰਬਤ 'ਤੇ ਜ਼ੋਰ ਹੁੰਦਾ ਹੈ, ਕਿਸੇ ਦਾ ਤਿਆਰੀ, ਤਾਨਾਂ ਜਾਂ ਮੁਰਕੀਆਂ 'ਤੇ, ਕਿਸੇ ਦਾ ਪੂਰਾ ਜ਼ੋਰ ਰਾਗ ਦੀ ਸਹੀਖ਼ਾਨੀ 'ਤੇ, ਅਤੇ ਕੋਈ ਅਸਥਾਈ ਅੰਤਰੇ ਦੇ ਬੋਲਾਂ ਦੀ ਸੁੰਦਰਤਾ ਵੱਲ ਵਧੇਰੇ ਧਿਆਨ ਦਿੰਦਾ ਹੈ। ਗੱਲ ਕੀ, ਹਰ ਘਰਾਣਾ ਆਪਣੇ ਆਪ ਵਿਚ ਇਕ ਅਜਿਹਾ ਫੁੱਲ ਹੈ ਜਿਸ ਦੀ ਰੰਗਤ ਅਤੇ ਸੁਗੰਧੀ ਆਪਣੀ ਹੈ। ਜੈਸਲਮੇਰ ਦੇ ਜੰਗਲਾਂ ਵੱਲੋਂ ਕੁਝ ਕਬੀਲਿਆਂ ਨੇ ਪੰਜਾਬ ਵੱਲ ਆ ਕੇ, ਏਥੋਂ ਦੇ ਬੰਜਰ ਇਲਾਕਿਆਂ ਨੂੰ ਜਦੋਂ ਵਸਾਉਣਾ ਸ਼ੁਰੂ ਕਰ ਦਿੱਤਾ ਤਾਂ ਫੂਲਕੀਆਂ ਇਲਾਕੇ ਦੇ ਗੜ੍ਹ ਪਟਿਆਲਾ ਵਿਖੇ ਭਾਰਤੀ ਸੰਗੀਤ ਦਾ ਇਕ ਅਜਿਹਾ ਘਰਾਣਾ ਉਗਮਿਆ, ਜਿਹੜਾ ਹੌਲੀ ਹੌਲੀ ਦੇਸ਼ ਦੀਆਂ ਚਾਰੇ ਕੂਟਾਂ 'ਤੇ ਛਾ ਗਿਆ।

ਜੇਕਰ ਪਟਿਆਲਾ ਸ਼ਹਿਰ ਜਾਂ ਇਸਦੀ ਗਾਇਕੀ ਦੇ ਬਚਪਨ ਤੋਂ ਲੈ ਕੇ ਇਸਦੀ ਜੁਆਨੀ ਤਕ ਸਰਸਰੀ ਜਿਹੀ ਝਾਤ ਮਾਰੀਏ ਤਾਂ ਅਨੇਕ ਦਿਲਕਸ਼ ਤੱਥ ਸਾਡੇ ਸਾਹਮਣੇ ਆਉਣਗੇ। ਬ੍ਰਿਟਿਸ਼ ਮਿਊਜ਼ੀਅਮ ਲੰਡਨ ਵਿਚ ਸਾਂਭੇ ਪਏ ਫ਼ਾਰਸੀ ਦੇ ਇਕ ਪੁਰਾਣੇ ਖਰੜੇ ਅਨੁਸਾਰ, ਪਟਿਆਲਾ ਇਲਾਕਾ ਸੀ ਤਾਂ ਪਹਿਲਾਂ ਬੜਾ ਬਾ-ਰੌਣਕ, ਪਰ ਇਕ ਵੇਰ ਜਦੋਂ ਦਰਿਆ ਸਤਲੁਜ 'ਚ ਅਤਿ ਭਿਆਨਕ ਤੂਫ਼ਾਨ ਆ ਗਿਆ ਤਾਂ ਏਥੋਂ ਲੈ ਕੇ ਝਨਾ ਦੀਆਂ ਹੱਦਾਂ ਤਕ ਸਾਰੀ ਦੀ ਸਾਰੀ ਜ਼ਮੀਨ ਬੰਜਰ ਅਤੇ ਬੇਆਬਾਦ ਹੋ ਗਈ। ਉੱਨ੍ਹੀਵੀਂ ਸਦੀ ਦਾ ਇਕ ਲੇਖਕ ਕਰਨਲ ਭੋਲਾ ਨਾਥ ਆਪਣੀ ਇਕ ਕਿਰਤ ਦੇ ਸਫ਼ਾ 299 'ਤੇ ਇਸ ਇਲਾਕੇ ਬਾਰੇ ਇੰਜ ਲਿਖਦਾ ਹੈ:

ਮਾਲਵਾ ਰੇਤਲਾ ਥਲ, ਉਜਾੜ ਬੀਆਬਾਨ ਮੁਲਕ ਹੈ। ਇਸ ਮੁਲਕ ਵਿਚ ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਦੇ ਵੇਲੇ ਸਿੱਖ ਜ਼ਿਮੀਂਦਾਰ......ਆ ਕੇ ਆਬਾਦ ਹੋਏ। ਅਹਿਮਦ ਸ਼ਾਹ ਅਬਦਾਲੀ ਵੇਲੇ ਉਨ੍ਹਾਂ ਨੇ ਜੀਂਦ, ਨਾਭਾ, ਪਟਿਆਲਾ, ਕਲਸੀਆਂ ਸਿੱਖ ਰਿਆਸਤਾਂ ਬਣਾ ਲਈਆਂ। ਇਨ੍ਹਾਂ ਰਿਆਸਤਾਂ ਦਾ ਇਕੱਠਾ ਨਾਂ ਫੂਲਕੀਆਂ ਸੀ।

ਇਹ ਫੂਲਕੀਆਂ ਮਿਸਲਦਾਰ ਕੌਣ ਸਨ ? ਇਨ੍ਹਾਂ ਦਾ ਪਿਛੋਕੜ ਕੀ ਹੈ ? ਖੁਰਾ-ਖੋਜ ਕੀ ਹੈ ? ਇਨ੍ਹਾਂ ਗੱਲਾਂ ਵੱਲ ਅਸੀਂ ਸਰਸਰੀ ਜਿਹੀ ਝਾਤ ਮਾਰ ਲਈਏ ਤਾਂ ਵਧੇਰੇ ਉਚਿਤ ਰਹੇਗਾ। ਸਿੱਖਾਂ ਦੀਆਂ ਸ਼ਕਤੀਸ਼ਾਲੀ ਬਾਰ੍ਹਾਂ ਮਿਸਲਾਂ ਤਾਂ ਬਾਅਦ ਵਿਚ ਹੋਂਦ ਵਿਚ ਆਈਆਂ। ਅਸਲ ਵਿਚ ਫੂਲਕੀਆਂ ਦਾ ਪਰਿਵਾਰ ਜੈਸਲਮੇਰ ਦੇ ਜੰਗਲ ਛੱਡ ਕੇ ਬਠਿੰਡਾ ਵੱਲ ਦੇ ਪਾਸੇ 1305 ਈ. ਵਿਚ ਆਣ ਵਾਰਦ ਹੋਇਆ। ਏਧਰ ਆ ਕੇ ਉਨ੍ਹਾਂ ਇਸਦੇ ਆਲੇ-ਦੁਆਲੇ ਦੇ ਬਾਈ ਪਿੰਡਾਂ 'ਤੇ ਕਬਜ਼ਾ ਕਰ ਲਿਆ ਜਿਸ ਕਾਰਨ ਉਨ੍ਹਾਂ ਨੂੰ ਨੇੜਲੇ ਲੋਕੀਂ 'ਬਾਈਏ' ਜਾਂ 'ਬਾਹੀਏ' ਕਹਿਣ ਲੱਗ ਪਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਵਿਚ ਜਦੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਖ਼ਾਲਸਾ ਪੰਥ ਸਾਜਿਆ ਤਾਂ ਉਸ ਤੋਂ ਅਗਲੇ ਸਾਲ ਅਰਥਾਤ 1700 ਈ. ਵਿਚ ਬਾਬਾ ਫੂਲ ਦੇ ਦੋ ਬੇਟਿਆਂ ਚੌਧਰੀ ਰਾਮਾ ਅਤੇ ਤ੍ਰਿਲੌਕਾ ਨੇ ਗੁਰੂ ਜੀ ਤੋਂ ਸ੍ਰੀ ਦਮਦਮਾ ਸਾਹਿਬ ਵਿਖੇ ਜਦੋਂ ਅੰਮ੍ਰਿਤ ਛਕ ਲਿਆ ਤਾਂ ਸਿੰਘ ਸਜਣ ਪਿੱਛੋਂ ਉਹ ਰਾਮ ਸਿੰਘ ਅਤੇ ਤ੍ਰਿਲੋਕ ਸਿੰਘ ਅਖਵਾਉਣ ਲੱਗ ਪਏ। ਰਾਮ ਸਿੰਘ ਦੇ ਸਪੁੱਤਰ ਆਲਾ ਸਿੰਘ ਨੇ ਪਟਿਆਲਾ ਰਿਆਸਤ ਸਥਾਪਤ ਕੀਤੀ ਅਤੇ ਇਸਦਾ ਸਭ ਤੋਂ ਪਹਿਲਾ ਮਹਾਰਾਜਾ ਬਣ ਗਿਆ


www.sikhbookclub.com

ਜਦ ਕਿ ਤ੍ਰਿਲੋਕ ਦੇ ਬੰਸ ਨੇ ਰਿਆਸਤ ਨਾਭਾ ਅਤੇ ਜੀਂਦ ਦੀ ਨੀਂਹ ਰੱਖੀ। ਇਹ ਬਾਬਾ ਫੂਲਾ ਸਿੰਘ ਕਰਕੇ ਹੀ ਸੀ ਕਿ ਇਹ ਮਿਸਲ ਫੂਲਕੀਆਂ ਅਖਵਾਉਣ ਲੱਗ ਪਈ ਸੀ।

ਪੱਟੀ ਆਲਾ, ਪੱਟੀ ਬਾਬਾ ਆਲਾ ਸਿੰਘ, ਜਾਂ ਜਿਸਨੂੰ ਹੁਣ ਅਸੀਂ ਪਟਿਆਲਾ ਆਖਦੇ ਹਾਂ, ਇਹ ਸ਼ਹਿਰ 1756 ਈ. ਵਿਚ ਹੋਂਦ ਵਿਚ ਆਇਆ। ਦੁੱਰਾਨੀ ਦੇ ਕੁਝ ਹਮਲੇ ਜਦੋਂ ਬਾਬਾ ਆਲਾ ਸਿੰਘ ਨੇ ਤਲਵਾਰ ਦੀ ਨੋਕ ਨਾਲ ਤਹਿਸ ਨਹਿਸ ਕੀਤੇ ਤਾਂ ਉਸਨੂੰ ਮਜਬੂਰਨ 1762 ਈ. ਵਿਚ ਬਾਬਾ ਜੀ ਨੂੰ 'ਰਾਜਾ' ਦਾ ਖ਼ਿਤਾਬ ਦੇ ਕੇ ਸਨਮਾਨਣਾ ਪਿਆ। ਉਸ ਪਿੱਛੋਂ ਇਲਾਕੇ ਦੇ ਨਵੇਂ ਬਣੇ ਇਸ ਸਰਦਾਰ ਨੇ ਸ਼ਹਿਰ ਵਸਾਉਣ ਵੱਲ ਵਧੇਰੇ ਧਿਆਨ ਦੇਣਾ ਸ਼ੁਰੂ ਦਿੱਤਾ। ਕੁਦਰਤੀ ਗੱਲ ਸੀ ਕਿ ਥੋੜ੍ਹੇ ਚਿਰ ਵਿਚ ਹੀ ਇਸ ਦੀ ਰੌਣਕ ਵਿਚ ਬਹੁਤ ਵਾਧਾ ਹੋ ਗਿਆ।

ਬਾਬਾ ਆਲਾ ਸਿੰਘ ਦਾ ਸਮਾਂ ਬੰਦਾ ਬਹਾਦਰ ਦਾ ਹੀ ਸਮਾਂ ਸੀ। ਬਾਬਾ ਜੀ ਦੇ ਸਪੁੱਤਰ ਟਿੱਕਾ ਸਰਦੂਲ ਸਿੰਘ ਦੀ ਜਦੋਂ ਛੋਟੀ ਉਮਰ ਵਿਚ ਹੀ ਜੰਗ ਦੇ ਮੈਦਾਨ ਵਿਚ ਮੌਤ ਹੋ ਗਈ ਤਾਂ ਬਾਬਾ ਜੀ ਦੇ ਦਿਲ ਉੱਤੇ ਬਹੁਤ ਸੱਟ ਵੱਜੀ। ਉਨ੍ਹੀਂ ਦਿਨੀਂ ਹੀ ਉਨ੍ਹਾਂ ਦੀ ਸਪੁੱਤਰੀ ਬੀਬੀ ਪ੍ਰਧਾਨ ਕੌਰ (1718-1792 ਈ.) ਜਿਹੜੀ ਬਾਬਾ ਬੁੱਢਾ ਜੀ ਦੇ ਪਰਿਵਾਰ ਵਿਚ ਵਿਆਹੀ ਹੋਈ ਸੀ, ਜੁਆਨੀ ਵਿਚ ਜਦੋਂ ਉਹ ਵੀ ਵਿਧਵਾ ਹੋ ਗਈ ਤਾਂ ਜੱਗ ਦੇ ਇਸ ਪਦਾਰਥਵਾਦੀ ਜਾਲ ਤੋਂ ਉਨ੍ਹਾਂ ਦਾ ਦਿਲ ਹੋਰ ਵੀ ਉਚਾਟ ਹੋ ਗਿਆ, ਜਿਸ ਦਾ ਨਤੀਜਾ ਇਹ ਹੋਇਆ ਕਿ ਉਨ੍ਹਾਂ ਦੀ ਬਿਰਤੀ ਪ੍ਰਭੂ ਸਿਮਰਨ ਤੇ ਕੀਰਤਨ ਵੱਲ ਵਧੇਰੇ ਹੋ ਗਈ।

ਸ਼ਾਸਤ੍ਰੀ ਸੰਗੀਤ ਦੇ ਪ੍ਰਸਿੱਧ ਵਿਦਵਾਨ ਡਾ. ਰਾਜਾ ਮ੍ਰਿਗੇਂਦ੍ਰ ਸਿੰਘ, ਜਿਹੜੇ ਕਿ ਉਂਜ ਵੀ ਬਾਬਾ ਆਲਾ ਸਿੰਘ ਜੀ ਦੇ ਬੰਸ ਵਿੱਚੋਂ ਹਨ—ਹੋਰਾਂ ਦੇ ਕਥਨ ਅਨੁਸਾਰ, ਅਗਸਤ 1756 ਈ. ਵਿਚ ਜਦੋਂ ਪਟਿਆਲਾ ਦੇ ਕਿਲ੍ਹੇ ਦੀ ਉਸਾਰੀ ਹੋ ਰਹੀ ਸੀ ਤਾਂ ਬਾਬਾ ਜੀ ਨੇ ਆਪਣੇ ਮਨ ਨੂੰ ਧੀਰਜ ਦੇਣ ਲਈ ਆਪਣੇ ਲਈ ਪੂਜਾ ਸਥਾਨ ਵਜੋਂ ਕਿਲ੍ਹੇ ਵਿਚ ਹੀ ਇਕ ਬੁਰਜ ਬਣਵਾ ਲਿਆ ਸੀ, ਜਿਥੇ ਉਹ ਤੇ ਉਨ੍ਹਾਂ ਦੀ ਵਿਧਵਾ ਧੀ ਰੂਹਾਨੀ ਸ਼ਾਂਤੀ ਲਈ ਕੀਰਤਨ ਕਰਨ ਲੱਗ ਪਏ। ਹੌਲੀ ਹੌਲੀ ਬਾਬਾ ਜੀ ਦੀ ਫ਼ਿਆਜ਼ੀ ਦੂਰ ਦੂਰ ਤਕ ਫੈਲ ਗਈ, ਜਿਸਦਾ ਸਦਕਾ ਦੇਸ਼ ਭਰ ਦੇ ਕੁਝ ਰਬਾਬੀ, ਜਿਨ੍ਹਾਂ ਦਾ ਸੰਬੰਧ ਸਿੱਧਾ ਮਰਦਾਨੇਕਿਆਂ ਨਾਲ ਸੀ, ਤੇ ਕੁਝ ਕਲੌਂਤੀਏ, ਜਿਹੜੇ ਰਾਜਾ ਮਿਸ਼ਰੀ ਸਿੰਘ ਜਾਂ ਮੀਆਂ ਤਾਨ ਸੇਨ ਦੇ ਲੜੀਦਾਰਾਂ ਵਿਚ ਸਨ, ਇਸ ਦਰਬਾਰ ਨਾਲ ਆ ਜੁੜੇ। ਇਸ ਤਰ੍ਹਾਂ ਨਾਲ ਪਟਿਆਲਾ ਘਰਾਣੇ ਦੀ ਸੰਗੀਤ ਪਰੰਪਰਾ ਦਾ, ਖ਼ਾਸ ਕਰਕੇ ਵਾਦਨ ਸ਼ੈਲੀ ਦਾ, ਪਿਛੋਕੜ ਮੁਗਲ ਸਮਰਾਟ ਅਕਬਰ ਦੇ ਸਮੇਂ ਨਾਲ ਜਾ ਰਲਦਾ ਹੈ। ਅਸਲ ਵਿਚ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦੋਂ ਪਹਾੜੀ ਰਾਜਿਆਂ ਨਾਲ ਜੰਗਾਂ ਵਿਚ ਜੁੱਟੇ ਹੋਏ ਸਨ ਤਾਂ ਉਦੋਂ ਉਨ੍ਹਾਂ ਨੇ ਫੂਲਕੀਆਂ ਬੰਸ ਦੇ ਮੋਢੀਆਂ ਨੂੰ ਇਹ ਹੁਕਮਨਾਮਾ ਭੇਜਿਆ ਸੀ : "ਭਾਈ ਰਾਮਾ, ਭਾਈ ਤ੍ਰਿਲੋਕਾ, ਤੇਰਾ ਘਰ ਮੇਰਾ ਘਰ ਹੈ। ਆਪਣੇ ਸਵਾਰ ਲੈ ਕੇ ਆਉਣਾ ਤੇ ਜ਼ਰੂਰ ਆਉਣਾ।"[2] ਸੋ ਇਸ ਖ਼ਾਨਦਾਨ ਦੇ ਪੁਰਾਣੇ ਸੰਬੰਧਾਂ ਸਦਕਾ ਹੀ ਸ੍ਰੀ ਅਨੰਦਪੁਰ ਸਾਹਿਬ ਦੇ ਰਾਗੀਆਂ

2. ਇਹ ਹੁਕਮਨਾਮਾ ਪਟਿਆਲਾ ਰਿਆਸਤ ਵਿਚ ਅੱਜ ਵੀ ਸਾਂਭਿਆ ਪਿਆ ਹੈ।


www.sikhbookclub.com

ਰਬਾਬੀਆਂ ਦਾ ਆਦਾਨ ਪ੍ਰਦਾਨ ਹੁੰਦਾ ਰਿਹਾ, ਜਿਸਦਾ ਸਦਕਾ ਸੰਗੀਤ ਕਲਾ ਵਿਕਸਤ ਹੁੰਦੀ ਰਹੀ। ਅੱਜ ਵੀ ਰਬਾਬੀ ਘਰਾਣੇ ਦੇ ਬਹੁਤੇ ਦਫਦਾਰ ਕਟੜੀ ਬਾਵਾ ਚੂਨਾ ਮੰਡੀ ਰਹਿੰਦੇ ਹਨ ਅਤੇ ਖ਼ਾਸ ਕਰਕੇ ਭਾਈ ਸੁੰਦਰ ਜਿਹੜੇ ਇਸ ਵੇਲੇ ਆਪਣੀ ਉਮਰ ਦੇ ਆਖ਼ਰੀ ਪੇਟੇ ਵਿਚ ਹਨ, ਹਾਲੇ ਵੀ ਜੀਉਂਦੇ ਹਨ ਤੇ ਅੱਜ-ਕੱਲ੍ਹ ਮਿੱਠਣਕੋਟ, ਜ਼ਿਲ੍ਹਾ ਡੇਰਾ ਗ਼ਾਜ਼ੀ ਖ਼ਾਂ, ਪਾਕਿਸਤਾਨ ਵਿਚ ਰਹਿ ਰਹੇ ਹਨ। ਯਾਦ ਰਹੇ, ਇਹ ਪ੍ਰਸਿੱਧ ਤਬਲਾ ਨਵਾਜ਼, ਜਿਹੜਾ ਕਿਸੇ ਸਮੇਂ ਪਟਿਆਲਾ ਦਰਬਾਰ ਦੀ ਜ਼ੀਨਤ ਸੀ, ਅਤੇ ਜਿਹੜਾ ਰਿਆਜ਼ ਵੇਲੇ ਰਾਜਾ ਮ੍ਰਿਗੇਂਦ੍ਰ ਸਿੰਘ ਜੀ ਹੋਰਾਂ ਦਾ ਸਾਥ ਕਰਦਾ ਹੁੰਦਾ ਸੀ......ਦਾ ਸਿੱਧਾ ਸੰਬੰਧ ਗੁਰੂ ਨਾਨਕ ਦੇਵ ਜੀ ਦੇ ਰਬਾਬੀ ਭਾਈ ਮਰਦਾਨਾ ਦੇ ਗੁਰੂ ਭਾਈ ਫਿਰੰਦਾ ਨਾਲ ਸੀ।

ਸਮਾਂ ਪਾ ਕੇ ਕਲਾਕਾਰਾਂ ਦੀ ਸੁਯੋਗ ਸਰਪ੍ਰਸਤੀ ਦੁਆਰਾ ਬਾਬਾ ਆਲਾ ਸਿੰਘ ਜੀ ਦਾ ਲਾਇਆ ਹੋਇਆ ਇਹ ਬੂਟਾ ਖ਼ੂਬ ਪਲਰਿਆ ਪਸਰਿਆ ਤੇ ਇਕ ਦਿਨ ਅਜਿਹਾ ਆਇਆ ਕਿ ਅੱਜ ਭਾਰਤ ਦੇ ਦੂਜੇ ਸੰਗੀਤ ਘਰਾਣਿਆਂ ਵਿੱਚੋਂ ਬਾਬਾ ਬੋਹੜ ਦਾ ਰੁਤਬਾ ਪ੍ਰਾਪਤ ਕਰ ਚੁੱਕਾ ਹੈ। ਮਹਾਰਾਜਾ ਕਰਮ ਸਿੰਘ (1813-1845 ਈ.) ਦੇ ਸਮੇਂ ਸ੍ਰੀ ਅਨੰਦਪੁਰ ਸਾਹਿਬ ਦੇ ਰਬਾਬੀਆਂ ਵਿੱਚੋਂ ਭਾਈ ਦਿੱਤੇ ਖ਼ਾਂ ਪਟਿਆਲਾ ਆ ਕੇ ਪੱਕੇ ਤੌਰ 'ਤੇ ਨਿਵਾਸ ਕਰਨ ਲੱਗ ਪਿਆ। ਉਨ੍ਹਾਂ ਦਾ ਅਸਲ ਪਿੰਡ ਅੰਮ੍ਰਿਤਸਰ ਲਾਗੇ ਚੋਗਾਵਾਂ ਸੀ, ਪਰ ਉਨ੍ਹਾਂ ਦੇ ਪੁਰਖੇ ਭਾਈ ਨੰਦ ਰਬਾਬੀ ਆਪਣਾ ਪਿੰਡ ਛੱਡ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਕੀਰਤਨ ਕਰਨ ਲੱਗ ਪਏ ਸਨ। ਮਹਾਰਾਜਾ ਪਟਿਆਲਾ ਨੇ ਭਾਈ ਦਿੱਤੇ ਨੂੰ ਦਰਬਾਰੀ ਪਦ 'ਤੇ ਰੱਖ ਲਿਆ ਅਤੇ ਉਹ ਏਥੇ ਉਸ ਸਮੇਂ ਦੇ ਪੰਜਾਬ ਦੇ ਰਿਵਾਜ ਅਨੁਸਾਰ ਗ਼ਜ਼ਲਾਂ ਅਤੇ ਦੂਜੇ ਤੀਜੇ ਸਾਹਿਤਕ ਗਾਣੇ ਗਾਉਂਦਾ ਰਿਹਾ। ਇਸ ਦੇ ਨਾਲ ਨਾਲ ਉਹ ਸਾਰੰਗੀ ਵਜਾਉਣ ਵਿਚ ਬਹੁਤ ਕੁਸ਼ਲ ਸੀ। ਉਸਦੀ ਮੌਤ ਲਗਭਗ ਸੌ ਸਾਲ ਦੀ ਉਮਰ ਵਿਚ ਪਟਿਆਲਾ ਵਿਚ ਹੀ ਹੋਈ।

ਮਹਾਰਾਜਾ ਨਰਿੰਦਰ ਸਿੰਘ (1815-1862 ਈ.) ਦੇ ਸਮੇਂ ਵੀ ਸੰਗੀਤ ਤੇ ਦੂਜੀਆਂ ਕੋਮਲ ਕਲਾਵਾਂ ਨੂੰ ਖ਼ੂਬ ਸਰਪ੍ਰਸਤੀ ਮਿਲੀ। ਦੱਸਿਆ ਜਾਂਦਾ ਹੈ ਕਿ ਉਸਦੇ ਦਰਬਾਰ ਦਾ ਠਾਠ ਬਾਠ ਕਿਸੇ ਤਰ੍ਹਾਂ ਦਿੱਲੀ ਦਰਬਾਰ ਨਾਲੋਂ ਘੱਟ ਨਹੀਂ ਸੀ। ਅਸਲ ਵਿਚ 1857 ਈ. ਵਿਚ ਮੁਗ਼ਲਾਂ ਦੇ ਆਖ਼ਰੀ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਨੇ ਉਸਨੂੰ ਇਕ ਖ਼ਤ ਲਿਖਿਆ ਸੀ, ਜਿਸ ਵਿਚ ਉਸ ਨੇ ਉਸ ਕੋਲ ਅੰਗਰੇਜ਼ਾਂ ਦੇ ਬਰਖ਼ਿਲਾਫ਼ ਮਦਦ ਕਰਨ ਦੀ ਮੰਗ ਕੀਤੀ ਹੋਈ ਸੀ। ਪਰ ਉਸਦੀ ਸਿਆਸੀ ਸੂਝ ਨੇ ਉਸ ਵੇਲੇ ਉਸਦੀ ਬਜਾਏ ਅੰਗਰੇਜ਼ਾਂ ਦਾ ਸਾਥ ਦੇਣਾ ਵਧੇਰੇ ਉਚਿਤ ਸਮਝਿਆ ਅਤੇ ਤੁਰੰਤ ਹੀ ਉਸ ਨੇ ਉਨ੍ਹਾਂ ਨੂੰ ਉਸ ਮੌਕੇ ਤੋਂ ਫ਼ਾਇਦਾ ਉਠਾਉਣ ਲਈ ਸੁਨੇਹਾ ਭੇਜ ਦਿੱਤਾ। ਇਸ ਸ਼ਹਿ 'ਤੇ ਅੰਗਰੇਜ਼ ਦਿੱਲੀ 'ਤੇ ਕਾਬਜ਼ ਹੋ ਗਏ ਅਤੇ ਉਨ੍ਹਾਂ ਨੇ ਨਰਿੰਦਰ ਸਿੰਘ ਨੂੰ ਇਸ ਦਾ ਸਿਲਾ ਜਾਂ ਇਨਾਮ ਦੇਣ ਵਜੋਂ ਮਾਝੇ ਵਿਚ ਵੱਡੀਆਂ ਵੱਡੀਆਂ ਜਗੀਰਾਂ ਦੇਣ ਉਪਰੰਤ, ਦਿੱਲੀ ਦਾ ਜ਼ੀਨਤ ਮਹੱਲ ਵੀ ਤੋਹਫ਼ੇ ਵਿਚ ਭੇਂਟ ਕਰ ਦਿੱਤਾ। ਇਸ ਉਥਲ-ਪੁਥਲ ਵਿਚ, ਇਕ ਤਰੀਕੇ ਨਾਲ ਭਾਵੇਂ ਥੋੜ੍ਹੇ ਸਮੇਂ ਲਈ ਹੀ, ਦਿੱਲੀ ਦਾ ਨਵਾਂ ਬਾਦਸ਼ਾਹ ਹੁਣ ਉਹ ਸੀ। ਇਸ ਤੋਂ ਤਿੰਨ-ਚਾਰ ਸਾਲ ਬਾਅਦ

ਅਰਥਾਤ 1 ਨਵੰਬਰ 1861 ਈ. ਨੂੰ ਅੰਗਰੇਜ਼ਾਂ ਨੇ ਉਸਨੂੰ ਸਿਤਾਰਾ-ਇ-ਹਿੰਦ ਦੇ ਮਾਣਮੱਤੇ ਖ਼ਿਤਾਬ ਨਾਲ ਵੀ ਸਨਮਾਨਿਆ ਸੀ। ਸੋ, ਉਨ੍ਹਾਂ ਹਾਲਾਤ 'ਚ ਦਿੱਲੀ ਦਰਬਾਰ ਜਦੋਂ ਖ਼ੁੱਖ ਹੋ ਗਿਆ ਤਾਂ ਉਸ ਸਮੇਂ ਓਥੋਂ ਦੇ ਕਲਾਕਾਰ ਉਂਜ ਤਾਂ ਜਿਥੇ ਵੀ ਕਿਸੇ ਦਾ ਸਿੰਗ ਸਮਾਏ, ਓਧਰ ਭੱਜ ਗਏ, ਪਰ ਉਨ੍ਹਾਂ ਵਿੱਚੋਂ ਬਹੁਤਿਆਂ ਨੇ ਪਟਿਆਲਾ ਦਰਬਾਰ ਵਿਚ ਆ ਸ਼ਰਨ ਲਈ, ਜਦ ਕਿ ਅਵਧ ਦਰਬਾਰ ਦੇ ਕਲਾਕਾਰਾਂ ਨੂੰ ਰਾਮਪੁਰ ਤੇ ਬਨਾਰਸ ਵਰਗੀਆਂ ਰਿਆਸਤਾਂ ਨੇ ਝੱਲਿਆ। ਏਥੋਂ ਤਕ ਕਿ ਇਕ ਸਮੇਂ, ਨਾ ਕੇਵਲ ਮੀਆਂ ਤਾਨਰਸ ਖ਼ਾਂ ਅਤੇ ਗੋਖੀ ਬਾਈ ਹੀ ਏਥੇ ਆਏ; ਸਗੋਂ ਉਰਦੂ ਦੇ ਪ੍ਰਸਿੱਧ ਸ਼ਾਇਰ ਮਿਰਜ਼ਾ ਗ਼ਾਲਿਬ ਅਤੇ ਮੋਮਿਨ ਖ਼ਾਂ ਮੋਮਿਨ ਵੀ ਆ ਕੇ ਕੁਝ ਸਮਾਂ ਏਥੇ ਰਹਿੰਦੇ ਰਹੇ। ਉਰਦੂ ਦੀ ਪ੍ਰਸਿੱਧ ਕਿਰਤ *ਆਬਿ-ਹਯਾਤ* ਦਾ ਕਰਤਾ ਇਕ ਥਾਂ ਇੰਜ ਵੀ ਲਿਖਦਾ ਹੈ ਕਿ ਮਹਾਰਾਜਾ ਕਰਮ ਸਿੰਘ ਦੇ ਭਰਾ ਰਾਜਾ ਅਜੀਤ ਸਿੰਘ ਨੇ, ਜਿਹੜਾ ਉਸ ਸਮੇਂ ਦਿੱਲੀ ਵਿਚ ਰਹਿੰਦਾ ਸੀ, ਮੋਮਿਨ ਨੂੰ ਇਕ ਵੇਰ ਇਕ ਹਥਨੀ ਇਨਾਮ ਵਜੋਂ ਦਿੱਤੀ ਸੀ।[3]

ਏਸੇ ਕਿਰਤ ਤੋਂ ਹੀ ਪਿਛਲੀ ਸਦੀ ਵਿਚ ਪੰਜਾਬ ਦੀਆਂ ਰਿਆਸਤਾਂ ਵਿਚ ਗਵੱਈਆਂ ਦੀਆਂ ਤਨਖ਼ਾਹਾਂ ਦਾ ਵੀ ਥੋੜ੍ਹਾ ਬਹੁਤ ਅੰਦਾਜ਼ਾ ਹੋ ਜਾਂਦਾ ਹੈ। ਫ਼ਾਜ਼ਲ ਕਰਤਾ ਅਗਲੇ ਸਫ਼ੇ 'ਤੇ ਇੰਜ ਲਿਖਦਾ ਹੈ: "ਰਾਜਾ ਕਪੂਰਥਲਾ ਨੇ ਇਨਹੋਂ (ਮੋਮਿਨ ਨੂੰ) ਸਾੜ੍ਹੇ ਤੀਨ ਸੌ ਰੁਪਿਆ ਮਹੀਨਾ ਕਰਕੇ ਬੁਲਾਇਆ ਔਰ ਹਜ਼ਾਰ ਰੁਪਿਆ ਖ਼ਰਚ-ਸਫ਼ਰ ਭੇਜਾ। ਵੋਹ ਵੀ ਤਯਾਰ ਹੂਏ, ਮਗਰ ਮਾਲੂਮ ਹੂਆ ਕਿ ਵਹਾਂ ਏਕ ਗਵੱਈਏ ਕੀ ਭੀ ਯਹੀ ਤਨਖ਼ਾਹ ਹੈ; ਕਹਾ, ਕਿ ਜਹਾਂ ਮੇਰੀ ਔਰ ਏਕ ਗਵੱਈਏ ਕੀ ਬਰਾਬਰ ਤਨਖ਼ਾਹ ਹੋ, ਮੈਂ ਵਹਾਂ ਨਹੀਂ ਜਾਤਾ।"[4]

ਮਹਾਰਾਜਾ ਨਰਿੰਦਰ ਸਿੰਘ ਤੋਂ ਬਾਅਦ, ਉਸਦਾ ਲੜਕਾ ਮਹਿੰਦਰ ਸਿੰਘ (1862-1876 ਈ.) ਗੱਦੀ 'ਤੇ ਬੈਠਾ। ਆਪਣੇ ਆਪਣੇ ਸਮੇਂ ਉਨ੍ਹਾਂ ਦੋਹਾਂ ਨੇ ਹੀ ਕੋਮਲ ਕਲਾਵਾਂ ਦੀ ਬੜੀ ਸਰਪ੍ਰਸਤੀ ਕੀਤੀ।[5] ਫ਼ਾਰਸੀ ਦੇ ਇਕ ਸ਼ਾਇਰ ਨੇ ਮਹਾਰਾਜਾ ਮਹਿੰਦਰ ਸਿੰਘ 'ਤੇ ਇਕ ਵੇਰ ਇਕ ਤਿੰਨ ਸਫ਼ੇ ਦਾ ਕਸੀਦਾ ਲਿਖਿਆ, ਜਿਹੜਾ ਕਿ ਲੰਡਨ ਦੀ ਬ੍ਰਿਟਿਸ਼ ਮਿਊਜ਼ੀਅਮ ਵਿਚ ਅੱਜ ਵੀ ਦੇਖਿਆ ਜਾ ਸਕਦਾ ਹੈ। ਸੁਝਵਾਨ ਸ਼ਾਇਰ ਉਸਦੀ ਤਾਰੀਫ਼ ਕਰਦਾ ਕਰਦਾ ਉਸ ਕਸੀਦੇ ਵਿਚ ਇਹ ਵੀ ਲਿਖਦਾ ਹੈ:

*ਬਹਿਰ ਕੂ ਨਗਮਾ ਅਜ਼ ਸਾਜ਼ੇ ਸਾਰੰਗ,*[6]
*ਬਹਿਰ ਸੌ ਸੂਤ ਖ਼ੁਸ਼ ਅਜ਼ ਆਬਸ਼ਾਰਾਂ।*
*ਬ ਰਕਸ ਵ ਵਜਦ ਪਾਈ ਮਿਹਰ ਰੋਯਾਂ,*
*ਨਗਾਰਿ ਬਸਤਾ ਦਸਤ ਮੈ ਨਗਾਰਾਂ।*

3. ਮੁਹੰਮਦ ਹੁਸੈਨ ਆਜ਼ਾਦ, *ਆਬਿ-ਹਯਾਤ*, ਸ਼ੇਖ਼ ਗ਼ੁਲਾਮ ਅਲੀ ਐਂਡ ਸੰਨਜ਼, ਕਸ਼ਮੀਰੀ ਬਾਜ਼ਾਰ, ਲਾਹੌਰ, ਸਫ਼ਾ-384-385.

4. *ਉਹੀ*।

5. A. Vadivelu, *The Ruling Chiefs, Nobles and Zamindars of India*, Vol. I, 1915, Madras; G.C. Loga Nadhan, pp. 113.

6. Munshi Syed Abdullah, *Qasida in Praise of Maharaja of Patiala Mahinder Singh*.


www.sikhbookclub.com

*ਦਰੋ-ਦੀਵਾਰ ਦਰ ਸ਼ੋਰ-ਵ-ਸਰੂਰ...ਅੰਦ,*
*ਦਫ਼ੋ ਸਾਗ਼ਰ ਬਦੱਸਤ ਬਾਦਾ-ਖ਼ੁਾਰਾਂ।*

[*ਅਰਥਾਤ:* "ਪਟਿਆਲਾ ਦੀ ਹਰ ਗਲੀ ਮੈਨੂੰ ਅਜਿਹੀ ਲੱਗਦੀ ਹੈ ਕਿ ਇਸ ਵਿਚ ਸਾਜ਼ ਅਤੇ ਆਵਾਜ਼ ਦੋਵੇਂ ਨਗ਼ਮਾ-ਸਰਾ ਹਨ। ਹਰ ਪਾਸੇ ਕੁਝ ਅਜਿਹੀ ਖ਼ੁਸ਼ੀ ਭਰਪੂਰ ਕੈਫ਼ੀਅਤ ਪੈਦਾ ਹੋ ਗਈ ਹੈ, ਜਿਵੇਂ ਝਰਨੇ ਕੋਈ ਨਗ਼ਮਾ ਗਾ ਰਹੇ ਹੋਣ। ਮਾਸ਼ੂਕ ਅਤੇ ਉਸਦਾ ਨਾਚ ਕੁਝ ਅਜਿਹੀ ਮਸਤੀ ਪੈਦਾ ਕਰ ਰਿਹਾ ਹੈ, ਜਿਵੇਂ ਮੇਰੇ ਮਹਿਬੂਬ ਦੇ ਸਾਹਮਣੇ, ਦੁਨੀਆਂ ਦੇ ਸਭ ਮਹਿਬੂਬ ਨਜ਼ਰਾਂ ਰੱਖ ਰਹੇ ਹੋਣ। ਦਰੋ-ਦੀਵਾਰ ਤੋਂ ਇਕ ਹੰਗਾਮਾ ਜਿਹਾ ਹੋ ਰਿਹਾ ਹੈ, ਜਿਵੇਂ ਸ਼ੋਰ ਅਤੇ ਸਰੂਰ ਦੋਵੇਂ ਹੋਣ–ਅਤੇ ਸ਼ਰਾਬੀ ਖ਼ੁਸ਼ੀ ਵਿਚ ਝੂਮ-ਝੂਮ ਕੇ ਆਪਣੇ ਨਸ਼ੇ ਵਿਚ ਡਫ਼ਾਂ ਵਜਾ ਰਹੇ ਹੋਣ।"]

ਪਟਿਆਲਾ ਦਰਬਾਰ ਦੇ ਉਸ ਸਮੇਂ ਦੇ ਮਾਹੌਲ ਅਤੇ ਜਲੌ ਬਾਰੇ, ਏਥੋਂ ਦਾ ਇਕ ਹੋਰ ਸਮਕਾਲੀ ਇਤਿਹਾਸਕਾਰ ਜਿਹੜਾ ਕਿ ਕੁਝ ਸਮਾਂ ਇਸ ਰਿਆਸਤ ਦਾ ਮੁੱਖ ਮੰਤਰੀ ਵੀ ਰਿਹਾ, ਇਨ੍ਹਾਂ ਸ਼ਬਦਾਂ ਵਿਚ ਬਿਆਨ ਕਰਦਾ ਹੈ:

ਰਾਤ ਨੂੰ ਅੱਠ ਵਜੇ ਤਕ ਅਕਸਰ ਨਾਚ ਗਾਣਾ ਹੁੰਦਾ ਸੀ ਅਤੇ ਸਰਦੀ ਦੇ ਮੌਸਮ ਵਿਚ ਕਦੇ-ਕਦੇ ਦੋ-ਚਾਰ ਘੰਟਿਆਂ ਲਈ ਸ਼ਿਕਾਰ ਵੀ ਹੁੰਦਾ ਸੀ। ਮਹੀਨੇ 'ਚ ਦੋ ਵੇਰ ਇਕਾਦਸ਼ੀ ਦੀ ਰਾਤ ਨੂੰ ਸ਼ਿਅਰੋ-ਸ਼ਾਇਰੀ ਦਾ ਚਰਚਾ ਵੀ ਹੋ ਜਾਂਦਾ ਸੀ ਤੇ ਸ਼ਾਇਰ ਅਤੇ ਕਵੀਸ਼ਰ ਗ਼ਜ਼ਲਾਂ ਅਤੇ ਕਬਿੱਤ ਸੁਣਾਉਂਦੇ ਹੁੰਦੇ ਸਨ।[7]

ਪਟਿਆਲਾ ਵਿਖੇ ਗਾਹੇ-ਬਗਾਹੇ ਸੰਗੀਤ ਦੇ ਮੇਲੇ ਲੱਗਦੇ, ਜਿਸ ਵਿਚ ਦੇਸ਼ ਭਰ ਦੇ ਮਹਾਨ ਗੁਣੀਜਨ ਭਾਗ ਲੈਂਦੇ। ਏਥੋਂ ਤਕ ਕਿ ਉੱਨ੍ਹੀਵੀਂ ਸਦੀ ਵਿਚ ਮਹਾਰਾਜਾ ਨੇ ਜਦੋਂ ਏਥੇ ਇਕ ਸੰਗੀਤ ਕਾਨਫ਼ਰੰਸ ਬੁਲਾਈ ਤਾਂ ਉਸ ਵਿਚ ਭਾਗ ਲੈਣ ਲਈ ਦੇਸ਼ ਭਰ ਵਿੱਚੋਂ ਚੌਦਾਂ ਸੌ ਕਲਾਕਾਰਾਂ ਨੇ ਭਾਗ ਲਿਆ ਸੀ, ਜਿਸ ਵਿਚ ਬੜੇ ਰਾਮਦਾਸ ਅਤੇ ਦਿੱਲੀ ਵਾਲੇ ਉਸਤਾਦ ਕੁਤਬ ਬਖ਼ਸ਼ ਖ਼ਾਂ, ਜਿਨ੍ਹਾਂ ਨੂੰ 'ਤਾਨਰਸ' ਦਾ ਖ਼ਿਤਾਬ ਮਿਲਿਆ ਹੋਇਆ ਸੀ, ਪਹਿਲੇ ਦਰਜੇ 'ਤੇ ਆਏ ਸਨ।

ਇਸ ਕਲਾਕਾਰ, ਅਰਥਾਤ ਮੀਆਂ ਤਾਨਰਸ ਖ਼ਾਂ ਸਾਹਿਬ ਦੇ ਦੋ ਸ਼ਾਗਿਰਦਾਂ ਜਰਨੈਲ ਸਾਹਿਬ ਤੇ ਕਰਨੈਲ ਸਾਹਿਬ ਦੇ ਸਮੇਂ ਪਟਿਆਲਾ ਘਰਾਣੇ ਦੀ ਗਾਇਕੀ ਸਿਖਰਾਂ ਨੂੰ ਪੁੱਜ ਗਈ। ਉਨ੍ਹਾਂ ਸਮੇਂ ਤਾਂ ਬੱਸ ਇਹ ਇਕ ਕਹਾਵਤ ਹੀ ਬਣ ਗਈ ਸੀ, "ਭਈ ਅੱਜ-ਕੱਲ੍ਹ 'ਤਾਨ' ਤਾਂ ਪਟਿਆਲੇ ਵਿਚ ਵਸਦੀ ਹੈ........ਭਾਰਤ ਦੇ ਹੋਰ ਕਿਸੇ ਸ਼ਹਿਰ ਵਿਚ ਨਹੀਂ। ਜਿਸ ਕਿਸੇ ਨੇ ਤਾਨ ਵੇਖਣੀ/ਸੁਣਨੀ ਹੋਵੇ......ਉਹ ਓਥੇ ਚਲਾ ਜਾਏ।"

ਇਸ ਮਹਾਨ ਗਾਇਕ ਜੋੜੀ ਤੋਂ ਥੋੜ੍ਹਾ ਜਿਹਾ ਹਟਵਾਂ ਪਟਿਆਲਾ ਦਰਬਾਰ ਦਾ ਇਕ ਹੋਰ ਕਲਾਕਾਰ ਉਸਤਾਦ ਬੁੰਦੂ ਖ਼ਾਂ ਸਾਰੰਗੀ ਨਵਾਜ਼ ਦਰਬਾਰੀ ਕਾਨ੍ਹੜਾ ਦਾ ਰੀਕਾਰਡ ਭਰਵਾਉਂਦਿਆਂ (ਜਿਹੜਾ ਕਿ ਇਸ ਲੇਖਕ ਦੇ ਸੰਗ੍ਰਹਿ ਵਿਚ ਸੁਰੱਖਿਅਤ ਹੈ) ਸਾਰੰਗੀ ਵਜਾਉਂਦਿਆ ਐਲਾਨੀਆ ਤੌਰ 'ਤੇ ਵਿਚ ਕਹਿ ਵੀ ਦਿੰਦਾ ਹੈ, "ਬਾਰ੍ਹਾਂ ਬਰਸ ਕੋਈ ਮਿਹਨਤ ਕਰੇ ਤੋ ਸਾਰਿੰਗਿਓਂ ਸੇ ਯੇਹ ਤਾਨੇਂ ਸੁਨਨੇ ਮੇਂ ਨਹੀਂ ਆਏਂਗੀ। ਹੇ! ਕਿ ਯੇਹ ਗਈ!! ਬੀਨ ਵਾਲੇ ਲਗਾਤੇ ਹੈਂ ਯੇਹ।"

---

7. ਖ਼ਲੀਫ਼ਾ ਮੁਹੰਮਦ ਹਸਨ, *ਤਾਰੀਖ਼-ਪਟਿਆਲਾ* (ਉਰਦੂ), ਸਫ਼ੀਰਿ-ਹਿੰਦ ਪ੍ਰੈਸ, ਅੰਮ੍ਰਿਤਸਰ, 1878; ਸਫ਼ਾ 463.

 www.sikhbookclub.com

ਮੀਆਂ ਦਿੱਤੇ ਖ਼ਾਂ, ਉਸਤਾਦ ਤਾਨਰਸ ਖ਼ਾਂ, ਮੀਆਂ ਕਾਲੂ ਖ਼ਾਂ, ਗੋਖੀ ਬਾਈ, ਭਾਈ ਮਹਿਬੂਬ ਅਲੀ ਅਤੇ ਮਹੰਤ ਗੱਜਾ ਸਿੰਘ ਇਸ ਘਰਾਣੇ ਦੇ ਥੰਮ੍ਹ ਕਹੇ ਜਾ ਸਕਦੇ ਹਨ ਪਰ ਜਿਨ੍ਹਾਂ ਦੋ ਕਲਾਕਾਰਾਂ ਨੇ ਇਸਦੀ ਗਾਇਕੀ ਨੂੰ ਸਿਖਰਾਂ ਤਕ ਪਹੁੰਚਾਇਆ, ਉਹ ਸਨ ਤਾਨਰਸ ਖ਼ਾਂ ਦੇ ਦੋ ਸ਼ਾਗਿਰਦ: ਉਸਤਾਦ ਅਲੀ ਬਖ਼ਸ਼ ਜਰਨੈਲ ਸਾਹਿਬ ਅਤੇ ਫ਼ਤਿਹ ਅਲੀ ਖ਼ਾਂ ਕਰਨੈਲ ਸਾਹਿਬ। ਯਾਦ ਰਹੇ ਇਹ ਦੋਵੇਂ ਉਹ ਵਿਅਕਤੀ ਸਨ ਜਿਨ੍ਹਾਂ ਨੂੰ ਦੇਸ਼ ਦੇ ਕੁਝ ਮਹਾਰਾਜਿਆਂ ਤੋਂ ਛੁੱਟ 'ਜਰਨੈਲ' ਅਤੇ 'ਕਰਨੈਲ' ਦਾ ਇਹ ਮਾਣ-ਮੱਤਾ ਖ਼ਿਤਾਬ ਅੰਗਰੇਜ਼ ਸਰਕਾਰ ਨੇ ਵੀ ਦਿੱਤਾ ਸੀ। ਕੀ ਆਪਣੇ ਆਪ ਵਿਚ ਇਹ ਕੋਈ ਛੋਟੀ ਗੱਲ ਹੈ ਕਿ ਬਰਤਾਨੀਆ ਵਿਚ ਅੱਜ ਵੀ ਉਸ ਅੰਗਰੇਜ਼ ਵਾਇਸਰਾਏ ਹਿੰਦ ਲਾਰਡ ਐਡਵਰਡ ਐਲਗਨ (1857-1934 ਈ.) ਦੀ ਫੋਟੋ ਵੀਹ ਪੌਂਡ ਦੇ ਨੋਟ 'ਤੇ ਛਪਦੀ ਹੈ, ਜਿਸਨੇ ਉਦੋਂ ਕਲਕੱਤਾ ਵਿਖੇ ਅਲੀ ਬਖ਼ਸ਼ ਅਤੇ ਫ਼ਤਿਹ ਅਲੀ ਨੂੰ ਇਹ ਦੋਵੇਂ ਖ਼ਿਤਾਬ ਬਖ਼ਸ਼ ਕੇ ਉਨ੍ਹਾਂ ਦੇ ਪੈਰਾਂ ਵਿਚ ਪਾਉਣ ਲਈ ਸੋਨੇ ਦੇ ਤਾਜ਼ੀਮ (ਝਾਂਜਰ ਕੜੇ) ਵੀ ਪੇਸ਼ ਕੀਤੇ ਸਨ! ਯਾਦ ਰੱਖਣ ਵਾਲੀ ਗੱਲ ਹੈ ਕਿ ਉਨ੍ਹਾਂ ਰਿਆਸਤੀ ਸਮਿਆਂ ਵਿਚ ਆਮ ਵਿਅਕਤੀ ਨੂੰ ਪੈਰਾਂ ਵਿਚ ਇਹ ਗਹਿਣਾ ਪਾਉਣ ਦੀ ਮਨਾਹੀ ਹੁੰਦੀ ਸੀ ਜਿਸਨੂੰ ਸਿਰਫ਼ ਅਤੇ ਸਿਰਫ਼ ਰਾਜੇ ਮਹਾਰਾਜੇ ਹੀ ਪਹਿਨ ਸਕਦੇ ਸਨ।

ਦੱਸਿਆ ਜਾਂਦਾ ਹੈ ਅਲੀ ਬਖ਼ਸ਼ ਖ਼ਾਂ ਲੋਹੜੇ ਦਾ ਤਾਨਬਾਜ਼ ਸੀ ਅਤੇ ਬਹੁਤ ਤਿਆਰ ਗਾਉਂਦਾ ਸੀ। ਸਪਾਟ ਦੀਆਂ ਤਾਨਾਂ ਲੈਂਦਾ ਜਿਵੇਂ ਅਸਮਾਨ ਵੱਲ ਨੂੰ ਕੋਈ ਰੌਕਟ ਚੜ੍ਹ ਰਿਹਾ ਹੋਵੇ। ਦੇਸ਼ ਭਰ ਦੇ ਕਲਾਕਾਰ ਉਸ ਦਾ ਨਾ ਲੈਂਦਿਆ ਆਪਣੇ ਕੰਨ ਫੜਦੇ ਸਨ। ਪਰ ਇਕ ਵੇਰ ਟੌਂਕ ਰਿਆਸਤ ਵਿਚ ਦੇਸ਼ ਦੇ ਇਕ ਸਿਰਮੌਰ ਸਾਰੰਗੀਏ ਉਸਤਾਦ ਮਿਰਚ ਖ਼ਾਂ ਨੇ ਉਸ ਨਾਲ ਮੁਕਾਬਲੇ ਲਈ ਜਦੋਂ ਜ਼ਿੱਦ ਕੀਤੀ ਤਾਂ ਜਰਨੈਲ ਸਾਹਿਬ ਦੀਆਂ ਤਾਨਾਂ ਸਾਰੰਗੀ ਵਿਚ ਨਾ ਨਿਕਲਣ ਦੀ ਸੂਰਤ ਵਿਚ ਮਿਰਚ ਖ਼ਾਂ ਨੇ ਖ਼ੁਦਕੁਸ਼ੀ ਕਰ ਲਈ ਸੀ। ਯਾਦ ਰਹੇ ਜਰਨੈਲ ਸਾਹਿਬ ਨੇ ਉਸ ਸਮੇਂ "ਭੂਪ ਕਲਿਆਣ" ਛੇੜਿਆ ਹੋਇਆ ਸੀ।

ਮੁਕਾਬਲੇ ਵਾਲੇ ਦਿਨ ਮਿਰਚ ਖ਼ਾਂ ਨੇ ਆਪਣੀ ਹਾਰ ਮੰਨਦਿਆਂ ਹੋਇਆਂ, ਨਵਾਬ ਸਾਹਿਬ ਅੱਗੇ ਖੜ ਕੇ, ਗਲ ਵਿਚ ਪੱਲਾ ਪਾ ਕੇ ਇਹ ਗੱਲ ਆਖੀ ਸੀ: "ਹਜ਼ੂਰ, ਜਰਨੈਲ ਸਾਹਿਬ ਦੇ ਉਸਤਾਦ ਮੀਆਂ ਤਾਨਰਸ ਖ਼ਾਂ ਸਾਹਿਬ ਦੇ ਨਾਲ ਮੈਂ ਸਤਾਰਾਂ ਸਾਲ ਸਾਰੰਗੀ ਵਜਾਈ ਹੈ, ਪਰ ਅਫ਼ਸੋਸ, ਅੱਜ ਮੈਥੋਂ ਇਨ੍ਹਾਂ ਦਾ ਸਾਥ ਨਹੀਂ ਦੇ ਹੋਇਆ। ਅਗਰ ਮੈਂ ਏਕ ਤਾਨ ਬਜਾਤਾ ਹੂੰ, ਤੋ ਯੇਹ ਊਪਰ ਸੇ ਸਾਤ ਤਾਨੇਂ ਫੈਂਕਤੇ ਹੈਂ। ਅਗਰ ਕੋਈ ਗਵੱਈਆ ਆਸਮਾਨ ਸੇ ਭੀ ਆ ਜਾਏ, ਮੈਂ ਉਸਕਾ ਸਾਥ ਕਰਨੇ ਕੇ ਲਈ ਤਿਆਰ ਹੂੰ, ਪਰ ਅਫ਼ਸੋਸ! ਆਜ ਮੁਝਸੇ ... !"

ਬਸ ਏਨੀ ਗੱਲ ਕਹਿ ਕੇ ਹੀ ਉਸਦਾ ਗਲਾ ਭਰ ਗਿਆ ਸੀ। ਅਲੀ ਬਖ਼ਸ਼ ਖ਼ਾਂ ਤੇ ਫ਼ਤਿਹ ਅਲੀ ਖ਼ਾਂ ਨੂੰ ਰਿਆਸਤ ਟੌਂਕ ਤੇ ਨੇਪਾਲ ਤੋਂ ਵੀ ਇਨ੍ਹਾਂ ਖ਼ਿਤਾਬਾਂ ਨਾਲ ਸਨਮਾਨਿਆ ਜਾ ਚੁੱਕਾ ਸੀ। ਰਿਆਸਤ ਟੌਂਕ ਦੇ ਨਵਾਬ ਨੇ ਤਾਂ ਜਰਨੈਲ ਸਾਹਿਬ ਨੂੰ ਆਪਣਾ ਗੁਰੂ ਵੀ ਧਾਰਨ ਕਰ ਲਿਆ ਸੀ ਤੇ ਇਕ ਵੇਰ ਉਸ ਨੂੰ ਸੋਨੇ ਦੇ ਤਾਜ਼ੀਮ, ਭਾਵ ਪੈਰਾਂ ਦੇ ਕੰਗਣ, ਦੇ ਕੇ ਵਿਦਾ ਕੀਤਾ ਸੀ। ਜਰਨੈਲ ਸਾਹਿਬ ਅਤੇ ਕਰਨੈਲ

ਸਾਹਿਬ ਦੇ ਗਾਇਨ ਵਿਚ ਫ਼ਰਕ ਇਹ ਸੀ ਕਿ ਪਹਿਲੇ ਖ਼ਾਂ ਸਾਹਿਬ ਜਿਥੇ ਅਤਿਅੰਤ ਤਿਆਰ ਗਾਉਂਦੇ ਸਨ, ਉਥੇ ਦੂਜੇ ਖ਼ਾਂ ਸਾਹਿਬ ਮੁਕਾਬਲਤਨ ਵਧੇਰੇ ਸੁਰੀਲੇ ਸਨ।

ਉਨ੍ਹਾਂ ਦੋਹਾਂ ਨੂੰ ਗੋਖੀ ਬਾਈ ਨੇ ਤਿਆਰ ਕੀਤਾ ਸੀ। ਦੱਸਿਆ ਜਾਂਦਾ ਹੈ ਕਿ ਇਸ ਡਰ ਤੋਂ ਕਿ ਉਸ ਦੀ ਗਾਇਕੀ ਜਾਂ ਉਸ ਦਾ ਅੰਗ ਚੋਰੀ ਛੁਪੇ ਕਿਸੇ ਹੋਰ ਗਵੱਈਏ ਕੋਲ ਨਾ ਚਲਾ ਜਾਏ, ਗੋਖੀ ਬਾਈ ਨੇ ਉਨ੍ਹਾਂ ਨੂੰ ਵੀਹ ਸਾਲ ਇਕ ਭੋਰੇ ਵਿਚ ਹੀ ਤਾਲੀਮ ਦਿੱਤੀ ਸੀ। ਉਸ ਤੋਂ ਛੁੱਟ ਉਹ ਬਹਾਦੁਰ ਹੁਸੈਨ ਖ਼ਾਂ, ਜਿਸ ਦਾ ਸੰਬੰਧ ਮੀਆਂ ਤਾਨ ਸੈਨ ਦੇ ਸੈਨੀ ਘਰਾਣੇ ਨਾਲ ਸੀ, ਉਸ ਕੋਲੋਂ ਤਿੰਨ ਸਾਲ ਤਰਾਨੇ ਦੀ ਤਾਲੀਮ ਲੈਂਦੇ ਰਹੇ। ਉਹ ਫਿਰ ਜੈਪੁਰ ਵਾਲੇ ਮਹਾਨ ਪੰਡਿਤ ਬਹਿਰਾਮ ਖ਼ਾਂ ਸਾਹਿਬ ਦੇ ਸ਼ਾਗਿਰਦ ਵੀ ਬਣੇ। ਉਸ ਪਿੱਛੋਂ ਉਹ ਰਿਆਸਤ ਰੀਵਾ ਦੇ ਮਹਾਨ ਉਸਤਾਦ ਮੁਬਾਰਕ ਅਲੀ ਖ਼ਾਂ ਤੋਂ ਵੀ ਫ਼ੈਜ਼ ਪਾਉਂਦੇ ਰਹੇ। ਉਨ੍ਹਾਂ ਨੇ ਗਵਾਲੀਅਰ ਦੀਆਂ ਨਾਮਵਰ ਹਸਤੀਆਂ ਹੱਦੂ ਹੱਸੂ ਖ਼ਾਂ ਹੋਰਾਂ ਤੋਂ ਵੀ ਇਸ ਇਲਮ ਸੰਬੰਧੀ ਕੁਝ ਚੀਜ਼ਾਂ ਲਈਆਂ। ਦਿੱਲੀ ਘਰਾਣੇ ਵਾਲੇ ਮਹਾਨ ਉਸਤਾਦ ਮੀਆਂ ਤਾਨਰਸ ਖ਼ਾਂ, ਜਿਹੜਾ ਮੁਗ਼ਲਾਂ ਦੇ ਆਖ਼ਰੀ ਤਾਜਦਾਰ ਬਾਦਸ਼ਾਹ ਬਹਾਦਰ ਸ਼ਾਹ 'ਜ਼ਫ਼ਰ' ਦਾ ਉਸਤਾਦ ਸੀ, ਕੋਲ ਵੀ ਕਈ ਵਰ੍ਹੇ ਰਹੇ। ਇਸ ਅਖ਼ੀਰਲੇ ਉਸਤਾਦ ਨੇ ਉਨ੍ਹਾਂ ਨੂੰ ਅਸਲ ਮੰਜ਼ਿਲ ਤਕ ਪਹੁੰਚਾਇਆ। ਦੱਸਿਆ ਜਾਂਦਾ ਹੈ ਕਿ ਮੁਗ਼ਲ ਦਰਬਾਰ ਦੇ ਇਸ ਸ਼ਾਹੀ ਗਵੱਈਏ ਨੇ ਜਦੋਂ ਇਸ ਜੋੜੀ ਨੂੰ ਪਹਿਲੀ ਵੇਰ ਸੁਣਿਆ ਤਾਂ ਉਸ ਦੀ ਬੂਟੀ (ਜਿਸ ਦਾ ਉਹ ਨਸ਼ਾ ਕਰਦਾ ਹੁੰਦਾ ਸੀ) ਲਹਿ ਗਈ ਸੀ।

ਇਨ੍ਹਾਂ ਸਭਨਾ ਘਰਾਣਿਆਂ ਦੇ ਉਸਤਾਦਾਂ ਤੋਂ ਜਿਹੜੀ ਜਿਹੜੀ ਚੀਜ਼ ਵੀ ਉਨ੍ਹਾਂ ਨੂੰ ਚੰਗੀ ਲੱਗੀ, ਉਹ ਲੈ ਕੇ, ਉਨ੍ਹਾਂ ਨੇ ਪੰਜਾਬ ਦੇ ਇਸ ਵਿਰਾਟ ਘਰਾਣੇ ਦੀ ਨੀਂਹ ਰੱਖੀ। ਉਨ੍ਹਾਂ ਦੀ ਗਾਇਕੀ ਕਾਹਦੀ ਸੀ, ਥਾਂ-ਥਾਂ ਤੋਂ ਸੁਹਣੇ-ਸੁਹਣੇ ਫੁੱਲ ਚੁਣ-ਚੁਣ ਕੇ ਬਣਾਇਆ ਗਿਆ ਇਕ ਗੁਲਦਸਤਾ ਸੀ। ਇਸ ਦਾ ਇਹ ਅਸਰ ਹੋਇਆ ਕਿ ਥੋੜ੍ਹੇ ਸਮੇਂ ਵਿਚ ਹੀ ਇਸ ਘਰਾਣੇ ਨੇ ਤੂਫ਼ਾਨ ਜਿਹਾ ਮਚਾ ਦਿੱਤਾ। ਉਸਤਾਦ ਆਸ਼ਕ ਅਲੀ ਖ਼ਾਂ ਦਾ ਮਾਮਾ ਅੱਲਾ ਦੀਆ ਖ਼ਾਂ 'ਮਿਹਰਬਾਨ', ਜਿਸ ਨੂੰ ਸ਼ਾਮ ਚੁਰਾਸੀ ਘਰਾਣੇ ਦੇ ਉਸਤਾਦ ਨਿਆਜ਼ ਹੁਸੈਨ ਖ਼ਾਂ 'ਸ਼ਾਮੀ' (1917-1972 ਈ.), ਪਟਿਆਲਾ ਘਰਾਣੇ ਦਾ ਪ੍ਰਾਪੇਗੰਡਾ ਸੈਕਟਰੀ ਆਖਦੇ ਹੁੰਦੇ ਸਨ, ਉਸਦੀ ਰਾਗ ਦਰਬਾਰੀ ਦੀ ਇਕ ਬੰਦਸ਼ ਅਨੁਸਾਰ :

ਅਸਥਾਈ : *ਨਗਰ ਨਗਰ ਫਿਰ ਗਾਏ ਹਿੰਦ ਮੇਂ,*
*ਸਭ ਗੁਨੀਅਨ ਕੇ ਆਗੇ, ਸਨਮੁੱਖ ਧੂਮ-ਧਾਮ ਸੌਂ।*
ਅੰਤਰਾ : *ਸੁਰ ਕਾ ਪੁਤਲਾ ਫ਼ਤਿਹ ਅਲੀ ਖ਼ਾਂ*
*'ਮਿਹਰਬਾਨ' ਥੈ ਸਭ ਰਾਜੇ,*
*ਮੋਤੀਆਂ ਹਾਰ ਪਹਿਨਾਏ,*
*ਮਨਮਾਰ ਨਗਰ ਨਗਰ ਫਿਰ ਗਾਏ।*[8]

---

8. 'ਤਾਨ ਕਪਤਾਨ ਜੱਗ ਮੇਂ ਕਹਾ ਗਏ, ਫ਼ਤਿਹ ਅਲੀ ਖ਼ਾਨ।'
ਕਿਰਾਨਾ ਘਰਾਣੇ ਦੀ ਪ੍ਰਸਿੱਧ ਗਾਇਕਾ ਮਲਿਕਾਇ ਮੌਸੀਕੀ ਰੌਸ਼ਨ ਆਰਾ ਬੇਗਮ (1924-1982 ਈ.) ਨੇ ਵੀ ਉਸਦੀ ਮਹਿਮਾ ਵਿਚ ਇਹ ਅਸਥਾਈ 1941-1942 ਈ. ਵਿਚ ਕੋਲੰਬੀਆ ਗ੍ਰਾਮੋਫ਼ੋਨ ਕੰਪਨੀ (Co : VE 5032) ਦੁਆਰਾ ਰੀਕਾਰਡ ਕਰਵਾਈ ਸੀ, ਜਿਹੜੀ ਰਾਗ ਅੜਾਨਾ ➡

ਅਤੇ ਜਾਂ ਫਿਰ :

*ਅਸਥਾਈ : ਹਿੰਦ ਮੇਂ ਨਾਮ ਕੀਓ, ਫ਼ਤਿਹ ਅਲੀ ਖ਼ਾਂ ਨੇ।*
*ਅੰਤਰਾ : ਤਾਨ ਤਲਵਾਰ ਮੈਦਾਨ ਮੇਂ ਚਲਨੇ ਲਗੀ,*
*ਕੁਛ ਫ਼ਰਕ ਹੀ ਨਹੀਂ ਜਰਨਲ ਕਪਤਾਨ ਮੇਂ।* *(ਰਾਗ ਕੈਦਾਰਾ—ਦਰੁੱਤ)*

ਫ਼ਤਿਹ ਅਲੀ ਖ਼ਾਂ ਕਰਨੈਲ ਸਾਹਿਬ ਦੇ ਜਿਹੜੇ ਇਕ ਸ਼ਾਗਿਰਦ ਨੇ ਪਟਿਆਲਾ ਘਰਾਣੇ ਦੀ ਗਾਇਕੀ ਦਾ ਬੰਗਾਲ ਦੇ ਇਲਾਕੇ 'ਚ, ਖ਼ਾਸ ਕਰਕੇ ਕਲਕੱਤਾ ਅਤੇ ਉਸਦੇ ਨੇੜੇ ਤੇੜੇ ਬਹੁਤ ਪ੍ਰਚਾਰ ਕੀਤਾ, ਉਹ ਸਨ ਕਸੂਰ ਘਰਾਣੇ ਦੇ ਉਸਤਾਦ ਮੀਰਾਂ ਬਖ਼ਸ਼ ਉਰਫ਼ ਕਾਲੇ ਖ਼ਾਂ (1872-1917 ਈ.)। ਆਪ ਪਦਮ ਭੂਸ਼ਨ ਬੜੇ ਗ਼ੁਲਾਮ ਅਲੀ ਖ਼ਾਂ ਦੇ ਚਾਚਾ ਸਨ ਅਤੇ ਇਕ ਬੜੇ ਵੱਡੇ, ਦਬੰਗ ਗਵੱਈਏ ਸਨ। ਉਨ੍ਹਾਂ ਨੂੰ ਅਕਸਰ 'ਭੂਤ ਗਾਇਕ' ਕਰਕੇ ਵੀ ਜਾਣਿਆ ਜਾਂਦਾ ਸੀ। ਸਾਡੇ ਕੋਲ ਉਨ੍ਹਾਂ ਦੀਆਂ ਦੋ ਤਿੰਨ ਬੇਹੱਦ ਨਾਦਰ ਨਾਯਾਬ ਚੀਜ਼ਾਂ ਸੁਰੱਖਿਅਤ ਹਨ ਜਿਹੜੀਆਂ ਕਿ ਉਨ੍ਹਾਂ ਦੀ ਆਵਾਜ਼ ਵਿਚ 1904-1905 ਈ. ਵਿਚ ਭਰੀਆਂ ਗਈਆਂ ਸਨ। ਰਾਗ ਹਨ : ਤਿਲਕ ਕਮੋਦ, ਛਾਇਆ ਨਟ ਅਤੇ ਬਿਹਾਗ ਆਦਿ। 1904 ਈ. ਵਿਚ ਇਕ ਪਾਸੇ ਭਰੇ ਗਏ ਲਾਖ ਦੇ ਤਵੇ 'ਤੇ ਅਜੇ ਉਹ ਚੀਜ਼ ਦੇ ਬੋਲ, "ਨੀਰ ਭਰਨ ਕੈਸੇ ਜਾਊਂ ਮੋਰੀ ਸੱਜਨੀ" ਹੀ ਸ਼ੁਰੂ ਕਰਦਾ ਹੈ ਕਿ ਵਿਚ ਹੀ ਇਹ ਗੱਲ ਆਖਣ ਲੱਗ ਪੈਂਦਾ ਹੈ, "ਨਾ ਭਈ ਨਾ, ਮੈਂ ਨਹੀਂ ਗਾਤਾ। ਮੇਰਾ ਗਾਣਾ ਚੋਰੀ ਹੋ ਜਾਏਗਾ।" ਇਹ ਚੀਜ਼ ਭਾਵੇਂ ਉਸਨੇ ਤਿਲਕ ਕਮੋਦ ਵਿਚ ਗਾਈ ਹੋਈ ਹੈ ਪਰ ਉਸਦੀ ਜੈਕਟ 'ਤੇ ਸ਼ਬਦ 'ਕੱਵਾਲੀ'[9] ਵੀ ਉੱਕਰਿਆ ਹੋਇਆ ਹੈ।

ਉਸਤਾਦ ਫ਼ਤਿਹ ਅਲੀ ਖ਼ਾਂ ਕਰਨੈਲ ਸਾਹਿਬ ਦੇ ਆਪਣੇ ਇਕਲੌਤੇ ਪੁੱਤਰ ਉਸਤਾਦ ਆਸ਼ਕ ਅਲੀ ਖ਼ਾਂ ਨੇ ਵੀ ਉਂਜ ਤਾਂ ਦੇਸ਼ ਦੀਆਂ ਚੌਹੇਂ ਕੂਟਾਂ ਵਿਚ ਪ੍ਰਚਾਰ ਪ੍ਰਸਾਰ ਕੀਤਾ, ਪਰ ਸਭ ਤੋਂ ਵੱਧ ਉਸਨੇ ਸਿੰਧ ਦੇ ਇਲਾਕੇ ਵਿਚ ਇਹ ਗਾਇਕੀ ਫੈਲਾਈ। ਦੱਸਿਆ ਜਾਂਦਾ ਹੈ ਕਿ ਇਹ ਉਸਤਾਦ ਸਿੰਧੀ ਭੈਰਵੀ ਅਤੇ ਸਰਾਇਕੀ ਕਾਫ਼ੀ ਗਾਉਣ ਵਿਚ ਬੇਮਿਸਾਲ ਸੀ। ਜਦੋਂ ਉਹ ਏਹੋ ਜਿਹੀਆਂ ਚੀਜ਼ਾਂ ਗਾਉਂਦਾ :

---

← ਵਿਚ ਹੈ। ਇਹ ਹੀ ਚੀਜ਼ ਜਿਹੜੀ ਏਸੇ ਘਰਾਣੇ ਦੀ ਖ਼ਾਸ ਹੈ, ਜਰਨੈਲ ਸਾਹਿਬ ਦੇ ਪੋਤੇ ਉਸਤਾਦ ਫ਼ਤਿਹ ਅਲੀ ਖ਼ਾਂ (ਪਾਕਿਸਤਾਨ) ਨੇ ਵੀ ਕੀ ਗਾਈ ਹੈ, ਕਿ ਬਸ ਤਬਾਹੀ ਮਚਾ ਦਿੱਤੀ ਹੈ। ਉਸਦਾ ਰਾਗ ਦਰਬਾਰੀ ਵੀ ਸੁਣਨ ਨਾਲ ਹੀ ਸੰਬੰਧ ਰੱਖਦਾ ਹੈ।

9. ਸ਼ੁੱਧ ਰਾਗਾਂ ਦੇ ਨਾਮਾਂ ਨਾਲ ਕੱਵਾਲੀ ਦੀ ਜੁੜਤ, ਸੰਗੀਤ ਦੇ ਵਿਦਵਾਨਾਂ ਲਈ ਅਸਲੋਂ ਹੀ ਇਕ ਨਵਾਂ ਨੁਕਤਾ ਜਾਂ ਪਹਿਲੂ ਹੈ। ਸਾਡੇ ਕੋਲ ਉਸਤਾਦ ਵਿਲਾਇਤ ਖ਼ਾਂ ਸਿਤਾਰ ਨਵਾਜ਼ ਦੇ ਬਾਬਾ ਉਸਤਾਦ ਇਮਦਾਦ ਖ਼ਾਂ ਦਾ ਵੀ ਲਾਖ ਦਾ ਇਕ ਤਵਾ ਹੁੰਦਾ ਸੀ, ਜਿਹੜਾ 1908 ਈ. ਵਿਚ ਜਰਮਨੀ ਵਿਚ ਤਿਆਰ ਕੀਤਾ ਗਿਆ ਸੀ। ਉਸ ਉੱਪਰ ਉਸਤਾਦ ਦਾ ਨਾਂ ਛਾਪ ਕੇ, ਇਹ ਵੀ ਲਿਖਿਆ ਹੋਇਆ ਸੀ—Indian Guitar ਅਤੇ ਉਰਦੂ ਅੱਖਰਾਂ ਵਿਚ ਸੀ, ਸਿਤਾਰ ਕੀ ਗਤ—ਬਿਹਾਗ ਅਤੇ ਬਿਹਾਗ ਦੇ ਮਗਰੋਂ ਉਰਦੂ ਅੱਖਰਾਂ ਵਿਚ ਹੀ ਸ਼ਬਦ 'ਕੱਵਾਲੀ' ਬਰੈਕਟਾਂ ਵਿਚ ਲਿਖਿਆ ਹੋਇਆ ਸੀ—ਨੁਕਤੇ ਵਾਲੇ ਕਾਫ਼ ਨਾਲ ਨਹੀਂ ਬਲਕਿ ਡੰਡੇ ਵਾਲੇ ਕਾਫ਼ ਨਾਲ। ਅਫ਼ਸੋਸ, ਉਹ ਅਦੁੱਤੀ ਤਵਾ ਸਾਡੇ ਕੋਲੋਂ ਕਈ ਸਾਲ ਪਹਿਲਾਂ ਹੱਥ 'ਤੇ ਹੱਥ ਮਾਰ ਕੇ ਸਾਡਾ ਇਕ ਉਚੱਕਾ ਦਸੌਰੀ ਦੋਸਤ ਲੈ ਕੇ ਉੱਡ ਗਿਆ ਸੀ। ਉਸਦੇ ਉਦੋਂ ਹੋਰ ਕੱਢੇ ਗਏ ਤਵਿਆਂ 'ਤੇ ਵੀ ਜੌਨਪੁਰੀ ਕੱਵਾਲੀ, ਖ਼ਮਾਜ ਕੱਵਾਲੀ, ਕਾਫ਼ੀ ਕੱਵਾਲੀ ਲਿਖਿਆ ਮਿਲਦਾ ਸੀ।

 www.sikhbookclub.com

*ਦੀਦਾਂ ਵਾਲੇ ਦੀਦ ਕਰੇਸਨ,*
*ਮੇਰਾ ਵਿਛੜਿਆ ਯਾਰ ਮਿਲਾ ਦੇ ਬੇ ਮੀਆਂ।*
*ਸਦਕਾ ਪੰਜ ਤਨ ਦਾ।*

1935 ਈ. ਦੀ ਇਹ ਇਕ ਪ੍ਰਸਿੱਧ ਘਟਨਾ ਹੈ ਕਿ ਜੈਨੋਫ਼ੋਨ ਕੰਪਨੀ ਲਾਹੌਰ ਵਾਲਿਆਂ ਨੇ ਉਸਦਾ ਰੀਕਾਰਡ ਬਣਾਉਣ ਲਈ ਉਸਦੀ ਆਵਾਜ਼ ਭਰਨੀ ਸੀ, ਬੋਲ ਸਨ : "ਢੋਲਣ ਮਿਲਸੀ ਕਿਹੜੇ ਵਾਰ ਸਾਨੂੰ, ਮਿਲਸੀ ਕਿਹੜੇ ਵਾਰ ?" ਖ਼ਾਂ ਸਾਹਿਬ ਨੇ ਸਿੰਧੀ ਭੈਰਵੀ ਦੀ ਇਹ ਚੀਜ਼ ਗ਼ਮ 'ਚ ਡੁੱਬ ਕੇ ਅਜਿਹੀ ਗਾਈ ਕਿ ਜਿਥੇ ਇਸ ਵਿਚ ਉਹ ਆਪ ਖੋ ਗਏ, ਓਥੇ ਸਰੋਤਿਆਂ ਨੂੰ ਆਪਣੀ ਕੋਈ ਸੁੱਧ-ਬੁੱਧ ਨਹੀਂ ਸੀ ਰਹੀ। ਸੁਣਨ ਵਾਲਿਆਂ ਵਿਚ ਇਹ ਵਿਅਕਤੀ ਖ਼ਾਸ ਸਨ : ਪਲੇਬੈਕ ਸਿੰਗਰ ਸ਼ਮਸ਼ਾਦ ਬੇਗਮ, ਉਸਦੀ ਵੱਡੀ ਭੈਣ ਮੁਬਾਰਕ ਬੇਗਮ, ਹੁਸ਼ਿਆਰਪੁਰ ਦੀ ਪ੍ਰਸਿੱਧ ਗਾਇਕਾ ਉਮਰਾਓ ਜ਼ਿਆ ਬੇਗਮ ਅਤੇ ਸੁਪ੍ਰਸਿੱਧ ਰਬਾਬੀ ਮਾਸਟਰ ਗ਼ੁਲਾਮ ਹੈਦਰ—ਫ਼ਿਲਮੀ ਧੁਨਾਂ ਬਣਾਉਣ ਦਾ ਧਨੰਤਰ ਅਤੇ ਦੁਨੀਆਂ ਵਾਲਿਆਂ ਲਈ ਮੈਡਮ ਨੂਰਜਹਾਨ, ਲਤਾ ਮੰਗੇਸ਼ਕਰ ਅਤੇ ਸ਼ਮਸ਼ਾਦ ਬੇਗਮ ਵਰਗੀਆਂ ਗਾਇਕਾਵਾਂ ਆਦਿ ਨੂੰ ਘੜਨ ਵਾਲਾ ਘਾਤਾ ਜਾਦੂਗਰ। ਇਸ ਤਵਾਰੀਖ਼ੀ ਘਟਨਾ ਦਾ ਅੱਖੀਂ ਡਿੱਠਾ ਹਾਲ ਕਾਜ਼ੀ ਜ਼ਹੂਰ ਇਲਾਹੀ ਨੇ ਆਪਣੀ ਇਕ ਕਿਰਤ *ਮੁਅਲਮਅਲ ਨਗ਼ਮਾਤ* (1882 ਈ.) ਦੇ ਸਫ਼ੇ 76 'ਤੇ ਬੜੀ ਖ਼ੂਬਸੂਰਤੀ ਨਾਲ ਅੰਕਿਤ ਕੀਤਾ ਹੈ।

ਉਸਦੀ ਆਵਾਜ਼, ਉਸਤਾਦ ਬੜੇ ਗ਼ੁਲਾਮ ਅਲੀ ਖ਼ਾਂ ਸਾਹਿਬ ਦੇ ਉਲਟ ਭਾਵੇਂ ਕਿ ਐਨੀ ਸੁਰੀਲੀ ਨਹੀਂ ਤਾਂ ਵੀ ਵਿਰਤ ਅਤੇ ਲਚਕਾਰੀ ਹੈ ਕਿ ਕੋਈ ਅੰਤ ਹੀ ਨਹੀਂ; ਨਿਰਸੰਦੇਹ, ਗਾਉਣ ਸਮੇਂ ਉਹ, ਸਰੋਤਿਆਂ ਦੇ ਕਾਲਜਿਆਂ ਨੂੰ ਧੂਹ ਪਾ ਦਿੰਦਾ ਸੀ। 'ਬੋਡਾਰ' ਨਾਂ ਦੀ ਨਵੀਂ ਸ਼ੈਲੀ ਦਾ ਸਿਹਰਾ ਵੀ ਉਸਦੇ ਸਿਰ ਹੀ ਬੱਝਦਾ ਹੈ। ਇਹ ਵੀ ਪਟਿਆਲਾ ਘਰਾਣੇ ਦੀ ਇਕ ਹੋਰ ਖ਼ਾਸ ਚੀਜ਼ ਹੈ।

ਉਸਤਾਦ ਆਸ਼ਕ ਅਲੀ ਖ਼ਾਂ ਨੇ ਠੁਮਰੀ ਸ਼ੈਲੀ ਦੇ ਅੰਤਰਗਤ ਸਿੰਧੀ ਭੈਰਵੀ, ਕਾਫ਼ੀ ਅਤੇ ਠੁਮਰੀ ਸ਼ੈਲੀਆਂ ਨੂੰ ਮਿਲਾ ਕੇ ਇਸ ਨਵੀਂ ਸ਼ੈਲੀ ਦਾ ਆਵਿਸ਼ਕਾਰ ਕੀਤਾ ਸੀ। ਇਸ ਤੋਂ ਛੁੱਟ ਇਹ ਉਹ ਹੀ ਕਲਾਕਾਰ ਸੀ ਜਿਸਨੇ ਪੰਜਾਬੀ ਅੰਗ ਠੁਮਰੀ ਨੂੰ ਵੀ ਬੇਹੱਦ ਮਕਬੂਲ ਬਣਾਉਣ ਵਿਚ ਆਪਣਾ ਪੂਰਾ ਹਿੱਸਾ ਪਾਇਆ। ਏਸੇ ਹੀ ਘਰਾਣੇ ਦੇ ਦੋ ਹੋਰ ਉਸਤਾਦਾਂ, ਬੜੇ ਗ਼ੁਲਾਮ ਅਲੀ ਖ਼ਾਂ ਅਤੇ ਉਸਦੇ ਛੋਟੇ ਵੀਰ ਬਰਕਤ ਅਲੀ ਨੇ ਪਟਿਆਲਾ ਘਰਾਣੇ ਦੀ ਸਾਰੀ ਦੁਨੀਆਂ ਵਿਚ ਧਾਂਕ ਬਿਠਾਉਣ ਲਈ ਜਿਹੜਾ ਕੰਮ ਕੀਤਾ, ਉਸਦੀ ਕਿਧਰੇ ਹੋਰ ਕੋਈ ਮਿਸਾਲ ਨਹੀਂ ਮਿਲਦੀ।

ਉਹ ਕਿਹੜੀਆਂ ਚੀਜ਼ਾਂ ਹਨ ਜਿਹੜੀਆਂ ਪਟਿਆਲਾ ਘਰਾਣੇ ਦੀਆਂ ਖ਼ਾਸ ਹਨ ਅਤੇ ਉਹ ਕੀ ਕੁਝ ਹੈ ਜਿਹੜਾ ਇਸਨੂੰ ਦੇਸ਼ ਦੇ ਦੂਜੇ ਘਰਾਣਿਆਂ ਨਾਲੋਂ ਨਿਖੇੜ ਕੇ ਜੁਦਾ ਕਰਦਾ ਹੈ ? ਪਹਿਲੀ ਗੱਲ ਤਾਂ ਇਹ ਹੈ ਕਿ ਇਸ ਘਰਾਣੇ ਦੇ ਕਲਾਕਾਰਾਂ ਦੀ ਦੂਜੇ ਘਰਾਣਿਆਂ ਦੇ ਕਲਾਕਾਰਾਂ ਨਾਲੋਂ ਤਿਆਰੀ ਬਹੁਤ ਜ਼ਿਆਦਾ ਹੈ। ਕਿਰਾਨੇ ਵਾਲਿਆਂ ਵਾਂਗ ਇਸਦੇ ਕਲਾਕਾਰ ਵਿਲੰਬਤ ਉੱਤੇ ਬਹੁਤਾ ਧਿਆਨ ਨਹੀਂ ਦਿੰਦੇ, ਸਗੋਂ ਆਪਣਾ ਸਾਰਾ ਜ਼ੋਰ ਦਰੁੱਤ ਲਯ ਉੱਤੇ ਲਾਉਂਦੇ ਹਨ। ਤਿਆਰੀ ਅਤੇ ਤਾਨਾਂ ਨੂੰ ਵਧੇਰੇ ਮਹੱਤਤਾ ਦਿੱਤੀ ਜਾਂਦੀ ਹੈ। ਗਾਉਂਦਿਆਂ ਇੰਜ ਜਾਪਦਾ ਹੈ ਜਿਵੇਂ ਹਵਾਈਆਂ

 www.sikhbookclub.com

ਉੱਡ ਰਹੀਆਂ ਹੋਣ। ਦਰੁੱਤ ਵਿਚ ਇਹ ਤੇਜ਼ੀ, ਇਹ ਤਰਾਰੀ, ਇਹ ਗਰਾਰੀ, ਇਹ ਫ਼ਰਾਰੀ, ਸਰੋਤਿਆਂ ਨੂੰ ਚਕ੍ਰਿਤ ਕਰ ਦਿੰਦੀ ਹੈ। ਦਰੁੱਤ ਲਯ ਵਿਚ ਆਵਾਜ਼ ਦਾ ਜਿਹੜਾ ਲਹਿਰਾ ਜਿਹਾ, ਲੱਛਾ ਜਿਹਾ ਚੱਲਦਾ ਹੈ, ਉਹ ਹੱਦੂ ਹੱਸੂ ਖ਼ਾਂ ਹੋਰਾਂ ਦੀ ਦੇਣ ਹੈ। ਪਰ ਜਿਹੜੀ ਚੀਜ਼ ਇਸ ਘਰਾਣੇ ਨੂੰ ਦਿੱਲੀ ਘਰਾਣੇ ਨਾਲੋਂ ਜੁਦਾ ਕਰਦੀ ਹੈ, ਉਹ ਹੈ ਗਮਕ ਦਾ ਅਥਾਹ ਰਿਆਜ਼ ਅਤੇ ਜਦੋਂ ਤਿਆਰੀ ਦੇ ਨਾਲ ਨਾਲ ਗਮਕ ਦਾ ਰਿਆਜ਼ ਪੂਰਾ ਹੋ ਜਾਏ, ਆਵਾਜ਼ ਰਸ ਵਿਚ ਡੁੱਬ ਜਾਏ, ਜਿਵੇਂ ਸ਼ਹਿਦ ਵਿਚ ਅੰਗੂਰ, ਤਾਂ ਪਟਿਆਲਾ ਗਾਇਕੀ ਦਾ ਰੂਪ ਬਣਨਾ ਸ਼ੁਰੂ ਹੋ ਜਾਂਦਾ ਹੈ। ਆਗਰਾ ਘਰਾਣੇ ਦੇ ਪ੍ਰਸਿੱਧ ਉਸਤਾਦ ਫ਼ਿਆਜ਼ ਖ਼ਾਂ ਆਫ਼ਤਾਬਿ-ਮੌਸੀਕੀ ਦੀ ਗਾਇਕੀ ਵਿਚ ਤਾਨ ਦੀ ਗੜਗੱਜ ਧਮਕ ਕਿਸੇ ਹੱਦ ਤਕ ਇਸ ਘਰਾਣੇ ਦੇ ਕਲਾਕਾਰਾਂ ਵੱਲੋਂ ਕਬੂਲੇ ਗਏ ਅਸਰ ਦਾ ਹੀ ਨਤੀਜਾ ਹੈ।

ਧਰੁੱਪਦ ਗਾਇਕੀ ਦੇ ਬਰਅਕਸ (ਉਲਟ) ਖ਼ਿਆਲ ਗਾਇਕੀ ਦਾ ਉੱਨ੍ਹੀਵੀਂ ਸਦੀ ਤਕ ਇਹ ਹਾਲ ਸੀ ਕਿ ਸਰ ਸੱਯਦ ਅਹਿਮਦ ਖ਼ਾ ਵਰਗਾ ਵਿਦਵਾਨ ਵੀ, ਦਿੱਲੀ ਦੇ ਪ੍ਰਮੁੱਖ ਗਾਇਕਾਂ ਵਜਾਇਕਾਂ ਬਾਰੇ ਆਪਣੀ ਪ੍ਰਸਿੱਧ ਕਿਰਤ *ਆਸਾਰੁਸਸੁਨਾਦੀਦ* (1846 ਈ.) ਵਿਚ ਲਿਖਣ ਲੱਗਿਆਂ, ਹੋਰਨਾਂ ਕਈਆਂ ਦੀ ਤਾਰੀਫ਼ ਦੇ ਪੁਲ ਤਾਂ ਬੰਨ੍ਹਦਾ ਹੈ, ਪਰ ਮੁਗ਼ਲੀਆ ਸਲਤਨਤ ਦੇ ਆਖ਼ਰੀ ਤਾਜਦਾਰ ਬਾਦਸ਼ਾਹ ਜ਼ਫ਼ਰ ਦੇ ਦਰਬਾਰੀ ਗਵੱਈਏ ਮੀਆਂ ਤਾਨਰਸ ਖ਼ਾਂ ਵਰਗੀ ਮਹਾਨ ਸ਼ਖ਼ਸੀਅਤ ਦਾ ਕਿਧਰੇ ਨਾਂ ਤਕ ਵੀ ਦਰਜ ਨਹੀਂ ਕਰਦਾ। ਸੋ ਪਟਿਆਲੇ ਘਰਾਣੇ ਦੀ ਇਕ ਦੇਣ ਇਹ ਵੀ ਹੈ ਕਿ ਇਸਨੇ ਗਾਇਕੀ ਦੇ ਇਸ ਨਵੇਂ ਅੰਗ ਨੂੰ ਨਾ ਕੇਵਲ ਆਪ ਵਧਾਇਆ ਫੈਲਾਇਆ, ਸਗੋਂ ਪੰਜਾਬ ਦੇ ਦੂਜੇ ਘਰਾਣਿਆਂ ਨੂੰ ਵੀ ਇਸ ਪਾਸੇ ਆਕ੍ਰਸ਼ਿਤ ਕੀਤਾ। ਇਸ ਦੇ ਕਲਾਕਾਰ ਅਲੰਕਾਰਕ, ਵੱਕਰ ਤੇ ਫਿਰਤ ਤਾਨਾਂ ਦੀ ਵਰਤੋਂ ਕਰਦੇ ਹਨ, ਤਾਨਬਾਜ਼ੀ ਵੱਲ ਵਧੇਰੇ ਧਿਆਨ ਦਿੰਦੇ ਹਨ, ਪਰ ਜਬੜੇ ਦੀ ਤਾਨ ਨਹੀਂ ਲੈਂਦੇ। 'ਖ਼ਿਆਲ' ਤਾਂ ਇਹ ਗਾਉਂਦੇ ਹੀ ਹਨ, ਪੰਜਾਬ ਅੰਗ ਦੀ ਠੁਮਰੀ ਵੀ ਗਾਉਂਦੇ ਹਨ, ਜਿਸ ਵਿਚ ਇਨ੍ਹਾਂ ਨੂੰ ਇਕ ਨਵੇਕਲਾ ਅਸਥਾਨ ਪ੍ਰਾਪਤ ਹੈ।

ਅੱਜ ਤੋਂ ਕਈ ਵਰ੍ਹੇ ਪਹਿਲਾਂ ਪਾਕਿਸਤਾਨ ਦੇ ਇਕ ਸਾਹਿਤਕਾਰ ਅਹਿਮਦ ਬਸ਼ੀਰ ਨੇ ਇਕ ਲੇਖ 'ਰਾਗਦਾਰੀ ਤੇ ਰਿਆਸਤ' ਲਿਖਿਆ ਸੀ ਜਿਸ ਵਿਚ ਇਕ ਥਾਂ ਉਹ ਕਹਿੰਦਾ ਹੈ : "ਪਟਿਆਲਾ ਘਰਾਣੇ ਦੀ ਗਾਇਕੀ ਅਸਲ ਵਿਚ ਪੰਜਾਬ ਦੀ ਗਾਇਕੀ ਹੈ; ਤਾਕਤਵਰ ਮਰਦਾਵੀਂ, ਖੁੱਲ੍ਹੀ ਤੇ ਮੁਸ਼ਕਿਲ ਪਸੰਦ। ਇਸ ਗਾਇਕੀ ਦਾ ਮਿਜ਼ਾਜ ਪੂਰੇ ਪੰਜਾਬ ਦਾ ਮਿਜ਼ਾਜ ਏ, ਜਿਹੜਾ ਏਥੋਂ ਦੀ ਛੋਟੀ ਮਾਲਿਕੀ ਕਿਸਾਨੀ ਰਵਾਇਤ ਦਾ ਮਿਜ਼ਾਜ ਏ।" ਵਿਦਵਾਨ ਲੇਖਕ ਇਨ੍ਹਾਂ ਵਾਕਾਂ ਵਿਚ ਪਤੇ ਦੀਆਂ ਗੱਲਾਂ ਕਹਿੰਦਾ-ਕਹਿੰਦਾ, ਅਖ਼ੀਰਲੇ ਦਸ ਲਫ਼ਜ਼ ਵਾਧੂ ਜੜ ਕੇ ਸਾਰੀ ਗੱਲ ਨੂੰ ਹੀ ਬੇਸੁਆਦੀ ਕਰ ਗਿਆ। ਖ਼ੂਬਸੂਰਤ ਗੱਲ ਤਾਂ ਇਹ ਹੈ ਕਿ ਇਸਨੇ ਅਵਾਮ ਦੇ ਦਿਲਾਂ ਦੀ ਧੜਕਣ ਦੀ ਤਰਜਮਾਨੀ ਵੀ ਕੀਤੀ ਹੈ। ਸੰਖੇਪ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਭਾਰਤ ਦੇ ਦੂਜੇ ਘਰਾਣਿਆਂ ਦੀ ਸੰਗੀਤ ਸ਼ੈਲੀ ਜਿਥੇ ਸ਼ਾਸਤ੍ਰੀ ਨੇਮਾਂ ਦੀ ਕੱਟੜਤਾ ਤਕ ਸੀਮਤ ਹੈ, ਉਥੇ ਪਟਿਆਲੇ ਦੀ ਗਾਇਕੀ ਵਿਚ ਸਥਾਈ ਭਾਵ ਤੋਂ ਸ਼ਾਸਤ੍ਰੀ ਨੇਮਾਂ ਵਿਚ ਰਹਿੰਦਿਆਂ ਅਜਬ ਅਜਬ ਵੱਖਰੇ ਵੇਗ ਦੀ ਤਬਦੀਲੀ ਦੀ ਗੁੰਜਾਇਸ਼ ਵੀ ਹੈ।

ਇਸ ਤੋਂ ਛੁੱਟ ਇਸਨੇ ਸ਼ਾਸਤ੍ਰੀਅਤਾ ਦੇ ਅਸਲੋਂ ਕੱਟੜਪੁਣੇ ਨੂੰ ਪਾਸੇ ਰੱਖਦਿਆਂ, ਨਿਰਾਪੁਰਾ ਹਿਸਾਬੀ ਕਿਤਾਬੀ ਫ਼ਾਰਮੂਲਿਆਂ ਦੀ ਭੂਤ-ਫੇਰੀ ਨੂੰ ਹੀ ਸਭ ਕੁਝ ਨਾ ਮੰਨਦਿਆਂ, ਪੰਜਾਬ ਦੇ ਲੋਕ-ਸੰਗੀਤ ਦੇ ਵਿਰਸੇ ਨੂੰ ਵੀ ਗਲ ਨਾਲ ਲਾਈ ਰੱਖਿਆ ਹੈ। ਅੰਗਰੇਜ਼ੀ ਦੇ ਇਕ ਸੁਪ੍ਰਸਿੱਧ ਲੇਖਕ ਥੋਮਸ ਕਾਰਲਾਈਲ ਨੇ ਵੀ ਇਕ ਵੇਰ ਇੰਜ ਕਿਹਾ ਸੀ : "ਮੇਰੇ ਵਿਚਾਰਾਂ ਅਨੁਸਾਰ, ਰੂੜ੍ਹੀਵਾਦੀ ਕਿਸਮ ਦੇ ਤਕੜੇ ਗਰਾਮਰਦਾਨ ਲਿਖਿਆਰਾਂ ਦੇ ਤੌਰ 'ਤੇ ਕੂੜ ਹੀ ਰਹੇ ਹਨ ਜਦ ਕਿ ਚੰਗੇ ਤਕੜੇ ਲਿਖਾਰੀ, ਵਿਆਕਰਣ ਪੱਖੋਂ ਭੈੜੇ ਜਾਂ ਵਿਹੂਣੇ!"[10] ਉਂਜ ਲੋਕਾਇਣ ਦੀ ਥਿਊਰੀ ਵੀ ਏਹੋ ਹੈ - ਮਨੁੱਖ ਨੂੰ ਬੋਲੀ ਪਹਿਲਾਂ ਆਉਂਦੀ ਹੈ, ਵਿਆਕਰਣ ਪਿੱਛੋਂ।

ਪਟਿਆਲਾ ਘਰਾਣੇ ਦੀ ਸ਼ੈਲੀ ਨੇ ਪੰਜਾਬ ਦੇ ਟੱਪਿਆਂ, ਵਾਰਾਂ ਤੇ ਕੁਝ ਹੋਰ ਲੋਕ-ਧੁਨਾਂ ਦੇ ਪ੍ਰਭਾਵ ਨੂੰ ਵੀ ਆਪਣੇ ਵਿਚ ਸਮੋਇਆ ਹੈ।

ਜਰਨੈਲ ਕਰਨੈਲ ਸਾਹਿਬ ਨੇ ਪਹਾੜੀ ਧੁਨਾਂ ਉੱਤੇ ਆਧਾਰਤ ਕੁਝ ਅਜਿਹੀਆਂ ਠੁਮਰੀਆਂ ਵੀ ਰਚੀਆਂ ਸਨ, ਜਿਹੜੀਆਂ ਦੇਸ਼ ਭਰ ਦੇ ਸੰਗੀਤ ਵਿਚ ਹੋਰ ਕਿਧਰੇ ਨਹੀਂ ਮਿਲਦੀਆਂ। ਆਪਣੇ ਸਮੇਂ ਬੜੇ ਗੁਲਾਮ ਅਲੀ ਖ਼ਾਂ ਦੇ ਛੋਟੇ ਭਰਾ ਉਸਤਾਦ ਬਰਕਤ ਅਲੀ ਖ਼ਾਂ ਨੇ ਠੁਮਰੀ ਤੇ ਪਹਾੜੀ ਅੰਗਾਂ ਨੂੰ ਰੌਸ਼ਨ ਰੱਖਿਆ ਸੀ, ਜਿਸ ਨੂੰ ਅੱਜ-ਕੱਲ੍ਹ ਪਾਕਿਸਤਾਨ ਦਾ ਪ੍ਰਸਿੱਧ ਗਾਇਕ ਛੋਟੇ ਗ਼ੁਲਾਮ ਅਲੀ (ਤੇਰੇ ਸ਼ੌਕ ਦਾ ਨਹੀਂ ਇਤਬਾਰ ਮੈਨੂੰ) ਜੀਉਂਦਾ ਰੱਖ ਰਿਹਾ ਹੈ।

ਪਟਿਆਲਾ ਗਾਇਕੀ ਦੀ ਹੁਸੀਨ ਸ਼ੈਲੀ ਜਿਸ ਦਾ ਮੁੱਖ ਲੱਛਣ ਸੌਂਦਰਯ ਹੈ, ਜਿਸਦੀ ਮੌਸੀਕੀ ਦਾ ਮੁੱਖ ਲੱਛਣ ਮਜ਼ਾਮੀਰੀ ਅੰਗ ਹੈ.....ਐਨੀਆਂ ਖ਼ੂਬੀਆਂ ਹੋਣ ਦੇ ਬਾਵਜੂਦ ਵੀ, ਕਦੇ ਕਦੇ ਕੁਝ ਕੀਨਾਕਾਰ ਕਲਾਕਾਰਾਂ ਵੱਲੋਂ ਅੱਖੜ ਜਾਂ ਬੇਦੱਬ ਵੀ ਅਖਵਾਉਂਦੀ ਹੈ....ਜਿਹੜੀ ਬਸ ਏਨੀ ਕੁ ਹੀ ਬੇਤੁਕੀ ਗੱਲ ਹੈ ਜਿਵੇਂ ਕੋਈ ਦਿਨ ਨੂੰ ਰਾਤ ਕਹੀ ਜਾਵੇ। ਉਂਜ 'ਪਸੰਦ ਆਪਣੀ ਆਪਣੀ' ਤਕ ਤਾਂ ਗੱਲ ਮੰਨੀ ਜਾ ਸਕਦੀ ਹੈ, ਬਾਕੀ ਤਾਂ ਨਿਰੋਪੁਰੀ ਫ਼ਜ਼ੂਲ ਗੱਲ ਹੈ। ਏਹੋ ਜਿਹੇ ਕੀਨਾਪਰਵਰਾਂ ਲਈ ਆਪਣੇ ਮੂੰਹ 'ਤੇ ਆਪ ਹੀ ਚੁਪੇੜ ਮਾਰਨ ਲਈ ਬੜੇ ਗ਼ੁਲਾਮ ਅਲੀ ਖ਼ਾਂ ਸਾਹਿਬ ਦਾ ਕੋਈ ਵੀ ਇਕ ਅੱਧ ਖ਼ਿਆਲ ਜਾਂ ਠੁਮਰੀ ਹੀ ਬਸ ਕਾਫ਼ੀ ਹੈ।

ਇਸ ਘਰਾਣੇ 'ਤੇ ਆਲੋਚਨਾ ਕਰਦਿਆਂ ਕੁਝ ਉਸਤਾਦ ਏਹੋ ਜਿਹੀਆ ਗੱਲਾਂ ਕਰਦੇ ਵੀ ਸੁਣੇ ਗਏ ਹਨ : "ਓ ਜੀ, ਪੰਜਾਬ ਵਿਚ ਧਰੁੱਪਦੀਆਂ ਦੇ ਅਸਲ ਘਰਾਣੇ ਤਾਂ ਚਾਰ ਹੋਏ ਹਨ। ਪਟਿਆਲਾ ਘਰਾਣਾ ਐਨਾ ਪੁਰਾਣਾ ਨਹੀਂ। ਉਂਜ ਵੀ ਇਹ ਘਰਾਣਾ 'ਸਾਰੰਗੀ' 'ਚੋਂ ਨਿਕਲਿਆ ਹੈ, ਕਿਉਂਕਿ ਮੀਆਂ ਕਾਲੂ, ਗੋਖੀ ਬਾਈ ਦਾ ਸਫ਼ਰਦਾ ਸੀ। ਉਨ੍ਹਾਂ ਦੋਹਾਂ ਦਾ ਇਸ਼ਕ ਹੋ ਗਿਆ ਤਾਂ ਬਾਕਾਇਦਾ ਨਿਕਾਹ ਪੜ੍ਹਿਆ ਗਿਆ। ਉਨ੍ਹਾਂ ਦੋਹਾਂ ਦੇ ਘਰ ਅਬਦੁੱਲਾ ਨਾਂ ਦੇ ਇਕ ਬੱਚੇ ਨੇ ਵੀ ਜਨਮ ਲਿਆ, ਜਿਹੜਾ ਜਰਨੈਲ ਹੋਰਾਂ ਵਾਂਗ ਹੀ ਬਹੁਤ ਗਾਇਆ, ਪਰ ਛੇਤੀ ਮਰ ਗਿਆ।" ਪਟਿਆਲਾ ਘਰਾਣੇ 'ਤੇ ਲੱਗੀ ਇਸ ਊਜ ਦਾ ਜੇਕਰ ਆਪਾਂ ਕੁਝ ਵਿਸ਼ਲੇਸ਼ਣ ਕਰੀਏ

10. "In my opinion the best grammarians of the traditional type have been the worst writers and the best writers the worst grammarians." Thomas Carlyle.

ਤਾਂ ਦੋ ਤਿੰਨ ਬੜੇ ਅਹਿਮ ਨੁਕਤੇ ਉੱਭਰ ਕੇ ਸਾਡੇ ਸਾਹਮਣੇ ਆ ਜਾਣਗੇ। ਪਹਿਲੀ ਗੱਲ ਤਾਂ ਇਹ ਹੈ ਕਿ ਏਹੋ ਜਿਹਾ ਇਲਜ਼ਾਮ ਉਨ੍ਹਾਂ ਲੋਕਾਂ ਵੱਲੋਂ ਆਉਂਦਾ ਹੈ ਜਿਹੜੇ ਆਪ ਧਰੁੱਪਦ ਨੂੰ ਛੱਡ ਕੇ ਖ਼ਿਆਲ ਗਾਇਕੀ ਅਪਣਾ ਚੁੱਕੇ ਹਨ। ਦੂਜੀ ਗੱਲ ਇਹ ਕਿ ਪਟਿਆਲਾ ਘਰਾਣਾ ਸਾਰੰਗੀ ਵਿੱਚੋਂ ਨਿਕਲਿਆ ਹੈ—ਬੜੀ ਹਾਸੋਹੀਣੀ ਜਿਹੀ ਗੱਲ ਜਾਪਦੀ ਹੈ ਕਿਉਂਕਿ ਬੜੇ ਗ਼ੁਲਾਮ ਅਲੀ ਖ਼ਾਂ ਸਾਹਿਬ ਦੇ ਪਿਤਾ ਉਸਤਾਦ ਅਲੀ ਬਖ਼ਸ਼ ਖ਼ਾਂ ਦਿਲਰੁਬਾ ਦੇ ਬੜੇ ਵੱਡੇ ਉਸਤਾਦ ਸਨ ਅਤੇ ਬੜੇ ਖ਼ਾਂ ਸਾਹਿਬ ਆਪ ਵੀ ਪਹਿਲਾਂ ਕਈ ਵਰ੍ਹੇ ਇਨਾਇਤ ਬਾਈ ਢੇਰੂ ਵਾਲੀ ਨਾਲ ਸਾਰੰਗੀ ਵਜਾਉਂਦੇ ਰਹੇ। ਏਸੇ ਤਰ੍ਹਾਂ ਉਸਤਾਦ ਅਮੀਰ ਖ਼ਾਂ ਹੋਰਾਂ ਦੀ ਜੱਦ-ਪੁਸ਼ਤ ਸਿੱਧੀ ਇਕ ਸਾਰੰਗੀ ਦੇ ਘਰਾਣੇ ਨਾਲ ਹੈ, ਪਰ ਉਹ ਦਿਨ ਰਾਤ ਤਪ ਕਰ ਕੇ ਆਉਣ ਵਾਲੀਆਂ ਨਸਲਾਂ ਲਈ ਰੀਕਾਰਡਾਂ ਦੀ ਸੂਰਤ ਵਿਚ ਉਹ ਕੁਝ ਛੱਡ ਗਏ ਹਨ, ਜਿਸ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ।

## ਪਟਿਆਲਾ ਘਰਾਣੇ ਦੀ ਵਾਦਨ ਪਰੰਪਰਾ

ਜਿਥੋਂ ਤਕ ਪਟਿਆਲਾ ਘਰਾਣੇ ਦੀ ਵਾਦਨ ਪਰੰਪਰਾ ਦਾ ਸੰਬੰਧ ਹੈ, ਆਪਣੇ ਆਪ ਵਿਚ ਇਹ ਬਹੁਤ ਅਮੀਰ ਹੈ। ਭਾਰਤ ਦੇ ਸੰਗੀਤ ਘਰਾਣਿਆਂ ਵਿਚ ਇਹ ਹੀ ਇੱਕੋ ਇਕ ਘਰਾਣਾ ਹੈ ਜਿਸ ਵਿਚ ਸਿਤਾਰ ਦੇ ਸੱਤ ਬਾਜ ਅਤੇ ਵੀਣਾ ਦੇ ਪੰਜ ਕਾਇਦੇ ਅੱਜ ਤਕ ਜੀਉਂਦੇ ਚੱਲੇ ਆ ਰਹੇ ਹਨ। ਉੱਪਰ ਅਸੀਂ ਇਸ ਗੱਲ ਦਾ ਵਰਣਨ ਕਰ ਆਏ ਹਾਂ ਕਿ ਭਾਈ ਫ਼ਰਿੰਦੇ ਦੇ ਰਬਾਬੀ ਬੰਸ ਵਿੱਚੋਂ ਕੁਝ ਕਲਾਕਾਰ ਏਥੇ ਆ ਕੇ ਟਿਕ ਗਏ ਸਨ। 1857 ਦੇ ਗ਼ਦਰ ਸਮੇਂ ਅੰਗਰੇਜ਼ਾਂ ਨੇ ਜਦੋਂ ਬਹਾਦੁਰ ਸ਼ਾਹ 'ਜ਼ਫ਼ਰ' ਨੂੰ ਬੰਦੀ ਬਣਾ ਕੇ ਰੰਗੂਨ ਭੇਜ ਦਿੱਤਾ ਤਾਂ ਉਸਦੇ ਨਾਲ ਹੀ ਉਸਦੇ ਕੁਝ ਦਰਬਾਰੀ ਸੰਗੀਤਕਾਰ ਜਿਵੇਂ ਕਿ ਸੱਯਦ ਨਿਰਮਲ ਸ਼ਾਹ ਦੇ ਪੁੱਤਰ ਮੀਰ ਨਾਸਿਰ ਅਹਿਮਦ ਖ਼ਾਂ ਨੂੰ ਵੀ ਫੜ ਲਿਆ ਗਿਆ ਸੀ। ਕਪੂਰਥਲਾ ਦੇ ਮਹਾਰਾਜਾ ਰਣਧੀਰ ਸਿੰਘ ਨੇ ਅੰਗਰੇਜ਼ਾਂ ਨੂੰ ਇਹ ਕਹਿ ਕੇ ਕਿ ਇਹ ਤਾਂ ਬਾਦਸ਼ਾਹ ਦਾ ਕੇਵਲ ਲਲਿਤ-ਕਲਾਵਾਂ ਦੇ ਮਾਮਲਿਆਂ ਦਾ ਹੀ ਵਜ਼ੀਰ ਸੀ ਅਤੇ ਰਾਜਨੀਤੀ ਨਾਲ ਉਸਦਾ ਕੋਈ ਸੰਬੰਧ ਨਹੀਂ ਸੀ, ਜ਼ਮਾਨਤ ਦੇ ਕੇ ਉਸਨੂੰ ਛੁਡਾ ਲਿਆ ਸੀ। ਉਸ ਪਿੱਛੋਂ ਮੀਰ ਨਾਸਿਰ ਅਹਿਮਦ ਮਹਾਰਾਜੇ ਨਾਲ ਪੰਜਾਬ ਆ ਗਿਆ ਅਤੇ ਕਪੂਰਥਲਾ ਦੇ ਹੀ ਰਾਜਾ ਹਰਨਾਮ ਸਿੰਘ ਕੋਲ ਜਲੰਧਰ ਰਹਿਣ ਲੱਗ ਪਿਆ। ਉਧਰੋਂ ਜਿਵੇਂ ਕਿ ਪੁਰਾਣੀ ਤਾਰੀਖ਼ ਦੱਸਦੀ ਹੈ, ਗੁਰੂ ਨਾਨਕ ਦੇਵ ਜੀ ਹੋਰਾਂ ਦੇ ਪੁੱਤਰ ਬਾਬਾ ਸ੍ਰੀ ਚੰਦ ਨੇ ਜਦੋਂ ਡੇਹਰਾ ਸਾਹਿਬ 'ਤੇ ਕਬਜ਼ਾ ਕਰ ਲਿਆ, ਤਾਂ ਪੰਜਵੀਂ ਪਾਤਸ਼ਾਹੀ ਦੇ ਨਾਲ ਉਥੋਂ ਦੇ ਰਬਾਬੀ ਵੀ ਆ ਗਏ ਸਨ ਅਤੇ ਹੁਣ 1594 ਈ. ਪਿੱਛੋਂ ਜਲੰਧਰ ਲਾਗੇ ਉਨ੍ਹਾਂ ਦੇ ਹੀ ਵਸਾਏ ਹੋਏ ਨਵੇਂ ਸ਼ਹਿਰ ਕਰਤਾਰਪੁਰ ਰਹਿਣ ਲੱਗ ਪਏ ਸਨ। ਭਾਈ ਫ਼ਰਿੰਦੇ ਦੇ ਵਾਰਿਸਾਂ ਨੂੰ ਇਸ ਤਰ੍ਹਾਂ ਨਾਲ ਹੁਣ ਕਰਤਾਰਪੁਰ ਵਾਲੇ ਰਬਾਬੀ ਵੀ ਕਿਹਾ ਜਾਣ ਲੱਗ ਪਿਆ ਸੀ। ਉਨ੍ਹਾਂ ਦੇ ਪਰਿਵਾਰ ਵਿੱਚੋਂ ਹੀ ਭਾਈ ਅਮੀਰ ਬਖ਼ਸ਼ ਰਬਾਬੀ (?) ਦਾ ਪੁੱਤਰ ਭਾਈ ਮਹਿਬੂਬ ਅਲੀ ਉਰਫ਼ ਭਾਈ ਬੂਬਾ (1854-1946 ਈ.) ਰਬਾਬੀ ਸੀ। ਪਿਤਾ ਪੁਰਖੀ ਕਿੱਤੇ ਕਰਕੇ, ਆਪਣੀ ਕਲਾ ਵਿਚ ਉਹ ਨਿਪੁੰਨ ਸੀ, ਪਰ ਜਦੋਂ ਮੀਰ ਨਾਸਿਰ ਹੋਰੀਂ ਜਲੰਧਰ ਆ ਗਏ ਤਾਂ


www.sikhbookclub.com

ਉਸਨੇ ਸੰਗੀਤ ਦੀ ਸਿੱਖਿਆ ਉਸਦੇ ਪੁੱਤਰ ਮੀਰ ਰਹਿਮਤ ਅਲੀ ਤੋਂ ਵੀ ਪ੍ਰਾਪਤ ਕੀਤੀ ਸੀ। ਇਸ ਤਰ੍ਹਾਂ ਨਾਲ ਉਸ ਕੋਲ ਮੀਆਂ ਤਾਨਸੈਨ ਅਤੇ ਮਿਸ਼ਰੀ ਸਿੰਘ ਹੋਰਾਂ ਦੀ ਬਾਜ ਵੀ ਆ ਗਈ ਸੀ। ਦੱਸਿਆ ਜਾਂਦਾ ਹੈ ਕਿ ਪਿਛਲੇਰੀ ਸਦੀ ਦੇ ਆਖ਼ਰੀ ਹਿੱਸੇ ਤੋਂ ਲੈ ਕੇ 1940 ਈ. ਦੇ ਕਰੀਬ ਤਕ ਸਾਰੇ ਭਾਰਤ ਵਿਚ ਉਸਦੇ ਮੁਕਾਬਲੇ ਦਾ ਕੋਈ ਹੋਰ ਸਿਤਾਰ ਅਤੇ ਵੀਣਾ-ਵਾਦਕ ਨਹੀਂ ਸੀ। ਆਪਣੇ ਜੀਉਂਦੇ-ਜੀ ਸਿਤਾਰ ਦੇ ਸੱਤਾਂ ਬਾਜਾਂ (ਮਸੀਤਖ਼ਾਨੀ, ਫ਼ੀਰੋਜ਼ਖ਼ਾਨੀ, ਬੇਗਮੀ, ਰਜ਼ਾਖ਼ਾਨੀ, ਠੁਮਰੀ, ਬਹਿਰ ਅਤੇ ਨਾਚ) ਅਤੇ ਵੀਣਾ ਦੇ ਪੰਜ ਬਾਜਾਂ (ਅਲਾਪ, ਅਲਾਪਤੀ, ਅਲਾਪਨ ਜਿਸ ਵਿਚ ਰੂਪਕ ਤੇ ਭੰਜਨੀ ਵੀ ਸ਼ਾਮਲ ਹਨ—ਬ੍ਰਹੱਮ ਬਾਜ ਅਤੇ ਨਿਬੱਧ ਬਾਜ) ਦੀ ਸਾਰੀ ਤਾਲੀਮ ਉਹ ਡਾ. ਰਾਜਾ ਮ੍ਰਿਗੇਂਦ੍ਰ ਸਿੰਘ ਹੋਰਾਂ ਨੂੰ ਦੇ ਗਿਆ, ਜਿਹੜੇ ਇਨ੍ਹਾਂ ਸਭਨਾਂ ਸ਼ੈਲੀਆਂ ਨੂੰ, ਉਨ੍ਹਾਂ ਦੀਆਂ ਵਿਸ਼ੇਸ਼ ਬਾਰੀਕੀਆਂ ਸਮੇਤ ਪੂਰਨ ਰੂਪ ਵਿਚ ਚੰਗੀ ਤਰ੍ਹਾਂ ਵਜਾ ਸਕਦੇ ਹਨ।

ਯਾਦ ਰਹੇ, ਰਾਮਪੁਰ ਦੇ ਸੈਨੀਏ ਘਰਾਣੇ ਵਿਚ ਸਿਤਾਰ ਦੇ ਕੇਵਲ ਦੋ ਬਾਜ (ਮਸੀਤਖ਼ਾਨੀ ਤੇ ਰਜ਼ਾਖ਼ਾਨੀ) ਹੀ ਪ੍ਰਸਿੱਧ ਹਨ ਅਤੇ ਏਸੇ ਤਰ੍ਹਾਂ ਵੀਣਾ ਦਾ ਸਿਰਫ਼ ਇਕ ਬਾਜ....ਅਲਾਪ-ਜੋੜ-ਝਾਲਾ ਹੀ ਪ੍ਰਚੱਲਤ ਹਨ; ਜਦ ਕਿ ਪਟਿਆਲਾ ਘਰਾਣੇ ਦੀ ਵਾਦਨ ਸ਼ੈਲੀ ਵਿਚ ਵੀ, ਇਸਦੇ ਗਾਇਨ ਵਾਂਗ, ਬਹੁਤ ਵਿਸ਼ਾਲਤਾ ਹੈ। ਇਸ ਦੌਰ ਦੇ ਦੋ ਮਹਾਨ ਸਿਤਾਰ ਨਵਾਜ਼ ਉਸਤਾਦ ਵਿਲਾਇਤ ਖ਼ਾਂ ਅਤੇ ਪੰਡਿਤ ਰਵੀ ਸ਼ੰਕਰ ਅੱਜ-ਕੱਲ੍ਹ ਗਾਇਕੀ ਅਤੇ ਠੁਮਰੀ ਦੇ ਅੰਗ ਪ੍ਰਚੱਲਤ ਕਰ ਰਹੇ ਹਨ, ਜਿਹੜੇ ਪਟਿਆਲਾ ਘਰਾਣੇ ਦੇ ਫ਼ੀਰੋਜ਼ਖ਼ਾਨੀ ਅਤੇ ਠੁਮਰੀ ਬਾਜ ਵਿਚ ਪਹਿਲਾਂ ਹੀ ਪਾਏ ਜਾਂਦੇ ਹਨ। ਕੁਮਾਰੀ ਸਰਵਜੀਤ ਕੌਰ ਵੀ ਇਨ੍ਹਾਂ ਪੂਰਨਿਆਂ 'ਤੇ ਹੀ ਚੱਲ ਰਹੀ ਹੈ।

ਸੋ ਇਸ ਤਰ੍ਹਾਂ ਨਾਲ ਪਟਿਆਲਾ ਦੇ ਸੰਗੀਤ ਘਰਾਣੇ ਦਾ ਚਿਤ੍ਰ-ਪਟ ਬਹੁਤ ਹੀ ਵਿਸ਼ਾਲ ਹੈ। ਇਸਦੀਆਂ ਹੱਦਾਂ ਪੰਜਾਬ ਤੋਂ ਲੈ ਕੇ ਬੰਗਾਲ ਤਕ ਹਨ, ਬਲਕਿ ਰੌਆ (ਪ੍ਰਵੀਨ ਸੁਲਤਾਨਾ) ਤਕ ਵੀ ਫੈਲੀਆਂ ਹੋਈਆਂ ਹਨ। ਇਹ ਦਿੱਤੇ ਖ਼ਾਂ ਤੋਂ ਤੁਰਦਾ ਹੈ ਤਾਂ ਅੱਲਾ ਦੀਆ ਖ਼ਾਂ 'ਮਿਹਰਬਾਨ' ਤਕ ਜਾਂਦਾ ਹੈ, ਅਲੀ ਬਖ਼ਸ਼ ਤੋਂ ਤੁਰਦਾ ਹੈ, ਤਾਂ ਇਲਾਹੀਜਾਨ ਜਗਰਾਵਾਂ ਵਾਲੀ ਤਕ ਜਾਂਦਾ ਹੈ, ਫ਼ਤਿਹ ਅਲੀ ਖ਼ਾਂ ਤੋਂ ਹੁੰਦਾ ਹੋਇਆ, ਫ਼ਰੀਦਾ ਖ਼ਾਨਮ ਤਕ ਜਾਂਦਾ ਹੈ। ਉਸਤਾਦ ਕਾਲੇ ਖ਼ਾਂ ਤੋਂ ਲੈ ਕੇ ਕਾਲੂ ਕੱਵਾਲ ਤਕ, ਉਸਤਾਦ ਆਸ਼ਕ ਅਲੀ ਖ਼ਾਂ ਤੋਂ ਲੈ ਕੇ ਬੇਗਮ ਅਖ਼ਤਰ ਫ਼ੈਜ਼ਾਬਾਦੀ ਤਕ, ਮਲਿਕਾ ਪੁਖ਼ਰਾਜ ਅਤੇ ਤਾਹਿਰਾ ਸੱਯਦ ਤਕ। ਇਸਦੇ ਕਲਾਵੇ ਵਿਚ ਬੜੇ ਗ਼ੁਲਾਮ ਅਲੀ ਖ਼ਾਂ ਤੋਂ ਲੈ ਕੇ ਛੋਟੇ ਗ਼ੁਲਾਮ ਅਲੀ ਤਕ ਸਭ ਆ ਜਾਂਦੇ ਹਨ। ਇਸਦੇ ਘੇਰੇ ਵਿਚ ਉਸਤਾਦ ਅੱਲਾ ਰੱਖਾ ਤਬਲਾ ਨਵਾਜ਼ ਤੋਂ ਲੈ ਕੇ ਅੱਲਾ ਵਸਾਈ (ਨੂਰ ਜਹਾਂ ਦਾ ਪਹਿਲਾ ਅਤੇ ਅਸਲੀ ਨਾਂ) ਸਭ ਆ ਜਾਂਦੇ ਹਨ। ਇਸ ਤੋਂ ਛੁੱਟ ਇਕ ਹੋਰ ਗੱਲ ਜਿਹੜੀ ਬੜੀ ਵਿਸ਼ੇਸ਼ ਹੈ, ਉਹ ਇਹ ਹੈ ਕਿ ਏਥੇ ਮਹਾਰਾਜ ਭੁਪਿੰਦਰ ਸਿੰਘ (1911-1938 ਈ.) ਹੋਰਾਂ ਦੇ ਵੇਲੇ ਜਰਨੈਲ ਅਲੀ ਬਖ਼ਸ਼ ਦਾ ਸਮਕਾਲੀ, ਜਿਹੜਾ ਉਂਜ ਵੀ ਇਸ ਰਿਆਸਤ ਵਿਚ ਜਰਨੈਲ ਸਾਹਿਬ ਨਾਲ ਹੀ ਏਥੇ ਆਇਆ ਸੀ.....ਉਸਤਾਦ ਮੌਮਣ ਖ਼ਾਂ ਨੇ ਇਕ ਨਵੇਂ ਸਾਜ਼ 'ਸੁਰ ਸਾਗਰ' ਦੀ ਈਜਾਦ ਕੀਤੀ ਸੀ। ਉਸਦੀ ਸਭ ਤੋਂ ਬੜੀ ਖ਼ੂਬੀ ਇਹ ਸੀ ਕਿ ਉਸ ਉੱਤੇ ਉਹ ਸਿਤਾਰ ਦੇ ਝਾਲੇ ਵੀ ਵਜਾ ਸਕਦਾ ਸੀ।


www.sikhbookclub.com

ਏਸੇ ਤਰ੍ਹਾਂ ਇਸ ਘਰਾਣੇ ਦੇ ਹੀ ਇਕ ਹੋਰ ਉਸਤਾਦ ਅਬਦੁਲ ਅਜ਼ੀਜ਼ ਖ਼ਾਂ ਨੇ ਅਸਲੋਂ ਇਕ ਨਵੇਂ ਸਾਜ਼ 'ਵਚਿਤ੍ਰ ਵੀਣਾ' ਦੀ ਕਾਢ ਵੀ ਕੱਢੀ ਸੀ।[11] ਖ਼ੁਸ਼ੀ ਦੀ ਗੱਲ ਹੈ ਕਿ ਇਨ੍ਹਾਂ ਸਤਰਾਂ ਦੇ ਲੇਖਕ ਕੋਲ ਉਸਤਾਦ ਬੁੰਦੂ ਖ਼ਾਂ ਹੋਰਾਂ ਦੇ ਵਜਾਏ ਗਏ ਇਹ ਤਿੰਨ ਰਾਗ ਸੁਰੱਖਿਅਤ ਹਨ : 1. ਪੀਲੂ; 2. ਬਿਲਾਵਲ ਬਹਾਰ; ਅਤੇ 3. ਦਰਬਾਰੀ ਕਾਨ੍ਹੜਾ। ਹੁਸੈਨੀ ਕਾਨ੍ਹੜਾ ਅਤੇ ਪੀਲੂ ਵੀ ਸਾਂਭੇ ਪਏ ਹਨ। ਏਸੇ ਤਰ੍ਹਾਂ ਉਸਦੇ ਦੋ ਹੋਰ ਤਵੇ ਰਾਗ ਦਰਬਾਰੀ/ਜੋਗੀਆ ਆਸਾਵਰੀ ਅਤੇ ਇਕ ਠੁਮਰੀਆਂ ਦਾ ਪੀਲੂ ਅਤੇ ਭੈਰਵੀ ਉਪਲਬਧ ਹਨ। ਕਰਨੈਲ ਫ਼ਤਿਹ ਅਲੀ ਬਖ਼ਸ਼ ਖ਼ਾਂ ਦੇ ਬੇਟੇ ਅਤੇ ਉਸਤਾਦ ਬੜੇ ਗ਼ੁਲਾਮ ਅਲੀ ਖ਼ਾਂ ਦੇ ਉਸਤਾਦ ਆਸ਼ਕ ਅਲੀ ਖ਼ਾਂ ਹੋਰਾਂ ਦਾ ਸ਼ਾਮ ਕਲਿਆਣ ਅਤੇ ਲਲਿਤ ਦਾ ਇਕ ਰੀਕਾਰਡ ਵੀ ਸਾਡੇ ਕੋਲ ਸੁਰੱਖਿਅਤ ਹੈ।

ਮਹਾਰਾਜਾ ਭੂਪਿੰਦਰ ਸਿੰਘ ਦੇ ਸਮੇਂ ਪਟਿਆਲਾ ਰਿਆਸਤ ਵਿਚ ਨੌਕਰੀ ਕਰ ਰਹੇ ਕਲਾਕਾਰਾਂ ਨੂੰ ਬੜੀਆਂ ਬੜੀਆਂ ਜਗੀਰਾਂ, ਨਕਦ ਇਨਾਮਾਂ ਤੇ ਰਸਦਾਂ ਤੋਂ ਛੁੱਟ ਮਹਿਤਪੁਰ (ਜਲੰਧਰ) ਦੇ ਇਕ ਵਸਨੀਕ ਸੰਸਕ੍ਰਿਤ ਦੇ ਮਹਾਨ ਵਿਦਵਾਨ ਰਾਜ-ਪੰਡਿਤ ਮੁਲਖ ਰਾਜ ਨੂੰ ਇਹ ਹੁਕਮ ਸੀ ਕਿ ਰਿਆਸਤ ਦੇ ਫ਼ੰਡਾਂ ਵਿੱਚੋਂ ਹਰ ਸਾਲ ਉਨ੍ਹਾਂ ਨੂੰ ਘੱਟੋ-ਘੱਟ ਸਵਾ ਲੱਖ ਰੁਪਿਆ ਤਕਸੀਮ ਕਰ ਦਿਆ ਕਰੇ। "ਤੁਹਾਡੇ ਟੱਬਰਾਂ ਨੂੰ ਪਾਲਣਾ ਮੇਰਾ ਜ਼ੁੰਮਾ ਹੈ ਅਤੇ ਰਾਗ ਵਿੱਦਿਆ ਨੂੰ ਸਿਖਰ ਤਕ ਪਹੁੰਚਾਉਣਾ ਤੁਹਾਡਾ!" ਇਹ ਹੱਲਾਸ਼ੇਰੀ ਮਹਾਰਾਜਾ ਉਨ੍ਹਾਂ ਨੂੰ ਆਮ ਹੀ ਦਿੰਦਾ ਰਹਿੰਦਾ ਸੀ।

ਇਹ ਹੀ ਕਾਰਨ ਸੀ ਕਿ ਪਟਿਆਲਾ ਦੇ ਗਾਇਕਾਂ ਜਾਂ ਵਜਾਇਕਾਂ ਦਾ ਉਸ ਸਮੇਂ ਹੋਰ ਕੋਈ ਮੁਕਾਬਲਾ ਹੀ ਨਹੀਂ ਸੀ। ਅਲੀ ਬਖ਼ਸ਼ ਖ਼ਾਂ ਜਰਨੈਲ ਸਾਹਿਬ, ਫ਼ਤਿਹ ਅਲੀ ਖ਼ਾਂ ਕਰਨੈਲ ਸਾਹਿਬ, ਮੀਆਂ ਜਾਨ ਖ਼ਾਂ, ਭਾਈ ਕਾਲੂ ਸਾਰੰਦਾ ਨਵਾਜ਼, ਮੌਮਣ ਖ਼ਾਂ ਸਾਰੰਗੀ ਅਤੇ ਸੁਰ ਸਾਗਰ ਨਵਾਜ਼, ਅਬਦੁਲ ਅਜ਼ੀਜ਼ ਖ਼ਾਂ ਬੀਨਕਾਰ (ਵਚਿੱਤ੍ਰ ਵੀਣਾ ਵਾਦਕ), ਮਹੰਤ ਗੱਜਾ ਸਿੰਘ (ਤਾਊਸ ਨਵਾਜ਼), ਭਾਈ ਮਹਿਬੂਬ ਅਲੀ ਉਰਫ਼ ਬੂਬਾ ਰਬਾਬੀ (ਸਿਤਾਰ ਅਤੇ ਵੀਣਾ ਵਾਦਕ), ਭਾਈ ਗੋਪਾਲ ਸਿੰਘ (ਮ੍ਰਿਦੰਗ ਨਵਾਜ਼), ਗੋਹਰ ਜਾਨ, ਬਰਕਤ ਉਲ੍ਹਾ ਖ਼ਾਂ (ਸਿਤਾਰ ਨਵਾਜ਼), ਉਸਤਾਦ ਬੁੰਦੂ ਖ਼ਾਂ (ਸਾਰੰਗੀ ਨਵਾਜ਼), ਇਤਵਾ ਘਰਾਣੇ ਦੇ ਸੁਪ੍ਰਸਿੱਧ ਉਸਤਾਦ ਇਮਦਾਦ ਖ਼ਾਂ ਦੇ ਬੜੇ ਬੇਟੇ ਅਤੇ ਉਸਤਾਦ ਵਿਲਾਇਤ ਖ਼ਾਂ ਦੇ ਤਾਇਆ ਵਹੀਦ ਖ਼ਾਂ (ਸੁਰਬਹਾਰ ਵਾਦਕ ਅਤੇ ਸਿਤਾਰ ਵਾਦਕ) ਬੜੇ ਗ਼ੁਲਾਮ ਅਲੀ ਖ਼ਾਂ ਦੇ ਪਿਤਾ ਅਲੀ ਬਖ਼ਸ਼ ਖ਼ਾਂ (ਦਿਲਰੁਬਾ ਨਵਾਜ਼), ਬਾਬਾ ਮਲੰਗ ਖ਼ਾਂ ਬੋਹਣ ਪੱਟੀ (ਤਬਲਾ ਨਵਾਜ਼), ਅੱਛਣ ਮਹਾਰਾਜ ਸ਼ੰਭੂ ਮਹਾਰਾਜ ਅਤੇ ਹਨੂਮਾਨ ਕੱਥਕ (ਨ੍ਰਿਤਕਾਰ) ਜਿਨ੍ਹਾਂ ਦਾ ਸੰਬੰਧ ਅੱਵਧ ਦਰਬਾਰ ਦੇ ਸ਼ਾਹੀ ਨਚਾਰਾਂ ਬਿੰਦਾ ਦੀਨ ਅਤੇ ਕਾਲਕਾ ਹੋਰਾਂ ਨਾਲ ਸੀ.....ਇਹੋ ਜਿਹੇ ਕਲਾਕਾਰ ਕਿਸੇ ਨੇ ਕੀ ਹੋ ਜਾਣਾ ਹੈ ? ਉਨ੍ਹਾਂ ਸਿਖਰਾਂ ਨੂੰ ਛੂਹਣਾ ਨਿਰਾਪੁਰਾ ਮੁਸ਼ਕਲ ਹੀ ਨਹੀਂ, ਸਗੋਂ ਅਸੰਭਵ ਜਿਹਾ ਵੀ ਹੈ।

ਮਹਾਰਾਜਾ ਭੂਪਿੰਦਰ ਸਿੰਘ ਦੀਆਂ ਫ਼ਿਆਜ਼ੀਆਂ ਅਤੇ ਸ਼ਾਹ-ਖ਼ਰਚੀਆਂ ਕਿਉਂਕਿ

11. Krishnaswami, *Musical Instruments of India*, Publication Division Ministry of Information and Broadcasting, Govt. of India, Old Secretariat, Delhi-6, 1965, p. 50.


www.sikhbookclub.com

ਜਗਤ ਪ੍ਰਸਿੱਧ ਸਨ, ਇਸ ਲਈ ਹਿੰਦੁਸਤਾਨ ਭਰ 'ਚੋਂ ਵੱਡੇ ਤੋਂ ਵੱਡੇ ਫ਼ਨਕਾਰ ਉਸਦੇ ਦਰਬਾਰ ਵਿਚ ਹਾਜ਼ਰ ਹੋ ਕੇ, ਗਾ ਵਜਾ ਕੇ ਵੱਡੇ-ਵੱਡੇ ਇਨਾਮ ਇਕਰਾਮ ਹਾਸਲ ਕਰਨ ਲੱਗ ਪਏ ਸਨ। ਏਥੋਂ ਤਕ ਕਿ ਉਸ ਸੁਨਹਿਰੀ ਮੌਕੇ ਦਾ ਫ਼ਾਇਦਾ ਉਠਾਉਣ ਲਈ ਕੁਝ ਜਣੇ-ਖਣੇ ਕੱਚਘਰੜ, ਕੱਚਮਰੜ ਕਿਸਮ ਦੇ ਗਵੱਈਆਂ ਨੇ ਵੀ ਇਨਾਮ ਲੈਣ ਖ਼ਾਤਰ ਏਥੇ ਆਉਣਾ ਸ਼ੁਰੂ ਕਰ ਦਿੱਤਾ। ਐਵੇਂ ਖ਼ਾਹ-ਮਖ਼ਾਹ ਵਿਚ ਬਦਮਜ਼ਗੀ ਜਿਹੀ ਪੈਦਾ ਹੋਣ ਲੱਗ ਪਈ। ਜਰਨੈਲ ਅਲੀ ਬਖ਼ਸ਼ ਸਾਹਿਬ ਦੀ ਇਕ ਮਸ਼ਹੂਰ ਸ਼ਾਗਿਰਦ ਹੀਰਾ ਬਾਈ ਨਾਭਾ ਵਾਲੀ ਜਿਹੜੀ ਕਿ ਉਂਜ ਹੁਸੀਨ ਵੀ ਬਹੁਤ ਸੀ ਅਤੇ ਮਹਾਰਾਜੇ ਦੀ ਮਨਜ਼ੂਰਿ-ਨਜ਼ਰ ਵੀ ਸੀ, ਇਸ ਮਸਲੇ ਦੇ ਹੱਲ ਲਈ ਅੱਗੇ ਆਈ। ਇਸ ਥਾਂ ਭਾਗ ਲੈਣ ਆਏ ਕਲਾਕਾਰਾਂ ਨੂੰ ਉਹ ਪਹਿਲਾਂ ਆਪ ਸੁਣਦੀ, ਉਨ੍ਹਾਂ ਦਾ 'ਟੈੱਸਟ' ਲੈਂਦੀ। ਉਸਦੇ ਮਿਆਰ ਮੁਜਬ ਜੇਕਰ ਉਹ ਪੂਰਾ ਨਾ ਉਤਰਨ ਤਾਂ ਉਹ ਉਨ੍ਹਾਂ ਦਾ ਤੰਬੂਰਾ ਖੋਹ ਕੇ ਅੰਦਰ ਰੱਖ ਲੈਂਦੀ ਅਤੇ ਉਨ੍ਹਾਂ ਨੂੰ ਮਹੱਲ ਵਿੱਚੋਂ ਬਾਹਰ ਕੱਢ ਦਿੰਦੀ ਸੀ। ਤਾਰੀਖ਼ੀ ਸੱਚਾਈ ਹੈ ਕਿ ਉਸ 'ਜਗਤ ਨਾਨੀ' ਦੇ ਤਹਿਕੇ ਡਰੋਂ ਇਸ ਥਾਂ ਉਸਤਾਦ ਅਬਦੁਲ ਕਰੀਮ ਖ਼ਾਂ ਦੀ ਸ਼ਾਗਿਰਦ/ਧੀ ਹੀਰਾ ਬਾਈ ਬੜੌਦਕਰ ਅਤੇ ਪ੍ਰਸਿੱਧ ਗਾਇਕਾ ਕੇਸਰ ਬਾਈ ਕੇਰਕਰ (1892-1977 ਈ.) ਵਰਗੀਆਂ ਮਹਾਨ ਗਾਇਕਾਵਾਂ ਨੇ ਵੀ ਪਟਿਆਲਾ ਆ ਕੇ ਗਾਉਣ ਤੋਂ ਨਾਂਹ ਕਰ ਦਿੱਤੀ ਸੀ। ਏਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਇਹ ਉਹ ਹੀ ਹੀਰਾ ਬਾਈ ਸੀ, ਜਿਸ ਨੇ ਆਖ਼ਰੀ ਉਮਰ ਵਿਚ ਮੋਤੀਆ ਉਤਰ ਜਾਣ ਕਾਰਨ ਅੰਨ੍ਹੇ ਹੋ ਚੁੱਕੇ ਜਰਨੈਲ ਸਾਹਿਬ ਦਾ ਆਪਣੇ ਖ਼ਰਚ 'ਤੇ ਦਿੱਲੀ ਇਲਾਜ ਕਰਵਾਇਆ ਸੀ।

ਪਟਿਆਲਾ ਦੀ ਮੁੱਢ ਤੋਂ ਇਹ ਪ੍ਰਥਾ ਵੀ ਰਹੀ ਹੈ ਕਿ ਏਥੇ ਬਸੰਤ ਅਤੇ ਦੁਸਹਿਰੇ ਵਾਲੇ ਦੋਹਾਂ ਸੰਗੀਤ ਦਰਬਾਰਾਂ ਵਿਚ ਪੂਜਾ ਦੇ ਸਾਜ਼, ਅਰਥਾਤ ਵੀਣਾ ਦੀ ਪੂਜਾ ਕੀਤੀ ਜਾਂਦੀ ਸੀ, ਜਿਹੜੀ ਸਰਸਵਤੀ ਦੇਵੀ ਦੀ ਉਪਾਸ਼ਨਾ ਦੀ ਪ੍ਰਤੀਕ ਹੁੰਦੀ ਸੀ। ਹਰ ਵੀਣਕਾਰ ਨੂੰ ਰਿਆਸਤ ਵੱਲੋਂ ਇਕ ਦੁਸ਼ਾਲਾ ਭੇਂਟ ਕੀਤਾ ਜਾਂਦਾ ਸੀ। ਇਹ ਮਾਣ ਕਈ ਵਰ੍ਹੇ ਪਹਿਲਾਂ ਏਥੋਂ ਦੇ ਸ਼੍ਰੋਮਣੀ ਸੰਗੀਤਕਾਰ ਭਾਈ ਮਹਿਬੂਬ ਅਲੀ ਨੂੰ, ਫਿਰ ਉਸਤਾਦ ਅਬਦੁਲ ਅਜ਼ੀਜ਼ ਖ਼ਾਂ ਬੀਨਕਾਰ ਨੂੰ ਮਿਲਦਾ ਰਿਹਾ।

ਇਸ ਮੁਕਾਮ ਤਕ ਪੁੱਜਦਿਆਂ, ਮਨਾਂ ਵਿਚ ਇਹ ਗੱਲ ਸਹਿਜੇ ਹੀ ਆ ਜਾਂਦੀ ਹੈ ਕਿ ਉਹ ਕਿਹੜੇ ਕਾਰਨ ਸਨ, ਜਿਨ੍ਹਾਂ ਸਦਕਾ ਇਹ ਘਰਾਣਾ ਐਨੀ ਛੇਤੀ ਐਨੀਆਂ ਸਿਖਰਾਂ ਨੂੰ ਛੋਹ ਗਿਆ। ਇਸਦੇ ਮੁੱਖ ਕਾਰਨ ਦਿਲੀ ਸ਼ੌਕ, ਸੁਯੋਗ ਸਰਪ੍ਰਸਤੀ ਅਤੇ ਸਹੀ ਤੌਰ ਤਰੀਕੇ ਹੋ ਸਕਦੇ ਹਨ। ਪਟਿਆਲਾ ਰਿਆਸਤ ਵਿਚ ਦੋ ਦਰਜਨ (24) ਸ਼ਾਹੀ ਲਾਗੀ ਹੁੰਦੇ ਸਨ ਜਿਹੜੇ ਵੱਖ-ਵੱਖ ਰਸਮਾਂ ਕਾਰਜਾਂ ਸਮੇਂ ਦੇਣ-ਲੈਣ ਦਾ ਪ੍ਰਬੰਧ ਚਲਾਉਂਦੇ ਸਨ। ਉਨ੍ਹਾਂ ਦਾ ਸਾਲਾਨਾ ਬਜਟ ਪੰਜ ਲੱਖ ਰੁਪਏ ਦਾ ਹੁੰਦਾ ਸੀ। ਉਨ੍ਹਾਂ ਚੌਵੀ ਲਾਗੀਆਂ ਵਿੱਚੋਂ ਤਿੰਨ ਮੁੱਖ ਲਾਗੀ ਇਹ ਹੁੰਦੇ ਸਨ: (1) ਪ੍ਰੋਹਿਤ—ਪੁੰਨ ਗੋਲਕ—ਗਰੀਬ-ਗੁਰਬੇ ਨੂੰ ਪੁੰਨ ਦਾਨ ਕਰਨ ਲਈ ਪੰਜ ਲੱਖ ਦੀ ਰਕਮ; (2) ਮਿਰਾਸੀ; ਅਤੇ (3) ਨਾਈ। ਸੰਗੀਤ ਦਾ 'ਵਿੰਗ' ਜਿਸਨੂੰ ਉਦੋਂ ਮਹਿਕਮਾ-ਅਰਬਾਬਿ-ਨਿਸ਼ਾਤ ਕਿਹਾ ਜਾਂਦਾ ਸੀ, ਸਰਦਾਰ ਸਾਹਿਬ ਡਿਉੜ੍ਹੀ (Department of Protocol) ਦੇ ਅਧੀਨ ਸੀ। ਮਿਰਾਸੀਆਂ ਦੀ ਡਿਊਟੀ ਵਿਚ ਗਾਉਣ ਤੋਂ ਛੁੱਟ ਲਾਗ ਦੇਣ ਸਮੇਂ ਸ਼ਾਹੀ

 www.sikhbookclub.com

ਦੁਸ਼ਾਲੇ ਭੇਂਟ ਕਰਨੇ, ਖ਼ਤ-ਪੱਤਰ ਜਾਂ ਦੂਸਰੀਆਂ ਅਹਿਮ ਦਸਤਾਵੇਜ਼ਾਂ ਪਹੁੰਚਾਣੀਆਂ ਸ਼ਾਮਲ ਸਨ। ਸਰਦਾਰ ਸਾਹਿਬ ਡਿਉੜ੍ਹੀ-ਮੁਅੱਲਾ (ਮੁਅੱਲਾ : ਮਾਨਵੀ ਤੌਰ 'ਤੇ ਬਹੁਤ ਵੱਡੇ ਰੁਤਬੇ ਵਾਲਾ, ਬੜੇ ਬੜੇ ਖ਼ਿਤਾਬਾਂ ਵਾਲਾ (Chief of Protocol) ਦੀਆਂ ਜ਼ੁੰਮੇਵਾਰੀਆਂ ਵਿਚ ਅੰਤਰ-ਰਾਸ਼ਟਰੀ ਪੱਧਰ 'ਤੇ ਰਾਬਤਾ ਕਾਇਮ ਰੱਖਣ ਦੀ ਤਾਂ ਗੱਲ ਹੀ ਛੱਡੋ, ਉਨ੍ਹਾਂ ਦਾ ਕੰਮ ਹੁੰਦਾ ਸੀ ਸਾਲ ਵਿਚ ਇਨ੍ਹਾਂ ਦਰਬਾਰਾਂ ਦਾ ਬੰਦੋਬਸਤ ਕਰਨਾ: (1) ਦਰਬਾਰਿ-ਆਮ; (2) ਦਰਬਾਰਿ-ਖ਼ਾਸ; ਅਤੇ (3) ਦਰਬਾਰਿ-ਖ਼ਾਸੁਲਖ਼ਾਸ। ਅਰਬਾਬਿ-ਨਿਸ਼ਾਤ ਦੇ ਛੋਟੇ ਮਹਿਕਮੇ ਥਲੜੇ ਦਰਬਾਰ ਦੇ ਸੰਗੀਤਕਾਰ, ਨੌਬਤ ਨਫ਼ੀਰੀ ਅਤੇ ਮਾਹੀ-ਮੁਰਾਤਬ (ਚਿੱਠੀ-ਪੱਤਰ ਰਾਹੀਂ ਰਾਬਤਾ ਰੱਖਣ ਵਾਲੇ) ਜਿਨ੍ਹਾਂ ਦੀ ਗਿਣਤੀ ਪੰਜਾਹ ਕਰਮਚਾਰੀਆਂ 'ਤੇ ਆਧਾਰਤ ਹੁੰਦੀ ਸੀ, ਉਨ੍ਹਾਂ ਦੀ ਜ਼ੁੰਮੇਵਾਰੀ ਵਿਚ ਦੇਸ਼ ਭਰ ਦੀਆਂ ਦੂਜੀਆਂ ਰਿਆਸਤਾਂ ਦੇ ਵੱਡੇ-ਵੱਡੇ ਸੰਗੀਤਕਾਰਾਂ, ਦੂਸਰੇ ਕਲਾਕਾਰਾਂ, ਗੁਣੀਜਨਾਂ ਅਤੇ ਨਚਾਰਾਂ ਨਿਰਤਕਾਂ ਆਦਿ ਨੂੰ ਨਿਮੰਤਰਣ ਭੇਜਣੇ ਆਦਿ ਸ਼ਾਮਲ ਸੀ। ਇਹ ਦਾਅਵਤਨਾਮੇ ਉਨ੍ਹਾਂ ਨੂੰ ਰਿਆਸਤ ਵਿਚ ਹੋ ਰਹੇ ਖ਼ਾਸ ਜਸ਼ਨਾਂ ਸਮੇਂ ਭੇਜੇ ਜਾਂਦੇ ਸਨ। ਸਾਲ ਭਰ ਵਿਚ ਹਰ ਮਹੀਨੇ ਕੋਈ ਨਾ ਕੋਈ ਜਸ਼ਨ ਤਾਂ ਹੁੰਦਾ ਰਹਿੰਦਾ ਸੀ, ਜਿਥੇ ਦੇਸ਼ ਭਰ ਦੇ ਚੋਣਵੇਂ ਕਲਾਕਾਰ ਸ਼ਿਰਕਤ ਕਰਦੇ ਅਤੇ ਇਸ ਤਰ੍ਹਾਂ ਨਾਲ ਉਨ੍ਹਾ ਦਾ ਆਪਸ ਵਿਚ ਆਦਾਨ-ਪ੍ਰਦਾਨ ਹੁੰਦਾ ਰਹਿੰਦਾ ਸੀ। ਏਹੀ ਕਾਰਨ ਸੀ ਕਿ ਸਾਡੀਆ ਕੋਮਲ ਕਲਾਵਾਂ ਅਤੇ ਖ਼ਾਸ ਕਰਕੇ ਸਾਡਾ ਸੰਗੀਤ, ਦਿਨ-ਬਦਿਨ ਤਰੱਕੀ ਕਰਦਾ ਰਿਹਾ। ਏਥੇ ਇਸ ਗੱਲ ਦਾ ਨਿਖੇੜਾ ਕਰ ਦੇਣਾ ਬੜਾ ਜ਼ਰੂਰੀ ਹੈ ਕਿ ਅੰਗਰੇਜ਼ੀ ਬੈਂਡ-ਬਾਜੇ ਦੇ ਅੱਠਾਂ ਦਸਤਿਆਂ ਦਾ, ਅਰਬਾਬਿ-ਨਿਸ਼ਾਤ ਮਹਿਕਮੇ ਨਾਲ ਕੋਈ ਸੰਬੰਧ ਨਹੀਂ ਸੀ, ਕਿਉਂਕਿ ਉਹ ਜਾਂ ਤਾਂ ਪੁਲਿਸ ਮਹਿਕਮੇ ਨਾਲ ਸੰਬੰਧਤ ਹੁੰਦੇ ਸਨ ਅਤੇ ਜਾਂ ਫਿਰ ਪਿਆਦਾ (Infantry) ਫ਼ੌਜ ਨਾਲ। ਉਨ੍ਹਾਂ ਦੀ ਅਧਿਕ ਲੋੜ ਗੋਰੇ ਅਫ਼ਸਰਾਂ/ ਮਹਿਮਾਨਾਂ ਦੀ ਆਮਦ 'ਤੇ ਵਧੇਰੇ ਹੁੰਦੀ ਸੀ। ਮਹਾਰਾਜੇ ਨੇ ਬੈਂਡ ਬਾਜੇ ਦਾ ਕੰਡੱਕਟਰ ਇਕ ਅੰਗਰੇਜ਼ ਮੈੱਕਸ ਗੈਗਰ ਰੱਖਿਆ ਹੋਇਆ ਸੀ।

ਸੋ ਇਨ੍ਹਾਂ ਕਾਰਨਾਂ ਕਰਕੇ, ਪਟਿਆਲਾ ਸੰਗੀਤ ਘਰਾਣੇ ਦੀ ਰੀਸ ਕਰਨੀ ਔਖੀ ਹੈ। ਸ਼ਾਸਤ੍ਰੀਅਤਾ ਦੇ ਨਾਲ ਨਾਲ ਇਸਦੀ ਗਾਇਕੀ ਸਦਾ ਮਨੁੱਖੀ ਹਿਰਦੇ ਦੇ ਹਾਵਾਂ ਭਾਵਾਂ ਅਤੇ ਉਮੰਗਾਂ ਤਰੰਗਾਂ ਦੀ ਤਰਜਮਾਨੀ ਕਰਦੀ ਰਹੀ ਹੈ। ਏਸੇ ਕਾਰਨ ਹੀ ਇਹ ਹਮੇਸ਼ਾ ਹਰਮਨ ਪਿਆਰੀ ਰਹੀ ਹੈ ਅਤੇ ਇਸਦਾ ਹਸ਼ਰ ਸਾਡੀ ਇਕ ਕਲਾਸਕੀ ਜ਼ੁਬਾਨ ਸੰਸਕ੍ਰਿਤ ਵਰਗਾ ਨਹੀਂ ਹੋਇਆ। ਆਮ ਤੌਰ 'ਤੇ ਇਹ ਗੱਲ ਕਹੀ ਜਾਂਦੀ ਹੈ ਕਿ ਇਸ ਵੇਲੇ ਹਿੰਦ-ਪਾਕ ਉਪ-ਮਹਾਂਦੀਪ ਦੇ ਨੀਮ-ਕਲਾਸੀਕਲ ਗਵੱਈਆਂ ਵਿੱਚੋਂ ਇਕ ਵੀ ਅਜਿਹਾ ਕਲਾਕਾਰ ਨਹੀਂ ਹੈ, ਜਿਸਦੇ ਗਾਣੇ ਵਿੱਚੋਂ ਬੜੇ ਗ਼ੁਲਾਮ ਅਲੀ ਖ਼ਾਂ ਦੀਆਂ ਸਾਫ਼-ਸ਼ਫ਼ਾਫ਼ ਤਾਨਾਂ ਅਤੇ ਉਸਦੇ ਛੋਟੇ ਭਾਈ ਬਰਕਤ ਅਲੀ ਖ਼ਾਂ ਦੇ ਤਾਨ ਪਲਟਿਆਂ ਦੀ ਝਲਕ ਦਿਖਾਈ ਨਾ ਦਿੰਦੀ ਹੋਵੇ।

ਕੀ ਆਪਣੇ ਆਪ ਵਿਚ ਇਹ ਕੋਈ ਛੋਟੀ ਗੱਲ ਹੈ ਕਿ ਧਰੁੱਪਦ ਗਾਇਕੀ ਲਗਭਗ ਖ਼ਤਮ ਹੋ ਜਾਣ ਕਾਰਨ ਅੱਜ ਸਾਰੇ ਦਾ ਸਾਰਾ ਉੱਤਰੀ-ਭਾਰਤ, ਸਮੇਤ ਪਾਕਿਸਤਾਨ ਦੇ, ਪਟਿਆਲਾ ਅੰਗ ਹੀ ਗਾ ਵਜਾ ਰਿਹਾ ਹੈ।


www.sikhbookclub.com

# ਕਪੂਰਥਲਾ ਘਰਾਣਾ

*ਕਪੂਰਥਲਾ, ਹਰਿਆਣਾ, ਸ਼ਾਮ, ਤਲਵੰਡੀ।*
*ਡਾਗਰ, ਗੌਹਰ, ਨੌਹਾਰ, ਰਣਖੰਡੀ।*

ਪੰਜਾਬ ਦੇ ਸੰਗੀਤ ਘਰਾਣਿਆਂ ਸੰਬੰਧੀ ਇਹ ਸ਼ਲੋਕ ਇਕ ਤਵਾਰੀਖ਼ੀ ਹੈਸੀਅਤ ਰੱਖਦਾ ਹੈ, ਜਿਹੜਾ ਦਰਸਾਉਂਦਾ ਹੈ ਕਿ ਪੰਜਾਬ ਦੇ ਘਰਾਣੇ ਕਿਹੜੀ ਕਿਹੜੀ ਬਾਣੀ ਗਾਉਂਦੇ ਹਨ। ਕਪੂਰਥਲਾ ਘਰਾਣੇ ਦਾ ਮੁਕਾਮ ਆਪਣਾ ਵੱਖਰਾ ਹੀ ਹੈ, ਜਿਸ ਦੇ ਕਲਾਕਾਰ ਡਾਗਰੀ ਬਾਣੀ ਗਾਉਂਦੇ ਹਨ। ਜਿਸ ਤਰ੍ਹਾਂ ਕੱਵਾਲੀ ਗਾਉਣ ਵਾਲਿਆਂ ਦੀਆਂ ਬਾਰ੍ਹਾਂ ਬਾਣੀਆਂ ਜਾਂ ਗਾਉਣ ਦੇ ਤਰੀਕੇ ਮਸ਼ਹੂਰ ਹਨ, (ਜਿਵੇਂ ਕਿ ਖ਼ੈਰਾਬਾਦੀ, ਜੌਨਪੁਰੀ ਅਤੇ ਕਬੀਰੀ ਆਦਿ) ਐਨ ਓਸੇ ਤਰ੍ਹਾਂ ਹੀ ਧਰੁੱਪਦ ਗਾਇਨ ਦੀਆਂ ਚਾਰ ਬਾਣੀਆਂ ਪ੍ਰਸਿੱਧ ਹਨ, ਜਿਵੇਂ ਕਿ ਡਾਗਰੀ, ਗੌਰਾਹੀ ਜਾਂ ਗੌੜਾਰੀ, ਨੌਹਾਰੀ ਜਾਂ ਨਾਹਰੀ ਅਤੇ ਖੰਡਾਰੀ। ਦੇਖਿਆ ਗਿਆ ਹੈ ਕਿ ਸਾਡੇ ਕੁਝ ਰਾਗਾਂ ਦੇ ਨਾਂ ਜਿਵੇਂ ਮੁਲਤਾਨੀ, ਕਸੂਰੀ ਅਤੇ ਜੌਨਪੁਰੀ ਆਦਿ ਸ਼ਹਿਰਾਂ ਦੇ ਨਾਵਾਂ 'ਤੇ ਰੱਖੇ ਗਏ—ਏਸੇ ਤਰ੍ਹਾਂ ਕੁਝ ਹਾਲਤਾਂ 'ਚ ਇਨ੍ਹਾਂ ਬਾਣੀਆਂ ਦਾ ਅਜਿਹਾ ਨਾਮਕਰਨ ਖ਼ਿੱਤਿਆਂ ਜਾਂ ਖੇਤਰਾਂ ਨੂੰ ਮੁੱਖ ਰੱਖ ਕੇ ਕੀਤਾ ਗਿਆ, ਜਿਵੇਂ ਡਾਗਰੀ (ਮੱਧ ਭਾਰਤ : ਬੁੰਦੇਲ ਖੰਡ, ਬਘੇਲ ਖੰਡ, ਰੁਹੇਲ ਖੰਡ ਆਦਿ ਦਾ ਖ਼ਿੱਤਾ), ਗੌੜਾਰੀ (ਕਾਸ਼ੀ, ਬਿੰਦਰਾਬਨ ਤੋਂ ਲੈ ਕੇ ਬੰਗਾਲ ਉੜੀਸਾ ਤਕ), ਨੌਹਾਰੀ, ਨੌਹਰੀ ਜਾਂ ਨਾਹਰੀ (ਨਾਹਰ-ਮਾਅਨਵੀ ਤੌਰ 'ਤੇ, ਨਾਹਰ ਦਾ ਮਤਲਬ ਹੀ ਸ਼ੇਰ ਹੁੰਦਾ ਹੈ) ਰਾਜਪੂਤਾਨਾ-ਜੰਗਲ ਆਦਿ, ਜਿੱਧਰ ਕਿ ਸ਼ੇਰ ਵਧੇਰੇ ਰਹਿੰਦੇ ਸਨ—ਰਾਜਸਥਾਨ 'ਚ ਵੱਧ ਪ੍ਰਚਲਿਤ ਬਾਣੀ, ਜਿਸਨੂੰ ਕਿ ਪੰਜਾਬ ਵਿਚ ਸਾਡੇ ਪਰਮ ਮਿੱਤਰ ਉਸਤਾਦ ਸਲਾਮਤ ਅਲੀ ਖ਼ਾਂ, ਸ਼ਾਮ ਚੌਰਾਸੀ ਵਾਲਿਆਂ ਨੇ ਸਿਖਰਾਂ ਤਕ ਪਹੁੰਚਾਇਆ, ਅਤੇ ਗੰਧਾਰੀ (ਦਿੱਲੀ, ਆਗਰਾ ਆਦਿ ਦਾ ਖ਼ਿੱਤਾ, ਜਿਥੋਂ ਦਾ ਰਾਜ ਤਾਜ ਹਥਿਆਉਣ ਲਈ ਦੇਸ਼ ਦਾ ਇਹ ਹਿੱਸਾ ਕਿੰਨੀ ਵੇਰ ਰਣ ਖੇਤਰ ਜਾਂ ਯੁੱਧ-ਅਖਾੜਾ ਬਣਿਆ, ਸਾਡੇ ਪ੍ਰਾਚੀਨ ਮਹਾ-ਰਿਸ਼ੀ ਜਾਂ ਭਗਤ, ਸਾਰੇ ਦੇ ਸਾਰੇ ਤਨ (ਮਨ) ਦੀ ਤ੍ਰਿਪਤੀ ਲਈ ਗਾਉਂਦੇ ਸਨ, ਮੋਕਸ਼ ਜਾਂ ਮੁਕਤੀ ਪ੍ਰਾਪਤ ਕਰਨ ਲਈ, ਇਸ ਲਈ ਉਨ੍ਹਾਂ ਨੂੰ ਤੰਬੂਰ ਨਾਮੀ, ਪੰਜਾਬ ਦੇ ਇਕ ਸੰਤ ਦੀ ਕੱਢੀ ਕਾਢ 'ਤੰਬੂਰਾ' ਜਾਂ 'ਤਾਨਪੂਰਾ' ਹੀ ਰਾਸ ਆਉਂਦਾ ਸੀ, ਕਿਉਂਕਿ ਇਹ ਹੀ ਇੱਕੋ-ਇਕ ਸਾਜ਼ ਸੀ ਜਿਹੜਾ ਉਨ੍ਹਾਂ ਦੀਆਂ ਰੂਹਾਨੀ ਡੂੰਘਾਣਾਂ ਦੀ ਕੂਕ ਸੁਣਦਾ ਸੀ। ਪੱਛਮੀ ਦੇਸ਼ਾਂ ਵਾਂਗ ਉਨ੍ਹਾਂ ਨੂੰ ਕੋਈ ਲੰਮਾ ਚੌੜਾ ਸ਼ੋਰ-ਸ਼ਰਾਬੇ ਵਾਲਾ 'ਔਰਕੈਸਟਰਾ' ਨਹੀਂ ਸੀ ਚਾਹੀਦਾ। ਉਹ ਰਸਿਕੀ ਜਿਊੜੇ ਸਿਰਫ਼ ਆਪਣੇ ਆਪ ਲਈ ਗਾਉਂਦੇ ਸਨ ਜਾਂ ਬੜੀ ਹੱਦ ਉਨ੍ਹਾਂ

ਦੁਆਲੇ ਬੈਠੀ ਹੋਈ ਛੁਟਕੀ ਜਿਹੀ ਮੰਡਲੀ ਹੁੰਦੀ। ਉਹ ਆਪਣੇ ਆਪਣੇ ਇਲਾਕੇ ਦੀਆਂ ਲੋਕ-ਧੁਨਾਂ ਵਿਚ ਹੀ ਮਗਨ ਮਦਮਸਤ ਰਹਿੰਦੇ ਸਨ।

ਪੁਰਾਤਨ ਇਤਿਹਾਸਕਾਰਾਂ ਅਤੇ ਸਮਾਜ-ਸ਼ਾਸਤ੍ਰੀਆਂ ਨੇ ਹੜੱਪਾ ਮਹਿੰਜੋਦਾਰੋ ਘਾਟੀ ਨੂੰ ਹਿੰਦੁਸਤਾਨੀ ਸਭਿਅਤਾ ਦਾ ਸਭ ਤੋਂ ਪੁਰਾਣਾ ਪੰਘੂੜਾ ਆਖਿਆ ਹੈ ਜਿਸ ਤੱਥ ਨੂੰ ਰਾਬਿੰਦਰ ਨਾਥ ਟੈਗੋਰ ਨੇ ਵੀ ਕੁਝ ਏਹੋ ਜਿਹੀ ਸ਼ਬਦਾਵਲੀ ਵਿਚ ਹੀ ਸਵੀਕਾਰ ਕੀਤਾ ਹੈ। ਸੋ ਸਾਡੇ ਗੁਰੂ ਸਾਹਿਬਾਨ 'ਤੇ ਗਾਂਧਰਾਂ ਜਾਂ ਗੰਧਾਰ ਦੇਸ਼ ਦੀ ਸਭਿਅਤਾ ਦਾ ਅਸਰ ਹੋਣਾ ਕੁਦਰਤੀ ਕਰਮ ਸੀ। ਪਰ ਕਿਉਂਕਿ ਉਨ੍ਹਾਂ ਨੇ ਆਪਣੀ ਮਹਿਕ ਦੇਸ਼ ਦੇ ਦੂਜੇ ਖਿੱਤਿਆਂ 'ਚ ਵੀ ਫੈਲਾਉਣੀ ਸੀ (ਇਕੱਲੇ ਪੰਜਾਬ ਵਿਚ ਨਹੀਂ) ਇਸ ਲਈ ਉਨ੍ਹਾਂ ਨੇ ਆਦਾਨ-ਪ੍ਰਦਾਨ ਲਈ ਗੁਰਬਾਣੀ ਵਿਚ ਆਪਣੀ ਬਾਣੀ ਭਾਵ ਗੰਧਾਰੀ (ਭਗਤ ਕਬੀਰ, ਰਵਿਦਾਸ ਆਦਿ, ਸਮੇਤ) ਦੂਜੀਆਂ ਬਾਣੀਆਂ ਸਵੀਕਾਰ ਕਰਨ ਤੋਂ ਵੀ ਸੰਕੋਚ ਨਹੀਂ ਕੀਤਾ; ਜਿਵੇਂ ਕਿ ਗੌੜਾਰੀ ਬਾਣੀ (ਭਗਤ ਜੈ ਦੇਵ ਜੀ), ਨਾਹਰ ਬਾਣੀ (ਭਗਤ ਨਾਮਦੇਵ ਜੀ) ਆਦਿ। ਅਸਲ ਵਿਚ ਗੁਰੂ ਗ੍ਰੰਥ ਸਾਹਿਬ, ਦੇਸ਼ ਭਰ ਦੇ ਚਿੰਤਨ ਅਤੇ ਰਾਗਦਾਰੀ ਲਈ ਇਕ ਅਜਿਹਾ ਸੂਰਜ ਹੋ ਨਿਬੜਿਆ ਹੈ, ਜਿਸ ਦੀ ਮਿਸਾਲ ਮਿਲਣੀ ਬੜੀ ਮੁਸ਼ਕਿਲ ਹੈ। ਭੂਗੋਲ ਨਾਲ ਮਾੜਾ ਮੋਟਾ ਵੀ ਮੱਸ ਰੱਖਣ ਵਾਲੇ ਇਹ ਗੱਲ ਭਲੀ-ਭਾਂਤ ਜਾਣਦੇ ਹਨ ਕਿ ਕੈਥਲ, ਕਰਨਾਲ, ਨਾਰਨੌਲ ਅਤੇ ਮਹਿੰਦਰਗੜ੍ਹ ਦੇ ਆਸ ਪਾਸ ਦੇ ਇਲਾਕੇ ਨੂੰ ਬਾਂਗਰ ਜਾਂ ਬਾਂਗੜ ਕਿਹਾ ਜਾਂਦਾ ਰਿਹਾ ਹੈ ਅਤੇ ਜਿਹੜੀ ਬਾਣੀ ਕਪੂਰਥਲਾ ਦੇ ਕਲਾਕਾਰ ਗਾਉਂਦੇ ਰਹੇ ਹਨ, ਉਸ ਨੂੰ ਡਾਗਰ ਜਾਂ ਡਾਗਰੀ ਦਾ ਨਾਮ ਦਿੱਤਾ ਜਾਂਦਾ ਹੈ। ਹੋ ਸਕਦੈ ਕਿ ਇਸ ਦੇ ਪਹਿਲੇ ਕਲਾਕਾਰ ਕਿਸੇ ਸਮੇਂ ਮੱਧ ਪ੍ਰਦੇਸ਼ ਦੇ ਉਸ ਖਿੱਤੇ 'ਚੋਂ ਆਏ ਹੋਣ ਅਤੇ ਜਾਂ ਫਿਰ ਉਨ੍ਹਾਂ ਦੇ ਬਾਨੀ ਵਡੇਰਿਆਂ ਨੇ ਓਧਰਲੇ ਬਾਣੀਕਾਰਾਂ ਦਾ ਅਸਰ ਕਬੂਲ ਕੀਤਾ ਹੋਵੇ। ਸਾਈਂ ਅਲਿਆਸ ਜੀ ਦੀਆਂ ਕੁਝ ਦੁਰਲੱਭ ਚੀਜ਼ਾਂ, ਜਿਹੜੀਆਂ ਸਾਡੇ ਇਕ ਮੇਹਰਬਾਨ ਦੋਸਤ ਉਸਤਾਦ ਗੁਲਾਮ ਹੈਦਰ ਕਸੂਰੀ ਨੇ ਸਾਨੂੰ ਸ਼ਰਧਾਵਸ ਪ੍ਰਸ਼ਾਦਿ ਵਜੋਂ ਅਪ੍ਰੈਲ 2005 ਨੂੰ ਲਾਹੌਰ ਵਿਚ ਹੋਈ ਆਲਮੀ ਪੰਜਾਬੀ ਕਾਨਫ਼ਰੰਸ ਸਮੇਂ ਭੇਂਟ ਕੀਤੀਆਂ ਸਨ; ਉਨ੍ਹਾਂ ਦੇ ਬੋਲ ਹਨ :

1. *ਮੋਰੀ ਬੇਗ਼ਾ ਸੁੱਧ ਲੀਜੋ।* *(ਰਾਗ ਕਬੀਰ ਭੈਰੋ)*
2. *ਪਰਜ ਬਿਰਧ ਕੋ ਬਚਾਨਾ।* *(ਰਾਗ ਸੰਧੂਰੀ ਟੋੜੀ)*

ਉਸ ਫ਼ਕੀਰ ਮੁਨਸ਼ ਫ਼ਨਕਾਰ ਦੇ 'ਮੋਟੋਗ੍ਰਾਮ' ਦਾ ਨਮੂਨਾ, ਉਨ੍ਹਾਂ ਦੇ ਆਪਣੇ ਕਲਾਮ ਅਨੁਸਾਰ ਕੁਝ ਇਸ ਪ੍ਰਕਾਰ ਹੈ :

*ਨਮੋ-ਨਮੋ*[1] *ਅਲਿਆਸ ਸਾਈਂ ਕਿਰਪਾ ਨਿਧਾਨ, ਸੁਖ ਸਾਗਰ।*
*ਆਦ ਨਾਦ ਵੇਦ ਮੋਹੇ ਦੀਜੋ ਦਾਨ ਸਵਾਮੀ ਡਾਗਰ।*

ਕਪੂਰਥਲਾ ਭਾਵੇਂ ਕਿ ਇਕ ਛੋਟਾ ਜਿਹਾ ਸ਼ਹਿਰ ਹੈ, ਤਾਂ ਵੀ ਇਸ ਦਾ ਇਤਿਹਾਸ ਬੜਾ ਪੁਰਾਤਨ ਅਤੇ ਮਹੱਤਵਪੂਰਨ ਹੈ। ਦੱਸਦੇ ਨੇ ਕਿ ਇਹ ਕਦੇ ਰਾਣਾ ਕਪੂਰ, ਜਿਹੜੇ

---

1. ਨਮੋ—ਭਾਵ ਨਮਸਕਾਰ ਕਰਨਾ, ਨਿਧਾਨ—ਆਸਰਾ (ਜਿਸ ਮਨਿ ਬਸੈ ਸੁ ਹੋਤ ਨਿਧਾਨ—ਸੁਖਮਨੀ ਸਾਹਿਬ); ਆਦਿ—ਪਹਿਲਾ, ਮੁੱਢਲਾ, ਮੂਲ (Basic)।

ਕਿ ਜੈਸਲਮੇਰ ਦੇ ਰਾਜਪੂਤਾਂ ਵਿੱਚੋਂ ਸਨ, ਨੇ ਸੁਲਤਾਨ ਮਹਿਮੂਦ ਗ਼ਜ਼ਨਵੀ ਦੇ ਸਮੇਂ, ਗਿਆਰ੍ਹਵੀਂ ਸਦੀ ਵਿਚ ਵਸਾਇਆ ਸੀ। ਰਾਣਾ ਕਪੂਰ ਤੋਂ ਇਸ ਦਾ ਨਾਂਅ ਕਪੂਰਥਲਾ ਪਿਆ ਸੀ। ਸਦੀਆਂ ਬੀਤਦੀਆਂ ਗਈਆਂ, ਮੁਸਲਮਾਨ ਧਾੜਵੀ, ਪੰਜਾਬ ਵਿੱਚੋਂ ਦੀ ਹੁੰਦੇ ਹੋਏ, ਤਬਾਹੀ ਮਚਾਉਂਦੇ ਹੋਏ, ਹਿੰਦੁਸਤਾਨ ਨੂੰ ਬਾਰਮ-ਬਾਰ ਲੁੱਟਦੇ ਰਹੇ। ਪੰਜਾਬ ਦੇ ਦੂਜੇ ਸ਼ਹਿਰਾਂ ਵਾਂਗ ਇਹ ਸ਼ਹਿਰ ਵੀ ਅਬਦਾਲੀਆਂ ਦੀਆਂ ਉਨ੍ਹਾਂ ਧਾੜਾਂ ਦੀ ਮਾਰ ਹੇਠ ਆਉਂਦਾ ਰਿਹਾ। ਸਿੱਖਾਂ ਦੀਆਂ 12 ਮਿਸਲਾਂ ਦੀ ਆਪਸੀ ਖੁੰਦਕ-ਬਾਜ਼ੀ ਇਕ ਪਾਸੇ, ਬੰਦਾ ਬੈਰਾਗੀ ਦੇ ਚੜ੍ਹਾਈ ਕਰਨ ਪਿੱਛੋਂ ਸਿੱਖਾਂ ਨੇ ਸਰਬ-ਸੰਮਤੀ ਨਾਲ ਕੌਮ ਦੀ ਵਾਗਡੋਰ, ਸ. ਜੱਸਾ ਸਿੰਘ ਆਹਲੂਵਾਲੀਆ ਦੇ ਹੱਥ ਸੌਂਪ ਦਿੱਤੀ ਸੀ।

ਆਪਣੇ ਆਪ ਵਿਚ ਇਹ ਕੋਈ ਛੋਟਾ ਕਾਰਨਾਮਾ ਨਹੀਂ ਕਿ ਆਪ ਦੀ ਅਗਵਾਈ ਹੇਠ ਸਿੱਖਾਂ ਦੇ ਸਿਰਲੱਥ ਯੋਧਿਆਂ ਨੇ ਅਹਿਮਦ ਸ਼ਾਹ ਅਬਦਾਲੀ ਦੇ ਖ਼ੂਨੀ ਪੰਜਿਆਂ ਵਿੱਚੋਂ 2200 ਕੈਦੀ ਹਿੰਦੂ ਲੜਕੀਆਂ ਨੂੰ ਛੁਡਵਾ ਕੇ ਉਨ੍ਹਾਂ ਨੂੰ ਆਪਣੇ ਘਰੋ-ਘਰੀਂ ਪਹੁੰਚਾਇਆ ਸੀ।

ਉਨ੍ਹਾਂ ਸਮਿਆਂ ਦੇ ਇਸ ਬਹੁਤ ਵੱਡੇ ਸੂਰਮੇ ਸਰਦਾਰ ਜਰਨੈਲ ਬਾਰੇ ਹੋਰ ਵਧੇਰੇ ਜਾਨਣ ਲਈ ਪਾਠਕਾ ਵਿਚ ਥੋੜ੍ਹੀ ਬਹੁਤੀ ਉਤਸੁਕਤਾ ਹੋ ਸਕਦੀ ਹੈ। ਆਪ ਦਾ ਜਨਮ 3 ਮਈ 1718 ਈ. ਨੂੰ ਪਿੰਡ ਆਹਲੂ, ਜ਼ਿਲ੍ਹਾ ਲਾਹੌਰ ਵਿਚ ਇਕ ਗੁਰਸਿੱਖ ਪਰਿਵਾਰ ਸ. ਬਦਰ ਸਿੰਘ ਦੇ ਘਰ ਮਾਤਾ ਜੀਵਨ ਕੌਰ ਦੀ ਕੁੱਖੋਂ ਹੋਇਆ ਸੀ। ਇਥੇ ਇਹ ਗੱਲ ਖ਼ਾਸ ਮਹੱਤਤਾ ਰੱਖਦੀ ਹੈ ਕਿ ਆਪ ਦੀ ਮਿਸਲ ਦਾ ਨਾਮ-ਕਰਨ ਆਹਲੂਵਾਲੀਆ ਇਸ ਪਿੰਡ ਦੇ ਅਜਿਹੇ ਨਾਮ ਕਰਕੇ ਹੀ ਹੋਇਆ ਸੀ। ਕੁਦਰਤ ਦੀ ਕਰਨੀ ਅਨੁਸਾਰ ਬਾਲਕ ਜੱਸਾ ਸਿੰਘ ਦੇ ਸਿਰ ਤੋਂ ਬਾਪ ਦਾ ਸਾਇਆ ਛੋਟੀ ਉਮਰੇ ਹੀ ਉਠ ਗਿਆ ਸੀ। 1723 ਈ. ਵਿਚ ਉਨ੍ਹਾਂ ਦੇ ਅਕਾਲ ਚਲਾਣੇ ਪਿੱਛੋਂ ਮਾਤਾ ਜੀਵਨ ਕੌਰ, ਬਾਲਕ ਜੱਸਾ ਸਿੰਘ ਸਮੇਤ ਸਿੱਖ ਸੰਗਤਾਂ ਨਾਲ ਦਿੱਲੀ ਵਿਖੇ ਮਾਤਾ ਸੁੰਦਰੀ ਜੀ ਦੇ ਦਰਬਾਰ ਵਿਚ ਪੁੱਜ ਗਏ। ਉਥੇ ਉਹ ਦੋਵੇਂ ਕੀਰਤਨ ਕਰਨ ਲੱਗ ਪਏ। ਆਪ ਦੇ ਮਨੋਹਰ ਕੀਰਤਨ ਤੋਂ ਮਾਤਾ ਸੁੰਦਰੀ ਜੀ ਬੇਹੱਦ ਪ੍ਰਭਾਵਿਤ ਸਨ। ਇਥੋਂ ਤਕ ਕਿ ਫਿਰ ਇਕ ਅਜਿਹਾ ਮੌਕਾ ਵੀ ਆਇਆ ਕਿ ਮਾਤਾ ਸੁੰਦਰੀ ਜੀ ਨੇ ਛੇਵੇਂ ਪਾਤਸ਼ਾਹ ਜੀ ਦੀ ਇਕ ਗੁਰਜ, ਜਿਸ ਦਾ ਭਾਰ 16 ਸੇਰ ਪੱਕਾ ਸੀ, ਆਪ ਨੂੰ ਬਖ਼ਸ਼ਿਸ਼ ਕੀਤੀ ਸੀ, ਜਿਹੜੀ ਕਿ ਅੱਜ ਵੀ ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇ-ਖ਼ਾਨੇ ਵਿਚ ਵੇਖੀ ਜਾ ਸਕਦੀ ਹੈ।

ਮਾਤਾ ਸੁੰਦਰੀ ਜੀ ਦੀ ਸੰਗਤ ਨੇ ਆਪ ਦੀ ਸ਼ਖ਼ਸੀਅਤ 'ਤੇ ਐਨਾ ਗੂੜ੍ਹਾ ਰੰਗ ਚਾੜ੍ਹਿਆ ਕਿ ਆਪ ਨੇ ਦਿੱਲੀ ਰਹਿੰਦਿਆਂ ਜਿਥੇ ਸਿੱਖ ਇਤਿਹਾਸ ਦਾ ਰੱਜਵਾਂ ਅਧਿਐਨ ਕੀਤਾ, ਉਥੇ ਏਥੋਂ ਦੇ ਇਕ ਪ੍ਰਸਿੱਧ ਮਦਰੱਸੇ ਤੋਂ ਉਰਦੂ-ਫ਼ਾਰਸੀ ਆਦਿ ਦੇ ਅਦਬ ਦੀ ਵੀ ਭਰਵੀਂ ਪੜ੍ਹਾਈ ਕੀਤੀ। ਕੁਝ ਸਾਲਾਂ ਪਿੱਛੋਂ ਸ. ਜੱਸਾ ਸਿੰਘ ਆਪਣੀ ਮਾਤਾ ਜੀ ਸਮੇਤ ਪੰਜਾਬ ਆ ਗਏ ਅਤੇ ਪੰਥ ਦੇ ਜਥੇਦਾਰ ਨਵਾਬ ਕਪੂਰ ਸਿੰਘ ਪਾਸ ਆ ਸ਼ਰਨ ਲਈ। ਉਨ੍ਹਾਂ ਨੇ ਆਪ ਨੂੰ ਸ਼ਸਤਰ ਵਿੱਦਿਆ ਤੇ ਘੋੜ ਸਵਾਰੀ ਦੇ ਮਾਹਿਰਾਂ ਕੋਲੋਂ ਇਨ੍ਹਾਂ ਹੁਨਰਾਂ ਦੀ ਤਾਲੀਮ ਦਿਵਾਈ। 1729 ਈ. ਪਿੱਛੋਂ ਸ. ਜੱਸਾ ਸਿੰਘ ਨਵਾਬ ਕਪੂਰ ਸਿੰਘ ਦੀਆਂ ਲਗਭਗ ਸਾਰੀਆਂ ਮੁਹਿੰਮਾਂ ਵਿਚ ਸ਼ਰੀਕ ਹੋਏ।


www.sikhbookclub.com

22 ਅਕਤੂਬਰ 1761 ਈ. ਨੂੰ ਆਪ ਦੀ ਅਗਵਾਈ ਵਿਚ ਸਿੱਖਾਂ ਨੇ ਲਾਹੌਰ 'ਤੇ ਹੱਲਾ ਬੋਲ ਦਿੱਤਾ ਅਤੇ ਗਵਰਨਰ ਲਾਹੌਰ ਉਬੇਦ ਖ਼ਾਂ ਨੂੰ ਮਾਰ ਮੁਕਾ ਕੇ ਫ਼ਤਹਿ ਹਾਸਲ ਕੀਤੀ ਸੀ। ਇਹ ਉਹੀ ਮੌਕਾ ਸੀ ਜਦੋਂ ਕਿ ਸਿੱਖਾਂ ਵੱਲੋਂ ਆਪ ਨੂੰ ਪੰਥ ਦਾ ਸਭ ਤੋਂ ਪਹਿਲਾ ਬਾਦਸ਼ਾਹ ਸੁਲਤਾਨ-ਉਲ-ਕੌਮ ਘੋਸ਼ਿਤ ਕਰ ਦਿੱਤਾ ਗਿਆ ਸੀ। ਉਸ ਮੌਕੇ 'ਤੇ ਆਪ ਵੱਲੋਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿਘ ਜੀ ਦੇ ਨਾਮਾਂ 'ਤੇ ਸਿੱਕੇ ਜਾਰੀ ਕੀਤੇ ਗਏ ਸਨ, ਜਿਨ੍ਹਾਂ 'ਤੇ ਇਹ ਠੱਪਾ ਸੀ :

*ਦੇਗੋ ਤੇਗੋ ਫ਼ਤਹਿ ਓ ਨੁਸਰਤ ਬੇ-ਦਰੰਗ*
*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ*

ਉਂਜ ਕੁਝ ਮੁਸਲਮਾਨ ਤਾਰੀਖ਼ਦਾਨ ਜਿਵੇਂ ਕਿ ਪ੍ਰੋ. ਮੁਹੰਮਦ ਸ਼ੁਜਾਹੁੱਦੀਨ ਹੋਰਾਂ ਦੇ ਖ਼ਿਆਲ ਅਨੁਸਾਰ ਲਾਹੌਰ ਦੀ ਹੀ ਟਕਸਾਲ ਵਿਚ ਉਦੋਂ ਕੁਝ ਸਿੱਕੇ ਅਜਿਹੇ ਵੀ ਢਾਲੇ ਗਏ ਸਨ, ਜਿਨ੍ਹਾਂ 'ਤੇ ਇਹ ਛਾਪ ਸੀ :

*ਸਿੱਕਾ ਜ਼ੋਰ ਜਹਾਂ ਬਾਫ਼ਜ਼ਲਿ ਅਕਾਲ*
*ਮਲਿਕ ਅਹਿਮਦ ਗ੍ਰਿਫ਼ਤ ਜੱਸਾ ਕਲਾਲ*

ਇਹ ਕੈਸਾ ਮੌਕਾ-ਮੇਲ ਸੀ ਕਿ ਲਾਹੌਰ ਦੇ ਰਹਿ ਚੁੱਕੇ ਗਵਰਨਰ ਮੁਈਨ-ਅਲ-ਮਲਿਕ ਉਰਫ਼ ਮੀਰ ਮੰਨੂ ਦੀ ਬੇਗਮ ਮੁਗ਼ਲਾਨੀ ਬੇਗਮ ਜਿਹੜੀ ਇਕ ਗਾਇਕਾ ਵੀ ਸੀ, ਸੱਸ ਸ਼ੋਲਾਪੁਰੀ ਬੇਗਮ ਅਤੇ ਧੀ ਉਮਦਾ ਬੇਗਮ ਅਜੇ ਸਾਰੀਆਂ ਜਿਉਂਦੀਆਂ ਸਨ ਅਤੇ ਲਾਹੌਰ ਵਿਚ ਰਹਿ ਰਹੀਆਂ ਸਨ। ਬਲਕਿ ਉਸ ਤੋਂ ਕੁਝ ਸਾਲ ਪਿੱਛੋਂ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ 'ਤੇ ਕਬਜ਼ਾ ਕੀਤਾ ਤਾਂ ਉਹ ਅਨਭੋਲ ਹੀ ਮੁਗ਼ਲਾਨੀ ਬੇਗਮ ਤੋਂ ਆਪਣੀ ਇਕ ਪਸੰਦੀਦਾ ਗ਼ਜ਼ਲ ਕਿੰਨਾ ਚਿਰ ਸੁਣਦਾ ਰਿਹਾ ਸੀ। 18ਵੀਂ ਸਦੀ ਦੇ 70ਵਿਆਂ ਵਿਚ ਉਸਨੇ ਰਾਏ ਇਬਰਾਹੀਮ ਭੱਟੀ ਨੂੰ ਭਾਂਜ ਦੇ ਕੇ ਕਪੂਰਥਲਾ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਅਤੇ ਇਸ ਰਿਆਸਤ ਦੇ ਬਾਨੀ ਬਣ ਬੈਠੇ। 19ਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਤਕ, ਕਪੂਰਥਲਾ ਕੋਈ ਵੱਡਾ ਸ਼ਹਿਰ ਨਹੀਂ ਸੀ, ਭਾਵੇਂ ਕਿ ਇਸ ਦੇ ਪ੍ਰਤਿਪਾਲਕ ਬੜੇ ਪ੍ਰਭਾਵਸ਼ਾਲੀ ਬਣਦੇ ਜਾ ਰਹੇ ਸਨ। ਕੀ ਸ਼ਹਿਰ ਅਤੇ ਕੀ ਉਨ੍ਹਾਂ ਦੀ ਸਭਿਅਤਾ–ਇਹ ਸਾਰੀਆਂ ਚੀਜ਼ਾਂ ਇੱਕੋ ਦਿਨ ਵਿਚ ਹੀ ਨਹੀਂ ਮੌਲਰ ਜਾਂਦੀਆਂ, ਇਨ੍ਹਾਂ ਦੇ ਉੱਸਰਨ ਅਤੇ ਫਿਰ ਪ੍ਰਫੁੱਲਤਾ ਲਈ ਸਮਾਂ ਦਰਕਾਰ ਹੁੰਦਾ ਹੈ। ਸ਼ਾਇਦ ਏਸੇ ਲਈ ਅੰਗਰੇਜ਼ੀ ਦੀ ਇਕ ਕਹਾਵਤ ਮਸ਼ਹੂਰ ਹੈ ਕਿ ਰੋਮ ਇੱਕੋ ਦਿਨ ਵਿਚ ਹੀ ਨਹੀਂ ਸੀ ਉਸਰ ਗਿਆ : Rome was not built in a day. ਐਨ ਕੁਝ ਇਹੋ ਹੀ ਹਾਲ, ਕਪੂਰਥਲਾ ਜਾਂ ਇਸ ਦੀ ਵਿਰਾਸਤ ਦਾ ਸੀ। ਮਹਾਰਾਜਾ ਜੱਸਾ ਸਿੰਘ ਨੇ 1780 ਈ. ਵਿਚ ਇਸ ਸ਼ਹਿਰ ਨੂੰ ਆਪਣੀ ਰਾਜਧਾਨੀ ਬਣਾ ਲਿਆ, ਪਰ ਉਸ ਤੋਂ ਤਿੰਨ ਸਾਲ ਪਿੱਛੋਂ 1783 ਈ. ਵਿਚ ਆਪ ਚੜ੍ਹਾਈ ਕਰ ਗਏ। ਉਸ ਮਗਰੋਂ ਰਾਜ ਗੱਦੀ ਉਨ੍ਹਾਂ ਦੇ ਸਪੁੱਤਰ ਰਾਜਾ ਫ਼ਤਹਿ ਸਿਘ ਨੇ ਸੰਭਾਲੀ। ਸਿੱਖਾਂ 'ਤੇ ਉਹ ਸਮਾਂ ਹੀ ਕੁਝ ਐਸਾ ਸੀ। ਸੁਲਤਾਨ-ਉਲ-ਕੌਮ ਦਾ ਬਹੁਤਾ ਸਮਾਂ ਤਾਂ ਸੰਗਠਤ ਕਰਕੇ ਕੌਮ ਦੀ ਉਸਾਰੀ ਵੱਲ ਲੱਗਾ। ਪਰ ਫ਼ਤਹਿ ਸਿੰਘ ਨੇ ਸ਼ਹਿਰ ਵਿਚ ਇਕ ਕਿਲ੍ਹਾ ਬਣਵਾਉਣ ਦੀ ਸੋਚੀ–ਭਾਵੇਂ ਕਿ ਹਾਲਾਤ ਹਾਲੇ ਵੀ ਐਨੇ ਸਾਜ਼ਗਾਰ

ਨਹੀਂ ਸਨ। ਇਸ ਗੱਲ ਦਾ ਵਰਣਨ 10 ਦਸੰਬਰ, 1823 ਈ. ਨੂੰ ਲੰਡਨ ਦੇ ਇਕ ਅਖ਼ਬਾਰ *ਦਿ ਮੌਰਨਿੰਗ ਹੇਰਲਡ* ਵਿਚ ਛਪੀ ਇਕ ਖ਼ਬਰ ਵਿਚ ਮਿਲਦਾ ਹੈ, ਜਿਸ ਦੀ ਅਸਲ ਕਾਪੀ ਸਾਡੇ ਪਾਸ ਸੁਰੱਖਿਅਤ ਹੈ। ਉਹ ਰਿਪੋਰਟ ਕੁਝ ਇਸ ਤਰ੍ਹਾਂ ਹੈ:

ਫ਼ਤਹਿ ਸਿੰਘ ਨੇ ਸ਼ਹਿਰ ਦੇ ਕੁਝ ਫ਼ਾਸਲੇ 'ਤੇ ਇਕ ਪੱਕਾ ਕਿਲ੍ਹਾ ਬਣਵਾਉਣਾ ਸ਼ੁਰੂ ਕੀਤਾ ਸੀ, ਪੰਜਾਬ ਦੇ ਹਾਕਮ (ਮਹਾਰਾਜਾ ਰਣਜੀਤ ਸਿੰਘ) ਤੋਂ ਜਦ ਹੀ ਸੰਕੇਤ ਮਿਲਿਆ ਕਿ ਇਹ ਇਸ ਦੀ ਉਸਾਰੀ ਤੋਂ ਖ਼ੁਸ਼ ਨਹੀਂ ਹੋਵੇਗਾ, ਇਸ ਦੀ ਉਸਾਰੀ ਉਸੇ ਵੇਲੇ ਹੀ ਬੰਦ ਕਰਵਾ ਦਿੱਤੀ ਗਈ ਸੀ।

ਰਾਜਨੀਤੀ ਠੀਕ ਹੀ ਖੜੀ ਚੀਜ਼ ਹੈ, ਹੈਰਾਨੀ ਹੁੰਦੀ ਹੈ ਕਿ ਸ਼ੇਰਿ-ਪੰਜਾਬ ਨੇ 1802 ਈ. ਵਿਚ ਫ਼ਤਹਿ ਸਿੰਘ ਨੂੰ ਜਦ ਆਪਣਾ ਪੱਗ ਵੱਟ ਭਰਾ ਬਣਾ ਹੀ ਲਿਆ ਸੀ, ਤਾਂ ਫਿਰ ਆਪਣੇ ਇਲਾਕੇ ਜਾਂ ਸ਼ਹਿਰ ਵਿਚ ਕਿਲ੍ਹਾ ਬਣਵਾਉਣ ਵਿਚ ਏਨੀ ਈਰਖਾ ਜਾਂ ਸਾੜਾ ਕਿਉਂ ?

ਰਾਜਨੀਤਕ ਹਾਲਾਤ ਭਾਵੇਂ ਕਿਹੋ ਜਿਹੇ ਵੀ ਹੁੰਦੇ ਰਹੇ, ਏਥੇ ਇਹ ਗੱਲ ਸਪੱਸ਼ਟ ਹੈ ਕਿ ਕਪੂਰਥਲਾ ਵਾਲੇ ਸਰਦਾਰ, ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਸਮੇਂ ਸਮੇਂ ਸਿਰ ਆਪਣਾ ਸਰਦਾ ਯੋਗਦਾਨ ਪਾਉਂਦੇ ਰਹੇ। ਸ੍ਰੀ ਅੰਮ੍ਰਿਤਸਰ ਦੀ ਮਜ਼ਬੂਤੀ ਜਾਂ ਰਾਖੀ ਲਈ ਜਦੋਂ ਏਥੇ ਬੁੰਗੇ ਬਣਨ ਲੱਗੇ ਤਾਂ ਇਨ੍ਹਾਂ ਨੇ ਇਥੇ 'ਬੁੰਗਾ ਆਹਲੂਵਾਲੀਆ' 1796 ਈ. ਵਿਚ 33 ਹਜ਼ਾਰ ਰੁਪਏ ਦੀ ਲਾਗਤ ਨਾਲ ਬਣਾ ਲਿਆ ਸੀ, ਜਿਸ ਨੇ ਗੁਰਮਤਿ ਤਾਰੀਖ਼, ਫ਼ਲਸਫ਼ੇ ਅਤੇ ਸੰਗੀਤ ਲਈ ਬੜਾ ਕੁਝ ਕੀਤਾ। ਰਾਜਾ ਫ਼ਤਹਿ ਸਿੰਘ ਰਾਗ ਦੇ ਚੰਗੇ ਮਾਹਿਰ ਸਨ। ਆਪਣੇ ਸਮੇਂ ਉਨ੍ਹਾਂ ਨੇ ਇਸ ਦੀ ਬੜੀ ਭਰਵੀਂ ਸਰਪ੍ਰਸਤੀ ਕੀਤੀ। ਉਸ ਬੁੰਗੇ ਦਾ ਮੁੱਖ ਮੰਤਵ ਹੀ ਇਹ ਸੀ ਕਿ ਉਸ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੱਜਣ ਵਾਲੇ ਸਾਜ਼ਾਂ ਜਿਵੇਂ ਕਿ ਰਬਾਬ, ਮਿਰਦੰਗ ਅਤੇ ਕਛੂਆ[2] ਆਦਿ ਦੀ ਸਿਖਲਾਈ ਦਿੱਤੀ ਜਾਇਆ ਕਰੇਗੀ। 'ਜਪੁਜੀ', 'ਆਸਾ ਦੀ ਵਾਰ', 'ਸੋਹਿਲਾ', 'ਸੋਦਰੁ' ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ। ਇਸ ਚੀਜ਼ ਦਾ ਵਰਣਨ ਸਾਨੂੰ (*The History of Indigenous Education in the Punjab since Annexation* by Dr. Leitner)[3] ਕਲਕੱਤਾ ਤੋਂ 1882 ਈ. ਵਿਚ ਛਪੀ ਕਿਤਾਬ ਵਿਚ ਵੀ ਮਿਲ ਜਾਂਦਾ ਹੈ। ਉਨ੍ਹਾਂ ਪਿਛੋਂ ਮਹਾਰਾਜਾ ਰਣਧੀਰ ਸਿੰਘ (1831-1870 ਈ.) ਅਤੇ ਰਾਜਾ ਬਿਕਰਮ ਸਿੰਘ (1835-1887 ਈ.) ਦਾ ਵਾਰਾ ਪਹਿਰਾ ਆਇਆ। ਰਾਜਾ ਬਿਕਰਮ ਸਿੰਘ ਨੂੰ ਸੰਗੀਤ ਵਿਚ ਬੇਹੱਦ ਦਿਲਚਸਪੀ ਸੀ। ਉਨ੍ਹਾਂ ਬਾਰੇ ਅਸੀਂ ਉਰਦੂ ਵਿਚ ਛਪੀ ਇਕ ਬੜੀ ਅਹਿਮ ਅਤੇ ਦੁਰਲੱਭ ਕਿਤਾਬ *ਮੌਸੀਕੀ-ਇ-ਹਿੰਦ* ਅਤੇ ਦੂਜੀ ਰੁਲੀਆ

2. ਕਲਾਤਮਿਕ ਸੋਹਜ ਲਈ ਸ਼ਿੰਗਾਰ ਵਜੋਂ ਸਾਜ ਦਾ ਥੱਲੜਾ ਹਿੱਸਾ (ਢਿੱਡ) ਜੇ ਕਰ ਮੋਰ ਦੀ ਸ਼ਕਲ ਦਾ ਬਣਾਇਆ ਜਾਂਦਾ ਤਾਂ ਉਸਨੂੰ ਮੋਰ ਵੀਣਾ ਆਖਦੇ ਸਨ ਅਤੇ ਜੇਕਰ ਕੱਛੂ ਦੀ ਸ਼ਕਲ ਬਣਾਈ ਜਾਂਦੀ ਤਾਂ ਉਸਨੂੰ ਕੱਛੂ ਜਾਂ ਕੱਛੂਆ ਵੀਣਾ ਕਿਹਾ ਜਾਂਦਾ ਸੀ।
3. "Futty Singh had commenced on a pucka fort a short distance from the town, but a hint having been received that the thing would not be agreeable to the ruler of the Punjab, the building of it was abruptly stopped.—" *The Morning Herald*, London, December 10, 1828.


www.sikhbookclub.com

ਰਾਮ, *ਮੌਸੀਕੀ-ਇ-ਹਿੰਦ*; ਮਰਕਨਟਾਈਲ ਪ੍ਰੈਸ, ਲਾਹੌਰ; 1930, ਸਫ਼ਾ 68-69; ਕਰਤਾ ਰੁਲੀਆ ਰਾਮ[4] ਦਾ ਹਵਾਲਾ ਦਿੰਦੇ ਹਾਂ, ਜਿਹੜਾ ਇਸ ਪ੍ਰਕਾਰ ਹੈ:

ਪੰਡਿਤ ਹਰਿਵੱਲਭ ਅਤੇ ਸਰਦਾਰ ਬਹਾਦਰ ਬਿਕਰਮ ਸਿੰਘ ਸਾਹਿਬ ਜਿਹੜੇ ਕਪੂਰਥਲਾ ਦੇ ਸ਼ਾਹੀ ਖ਼ਾਨਦਾਨ ਨਾਲ ਸੰਬੰਧ ਰੱਖਦੇ ਸਨ, ਉਹ ਦੋਵੇਂ ਮੀਰ ਨਿਸਾਰ ਅਹਿਮਦ[5] (ਜਿਹੜੇ ਸਿੱਧੇ ਮੀਆਂ ਤਾਨਸੈਨ ਦੇ ਵੰਸ਼ ਵਿੱਚੋਂ ਸਨ) ਦੇ ਸ਼ਾਗਿਰਦ ਰਸ਼ੀਦ ਸਨ। ਸਰਦਾਰ ਬਿਕਰਮ ਸਿੰਘ ਸਾਹਿਬ ਦੇ ਸਾਹਿਬਜ਼ਾਦੇ ਪ੍ਰਤਾਪ ਸਿੰਘ—ਸਵ: (1870-1911) ਰਾਗ ਦੇ ਬੜੇ ਮਾਹਿਰ ਸਨ ਅਤੇ ਸਰਦਾਰ ਦਲਜੀਤ ਸਿੰਘ (1874-1848) ਸਾਹਿਬ ਨੂੰ ਵੀ ਇਸ ਫ਼ਨ ਵਿਚ ਕਮਾਲ ਹਾਸਲ ਸੀ ਅਤੇ ਸਰ ਪ੍ਰਤਾਪ ਸਿੰਘ ਸਾਹਿਬ ਦੇ ਸਾਹਿਬਜ਼ਾਦੇ ਕੈਪਟਨ ਜਸਜੀਤ ਸਿੰਘ ਵੀ ਇਸ ਕਲਾ ਵਿਚ ਆਹਲਾ ਦਰਜੇ ਦੀ ਕਾਬਲੀਅਤ ਰੱਖਦੇ ਹਨ। ਦੀਵਾਨ ਅਜ਼ੀਜ਼ ਬਖ਼ਸ਼ ਸਾਹਿਬ ਮਰਹੂਮ ਸਿਤਾਰ ਬਹੁਤ ਹੀ ਅੱਛੀ ਵਜਾਉਂਦੇ ਸਨ।

ਕਪੂਰਥਲਾ ਅਤੇ ਜਲੰਧਰ ਵਿਚ ਇਕ ਹੋਰ ਬੜਾ ਖ਼ਾਨਦਾਨ ਹੈ ਜਿਹੜਾ ਇਸ ਕਲਾ (ਸੰਗੀਤ) ਵਿਚ ਬੜੀ ਮੁਹਾਰਤ ਰਖਦਾ ਹੈ। ਉਹ ਮੀਆਂ ਗ਼ੁਲਾਮ ਜੀਲਾਨੀ (ਸਾਲ ਵਫ਼ਾਤ-1878) ਦਾ ਖ਼ਾਨਦਾਨ ਹੈ। ਉਨ੍ਹਾਂ ਦੇ ਸਾਹਿਬਜ਼ਾਦੇ ਮੀਆਂ ਫ਼ੈਜ਼ ਮੁਹੰਮਦ, ਮੀਆਂ ਤਾਜ ਮੁਹੰਮਦ ਅਤੇ ਮੀਆਂ ਚਿਰਾਗ਼ ਮੁਹੰਮਦ ਇਸ ਫ਼ਨ ਵਿਚ ਲਾਸਾਨੀ ਸ਼ੁਮਾਰ ਕੀਤੇ ਜਾਂਦੇ ਹਨ। ਉਨ੍ਹਾਂ ਵਿੱਚੋਂ ਫ਼ੈਜ਼ ਮੁਹੰਮਦ ਸਿਤਾਰ ਅਤੇ ਹਾਰਮੋਨੀਅਮ ਵਜਾਉਣ ਵਿਚ ਬੜੇ ਮਾਹਿਰ ਹਨ ਅਤੇ ਮੀਆਂ ਚਿਰਾਗ਼ ਮੁਹੰਮਦ, ਜਿਹੜੇ ਅਜੇ ਜਿਉਂਦੇ ਹਨ, ਉਨ੍ਹਾਂ ਦੀ ਗਿਣਤੀ ਮੁਸਲਮ ਉਸਤਾਦਾਂ ਵਿਚ ਹੁੰਦੀ ਹੈ।

ਅਸਲ ਵਿਚ 1857 ਦੇ ਗ਼ਦਰ ਪਿੱਛੋਂ ਅੰਗਰੇਜ਼ਾਂ ਨੇ ਜਦੋਂ ਮੁਗ਼ਲਾਂ ਦੇ ਆਖ਼ਰੀ ਤਾਜਦਾਰ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਨੂੰ ਕੈਦੀ ਬਣਾ ਕੇ ਰੰਗੂਨ ਭੇਜ ਦਿੱਤਾ ਤਾਂ ਉਸਦੇ ਨਾਲ ਉਸ ਦੇ ਉਸਤਾਦ ਮੀਆਂ ਤਾਨਰਸ ਖ਼ਾਂ ਨੂੰ ਸਣੇ ਸੱਯਦ ਨਿਰਮਲ ਸ਼ਾਹ ਦੇ ਪੁੱਤਰ ਮੀਰ ਨਾਸਿਰ ਅਹਿਮਦ ਨੂੰ ਵੀ ਫੜ ਕੇ ਉਸ ਦੇ ਨਾਲ ਹੀ ਬੰਦੀ ਬਣਾ ਕੇ ਰੱਖਿਆ ਗਿਆ ਸੀ। ਕਪੂਰਥਲਾ ਦੇ ਮਹਾਰਾਜਾ ਰਣਧੀਰ ਸਿੰਘ/ਬਿਕਰਮ ਸਿੰਘ ਹੋਰਾਂ ਦੀ ਗ਼ਦਰ ਸਮੇਂ ਦਿੱਤੀ ਗਈ ਮਦਦ ਸਦਕਾ ਅੰਗਰੇਜ਼ਾਂ ਨਾਲ ਚੰਗੀ ਬਣਦੀ ਸੀ। ਉਸ ਸਮੇਂ ਉਨ੍ਹਾਂ ਨੇ ਅੰਗਰੇਜ਼ਾਂ ਨੂੰ ਇਹ ਕਹਿ ਕੇ ਕਿ ਮੀਰ ਨਾਸਿਰ ਹੋਰਾਂ ਜਾਂ ਦੂਜੇ ਕਲਾਕਾਰਾਂ ਦਾ ਸਿਆਸਤ ਨਾਲ ਕੋਈ ਦੂਰ ਦਾ ਵੀ ਸੰਬੰਧ ਨਹੀਂ, ਬਲਕਿ ਸੰਗੀਤਕਾਰ ਹੋਣ ਵਜੋਂ ਮੁਗਲ ਸਲਤਨਤ ਵਿਚ ਉਹ 'ਨੌ ਰਤਨਾਂ' (ਵਜ਼ੀਰਾਂ) ਵਿਚ ਸ਼ਾਮਲ ਸਨ—ਆਪਣੀ ਜ਼ਾਮਨੀ ਦੇ ਕੇ ਉਨ੍ਹਾ ਨੂੰ ਉਥੋਂ ਛੁਡਵਾ ਕੇ ਆਪਣੇ ਨਾਲ ਪੰਜਾਬ ਲੈ ਆਂਦਾ ਸੀ। ਇਹ ਏਹੋ ਥਾਂ ਹੀ ਸੀ ਕਿ ਰਾਜਾ ਬਿਕਰਮ ਸਿੰਘ ਅਤੇ ਬਾਬਾ ਹਰਿਵੱਲਭ ਆਪ ਦੇ ਸ਼ਾਗਿਰਦ ਹੋ ਗਏ ਸਨ। 1857 ਦੇ ਗ਼ਦਰ ਪਿੱਛੋਂ ਮੁਗ਼ਲੀਆ ਸਲਤਨਤ ਖੇਰੂੰ ਖੇਰੂੰ ਹੋਣ ਕਾਰਨ, ਪੰਜਾਬ ਦੀਆਂ ਕੁਝ ਰਿਆਸਤਾਂ, ਲਖਨਊ ਅਤੇ

4. ਰੁਲੀਆ ਰਾਮ ਪਾਕਿਸਤਾਨ ਬਣਨ ਤੋਂ ਕਈ ਸਾਲ ਪਹਿਲਾਂ ਮਿਸ਼ਨ ਹਾਈ ਸਕੂਲ ਰੰਗ ਮਹੱਲ ਲਾਹੌਰ ਦੇ ਸਤਿਕਾਰਤ ਹੈੱਡਮਾਸਟਰ ਸਨ ਅਤੇ ਸ਼ਹਿਰ ਦੀ ਬੜੀ ਹਰਦਿਲ-ਅਜ਼ੀਜ਼ ਹਸਤੀ ਸਨ। ਆਪ ਹਾਰਮੋਨੀਅਮ ਦੇ ਬੜੇ ਮਾਹਿਰ ਸਨ ਅਤੇ ਵਾਜੇ ਵਿੱਚੋਂ ਕਲਾਸੀਕਲ ਧੁਨਾਂ ਕੱਢਣ ਦੀ ਕੋਸ਼ਿਸ਼ ਕਰਦੇ ਰਹਿੰਦੇ ਸਨ।

5. ਇਹ ਕਿਤਾਬਤ ਦੀ ਗਲਤੀ ਹੈ ਜਾਂ ਕੁਝ ਹੋਰ, ਏਥੇ ਨਿਸਾਰ ਦੀ ਥਾਂ ਨਾਸਿਰ ਹੋਣਾ ਚਾਹੀਦਾ ਹੈ। *(ਲੇਖਕ)*

ਰਾਮਪੁਰ ਆਦਿ ਵਾਂਗ ਚਾਹੁੰਦੀਆਂ ਸਨ ਕਿ ਉਨ੍ਹਾਂ ਦੇ ਦਰਬਾਰ ਦੇ ਜੱਦੀ ਪੁਸ਼ਤੀ ਕੁਝ ਸੰਗੀਤਕਾਰ, ਚਿੱਤਰਕਾਰ, ਖ਼ਾਨਸਾਮੇ (ਬਾਵਰਚੀ) ਅਤੇ ਸ਼ਾਇਰ ਆਦਿ ਆਪਣੀ ਰਿਆਸਤ ਵਿਚ ਲਿਆ ਕੇ ਆਪਣੇ ਵਕਾਰ ਵਿਚ ਵਾਧਾ ਕੀਤਾ ਜਾਏ। ਉਸ ਦੌਰ 'ਚ ਮਿਰਜ਼ਾ ਗ਼ਾਲਿਬ ਵਾਂਗ ਮੋਮਿਨ (1800-1882 ਈ.) ਵੀ ਉਰਦੂ ਦਾ ਇਕ ਬੜਾ ਤਕੜਾ ਅਤੇ ਚਰਚਿਤ ਗ਼ਜ਼ਲਗੋ ਸੀ।

*ਜਿਸੇ ਆਪ ਗਿਨਤੇ ਥੇ ਆਸ਼ਨਾ, ਜਿਸੇ ਆਪ ਕਹਿਤੇ ਥੇ ਬਾਵਫ਼ਾ,*
*ਮੈਂ ਵੋਹੀ ਹੂੰ ਮੋਮਿਨੇ-ਮੁਬਤਲਾ, ਤੁਮਹੇਂ ਯਾਦ ਹੋ ਕਿ ਨਾ ਯਾਦ ਹੋ।*

ਉਸਦਾ ਇਹ ਸ਼ਿਅਰ ਉਰਦੂ ਹਲਕਿਆਂ 'ਚ ਬੜਾ ਮਕਬੂਲ ਸੀ। ਇਹ ਉਹ ਹੀ ਸ਼ਾਇਰ ਸੀ ਜਿਸਨੂੰ ਕਿ ਮਹਾਰਾਜਾ ਪਟਿਆਲਾ ਕਰਮ ਸਿੰਘ ਦੇ ਭਰਾ ਅਜੀਤ ਸਿੰਘ ਨੇ, ਜਿਹੜਾ ਉਨ੍ਹੀਂ ਦਿਨੀਂ ਦਿੱਲੀ ਰਹਿੰਦਾ ਸੀ ਅਤੇ ਜਿਸਦੀਆਂ ਸਖ਼ਾਵਤਾਂ ਅਤੇ ਸ਼ਾਹਖ਼ਰਚੀਆਂ ਦੀ ਧੁਮ ਸਾਰੇ ਸ਼ਹਿਰ 'ਚ ਫੈਲੀ ਹੋਈ ਸੀ, ਇਕ ਵੇਰ ਉਸਨੂੰ ਇਨਾਮ ਵਜੋਂ ਇਕ ਹਥਣੀ ਦਿੱਤੀ ਸੀ। ਉੱਚਾ ਸ਼ਾਇਰ ਤਾਂ ਉਹ ਸੀ ਹੀ, ਉਸਦੀ ਗੈਰਤ ਇਸ ਤੋਂ ਵੀ ਹੋਰ ਉੱਚੀ ਸੀ। ਛੁੱਟ ਰਾਜਾ ਅਜੀਤ ਸਿੰਘ ਦੇ, ਸਾਰੀ ਉਮਰ ਉਸਨੇ ਕਿਸੇ ਦੀ ਤਾਰੀਫ਼ 'ਚ ਕਦੇ ਕੋਈ ਕਸੀਦਾ ਨਹੀਂ ਸੀ ਲਿਖਿਆ। ਹੁਣ ਮਹਾਰਾਜਾ ਕਪੂਰਥਲਾ ਚਾਹੁੰਦੇ ਸਨ ਕਿ ਉਹ ਉਸ ਨੂੰ ਆਪਣੇ ਕੋਲ ਸੱਦ ਲੈਣ, ਇਸ ਦਾ ਸਾਰਾ ਇੰਤਜ਼ਾਮ ਕਰ ਲਿਆ ਗਿਆ ਸੀ। ਉਰਦੂ ਦੀ ਕਿਤਾਬ *ਆਬਿ-ਹਯਾਤ* ਦਾ ਕਰਤਾ, ਮੁਹੰਮਦ ਹੁਸੈਨ ਆਜ਼ਾਦ ਆਪਣੀ ਲਿਖਤ 'ਚ ਇਸ ਘਟਨਾ ਦਾ ਵਰਣਨ ਕੁਝ ਇਸ ਤਰ੍ਹਾਂ ਕਰਦਾ ਹੈ:

ਰਾਜਾ ਕਪੂਰਥਲਾ ਨੇ ਉਸਨੂੰ ਸਾਢੇ ਤਿੰਨ ਸੌ ਰੁਪਏ ਮਹੀਨਾ ਕਰ ਕੇ ਬੁਲਾਇਆ। ਹਜ਼ਾਰ ਰੁਪਿਆ ਸਫ਼ਰ ਦੇ ਖ਼ਰਚ ਲਈ ਵੀ ਭੇਜ ਦਿੱਤਾ। ਉਹ ਆਉਣ ਲਈ ਤਿਆਰ ਵੀ ਹੋ ਗਿਆ, ਪਰ ਜਦ ਹੀ ਉਸਨੂੰ ਇਸ ਗੱਲ ਦਾ ਇਲਮ ਹੋਇਆ ਕਿ ਉਥੇ ਇਕ ਗਵੱਈਏ ਦੀ ਤਨਖ਼ਾਹ ਵੀ ਐਨੀ ਹੈ ਤਾਂ ਉਹ ਇਹ ਗੱਲ ਕਹਿ ਕੇ ਅੜ ਗਿਆ ਕਿ ਜਿਥੇ ਮੇਰੀ ਅਤੇ ਗਵੱਈਏ ਦੀ ਬਰਾਬਰ ਤਨਖ਼ਾਹ ਹੋਵੇ—ਉਥੇ ਮੈਂ ਨਹੀਂ ਜਾਂਦਾ।[6]

ਮੋਮਿਨ ਇਸ ਰਿਆਸਤ 'ਚ ਆਇਆ ਜਾਂ ਨਾ, ਤਾਂ ਵੀ ਹੁਣ ਤਕ ਇਸ ਰਿਆਸਤ 'ਚ ਅੱਛੇ ਖ਼ਾਸੇ ਗੁਣੀਜਨ ਇਕੱਠੇ ਹੋ ਚੁੱਕੇ ਸਨ। ਮੀਰ ਨਾਸਿਰ ਸਾਹਿਬ, ਆਪਣੇ ਦੋਵੇਂ ਬੇਟਿਆਂ ਮੀਰ ਅਬਦੁਰ-ਰਹਿਮਾਨ ਅਤੇ ਮੀਰ ਰਹਿਮਤ ਅਲੀ ਸਮੇਤ 1870 ਈ. ਅਰਥਾਤ ਮਹਾਰਾਜਾ ਰਣਧੀਰ ਸਿੰਘ ਦੇ ਅਕਾਲ ਚਲਾਣੇ ਤਕ, ਪਹਿਲਾਂ ਤਾਂ ਕਪੂਰਥਲਾ ਹੀ ਰਹਿੰਦੇ ਰਹੇ, ਪਰ ਪਿੱਛੋਂ ਰਾਜਾ ਨਿਹਾਲ ਸਿੰਘ ਵੱਲੋਂ ਬਣਾਈ ਗਈ ਇਕ ਵਸੀਅਤ (ਰੁਜ਼ਃ) ਦੇ ਜਾਇਦਾਦੀ ਝਗੜੇ ਕਰਕੇ, ਰਾਜਾ ਬਿਕਰਮ ਸਿੰਘ ਨਾਲ ਉਹ ਅੰਗਰੇਜ਼ੀ ਇਲਾਕੇ ਭਾਵ ਜਲੰਧਰ ਸ਼ਹਿਰ ਵਿਚ ਆ ਵੱਸੇ, ਜਿਥੇ ਮਾਈ ਹੀਰਾਂ ਗੇਟ ਦੇ ਪਿਛਲੇ ਪਾਸੇ ਉਨ੍ਹਾਂ ਦੇ ਨਾਂ 'ਤੇ ਵੱਜਦਾ ਮੁਹੱਲਾ ਬਿਕਰਮਪੁਰਾ ਅੱਜ ਵੀ ਮੌਜੂਦ ਹੈ। ਪਾਠਕਾਂ ਨੂੰ ਇਸ ਗੱਲ ਦਾ ਖ਼ਬਰੇ ਗਿਆਨ ਹੀ ਹੋਵੇਗਾ ਕਿ ਜਲੰਧਰ ਸ਼ਹਿਰ ਦੀ

6. *ਆਬਿ-ਹਯਾਤ* (ਉਰਦੂ), ਮੁਹੰਮਦ ਹੁਸੈਨ ਆਜ਼ਾਦ, ਸਫ਼ਾ 385

ਬਹੁਤੀ ਜ਼ਮੀਨ, ਸਮੇਤ ਇਸ ਦੀਆਂ ਬਾਰ੍ਹਾਂ ਬਸਤੀਆਂ ਦੇ, ਕਾਗ਼ਜ਼ਾਂ ਪੱਤਰਾਂ ਵਿਚ ਕਪੂਰਥਲਾ ਨਾਲ ਹੀ ਸੰਬੰਧਿਤ ਸੀ, ਜਿਵੇਂ ਕਿ ਹੁਸ਼ਿਆਰਪੁਰ ਜ਼ਿਲ੍ਹੇ ਦਾ ਪ੍ਰਸਿੱਧ ਕਸਬਾ ਬੁੰਗਾ ਵੀ, ਜਿਥੇ ਕਿ ਰਿਆਸਤ ਵੱਲੋਂ ਸੰਗੀਤ ਦੀ ਇਕ ਟਕਸਾਲ ਵੀ ਚਲਾਈ ਜਾਂਦੀ ਸੀ। ਮੁਹੱਲਾ ਬਿਕਰਮਪੁਰਾ ਜਲੰਧਰ ਤੋਂ ਦੇਵੀ ਤਲਾਬ, ਜਿਥੇ ਕਿ ਉੱਤਰੀ ਹਿੰਦੁਸਤਾਨ ਦਾ ਸਭ ਤੋਂ ਵੱਡਾ ਸੰਗੀਤ ਮੇਲਾ ਹਰਿਵੱਲਭ ਲੱਗਦਾ ਹੈ, ਦਾ ਫ਼ਾਸਲਾ ਮਸਾਂ ਨਾ-ਮਾਤਰ ਹੈ। ਹੁਣ ਦੇਖੋ ਹਾਲਾਤ ਦੀਆਂ ਸੂਈਆਂ ਕਿਵੇਂ ਘੁੰਮਦੀਆਂ ਹਨ। ਰਿਆਸਤ ਕਪੂਰਥਲਾ ਦਾ ਰਾਜਾ ਬਿਕਰਮ ਸਿੰਘ ਅਤੇ ਸਵਾਮੀ ਹਰਿਵੱਲਭ, ਰਿਆਸਤ ਦੀਆਂ ਕਲਾਵਾਂ ਦੇ ਵਜ਼ੀਰ ਅਰਥਾਤ ਮੀਰ ਨਾਸਿਰ ਅਹਿਮਦ ਦੇ ਸ਼ਾਗਿਰਦ ਹਨ, ਪਰ ਉਸ ਤੋਂ ਕੁਝ ਸਮਾਂ ਬਾਅਦ ਜਿਹੜੇ ਕਿ ਇਸ ਰਿਆਸਤ ਦੇ ਚੀਫ਼ ਭਾਵ ਦੀਵਾਨ ਅਜ਼ੀਜ਼ ਬਣੇ (ਜਿਹੜੇ ਕਿ ਅਸਲ ਵਿਚ ਜਲੰਧਰ ਦੀ ਬਸਤੀ ਦਾਨਿਸ਼ਮੰਦਾਂ ਦੇ ਵਸਨੀਕ ਸਨ), ਉਹ ਸਵਾਮੀ ਹਰਿਵੱਲਭ ਦੇ ਸ਼ਾਗਿਰਦ ਬਣ ਜਾਂਦੇ ਹਨ। ਆਪਣੇ ਸਮਿਆਂ ਦੇ ਉਹ ਬੜੇ ਅੱਛੇ ਸਿਤਾਰ ਨਵਾਜ਼ ਸਨ।

ਬਦਲਦੇ ਹਾਲਾਤ ਅਨੁਸਾਰ, ਹੁਣ ਨੌਬਤ ਏਥੋਂ ਤਕ ਆ ਜਾਂਦੀ ਹੈ ਕਿ ਸਵਾਮੀ ਹਰਿਵੱਲਭ ਜੀ, ਹੁਸ਼ਿਆਰਪੁਰ ਜ਼ਿਲ੍ਹੇ ਦੇ ਪ੍ਰਸਿੱਧ ਕਸਬੇ ਬਜਵਾੜਾ ਨਿਵਾਸੀ, ਜਿਹੜੇ ਹੁਣ ਤਕ ਪੱਕੇ ਤੌਰ 'ਤੇ ਜਲੰਧਰ ਆਣ ਟਿਕੇ ਸਨ, ਆਪਣੇ ਗੁਰੂ ਜੀ ਦੀ ਯਾਦ ਵਿਚ ਇਕ ਸੰਗੀਤ ਸੰਮੇਲਨ ਕਰਵਾਉਣਾ ਚਾਹੁੰਦੇ ਹਨ। ਉਹ ਇਸ ਗੱਲ ਦੀ ਚਾਹਨਾ ਮੀਰ ਸਾਹਿਬ ਅੱਗੇ ਪ੍ਰਗਟ ਕਰਦੇ ਹਨ, ਜਿਨ੍ਹਾਂ ਦੇ ਉਹ ਸ਼ਾਗਿਰਦ ਹਨ। ਉਧਰੋਂ ਕਪੂਰਥਲਾ ਰਿਆਸਤ ਦੇ ਚੀਫ਼ ਮਨਿਸਟਰ ਦੀਵਾਨ ਅਜ਼ੀਜ਼ ਬਖ਼ਸ਼ ਖ਼ੁਦ ਹਰਿਵੱਲਭ ਦਾ ਆਪਣਾ ਸ਼ਾਗਿਰਦ ਹੈ, ਜਦ ਕਿ ਅਜ਼ੀਜ਼ ਬਖ਼ਸ਼ ਦਾ ਛੋਟਾ ਭਰਾ ਅਬਦੁਲ ਹੱਕ, ਰਿਆਸਤ ਦਾ ਰੈਵਿਨਿਊ ਮਨਿਸਟਰ ਹੈ। ਤਾਂ ਫਿਰ ਕਸਰ ਕਿਹੜੀ ਗੱਲ ਦੀ ਰਹਿ ਗਈ ? ਮੇਲਾ ਕਰਵਾਉਣ ਦੀਆਂ ਪੂਰੇ ਜੋਸ਼-ਖ਼ਰੋਸ਼ ਨਾਲ ਤਿਆਰੀਆਂ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ, ਜਿਸ ਵਿਚ ਰਾਜਾ ਬਿਕਰਮ ਸਿੰਘ, ਉਸਦੇ ਭਰਾ ਕੰਵਰ ਸੁਚੇਤ ਸਿੰਘ (1837-?) ਸਮੇਤ ਦੀਵਾਨ ਅਜ਼ੀਜ਼ ਬਖ਼ਸ਼ ਦੇ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਜਲੰਧਰ ਦੇ ਦੇਵੀ ਤਲਾਬ ਵਿਚ ਸਭ ਤੋਂ ਪਹਿਲਾ ਮੇਲਾ 1874-75 ਈ. ਵਿਚ ਲੱਗਣਾ ਸ਼ੁਰੂ ਹੋ ਜਾਂਦਾ ਹੈ, ਜਿਹੜਾ ਪਿੱਛੋਂ ਇਕ ਬਹੁਤ ਵੱਡੇ ਮੇਲੇ ਦਾ ਰੂਪ ਧਾਰਨ ਕਰ ਲੈਂਦਾ ਹੈ।

ਸੋ ਕਪੂਰਥਲਾ ਦੇ ਰਾਜ ਘਰਾਣੇ ਦੀ ਕੀ ਇਹ ਛੋਟੀ ਦੇਣ ਹੈ ਕਿ ਇਸ ਨੇ ਉੱਤਰੀ ਭਾਰਤ ਵਿਚ ਸਭ ਤੋਂ ਵੱਡੇ ਹੋਣ ਵਾਲੇ ਇਸ ਸੰਗੀਤ ਸੰਮੇਲਨ ਦੇ ਸ਼ੁਰੂਆਤੀ ਸਾਲਾਂ ਵਿਚ ਅਹਿਮ ਭੂਮਿਕਾ ਨਿਭਾਈ ਸੀ। ਪਟਿਆਲਾ ਦੇ ਡਾ. ਮ੍ਰਿਗਿੰਦਰ ਸਿੰਘ ਜੀ ਦੇ ਦੱਸਣ ਅਨੁਸਾਰ, ਇਹ ਏਸੇ ਸੰਗੀਤ ਸੰਮੇਲਨ ਦੇ ਇਕ ਮੌਕੇ 'ਤੇ ਹੀ ਸੀ ਕਿ ਭਾਈ ਮਰਦਾਨਾ ਜੀ ਦੇ ਗੁਰੂ ਭਾਈ ਫ਼ਰਿੰਦੇ ਦੇ ਬੰਸ ਵਿੱਚੋਂ ਭਾਈ ਮਹਿਬੂਬ ਅਲੀ ਉਰਫ਼ ਬੂਬਾ ਰਬਾਬੀ (1854-1946 ਈ.) ਨੇ ਮੀਰ ਰਹਿਮਤ ਅਲੀ ਦੀ ਸ਼ਾਹੀ ਸੁਰਬਹਾਰ ਸੁਣ ਕੇ ਉਨ੍ਹਾਂ ਦੀ ਸ਼ਾਗਿਰਦੀ ਕਰ ਲਈ ਸੀ। ਮੀਆਂ ਅਜ਼ੀਜ਼ ਬਖ਼ਸ਼ ਦੇ ਅਜੋਕੇ ਵੰਸ਼ਜ ਮੀਆਂ ਜ਼ਿਆਉਲ-ਹੱਕ, ਜਿਹੜੇ ਅੱਜ-ਕੱਲ੍ਹ ਲੰਡਨ ਰਹਿ ਰਹੇ ਹਨ ਅਤੇ ਇਸ ਲੇਖਕ ਨਾਲ ਉਹਨਾਂ ਦੀਆਂ ਕੁਝ ਮੁਲਾਕਾਤਾਂ ਵੀ ਹੁੰਦੀਆਂ ਰਹੀਆਂ ਹਨ, ਇਸ ਗੱਲ ਦਾ ਦਾਅਵਾ ਅੱਜ ਵੀ ਬੜੇ ਮਾਣ ਨਾਲ ਕਰਦੇ ਹਨ ਕਿ ਸਾਡੇ ਪੜਦਾਦੇ ਮੀਆਂ ਅਜ਼ੀਜ਼

ਬਖ਼ਸ਼ ਹਰਿਵੱਲਭ ਸੰਗੀਤ ਮੇਲੇ ਦੇ ਮੋਢੀ ਸੰਚਾਲਕਾਂ ਵਿੱਚੋਂ ਸਨ। ਆਪਣੀਆਂ ਪੁਰਾਣੀਆਂ ਯਾਦਾਂ ਦੇ ਰੌਂ ਵਿਚ ਡੁੱਬਦਿਆਂ, ਉਹ ਇਹ ਵੀ ਦੱਸਦੇ ਹਨ:

ਸਾਡੇ ਪੜਦਾਦਾ ਮੀਆਂ ਅਜ਼ੀਜ਼ ਬਖ਼ਸ਼ ਨੇ ਕਪੂਰਥਲੇ ਆਪਣੇ ਰਹਿਣ ਲਈ ਦੋ-ਮੰਜ਼ਿਲਾ "ਅਜ਼ੀਜ਼ ਮੰਜ਼ਿਲ" ਬੜੇ ਸ਼ੌਕ ਨਾਲ ਬਣਵਾਈ ਸੀ ਜਿਸ ਦੁਆਲੇ ਤੇਈ ਏਕੜ ਬਾਗ਼ ਸੀ। ਪਾਕਿਸਤਾਨ ਬਣਨ ਸਮੇਂ, ਆਪਣੇ ਪੁਰਖਾਂ ਦੀਆਂ ਤਿੰਨ ਚਾਰ ਸਿਤਾਰਾਂ ਤਾਂ ਉਦੋਂ ਅਸੀਂ ਤੋਸ਼ੇਖ਼ਾਨੇ ਵਿਚ ਜਮ੍ਹਾ ਕਰਵਾ ਆਏ ਸਾਂ, ਪਰ ਬਾਬਾ ਹਰਿਵੱਲਭ ਵੱਲੋਂ ਭੇਂਟ ਕੀਤਾ ਗਿਆ ਤੰਬੂਰਾ ਅਤੇ ਕੁਝ ਹੋਰ ਸਾਜ਼ ਆਪਣੀ ਉਸ ਕੋਠੀ ਵਿਚ ਹੀ ਛੱਡ ਆਏ ਸਾਂ। ਆਪਣੇ ਅਸਰ-ਰਸੂਖ਼ ਨਾਲ ਉਹ ਨਿਸ਼ਾਨੀਆਂ ਕਿਸੇ ਤਰ੍ਹਾਂ ਤੁਸੀਂ ਸਾਨੂੰ ਜ਼ਰੂਰ ਲੈ ਕੇ ਦਿਓ।

ਕਪੂਰਥਲਾ ਦੇ ਰਾਜ ਘਰਾਣੇ ਵਾਸਤੇ ਜਿਹੜੀ ਸਭ ਤੋਂ ਵੱਡੇ ਗੌਰਵ ਵਾਲੀ ਗੱਲ ਹੈ, ਉਹ ਇਹ ਹੈ ਕਿ ਮੀਆਂ ਤਾਨਸੇਨ ਦੇ ਦਸਤਖ਼ਤਾਂ ਵਾਲੀ ਸੰਗੀਤ ਸੰਬੰਧੀ ਇਕ ਨਾਯਾਬ ਪੁਸਤਕ, ਨਿਆਮਤ ਖ਼ਾਂ ਸਦਾਰੰਗੀ ਦੀ ਇਕ ਸਰਸਵਤੀ ਵੀਣਾ ਅਤੇ ਤਾਨ ਸੈਨ ਦੇ ਪੜਪੋਤੇ ਮੀਆਂ ਹਸਨ ਖ਼ਾਂ ਦੀ ਇਕ ਰਬਾਬ.....ਇਹ ਸਭ ਦੁਰਲੱਭ ਚੀਜ਼ਾਂ ਇਨ੍ਹਾਂ ਕੋਲ ਅੱਜ ਵੀ ਸਾਂਭੀਆਂ ਪਈਆਂ ਹਨ। ਕਪੂਰਥਲਾ ਦੇ ਕਲਾਕਾਰਾਂ ਦਾ, ਕਰਤਾਰਪੁਰੀਏ ਰਬਾਬੀ ਹੋਣ ਕਰਕੇ, ਮੂਲ ਭਾਵੇਂ ਰਬਾਬੀ ਖ਼ਾਨਦਾਨ ਹੀ ਸੀ, ਪਰ ਇਨ੍ਹਾਂ ਦਾ ਘਰਾਣਾ ਉਂਜ ਡਾਗਰ ਬਾਣੀ ਵਧੇਰੇ ਗਾਇਨ ਕਰਕੇ, ਇਹ ਡਾਗਰ ਵੀ ਅਖਵਾਏ। ਮੁੱਖ ਕਾਰਨ ਇਹ ਸੀ ਕਿ ਇਨ੍ਹਾਂ ਦਾ ਬਾਨੀ ਇਕ ਸੂਫ਼ੀ ਦਰਵੇਸ਼ ਸਾਈਂ ਅਲੀਅਸ (ਉਰਦੂ ਜ਼ਬਾਨ ਵਾਲੇ ਉਸ ਨੂੰ 'ਅਲਿਆਸ' ਵੀ ਆਖਦੇ ਹਨ) ਸੀ, ਜਿਹੜਾ ਡਾਗਰਾਂ ਨਾਲ ਸੰਬੰਧਤ ਸੀ। ਸੰਗੀਤ ਦੀ ਦੁਨੀਆਂ ਵਿਚ ਹਜ਼ਾਰਾਂ ਧਰੁੱਪਦਾਂ ਦੀਆਂ ਬੰਦਿਸ਼ਾਂ ਬੰਨ੍ਹਣ ਕਾਰਨ ਉਹ ਬੜਾ ਲੋਕਪ੍ਰਿਯ ਸੀ ਅਤੇ ਇਸ ਖੇਤਰ ਵਿਚ ਉਸਨੂੰ ਇਕ 'ਨਾਇਕ' ਦਾ ਦਰਜਾ ਪ੍ਰਾਪਤ ਸੀ। ਕਈ ਉਸਤਾਦ ਲੋਕ ਅੱਜ ਵੀ ਉਸਦਾ ਕਲਾਮ ਬੜੇ ਸਤਿਕਾਰ ਨਾਲ ਗਾਉਂਦੇ ਹਨ। ਹੁਣ ਦੇਖੋ ਆਦ-ਨਾਦ ਦੇ ਪਾਕ ਪਵਿੱਤਰ ਪ੍ਰਸ਼ਾਦਿ ਦੀ ਭੀਖ ਉਹ ਕਿਨ੍ਹਾਂ ਸ਼ਬਦਾਂ ਰਾਹੀਂ ਮੰਗਦਾ ਹੈ:

*ਨਮੋ ਨਮੋ ਅਲੀਆਸ ਸਾਈਂ ਕਿਰਪਾ ਨਿਧਾਨ, ਸੁਖ ਸਾਗਰ,*
*ਆਦ ਨਾਦ ਵੇਦ ਮੋਹੇ ਦੀਜੋ ਦਾਨ ਸੁਆਮੀ ਡਾਗਰ।*

ਰੱਬ ਜਾਣੇ ਇਹ ਗੱਲ ਕਿਥੋਂ ਤਕ ਸੱਚ ਹੈ, ਪਰ ਤਲਵੰਡੀ ਘਰਾਣੇ ਵਾਲੇ ਉਸਤਾਦ ਹਫ਼ੀਜ਼ ਖ਼ਾਂ, ਜਿਹੜੇ ਕਿ ਆਪਣੇ ਖ਼ਾਨਦਾਨ ਵਿੱਚੋਂ ਇਕ ਸੌ ਚੌਂਤੀਵੇਂ ਫ਼ਨਕਾਰ ਹਨ, ਇਸ ਗੱਲ ਦਾ ਦਾਅਵਾ ਕਰਦੇ ਹਨ ਕਿ ਉਹ ਸਾਡੇ ਘਰਾਣੇ ਦੇ ਸ਼ਾਗਿਰਦ ਹਨ। ਉਂਜ ਜੇਕਰ ਦੇਖਿਆ ਜਾਵੇ ਤਾਂ ਤਲਵੰਡੀ ਵਾਲੇ ਖੰਡਾਰੀ ਬਾਣੀ ਗਾਉਂਦੇ ਹਨ, ਡਾਗਰੀ ਨਹੀਂ। ਖ਼ੈਰ! ਉਨ੍ਹਾਂ ਦੇ ਪਿੱਛੋਂ ਕਪੂਰਥਲਾ ਦੇ ਕਲਾਕਾਰਾਂ ਦੀ ਛੋਟੀ ਜਿਹੀ ਸੂਚੀ ਇਸ ਪ੍ਰਕਾਰ ਹੈ:

1. ਭਾਈ ਮਹਿਬੂਬ ਅਲੀ ਰਬਾਬੀ
2. ਮੀਆਂ ਬਰਕਤ ਅਲੀ
3. ਗ਼ੁਲਾਮ ਅਲੀ
4. ਫ਼ਤਹਿ ਅਲੀ ਸਿਤਾਰ ਨਵਾਜ਼

 www.sikhbookclub.com

5. ਅਬਦੁਲ ਗ਼ਨੀ
6. ਗ਼ੁਲਾਮ ਮੁਹੱਈਉਦੀਨ ਉਰਫ਼ ਗਾਮੀ ਖ਼ਾਂ ਸਿਤਾਰ ਨਵਾਜ਼
7. ਭਾਈ ਇਨਾਇਤ ਅਲੀ ਸਿਤਾਰ ਨਵਾਜ਼
8. ਭਾਈ ਨਿਆਜ਼ ਅਲੀ ਸਿਤਾਰੀਆ
9. ਭਾਈ ਅੱਲਾ ਦਿੱਤਾ ਕੱਵਾਲ
10. ਭਾਈ ਪੀਲੂ (ਧਰੁੱਪਦ ਅਤੇ ਖ਼ਿਆਲ ਗਾਇਕ)
11. ਆਸ਼ਕ ਅਲੀ ਖ਼ਾਂ ਮਨਜ਼ੂਰ ਹੁਸੈਨ ਕੱਵਾਲ (ਸੰਗੀਤ ਨਿਰਦੇਸ਼ਕ)
12. ਅਬਦੁਲ ਰਹੀਮ ਖ਼ਾਂ
13. ਪ੍ਰੋ. ਦਿਲ ਮੁਹੰਮਦ ਖ਼ਾਂ (ਪ੍ਰੋ. ਸਾਹਿਬ ਸਾਈਂ ਅਲਿਆਸ ਦੇ ਵੰਸ਼ ਵਿੱਚੋਂ ਸਨ ਅਤੇ ਉਨ੍ਹਾਂ ਦੇ ਦੋਹਤੇ ਲਗਦੇ ਸਨ।)
14. ਹਾਜੀ ਮਹਿਬੂਬ ਕੱਵਾਲ ਗੋਲ੍ਹੜਾ ਸ਼ਰੀਫ਼ (ਇਹ ਭਾਈ ਮਹਿਬੂਬ ਅਲੀ ਦੇ ਸ਼ਾਗਿਰਦ ਸਨ)
15. ਬਾਬਾ ਬਰਕਤ ਅਲੀ ਉਰਫ਼ ਬੱਖੂ ਖ਼ਾਂ—ਬਹੁਤ ਸੁਰੀਲੇ ਸਨ (ਮੀਆਂ ਕਰੀਮ ਬਖ਼ਸ਼ ਸ਼ਾਮ ਚੁਰਾਸੀ ਵਾਲਿਆਂ ਦੇ ਸ਼ਾਗਿਰਦ ਸਨ)
16. ਨਿਆਮਤ ਅਲੀ ਖ਼ਾਂ ਸਾਹਿਬ (ਧਰੁੱਪਦ ਗਾਇਕ)
17. ਅੱਲਾ ਬਖ਼ਸ਼ (ਤਬਲਾ ਨਵਾਜ਼)
18. ਫ਼ੈਜ਼ ਫ਼ਰੀਦ ਸਰੋਦ ਨਵਾਜ਼ (ਰੇਡੀਓ ਪਾਕਿਸਤਾਨ ਲਾਹੌਰ)
19. ਭਾਈ ਹਾਕਮ ਅਲੀ ਭਾਈ ਕਾਲੂ—ਖ਼ਿਆਲ ਗਾਇਕ
20. ਫ਼ਕੀਰ ਮੁਹੰਮਦ—ਫ਼ੈਜ਼ ਫ਼ਰੀਦ ਦੇ ਪਿਤਾ (ਬੜਾ ਅੱਛਾ ਖ਼ਿਆਲ ਗਾਉਂਦੇ ਸਨ)
21. ਭਾਈ ਲਾਲ ਅੰਮ੍ਰਿਤਸਰੀ (ਇਹ ਵੀ ਭਾਈ ਮਹਿਬੂਬ ਅਲੀ ਦੇ ਸ਼ਾਗਿਰਦ ਹੋ ਗਏ ਸਨ)।

ਪੰਜਾਬ ਦੇ ਇਸ ਭੁੱਲੇ ਵਿਸਰੇ ਘਰਾਣੇ ਦਾ ਚਿਤ੍ਰਪਟ ਵੀ ਬੜਾ ਵਿਸ਼ਾਲ ਹੈ। ਇਸ ਦੇ ਘੇਰੇ ਵਿਚ, ਸਾਈਂ ਅਲਿਆਸ ਤੋਂ ਛੁੱਟ ਕੁਝ ਹੋਰ ਧਰੁੱਪਦ ਗਾਇਕ ਵੀ ਆ ਜਾਂਦੇ ਹਨ ਜਿਹੜੇ ਦੇਸ਼ ਭਰ ਦੇ ਬਾ-ਕਮਾਲ ਗਵੱਈਏ ਹੋ ਨਿੱਬੜੇ, ਜਿਵੇਂ ਕਿ ਪੰਡਤ ਨੱਥੂ ਰਾਮ ਲੋਹੀਆਂ ਵਾਲੇ ਅਤੇ ਪੰਡਿਤ ਅਮੀਂ ਚੰਦ। ਪੰਡਤ ਅਮੀਂ ਚੰਦ ਸੁਲਤਾਨਪੁਰੀਏ ਦੇਰ ਕਰਕੇ ਰਿਆਸਤ ਜੰਮੂ ਵਿਖੇ ਦਰਬਾਰੀ ਗਾਇਕ ਦੇ ਪਦ 'ਤੇ ਰਹੇ। ਉਨ੍ਹਾ ਬਾਰੇ ਪ੍ਰਸਿੱਧ ਹੈ ਕਿ ਉਹ ਬੇਸ਼ੁਮਾਰ ਅਪ੍ਰਚੱਲਤ ਤਾਲਾਂ ਵਿਚ ਵੀ ਧਰੁੱਪਦ ਗਾਉਂਦੇ ਸਨ। ਇਸ ਤੋਂ ਛੁੱਟ ਆਪ ਬੰਦਸ਼ਕਾਰ ਵੀ ਸਨ। ਪੰਡਤ ਨੱਥੂ ਰਾਮ ਦਾ ਸੰਬੰਧ ਵੀ ਕਪੂਰਥਲਾ ਦੇ ਧਰੁੱਪਦੀ ਘਰਾਣੇ ਨਾਲ ਸੀ। ਉਨ੍ਹਾਂ ਦਾ ਜਨਮ 1885 ਈ. ਵਿਚ ਲੋਹੀਆਂ ਵਿਖੇ ਹੋਇਆ। ਪਿਤਾ ਪੰਡਤ ਚੇਤ ਰਾਮ ਆਪਣੇ ਸਮਿਆਂ ਦਾ ਪ੍ਰਸਿੱਧ ਕੀਰਤਨਕਾਰ ਸੀ ਅਤੇ ਬਾਪ ਦੇ ਬਾਬਾ ਪੰਡਤ ਕਨ੍ਹੱਈਆ ਲਾਲ ਵੀ ਬੜੇ ਉੱਘੇ ਗਾਇਕ ਸਨ। ਨੱਥੂ ਰਾਮ ਬਾਲ ਉਮਰ ਵਿਚ ਹੀ ਬੜਾ ਪੱਕਾ ਪੀਢਾ ਗਾਉਣ ਲੱਗ ਪਏ ਸਨ। ਨਿੱਕੀ ਉਮਰ ਵਿਚ ਹੀ ਆਪ ਦੇ ਪਿਤਾ ਅਤੇ ਚਾਚਾ ਸੁੰਦਰ ਦਾਸ ਨੇ ਉਨ੍ਹਾਂ ਨੂੰ ਅਨੇਕ ਤਰ੍ਹਾਂ ਦੀਆਂ

ਧਰੁੱਪਦਾਂ, ਖ਼ਿਆਲ, ਟੱਪੇ, ਠੁਮਰੀਆਂ ਅਤੇ ਤਰਾਨੇ ਆਦਿ ਕੰਠ ਕਰਵਾ ਦਿੱਤੇ ਸਨ ਜਿਨ੍ਹਾਂ ਦਾ ਗਾਇਨ ਉਹ ਬੜੀ ਸਰਲਤਾ ਤੇ ਸਫਲਤਾ ਨਾਲ ਕਰਦੇ ਸਨ। ਕੁਝ ਸਾਲ ਆਪ ਮਹਿਤਪੁਰ ਨਿਵਾਸੀ ਪੰਡਤ ਕਾਕਾ ਰਾਮ ਕੋਲੋਂ ਵੀ ਸੰਗੀਤ ਸਿੱਖਿਆ ਲੈਂਦੇ ਰਹੇ ਸਨ। 1914 ਈ. ਤੋਂ ਲੈ ਕੇ 1942 ਈ. ਤਕ ਉਹ ਖ਼ਾਲਸਾ ਪ੍ਰਾਚੀਨ ਵਿਦਿਆਲਾ ਤਰਨਤਾਰਨ ਵਿਖੇ ਬਤੌਰ ਸੰਗੀਤ ਅਧਿਆਪਕ ਦੇ ਸੇਵਾ ਨਿਭਾਉਂਦੇ ਰਹੇ। 1970 ਵਿਚ ਚਲਾਣਾ ਕਰ ਗਏ। ਇਸ ਥਾਂ ਜਿਹੜੀ ਗੱਲ ਖ਼ਾਸ ਤੌਰ 'ਤੇ ਨੋਟ ਕਰਨ ਵਾਲੀ ਹੈ, ਉਹ ਇਹ ਹੈ ਕਿ ਉਪਰੋਕਤ ਲਿਸਟ ਵਿੱਚੋਂ ਖ਼ਾਂ ਸਾਹਿਬ ਅਬਦੁਲ ਰਹੀਮ, ਪ੍ਰੋ: ਵਲੀ ਮੁਹੰਮਦ, ਹਾਜੀ ਮਹਿਬੂਬ ਕੱਵਾਲ ਗੋਲੜਾ ਸ਼ਰੀਫ਼ ਅਤੇ ਉਸ ਦਾ ਪਿਓ ਦੀਨ ਮੁਹੰਮਦ—ਇਨ੍ਹਾਂ ਚਾਰ ਪੰਜ ਨਾਵਾਂ ਤੋਂ ਛੁੱਟ ਸਾਰੇ ਦੇ ਸਾਰੇ ਹੋਰ ਕਲਾਕਾਰ ਸਭੇ ਰਬਾਬੀ ਸੰਪਰਦਾ ਨਾਲ ਸੰਬੰਧ ਰੱਖਦੇ ਸਨ।

ਇਸ ਥਾਂ ਕਲੌਂਤ (ਕਸਬੀਆਂ) ਜਾਂ ਰਬਾਬੀਆਂ ਬਲਕਿ 'ਅਤਾਈਆਂ' ਦੇ ਫ਼ਰਕ ਨੂੰ ਆਪਸ ਵਿਚ ਮਾੜਾ ਮੋਟਾ ਵਿਚਾਰ ਕਰ ਲੈਣਾ ਕੋਈ ਮਾੜੀ ਗੱਲ ਨਹੀਂ ਹੋਵੇਗੀ। ਮੋਟੇ ਠੁੱਲ੍ਹੇ ਰੂਪ ਵਿਚ ਕਲੌਂਤੀ ਜਾਂ ਕਲਾਵੰਤੀ ਉਹ ਜੋ ਕਲਾ-ਪ੍ਰਵੀਨ ਹੋਵੇ, ਰਾਗ ਨੂੰ ਕਲਾ ਕਲਾ ਕੇ ਗਾਵੇ। ਆਮ ਤੌਰ 'ਤੇ ਇਹ ਲੋਕ ਜੱਦੀ-ਪੁਸ਼ਤੀ ਸੰਗੀਤਕਾਰ ਹੁੰਦੇ ਸਨ। 'ਰਬਾਬੀ' ਉਹ ਜਿਹੜਾ ਰੱਬ ਦਾ ਹੀ ਜੱਸ ਕਰੇ, ਕਾਦਰ ਦੀ ਕੀਰਤੀ ਕਰੇ, ਕੀਰਤਨ ਦੁਆਰਾ। 'ਅਤਾਈ' ਉਹ ਜਿਸ ਨੂੰ ਗੁਣ ਜੱਦੀ ਪੁਸ਼ਤੀ ਨਾ ਮਿਲਿਆ ਹੋਵੇ, ਸਗੋਂ ਉਹ ਗੁਣ ਜਿਸ ਨੇ ਆਪਣੀ ਮਿਹਨਤ ਨਾਲ ਕਿਸੇ ਉਸਤਾਦ ਕੋਲੋਂ ਪ੍ਰਾਪਤ ਕੀਤਾ ਹੋਵੇ। ਇਸ ਤੀਸਰੀ ਸ਼੍ਰੇਣੀ ਨੂੰ ਮੈਂ ਇਸ ਲਈ ਨਹੀਂ ਮੰਨਦਾ ਕਿਉਂਕਿ ਮੈਂ ਸਮਝਦਾ ਹਾਂ ਕਿ ਕਸਬ ਉਹਦਾ ਜਿਹੜਾ ਕਰੇ। 'ਅਮਲਾਂ 'ਤੇ ਹੋਣ ਨਬੇੜੇ' ਵਾਲੀ ਗੱਲ। ਮੇਰੇ ਨੇੜੇ ਅਤਾਈ/ਗ਼ੈਰ-ਅਤਾਈ ਵਿਚ ਬਹੁਤਾ ਫ਼ਰਕ ਇਸ ਲਈ ਵੀ ਨਹੀਂ ਕਿ ਸਾਡੇ ਸਾਹਮਣੇ ਅਜਿਹੀਆਂ ਅਨੇਕ ਮਿਸਾਲਾਂ ਹਨ ਕਿ ਸਾਡੇ ਕੁਝ 'ਅਤਾਈਆਂ' ਨੇ ਕਈ ਵੇਰ ਅਜਿਹਾ ਕਰ ਕੇ ਵੀ ਵਿਖਾ ਦਿੱਤਾ ਜਿਹੜਾ ਕਲੌਂਤੀਏ ਵੀ ਨਹੀਂ ਕਰ ਸਕੇ। ਉਸਤਾਦ ਅੱਲਾ ਰੱਖਾ ਤਬਲਾ ਨਵਾਜ਼ ਦੀ ਮਿਸਾਲ ਸਾਡੇ ਸਾਹਮਣੇ ਹੈ।

*ਮੁਅਦਨਲ ਮੌਸੀਕੀ* ਕਿਤਾਬ ਦੇ ਸਫ਼ਾ 24 'ਤੇ ਦਰਜ ਹੈ:

ਯੇ ਲੋਗ ਖ਼ਾਨਦਾਨੀ ਮਲਾਨ ਪੁਸ਼ਤਨਾਮਾ ਸੇ ਪਾਏ ਜਾਤੇ ਹੈਂ ਔਰ ਅਕਸਰ ਕਲਾਵੰਤ ਸਿਲਸਿਲਾ ਬੇ-ਬੀਜੋ-ਬੁਨਿਆਦ ਪਾਇਆ ਔਰ ਕਲਾਵੰਤ ਕਹਿਲਾਤੇ ਹੈਂ ਔਰ ਜਿਨ ਬਾਤੋਂ ਕਾ ਉਨ ਕੋ ਯਹਾਂ ਐਬ ਹੈ.....ਯਾਅਨੀ ਤਵਾਇਫ਼ੋਂ ਕੇ ਸਾਥ ਬਰਮਲਾ ਗਾਤੇ ਬਜਾਤੇ ਹੈਂ ਔਰ ਸ਼ੈਤਾਨ ਕੋ ਸ਼ਰਮਾਤੇ ਹੈਂ।

ਇਸ ਤੋਂ ਉਲਟ ਰਬਾਬੀਆਂ ਦੀ ਸਭ ਤੋਂ ਵੱਡੀ ਖ਼ੂਬੀ ਇਹ ਰਹੀ ਹੈ ਕਿ ਉਨ੍ਹਾਂ ਨੇ ਕਦੇ ਵੀ ਕਿਸੇ ਕੰਚਨੀ ਨੂੰ ਰਾਗ ਨਹੀਂ ਸਿਖਾਇਆ। ਪ੍ਰਸਿੱਧ ਘਟਨਾ ਹੈ ਕਿ ਪਟਿਆਲਾ ਵਾਲੇ ਜਰਨੈਲ ਸਾਹਿਬ ਦੇ ਬੇਟੇ ਉਸਤਾਦ ਅਖ਼ਤਰ ਹੁਸੈਨ (ਅਮਾਨਤ ਅਲੀ ਫ਼ਤਹਿ ਅਲੀ ਖ਼ਾਂ ਦੇ ਪਿਤਾ) ਦੀ ਜਦੋਂ ਸ਼ਾਦੀ ਸੀ ਤਾਂ ਉਨ੍ਹਾਂ ਭਾਈ ਮਹਿਬੂਬ ਅਲੀ ਰਬਾਬੀ ਨੂੰ ਸ਼ਿਰਕਤ ਕਰਨ ਲਈ ਵਿਸ਼ੇਸ਼ ਨਿਮੰਤਰਣ ਦੇ ਕੇ, ਜ਼ੁਬਾਨੀ-ਕਲਾਮੀ ਵੀ ਬੇਨਤੀ ਕੀਤੀ।


www.sikhbookclub.com

ਕੁਝ ਭਾਈ ਫ਼ਰਿੰਦੇ ਦੀ ਕੁੱਲ 'ਚੋਂ ਹੋਣ ਕਰਕੇ ਅਤੇ ਕੁਝ ਆਪਣੀ ਕਲਾਤਮਿਕ ਉੱਚਤਾ ਨੂੰ ਸਾਹਮਣੇ ਰੱਖਦਿਆਂ ਹੋਇਆਂ ਉਸ ਦੇ ਖਾਣੇ ਲਈ ਸੋਨੇ ਦੇ ਭਾਂਡੇ ਤਿਆਰ ਕਰਵਾਏ ਗਏ ਸਨ, ਜਿਹੜੇ ਪਿੱਛੋਂ ਉਸ ਨੂੰ ਨਜ਼ਰ ਵਜੋਂ ਦੇ ਦੇਣੇ ਸਨ। ਇਸ ਪ੍ਰਤੀ ਭਾਈ ਸਾਹਿਬ ਨੂੰ ਕਿਹਾ ਸੁਣਿਆ ਵੀ ਗਿਆ ਸੀ ਪਰ ਉਹ ਜੰਵ ਵਿਚ ਸ਼ਾਮਲ ਹੋਣ ਲਈ ਨਹੀਂ ਸਨ ਮੰਨੇ... "ਅਖੇ ਮੈਂ ਇਹ ਸੋਨੇ ਦੇ ਭਾਂਡੇ ਕੀ ਕਰਨੇ ਹਨ ?" ਆਪਣੀ ਮਰਯਾਦਾ ਦਾ ਮਿਆਰ ਜਾਂ ਗ਼ੈਰਤ ਦੀ ਸਿਖਰ ਸਮਝ ਲਓ।

ਇਸੇ ਤਰ੍ਹਾਂ ਇਸ ਸਦੀ ਦੇ ਸ਼ੁਰੂ ਵਿਚ ਭਾਈ ਸਾਹਿਬ ਨੇ ਆਲ ਇੰਡੀਆ ਦੀ ਇਕ ਸੰਗੀਤਕ ਕਾਨਫ਼ਰੰਸ ਵਿਚ ਰੁਦਰ ਵੀਣਾ ਵਜਾ ਕੇ ਜਦੋਂ ਸੋਨੇ ਦਾ ਤਮਗ਼ਾ ਜਿੱਤਿਆ ਤਾਂ ਸਰਟੀਫ਼ਿਕੇਟ ਲੈਣ ਤੋਂ ਉਨ੍ਹਾਂ ਇਸ ਲਈ ਨਾਂਹ ਕਰ ਦਿੱਤੀ ਸੀ ਕਿ ਸੰਚਾਲਕ ਉਸ ਸਰਟੀਫ਼ਿਕੇਟ ਉੱਤੇ ਅਵੇਸਲੇ ਹੀ 'ਭਾਈ' ਲਿਖਣ ਦੀ ਥਾਂ 'ਖ਼ਾਂ ਸਾਹਿਬ' ਲਿਖ ਚੁੱਕੇ ਸਨ। ਉਨ੍ਹਾਂ ਇਸ ਗੱਲ ਦਾ ਬਹੁਤ ਬੁਰਾ ਮਨਾਇਆ ਸੀ।

ਹੁਣ ਤਕ ਆਪਣਾ ਧਿਆਨ ਅਸੀਂ ਜ਼ਿਆਦਾਤਰ ਉੱਨ੍ਹੀਵੀਂ ਸਦੀ ਦੇ ਕਪੂਰਥਲੇ ਵੱਲ ਕੇਂਦਰਤ ਕੀਤਾ ਹੈ। ਵੀਹਵੀਂ ਸਦੀ 'ਚ ਇਹ ਕਿਹੋ ਜਿਹਾ ਸੀ; ਹੁਣ ਅਸੀਂ ਇਸ ਵੱਲ ਝਾਤ ਮਾਰਨ ਦੀ ਕੋਸ਼ਿਸ਼ ਕਰਾਂਗੇ।

'ਰਾਜਾ-ਇ-ਰਾਜਗਾਨ' ਖੜਕ ਸਿੰਘ (1849-1877 ਈ.) ਦੇ ਫ਼ਰਜ਼ੰਦ ਟਿੱਕਾ ਜਗਤਜੀਤ ਸਿੰਘ ਨੇ ਜਨਮ ਭਾਵੇਂ 23 ਨਵੰਬਰ, 1872 ਈ. ਨੂੰ ਲੈ ਲਿਆ ਸੀ, ਪਰ ਉਸਨੂੰ 16 ਅਕਤੂਬਰ, 1877 ਨੂੰ ਰਾਜਗੱਦੀ ਮਿਲਣ ਤਕ ਵੀ ਅਜੇ ਪੂਰੇ ਅਧਿਕਾਰ ਪ੍ਰਾਪਤ ਨਹੀਂ ਹੋਏ ਸਨ। ਉਸ ਪਿੱਛੋਂ ਇਸ ਰਿਆਸਤ ਦੇ ਸਰਵਪੱਖੀ ਵਿਕਾਸ ਦਾ ਇਕ ਨਵਾਂ ਕਾਂਡ ਸ਼ੁਰੂ ਹੋ ਜਾਂਦਾ ਹੈ। ਸ਼ਹਿਰ ਵਿਚ ਉਸਨੇ ਪੈਰਿਸ ਆਰਕੀਟੈਕਚਰ ਦੇ ਆਧਾਰ 'ਤੇ ਕੁਝ ਇਮਾਰਤਾਂ ਜਿਵੇਂ ਕਿ ਜਗਤਜੀਤ ਪੈਲੇਸ, ਜਿਹੜਾ ਕਿ 1900 ਈ. ਵਿਚ ਸ਼ੁਰੂ ਹੋ ਕੇ ਅੱਠਾਂ ਸਾਲਾਂ 'ਚ ਤਿੰਨ ਕਰੋੜ ਦੀ ਲਾਗਤ ਨਾਲ ਮੁਕੰਮਲ ਕੀਤਾ ਗਿਆ ਸੀ—ਅਤੇ ਅਜਿਹੀਆਂ ਕੁਝ ਹੋਰ ਇਮਾਰਤਾਂ ਬਣਵਾਈਆਂ ਕਿ ਸ਼ਹਿਰ ਦੀ ਕਾਇਆ ਹੀ ਪਲਟ ਕੇ ਰੱਖ ਦਿੱਤੀ। ਸਾਫ਼ ਸੁਥਰੀਆਂ ਸੜਕਾਂ ਅਤੇ ਬਾਗ਼ ਬਗ਼ੀਚੇ ਕੁਝ ਅਜਿਹੇ ਸਲੀਕੇ ਨਾਲ ਲਗਵਾਏ ਕਿ ਲੋਕੀਂ ਇਸ ਨੂੰ 'ਪੰਜਾਬ ਦਾ ਪੈਰਿਸ' ਸੱਦਣ ਲੱਗ ਪਏ ਸਨ। ਮਹਾਰਾਜਾ ਗਾਹੇ-ਬਗਾਹੇ ਬਦੇਸ਼ੀ ਦੌਰਿਆਂ 'ਤੇ ਜਾਂਦਾ ਰਹਿੰਦਾ ਅਤੇ ਉਥੋਂ ਖ਼ਾਸ ਕਰਕੇ ਫ਼ਰਾਂਸ ਤੋਂ ਵਿਸ਼ਵ ਪੱਧਰ ਦੀਆਂ ਮਹਿੰਗੀਆਂ ਤੋਂ ਮਹਿੰਗੀਆਂ ਪੇਂਟਿੰਗਾਂ ਖ਼ਰੀਦ ਕੇ ਲਿਆਉਂਦਾ ਅਤੇ ਏਥੇ ਆ ਕੇ ਆਪਣੇ ਮਹੱਲਾਂ ਵਿਚ ਲਾਉਂਦਾ ਸਜਾਉਂਦਾ। ਸ਼ਹਿਰ ਦੀ ਭਵਨ ਉਸਾਰੀ ਲਈ ਆਉਣ ਲੱਗਿਆਂ ਆਪਣੇ ਨਾਲ ਉਹ ਸਿਖਰ ਦੇ ਆਰਕੀਟੈਕਟ ਜਿਵੇਂ ਕਿ ਮਾਰਕਲ ਆਦਿ ਨੂੰ ਵੀ ਲੈ ਆਉਂਦਾ ਸੀ। ਉਸਦੇ ਏਹੋ ਜਿਹੇ ਗੂੜ੍ਹੇ ਪ੍ਰਬਲ ਸ਼ੌਕ ਉਸਦੇ ਉੱਚੇ ਸੋਹਜ ਦੇ ਪ੍ਰਤੀਕ ਸਨ। ਇਹ ਉਸਦੇ ਸਮੇਂ ਹੀ ਸੀ ਕਿ ਏਥੋਂ ਦਾ ਰਣਧੀਰ ਕਾਲਜ 1896 ਈ. ਵਿਚ ਇੰਟਰਮੀਡੀਏਟ ਅਤੇ 1945 ਈ. ਵਿਚ ਡਿਗਰੀ ਪੱਧਰ ਤਕ ਕਰ ਦਿੱਤਾ ਗਿਆ ਸੀ। ਏਥੋਂ ਦੇ ਸੰਗੀਤਕ ਮਾਹੌਲ ਦਾ ਹਾਲ ਉੱਨ੍ਹੀਵੀਂ ਸਦੀ ਦੇ ਅਖ਼ੀਰ ਵਿਚ ਇਸ ਥਾਂ ਭਾਈ ਮਹਿਬੂਬ ਅਲੀ ਉਰਫ਼ ਬੂਬਾ ਰਬਾਬੀ, ਭਾਈ ਲਾਲ ਅਤੇ ਵਲੀ ਮੁਹੰਮਦ, ਕਰਾਮਤ, ਕੁਰਬਾਨ ਅਤੇ ਸੁਹਬਤ ਅਲੀ ਵਰਗੇ ਗਵੱਈਏ ਇਸ ਰਿਆਸਤ ਦੀ ਸ਼ਾਨ ਹੋਇਆ ਕਰਦੇ ਸਨ। ਇਹ ਵਿਰ


www.sikhbookclub.com

1910 ਈ. ਦੀ ਗੱਲ ਹੈ ਕਿ ਭਾਈ ਬੂਬਾ ਰਬਾਬੀ ਕਪੂਰਥਲਾ ਛੱਡ ਕੇ ਰਿਆਸਤ ਪਟਿਆਲਾ ਵਿਚ ਚਲੇ ਗਏ ਸਨ। ਮਹਾਰਾਜਾ ਜਗਤਜੀਤ ਸਿੰਘ ਨੂੰ ਸੰਗੀਤ ਦਾ ਕਿੰਨਾ-ਕੁ ਸ਼ੌਕ-ਸ਼ੌਕ ਸੀ, ਇਸ ਬਾਰੇ ਤਾਂ ਕੁਝ ਨਹੀਂ ਕਿਹਾ ਜਾ ਸਕਦਾ, ਪਰ ਉਹ ਕੋਮਲ ਕਲਾਵਾਂ ਦਾ ਕਦਰਦਾਨ ਜ਼ਰੂਰ ਸੀ। ਚੋਟੀ ਦੇ ਚਿੱਤਰਕਾਰ ਉਸਦੇ ਕੋਲ ਸਨ। ਹੋਰ ਤਾਂ ਹੋਰ ਕੁਝ ਪ੍ਰਸਿੱਧ ਲਿਖਾਰੀ ਅਤੇ ਤਾਰੀਖ਼ਦਾਨ ਜਿਵੇਂ ਕਿ ਸਰ ਲੈਪਲ ਗ੍ਰਿਫ਼ਿਨ (ਕਰਤਾ : *ਰਾਜਾਜ਼ ਔਫ ਦੀ ਪੰਜਾਬ*, 1870, ਲੰਡਨ) ਵੀ ਇਸ ਸ਼ਹਿਰ 'ਚ ਕੁਝ ਸਮਾਂ ਰਹੇ। ਸੁਣਦੇ ਹਾਂ ਕਿ ਆਮ ਜਣਾ-ਖਣਾ ਉਸਦੇ ਦਰਬਾਰ ਵਿਚ ਗਾਉਣ ਦੀ ਜੁਰਅਤ ਨਹੀਂ ਸੀ ਕਰ ਸਕਦਾ। ਸ੍ਰੀ ਬਾਬਾ ਹਰਿਵੱਲਭ ਸੰਗੀਤ ਮਹਾਂ-ਸਭਾ ਦੇਵੀ ਤਲਾਬ ਜਲੰਧਰ ਵਾਲਿਆਂ ਨੇ ਇਕ ਵੇਰ ਆਪਣੇ ਬਰੋਸ਼ਰ ਵਿਚ ਉਸ ਬਾਰੇ ਇੰਜ ਲਿਖਿਆ ਸੀ :

Even the respected Pt. Onkar Nath who is well known all over India had to produce the Harballabh's testimonial of merit once prior to his being allowed to perform before the Maharaja of Kapurthala.[7]

ਆਮ ਵਿਸ਼ਵਾਸ ਹੈ ਕਿ ਪੰਜਾਬ ਵਿਚ ਸਭ ਤੋਂ ਪਹਿਲੇ ਫੋਟੋਗ੍ਰਾਫ਼ਰ ਕਪੂਰ ਸਿੰਘ ਚਿਤ੍ਰਕਾਰ 'ਅੰਮ੍ਰਿਤਸਰ ਵਾਲੇ' ਇਸ ਰਿਆਸਤ ਦੇ ਹੀ ਦਰਬਾਰੀ ਸਨ। ਦਰਬਾਰੀ ਵੀ ਕਾਹਦੇ, ਪਹਿਲਾਂ ਐਵੇਂ ਅਦਨਾ ਜਿਹੇ, ਹਮਾਤੜ ਜਿਹੇ ਕਰਮਚਾਰੀ। ਦੇਖੋ ਕਿਵੇਂ ਸਬੱਬ ਬਣਦਾ ਹੈ ਅਤੇ ਹਾਲਾਤ ਕਿਵੇਂ ਮੋੜਾ ਖਾਂਦੇ ਹਨ। ਕਪੂਰ ਸਿੰਘ ਜਿਹੜਾ ਕਿ ਕਿਸ਼ਨ ਸਿੰਘ ਚਿਤ੍ਰਕਾਰ ਦਾ ਪੁੱਤਰ ਸੀ, ਅਸਲ ਵਿਚ ਕਪੂਰਥਲੇ ਵਿਚ ਉਸਦੀ ਪਹਿਲੀ ਨੌਕਰੀ ਇਹ ਸੀ ਕਿ ਉਹ ਅੰਗਰੇਜ਼ ਚਿਤ੍ਰਕਾਰਾਂ ਨੂੰ ਜਿਹੜੇ ਕਿ ਮਹਾਰਾਜਾ ਨੇ ਮੁਲਾਜ਼ਮ ਰੱਖੇ ਹੋਏ ਹੁੰਦੇ ਸਨ—ਪੱਖਾ ਝੱਲਣ, ਜਿਹੜਾ ਕਿ ਉਨ੍ਹੀ ਦਿਨੀਂ ਛੱਤ ਨਾਲ ਬੰਨ੍ਹਿਆ ਹੁੰਦਾ ਸੀ ਅਤੇ ਰੱਸੀ ਖਿੱਚਣ ਨਾਲ ਹਰਕਤ 'ਚ ਆਉਂਦਾ ਸੀ; ਨਤੀਜਤਨ ਥੋੜ੍ਹੀ ਜਿਹੀ ਹਵਾ ਰੁਮਕ ਪੈਂਦੀ ਸੀ। ਕਪੂਰ ਸਿੰਘ ਦੀ ਅਸਲ ਡਿਊਟੀ ਪਹਿਲਾਂ ਇਹੋ ਸੀ, ਪਰ ਇਕ ਜ਼ਹੀਨ ਬੱਚਾ ਹੋਣ ਕਰਕੇ ਉਹ ਉਨ੍ਹਾਂ ਚਿਤ੍ਰਕਾਰਾਂ ਦੀ ਤਕਨੀਕ ਨੂੰ ਚੰਗੀ ਤਰ੍ਹਾਂ ਵਾਚਦਾ ਘੋਖਦਾ ਰਹਿੰਦਾ। ਪਿੱਛੋਂ ਆਪ ਪੇਂਟਿੰਗਾਂ ਬਣਾਉਣ ਲੱਗ ਗਿਆ ਅਤੇ ਉਹ ਦਿਨ ਫਿਰ ਛੇਤੀ ਹੀ ਆ ਗਿਆ ਜਦ ਕਿ ਤੇਲ ਚਿੱਤਰਾਂ ਵਿਚ ਅੰਗਰੇਜ਼ਾਂ ਵਾਂਗ ਉਹ ਵੀ ਇਕ ਨਾਮਵਰ ਨਿਪੁੰਨ ਚਿੱਤ੍ਰਕਾਰ ਬਣ ਗਿਆ।

ਇਹ ਸ਼ਰਫ਼ ਸਿਰਫ਼ ਕਪੂਰਥਲਾ ਰਿਆਸਤ ਦੇ ਸ਼ਹਿਰ ਸੁਲਤਾਨਪੁਰ ਲੋਧੀ ਨੂੰ ਹੀ ਹਾਸਲ ਹੈ ਕਿ ਜਗਤਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ, ਆਪਣੀ ਉਮਰ ਦਾ ਸਭ ਤੋਂ ਵੱਧ ਹਿੱਸਾ ਏਥੇ ਰਹੇ। ਲਾਗਲੇ ਪਿੰਡ ਭਰੋਆਣਾ ਤੋਂ ਹੀ ਰਬਾਬ ਬਣਵਾਈ ਗਈ। ਇਸ ਦੀਆਂ ਸਭ ਤੋਂ ਪਹਿਲੀਆਂ ਰੱਬ ਰੱਬ ਕਰਦੀਆਂ ਧੁਨਾਂ ਵੀ ਏਥੇ ਹੀ ਨਿਕਲੀਆਂ। ਇਹ ਏਸੇ ਰਿਆਸਤ 'ਚ ਹੀ ਸੀ ਕਿ ਭਾਈ ਫਰਿੰਦੇ ਜੀ ਦੇ ਵੰਸ਼ਜ ਭਾਈ ਮਹਿਬੂਬ ਅਲੀ ਉਰਫ਼ ਬੂਬਾ ਰਬਾਬੀ ਵਿਸਮਾਦ ਵਿਚ ਆ ਕੇ ਧਰੁੱਪਦ ਅੰਗ 'ਚ "ਤਰਨਤਾਰਨ

7. Shree Baba Harballabh Sangeet Mahasabha Devi Talab, Jullundur, Sangeet Sammelan December, 1965, p. 2.

ਤੂ ਹੀ ਪ੍ਰਭੂ" ਝੱਪ ਤਾਲ 'ਚ ਬਿਹਾਗ ਰਾਗ ਬੜੇ ਲੀਨ ਹੋ ਕੇ ਗਾਇਆ ਕਰਦੇ ਸਨ। ਕਪੂਰਥਲਾ ਲਾਗੇ ਹੀ ਪਿੰਡ ਸੈਦਪੁਰ ਠੱਠਾ ਟਿੱਬਾ ਦੇ ਗੁਰੂ ਘਰ ਦੇ ਪ੍ਰਸਿੱਧ ਕੀਰਤਨੀ ਪਰਿਵਾਰ ਦੇ ਵੰਸ਼ਜ ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਜਿਹੜੇ ਕਿ ਰਾਗੀਆਂ ਦੀ ਚੌਧਵੀਂ ਪੀੜ੍ਹੀ 'ਚੋਂ ਸਨ, ਵੀ ਕਿਸੇ ਨਾ ਕਿਸੇ ਰੂਪ ਵਿਚ ਕਪੂਰਥਲਾ ਨਾਲ ਜੁੜੇ ਰਹੇ ਹਨ। ਡਾਗਰ ਬਾਣੀ ਦੇ ਪੈਰੋਕਾਰ ਕਪੂਰਥਲਾ ਘਰਾਣੇ ਕਲਾਕਾਰਾਂ ਨੇ ਜਿਥੇ ਸਾਡੇ ਸੰਗੀਤ ਦੀ ਪਵਿੱਤਰਤਾ ਨੂੰ ਕਾਇਮ ਰੱਖਿਆ ਹੈ, ਓਥੇ ਲੋਕ ਧੁਨੀਆਂ ਦੇ ਪ੍ਰਭਾਵ ਨੂੰ ਵੀ ਆਪਣੇ ਵਿਚ ਸਮੋਣ ਤੋਂ ਸੰਕੋਚ ਨਹੀਂ ਕੀਤਾ। ਇਸ ਦੀ ਸਭ ਤੋਂ ਵੱਡੀ ਮਿਸਾਲ ਮੰਡੇਰਾਂ, ਜ਼ਿਲ੍ਹਾ ਜਲੰਧਰ (ਸ਼ਾਮ ਚੁਰਾਸੀ ਨੇੜੇ) ਦੇ ਜੰਮਪਲ ਉਸਤਾਦ ਤੁਫ਼ੈਲ ਨਿਆਜ਼ੀ (1916-1990 ਈ.) ਦੀ ਹੈ, ਜਿਹੜੇ ਕਿ ਕਪੂਰਥਲੇ ਦੇ ਮੀਆਂ ਵਲੀ ਮੁਹੰਮਦ ਦੇ ਸ਼ਾਗਿਰਦ ਸਨ। ਸਾਡਾ ਨਹੀਂ ਖ਼ਿਆਲ ਕਿ ਵੀਹਵੀਂ ਸਦੀ ਨੇ ਉਸ ਨਾਲੋਂ ਵੀ ਵੱਡਾ ਕੋਈ ਹੋਰ 'ਫੋਕ ਗਾਇਕ' ਪੈਦਾ ਕੀਤਾ ਹੋਵੇ। ਇਸ ਮਹਾਨ ਉਸਤਾਦ, ਜਿਸਦਾ ਅਸਲਾ ਪਖਾਵਜੀ ਰਬਾਬੀਆਂ ਦਾ ਸੀ, ਦੀਆਂ ਗਾਈਆਂ ਕੁਝ ਦੁਰਲਭ ਚੀਜ਼ਾਂ ਜਿਹੜੀਆਂ ਸਾਡੇ ਪਾਸ ਸੁਰੱਖਿਅਤ ਹਨ, ਇਸ ਗੱਲ ਦੀ ਸਹਿਜੇ ਹੀ ਸ਼ਾਹਦੀ ਭਰਦੀਆਂ ਹਨ। ਜਦ ਹੀ ਕਦੇ ਉਹ "ਆ ਵੇ ਮਾਹੀ ਗਲ਼ ਲੱਗ ਵੇ, ਤੇਰੀ ਦੀਦ ਗ਼ਰੀਬਾਂ ਦਾ ਹੱਜ ਵੇ।" ਜਿਹੀਆਂ ਚੀਜ਼ਾਂ ਲਟਕਾ ਲਟਕਾ ਕੇ ਗਾਉਂਦਾ ਸੀ ਤਾਂ ਕਲੇਜਾ ਧੂਹ ਲੈਂਦਾ ਸੀ। ਆਵਾਜ਼ ਵਿਚ ਬੇਓੜਕਾ ਠਹਿਰਾਓ। 'ਸਾਡਾ ਚਿੜੀਆਂ ਦਾ ਚੰਬਾ ਵੇ', 'ਮੇਰਾ ਸੋਹਣਾ ਸੱਜਣ ਘਰ ਆਇਆ', 'ਮੈਂ ਨਹੀਓਂ ਜਾਣਾ ਖੇੜਿਆਂ ਦੇ ਨਾਲ', 'ਦਰਦਾਂ ਮਾਰ ਲਿਆ ਵੇ ਮੇਰਾ ਦਿਲ ਡਰਦਾ ਨਾ ਬੋਲੇ' ਉਸਦੀਆਂ ਕੁਝ ਚਹੇਤੀਆਂ ਚੀਜ਼ਾਂ ਸਨ। ਇਨ੍ਹਾਂ ਵਿਚ ਉਸਨੇ ਲੋਕ-ਸੁਰਾਂ ਅਤੇ ਜਜ਼ਬਿਆਂ ਨੂੰ ਕਲਾਸੀਕਲ ਸੰਗੀਤ 'ਚ ਕੁਝ ਇਸ ਤਰ੍ਹਾਂ ਸਮੋਇਆ ਕਿ ਕੀ ਗੱਲਾਂ। ਇਕ ਰਾਗ ਵਿਚ ਕੋਈ ਧੁਨ ਗਾਉਂਦੇ ਹੋਏ, ਕਿਸੇ ਦੂਜੇ ਰਾਗ ਦੀਆਂ ਸੁਰਾਂ ਨੂੰ ਹਲਕਾ ਜਿਹਾ ਕੁਝ ਅਜਿਹੀ ਖ਼ੂਬਸੂਰਤੀ ਨਾਲ ਛੋਹਣਾ ਕਿ ਸਰੋਤੇ ਅਸ਼-ਅਸ਼ ਕਰ ਉਠਦੇ ਸਨ। ਕਹਿਣ ਨੂੰ ਹੀ ਉਹ ਇਕ ਲੋਕ ਗਾਇਕ ਜਾਂ 'ਫੋਕ ਗਾਇਕ' ਸੀ, ਪਰ ਗਾਉਣ ਸਮੇਂ ਸ਼ਾਸਤ੍ਰੀ ਸੰਗੀਤ ਦੀਆਂ ਸਭ ਲੱਜ਼ਤਾਂ ਜਿਵੇਂ ਕਿ ਅਲਾਪ, ਤਾਨ, ਪਲਟਾ, ਬਹਿਲਾਵਾ ਆਦਿ, ਵਿਚ ਸਭ ਕੁਝ ਹੀ ਪੇਸ਼ ਕਰ ਕੇ ਉਹ ਪ੍ਰਲੋਕ ਗਾਇਕ ਹੋ ਨਿਬੜਦਾ ਸੀ। ਇਹ 1988 ਈ. ਦੀ ਗੱਲ ਹੈ ਕਿ ਆਪਣੇ ਭਾਰਤੀ ਦੌਰੇ 'ਤੇ ਆਇਆ, ਦਿੱਲੀ ਦੀ ਇਕ ਪ੍ਰਾਈਵੇਟ ਮਹਿਫ਼ਿਲ 'ਚ ਉਹ 'ਹਾਲ ਮੁਰੀਦਾਂ ਦਾ ਕਹਿਣਾ ਮਿਤ੍ਰ ਪਿਆਰੇ ਨੂੰ' ਸ਼ਬਦ ਗਾਉਣ ਲੱਗ ਪਿਆ ਤਾਂ ਤਬਾਹੀ ਮਚਾ ਦਿੱਤੀ....ਓੜਕ ਰਬਾਬੀ ਪੁੱਤਰ ਜੁ ਸੀ ਨਾ ਭਈ! ਮੇਜ਼ਬਾਨ ਰਾਜਕੁਮਾਰੀ ਕਪੂਰਥਲਾ ਨੇ ਜਿਥੇ ਆਪ ਨੂੰ ਇਕ ਚਾਂਦੀ ਦੀ ਸ਼ੀਲਡ ਦੇ ਕੇ ਸਨਮਾਨਿਆ, ਓਥੇ ਨਾਲ ਹੀ 3000/- ਰੁਪਏ ਦਾ ਇਕ ਖ਼ੂਬਸੂਰਤ ਵਾਜਾ ਵੀ ਭੇਂਟ ਕੀਤਾ ਸੀ।

ਜਿਥੋਂ ਤਕ ਸ਼ਾਸਤ੍ਰੀ ਸਤਹ ਦਾ ਸੰਬੰਧ ਹੈ, ਕੀ ਇਹ ਕੋਈ ਛੋਟੀ ਗੱਲ ਹੈ ਕਿ ਹਿੰਦੁਸਤਾਨ ਭਰ ਵਿਚ ਮੰਨੇ ਪ੍ਰਮੰਨੇ ਬੇਮਿਸਾਲ ਬੀਨਕਾਰ ਉਸਤਾਦ ਬੰਦੇ ਅਲੀ ਖ਼ਾਂ ਸਹਾਰਨਪੁਰ ਵਾਲੇ (1830-1890 ਈ.) ਮੀਰ ਨਾਸਿਰ ਦੇ ਹੀ ਸ਼ਾਗਿਰਦ ਸਨ, ਜਿਸ ਨੂੰ ਕਦੇ ਕਪੂਰਥਲਾ ਦੇ ਪ੍ਰਤਿਪਾਲਕਾਂ ਨੇ ਅੰਗਰੇਜ਼ਾਂ ਦੀ ਕੈਦ ਵਿੱਚੋਂ ਛੁਡਵਾਇਆ ਸੀ ? ਨਹੀਂ ਤਾਂ ਰੱਬ ਜਾਣੇ, ਉਸਦੀ ਐਨੀ ਅਮੀਰ ਵਿਰਾਸਤ ਮਿੱਟੀ ਘੱਟੇ ਵਿਚ ਹੀ

ਰੁਲ ਜਾਣੀ ਸੀ। ਕਪੂਰਥਲਾ ਘਰਾਣੇ ਦੇ ਕਲਾਕਾਰਾਂ ਜਿਵੇਂ ਤੁਫ਼ੈਲ ਨਿਆਜ਼ੀ, ਗ਼ੁਲਾਮ ਹਸਨ ਸ਼ਗਨ, ਭਾਈ ਅਵਤਾਰ ਸਿੰਘ, ਗੁਰਚਰਨ ਸਿਘ ਹੋਰਾਂ ਨਾਲ ਲੇਖਕ ਦੀ ਜਦ ਕਦੇ ਵੀ ਕੋਈ ਗੱਲ ਚੱਲੀ, ਉਨ੍ਹਾਂ ਨੇ ਹਮੇਸ਼ਾ ਹੀ ਇਸਦੀ ਮਹਾਨਤਾ ਨੂੰ ਸਜਦਾ (ਡੰਡੌਤ) ਕੀਤਾ। ਪਰ ਅੱਜ ਬੜੇ ਅਫ਼ਸੋਸ ਦੀ ਗੱਲ ਹੈ ਕਿ ਐਨੇ ਅਮੀਰ ਵਿਰਾਸਤੀ ਸ਼ਹਿਰ ਦੀਆਂ ਬਹੁਤੀਆਂ ਇਤਿਹਾਸਕ ਇਮਾਰਤਾਂ ਸਾਂਭ-ਸੰਭਾਲ ਪੱਖੋਂ ਬਹੁਤ ਬੁਰੀ ਖ਼ਸਤਾ ਹਾਲਤ ਵਿਚ ਹਨ। ਕੁਝ ਤਾਂ ਖੋਲੇ ਬਣਨ ਕੰਢੇ ਹਨ ਅਤੇ ਕੁਝਨਾਂ ਨੂੰ ਸਾਂਭਣ ਸੁਆਰਨ ਲਈ ਅਰਬਾਂ ਰੁਪਿਆ ਦਰਕਾਰ ਹੈ। ਹੋਰ ਤਾਂ ਹੋਰ, ਮਨਸੂਰ ਵਾਲਾ ਪੀਰ ਜ਼ਿਆਉਦੀਨ, ਪੀਰ ਚੌਧਰੀ ਦੀ ਦਰਗਾਹ ਨੇੜੇ ਬਣਾਇਆ ਗਿਆ ਮੀਰ ਨਾਸਿਰ, ਜਿਨ੍ਹਾਂ ਨੇ ਇਸ ਘਰਾਣੇ ਵਾਸਤੇ ਮੋਢੀਆਂ ਵਰਗੀ ਭੂਮਿਕਾ ਨਿਭਾਈ, ਦਾ ਮਕਬਰਾ ਹੁਣ ਖੰਡਰ ਬਣ ਚੁੱਕਾ ਹੈ। ਛੋਟੀਆਂ ਇੱਟਾਂ ਦੀ ਬਣੀ ਇਸ ਯਾਦਗਾਰੀ ਇਮਾਰਤ ਨੂੰ ਦੇਖ ਕੇ ਰੋਣਾ ਆਉਂਦਾ ਹੈ। ਚੰਗਾ ਹੁੰਦਾ ਜੇਕਰ ਏਥੇ ਵਿਸ਼ਾਲ ਪੱਧਰ ਦੀ ਕੋਈ ਸੰਗੀਤ ਅਕੈਡਮੀ ਜਾਂ ਮਿਊਜ਼ੀਅਮ ਹੀ ਬਣਾਇਆ ਜਾਂਦਾ, ਪਰ ਕਿਥੇ ? ਸਾਡਾ ਪੁਰਾਤਤਵ ਵਿਭਾਗ ਅਤੇ ਦੂਸਰੇ ਤੀਸਰੇ ਅਦਾਰੇ, ਬਲਕਿ ਯੂਨੈਸਕੋ ਵਾਲੇ ਵੀ ਇਸ ਪੱਖੋਂ ਬਿਲਕੁਲ ਕੁੰਭਕਰਨੀ ਨੀਂਦ ਸੁੱਤੇ ਪਏ ਹਨ। ਚਾਹੀਦਾ ਤਾਂ ਇਹ ਸੀ ਕਿ ਜਗਤਜੀਤ ਪੈਲੇਸ ਵਿਚ ਅੰਤਰਰਾਸ਼ਟਰੀ ਪੱਧਰ ਦੀ ਇਕ ਮਿਊਜ਼ੀਅਮ ਬਣਾਈ ਜਾਂਦੀ, ਜਿਥੇ ਕਿ ਸਾਰੀਆਂ ਰਿਆਸਤੀ ਵਿਰਾਸਤੀ ਦੁਰਲਭ ਵਸਤਾਂ ਸਾਂਭੀਆਂ ਜਾਂਦੀਆਂ, ਪਰ ਉਸ ਥਾਂ ਸੈਨਿਕ ਸਕੂਲ ਚੱਲ ਰਿਹਾ ਹੈ।

ਇਸ ਸ਼ਾਹੀ ਰਾਜ ਘਰਾਣੇ ਨਾਲ ਸੰਬੰਧਿਤ ਰਿਪਜੀਤ ਸਿੰਘ—ਨੈਣਾ ਦੇਵੀ ਜੀ (1918-1993 ਈ.) (ਪ੍ਰਸਿੱਧ ਐਕਟਰੈਸ ਕੱਥਕ ਨ੍ਰਿਤਕੀ ਸਾਧਨਾ ਬੋਸ ਦੀ ਭੈਣ ਜੀ) ਆਲ ਇੰਡੀਆ ਰੇਡੀਓ ਦਿੱਲੀ ਵਿਚ ਕੰਮ ਕਰਦਿਆਂ 'ਸੁਰ ਔਰ ਸੰਗੀਤ' ਪ੍ਰੋਗਰਾਮ ਰਾਹੀਂ ਹਿੰਦੁਸਤਾਨੀ ਸੰਗੀਤ ਦੀ ਸਾਂਭ-ਸੰਭਾਲ ਲਈ ਆਪਣਾ ਯੋਗਦਾਨ ਪਾਉਂਦੇ ਰਹੇ। 1964 ਈ. ਵਿਚ ਆਪ ਨੇ ਰਿਆਸਤ ਰਾਮਪੁਰ ਦੇ ਪ੍ਰਸਿੱਧ ਉਸਤਾਦ ਮੁਸ਼ਤਾਕ ਹੁਸੈਨ ਖ਼ਾਂ (1878-..... ?) ਸਹਿਸਵਾਂ ਘਰਾਣਾ ਵਾਲਿਆਂ ਤੇ, ਜਿਸਦੇ ਉਹ ਸ਼ਾਗਿਰਦ ਵੀ ਸਨ ਅਤੇ ਅੰਜਨੀ ਬਾਈ ਮਾਲਪੇਕਰ ਤੇ ਸੰਗੀਤ ਨਾਟਕ ਅਕੈਡਮੀ ਦਿੱਲੀ ਲਈ ਅੰਗਰੇਜ਼ੀ ਵਿਚ ਦੋ 'ਮੋਨੋਗ੍ਰਾਫ਼' (ਕਿਤਾਬਚੇ) ਵੀ ਲਿਖੇ ਸਨ। ਅੱਜ-ਕੱਲ੍ਹ ਰਾਜਾ ਪਰਮਜੀਤ ਸਿੰਘ ਜੀ ਦੀ ਮਾਇਆ ਨਾਜ਼ ਧੀ ਰਾਣੀ ਸ੍ਰੀਮਤੀ ਅਨੀਤਾ ਸਿੰਘ ਪੰਜਾਬ ਦੇ ਵਿਰਾਸਤੀ ਮੇਲਿਆਂ ਦੁਆਰਾ ਜਿਸ ਤਰ੍ਹਾਂ ਦੀ ਕਲਾਤਮਿਕ ਪੁਨਰ-ਸੁਰਜੀਤੀ ਦੇ ਕਾਰਜ ਕਰ ਰਹੇ ਹਨ, ਉਹ ਸਿਰਫ਼ ਉਨ੍ਹਾਂ ਦਾ ਹੀ ਹਿੱਸਾ ਹੈ।



ਰਬਾਬੀ ਪਰੰਪਰਾ ਦੇ ਕੁਝ ਥੰਮ੍ਹ—ਇਸ ਚਿੱਤਰ ਵਿਚ ਭਾਈ ਮਰਦਾਨਾ ਤੋਂ ਛੁੱਟ ਭਾਈ ਸੱਤਾ, ਭਾਈ ਬਲਵੰਡ ਅਤੇ ਭਾਈ ਬਾਬਕ ਵੀ ਸੁਸ਼ੋਭਿਤ ਹਨ।
ਧੰਨਵਾਦ ਸਹਿਤ : ਭਾਈ ਹਰਪਾਲ ਸਿੰਘ ਭੁੱਲਰ, ਅੰਤਰਰਾਸ਼ਟਰੀ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ (ਰਜਿ.), ਫ਼ਿਰੋਜ਼ਪੁਰ


www.sikhbookclub.com

# ਭਾਈ ਮਰਦਾਨਾ

*ਮਰਦਾਨਿਆਂ ਰਬਾਬ ਛੇੜ, ਬਾਣੀ ਆਈ।*

ਸਿੱਖ ਜਗਤ ਮਰਦਾਨਾ ਜੀ ਦੇ ਨਾਂ ਤੋਂ ਭਲੀ ਭਾਂਤ ਜਾਣੂ ਹੈ। ਉਨ੍ਹਾਂ ਦੀ ਰੂਹਾਨੀ ਉੱਚਤਾ ਦਾ ਕੇਵਲ ਇਸ ਗੱਲ ਤੋਂ ਹੀ ਹਿਸਾਬ ਲਾਇਆ ਜਾ ਸਕਦਾ ਹੈ ਕਿ ਲਗਭਗ ਸਾਰੀ ਉਮਰ ਉਹ ਬਾਬਾ ਜੀ ਦੇ ਨਾਲ ਰਹੇ। ਆਪ ਬੜੀ ਉੱਚੀ ਪ੍ਰਤਿਭਾ ਦੇ ਮਾਲਿਕ ਸਨ।



*ਭਾਈ ਮਰਦਾਨਾ ਦੀ ਰਬਾਬ**

ਆਪ ਦਾ ਜਨਮ ਬਦਰ ਮਿਰਾਸੀ ਦੇ ਘਰ ਲੱਖੋ ਦੇ ਉਦਰ ਤੋਂ ਤਲਵੰਡੀ ਜ਼ਿਲ੍ਹਾ ਸ਼ੇਖ਼ੂਪੁਰਾ ਵਿਖੇ 1460 ਈ. ਵਿਚ ਹੋਇਆ। ਅਜੇ ਛੋਟੀ ਉਮਰ ਦੇ ਹੀ ਸਨ ਕਿ ਗੁਰੂ ਮਹਾਰਾਜ ਜੀ ਕੋਲ ਆ ਗਏ। ਬਾਬਾ ਜੀ ਦੇ ਕਹਿਣ 'ਤੇ ਆਪ ਸਤਲੁਜ ਅਤੇ ਬਿਆਸ ਦੇ ਵਿਚਕਾਰ ਵੱਸਦੇ ਇਕ ਛੋਟੇ ਜਿਹੇ ਪਿੰਡ ਵਿੱਚੋਂ ਫ਼ਰਿੰਦੇ ਰਬਾਬੀ ਤੋਂ ਰਬਾਬ ਲੈ ਆਏ। ਫਿਰ ਤਾਂ ਬਸ ਕੀ ਸੀ! ਬਾਬਾ ਜੀ ਤ੍ਰਿਕਾਲ ਦਰਸ਼ੀ ਤਾਂ ਸਨ ਹੀ, ਜਦ ਵੀ ਲਿਖਣ ਜਾਂ ਡੂੰਘੀ ਭਗਤੀ ਦੇ ਮੂਡ (cogitational mood) ਵਿਚ ਹੁੰਦੇ, ਆਪਣੇ ਸਾਜ਼ਿੰਦੇ ਨੂੰ ਹਾਕ ਮਾਰਦੇ, "ਮਰਦਾਨਿਆਂ, ਰਬਾਬ ਵਜਾ, ਬਾਣੀ ਆਈ ਹੈ!"

*ਬਾਬੇ ਕੇ ਰਬਾਬੀ, ਭਾਈ ਮਰਦਾਨਾ ਉੱਠ,*
*ਨੋਸਕ ਰਬਾਬ ਪ੍ਰ ਮਿਜ਼ਰਾਬ ਤੋ ਲਗਾਇ ਦੇ।* *(ਭਾਈ ਕਾਨ੍ਹ ਸਿੰਘ)*

ਬਾਬਾ ਜੀ ਦੀਆਂ ਉਦਾਸੀਆਂ ਸਮੇਂ ਉਸ ਨੇ ਉਨ੍ਹਾਂ ਦਾ ਭਰਪੂਰ ਸਾਥ ਕੀਤਾ। ਦੱਸਿਆ ਜਾਂਦਾ ਹੈ ਕਿ ਬਾਬਾ ਜੀ ਰਸ ਭਿੰਨੀ ਆਵਾਜ਼ ਵਿਚ ਗਾਉਂਦੇ ਅਤੇ ਜਦੋਂ ਮਰਦਾਨਾ ਨਾਲ ਸਾਥ ਕਰਦਾ ਤਾਂ ਲਾਗਲੇ ਚਰਿੰਦ ਪਰਿੰਦ 'ਤੇ ਵੀ ਅਸਰ ਹੁੰਦਾ ਸੀ। ਉਂਜ ਤਾਂ ਉਹ ਵੱਡੇ ਵਜਾਇਕ ਸਨ ਅਤੇ ਅਨੇਕ ਰਾਗਾਂ 'ਤੇ ਹਾਵੀ ਵੀ, ਪਰ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦਾ ਮੁਲਤਾਨੀ ਅਤੇ ਧਨਾਸਰੀ ਰਾਗ ਅਤੇ ਆਸਾ ਦੀ ਵਾਰ 'ਤੇ ਪਹਿਰਾ ਸੀ।

---

* ਰਬਾਬੀ ਪਰੰਪਰਾ ਦੇ ਮੋਢੀ ਭਾਈ ਮਰਦਾਨਾ ਜੀ ਦੀ ਇਹ ਯਾਦਗਾਰੀ ਰਬਾਬ, ਜਿਹੜੀ ਉਹ ਕਦੇ ਗੁਰਦੁਆਰਾ ਗਊਘਾਟ, ਪਟਨਾ ਸਾਹਿਬ ਦੇ ਗਏ ਸਨ—1984 ਦੇ ਕਾਲੇ ਦਿਨਾਂ 'ਚ ਸਰਕਾਰ ਨੇ ਜਦੋਂ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੇ ਮਨਸੂਬੇ ਬਣਾਏ ਤਾਂ ਉਦੋਂ ਮੰਜੀ ਸਾਹਿਬ ਨੂੰ ਤੋੜਨ ਲੱਗਿਆ ਰੱਬ ਜਾਣੇ ਪਾਪੀ ਚੁੱਕ ਕੇ ਲੈ ਗਏ ਜਾਂ ਤਬਾਹ ਕਰ ਦਿੱਤੀ। ਅੱਜ ਤਕ ਉਸਦਾ ਕੁਝ ਪਤਾ ਨਹੀਂ ਲੱਗ ਸਕਿਆ।


www.sikhbookclub.com

ਗੁਰੂ ਸਾਹਿਬ ਨਾਲ ਜਿਸ ਤਰ੍ਹਾਂ ਆਪ ਜੀ ਨੇ ਨਿਹੁੰ ਨਿਬਾਹਿਆ, ਤਾਰੀਖ਼ ਵਿਚ ਇਹੋ ਜਿਹੀਆਂ ਬਹੁਤ ਘੱਟ ਮਿਸਾਲਾਂ ਮਿਲਦੀਆਂ ਹਨ। ਆਪ ਦੇ ਪੁੱਤਰਾਂ ਦੇ ਨਾਂ ਸ਼ਾਹਜ਼ਾਦਾ ਅਤੇ ਰਾਜ਼ਾਦਾ ਸਨ।

13 ਮੱਘਰ ਸੰਮਤ 1591 ਨੂੰ ਅਫ਼ਗਾਨਿਸਤਾਨ ਦੇ ਦਰਿਆ ਕੁਰਮ ਦੇ ਕੰਢੇ ਵੱਸਦੇ ਕੁਰਮ ਸ਼ਹਿਰ ਵਿਚ ਆਪ ਚਲਾਣਾ ਕਰ ਗਏ ਅਤੇ ਆਪਣੇ ਜੁੱਗਾਂ ਦੇ ਸਾਥੀ ਨੂੰ ਵਿਛੋੜਾ ਦੇ ਗਏ।

ਜਿਸ ਤਰ੍ਹਾਂ ਸੱਯਦ ਵਾਰਸ ਸ਼ਾਹ ਦੇ ਵਾਰਸਾਂ ਵਿੱਚੋਂ ਅੱਜ-ਕੱਲ੍ਹ ਜੰਡਿਆਲਾ ਸ਼ੇਰ ਖ਼ਾਂ ਵਿਖੇ ਪੀਰ ਖ਼ੈਰਾਤ ਸ਼ਾਹ ਅੱਜ ਵੀ ਜਿਊਂਦੇ ਹਨ ਜਾਂ ਜਿਸ ਤਰ੍ਹਾਂ ਸੁਲਤਾਨ ਬਾਹੂ ਹੋਰਾਂ ਦੀ ਸਿੱਧੀ ਪੀੜ੍ਹੀ ਵਿੱਚੋਂ ਰਿਫ਼ਅਤ ਸੁਲਤਾਨ (ਝੰਗ ਪਾਕਿਸਤਾਨ) ਹਨ, ਓਸੇ ਤਰ੍ਹਾਂ ਆਪ ਜੀ ਦੀ ਕੁੱਲ ਵੀ ਅਜੇ ਚੱਲਦੀ ਆ ਰਹੀ ਹੈ। ਆਪ ਜੀ ਦੇ ਬੰਸ ਵਿੱਚੋਂ ਭਾਈ ਬਹਾਰ ਅੱਜ-ਕੱਲ੍ਹ ਕਟੜੀ ਤਾਜੇ ਸ਼ਾਹ, ਚੂਨਾ ਮੰਡੀ, ਲਾਹੌਰ ਰਹਿੰਦੇ ਹਨ। ਉਂਜ ਇਸ ਦੇ ਨਾਲ-ਨਾਲ ਪਾਕਿਸਤਾਨ ਦੀ ਇਕ ਵਿਦਵਾਨਣ ਮਿਸ ਫ਼ਰਿਆਲ ਅਮਲ ਅਸਲਮ ਦਾ ਇਹ ਮੱਤ ਵੀ ਹੈ ਕਿ ਭਾਈ ਮਰਦਾਨਾ ਜੀ ਦੇ ਪੁੱਤਰ ਸ਼ਾਹਜ਼ਾਦਾ ਅਤੇ ਰਾਜ਼ਾਦਾ, ਦੋਵੇਂ ਹੀ ਬੇ-ਔਲਾਦੇ ਫ਼ੌਤ ਹੋ ਗਏ ਸਨ ਅਤੇ ਇਸ ਤਰ੍ਹਾਂ ਨਾਲ ਉਨ੍ਹਾਂ ਦਾ ਬੰਸ ਅਗਾਂਹ ਸਿੱਧਾ ਨਹੀਂ ਸੀ ਵੱਧ ਸਕਿਆ।

ਬਾਬਾ ਗੁਰੂ ਨਾਨਕ ਦੇਵ ਜੀ ਜਾਂ ਭਾਈ ਮਰਦਾਨਾ ਜੀ ਕਿੰਨੀ ਕੁ ਉੱਚੀ ਪ੍ਰਤਿਭਾ ਦੇ ਮਾਲਿਕ ਸਨ, ਇਸ ਗੱਲ ਦਾ ਅੰਦਾਜ਼ਾ, ਇਨ੍ਹਾਂ ਕੁਝ ਕੁ ਸਤਰਾਂ ਰਾਹੀਂ ਲਾਉਣਾ, ਬੜਾ ਕਠਨ ਹੈ। ਦੋਵੇਂ ਹੀ ਬਹੁਤ ਵੱਡੀਆਂ ਤਾਰੀਖ਼ ਸਾਜ਼ ਸ਼ਖ਼ਸੀਅਤਾਂ ਸਨ। ਉੱਤਰੀ ਭਾਰਤ ਦਾ ਸੰਗੀਤ, ਖ਼ਾਸ ਕਰਕੇ ਗੁਰਬਾਣੀ ਗਾਇਨ, ਸ਼ਬਦ ਕੀਰਤਨ ਦੀ ਪੱਧਤੀ, ਦੇਸ਼ ਭਰ ਦੀ ਰਬਾਬੀ ਰਾਗੀ ਪ੍ਰੰਪਰਾ, ਇਹ ਸਭ ਪ੍ਰਤਾਪ ਉਨ੍ਹਾਂ ਦਾ ਹੀ ਸੀ। ਏਹੋ ਜਿਹੀ ਮਹਾਨ ਸ਼ਖ਼ਸੀਅਤ ਦਾ ਸ਼ਬਦ-ਚਿੱਤ੍ਰ ਪੇਸ਼ ਕਰਨਾ ਭਾਵੇਂ ਬੇਹੱਦ ਮੁਸ਼ਕਲ ਹੈ, ਤਾਂ ਵੀ, ਇਕ ਵੇਰ ਭਾਈ ਕਾਨ੍ਹ ਸਿੰਘ ਨਾਭਾ ਨੇ 'ਰੂਪਕ ਰੂਪ ਕਬਿੱਤ' ਵਿਚ ਉਨ੍ਹਾਂ ਬਾਰੇ ਕਦੇ ਕੁਝ ਇਸ ਤਰ੍ਹਾਂ ਲਿਖਿਆ ਸੀ :

*ਬਾਬਾ ! ਮੈਂ ਤਾਂ ਤਾਲੋਂ ਖੁਥਾ ਕਰਮ ਬੇਤਾਲੇ ਕਰਾਂ,*
*ਸੁਰ ਨਹੀਂ ਮਿਲਦਾ, ਮੈਂ ਹੋ ਗਿਆ ਬੜਾ ਲਚਾਰ।*
*ਲੈ ਗਈ ਉਖਿੜ ਨ ਤਾਨ ਬੈਠਦੀ ਠਿਕਾਣੇ,*
*ਤੀਬਰ ਸਰਗਮ, ਸ਼ੁਧ ਕੋਮਲ ਨਹੀਂ ਵਿਚਾਰ।*
*ਵਾਦੀ ਤੇ ਸੰਵਾਦੀ ਅਨੁਵਾਦੀ ਨਾ ਗਯਾਨ ਕੁਝ,*
*ਟੁੱਟੇ ਭੱਜੇ ਸਾਜ਼ ਲੈ ਕੇ ਢੱਠਾ ਆਣ ਤੇਰੇ ਦਵਾਰ।*
*ਮਿਹਰਾਂ ਦੇ ਸਾਈਂ! ਮਰਦਾਨੇ ਨੂੰ ਇਸ਼ਾਰਾ ਕਰੀਂ,*
*ਸੁਰ ਠੀਕ ਕਰੇ ਨਾਲੇ ਛੇੜੇ ਜ਼ਰਾ ਮੇਰੀ ਤਾਰ।*

ਇਹ ਗੱਲ ਕਿਸੇ ਤਰ੍ਹਾਂ ਦੇ ਵੀ ਕ੍ਰਿਸ਼ਮੇ ਤੋਂ ਘੱਟ ਨਹੀਂ ਕਿ ਉਨ੍ਹਾਂ ਦੀ ਚਲਾਈ ਜਾ ਰਹੀ ਸਹੰਸਰ ਧਾਰਾ ਅੱਜ ਵੀ ਓਸੇ ਤਰ੍ਹਾਂ ਚੱਲਦੀ ਆ ਰਹੀ ਹੈ। ਅਫ਼ਸੋਸ ਸਿਰਫ਼ ਇਸ ਗੱਲ ਦਾ ਹੈ ਕਿ ਐਨੀਆਂ ਸਦੀਆਂ ਬੀਤ ਜਾਣ 'ਤੇ ਵੀ, ਐਨੇ ਵੱਡੇ ਗਾਇਕ ਵਜਾਇਕ 'ਤੇ ਹਾਲੇ ਤਕ ਵੀ ਓਸ ਉੱਚ-ਪੱਧਰ ਦੀ ਖੋਜ ਨਹੀਂ ਹੋ ਸਕੀ; ਹਾਲਾਂਕਿ ਪੰਜਾਬ ਦੀਆਂ ਸਭ ਯੂਨੀਵਰਸਿਟੀਆਂ ਵਿਚ ਸੰਗੀਤ ਦੇ ਵੱਖਰੇ ਵੱਖਰੇ ਵਿਭਾਗ ਵੀ ਹਨ।

 www.sikhbookclub.com

# ਭਾਈ ਸੱਤਾ ਤੇ ਬਲਵੰਡ

*ਗੁਣੀਅਨ ਕੇ ਸਾਗਰ ਹੈਂ, ਜ਼ਾਤ ਕੇ ਉਜਾਗਰ ਹੈਂ, ਭਿਖਾਰੀ ਬਾਦਸ਼ਾਹੋਂ ਕੇ।*
*ਪ੍ਰਭੋਂ ਕੇ ਮਿਰਾਸੀ, ਸਿੰਘੋਂ ਕੇ ਰੱਬਾਬੀ, ਕੱਵਾਲ ਪੀਰਜ਼ਾਦੋਂ ਕੇ।*
*ਸੱਭੀ ਹਮੇਂ ਜਾਨਤ ਹੈਂ, ਡੂਮ ਮਾਲਜ਼ਾਦੋਂ ਕੇ।*

ਉਪਰੋਕਤ ਪੁਰਾਤਨ ਕਬਿੱਤ ਸਾਨੂੰ ਮਿਰਾਸੀਆਂ ਡੂਮਾਂ ਦੀਆਂ ਖ਼ਸਲਤਾਂ ਖ਼ੂਬੀਆਂ ਦਰਸਾਉਂਦਾ ਹੈ। ਉਹ ਭਾਵੇਂ ਕਿਸੇ ਬਾਦਸ਼ਾਹ ਦੀ ਸਿਫ਼ਤ ਕਰਦੇ ਹੋਣ, ਭਾਵੇਂ ਕੱਵਾਲੀ ਜਾਂ ਕੀਰਤਨ ਰਾਹੀਂ ਕਾਦਰ ਦੀ ਕੀਰਤੀ ਦੀ ਸਿਫ਼ਤਿ-ਸਾਲਾਹ ਕਰਦੇ ਹੋਣ, ਉਨ੍ਹਾਂ ਨੂੰ ਛੇ ਕੁ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ, ਜਿਵੇਂ ਕਿ (1) ਡੂਮ, (2) ਮਿਰਾਸੀ, (3) ਕੁਰੈਸ਼ੀ, (4) ਭੰਡ, (5) ਪੇਰਨਾ, (6) ਕੰਜਰ। ਅਗਾਂਹ ਫਿਰ ਗੁਰੂ ਘਰ ਦੇ ਰਬਾਬੀਆਂ ਦੀ ਵੰਡ ਇਸ ਪ੍ਰਕਾਰ ਕੀਤੀ ਜਾ ਸਕਦੀ ਹੈ: ਖਡੂਰੀਏ, ਅੰਮ੍ਰਿਤਸਰੀਏ, ਲਾਹੌਰੀਏ, ਡੱਬੇ (ਢਪਈਏ) ਗਿੱਲੇ, ਰਾਓਕੇ, ਦਿਓਕੇ, ਸ਼ਿਕਾਰਪੁਰੀਏ, ਮਨਾਵੀਏ, ਰੋੜਾਂਵਾਲੀਏ ਅਤੇ ਗਡੂਰੀਏ ਆਦਿ। ਇਸ ਲੇਖ ਵਿਚ ਅਸੀਂ ਅੱਜ ਸਿਰਫ਼ ਭਾਈ ਸੱਤਾ ਅਤੇ ਬਲਵੰਡ ਬਾਰੇ ਹੀ ਚਾਨਣ ਪਾਵਾਂਗੇ, ਜਿਨ੍ਹਾਂ ਨੂੰ ਕਿ 'ਖਡੂਰੀਏ' ਕਿਹਾ ਜਾਂਦਾ ਹੈ ਅਤੇ ਜਿਨ੍ਹਾਂ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕੀਰਤਨ ਦੀ ਬਖ਼ਸ਼ਿਸ਼ ਕੀਤੀ ਸੀ।

ਇਹ ਸਾਰੀ ਗੱਲ ਕਿਵੇਂ ਹੋਈ, ਇਹ ਵੀ ਇਕ ਬੜੀ ਦਿਲਚਸਪ ਗਾਥਾ ਹੈ। ਉਨ੍ਹਾਂ ਦੇ ਅਜੋਕੇ ਵੰਸਦਾਰਾਂ ਅਨੁਸਾਰ ਭਾਈ ਸੱਤਾ ਅਤੇ ਬਲਵੰਡ ਜਿਹੜੇ ਕਿ ਆਪਸ ਵਿਚੋਂ ਫੁੱਫੀਜ਼ਾਦ ਭਾਈ ਸਨ - ਨੇ ਕਾਮਨਾ ਕੀਤੀ ਕਿ ਉਹ ਗੁਰੂ ਘਰ ਦੇ ਕੀਰਤਨੀਏ ਬਣਨ। ਉਸ ਵੇਲੇ ਭਾਈ ਸੱਤਾ ਦੀ ਉਮਰ 7 ਸਾਲ ਅਤੇ ਬਲਵੰਡ ਦੀ ਉਮਰ 9 ਸਾਲ ਦੀ ਸੀ। ਆਵਾਜ਼ ਆਈ ਕਿ ਪਹਿਲਾਂ ਦੋਵੇਂ ਬਾਰ੍ਹਾਂ ਸਾਲ ਦਾ ਯੋਗ ਪੂਰਾ ਕਰੋ, ਫਿਰ ਕਿਧਰੇ ਗੱਲ ਬਣੇਗੀ। ਜਦੋਂ ਚਿੱਲਾ ਕੱਟਿਆ ਗਿਆ ਤਾਂ ਦੋਵੇਂ ਭਾਈ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦੀਦਾਰਿਆਂ ਲਈ ਗਏ। ਉਸ ਸਮੇਂ ਉਹ ਤਪਿਆਣਾ ਸਾਹਿਬ ਤਪ ਕਰ ਰਹੇ ਸਨ। ਉਨ੍ਹਾਂ ਨੇ ਭਾਈ ਬਾਲਾ ਜੀ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਪੁੱਛਣ ਕਿ ਤੁਸੀਂ ਕੌਣ ਹੋ? ਉੱਤਰ ਮਿਲਿਆ ਕਿ ਅਸੀਂ ਰਾਏ ਭੱਟੀ ਹਾਂ, ਰਾਵਾਂ ਦਾ ਕੰਮ ਕਰਨ ਵਾਲੇ ਮਿਰਾਸੀ ਹਾਂ। ਗੁਰੂ ਜੀ ਨੇ ਫ਼ਰਮਾਇਆ ਕਿ ਤਾਂ ਫਿਰ ਸਾਨੂੰ ਬਾਣੀ ਸੁਣਾਓ। ਇਸ ਉੱਤੇ ਉਹ ਚੁੱਪ ਰਹੇ। ਗੁਰੂ ਮਹਾਰਾਜ ਜਾਣੀ-ਜਾਣ ਸਨ, ਝੱਟ ਤਾੜ ਗਏ ਅਤੇ ਭਾਈ ਬਾਲਾ ਨੂੰ ਆਖਣ ਲੱਗੇ, "ਭਈ ਸਾਡਾ ਜਲ ਵਾਲਾ ਤੂੰਬਾ ਫੜਾਓ।" ਅਜਿਹਾ ਕੀਤਾ ਗਿਆ। ਉਨ੍ਹਾਂ ਫਿਰ ਜਲ ਦੁਆਰਾ 'ਸਤਿ ਕਰਤਾਰ' ਦੇ ਪੰਜ ਛਿੱਟੇ ਭਾਈ ਸੱਤਾ 'ਤੇ ਅਤੇ ਪੰਜ ਹੀ ਭਾਈ ਬਲਵੰਡ 'ਤੇ ਛਿੜਕਾਏ। ਉਸ ਪਿੱਛੋਂ ਮਹਾਰਾਜ ਜੀ ਨੇ ਉਨ੍ਹਾਂ ਨੂੰ ਫਿਰ ਪੁੱਛਿਆ, "ਭਈ ਹੁਣ ਤੁਹਾਡੀ ਰਸਨਾ ਕੀ ਕਹਿੰਦੀ ਹੈ?"

ਹੁਣ ਤਕ ਉਨ੍ਹਾਂ ਦੇ ਦਿਲਾਂ ਦਿਮਾਗ਼ਾਂ ਵਿਚ ਸ਼ਾਇਰੀ ਪੂਰੀ ਤਰ੍ਹਾਂ ਆਵੇਸ਼ ਕਰ ਚੁੱਕੀ ਸੀ। ਝੱਟ ਹੀ ਉਨ੍ਹਾਂ ਗੁਰੂ ਅੰਗਦ ਦੇਵ ਜੀ ਬਾਰੇ ਇਕ ਕੜਕਾ (ਕੜਖਾ) ਉਚਾਰਿਆ ਜਿਸ ਵਿਚ ਉਨ੍ਹਾਂ ਦੇ ਗੁਣਾਂ ਦੀ ਹੂ-ਬ-ਹੂ ਤਸਵੀਰ ਖਿੱਚੀ ਗਈ ਸੀ। ਗੁਰੂ ਮਹਾਰਾਜ ਸੁਣ ਕੇ ਆਨੰਦ-ਪ੍ਰਸੰਨ ਹੋ ਗਏ ਅਤੇ ਉਸੇ ਵੇਲੇ ਹੀ ਉਨ੍ਹਾਂ ਨੇ ਰਬਾਬੀਆਂ ਨੂੰ ਵਰ ਦੇ ਦਿੱਤਾ ਕਿ ਗੁਰੂ ਘਰ ਦੇ ਸੇਵਕੋ! ਹੁਣ ਤੁਸੀਂ ਜਾਓ, ਸਰੋਤਿਆਂ ਦੇ ਕੰਨਾਂ 'ਚ ਅੱਜ ਤੋਂ ਤੁਹਾਡੀ ਰਸਨਾ ਸ਼ੱਕਰ ਵਰਗਾ ਰਸ ਘੋਲਦੀ ਰਹੇਗੀ, ਪਰ ਖ਼ਿਆਲ ਰੱਖਣਾ ਹੰਕਾਰ ਤੋਂ ਪਰ੍ਹੇ ਰਹਿਣਾ।

ਸਿੱਖ ਇਤਿਹਾਸ ਦੇ ਕਈ ਤ੍ਵਾਰੀਖ਼ੀ ਸ੍ਰੋਤਾਂ ਅਨੁਸਾਰ ਭਾਈ ਸੱਤਾ ਬਲਵੰਡ ਭਾਵੇਂ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਕਰਨ ਵਾਲੇ ਪ੍ਰਥਮ ਰਬਾਬੀ ਸਨ, ਪਰ ਉਨ੍ਹਾਂ ਦੇ ਦਫਦਾਰਾਂ ਦੇ ਦਾਅਵੇ ਅਨੁਸਾਰ ਉਨ੍ਹਾਂ ਆਪਣੇ ਸੰਗੀਤ ਦਾ ਸਫ਼ਰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਖਡੂਰ ਸਾਹਿਬ ਤੋਂ ਹੀ ਸ਼ੁਰੂ ਕੀਤਾ ਸੀ, ਜਿਸ ਤੱਥ ਨਾਲ ਕਿ ਡਾ. ਭਾਈ ਵੀਰ ਸਿੰਘ ਜੀ ਵੀ ਸਹਿਮਤ ਹਨ।

ਦੱਸਿਆ ਜਾਂਦਾ ਹੈ ਕਿ ਇਕ ਵੇਰ ਉਨ੍ਹਾਂ ਨੇ ਧੀ ਦੀ ਸ਼ਾਦੀ ਲਈ ਪੰਚਮ ਪਾਤਸ਼ਾਹ ਜੀ ਕੋਲੋਂ ਕੁਝ ਰੁਪਏ ਮੰਗੇ ਤਾਂ ਮਹਾਰਾਜ ਜੀ ਨੇ ਖ਼ਜ਼ਾਨੇ ਵਿੱਚੋਂ ਕੁਝ ਗੱਫਾ ਦਿੰਦਿਆਂ ਨਾਲ ਅਸ਼ੀਰਵਾਦ ਵੀ ਦਿੱਤੀ। ਉਨ੍ਹਾਂ ਦੇ ਖ਼ਿਆਲ ਅਨੁਸਾਰ, ਉਹ ਪੈਸੇ ਬਹੁਤ ਥੋੜ੍ਹੇ ਸਨ ਜਿਸ ਤੋਂ ਉਨ੍ਹਾਂ ਨੇ ਕੇਵਲ ਨੱਕ ਬੁੱਲ੍ਹ ਹੀ ਨਹੀਂ ਵੱਟਿਆ, ਸਗੋਂ ਹੰਕਾਰ ਵੀ ਕੀਤਾ ਕਿ ਗੁਰੂ ਘਰ ਅਤੇ ਸਿੱਖੀ ਦੀ ਵਡਿਆਈ ਸਦਾ ਸਿਰਫ਼ ਉਨ੍ਹਾਂ ਕਾਰਨ ਹੀ ਹੁੰਦੀ ਰਹੀ ਹੈ।

ਇਸ ਉੱਤੇ ਗੁਰੂ ਸਾਹਿਬ ਨੂੰ ਬਹੁਤ ਗੁੱਸਾ ਆਇਆ ਅਤੇ ਉਨ੍ਹਾਂ ਨੇ ਉਨ੍ਹਾਂ ਦੋਹਾਂ ਨੂੰ ਸਦਾ ਲਈ ਗੁਰੂ ਘਰ ਛੱਡ ਦੇਣ ਲਈ ਆਖਿਆ। ਨਾਲ ਹੀ ਆਪਣੇ ਸਿੱਖਾਂ ਨੂੰ ਅਗਾਂਹ ਵਾਸਤੇ ਸਿੱਧੀਆਂ ਸਿੱਧੀਆਂ ਧਾਰਨਾਂ ਵਿਚ ਰਾਗ ਗਾਉਣ ਲਈ ਆਖਿਆ। ਸਿੱਖ-ਜਗਤ ਵਿਚ ਸੰਗੀਤ ਦੇ ਪ੍ਰਸਾਰ ਲਈ ਉਹ ਬੜੀ ਫ਼ੈਸਲਾ-ਕੁੰਨ ਘੜੀ ਸੀ। ਨਾਲ ਹੀ ਭਰੇ ਦਰਬਾਰ ਵਿਚ ਐਲਾਨ ਕੀਤਾ ਗਿਆ ਕਿ ਜਿਹੜਾ ਬੰਦਾ ਵੀ ਉਨ੍ਹਾਂ ਹੰਕਾਰੀ ਰਬਾਬੀਆਂ ਦੀ ਸਿਫ਼ਾਰਸ਼ ਕਰੇਗਾ, ਉਸ ਦਾ ਕਾਲਾ ਮੂੰਹ ਕਰ ਕੇ, ਖੋਤੇ ਦੀ ਸਵਾਰੀ ਕਰਵਾਈ ਜਾਏਗੀ।

ਗੁਰੂ ਘਰ ਛੱਡਣ ਪਿੱਛੋਂ ਦੋਵੇਂ ਰਬਾਬੀ ਲਾਹੌਰ ਚਲੇ ਗਏ ਅਤੇ ਕੁਝ ਸਮਾਂ ਪਾ ਕੇ ਰੋਟੀ ਪਾਣੀ ਤੋਂ ਵੀ ਦੁਖੀ ਰਹਿਣ ਲੱਗ ਪਏ। ਮਨ ਵਿਚ ਬਥੇਰਾ ਪਸਚਾਤਾਪ ਕੀਤਾ, ਬਥੇਰਿਆਂ ਨੂੰ ਕਿਹਾ ਸੁਣਿਆ ਕਿ ਗੁਰੂ ਸਾਹਿਬ ਪਾਸੋਂ ਕੋਈ ਉਨ੍ਹਾਂ ਦੀ ਭੁੱਲ ਬਖ਼ਸ਼ਵਾ ਦੇਵੇ, ਪਰ ਕੋਈ ਨਾ ਬਹੁੜਿਆ। ਓੜਕ ਭਾਈ ਲੱਧਾ ਜੀ ਨੂੰ ਉਨ੍ਹਾਂ 'ਤੇ ਤਰਸ ਆਇਆ, ਜਿਹੜੇ ਆਪ ਹੀ ਆਪਣਾ ਕਾਲਾ ਮੂੰਹ ਕਰ ਕੇ, ਇਕ ਗਧੇ 'ਤੇ ਬੈਠ ਕੇ, ਪੰਜਵੇਂ ਪਾਤਸ਼ਾਹ ਕੋਲ ਉਨ੍ਹਾਂ ਦੀ ਸਿਫ਼ਾਰਸ਼ ਕਰਨ ਆ ਗਏ। ਉਸ ਸਿਦਕੀ ਭਾਈ ਦਾ ਇਹ ਭੇਖ ਵੇਖ ਕੇ ਅਤੇ ਸੱਤੇ ਬਲਵੰਡ ਦੀ ਇਹ ਦਸ਼ਾ ਤੱਕ ਕੇ ਉਨ੍ਹਾਂ ਲੱਧਾ ਜੀ ਨੂੰ ਆਪਣੇ ਸੀਨੇ ਨਾਲ ਲਾ ਲਿਆ ਅਤੇ ਉਨ੍ਹਾਂ ਰਬਾਬੀਆਂ ਦੀ ਵੀ ਭੁੱਲ ਬਖ਼ਸ਼ ਕੇ ਦਰਬਾਰ ਵਿਚ ਦੁਬਾਰਾ ਥਾਂ ਦੇ ਦਿੱਤੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਦਾ ਤਾਂ ਕੇਵਲ ਭਾਵ ਹੀ ਇਹ ਹੈ; ਬੇਹੱਦ ਖੁੱਲ੍ਹਾ ਦਰ, ਛੋਟੀਆਂ ਮੋਟੀਆਂ ਭੁੱਲਾਂ, ਗ਼ਲਤੀਆਂ ਸਭ ਮੁਆਫ਼। ਆਪਣੇ ਜੀਵਨ ਵਿਚ ਭਾਵੇਂ ਕਿ ਸੱਤਾ ਬਲਵੰਡ, ਇਕ ਬੱਜਰ ਗ਼ਲਤੀ ਕਰ ਚੁੱਕੇ

ਸਨ, ਤਾਂ ਵੀ ਗੁਰੂ ਮਹਾਰਾਜ ਜੀ ਨੇ ਆਪ ਨੂੰ ਮੁਆਫ਼ੀ ਬਖ਼ਸ਼ਦਿਆਂ, ਉਨ੍ਹਾਂ ਦੀ ਉਚਾਰੀ ਹੋਈ ਰੱਬੀ ਕਲਿਆਣ ਰੂਪ ਵਿਚ ਵਾਰ, ਜਿਸ ਨੂੰ ਕਿ 'ਟਿੱਕੇ ਦੀ ਵਾਰ' ਵੀ ਆਖਿਆ ਜਾਂਦਾ ਹੈ, ਪੰਜਵੀਂ ਪਾਤਸ਼ਾਹੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕਰ ਕੇ ਉਨ੍ਹਾਂ ਨੂੰ ਸਦਾ ਲਈ ਜੀਵਤ ਕਰ ਦਿੱਤਾ। ਖ਼ੁਦਾ ਦੇ, ਖ਼ਸਮ ਦੇ, ਸੱਚੇ ਪਾਤਸ਼ਾਹ ਦੇ ਦੀਦਾਰੇ ਕਰ ਕੇ ਉਨ੍ਹਾਂ ਦੇ ਜਨਮਾਂ ਦੀ ਮੈਲ ਧੋਤੀ ਜਾ ਚੁੱਕੀ ਸੀ :

**ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥**
**ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥** *(ਪੰਨਾ 967)*

ਭਾਈ ਮਰਦਾਨਾ ਜਾਂ ਉਨ੍ਹਾਂ ਦੇ ਦੋ ਬੇਟਿਆਂ ਭਾਈ ਸਜਾਦਾ ਭਾਈ ਰਜਾਦਾ ਦੇ ਪਿੱਛੋਂ ਭਾਈ ਸੱਤਾ ਬਲਵੰਡ ਨੂੰ ਗੁਰੂ ਘਰ ਦੇ ਪ੍ਰਥਮ ਰਬਾਬੀ ਆਖਿਆ ਜਾ ਸਕਦਾ ਹੈ, ਜਿਹੜੇ ਪਿੱਛੋਂ ਇਸ ਪ੍ਰੰਪਰਾ ਦੇ ਧਾਰਨੀ ਖੜ੍ਹਰੀਏ ਅਖਵਾਏ ਜਾਣ ਲੱਗ ਪਏ। ਦੱਸਿਆ ਜਾਂਦਾ ਹੈ ਕਿ ਇਹ ਰਬਾਬੀ ਰਾਮਕਲੀ ਵਾਰ ਬੜੇ ਲਿਵਲੀਨ ਹੋ ਕੇ ਗਾਇਨ ਕਰਿਆ ਕਰਦੇ ਸਨ ਅਤੇ ਇਸ ਵਿਚ ਬੜੇ ਨਿਪੁੰਨ ਸਨ।

ਆਪ ਦੀ ਮ੍ਰਿਤੂ ਬਾਰੇ ਪਰਪੱਕਤਾ ਨਾਲ ਕੁਝ ਵੀ ਨਹੀਂ ਕਿਹਾ ਜਾ ਸਕਦਾ। ਪਰ ਕਿਉਂਕਿ ਆਪ ਕਿੰਨੀਆਂ ਪਾਤਸ਼ਾਹੀਆਂ ਦੇ ਦਰਬਾਰੀ ਰਹੇ; ਜ਼ਾਹਰ ਹੈ, ਬਾਬਾ ਬੁੱਢਾ ਜੀ ਵਾਂਗ ਆਪ ਨੇ ਵੀ ਕਾਫ਼ੀ ਲੰਮੀ ਉਮਰ ਭੋਗੀ ਹੋਵੇਗੀ। ਦੱਸਿਆ ਜਾਂਦਾ ਹੈ ਕਿ ਮਰਨ ਉਪਰੰਤ, ਆਪ ਦੀ ਲਾਸ਼ ਨੂੰ ਦੇਖ ਕੇ, ਪੰਚਮ ਪਾਤਸ਼ਾਹ ਜੀ ਨੂੰ ਜਦ ਹੀ ਉਨ੍ਹਾਂ ਦੇ ਸੁਰੀਲੇ ਸੁਰੰਗੜੇ ਕੀਰਤਨ ਦੀ ਯਾਦ ਆਈ, ਆਪ ਜੀ ਦੀਆਂ ਅੱਖੀਆਂ ਸੇਜਲ ਹੋ ਗਈਆਂ ਸਨ, ਜਿਨ੍ਹਾਂ ਫਿਰ ਆਪਣੇ ਰੁਮਾਲ ਨਾਲ ਸਾਫ਼ ਕੀਤੀਆਂ ਸਨ। ਉਨ੍ਹਾਂ ਦੀ ਮ੍ਰਿਤਕ ਕਿਰਿਆ ਦੀ ਮਰਯਾਦਾ ਅਨੁਸਾਰ ਆਪ ਦਾ ਸਸਕਾਰ ਕਰ ਦਿੱਤਾ ਗਿਆ ਅਤੇ ਦਰਿਆ ਰਾਵੀ ਦੇ ਕੰਢੇ ਆਪ ਦੀ ਕਬਰ ਬਣਾ ਦਿੱਤੀ ਗਈ। *ਗੁਰ ਬਿਲਾਸ ਪਾਤਸ਼ਾਹੀ ੬ ਅਨੁਸਾਰ* :

ਦੋਹਰਾ ॥ ਮ੍ਰਿਤ ਰੀਤਿ ਜੋ ਤੋਹਿ ਮੈ ਕਰੋ ਸੋਇ ਮਨੁ ਲਾਇ।
ਬਾਬਕ ਸ੍ਰੀ ਗੁਰ ਬੈਨ ਸੁਨਿ ਕੀਨ ਰੀਤਿ ਜੋ ਭਾਇ॥ (955)

ਚੌਪਈ॥ ਬਲਵੰਡ ਸੱਤਿ ਕੀ ਦੇਹ ਉਠਾਇ।
ਰਾਵੀ ਤਹੁ ਦਾਬੀ ਹਿਤੁ ਲਾਇ।
ਕਬਰ ਬਨਾਇ ਆਇ ਪੁਨਿ ਤਹਾਂ।
ਹਰਿਗੁਬਿੰਦ ਗੁਰ ਇਸਥਿਤ ਜਹਾਂ। (956)

ਕੀਰਤਨੁ ਤਾਹਿ ਗੁਰੁ ਮਨ ਆਯੋ।
ਨੈਨਨ ਨੀਰ ਰੁਮਾਲ ਹਟਾਯੋ॥
ਬਾਬਕ ਕੋ ਪੁਨਿ ਯੋਂ ਫੁਰਮਾਇ।
ਕੀਰਤਨ ਕਰੋ ਰਬਾਬ ਬਜਾਇ॥ (957)

ਦੋਹਰਾ॥
ਬਾਬਕ ਤਬ ਕੀਰਤਨੁ ਕਰੇ ਸੁੰਦਰ ਲਗੈ ਦਿਵਾਨੁ।
ਕਵਿ ਬਿਨਤੀ ਗਾਥਾ ਅਧਿਕ ਕਹਿ ਤਕ ਲਿਖੋਂ ਅਜਾਨੁ॥ (958)

ਉਨ੍ਹਾਂ ਪਿੱਛੋਂ ਵੀ ਖਡੂਰ ਸਾਹਿਬ ਦੀ ਪਾਵਨ ਧਰਤੀ ਨੇ ਹੋਰ ਵੀ ਕਈ ਵੱਡੇ ਵੱਡੇ ਰਬਾਬੀ ਪੈਦਾ ਕੀਤੇ, ਜਿਨ੍ਹਾਂ ਦਾ ਆਪਣੇ ਆਪਣੇ ਖੇਤਰ ਵਿਚ ਸਾਰੇ ਭਾਰਤ ਅੰਦਰ ਕੋਈ ਮੁਕਾਬਲਾ ਹੀ ਨਹੀਂ ਸੀ। ਕਈਆਂ ਨੇ ਤਬਲੇ 'ਚ ਬਹੁਤ ਨਾਂ ਕਮਾ ਕੇ ਪੰਜਾਬ ਰਾਜ ਨੂੰ ਚਾਰ ਚੰਨ ਲਾਏ। ਭਾਈ ਸੱਤਾ ਬਲਵੰਡ ਦੇ ਪੋਤਰੇ ਭਾਈ ਕਾਲੂ, ਭਾਈ ਮਾਮੂ - ਉਨ੍ਹਾਂ ਦੇ ਬੇਟੇ ਭਾਈ ਮੁੰਦਾ (1861-1928 ਈ.), ਭਾਈ ਅਮੀਰ, ਭਾਈ ਹਾਕੋ - ਇਹ ਸਭ ਖਡੂਰ ਸਾਹਿਬ ਵਿਚ ਹੀ ਗਾਇਨ ਵਾਦਨ ਕਰਦੇ ਰਹੇ। ਹਾਕੋ ਦੇ ਬੇਟੇ ਭਾਈ ਗਾਮ ਵੀ ਖਡੂਰ ਸਾਹਿਬ ਹੀ ਕੀਰਤਨ ਕਰਦੇ ਰਹੇ ਜਦਕਿ ਉਨ੍ਹਾਂ ਦੇ ਤਾਏ ਦੇ ਚਾਰ ਬੇਟੇ ਭਾਈ ਵਸਾਵਾ, ਭਾਈ ਵਧਾਵਾ, ਭਾਈ ਹਾਕੋ ਆਦਿ ਦਰਬਾਰ ਸਾਹਿਬ ਅੰਮ੍ਰਿਤਸਰ ਸੇਵਾ ਨਿਭਾਉਂਦੇ ਰਹੇ।[1]

[ਇਸ ਲੇਖ ਦੀ ਸੰਪੂਰਨਤਾ ਵਿਚ ਜਿਨ੍ਹਾਂ ਕੁਝ ਵਿਅਕਤੀਆਂ ਨੇ ਮੈਨੂੰ ਪੂਰੀ ਇਖ਼ਲਾਕੀ ਮਦਦ ਦਿੱਤੀ, ਉਨ੍ਹਾਂ ਵਿਚ ਉਨ੍ਹਾਂ ਦੇ ਖ਼ੰਸਦਾਰ ਇਨਾਇਤ ਆਬਿਦ, ਸ਼ਮਸ਼ੇਰ ਅਲੀ, ਭਾਈ ਮਿਹਰ ਦੀ ਨੂੰਹ ਮੈਡਮ ਰੂਬੀ ਲਾਹੌਰ ਦਾ ਮੈਂ ਅਤਿ ਰਿਣੀ ਹਾਂ। ਇੰਟਰਨੈਸ਼ਨਲ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਫ਼ੀਰੋਜ਼ਪੁਰ ਦੇ ਚੇਅਰਮੈਨ ਹਰਪਾਲ ਸਿੰਘ ਭੁੱਲਰ ਨੇ ਆਪ ਦੀ ਇਕ ਅਦੁੱਤੀ ਪੇਂਟਿੰਗ ਸਾਡੀ ਮਿਊਜ਼ੀਅਮ ਲਈ ਭੇਟ ਕਰ ਕੇ ਸਾਡੇ ਹੌਸਲੇ ਬੁਲੰਦ ਕੀਤੇ ਸਨ ਜਿਸ ਲਈ ਮੈਂ ਉਨ੍ਹਾਂ ਦਾ ਸਭ ਤੋਂ ਵੱਧ ਸ਼ੁਕਰਗੁਜ਼ਾਰ ਹਾਂ।]

1. *ਗੁਰ ਬਿਲਾਸ ਪਾਤਸ਼ਾਹੀ ੬*, ਸੰਪਾਦਕ : ਸਿੰਘ ਸਾਹਿਬ ਗਿ: ਜੋਗਿੰਦਰ ਸਿੰਘ ਵੇਦਾਂਤੀ ਅਤੇ ਅਮਰਜੀਤ ਸਿੰਘ, ਸਫ਼ਾ 293, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ (1998)।

 www.sikhbookclub.com

# ਭਾਈ ਬਾਬਕ

ਖੰਡੇ ਪਹੁਲ ਲਈ ਸ਼ਸਤ੍ਰ ਉਠਾਏ।
ਜਿਮ ਸ੍ਰੀ ਸਤਿਗੁਰ ਆਗਯਾ ਦਈ।

*ਪ੍ਰਾਚੀਨ ਪੰਥ ਪ੍ਰਕਾਸ਼* ਵਿਚ ਸਾਨੂੰ ਇੰਜ ਅੰਕਿਤ ਹੋਇਆ ਮਿਲਦਾ ਹੈ ਕਿ ਜਿਨ੍ਹਾਂ ਸਿੰਘਾਂ ਨੇ ਅੰਮ੍ਰਿਤਪਾਨ ਕੀਤਾ ਹੈ, ਜਬਰ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਹੁਣ ਉਨ੍ਹਾਂ ਸ਼ਸਤ੍ਰ ਉਠਾ ਲਏ ਹਨ—ਜਿਵੇਂ ਸਤਿਗੁਰਾਂ ਨੇ ਆਗਿਆ ਦਿੱਤੀ ਹੈ, ਹੁਕਮ ਕੀਤਾ ਹੈ, ਖਾਲਸੇ ਨੂੰ, "ਖ਼ਾਲਸਾ ਸੋ ਜੋ ਕਰੇ ਨਿੱਤ ਜੰਗ।" ਏਸੇ ਗ੍ਰੰਥ ਵਿਚ ਅਗਾਂਹ ਫਿਰ ਇੰਜ ਲਿਖਿਆ ਵੀ ਮਿਲਦਾ ਹੈ:

ਰਲੇ ਪੰਥ ਗੁਰ ਕਰੇਂ ਦੰਗਾਹੀ।
ਲਾਹੌਰੈ ਦਿਲੀ ਰਾਹੁ ਲੂੱਟ ਖਾਹੀਂ।

ਉਹ ਹੁਣ ਗੁਰੂ ਖ਼ਾਲਸਾ ਪੰਥ ਵਿਚ ਰਲ ਗਏ ਹਨ ਅਤੇ ਦੰਗਾਹੀ (ਦੰਗਾ) ਕਰਨ ਲੱਗ ਪਏ ਹਨ। ਜਿਵੇਂ ਉਨ੍ਹਾਂ ਨੂੰ ਹੁਕਮ ਹੈ ਕਿ ਕਾਬਲ ਕੰਧਾਰੋਂ ਲੁੱਟ ਲਈ ਆਇਆਂ ਲੁਟੇਰਿਆਂ ਨੂੰ, ਧਾੜਵੀ ਧਾਵੀਆਂ ਨੂੰ ਆਪਣੀ ਆਨ ਸ਼ਾਨ ਬਚਾਉਣ ਲਈ ਜੱਫੇ ਲਾਉਣੇ ਹਨ, ਅਤੇ ਉਨ੍ਹਾਂ ਵਲੋਂ ਕੀਤੀ ਗਈ ਲੁੱਟ ਨੂੰ ਖੋਹ ਕੇ ਤੁਸੀਂ ਆਪ ਖਾਣਾ ਹੈ। ਉਨ੍ਹਾਂ ਦਾ ਲਾਹੌਰ ਤੋਂ ਦਿੱਲੀ ਜਾ ਰਿਹਾ ਲੁੱਟ ਦਾ ਸਾਰਾ ਸਾਮਾਨ ਰੋਕਣਾ ਹੈ। ਸਤਾਰ੍ਹਵੀਂ ਸਦੀ, ਖ਼ਾਸ ਕਰਕੇ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਾਹੌਲ ਨੂੰ ਵੇਖੋ ਇਕ ਕਵੀ ਕੰਕਣ ਕਿਵੇਂ, ਕਿੰਨੀ ਖ਼ੂਬਸੂਰਤੀ ਨਾਲ ਬਿਆਨ ਕਰਦਾ ਹੈ:

ਤੁਸੀਂ ਬਾਜ਼ ਹੀ ਬਾਜ਼ ਪੁਕਾਰਦੇ ਹੋ,
ਅਸੀਂ ਤਾਜ ਤੁਹਾਡਾ ਭੀ ਮੰਗਦੇ ਹਾਂ। *(ਦਸ ਗੁਰ ਕਥਾ, ਪੰਨਾ 32)*

ਸਿੱਖ ਫਿਲਾਸਫੀ ਅਤੇ ਸਾਈਕੀ ਆਪਣਾ ਸਫ਼ਰ, ਆਪਣਾ ਘਟਨਾ ਚੱਕਰ ਹੁਣ ਏਥੋਂ ਤਕ ਪੂਰਾ ਕਰ ਚੁੱਕੀ ਸੀ। 1628 ਈ. ਵਿਚ ਸਿੱਖਾਂ ਦੀ ਮੁਗ਼ਲਾਂ ਨਾਲ ਜਿਹੜੀ ਪਹਿਲੀ ਲੜਾਈ ਹੋਈ ਸੀ, ਉਹ ਸਿਰਫ਼ ਇਕ ਬਾਜ ਕਰਕੇ ਹੀ ਹੋਈ ਸੀ, ਜਿਸ ਵਿਚ ਕਿ ਖ਼ਾਲਸਈ ਫ਼ੌਜਾਂ ਜੇਤੂ ਰਹੀਆਂ ਸਨ। ਉਸ ਵਿਚ ਸ਼ਾਹਜਹਾਨ ਬਾਦਸ਼ਾਹ ਦਾ ਇਕ ਸਿਪਾਹਸਾਲਾਰ ਮੁਖ਼ਲਿਸ ਖ਼ਾਂ (ਮੁਖ਼ਲਿਸ ਦਾ ਭਾਵ ਹੁੰਦਾ ਹੈ, ਖ਼ਾਲਸ ਜਾਂ ਸੱਚਾ ਬੰਦਾ) ਮਾਰਿਆ ਗਿਆ ਸੀ ਅਤੇ ਸਿੰਘਾਂ ਨੇ ਆਪਣੀ ਹੱਦ ਵਿਚ ਆਇਆ ਹੋਇਆ ਬਾਦਸ਼ਾਹ ਦਾ ਚਹੇਤਾ ਬਾਜ ਵਾਪਸ ਨਹੀਂ ਸੀ ਮੋੜਿਆ।

 www.sikhbookclub.com

ਉਨ੍ਹੀਂ ਦਿਨੀਂ ਗੁਰੂ ਮਹਾਰਾਜ ਜੀ ਨੇ ਕਿਉਂਕਿ ਆਪਣੀ ਬੇਟੀ ਬੀਬੀ ਵੀਰੋ ਦਾ ਵਿਆਹ ਧਰਿਆ ਹੋਇਆ ਸੀ, ਇਸ ਲਈ ਉਹ ਕਿਸੇ ਵੀ ਕੀਮਤ 'ਤੇ ਏਹੋ ਜਿਹੀ ਲੜਾਈ ਲੜਨ ਦਾ ਸੋਚ ਵੀ ਨਹੀਂ ਸਨ ਸਕਦੇ, ਪਰ ਉਹ ਸਿਰਫ਼ ਉਨ੍ਹਾਂ 'ਤੇ ਠੋਸੀ ਗਈ ਸੀ। ਸਮੇਂ ਦੀ ਨਜ਼ਾਕਤ ਨੂੰ ਮੁੱਖ ਰੱਖਦਿਆਂ, ਗੁਰੂ ਮਹਾਰਾਜ ਜੀ ਨੇ ਲੜਾਈ ਪਿੱਛੋਂ ਗੁਰੂ ਕੀ ਨਗਰੀ ਵਿਖੇ ਠਹਿਰੇ ਰਹਿਣਾ ਮੁਨਾਸਬ ਨਾ ਸਮਝਿਆ ਬਲਕਿ ਓਥੋਂ ਚਾਲੇ ਪਾ, ਅੱਠ ਮੀਲ ਦੂਰ ਝਬਾਲ ਵਿਖੇ ਪਹੁੰਚ ਕੇ ਆ ਡੇਰੇ ਲਾਏ। ਏਥੇ ਪਹੁੰਚ ਕੇ ਸਤਿਗੁਰਾਂ ਜਦੋਂ ਆਪਣੇ ਸੰਗੀਆਂ ਸਾਥੀਆਂ ਵੱਲ ਨਿਗਾਹ ਮਾਰੀ ਤਾਂ ਉਹ ਹੈਰਾਨੀ ਨਾਲ ਕੀ ਵੇਖਦੇ ਹਨ ਕਿ ਉਨ੍ਹਾਂ ਦੀ ਪਿਆਰੀ ਬੇਟੀ ਗੁੱਡੀਆਂ ਪਟੋਲਿਆਂ ਨਾਲ ਖੇਡਦੀ ਕਿਧਰੇ ਗੁਰੂ ਕੇ ਮਹਿਲ ਵਿਚ ਹੀ ਪਿੱਛੇ ਰਹਿ ਗਈ ਹੈ। *ਗੁਰ ਬਿਲਾਸ ਪਾਤਸ਼ਾਹੀ ੬* ਅਨੁਸਾਰ :

ਸਤਿਗੁਰ ਸਾਰ ਸਭਨ ਕੀ ਲੀਨੀ।
ਨਿਜ ਨਿਜ ਸਾਰ ਸਭਨ ਕਹਿ ਦੀਨੀ।
ਬੀਬੀ ਵੀਰੋ ਜੀ ਨਹਿ ਆਈ।
ਗੁੜੀਆਂ ਕਾਰਨਿ ਅਟਕ ਠਹਾਈ।[1]

ਗੁਰੂ ਮਹਾਰਾਜ ਆਪਣੀਆਂ ਸੰਗਤਾਂ ਨੂੰ ਮੁਖ਼ਾਤਬ ਹੋ ਕੇ ਪੁੱਛਣ ਲੱਗੇ ਕਿ ਕਿਉਂ ਭਈ ਸਿੰਘੋ, ਤੁਹਾਡੇ 'ਚ ਕੋਈ ਹੈ ਸੂਰਮਾ ਜਿਹੜਾ ਇਸ ਵੇਲੇ ਪਿੱਛੇ ਰਹਿ ਗਈ ਬੀਬੀ ਵੀਰੋ ਨੂੰ ਲੈ ਆਵੇ ? ਸਭ ਤੋਂ ਪਹਿਲਾਂ ਆਪਣਾ ਨਾਂ ਪੇਸ਼ ਕਰਨ ਵਾਲਿਆਂ ਵਿਚ ਭਾਈ ਸਿੰਘਾ ਅਤੇ ਭਾਈ ਬਾਬਕ ਹੀ ਸਨ, ਜਿਨ੍ਹਾਂ 'ਤੇ ਗੁਣਾ ਪਿਆ। ਜਾਣ ਲੱਗਿਆਂ ਬੀਬੀ ਵੀਰੋ ਨੂੰ ਵਿਖਾਉਣ ਲਈ ਉਨ੍ਹਾਂ ਨੇ ਆਪਣੀ ਕੋਈ ਨਿਸ਼ਾਨੀ ਦੇਣ ਲਈ ਸਤਿਗੁਰਾਂ ਨੂੰ ਬੇਨਤੀ ਕੀਤੀ :

ਕ੍ਰਿਪਾਸਿੰਧ ਮਨਿ ਐਸ ਵਿਚਾਰੀ।
ਜਾਵੇ ਕੋ ਸੂਰਾ ਬਲਕਾਰੀ।
ਗੁਰ ਸੇਵਕ ਸਿੰਘਾ ਜਿਹ ਨਾਮਾ।
ਬਾਬਕ ਰਬਾਬੀ ਨਿਹਕਾਮਾ।
ਕ੍ਰਿਪਾਸਿੰਧ ਤਬ ਬਚਨ ਉਚਾਰੇ।
ਸੋ ਆਏ ਸ੍ਰੀ ਗੁਰ ਨਿਕਟਾਰੇ॥੧੨੩॥
ਬੀਬੀ ਕੋ ਲਯਾਵੋ ਤੁਮ ਜਾਈ।
ਦੋਊ ਮੁਗ਼ਲ ਕਾ ਭੇਸ ਬਨਾਈ।
ਦੋਹਨ ਕਹਯੋ ਗਰੀਬ ਨਿਵਾਜਾ।
ਨਿਸਾਨੀ ਦੇਹੁ ਦਿਖਾਵਨ ਕਾਜਾ॥੧੨੪॥ (੨)

ਸਤਿਗੁਰਾਂ ਉਸ ਵੇਲੇ ਉਨ੍ਹਾਂ ਨੂੰ ਆਪਣੀ ਸਿਮਰਨੀ (ਸਿਮਰਨ ਕਰਨ ਵਾਲੀ

1. *ਗੁਰ ਬਿਲਾਸ ਪਾਤਸ਼ਾਹੀ ੬*, ਸੰਪਾਦਕ ਸਿੰਘ ਸਾਹਿਬ ਗਿ: ਜੋਗਿੰਦਰ ਸਿੰਘ ਜੀ ਵੇਦਾਂਤੀ ਅਤੇ ਡਾ: ਅਮਰਜੀਤ ਸਿੰਘ ਜੀ, ਸਫ਼ਾ 435, ਪ੍ਰਕਾਸ਼ਕ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।


www.sikhbookclub.com

ਮਾਲਾ) ਬਖ਼ਸ਼ਿਸ਼ ਕਰਦਿਆਂ ਨਾਲੇ ਇਹ ਵੀ ਕਹਿ ਦਿੱਤਾ ਕਿ ਉਹ ਇਹ ਇਹਤਿਆਤਨ ਤੋੜੇਦਾਰ ਬੰਦੂਕ ਭਰ ਕੇ ਵੀ ਆਪਣੇ ਨਾਲ ਲੈ ਜਾਣ:

ਦੋਹਰਾ: ਦਯਾਸਿੰਧ ਤਬ ਸਿਮਰਨੀ ਦੀਨੀ ਤਿਨ ਕੇ ਹਾਥ।
ਯਾਹਿ ਦਿਖਾਵੋ ਜਾਇ ਤੁਮ ਆਵੈਂ ਤੁਮਰੈ ਸਾਥਿ॥੧੨੫॥
ਬਾਬਕ ਕੋ ਆਗਯਾ ਕਰੀ, ਤੋੜਾ ਤੁਪਕ ਸੰਭਾਰ।
ਤਤਛਿਨ ਮਾਰੋ ਤਾਹਿ ਕੋ ਜੋ ਆਵੈ ਨਿਕਟਾਰ॥੧੨੬॥[2]

ਭਾਈ ਬਾਬਕ ਨੇ ਉਸੇ ਵੇਲੇ ਹੀ ਆਪਣਾ ਘੋੜਾ ਕੱਸਿਆ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਰਵਾਨਾ ਹੋ ਗਿਆ। ਗੁਰੂ ਕੇ ਮਹਿਲ ਪਹੁੰਚ ਕੇ ਕੁੰਡਾ ਖੜਕਾਇਆ, ਨਾਲ ਬੀਬੀ ਜੀ ਨੂੰ ਦੱਸਿਆ ਕਿ ਪਛਾਣ ਲਈ ਸਾਡੇ ਕੋਲ ਸਤਿਗੁਰਾਂ ਦੀ ਇਕ ਨਿਸ਼ਾਨੀ ਮਾਲਾ ਵੀ ਹੈ। ਤਾਂ ਵੀ ਬੀਬੀ ਜੀ ਦਾ ਯਕੀਨ ਕਰਨ ਨੂੰ ਜੀਅ ਨਹੀਂ ਸੀ ਕੀਤਾ। ਫਿਰ ਪੁੱਛਿਆ ਕਿ ਭਾਈ ਤੁਸੀਂ ਕੌਣ ਹੋ, ਆਪਣੀ ਕੋਈ ਹੋਰ ਪਛਾਣ ਦੇਵੋ। ਉੱਤਰ ਮਿਲਿਆ ਕਿ ਬੀਬੀ ਜੀ, ਮੇਰਾ ਨਾਂ ਭਾਈ ਬਾਬਕ ਹੈ ਅਤੇ ਮੈਂ ਗੁਰੂ ਘਰ ਦਾ ਰਬਾਬੀ ਹਾਂ।

"ਜੇਕਰ ਇਹ ਗੱਲ ਸੱਚੀ ਹੈ ਤਾਂ ਫਿਰ ਭਾਈ ਸਾਨੂੰ ਤੂੰ ਕੋਈ ਸ਼ਬਦ ਸੁਣਾ।"

ਇਸ ਉੱਤੇ ਉਸਨੇ ਓਥੇ ਇਹ ਗਾਇਨ ਕਰਨਾ ਸ਼ੁਰੂ ਕਰ ਦਿੱਤਾ:

**ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ॥**
**ਦਾਨਾ ਬੀਨਾ ਸਾਈ ਮੈਡਾ, ਨਾਨਕ ਸਾਰ ਨ ਜਾਣਾ ਤੇਰੀ॥**[3]

*(ਸਲੋਕ ਮ: ੫)*

ਤਾਂ ਜਾ ਕੇ ਬੀਬੀ ਜੀ ਨੂੰ ਯਕੀਨ ਹੋਇਆ ਅਤੇ ਉਹਨਾਂ ਬੂਹਾ ਖੋਲ੍ਹ ਦਿੱਤਾ। ਥੱਲੇ ਘੋੜਾ ਤਿਆਰ ਖੜਾ ਸੀ। ਬੀਬੀ ਜੀ ਨੂੰ ਆਪਣੇ ਨਾਲ ਬਿਠਾਇਆ ਅਤੇ ਰਾਜ਼ੀ ਖ਼ੁਸ਼ੀ ਉਹ ਝਬਾਲ ਪਹੁੰਚ ਗਏ। ਬੀਬੀ ਵੀਰੋ ਜੀ ਦੀ ਸ਼ਾਦੀ ਫਿਰ ਏਸੇ ਇਤਿਹਾਸਕ ਅਸਥਾਨ 'ਤੇ ਹੀ ਹੋਈ ਸੀ।

ਇਹ ਜੋਖਮ ਭਰਿਆ ਕਾਰਨਾਮਾ ਸਰਅੰਜਾਮ ਦੇ ਕੇ ਬਲਕਾਰੀ ਜੋਧੇ ਭਾਈ ਬਾਬਕ ਨੇ ਆਪਣੀ ਕੁੱਲ, ਆਪਣੇ ਕਬੀਲੇ "ਅਰਬਾਬ" (ਭਾਵ ਰੱਬੀ ਸਿਫ਼ਤਾਂ ਵਾਲਾ, ਬੇਹੱਦ ਬਹਾਦਰ) ਦੀ ਲਾਜ ਰੱਖ ਆਪਣੇ ਨਾਂ ਬਾਬਕ ਅਰਥਾਤ ਵਫ਼ਾਦਾਰ ਦੀ ਵੀ ਪੂਰੀ ਲੱਜ ਨਿਭਾ ਦਿੱਤੀ ਸੀ।

ਅਸਲ ਵਿਚ ਆਪ ਦੇ ਪੂਰਵਜਾਂ ਕਦੇ ਅਫ਼ਗਾਨਿਸਤਾਨ ਤੋਂ ਹਿਜਰਤ ਕਰ ਕੇ ਏਥੇ ਆਏ ਹੋਏ ਸਨ, ਜਿਥੇ ਇਸ ਕਬੀਲੇ ਦੀ ਗਣਤਾ ਜੰਗਜੂਆਂ ਵਿਚ ਹੁੰਦੀ ਸੀ। ਅੱਜ ਵੀ ਪਿਸ਼ਾਵਰ ਵਿਚ ਉਨ੍ਹਾਂ ਨਾਲ ਸਬੰਧਤ ਜਿਹੜੇ ਲੋਕ ਵੱਸੇ ਹੋਏ ਹਨ, ਉਨ੍ਹਾਂ ਦੀ ਗਿਣਤੀ ਸ਼ਕਤੀਸ਼ਾਲੀ ਪਰਿਵਾਰਾਂ ਵਿਚ ਹੁੰਦੀ ਹੈ।

ਗੁਰੂ ਮਹਾਰਾਜ ਭਾਈ ਬਾਬਕ ਦੀ ਜੁਰਅਤ, ਦਲੇਰੀ, ਵੀਰਤਾ ਅਤੇ ਵਫ਼ਾਦਾਰੀ ਨੂੰ ਦੇਖ ਕੇ ਗੱਦ-ਗੱਦ ਹੋ ਗਏ ਸਨ ਅਤੇ ਉਨ੍ਹਾਂ ਨੇ ਉਸ ਵੇਲੇ ਹੀ ਉਸਨੂੰ ਇਹ ਵਰ ਦੇ ਦਿੱਤਾ ਸੀ: "ਭਾਈ ਬਾਬਕ, ਤੂੰ ਠੀਕ ਹੀ ਸਾਡਾ ਬਾਬਕ ਏਂ, ਸਹੀ ਅਰਥਾਂ ਵਿਚ

2. *ਉਹੀ*, ਸਫ਼ਾ 435.
3. *ਉਹੀ*, ਸਫ਼ਾ 435.


www.sikhbookclub.com

ਸਾਡਾ ਸੱਚਾ ਵਫ਼ਾਦਾਰ! ਜਾਹ ਤੇਰੇ ਘਰ ਵਿਚ ਹਮੇਸ਼ਾ ਸ਼ਬਦ ਕੀਰਤਨ ਦਾ ਪਰਵਾਹ ਚੱਲਦਾ ਰਹੇਗਾ ਅਤੇ ਤੇਰੀ ਕੁੱਲ ਵਿੱਚੋਂ ਅਗਾਂਹ ਤੋਂ ਵੀ ਕਈ ਤਕੜੇ ਫ਼ਨਕਾਰ ਪੈਦਾ ਹੁੰਦੇ ਰਹਿਣਗੇ।"

ਭਾਈ ਬਾਬਕ ਕੀਰਤਪੁਰ ਵਿਖੇ 1699 ਈ. ਵਿਚ ਚੜ੍ਹਾਈ ਕਰ ਗਏ ਸਨ ਅਤੇ ਆਪ ਨੂੰ ਦਰਿਆ ਸਤਲੁਜ ਦੇ ਕੰਢੇ ਦਫ਼ਨਾ ਦਿੱਤਾ ਗਿਆ ਸੀ। *ਗੁਰ ਬਿਲਾਸ ਪਾਤਸ਼ਾਹੀ ੬* ਅਨੁਸਾਰ ਹੀ:

> ਦੋਹਰਾ: ਭਾਦੋਂ ਅੱਸੂ ਬੀਤ ਤਬ ਆਯੋ ਕਤਿਕ ਮਾਸ।
> ਬਾਬਕ ਤਜੇ ਪ੍ਰਾਨ ਜਿਮ ਸੁਨੀਯੋ ਸੰਤ ਬਿਲਾਸ।[4]

ਆਪ ਦੇ ਚਾਰ ਪੁੱਤਰ ਸਨ। ਇਕ ਦਿਨ ਫਿਰ ਅਜਿਹਾ ਵੀ ਆਇਆ ਕਿ ਗੁਰੂ ਮਹਾਰਾਜ ਜੀ ਦਾ ਵਰ ਸਹੀ ਸਾਬਤ ਹੋਇਆ ਅਤੇ ਇਸ ਖ਼ਾਨਦਾਨ ਵਿੱਚੋਂ ਉਸਦੇ ਪਿੱਛੋਂ ਵੀ ਕਈ ਤਕੜੇ ਫ਼ਨਕਾਰ ਪੈਦਾ ਹੋਏ, ਜਿਵੇਂ ਕਿ ਭਾਈ ਮੌਲੂ ਅਤੇ ਭਾਈ ਗ਼ੁਲਾਮ ਬੱਛ ਆਦਿ। ਉਨ੍ਹਾਂ ਦੀ ਸੰਤਾਨੀ ਪੀੜ੍ਹੀ ਦਰ ਪੀੜ੍ਹੀ ਵਾਲਿਆਂ ਦੇ ਦੱਸਣ ਅਨੁਸਾਰ, ਗੁਰੂ ਘਰ ਦੇ ਚੜ੍ਹਾਵੇ ਵਿੱਚੋਂ ਉਨ੍ਹਾਂ ਨੂੰ ਨਿੱਤ ਦਿਹਾੜੇ ਮਾਇਆ ਦੇ ਢਾਈ ਬੁੱਕਾਂ ਦੇ ਗੱਫ਼ੇ ਮਿਲਿਆ ਕਰਦੇ ਸਨ। ਅੱਗੋਂ ਭਾਈ ਮੌਲੂ ਦੇ ਦੋਵੇਂ ਪੁੱਤਰ ਭਾਈ ਸਜਾਦਾ ਰਜਾਦਾ ਵੀ ਤਕੜੇ ਰਬਾਬੀ ਸਨ, ਜਿਨ੍ਹਾਂ ਦੇ ਨਾਂ ਕਿ ਉਸਦੇ ਮਾਪਿਆਂ ਨੇ ਭਾਈ ਮਰਦਾਨੇ ਤੋਂ ਪ੍ਰੇਰਿਤ ਹੋ ਕੇ ਰੱਖੇ ਹੋਣਗੇ। ਜਿਵੇਂ ਕਿ ਇਸ ਚੌਪਈ ਤੋਂ ਹੀ ਜ਼ਾਹਰ ਹੈ:

> ਕੀਰਤ ਕਰੈ ਸਦਾ ਗੁਰ ਆਗੇ।
> ਏਕ ਪ੍ਰੇਮ ਰਸਿ ਲੋਭ ਨਾ ਦਾਗੇ॥੫੧੫॥

ਭਾਈ ਬਾਬਕ ਤਾਂ ਗੁਰੂ ਸਾਹਿਬਾਂ ਅੱਗੇ ਪ੍ਰੇਮ ਰਸ ਭਰਿਆ ਹੋਇਆ ਕੀਰਤਨ ਕਰਦਾ ਹੁੰਦਾ ਸੀ ਅਤੇ ਕਿਸੇ ਤਰ੍ਹਾਂ ਦੇ ਲੋਭ ਦੇ ਦਾਗ਼ ਤੋਂ ਰਹਿਤ ਸੀ, ਪਰ ਮੌਲੂ ਨੇ ਲਾਲਚ ਵੱਸ, ਇਹ ਗੁਣ ਤਿਆਗ ਕੇ ਭਾਈ ਸੱਤੇ ਬਲਵੰਡ ਵਾਂਗ ਦਸਮ ਪਿਤਾ ਜੀ ਕੋਲੋਂ ਖੁੱਲ੍ਹੀ ਮਾਇਆ ਦੀ ਮੰਗ ਕਰ ਲਈ ਸੀ। ਨਤੀਜੇ ਵਜੋਂ ਉਨ੍ਹਾਂ ਨੇ ਆਪਣੇ ਉਜਲੇ ਅਕਸ ਨੂੰ ਆਪ ਹੀ ਖ਼ਰਾਬ ਕਰ ਲਿਆ ਸੀ, ਜਿਸ ਕਾਰਨ ਉਸ ਨੂੰ ਦੋਵੇਂ ਪੁੱਤਰਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਛੱਡ ਕੇ ਮੁੜ ਕਾਬਲ ਅਫ਼ਗ਼ਾਨਿਸਤਾਨ ਨੂੰ ਜਾਣਾ ਪੈ ਗਿਆ। ਉਨ੍ਹਾਂ ਦੀ ਮੌਤ ਵੀ ਫਿਰ ਓਥੇ ਹੀ ਹੋਈ ਸੀ।

---

4. *ਉਹੀ*, ਸਫ਼ਾ 783


www.sikhbookclub.com

# ਮੀਰ ਛਬੀਲਾ

ਆਪਣੇ ਵਲੋਂ, 'ਕੱਠੇ ਕੀਤੇ ਗਏ ਪੁਰਾਣੇ ਤਵਿਆ ਦਾ ਅਧਿਐਨ ਕਰ ਰਿਹਾ ਸਾਂ ਕਿ 1935 ਈ. 'ਚ ਪ੍ਰਕਾਸ਼ਤ ਹੋਏ ਜਲੰਧਰ ਦੇ ਪ੍ਰਸਿੱਧ ਦੀਨੇ ਕੱਵਾਲ ਦੇ ਇਕ ਤਵੇ 'ਤੇ ਨਿਗਾਹ ਪਈ, "ਸੋਹਣੀ ਡੁੱਬਣ ਲੱਗੀ ਬੋਲੀ, ਪਾਰ ਲੰਘਾ ਦੇ ਘੜਿਆ ਵੇ।" ਓਸੇ ਹੀ ਸਾਲ ਮਿਸ ਸਰਦਾਰ ਬੇਗਮ ਕਲਾਸਵਾਲੀ ਰਿਆਸਤ ਪਟਿਆਲਾ ਨੇ ਵੀ ਕੁਝ ਤਵੇ ਭਰਵਾਏ ਸਨ ਜਿਵੇਂ ਕਿ "ਜੋਗੀ ਸਾਂਚੀ ਰੇ ਬਤਾ ਦੇ, ਤੂੰ ਕਿਉਂ ਆਇਆ ਰੇ।" ਜਿਸ ਉੱਤੇ ਗ੍ਰਾਮੋਫ਼ੋਨ ਕੰਪਨੀ ਵਾਲਿਆਂ ਨੇ "ਬਾਂਗਰ ਜਾਟ ਗਾਣਾ" ਛਾਪਿਆ ਹੋਇਆ ਸੀ। ਇਹ ਬਾਂਗਰ ਜਾਟ ਗਾਣਾ ਕੀ ਹੋਇਆ ? ਅਸਲ ਵਿਚ ਕੈਥਲ ਕਰਨਾਲ ਦੇ ਆਸ ਪਾਸ ਦੇ ਇਲਾਕੇ ਨੂੰ ਬਾਂਗੜ ਆਖਦੇ ਹਨ। ਕੇਵਲ ਏਨਾ ਹੀ ਨਹੀਂ, ਨਾਰਨੌਲ, ਮਹਿੰਦਰਗੜ੍ਹ ਦੇ ਇਲਾਕੇ ਦੇ ਵਸਨੀਕਾਂ ਨੂੰ ਵੀ ਬਾਂਗੜ ਜਾਂ ਬਾਂਗੜੂ ਆਖਿਆ ਜਾਂਦਾ ਹੈ। ਸ਼ਾਬਦਿਕ ਤੌਰ 'ਤੇ ਸ਼ਬਦ ਬਾਂਗੜੂ ਦਾ ਮਤਲਬ ਹੈ—ਜਾਂਗਲੀ, ਬੇਵਕੂਫ਼, ਬਦਤਮੀਜ਼ ਅਤੇ ਅਹਿਮਕ ਆਦਿ। ਏਥੇ ਇਸ ਗੱਲ ਦੀ ਵਜ਼ਾਹਤ ਕਰ ਦੇਣੀ ਬੜੀ ਜ਼ਰੂਰੀ ਬਣਦੀ ਹੈ ਕਿ ਉਨ੍ਹਾਂ ਦਿਨਾਂ ਵਿਚ ਤਵੇ ਬਣਾਉਣ ਵਾਲੇ ਲੋਕੀਂ ਤਵਿਆਂ ਦਾ ਨਖੇੜਾ ਕਰਨ ਲਈ, ਤਵਿਆਂ ਦਾ ਜਮਾਤੀਕਰਨ ਆਪਣੇ ਸਿੱਧੇ ਜਟਕੇ ਅੰਦਾਜ਼ ਨਾਲ ਕੁਝ ਇਸ ਤਰ੍ਹਾਂ ਕਰਿਆ ਕਰਦੇ ਸਨ। "ਭਜਨ, ਕੀਰਤਨ, ਕੱਵਾਲੀ ਮਜ਼ਾਕੀਆ ਗਾਣਾ ਜਾਂ "ਦੁਆਬਾ ਜੱਟ ਸੌਂਗਜ਼" ਆਦਿ। ਏਥੋਂ ਤਕ ਕਿ ਓਸੇ ਸਾਲ 'ਚ ਹੀ ਭਰੇ ਗਏ ਦੀਦਾਰ ਸਿੰਘ ਰਟੈਂਡਾ (ਜਿਹੜਾ ਉਦੋਂ ਜੱਟਾਂ ਦਾ ਸਹਿਗਲ ਕਰਕੇ ਜਾਣਿਆ ਜਾਂਦਾ ਸੀ) ਦੇ ਤਵਿਆਂ 'ਤੇ ਏਹੀ ਇਬਾਰਤ ਲਿਖੀ ਜਾਂਦੀ ਸੀ, "ਦੁਆਬਾ ਜੱਟ ਸੌਂਗਜ਼।"

ਇਹ ਤਾਂ ਸੀ ਕਦੇ ਵਿਓਪਾਰੀ ਲੋਕਾਂ ਦੀ ਸੋਚ। ਤਵਿਆਂ 'ਤੇ ਉਹ ਉਦੋਂ ਆਪਣੇ ਆਪਣੇ ਹਿਸਾਬ ਨਾਲ ਅਜਿਹੇ ਲੇਬਲ ਲਾ ਦਿੰਦੇ ਹੁੰਦੇ ਸਨ। ਪਰ ਕਿਉਂਕਿ ਸਿੱਖ ਚਿੰਤਨ ਅਤੇ ਸੋਚ ਅਜਿਹੇ ਵੰਡੀਕਰਨ ਨੂੰ ਨੇੜੇ ਵੀ ਨਹੀਂ ਲੱਗਣ ਦਿੰਦੀ, ਇਸ ਲਈ ਘੱਟ ਘੱਟ ਅਸੀਂ ਤਾਂ ਨਾ ਆਪਸ ਵਿਚ ਜੱਟ ਜਾਂ ਨੌਨ-ਜੱਟ ਗਾਣਿਆ ਦੇ ਗੁਣੇ ਪਾਈਏ। ਆਓ ਆਪਾਂ ਇਸ ਸੰਕੀਰਣ ਸੋਚ ਨੂੰ ਪਰ੍ਹੇ ਰੱਖ ਕੇ ਕੋਈ ਲਤੀਫ਼, ਕੋਈ ਨਫ਼ੀਸ ਗੱਲ ਕਰ ਲਈਏ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਸੁਰਸਿੰਘ ਪਿੰਡ ਵਿਖੇ ਇਕ ਮਿਰਾਸੀ ਰਹਿੰਦਾ ਸੀ, ਜਿਸ ਦਾ ਨਾਂ ਮੀਰ ਮੁਸ਼ਕੀ ਸੀ। ਕੁਝ ਵਿਦਵਾਨਾਂ ਦੇ ਖਿਆਲ ਅਨੁਸਾਰ ਮੀਰ ਮੁਸ਼ਕੀ ਅਤੇ ਮੀਰ ਛਬੀਲਾ ਦੋ ਵੱਖ ਵੱਖਰੇ ਵਿਅਕਤੀ ਸਨ; ਜਿਹੜੀ ਗੱਲ, ਉਨ੍ਹਾਂ ਦੇ ਵਾਰਿਸਾਂ ਅਨੁਸਾਰ ਬਿਲਕੁਲ ਗਲਤ ਹੈ।


www.sikhbookclub.com

ਅਸਲ ਵਿਚ ਮੀਰ ਮੁਸ਼ਕੀ, 'ਰਾ ਭੱਟੀ' ਦਾ ਕੰਮ ਕਰਦਾ ਸੀ, ਭਾਵ ਕਿ ਸ਼ਾਇਰੀ। ਪਿੰਡ ਦੇ ਵਾਸੀਆਂ ਦੀਆਂ ਉਹ ਬਹੀਆਂ ਬਣਾਉਂਦਾ, ਭਾਵ ਬਿਆਜ਼ ਰਚਦਾ ਅਤੇ ਉਨ੍ਹਾਂ ਨੂੰ ਸਾਂਭਦਾ। ਜੇਕਰ ਕੋਈ ਚੰਗਾ ਬੰਦਾ ਹੁੰਦਾ ਤਾਂ ਉਹ ਸ਼ਿਅਰਾਂ ਰਾਹੀਂ ਉਸਦੀ ਚੰਗੀ ਭੱਲ ਬਣਾਉਂਦਾ, ਜੇਕਰ ਮਾੜਾ ਹੁੰਦਾ ਤਾਂ ਉਸਦੀ ਛਿੱਲ ਵੀ ਲਾਹੁੰਦਾ। ਉਸਦੇ ਸ਼ਿਅਰ ਸੁਣ ਕੇ ਜੇਕਰ ਉਸਨੂੰ ਕੋਈ ਚਾਰ ਪੈਸੇ ਜਾਂ ਰਸਦ ਆਦਿ ਦੇ ਦਿੰਦਾ ਤਾਂ ਉਹ ਉਸਦੀ ਤਾਰੀਫ਼ ਲਿਖ ਦਿੰਦਾ, ਜੇਕਰ ਉਸਨੂੰ ਕੋਈ ਨਾ ਗੌਲਦਾ ਤਾਂ ਉਸਦੇ ਪੜਛੇ ਵੀ ਖ਼ੂਬ ਲਾਹੁੰਦਾ। ਸ਼ਾਬਦਿਕ ਤੌਰ 'ਤੇ 'ਰਾ' ਦਾ ਮਤਲਬ ਹੀ ਛਬਿ ਹੁੰਦਾ ਹੈ। ਰਾਜਸਥਾਨ ਵਿਚ 'ਰਾਓ' ਅਮੀਰਾਂ ਦੀ ਪਦਵੀ ਵੀ ਹੈ। ਪ੍ਰਿੰਸੀਪਲ ਸੁਜਾਨ ਸਿੰਘ ਦੀ ਇਕ ਕਿਤਾਬ ਦਾ ਨਾਂ ਹੀ *ਜੰਮੂ ਜੀ ਤੁਸੀਂ ਬੜੇ ਰਾਅ* ਹੈ। ਖ਼ੈਰ, ਮੀਰ ਮੁਸ਼ਕੀ ਦਾ ਇਹ ਖ਼ਾਸਾ ਸੀ ਕਿ ਉਹ ਆਪਣੀ ਸ਼ਾਇਰੀ ਰਾਹੀਂ ਅਗਲੇ ਦਾ ਖ਼ਾਕਾ, ਰੇਖਾ ਚਿੱਤ੍ਰ ਕੁਝ ਅਜਿਹੇ ਯਥਾਰਥਕ ਅਤੇ ਸੂਖਮ ਢੰਗ ਨਾਲ ਲਿਖਦਾ, ਅਜਿਹਾ ਐਕਸਰੇ ਖਿੱਚਦਾ, ਸ਼ਾਇਰੀ ਰਾਹੀਂ ਅਗਲੇ ਬਾਰੇ ਐਸੀ ਰਾਏ ਬਣਾਉਂਦਾ ਕਿ ਬਸ ਨਸ਼ਾ ਆ ਜਾਂਦਾ ਸੀ।

ਮੀਰ ਮੁਸ਼ਕੀ ਇਕ ਵੇਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਸ਼ਨਾਂ ਦੀਦਾਰਿਆਂ ਲਈ ਆਇਆ ਤਾਂ ਉਨ੍ਹਾਂ ਦੀ ਛਬਿ ਨੂੰ ਸਿਜਦਾ ਕਰਦਿਆਂ, ਜਿਵੇਂ ਹੀ ਇਹ ਸ਼ਿਅਰ ਕਹੇ, "ਦੋ ਤਲਵਾਰਾਂ ਬੱਧੀਆਂ, ਇਕ ਮੀਰੀ ਦੀ, ਇਕ ਪੀਰ ਦੀ। ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ .....।" ਗੁਰੂ ਮਹਾਰਾਜ ਜੀ ਨੇ ਉਸਨੂੰ ਆਪਣੇ ਗਲੇ ਨਾਲ ਲਾਉਂਦਿਆਂ ਆਖਿਆ, "ਮੀਰ ਜ਼ਾਦੇ, ਅਸੀਂ ਤੇਰੀ ਮੀਰਪਰੀ (ਸ਼ਾਇਰੀ) ਤੋਂ ਬਹੁਤ ਖ਼ੁਸ਼ ਹਾਂ। ਤੂੰ ਸਾਡੀ ਪ੍ਰਤਿਭਾ ਨੂੰ, ਸਾਡੀ ਛਬਿ ਨੂੰ ਆਪਣੀ ਸ਼ਾਇਰੀ ਵਿਚ ਖ਼ੂਬ ਸਮੋਇਆ ਹੈ। ਜਾ! ਅੱਜ ਤੋਂ ਤੂੰ ਸਾਡਾ ਢਾਡੀ ਏਂ ਅਤੇ ਅੱਜ ਤੋਂ ਗੁਰੂ ਘਰ ਦਾ ਤੇਰਾ ਨਾਂ ਮੀਰ ਛਬੀਲਾ ਹੈ। ਤੇਰੇ ਪਰਿਵਾਰ ਵਿਚ ਬਹੁਤ ਵੱਡੇ ਵੱਡੇ ਢਾਡੀ ਅਤੇ ਸੰਗੀਤਕਾਰ ਪੈਦਾ ਹੋਣਗੇ।" ਗੁਰੂ ਮਹਾਰਾਜ ਉਸ ਮੀਰ ਦੀ ਮੀਰਾਸ ਤੋਂ ਆਨੰਦ ਪ੍ਰਸੰਨ ਹੋ ਕੇ, ਉਸਨੂੰ ਮੀਰਾਤਾਂ ਬਖ਼ਸ਼ਿਸ਼ਾਂ ਨਾਲ ਮਾਲਾ-ਮਾਲ ਕਰ ਰਹੇ ਸਨ।

ਸੱਚੇ ਗੁਰੂ ਮਹਾਰਾਜ ਜੀ ਦੀਆਂ ਕੀਤੀਆਂ ਭਵਿਖਬਾਣੀਆਂ ਆਉਣ ਵਾਲੀਆਂ ਸਦੀਆ ਵਿਚ ਹੂਬਹੂ ਠੀਕ ਨਿਕਲੀਆਂ। ਚੁਨਾਂਚਿ, ਅੱਗੋਂ ਉਨ੍ਹਾਂ ਦੀ ਕੁੱਲ ਨੇ ਬੜੇ ਬੜੇ ਢਾਡੀ ਅਤੇ ਸੰਗੀਤਕਾਰ ਪੈਦਾ ਕੀਤੇ ਜਿਵੇਂ ਕਿ ਭਾਈ ਆਤੂ, ਭਾਈ ਪਲਾਸਾ ਆਦਿ। ਉਨ੍ਹਾਂ ਦੇ ਇਕ ਬੰਸਦਾਰ ਭਾਈ ਮੁਖ਼ਤਾਰ ਸ੍ਰੀ ਪੰਜਾ ਸਾਹਿਬ ਵਿਖੇ ਕੀਰਤਨ ਕਰਦੇ ਰਹੇ। ਕੀ ਇਹ ਗੱਲ ਕਿਸੇ ਵੱਡੀ ਕਰਾਮਾਤ ਤੋਂ ਘੱਟ ਹੈ ਕਿ ਵੀਹਵੀਂ ਸਦੀ ਦੀਆਂ ਤਿੰਨ ਬੇਹੱਦ ਮਹੱਤਵਪੂਰਨ ਆਵਾਜ਼ਾਂ, ਅਰਥਾਤ, ਮਲਕਾਇ-ਤਰੰਨਮ ਨੂਰ ਜਹਾਂ, ਸ਼ਮਸ਼ਾਦ ਬੇਗਮ ਅਤੇ ਲਤਾ ਮੰਗੇਸ਼ਕਰ ਮਾਸਟਰ ਗ਼ੁਲਾਮ ਹੈਦਰ (1906-53 ਈ.) ਜੀ ਦੀਆਂ ਕਾਢਾਂ ਸਨ, ਜਿਹੜਾ ਕਿ ਮੀਰ ਛਬੀਲਾ ਜੀ ਦੀ ਸਿੱਧੀ ਕੁੱਲ ਵਿੱਚੋਂ ਸੀ ?

# ਭਾਈ ਅਬਦੁੱਲਾ ਤੇ ਭਾਈ ਨੱਥ ਮੱਲ

ਨੱਥਾ ਢੱਡ ਵਜਾਇ, ਅਬਦੁੱਲਾ ਹੱਥ ਰਬਾਬ ਲੈ।[1]

ਤੋਂ ਸਾਫ਼ ਜ਼ਾਹਰ ਹੈ ਕਿ ਉਨ੍ਹਾਂ ਦੋਹਾਂ 'ਚੋਂ ਅਬਦੁੱਲਾ ਰਬਾਬ ਵਜਾਉਣ ਵਿਚ ਪ੍ਰਵੀਨ ਸੀ ਜਦਕਿ ਨੱਥਾ ਢੱਡ ਵਜਾਉਣ ਵਿਚ।

ਜਿਵੇਂ ਕਿ ਭਾਈ ਦਾਲਾ ਭਾਈ ਮਰਦਾਨੇ ਦਾ ਮਸੇਰ ਭਰਾ (ਦਾਲ ਡੂਮ ਸਾਥ ਮਰਦਾਨੇ। ਢੂੰਢਤ ਆਏ ਗੁਰ ਨਿਕਟਾਨੇ), ਏਸੇ ਤਰ੍ਹਾਂ ਭਾਈ ਅਬਦੁੱਲਾ ਅਤੇ ਨੱਥਾ ਆਪਸ ਵਿਚੀਂ ਮਾਸੀ ਦੇ ਪੁੱਤ ਭਰਾ ਲੱਗਦੇ ਸਨ। ਭਾਈ ਨੱਥਾ ਜਿਥੇ ਅੰਮ੍ਰਿਤਸਰ ਦੇ ਨਾਲ ਦੇ ਪਿੰਡ ਸੁਲਤਾਨ ਵਿੰਡ ਦਾ ਵਸਨੀਕ ਸੀ, ਉਥੇ ਭਾਈ ਅਬਦੁੱਲਾ ਸੁਰਸਿੰਘ ਜ਼ਿਲ੍ਹਾ ਅੰਮ੍ਰਿਤਸਰ ਦਾ ਜੰਮਪਲ ਸੀ। ਲਾਹੌਰ ਦੇ ਕੁਝ ਪੁਰਾਤਨ ਰਬਾਬੀ ਘਰਾਣਿਆਂ ਦੇ ਕੁਝ ਵਾਰਿਸ ਦੱਸਦੇ ਹਨ ਕਿ ਭਾਈ ਮਰਦਾਨੇ ਦੇ ਬੇਟਿਆਂ ਸਹਿਜ਼ਾਦਾ ਅਤੇ ਰਜ਼ਾਦਾ ਦੇ ਘਰ ਕੋਈ ਨਰੀਨਾ ਔਲਾਦ ਨਹੀਂ ਸੀ ਪੈਦਾ ਹੋਈ; ਏਸੇ ਤਰ੍ਹਾਂ ਭਾਈ ਬਲਵੰਡ ਦੇ ਵੀ ਕੋਈ ਬੱਚਾ ਪੈਦਾ ਨਹੀਂ ਸੀ ਹੋਇਆ।

ਮੀਰ ਛਬੀਲਾ ਵੀ ਉਂਜ ਸੁਰਸਿੰਘ ਦਾ ਹੀ ਵਸਨੀਕ ਸੀ। ਇਨ੍ਹਾਂ ਪੁਰਾਣੇ ਰਬਾਬੀਆਂ ਨੇ ਗੰਡਾ-ਬੰਨ੍ਹ ਰਸਮ ਅਧੀਨ ਇਕ ਦੂਜੇ ਤੋਂ ਸਿੱਧੀ ਤਾਲੀਮ ਭਾਵੇਂ ਨਾ ਵੀ ਲਈ ਹੋਵੇ ਤਾਂ ਵੀ ਘੱਟੋ ਘੱਟ ਉਹ ਇਕ ਦੂਜੇ ਦੇ ਪ੍ਰਭਾਵ ਅਧੀਨ ਗਾਇਨ ਜ਼ਰੂਰ ਕਰਦੇ ਹੋਣਗੇ। 1642 ਈ. ਵਿਚ ਦੀਵਾਲੀ ਤੋਂ ਇਕ ਦਿਨ ਪਹਿਲਾਂ ਜਦੋਂ ਭਾਈ ਬਾਬਕ ਦਾ ਦੇਹਾਂਤ ਹੋ ਗਿਆ ਤਾਂ ਗਾਇਨ ਦੀ ਸਾਰੀ ਜ਼ੁੰਮੇਵਾਰੀ ਗੁਰੂ ਮਹਾਰਾਜ ਜੀ ਨੇ ਇਨ੍ਹਾਂ ਦੋਹਾਂ ਭਰਾਵਾਂ ਨੂੰ ਹੀ ਸੌਂਪ ਦਿੱਤੀ ਸੀ :

ਸ੍ਰੀ ਗੁਰ ਅਬਦੁਲ ਤਬੈ ਬੁਲਾਯੋ।
ਕਰੌਕਿਤ ਸ੍ਰੀ ਮੁਖੋਂ ਅਲਾਯੋ ॥੫੨੦॥
ਅਬਦੁਲ ਨੱਥੇ ਕ੍ਰਿਤ ਸਵਾਰੀ।
ਬਾਬਕ ਸੁਤ ਸੋਂ ਮਿਲਿ ਹਿਤਕਾਰੀ।
ਅਬਦੁਲ ਢਾਡੀ ਵਾਰ ਲਗਾਵੈ।
ਘਨੋ ਮੱਦੂ ਮਨ ਭੀਤਰਿ ਪਾਵੈ ॥੫੨੪॥[2]

ਜਿਵੇਂ ਕਿ ਅਸੀਂ ਭਾਈ ਛਬੀਲਾ ਦਾ ਜ਼ਿਕਰ ਕਰ ਆਏ ਹਾਂ, ਉਹ ਮੀਰ ਅਬਦੁੱਲਾ

1. *ਗੁਰ ਬਿਲਾਸ ਪਾਤਸ਼ਾਹੀ ੬*, ਸਫ਼ਾ 100.
2. *ਉਹੀ*, ਸਫ਼ਾ 783.

 www.sikhbookclub.com

ਦਾ ਗਰਾਈਂ ਸੀ। ਭਾਵੇਂ ਕਿ ਉਸਦੀ ਰੁਚੀ ਵਧੇਰੇ ਕੀਰਤਨ ਵਿਚ ਸੀ - ਇਨ੍ਹਾਂ ਦੋਹਾਂ ਭਰਾਵਾਂ ਦੀ ਵਾਰਾਂ ਗਾਇਨ ਵਿਚ। ਜਿਵੇਂ ਕਿ ਇਹ ਗੱਲ ਆਮ ਪ੍ਰਸਿੱਧ ਹੈ ਕਿ ਛੇਵੀਂ ਪਾਤਸ਼ਾਹੀ ਦੀ ਤਖ਼ਤ ਨਸ਼ੀਨੀ ਸਮੇਂ - ਜਿਸ ਜੋਸ਼ ਖਰੋਸ਼ ਨਾਲ, "ਦੋ ਤਲਵਾਰਾਂ ਬੱਧੀਆਂ," ਇਸ ਵਾਰ ਦਾ ਗਾਇਨ ਉਨ੍ਹਾਂ ਕੀਤਾ ਸੀ, ਉਹ ਉਨ੍ਹਾਂ ਦਾ ਹੀ ਹਿੱਸਾ ਸੀ। ਲਾਹੌਰ ਦੀ ਪ੍ਰਸਿੱਧ ਗਾਇਕਾ ਆਸ਼ਾ (ਆਇਸ਼ਾ) ਪੋਸਲੇ ਨੇ, ਉਨ੍ਹਾਂ ਦੇ ਪਰਿਵਾਰ ਵਿਚ ਸੀਨਾ ਬਸੀਨਾ ਚੱਲਦੀ ਆ ਰਹੀ ਇਸ ਵਾਰ ਦਾ ਪਾਠ ਕੁਝ ਇਸ ਤਰ੍ਹਾਂ ਲਿਖਾਇਆ ਸੀ, ਜਦੋਂ ਉਹ ਇਕ ਮਹਿਮਾਨ ਦੇ ਰੂਪ 'ਚ ਸਾਡੇ ਘਰ ਲੰਡਨ ਆਏ ਹੋਏ ਸਨ:

*ਦੋ ਤਲਵਾਰਾਂ ਬੱਧੀਆਂ,*
*ਇਕ ਮੀਰੀ ਦੀ, ਇਕ ਪੀਰ ਦੀ।*
*ਮਾਰ ਦੁਸ਼ਟਾਂ ਕਰੇ ਧਨੋਤ ਜੀ।*
*ਇਕ ਅਜ਼ਮਤ ਦੀ, ਇਕ ਸਾਰ ਦੀ,*
*ਇਕ ਨੇਕੀ ਕਰੇ ਵਜ਼ੀਰ ਦੀ।*
*ਹਿੰਮਤ ਬਾਹਾਂ ਕੋਟ ਗੜ੍ਹ,*
*ਦਰਵਾਜ਼ਾ ਬਲਖ਼ ਬਖ਼ੀਰ ਦੀ।*
*ਨਾਲ ਸਿਪਾਹੀ ਨੀਲ ਗਰ,*
*ਮਾਰ ਦੁਸ਼ਟਾਂ ਕਰੇ ਧਨੋਤ ਜੀ।*
*ਹੇ ਮੇਰੇ ਸੱਚੇ ਪਾਤਸ਼ਾਹ,*
*ਕਿਆ ਪੱਗ ਤੇਰੀ। ਕਿਆ ਜਹਾਂਗੀਰ ਦੀ?*
*ਦੋ ਤਲਵਾਰਾਂ ਬੱਧੀਆਂ,*
*ਇਕ ਮੀਰੀ ਦੀ, ਇਕ ਪੀਰ ਦੀ॥*

SIKHBOOKCLUB.COM

# ਭਾਈ ਸੱਦੂ ਮੱਦੂ

ਲਾਹੌਰ ਦੇ ਕੁਝ ਪੁਰਾਤਨ ਰਬਾਬੀਆਂ ਨੇ ਕਰਤਾ ਨਾਲ ਇਸ ਗੱਲ ਦਾ ਗਿਲਾ ਅਕਸਰ ਕਈ ਵੇਰ ਕੀਤਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕੁਝ ਰਬਾਬੀ ਜਿਵੇਂ ਕਿ ਭਾਈ ਮੌਲੂ ਅਤੇ ਉਸਦੇ ਦੋ ਬੇਟਿਆਂ ਸਜਾਦਾ ਅਤੇ ਰਜਾਦਾ ਨੂੰ ਆਪਣੇ ਦਰਬਾਰ ਵਿੱਚੋਂ ਕੱਢ ਦਿੱਤਾ ਸੀ; ਜਿਸ ਉਪਰੰਤ ਗ਼ੁੱਸੇ ਵਿਚ ਉਹ ਤਿੰਨੋ ਹਿੰਦੁਸਤਾਨ ਛੱਡ ਕੇ ਕਾਬਲ ਚਲੇ ਗਏ ਸਨ ਅਤੇ ਓਥੋਂ ਫਿਰ ਵਾਪਸ ਨਹੀਂ ਸਨ ਪਰਤੇ। ਲਾਹੌਰ ਦੇ ਕੁਝ ਬੰਦੇ ਇਸ ਗੱਲ ਦਾ ਹਿਰਖ ਵੀ ਕਰਦੇ ਹਨ ਕਿ ਦਸਮ ਪਾਤਸ਼ਾਹ ਨੇ ਸਾਰੇ ਰਬਾਬੀਆਂ ਨੂੰ ਆਪਣੇ ਦਰਬਾਰ ਵਿੱਚੋਂ ਕੱਢ ਕੇ ਸਿੱਖ ਰਾਗੀਆਂ ਨੂੰ ਜਗ੍ਹਾ ਦੇ ਦਿੱਤੀ ਸੀ।

ਜੇਕਰ ਤਵਾਰੀਖ਼ੀ ਤੱਥਾਂ ਦੀ ਰੌਸ਼ਨੀ ਵਿਚ ਇਹ ਗੱਲਾਂ ਘੋਖੀਆਂ ਜਾਣ ਤਾਂ ਉਨ੍ਹਾਂ ਦੇ ਇਹ ਗਿਲੇ ਸ਼ਿਕਵੇ ਜਾਂ ਹਿਰਖ ਬੇਬੁਨਿਆਦ ਹਨ, ਕਿਉਂਕਿ ਗੁਰੂ ਮਹਾਰਾਜ ਜੀ ਦੇ ਦਰਬਾਰ ਵਿਚ ਜਿਥੇ ਭਾਈ ਨੰਦ ਭਾਈ ਚੰਦ ਵਰਗੇ ਰਬਾਬੀ ਸੁਸ਼ੋਭਿਤ ਸਨ, ਓਥੇ ਭਾਈ ਝਾਜੂ ਵੀ ਸੀ। ਉਨ੍ਹਾਂ ਤੋਂ ਛੁੱਟ ਭਾਈ ਸੱਦੂ ਭਾਈ ਮੱਦੂ ਜੀ ਵੀ ਉਨ੍ਹਾਂ ਦੇ ਦਰਬਾਰ ਦੀ ਜ਼ੀਨਤ ਸਨ। ਉਨ੍ਹਾਂ ਦੋਹਾਂ ਦਾ ਜ਼ਿਕਰ ਭਾਈ ਸੰਤੋਖ ਸਿੰਘ ਜੀ ਦੀ ਪ੍ਰਸਿੱਧ ਰਚਨਾ *ਗੁਰਪ੍ਰਤਾਪ ਸੂਰਜ* ਵਿਚ ਇੰਜ ਮਿਲਦਾ ਹੈ:

ਸੱਦੂ ਮੱਦੂ ਆਸਾ ਵਾਰ।  
ਕੀਰਤਨ ਕਰਕੇ ਰਾਗ ਸੁਧਾਰ।  
ਸੱਦੂ ਮੱਦੂ ਦੋਨਹੁ ਭਰਾਤਾ।  
ਗਾਵੇ ਰਾਗ ਸੁਰਨ ਕੇ ਗਿਯਾਤਾ।

ਹੁਣ ਰਹੀ ਭਾਈ ਮੌਲੂ ਦੇ ਦਰਬਾਰ ਵਿੱਚੋਂ ਕੱਢ ਦੇਣ ਦੀ ਗੱਲ। ਇਕ ਬਹੁਤ ਵੱਡੇ ਸਮਾਗਮ ਸਮੇਂ ਜਦ ਹੀ ਗੁਰੂ ਮਹਾਰਾਜ ਜੀ ਨੇ ਇਹ ਦੇਖ ਲਿਆ ਕਿ ਇਹ ਦੋਵੇਂ ਭਰਾ ਤਾਂ ਲਾਲਚਵੱਸ ਹੋ ਕੇ ਮੂੰਹ ਅੱਡ ਕੇ, ਪੈਸਿਆਂ ਦੀ ਮੰਗ ਕਰ ਕੇ, ਭਾਈ ਸੱਤੇ ਬਲਵੰਡ ਵਾਲੀ ਸਾਖੀ ਹੀ ਦੁਹਰਾ ਰਹੇ ਹਨ ਤਾਂ ਉਹ ਉਨ੍ਹਾਂ ਦੇ ਉਸ ਰਵਈਏ 'ਤੇ ਸਖ਼ਤ ਨਾਖ਼ੁਸ਼ ਹੋ ਗਏ ਸਨ, ਜਿਸ ਕਾਰਨ ਉਹ ਛਿੱਥੇ ਜਿਹੇ ਪੈ ਕੇ ਆਪ ਹੀ ਦਰਬਾਰ ਛੱਡ ਗਏ ਸਨ। ਉਸ ਸਾਰੀ ਸਾਖੀ ਦਾ ਵਿਸਥਾਰ ਨਾਲ ਵਰਣਨ ਅਸੀਂ ਕਦੇ ਫਿਰ ਕਰਾਂਗੇ।

 www.sikhbookclub.com

# ਭਾਈ ਨੰਦ ਤੇ ਚੰਦ

ਕਲਗੀਧਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦਾ ਜਲੌ ਹੀ ਕੁਝ ਹੋਰ ਸੀ। *ਸ੍ਰੀ ਗੁਰੂ ਪੰਥ ਪ੍ਰਕਾਸ਼* ਦਾ ਕਰਤਾ ਗਿਆਨੀ ਗਿਆਨ ਸਿੰਘ, ਦੇਖੋ, ਉਸਨੂੰ ਕਿੰਨੀ ਖ਼ੂਬਸੂਰਤੀ ਨਾਲ ਬਿਆਨ ਕਰਦਾ ਹੈ:

ਨੌਬਤ ਝਰੈ, ਦੁਆਰ ਗੁਰੁ ਸੁਨ ਕਰਿ, ਆਇ ਰਬਾਬੀ ਗਾਵੈਂ।
ਆਸਾਰਵਾਰ ਸਬਦ ਸੁਰ ਭਰਿ ਸੁਠ, ਸੁਨਿ ਸੰਗਤਿ ਹੁਲਸਾਵੈ॥੧੫॥
ਸੌਚ ਇਸ਼ਨਾਨ ਠਾਨ ਜਗਤੇਸੁਰ ਬਸਤ੍ਰ ਸ਼ਸਤ੍ਰ ਸਜ ਕੈ।
ਬੀਰਾਸਨ ਕਰਿ ਥਿਰੈਂ ਸਿੰਘਾਸਨ, ਵਾਸਨ ਰਾਸਿਨ ਤਜ ਕੈ।
ਮਨੋ ਬਿਸ਼ਨ ਰਾਨ ਸੁਰਨ ਮਝਾਰੀ, ਗੁਰੁ ਸਭਾ ਮੈਂ ਸੋਹੈਂ।
ਭਾਟ ਨਕੀਬ ਸੁਜਸ ਕਵਿ ਰਟਹੀਂ, ਗੁਰੁ ਮਨ ਜਨ ਗਨ ਮੋਹੈਂ॥੧੬॥
ਨੰਦ ਚੰਦ ਸੰਗੋ ਆਦਿਕ ਭਟ, ਕਰਿ ਕਰਿ ਬੰਦਨ ਬੈਸੇ।
ਆਵਤ ਸੰਗਤ ਅਰਪ ਅਕੋਰੈਂ, ਪਾਵਤ ਭਾਵਤ ਜੈਸੇ।

ਨੌਬਤਾਂ, ਵਜ ਵਜ, ਝਰ ਝਰ ਕੇ ਝਰਨਾਟਾਂ ਛੇੜ ਰਹੀਆਂ ਹਨ, ਰਬਾਬੀ ਸੁਰ-ਸੁਆਦ ਵਿਚ ਲੀਨ ਸੰਗਤਾਂ ਨੂੰ ਖੇੜਾ ਅਤੇ ਹੁਲਾਸ ਬਖ਼ਸ਼ ਰਹੇ ਹਨ। ਜਗਤੇਸ਼ਵ੍ਰ, ਜੱਗ ਤਾਰਨ ਹਾਰਾ ਬਸਤ੍ਰਾਂ ਸ਼ਸਤ੍ਰਾਂ ਨਾਲ ਸੱਜ ਕੇ ਸਿੰਘਾਸਨ 'ਤੇ ਬ੍ਰਾਜਮਾਨ ਹੈ, ਮਝਾਰ (ਸੰਗਤਾਂ ਦੇ ਐਨ ਵਿਚਕਾਰ) ਸੁਸ਼ੋਭਿਤ ਹੈ। ਭੱਟ ਅਤੇ ਨਕੀਬ ਗੁਰੂ ਸਬੰਧੀ ਜਸ ਭਰੀਆਂ ਕਾਵਿ-ਟੁਕੜੀਆਂ ਨਾਲ ਸਭਨਾਂ ਦਾ ਮਨ ਮੋਹ ਰਹੇ ਹਨ ਜਦਕਿ ਭਾਈ ਨੰਦ ਅਤੇ ਚੰਦ ਆਦਿ ਭੱਟਾਂ ਨੂੰ ਸੰਗਤਾਂ ਆਪਣੀ ਆਪਣੀ ਮਨੋਭਾਵਨਾ ਅਨੁਸਾਰ ਮਾਇਆ ਅਰਪਣ ਕਰ ਰਹੀਆਂ ਹਨ।

ਏਸੇ ਗ੍ਰੰਥ ਦੇ ਏਸੇ ਆਖ਼ਰੀ ਪ੍ਰਸੰਗ ਵਿਚ ਹੀ ਭਾਈ ਨੰਦ ਚੰਦ ਦਾ ਉਲੇਖ ਹੋਰ ਵੀ ਮਿਲਦਾ ਹੈ, ਜਿਵੇਂ ਕਿ:

ਸਾਨੰਦ ਆਨੰਦ ਪੁਰਿ ਤੁਰਿ ਆਯੇ, ਸਚਵ ਸੈਨ ਭਟ ਸਜ ਕੈ।
ਨੰਦ ਚੰਦ ਗੁਰੁ ਅੱਗ੍ਰ ਪਠਾਯੇ, ਲਾਜਾਯੋ ਪਰਮੁਦ ਭਜ ਕੈ।
ਭੇਰੀ, ਦੁਦੰਭਿ, ਤੁਰਮ, ਨਫੀਰੀ, ਆਦਿ ਬਾਦ ਬਹੁ ਬਾਜੈਂ।
ਚਲਤ ਚਲੈਤ, ਨਕੀਬ ਅੱਗ੍ਰ ਤਿਹ ਬੋਲਤ, ਹੈ ਗੈ ਗਾਜੈਂ॥੨੩॥

ਅਤੇ ਜਾਂ

ਨੰਦ ਚੰਦ ਤੈ ਬੁਝਾਯੋ ਕੌਤਿਕ, ਲਾਗਤ ਹੋਵਗ ਆਈ।


www.sikhbookclub.com

ਅਠਾਰ੍ਹਵੀਂ ਸਦੀ ਦੀ ਆਰੰਭਿਕ ਸਮਾਜਿਕ ਅਤੇ ਰਾਜਸੀ ਸਥਿਤੀ ਕੁਝ ਇਸ ਤਰ੍ਹਾਂ ਦੀ ਸੀ ਕਿ 1704 ਈ. ਨੂੰ ਦਸਮੇਸ਼ ਪਾਤਸ਼ਾਹ ਅਨੰਦਪੁਰ ਸਾਹਿਬ ਨੂੰ ਛੱਡ ਕੇ ਹੁਣ ਮਾਲਵੇ ਦੇ ਜੰਗਲਾਂ ਬੇਲਿਆਂ ਵਿਚ ਘੁੰਮ ਫਿਰ ਰਹੇ ਸਨ। ਅਹਿਮਦ ਸ਼ਾਹ ਅਬਦਾਲੀ 1747 ਤੋਂ ਲੈ ਕੇ 1767 ਈ. ਦੇ ਸਿਰਫ਼ ਦੋ ਦਹਾਕਿਆਂ ਵਿਚ ਹਿੰਦੁਸਤਾਨ 'ਤੇ ਸੱਤ ਹਮਲੇ ਕਰ ਚੁੱਕਾ ਸੀ, ਜਦਕਿ ਪੰਜਾਬ ਦੇ ਮਾਲਵੇ ਦੇ ਕਈ ਹਿੱਸਿਆਂ ਇਲਾਕਿਆਂ ਤੇ ਆਲਾ ਸਿੰਘ ਆਪਣਾ ਦਬਦਬਾ ਕਾਇਮ ਕਰ ਕੇ ਕਬਜ਼ਾ ਜਮਾ ਚੁੱਕਾ ਸੀ। ਮਹਾਰਾਜ ਮਾਛੀਵਾੜੇ ਦੇ ਜੰਗਲਾਂ ਵਿਚੀਂ ਹੁੰਦੇ ਹੋਏ ਜੱਟਪੁਰਾ ਪਹੁੰਚੇ, ਜਿਥੇ ਉਨ੍ਹਾਂ ਦਾ ਰਾਏ ਕੱਲਾ ਨਾਲ ਮੇਲ ਹੋਇਆ। ਕੁਝ ਇਤਿਹਾਸਕਾਰਾਂ ਦੇ ਕਥਨ ਅਨੁਸਾਰ, ਭਾਈ ਸੱਤਾ ਤੇ ਬਲਵੰਡ ਰਿਆਸਤ ਜੀਂਦ 'ਚ ਪੈਂਦੇ ਪਿੰਡ ਜੱਟਪੁਰ ਲੰਮਾ ਦੇ ਜੰਮਪਲ ਸਨ। ਇਸ ਗਮਨ ਦੌਰਾਨ ਆਪ ਜੀ ਦਾ ਦਰਬਾਰੀ ਭਾਈ ਚੰਦ ਆਪ ਦੇ ਨਾਲ ਸੀ ਜਾਂ ਨਹੀਂ, ਪਰਪੱਕਤਾ ਨਾਲ ਕੁਝ ਵੀ ਨਹੀਂ ਕਿਹਾ ਜਾ ਸਕਦਾ, ਛੁੱਟ ਇਸਦੇ ਕਿ ਉਨ੍ਹੀਂ ਦਿਨੀਂ ਜਾਂ ਆਪ ਜੀ ਦੇ ਜੋਤੀ ਜੋਤਿ ਸਮਾਉਣ ਪਿੱਛੋ ਭਾਈ ਚੰਦ ਰਬਾਬੀ ਬਾਬਾ ਆਲਾ ਸਿੰਘ ਕੋਲ ਬਰਨਾਲੇ ਆ ਗਏ ਸਨ। ਫੂਲਕੀਆਂ ਦੇ ਇਸ ਮਹਾਰਾਜੇ ਨੇ 1765 ਈ. ਵਿਚ ਜਦ ਹੀ ਆਪਣੀ ਨਵੀਂ ਰਾਜਧਾਨੀ ਪਟਿਆਲਾ ਬਣਾ ਲਈ, ਇਹ ਰਬਾਬੀ ਵੀ ਆਪ ਦੇ ਨਾਲ ਆ ਗਏ ਸਨ ਅਤੇ ਏਥੇ ਨਵਉਸਾਰੇ ਗਏ ਕਿਲ੍ਹਾ ਮੁਬਾਰਕ ਵਿਚ ਰਹਿਣ ਲੱਗ ਪਏ ਸਨ। ਇਹ ਉਹ ਮੁਕਾਮ ਹੈ ਜਿਥੋਂ ਇਸ ਨਵੀਂ ਰਿਆਸਤ 'ਚ ਗੁਰਮਤਿ ਸੰਗੀਤ ਦੀ ਨੀਂਹ ਬੱਝਦੀ ਹੈ। ਡਾ. ਰਾਜਾ ਮ੍ਰਿਗੇਂਦ੍ਰ ਸਿੰਘ ਜੀ ਪਟਿਆਲਾ ਵਾਲੇ, ਜਿਹੜੇ ਕਿ ਸਾਡੇ ਸੰਗੀਤ ਦੇ ਆਫ਼ਤ ਦੇ ਆਲਮ ਹਨ - ਲੇਖਕ ਦੀਆਂ ਉਨ੍ਹਾਂ ਨਾਲ ਅਨੇਕ ਮੁਲਾਕਾਤਾਂ ਦੌਰਾਨ ਇਸ ਗੱਲ ਦਾ ਪ੍ਰਗਟਾਵਾ ਅਕਸਰ ਬੜੇ ਮਾਣ ਨਾਲ ਕਰਦੇ ਰਹੇ ਹਨ। ਆਪ ਉਸ ਮਹਾਨ ਰਬਾਬੀ ਨੂੰ ਭਾਈ ਬਾਬਕ ਬੰਸੀ ਸਵੀਕਾਰ ਕਰਦੇ ਹਨ।


www.sikhbookclub.com

# ਭਾਈ ਅਮੀਰਾ



*ਸਿੱਖ ਰਾਜ ਦੇ ਭਾਈ ਅਮੀਰਾ ਦਾ ਇਕ ਅਦੁੱਤੀ ਚਿੱਤਰ*

ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਸ਼ਾਸਤ੍ਰੀ ਸੰਗੀਤ ਦੇ ਜਿਹੜੇ ਵੱਡੇ ਵੱਡੇ ਉਸਤਾਦ ਸਨ, ਉਹ ਸਨ ਮੀਆਂ ਇਰਸ਼ਾਦ ਅਲੀ (ਬੜੇ ਗੁਲਾਮ ਅਲੀ ਖ਼ਾਂ ਦਾ ਦਾਦਾ), ਕਸੂਰ ਦਾ ਹੀ ਇਕ ਹੋਰ ਇਮਾਮ ਬਖ਼ਸ਼, ਜਦਕਿ ਕੀਰਤਨਕਾਰਾਂ ਵਿਚ ਕੁਝ ਕੁ ਵੱਡੇ ਨਾਂ ਇਹ ਸਨ : ਭਾਈ ਅਮੀਰ ਬਖ਼ਸ਼, ਭਾਈ ਗੁਲਾਬ[1], ਭਾਈ ਭਾਗ, ਮਨਸ਼ਾ ਸਿੰਘ ਰਾਗੀ ਅਤੇ ਭਾਈ ਅਤਰਾ ਆਦਿ, ਜਿਹੜਾ ਕਿ ਸਿੱਧਾ ਭਾਈ ਸੱਤਾ ਅਤੇ ਬਲਵੰਡ ਹੋਰਾਂ ਦੇ ਖ਼ਾਨਦਾਨ ਵਿੱਚੋਂ ਸੀ। ਮਹਾਰਾਜਾ ਰਣਜੀਤ ਸਿੰਘ ਉਂਜ ਤਾਂ ਇਨ੍ਹਾਂ ਸਭਨਾਂ ਦਾ ਹੀ ਸਤਿਕਾਰ ਕਰਦਾ ਸੀ, ਪਰ ਭਾਈ ਅਮੀਰਾ ਦਾ ਸਭ ਤੋਂ ਜ਼ਿਆਦਾ ਖ਼ਬਰੇ ਇਸ ਲਈ ਕਿ ਆਪਣੀ ਕਲਾ 'ਚ ਨਿਪੁੰਨ ਹੋਣ ਤੋਂ ਛੁੱਟ ਉਹ ਸ਼ੇਰਿ-ਪੰਜਾਬ ਅਤੇ ਅਗਾਂਹ ਉਸਦੇ ਧੀਆਂ ਪੁੱਤਾਂ ਦਾ ਵਿਸ਼ਵਾਸ ਪਾਤਰ ਵੀ ਸੀ।

ਭਾਵੇਂ ਕਿ ਉਸ ਬਾਰੇ ਸਾਨੂੰ ਓਨੀ ਜਾਣਕਾਰੀ ਨਹੀਂ ਮਿਲਦੀ ਜਿੰਨੀ ਕਿ ਐਨੇ ਪ੍ਰਸਿੱਧ ਵਿਅਕਤੀ ਬਾਰੇ ਮਿਲਣੀ ਚਾਹੀਦੀ ਹੈ, ਤਾਂ ਵੀ ਸਿੱਖ ਰਾਜ ਦੀ ਸਿਖਰ ਦੁਪਹਿਰ ਤੋਂ ਲੈ ਕੇ ਢਲਦੀਆਂ ਸ਼ਾਮਾਂ ਤਕ ਸਿੱਖ ਇਤਿਹਾਸ ਦੇ ਪੰਨਿਆਂ 'ਤੇ ਸਾਨੂੰ ਉਹ ਕਿਧਰੇ ਕਿਧਰੇ ਵਿਚਰਦਾ ਨਜ਼ਰ ਆਉਂਦਾ ਹੈ। ਉਹ ਨਿਆਜ਼ਬੇਗ ਜ਼ਿਲ੍ਹਾ ਲਾਹੌਰ ਦਾ ਵਸਨੀਕ ਸੀ। ਇਕ ਵਿਸ਼ਵਾਸ ਅਨੁਸਾਰ, ਇਹ ਪਿੰਡ ਉਸਨੂੰ ਜਗੀਰ ਵਜੋਂ ਮਿਲਿਆ ਹੋਇਆ ਸੀ। ਆਪਣੀ ਉਮਰ ਦੇ ਕਈ ਵਰ੍ਹੇ ਉਸਨੇ ਪਹਿਲਾਂ ਤਾਂ ਮਹਾਰਾਜਾ ਰਣਜੀਤ ਸਿੰਘ ਦੀ ਹਜ਼ੂਰੀ ਵਿਚ ਗੁਜ਼ਾਰੇ ਅਤੇ ਸ਼ਹਿਜ਼ਾਦਾ ਨੌਨਿਹਾਲ ਸਿੰਘ ਅਤੇ ਦਲੀਪ ਸਿੰਘ ਦੇ ਦੌਰ ਸਮੇਂ ਦਰਸ਼ਨੀ-ਡਿਓੜੀ ਦਾ ਮੁੱਖ ਰਾਖਾ ਸੀ, ਜਿਹੜਾ ਪਦ ਕਿ ਵਜ਼ੀਰ ਦੇ ਬਰਾਬਰ ਸੀ। ਪਿੱਛੋਂ ਮਹਾਰਾਣੀ ਜਿੰਦਾਂ ਦਾ ਉਹ ਮੁੱਖ ਵਿਸ਼ਵਾਸਪਾਤਰ ਵੀ ਰਿਹਾ। ਇੰਡੀਆ

1. ਵੇਖੋ, *ਤਹਿਕੀਕਾਤਿ-ਚਿਸ਼ਤੀ*, ਵੱਲੋਂ ਮੌਲਵੀ ਨੂਰ ਅਹਿਮਦ ਚਿਸ਼ਤੀ (1828-1868 ਈ.), ਸਫ਼ਾ 860, ਛਾਪਕ, ਪੰਜਾਬੀ ਅਦਬੀ ਅਕੈਡਮੀ, 12-G, Model Town, Lahore; 1964 Edition

ਦੇ ਗਵਰਨਰ ਜਨਰਲ ਦੇ ਪੰਜਾਬ ਦਾ ਏਜੈਂਟ, ਜਿਹੜਾ ਕਿ ਲਾਹੌਰ ਰਿਹਾਇਸ਼ ਰੱਖਦਾ ਸੀ ਅਤੇ ਜਿਹੜਾ ਸਿਆਸੀ ਰੋਜ਼ਨਾਮਚਾ ਲਿਖਦਾ ਹੁੰਦਾ ਸੀ, ਉਸ ਵਿਚ ਭਾਈ ਅਮੀਰ ਬਖ਼ਸ਼ ਦਾ ਸਾਨੂੰ ਗਾਹੇ-ਬਗਾਹੇ ਜ਼ਿਕਰ ਮਿਲ ਜਾਂਦਾ ਹੈ। ਅੰਗਰੇਜ਼ਾਂ ਨੇ ਮਹਾਰਾਣੀ ਜਿੰਦਾਂ 'ਤੇ ਕੜੀ ਨਜ਼ਰ ਰੱਖੀ ਹੋਈ ਸੀ ਅਤੇ ਜਦ ਉਨ੍ਹਾਂ ਇਹ ਗੱਲ ਅਨੁਭਵ ਕੀਤੀ ਕਿ ਇਹ ਤਾਂ ਸਾਨੂੰ ਕਿਸੇ ਤਰ੍ਹਾਂ ਵੀ ਉਸਦਾ ਕੋਈ ਵੀ ਅੰਦਰੂਨੀ ਖ਼ੁਫ਼ੀਆ ਰਾਜ਼ ਨਹੀਂ ਦੱਸਦਾ ਤਾਂ ਲਾਰਡ ਲਾਰੈਂਸ ਨੇ ਸਿੱਖ ਰਾਜ ਦੇ ਕੁਝ ਦੋਖੀਆਂ ਨਾਲ ਰਲ ਕੇ, ਉਸਨੂੰ ਉਸਦੀ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ। ਅਠਾਰਾਂ ਫ਼ਰਵਰੀ 1847 ਈ. ਨੂੰ ਲਿਖੀ ਗਈ ਇਕ ਖ਼ੁਫ਼ੀਆ ਰੀਪੋਰਟ ਵਿਚ ਉਸ ਬਾਰੇ ਇਹ ਗੱਲਾਂ ਦਰਜ ਹਨ :

ਭਾਈ ਅਮੀਰ ਬਖ਼ਸ਼ ਨੇ ਜਿੰਦਾਂ ਕੋਲ ਇਸ ਗੱਲ ਦਾ ਗਿਲਾ ਕੀਤਾ ਕਿ ਉਸਨੂੰ ਸ਼ੇਰ ਸਿੰਘ (ਇਸਨੂੰ ਮਹਾਰਾਜਾ ਨਾ ਸਮਝਿਆ ਜਾਵੇ ਕਿਉਂਕਿ ਉਦੋਂ ਤਕ ਉਹ ਜੀਉਂਦਾ ਨਹੀਂ ਸੀ) ਦੇ ਕਹੇ 'ਤੇ ਉਸਦੀ ਉਸ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ ਜਿਹੜੀ ਉਹ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਕਰਦਾ ਆ ਰਿਹਾ ਸੀ। ਇਸ ਉੱਤੇ ਰਾਣੀ ਬਹੁਤ ਖਿਝੀ ਹੋਈ ਹੈ ਅਤੇ ਡਰਾਵਾ ਦਿੰਦੀ ਹੈ ਕਿ ਉਹ ਉਸ ਸਰਦਾਰ ਦੇ ਹੈਂਕੜ ਭਰੇ ਰਵੱਈਏ ਬਾਰੇ ਸ਼ਿਕਾਇਤ ਕਰੇਗੀ। ਸਰਦਾਰ ਨੇ ਤੇਜ ਸਿੰਘ ਨਾਲ ਲੰਮੇ ਚੌੜੇ ਵਿਚਾਰ-ਵਟਾਂਦਰੇ ਪਿੱਛੋਂ ਇਸ ਗੱਲ ਦਾ ਨਿਰਨਾ ਲਿਆ ਕਿ ਅਗਾਂਹ ਤੋਂ ਭਾਈ ਅਮੀਰ ਨੂੰ ਅੰਦਰੂਨੀ ਡਿਓੜੀ ਦੀ ਜ਼ੁੰਮੇਵਾਰੀ ਦਿੱਤੀ ਜਾਏ, ਅਤੇ ਬਿਸ਼ਨ ਸਿੰਘ ਨੂੰ ਬੈਰੂਨੀ ਡਿਓੜੀ ਦੀ।[2]

ਸੰਗੀਤ ਤੋਂ ਛੁੱਟ ਉਸਦਾ ਦੂਜਾ ਵੱਡਾ ਸ਼ੌਕ ਘੋੜਿਆਂ ਦਾ ਸੀ। ਬੜੀ ਪਰਖ ਪਛਾਣ ਸੀ, ਉਸਨੂੰ ਉਨ੍ਹਾਂ ਦੀ।...

1857 ਈ. ਪਿੱਛੋਂ ਬਹਾਦਰ ਸ਼ਾਹ ਜ਼ਫ਼ਰ ਨੂੰ ਅੰਗਰੇਜ਼ਾਂ ਨੇ ਜਦੋਂ ਬੰਦੀ ਬਣਾ ਕੇ ਰੰਗੂਨ ਭੇਜ ਦਿੱਤਾ ਤਾਂ ਉਸ ਨਾਲ ਉਹ ਉਸਦੇ ਦਰਬਾਰੀ ਸੰਗੀਤਕਾਰ ਮੀਆਂ ਤਾਨਰਸ ਖ਼ਾਂ ਨੂੰ ਵੀ ਫੜ ਕੇ ਲੈ ਗਏ ਸਨ। ਕਿਥੇ ਰਾਜਨੀਤੀ ਅਤੇ ਕਿਥੇ ਸੰਗੀਤ, ਪਰ ਜਿਵੇਂ ਕਿ ਆਖਦੇ ਨੇ, ਆਟੇ ਨਾਲ ਪਰੇਥਣ ਵੀ ਲੱਗ ਜਾਂਦਾ ਹੈ...। ਤਾਨਰਸ ਖ਼ਾਂ ਤੋਂ ਕਰੀਬਨ ਇਕ ਦਹਾਕਾ ਪਹਿਲਾਂ, ਸ਼ੇਰਿ-ਪੰਜਾਬ ਦਾ ਇਹ ਦਰਬਾਰੀ ਰਬਾਬੀ ਵੀ ਅੰਗਰੇਜ਼ਾਂ ਦੀ ਧੱਕੇਸ਼ਾਹੀ ਦਾ ਸ਼ਿਕਾਰ ਹੋ ਗਿਆ ਸੀ। ਸਿੱਖ-ਰਾਜ ਦੇ ਖ਼ਾਤਮੇ 'ਤੇ ਗੋਰਿਆਂ ਅੱਗੇ ਕਿੰਨਾ ਚਿਰ ਉਹ ਅਪੀਲਾਂ ਫ਼ਰਿਆਦਾਂ ਕਰਦਾ ਰਿਹਾ, ਪਰ ਜਾਪਦਾ ਹੈ ਜਿਵੇਂ ਕਿਸੇ ਨੇ ਉਸਦੀ ਕੋਈ ਖ਼ਾਸ ਸੁਣਵਾਈ ਨਹੀਂ ਕੀਤੀ। ਓੜਕ ਉਹ ਰੁਲਦਾ ਖੁਲਦਾ ਉਨ੍ਹੀਵੀਂ ਸਦੀ ਦੇ ਕਿਧਰੇ ਸੱਤਰਵਿਆਂ (?) 'ਚ ਰੱਬ ਨੂੰ ਪਿਆਰਾ ਹੋ ਗਿਆ!

---

2. The Bhyah Ameer Buksh complains to Her Highness of Sher Singh's having dismissed him from her presence and from his appointment which he has held since the days of Runjeet Singh. The Rani is very irate and threatens to complain of the Sirdar's ungallant treatment. The Sirdar consults with Tej Singh on the subject, and at length is decided that the Bhyah is to have charge of the inner and Bishen Singh of the outer door (deoree). "

*(Political Diaries of the Agent to the Governor-General, North-West Frontier and Resident at Lahore from 1st January, 1847 to 4th March, 1848, p. 36, Printed by the Pioneer Press, Allahabad, 1909)*


www.sikhbookclub.com

ਭਾਈ ਅਮੀਰ ਬਖ਼ਸ਼ ਬਾਰੇ ਹੋਰ ਵਧੇਰੇ ਖੋਜ ਕਰਨ ਦੀ ਅਸੀਂ ਬੜੀ ਵਾਹ ਲਾਈ। ਪਾਕਿਸਤਾਨ ਵਿਚ ਰਹਿ ਰਹੇ ਆਪਣੇ ਇਕ ਪੁਰਾਣੇ ਦੋਸਤ, ਜਿਹੜਾ ਇਕ ਬੜਾ ਵੱਡਾ ਸੰਗੀਤ ਰਸੀਆ ਵੀ ਹੈ, ਗ਼ੁਲਾਮ ਅਲੀ ਦੀ ਵੀ ਜ਼ੁੰਮੇਵਾਰੀ ਲਾਈ, ਪਰ ਉਸਦਾ ਅੱਗੋਂ ਇਹ ਉੱਤਰ ਸੀ : "ਕੰਵਲ ਸਾਹਿਬ, ਤੁਸੀਂ ਸਾਡੇ ਸ਼ਾਹਜ਼ੋਰਾਂ (ਭਲਵਾਨਾਂ) ਅਤੇ ਸੰਗੀਤ 'ਤੇ ਐਨਾ ਕੰਮ ਕੀਤਾ ਹੈ ਜਿਸ ਲਈ ਮੈਂ ਤੁਹਾਡੀ ਹਿੰਦੁਸਤਾਨ ਦੇ ਵਜ਼ੀਰੇ ਆਜ਼ਮ...ਤੋਂ ਵੀ ਵੱਧ ਕਦਰ ਕਰਦਾ ਹਾਂ, ਪਰ ਜਿਹੜੇ ਨਿਆਜ਼ ਬੇਗ ਦੀ ਤੁਸੀਂ ਗੱਲ ਕਰਦੇ ਹੋ, ਐਨ ਓਸੇ ਪਿੰਡ ਮੇਰਾ ਆਪਣਾ ਬੇਟਾ ਕੰਮ ਕਰਦਾ ਹੈ। ਭਾਈ ਅਮੀਰੇ ਦੀ ਕਬਰ-ਮਜ਼ਾਰ ਬਾਰੇ ਅਸੀਂ ਕਾਫ਼ੀ ਟੱਕਰਾਂ ਮਾਰ ਚੁੱਕੇ ਹਾਂ। ਓਥੋਂ ਤੁਹਾਨੂੰ ਹੁਣ ਕੁਝ ਨਹੀਂ ਜੇ ਲੱਭਣਾ। ਦੇਸ਼ ਦੀ ਤਕਸੀਮ ਦੇ ਦਿਨੀਂ ਜਾਂ ਪਿੱਛੋਂ, ਸਾਡੇ ਦੋਹਾਂ ਪੰਜਾਬਾਂ ਨਾਲ ਕੀ ਕੁਝ ਨਹੀਂ ਹੋਇਆ ? ਤੁਸੀਂ ਕਿਹੜੇ ਵਹਿਮਾਂ 'ਚ ਡੁੱਬੇ ਪਏ ਹੋ ?"

ਉਸਦੀਆਂ ਗੱਲਾਂ ਸੁਣ ਕੇ ਮੈਂ ਅਵਾਕ ਰਹਿ ਗਿਆ ਸਾਂ। ਕਿਸੇ ਲੋਕ-ਕਵੀ ਨੇ ਕੇਹਾ ਸੋਹਣਾ ਕਿਹਾ ਹੈ :

*ਨਹੀਂ ਲੱਭਣੇ ਗੁਆਚੇ ਮੋਤੀ,*<br>
*ਮਿੱਟੀ ਨਾ ਫਰੋਲ ਜੋਗੀਆ !*

ਰੱਬ ਜਾਣੇ, ਹੁਣ ਤਕ ਅਸੀਂ ਪੰਜਾਬੀਅਤ ਨਾਲ ਧੁਰ ਦਰਗਾਹੋਂ ਪ੍ਰਨਾਏ ਹੋਏ ਬੇਓੜਕੀ ਝਿਲਮਿਲ ਖਿਲਾਰਨ ਵਾਲੇ ਕਿੰਨੇ ਕੁ ਹੀਰੇ ਮੋਤੀ ਮਿੱਟੀ ਵਿਚ ਗੁਆ ਚੁੱਕੇ ਹਾਂ, ਜਿਨ੍ਹਾਂ ਬਾਰੇ ਸਾਨੂੰ ਕਿਸੇ ਤਰ੍ਹਾਂ ਦੀ ਬਹੁਤੀ ਜਾਣਕਾਰੀ ਉਪਲਬਧ ਨਹੀਂ ਹੁੰਦੀ।

SIKHBOOKCLUB.COM

# ਭਾਈ ਮਨਸ਼ਾ ਸਿੰਘ

ਮਹਾਰਾਜਾ ਰਣਜੀਤ ਸਿੰਘ ਦੇ ਦੌਰ ਪਿੱਛੋਂ ਗੋਰਿਆਂ ਨੇ ਪੰਜਾਬ 'ਤੇ ਕਬਜ਼ਾ ਕਰਦਿਆਂ ਹੀ ਸਾਡੀ ਰਹਿਤਲ ਦੇ ਕੁਝ ਪਹਿਲੂਆਂ 'ਤੇ ਆਪਣੀ ਗਹਿਰ ਗੰਭੀਰ ਨੀਝ ਰੱਖਣੀ ਸ਼ੁਰੂ ਕਰ ਦਿੱਤੀ ਸੀ। ਕੁਝ ਅੰਗਰੇਜ਼ ਕਰਮਚਾਰੀ ਖ਼ੁਫ਼ੀਆ ਤੌਰ 'ਤੇ ਆਪਣੇ ਰੋਜ਼ਨਾਮਚੇ ਲਿਖਣ ਲੱਗ ਪਏ ਸਨ ਅਤੇ ਕੁਝ ਅਹਿਮ ਰੀਪੋਰਟਾਂ ਵਿਰ ਲੰਡਨ ਭੇਜੀਆਂ ਜਾਂਦੀਆਂ ਸਨ। ਬ੍ਰਿਟਿਸ਼ ਲਾਇਬਰੇਰੀ ਦੇ ਆਰਕਾਈਵਜ਼ 'ਚ ਕੁਝ ਕਾਗ਼ਜ਼ ਪੱਤਰ ਅਜਿਹੇ ਵੀ ਮਿਲਦੇ ਹਨ ਜਿਨ੍ਹਾਂ ਤੋਂ ਸਿੱਖ ਰਾਜਿਆਂ ਦੇ ਜ਼ੌਕ ਸ਼ੌਕ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਕੁਝ ਥਾਈਂ ਇਸ ਗੱਲ ਦਾ ਜ਼ਿਕਰ ਵੀ ਮਿਲਦਾ ਹੈ ਕਿ ਕੋਮਲ ਕਲਾਵਾਂ ਨੂੰ ਉਹ ਕਿਵੇਂ ਪਾਲਦੇ ਸਨ ਅਤੇ ਰਾਗੀਆਂ ਰਬਾਬੀਆਂ ਦੀ ਕਿਵੇਂ ਹੌਸਲਾ ਅਫ਼ਜ਼ਾਈ ਕਰਦੇ ਸਨ। ਅਜਿਹੇ ਕਾਗ਼ਜ਼ਾਂ 'ਚ 8 ਜੁਲਾਈ, 1847 ਈ. ਦੀ 'ਐਂਟਰੀ' ਤੋਂ ਹੀ ਅੰਦਾਜ਼ਾ ਲਾਓ ਕਿ ਮਹਾਰਾਣੀ ਜਿੰਦਾਂ ਆਪਣੇ ਬੁਰੇ ਹਾਲੀਂ ਬੰਦੀ ਬਣੀ ਪਈ ਹੈ। ਉਧਰੋਂ ਵਰ੍ਹੇ ਦਿਨਾਂ ਦਾ ਦਿਨ 'ਦੁਸਹਿਰਾ' ਆ ਜਾਂਦਾ ਹੈ। ਉਸਦਾ ਕੋਮਲ ਦਿਲ ਕਲਪਦਾ ਹੈ ਕਿ ਉਹ ਗ਼ਰੀਬ ਗੁਰਬੇ ਨੂੰ ਕੁਝ ਪੁੰਨ ਦਾਨ ਕਰੇ। ਸੋ ਇਸ ਗੱਲ ਨੂੰ ਮੁੱਖ ਰੱਖਦਿਆਂ ਉਹ ਆਪਣੇ ਕਾਰਦਾਰ ਤੇਗ਼ਾ ਚੰਦ ਨੂੰ ਇਕ ਪਰਵਾਨਾ ਜਾਰੀ ਕਰਦੀ ਹੈ ਜਿਸ ਵਿਚ ਇਹ ਹੁਕਮ ਦਰਜ ਹੈ ਕਿ ਉਸਦੀ ਇਕ ਬੁਗਤੀ ਜਿਸਦੀ ਕੀਮਤ 250/- ਰੁਪਏ ਹੈ, ਵੇਚ ਕੇ ਰਕਮ ਲਾਹੌਰ ਦੀਆਂ ਵੇਸਵਾਵਾ ਵਿਚ ਵੰਡ ਦੇਵੇਂ।

ਇਹ ਤਾਂ ਸਿਆਸੀ ਉਥਲ ਪੁਥਲ ਦਾ ਨਤੀਜਾ ਸੀ। ਤਖ਼ਤ ਪਲਟ ਚੁੱਕਾ ਸੀ। ਦੂਜੇ ਪਾਸੇ ਕੁਝ ਚਿੰਤਕ ਅੰਗਰੇਜ਼ ਸਾਡੀ ਪੁਰਾਣੀ ਵਿੱਦਿਆ ਪ੍ਰਣਾਲੀ ਦੇ ਦੇਸੀ ਸਿਸਟਮ ਨੂੰ ਸਮਝਣ ਲਈ ਤੱਤਪਰ ਹਨ। ਉਨ੍ਹਾਂ ਵਿੱਚੋਂ ਇਕ ਡਾਕਟਰ ਲਾਈਟਨਰ ਹੈ, ਜਿਹੜਾ ਪਿੱਛੋਂ ਲਾਹੌਰ ਵਿਚ ਖੋਲ੍ਹੇ ਗਏ ਨਵੇਂ ਓਰੀਐਂਟਲ ਕਾਲਜ ਦਾ ਪ੍ਰਿੰਸੀਪਲ ਬਣਦਾ ਹੈ। ਉਹ ਆਪਣੀ ਖੋਜ ਨੂੰ *History of Indigenous Education in the Punjab since Annexation* ਕਿਤਾਬ ਦੀ ਸ਼ਕਲ ਦੇ ਦਿੰਦਾ ਹੈ, ਜਿਹੜੀ ਕਲਕੱਤਾ ਵਿਚ 1882 ਈ. ਵਿਚ ਛਪ ਜਾਂਦੀ ਹੈ। ਅੰਮ੍ਰਿਤਸਰ ਵਿਚ ਬਣਾਏ ਗਏ ਸਾਡੇ ਬੁੰਗਿਆਂ, ਜਿਨ੍ਹਾਂ ਵਿੱਚੋਂ ਕੁਝ ਵੱਖੋ ਵੱਖਰੀਆਂ ਸਿਖਿਆਵਾਂ ਦੇ ਕੇਂਦਰ ਸਨ, ਨੂੰ ਵੀ ਉਹ ਬੜੀ ਨੀਝ ਨਾਲ ਤੱਕਦਾ ਹੈ। ਉਹ ਵੇਰਵਾ ਦਿੰਦਾ ਹੈ ਕਿ ਇਸ ਸ਼ਹਿਰ ਵਿਚ ਨਿਰਮਲਿਆਂ, ਉਦਾਸੀਆਂ, ਗ੍ਰੰਥੀਆਂ ਤੋਂ ਛੁੱਟ, ਏਥੇ ਕੁਝ ਬੁੰਗੇ ਰਾਗੀਆਂ ਦੇ ਵੀ ਹਨ, ਜਿਨ੍ਹਾਂ ਵਿਚ ਰਾਗੀ ਕਾਹਨ ਸਿੰਘ, ਰਾਗੀ ਚੜ੍ਹਤ ਸਿੰਘ ਅਤੇ ਰਾਗੀ ਧਨਪਤ ਸਿੰਘ ਦੇ ਬੁੰਗੇ ਬੜੇ ਪ੍ਰਸਿੱਧ ਹਨ।

 www.sikhbookclub.com

ਸਿੱਖ ਜਗਤ ਦੇ ਪ੍ਰਸਿੱਧ ਵਿਦਵਾਨ ਗਿਆਨੀ ਗਿਆਨ ਸਿੰਘ ਜੀ ਨੇ ਕਮਾਲ ਦਾ ਇਹ ਕੰਮ ਕੀਤਾ ਹੈ ਕਿ *ਤਾਰੀਖ਼ ਸ੍ਰੀ ਅੰਮ੍ਰਿਤਸਰ* ਵਿਚ ਨਾ ਕੇਵਲ ਇਨ੍ਹਾਂ ਰਾਗੀਆਂ ਦੇ ਬੁੰਗਿਆਂ ਦਾ ਵਰਣਨ ਹੀ ਕੀਤਾ ਹੈ, ਸਗੋਂ ਉਨ੍ਹਾਂ ਦੀ ਉਸਾਰੀ ਦਾ ਸਾਲ ਲਾਗਤ ਸਮੇਤ ਸਭ ਕਾਸੇ ਦਾ ਹਾਲ ਵੀ ਦੇ ਦਿੱਤਾ ਹੈ। ਉਨ੍ਹਾਂ ਦੀ ਲਿਖਤ ਅਨੁਸਾਰ ਬੁੰਗਾ ਰਾਗੀ ਧਨਪਤ ਸਿੰਘ ਦੋ-ਮੰਜ਼ਲਾ 1830 ਬਿ. ਵਿਚ ਤਿੰਨ ਹਜ਼ਾਰ ਰੁਪਏ ਦਾ ਜਦਕਿ ਬੁੰਗਾ ਚੜ੍ਹਤ ਸਿੰਘ ਰਾਗੀ ਤਿੰਨ-ਮੰਜ਼ਲਾ 1850 ਬਿ. ਨੂੰ 3500/- ਰੁਪਏ ਵਿਚ ਬਣਿਆ ਸੀ।

ਇਸ ਤੋਂ ਜ਼ਾਹਰ ਹੈ ਕਿ ਉੱਪਰ ਦਰਜ ਕੀਤੇ ਗਏ ਇਹ ਰਾਗੀ ਸਿੱਖ ਦੌਰ ਦੇ ਕੁਝ ਕੁ ਪ੍ਰਸਿੱਧ ਰਾਗੀ ਹੋਣਗੇ। ਪਰ ਸਾਰੇ ਰਾਗੀ ਤਾਂ ਇੱਕੋ ਜਿਹੀ ਬਿਰਤੀ ਦੇ ਮਾਲਿਕ ਨਹੀਂ ਹੁੰਦੇ, ਸਾਰੇ ਤਾਂ ਆਪਣੇ ਆਪਣੇ ਨਾਂ 'ਤੇ ਮਹਿਲ ਮਾੜੀਆਂ ਜਾਂ ਬੁੰਗੇ ਨਹੀਂ ਬਣਾਉਂਦੇ। ਸਿੱਖ ਰਾਜ ਸਮੇਂ ਹੀ ਇਕ ਰਾਗੀ ਅਜਿਹਾ ਵੀ ਸੀ, ਜਿਸਨੂੰ ਪੈਸੇ ਦੀ ਕੋਈ ਤਮਾ ਨਹੀਂ ਸੀ। ਭਾਵੇਂ ਕਿ ਉਸ ਬਾਰੇ ਬਹੁਤੇ ਵੇਰਵੇ ਨਹੀਂ ਮਿਲਦੇ, ਤਾਂ ਵੀ ਸੰਤ ਸ਼ਾਮ ਸਿੰਘ ਆਪਣੀ ਇਕ ਹੱਥ-ਲਿਖਤ ਵਿਚ ਉਸ ਬਾਰੇ ਇਸ ਤੱਥ ਦੀ ਸਹੀ ਇਨ੍ਹਾਂ ਸ਼ਬਦਾਂ ਨਾਲ ਪਾਉਂਦੇ ਹਨ: "ਭਾਈ ਮਨਸਾ ਸਿੰਘ ਰਾਗੀ, ਅਬ ਤਕ ਰਾਗੀ ਜਿਨ ਕੀਆਂ ਗੀਤਾਂ ਗਾਵਤੇ ਹੈਂ। ਜੋ ਪਦਾਰਥ ਆਵੇ ਹੋਰ ਰਾਗੀਆਂ ਸਿੱਖਾਂ ਕੋ ਬਾਂਟ ਦੇਣ, ਆਪ ਨਾ ਲੈਣ। ਭਾਈ ਮਾਨ ਸਿੰਘ ਕੇ ਨਾਨੇ।"

ਭਾਈ ਮਨਸਾ ਸਿੰਘ ਬਾਰੇ ਰਾਗੀ ਹਲਕਿਆਂ 'ਚ ਜਿਹੜੀ ਗੱਲ ਆਮ ਦੁਹਰਾਈ ਜਾਂਦੀ ਹੈ, ਉਹ ਇਹ ਹੈ ਕਿ ਉਸਦੀ ਤੰਗ-ਦਸਤੀ ਦੀ ਖ਼ਬਰ ਸੁਣਦਿਆਂ ਮਹਾਰਾਜਾ ਰਣਜੀਤ ਸਿੰਘ ਹਾਥੀ 'ਤੇ ਸਵਾਰ ਹੋ ਕੇ ਉਸਦੀ ਸਾਰ ਲੈਣ, ਅਸ਼ਰਫ਼ੀਆਂ ਦੇਣ ਲਈ ਉਸਦੇ ਘਰ ਆਏ। ਉਸ ਤਿਆਗੀ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਉਸਨੇ ਜਲੂਸ ਦੇਖਦਿਆਂ ਸਾਰ ਹੀ ਇਹ ਗੱਲ ਆਖ ਕੇ ਆਪਣੇ ਬੂਹੇ ਬੰਦ ਕਰ ਲਏ ਸਨ: "ਮਹਾਰਾਜ ਜਿਸ ਦਾਤੇ ਕੋਲੋਂ ਤੁਸੀਂ ਮੰਗਦੇ ਹੋ, ਮੈਂ ਵੀ ਓਸੇ ਕੋਲੋਂ ਹੀ ਮੰਗਾਂਗਾ। ਤੁਹਾਡੇ ਕੋਲੋਂ ਇਹ ਮਾਇਆ ਨਾਗਣੀ ਕਿਉਂ ਲਵਾਂ ?"

ਕੁਝ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਇਹ ਰਾਗੀ ਪਹਿਲੋ ਪਹਿਲ ਸ੍ਰੀ ਦਰਬਾਰ ਸਾਹਿਬ ਵਿਖੇ ਬਹੁਤ ਚਿਰ ਤਕ ਆਸਾ ਦੀ ਵਾਰ ਦੀ ਚੌਕੀ ਕਰਦੇ ਰਹੇ: "ਜਿਨ੍ਹਾਂ ਦੇ ਸੰਤਾਨ ਨਾ ਹੋਣ ਕਰ ਕੇ ਆਪਣੇ ਦੋਹਿਤਰੇ ਭਾਈ ਮਾਨ ਸਿੰਘ ਨੂੰ ਮੁਤਬੰਨਾ ਬਣਾ ਕੇ ਆਪਣੀ ਥਾਂ ਕਾਇਮ ਕੀਤਾ, ਜਿਸਨੂੰ ਸਾਰੇ ਸਿੱਖਾਂ ਕੋਲੋਂ ਸਿਰੋਪਾ ਮਿਲਣ 'ਤੇ ਮਹਾਰਾਜਾ ਰਣਜੀਤ ਸਿੰਘ ਨੇ ਵੀ ਸਿਰੋਪਾ ਤੇ ਕੁਝ ਜਗੀਰ ਬਖ਼ਸ਼ ਦਿੱਤੀ। ਉਸਦੇ ਸ਼ਾਗਿਰਦ ਤੇ ਉਸਦੀ ਸੰਤਾਨ ਭਾਈ ਜੀਤ ਸਿੰਘ ਆਦਿ ਹੁਣ ਤਕ ਸ੍ਰੀ ਦਰਬਾਰ ਸਾਹਿਬ ਜੀ ਵਿਚ ਆਸਾ ਦੀ ਵਾਰ ਦੀ ਚੌਕੀ ਭਰਦੇ ਹਨ।"

ਭਾਈ ਮਨਸ਼ਾ ਸਿੰਘ ਜਿਥੇ ਆਸਾ ਦੀ ਵਾਰ ਦੀ ਚੌਕੀ ਭਰਦੇ ਸਨ, ਓਥੇ ਉਨ੍ਹਾਂ ਸਮਿਆਂ 'ਚ ਉਨ੍ਹਾਂ ਦਾ ਇਹ ਦੋਹਿਤਾ ਅਰਥਾਤ ਭਾਈ ਮਾਨ ਸਿੰਘ, ਆਪਣੇ ਸਾਥੀ ਭਾਈ ਅਮੀਰ ਸਿੰਘ ਸਮੇਤ ਛੇਵੀਂ ਅਰਥਾਤ ਆਨੰਦ ਦੀ ਚੌਕੀ ਭਰਦੇ ਸਨ, ਜਿਸਦਾ ਸਮਾਂ ਉਦੋਂ ਦੋ ਘੜੀਆਂ ਹੁੰਦਾ ਸੀ। ਉਹ ਵੀ ਬੜੀ ਉੱਚੀ ਅਵਸਥਾ ਦੇ ਸੁਆਮੀ ਸਨ। ਵੇਖੋ, ਸੰਤ ਸ਼ਾਮ ਸਿੰਘ ਸਿਰਫ਼ ਦੋ ਸਤਰਾਂ ਵਿਚ ਹੀ ਉਨ੍ਹਾਂ ਦੇ ਚਿਤ੍ਰ ਦਾ ਖ਼ਾਕਾ ਕਿੰਨੀ


ਖ਼ੂਬਸੂਰਤੀ ਨਾਲ ਖਿੱਚਦੇ ਹਨ : "ਭਾਈ ਮਾਨ ਸਿੰਘ ਗ੍ਰਿਹਸਤੀ। ਸੰਬੰਧੀ, ਪੁਤ੍ਰ ਪੋਤ੍ਰ ਆਦਿਕ, ਕੇਤੀ ਬੇਰ ਰਾਤ ਕੋ ਭੀ ਮ੍ਰਿਤ ਹੋ ਗਏ। ਤਬ ਆਪ ਤਨਕ ਮੇਂ ਸੋਗ ਤਿਆਗ ਕਰ, ਦਰਬਾਰ ਮੇਂ, ਕੀਰਤਨ ਮੇਂ ਆਦਿ ਸਾਵਧਾਨ ਹੋਣ।"

ਉਨ੍ਹਾਂ ਤੋਂ ਛੁੱਟ ਸਿੱਖ ਰਾਜ ਸਮੇਂ ਰਬਾਬੀਆਂ ਵਿੱਚੋਂ ਜਿਥੇ ਭਾਈ ਅਮੀਰ ਕਾਫ਼ੀ ਪ੍ਰਸਿੱਧ ਸਨ, ਓਥੇ ਰਾਗੀਆਂ ਵਿੱਚੋਂ ਸੰਤ ਸ਼ਾਮ ਸਿੰਘ ਵੀ ਬੜੇ ਪ੍ਰਸਿੱਧ ਸਨ। ਉਨ੍ਹਾਂ ਸਮਿਆਂ 'ਚ ਮੁਸਲਮਾਨ ਫ਼ਕੀਰ ਭਰਾਵਾਂ ਤੋਂ ਛੁੱਟ, ਸ਼ੇਰਿ-ਪੰਜਾਬ ਦੇ ਜਿਹੜੇ ਕੁਝ ਕੁ ਹੋਰ ਵੱਡੇ ਵਿਸ਼ਵਾਸ ਪਾਤਰ ਸਨ, ਉਹ ਸਨ ਗਿਆਨੀ ਸੰਤ ਸਿੰਘ (ਜਿਨ੍ਹਾਂ ਦੇ ਰਾਹੀਂ ਸ਼ੇਰਿ-ਪੰਜਾਬ ਨੇ ਸ੍ਰੀ ਹਰਿਮੰਦਰ ਸਾਹਿਬ 'ਤੇ ਸੋਨਾ ਚੜ੍ਹਾਉਣ ਦੀ ਸੇਵਾ ਕਰਵਾਈ ਸੀ) ਅਤੇ ਭਾਈ ਕਿਰਪਾ ਸਿੰਘ ਬਾਵਾ ਜੱਟੀ ਵਾਲਾ ( ?- 1836 ਈ.) ਜਿਹੜੇ ਕਿ ਮਹਾਰਾਜਾ ਦੇ ਗੁਰੂ ਅਖਵਾਉਂਦੇ ਸਨ। ਕਿਰਪਾ ਸਿੰਘ ਦੇ ਦੋ ਬੇਟੇ ਸਨ : ਭਾਈ ਰਾਮ ਸਿੰਘ ਅਤੇ ਜਵਾਹਰ ਸਿੰਘ, ਜਿਹੜਾ ਕਿ ਇਕ ਸ਼ਾਇਰ ਵੀ ਸੀ। ਭਾਈ ਰਾਮ ਸਿੰਘ ਸਿੱਖ ਰਾਜ ਸਮੇਂ ਕਿਲ੍ਹਾ ਗੋਬਿੰਦ ਗੜ੍ਹ ਦੇ ਹੈੱਡ ਗ੍ਰੰਥੀ ਸਨ। ਚਨਿਓਟ ਇਲਾਕੇ ਦੀ ਪਿੱਠ-ਭੂਮੀ ਵਾਲੇ ਭਾਈ ਸੰਤ ਸਿੰਘ ਜਿਸਨੇ ਕਿ ਝੰਗ ਦੀ ਲੜਾਈ ਸਮੇਂ ਜ਼ਖ਼ਮੀ ਹੋਏ ਸ਼ੇਰਿ-ਪੰਜਾਬ ਦੀ ਜਾਨ ਬਚਾਈ ਸੀ, ਆਪਣੇ ਸਮੇਂ ਦਾ ਇਕ ਬਹੁਤ ਵੱਡਾ ਕਥਾਕਾਰ ਵੀ ਸੀ। ਅਸਲ ਵਿਚ ਉਨ੍ਹਾਂ ਦਾ ਖ਼ਾਨਦਾਨ ਹੁਣ ਅੰਮ੍ਰਿਤਸਰ ਆਣ ਵੱਸ ਗਿਆ ਸੀ ਅਤੇ ਏਥੇ ਆ ਕੇ ਵੀ ਉਨ੍ਹਾਂ ਨੇ ਸਿੱਖੀ ਦੇ ਪ੍ਰਚਾਰ ਲਈ ਬੜਾ ਕੰਮ ਕੀਤਾ। ਇਹ ਕੁਦਰਤ ਦਾ ਨੇਮ ਹੈ ਕਿ ਬੰਦੇ ਵਿਚ ਖ਼ੂਬੀਆਂ ਦੇ ਨਾਲ ਕੁਝ ਖ਼ਾਮੀਆਂ ਵੀ ਹੁੰਦੀਆਂ ਹਨ। ਗਿਆਨੀ ਗਿਆਨ ਸਿੰਘ ਉਸਦੀ ਇਸ ਕਮਜ਼ੋਰੀ ਦੀ ਨਿਸ਼ਾਨਦੇਹੀ ਇਨ੍ਹਾਂ ਸ਼ਬਦਾਂ ਰਾਹੀਂ ਕਰਦੇ ਹਨ : "ਭਾਵੇਂ ਸੱਤੇ ਬਲਵੰਡ ਦੀ ਸੰਤਾਨ ਭਾਈ ਅਤਰਾ ਆਦਿ ਰਬਾਬੀ ਸ੍ਰੀ ਦਰਬਾਰ ਸਾਹਿਬ ਵਿਚ ਸ਼ਬਦ ਕੀਰਤਨ ਕਰਦੇ ਸਨ, ਪਰ ਹੋਰ ਵੀ ਜਿਸ ਕਿਸੇ ਰਬਾਬੀ ਨੇ ਭਾਈ ਸੰਤ ਸਿੰਘ ਜੀ ਗਯਾਨੀ ਦੀ ਖ਼ੁਸ਼ਾਮਦ ਕੀਤੀ, ਉਸਨੇ ਉਸੇ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਸ਼ਬਦ ਚੌਕੀ ਕਰਨ ਦੀ ਆਗਿਆ ਦੇ ਦਿੱਤੀ। ਇਸ ਤਰ੍ਹਾਂ ਚੌਕੀ ਕਰਨ ਵਾਲਿਆਂ ਦੀ ਗਿਣਤੀ ਬਹੁਤ ਵੱਧ ਗਈ।"[1]

ਉਪਰੋਕਤ ਲਿਖੇ ਗਏ ਕਲਾਕਾਰਾਂ ਤੋਂ ਛੁੱਟ ਇਹ ਤਾਂ ਨਹੀਂ ਕਿ ਉਸ ਦੌਰ ਵਿਚ ਹੋਰ ਕੋਈ ਵੱਡੇ ਰਾਗੀ ਰਬਾਬੀ ਨਹੀਂ ਹੋਣਗੇ, ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਬਹੁਤੀ ਵੇਰ ਅਸੀਂ ਆਪਣੀਆਂ ਕੁਝ ਅਦੁੱਤੀ ਹਸਤੀਆਂ ਦੇ ਵੀ ਜੀਵਨ ਬਿਓਰੇ ਸਾਂਭ ਕੇ ਨਹੀਂ ਰੱਖਦੇ। ਤਾਂ ਵੀ ਉਸ ਜਾਂ ਥੋੜ੍ਹੇ ਜਿਹੇ ਪਿੱਛੋਂ ਸਮੇਂ ਦੇ ਛਪੇ ਹੋਏ ਇਕ ਕਿਤਾਬਚੇ *ਗ੍ਰੰਥ ਸੰਗੀਤਕਾਰ* ਦੇ ਕੁਝ ਪੱਤਰੇ ਸਾਡੇ ਹੱਥ ਲੱਗੇ ਹਨ, ਜਿਹੜੇ ਕਿ ਭਾਈ ਛਾਂਗਾ ਸਿੰਘ (ਭਰਾਤਾ ਭਾਈ ਮਾਂਗਾ ਸਿੰਘ ?) ਰਾਗੀ ਦੀ ਕਿਰਤ ਹੈ ਅਤੇ ਸੰਨ 1872 ਈ. ਵਿਚ ਛਾਪੀ ਗਈ ਸੀ। ਇਹ ਅਦੁੱਤੀ ਕਿਰਤ ਯੂਨੀਅਨ ਸਟੀਮ ਪ੍ਰੈਸ, ਲਾਹੌਰ ਵਿਚ ਛਾਪੀ ਗਈ ਸੀ ਅਤੇ ਇਸ ਦੇ ਕਰਤਾ ਜਿਹੜੇ ਕਿ ਭਾਈ ਭਗਤ ਸਿੰਘ ਰਾਗੀ ਅੰਮ੍ਰਿਤਸਰ ਵਾਲਿਆਂ ਦੇ ਸਪੁੱਤ੍ਰ ਸਨ, ਉਹ ਉਦੋਂ ਡੇਹਰਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਗੁਰਦੁਆਰਾ ਲਾਹੌਰ ਦੇ ਸੇਵਾਦਾਰ ਸਨ।

1. *ਤਵਾਰੀਖ਼ ਸ੍ਰੀ ਅੰਮ੍ਰਿਤਸਰ*, ਗਿਆਨੀ ਗਿਆਨ ਸਿੰਘ, ਸਫ਼ਾ 46.


www.sikhbookclub.com



ਬਾਬਾ ਸ਼ਾਮ ਸਿੰਘ ਅਡਣਸ਼ਾਹੀ
ਇਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ 78 ਸਾਲ ਕੀਰਤਨ ਕੀਤਾ ।


www.sikhbookclub.com

# ਬਾਬਾ ਸ਼ਾਮ ਸਿੰਘ ਅਡਣਸ਼ਾਹੀ

ਆਪ ਦਾ ਸਬੰਧ ਉਂਜ ਉੱਨ੍ਹੀਵੀਂ ਸਦੀ ਨਾਲ ਹੈ, ਭਾਵੇਂ ਕਿ ਆਪ ਆਪਣੀ ਲੰਮੀ ਉਮਰ ਕਰਕੇ, ਵੀਹਵੀਂ ਸਦੀ ਦੇ ਪਹਿਲੇ ਹਿੱਸੇ ਤਕ ਜੀਵਤ ਰਹੇ। ਆਪ ਭਾਈ ਮਹਿਬੂਬ ਅਲੀ ਦੇ ਪਿਤਾ ਭਾਈ ਅਮੀਰ ਬਖ਼ਸ਼ ਰਬਾਬੀ ਅਤੇ ਪਟਿਆਲਾ ਸੰਗੀਤ ਘਰਾਣੇ ਦੇ ਮੋਢੀ ਅਲੀ ਬਖ਼ਸ਼ ਜਰਨੈਲ ਦੇ ਬਾਬੇ ਭਾਈ ਦਿੱਤੇ ਖ਼ਾਂ ਚੁਗਾਵਾਂ ਵਾਲੇ ਅਤੇ ਸਿੱਖ-ਰਾਜ ਦੇ ਪ੍ਰਸਿੱਧ ਰਾਗੀ ਭਾਈ ਮਨਸ਼ਾ ਸਿੰਘ ਜੀ ਦੇ ਹਾਣੀ, ਸਮਕਾਲੀ ਸਨ।

ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਲਾਹੌਰ 'ਤੇ ਕਬਜ਼ਾ ਕੀਤਿਆਂ ਮਸਾਂ ਅਜੇ ਚਾਰ ਕੁ ਸਾਲ ਹੀ ਹੋਏ ਸਨ ਅਤੇ ਮਾਲਵੇ ਕੰਨੀਂ ਰਾਜਾ ਕਰਮ ਸਿੰਘ ਵੀ ਹਾਲੇ ਰਾਜ ਗੱਦੀ 'ਤੇ ਨਹੀਂ ਸਨ ਬੈਠੇ ਕਿ ਆਪ ਦਾ ਜਨਮ 1803 ਈ. ਨੂੰ ਹੋਇਆ। ਬਚਪਨ ਵਿਚ ਹੀ ਆਪ ਨੂੰ ਸੰਗੀਤ ਦੀ ਚੇਟਕ ਸੀ, ਇਸ ਲਈ ਆਪ ਆਪਣਾ ਬਹੁਤਾ ਸਮਾਂ ਇਸ ਦੇ ਸਿੱਖਣ ਜਾਂ ਰਿਆਜ਼ 'ਤੇ ਹੀ ਗੁਜ਼ਾਰਦੇ। ਸ਼ਬਦ ਕੀਰਤਨ ਦੇ ਸਰੋਦੀ ਅੰਗ ਨੂੰ ਨਿਖਾਰਨ ਲਈ ਗੁਰੂ ਅਮਰਦਾਸ ਜੀ ਨੇ ਅਸਲੋਂ ਇਕ ਨਵੇਂ ਸਾਜ਼ 'ਸਾਰੰਦਾ' ਦਾ ਆਵਿਸ਼ਕਾਰ ਤਾਂ ਕਰ ਹੀ ਛੱਡਿਆ ਸੀ, ਜਿਹੜੀ ਕਿ ਹਿੰਦੁਸਤਾਨੀ ਸੰਗੀਤ ਵਿਚ ਇਕ ਤਵਾਰੀਖ਼ੀ ਕ੍ਰਿਸ਼ਮੇ ਵਾਲੀ ਗੱਲ ਸੀ, ਇਸ ਲਈ ਆਪ ਵੀ ਆਪਣੀ ਇਸ ਗੌਰਵਮਈ ਰਵਾਇਤ ਨੂੰ ਕਾਇਮ ਰੱਖਣ ਲਈ ਹਮੇਸ਼ਾ ਇਸ ਸਾਜ਼ ਨਾਲ ਹੀ ਕੀਰਤਨ ਕਰਦੇ। ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਉਨ੍ਹਾਂ ਲਗਭਗ ਅਨੁੱਤਰ ਵਰ੍ਹੇ ਨਿਸ਼ਕਾਮ ਸੇਵਾ ਕੀਤੀ, ਪਹਿਲੀ ਚੌਂਕੀ ਲਗਾਂਦੇ ਸਨ...ਇਸ ਏਨੇ ਲੰਮੇ ਸਮੇਂ ਦੌਰਾਨ, ਮਜਾਲ ਕੀ ਕਿ ਉਹ ਕਦੇ ਆਪਣੀ ਸੇਵਾ ਤੋਂ ਕੁਝ ਮਿੰਟ ਵੀ ਲੇਟ ਹੋਏ ਹੋਣ। ਝੱਖੜ ਝੁੱਲਣ, ਮੀਂਹ ਜਾਏ ਭਾਵੇਂ ਹਨੇਰੀ, ਆਪ ਆਪਣੀ ਸੇਵਾ ਤੋਂ ਕਾਫ਼ੀ ਸਮਾਂ ਪਹਿਲਾਂ ਪਹੁੰਚ ਜਾਂਦੇ ਸਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦਰਬਾਰ ਸਾਹਿਬ ਜੀ ਦੀ ਪਵਿੱਤਰ ਮਰਯਾਦਾ ਅਨੁਸਾਰ ਅੱਧੀ ਰਾਤ ਤੋਂ ਬਾਅਦ ਦੋ ਵਜੇ ਸਵੇਰੇ ਅੰਮ੍ਰਿਤ ਵੇਲੇ ਤਿੰਨ ਪਹਿਰ ਦੀ ਚੌਕੀ ਕੀਰਤਨ ਲਈ ਕਿਵਾੜ ਖੁੱਲ੍ਹ ਜਾਂਦੇ ਅਤੇ ਉਧਰੋਂ ਆਪ ਦਰਸ਼ਨੀ ਡਿਓੜੀ ਦੇ ਬਾਹਰ ਬੈਠ ਕੇ, "ਦਰਮਾਦੇ ਠਾਢੇ ਦਰਬਾਰਿ॥ ਤੁਝ ਬਿਨੁ ਸੁਰਤਿ ਕਰੈ ਕੋ ਮੇਰੀ, ਦਰਸਨੁ ਦੀਜੈ ਖੋਲ੍ਹਿ ਕਿਵਾਰ॥" ਦਾ ਗਾਇਣ ਕਰਦੇ।

ਬਸ ਅਰਜੋਈਆਂ ਭਰਿਆ ਕੀਰਤਨ ਕਰਦਿਆਂ ਇਕ ਸੁਰ ਹੋ ਕੇ ਵੈਰਾਗ ਵਿਸਮਾਦ ਦੀਆਂ ਸਭ ਹੱਦਾਂ ਬੰਨੇ ਟੱਪ ਜਾਂਦੇ ਸਨ। ਆਪ ਧਰਮਸ਼ਾਲਾ ਭਾਈ ਸੋਭਾ ਰਾਮ ਜੀ ਅਡਣਸ਼ਾਹੀ, ਬਾਜ਼ਾਰ ਹਰੀ ਸਿੰਘ ਵਿਚ ਰਿਹਾਇਸ਼ ਰੱਖਦੇ ਸਨ। ਇਸ ਥਾਂ

ਇਕ ਹੋਰ ਤੱਥ ਬੜਾ ਦਿਲਕਸ਼ ਹੈ ਕਿ ਹਾਰਮੋਨੀਅਮ ਵਾਜੇ ਦੀ ਈਜਾਦ ਉਦੋਂ ਹੋਈ ਜਦੋਂ ਆਪ ਜਵਾਨ ਸਨ। ਇਹ 1840 ਈ. ਦੀ ਗੱਲ ਹੈ ਕਿ ਪੈਰਿਸ ਦੇ ਇਕ ਸਾਜ਼ਕਾਰ ਸਕੰਦਰ ਐਫ਼ ਡੇਬੀਅਨ ਨੇ ਇਸ ਨਵੇਂ ਸਾਜ਼ ਦਾ ਆਵਿਸ਼ਕਾਰ ਕਰ ਦਿੱਤਾ ਸੀ। ਹਿੰਦੁਸਤਾਨ ਵਿਚ ਸਭ ਤੋਂ ਪਹਿਲਾਂ ਇਹ ਸਾਜ਼ ਬੰਗਾਲੀਆਂ ਨੇ ਵਜਾਉਣਾ ਸ਼ੁਰੂ ਕੀਤਾ ਸੀ। ਇਸਦਾ ਸਭ ਤੋਂ ਪਹਿਲਾ ਵੱਡਾ ਵਜੰਤਰੀ ਬਾਬੂ ਸੀਤਾ ਰਾਮ ਮੁਰਾਦਾਬਾਦੀ (—? — 1912), ਜਿਹੜਾ ਉਦੋਂ ਕਲਕੱਤੇ ਰਹਿੰਦਾ ਸੀ, ਨੇ ਵਜਾਉਣਾ ਸਿੱਖਿਆ ਅਤੇ ਆਪਣੀ ਦਿਨ ਰਾਤ ਦੀ ਮਿਹਨਤ ਸਦਕਾ ਆਪਣੇ ਸਮੇਂ 'ਚ ਫਿਰ "ਵਾਜੇ ਦਾ ਬਾਦਸ਼ਾਹ" ਅਖਵਾਇਆ। ਨਵਾਂ ਨਵਾਂ ਸਾਜ਼ ਸੀ, ਬੰਗਾਲ ਵਿਚ ਇਸਦੀ ਤੇਜ਼ੀ ਨਾਲ ਵਧ ਰਹੀ ਲੋਕਪ੍ਰਿਯਤਾ ਨੂੰ ਦੇਖ ਕੇ ਕਾਰੋਬਾਰੀ ਲਿਹਾਜ਼ ਨੂੰ ਮੁਖ ਰੱਖਦਿਆਂ, ਉਸਨੇ ਇਸਨੂੰ ਪੰਜਾਬ 'ਚ ਪ੍ਰਚਿਯਤ ਕਰਵਾਉਣ ਦੀ ਕੋਸ਼ਿਸ਼ ਕੀਤੀ ਕਿ ਬਹੁਤ ਧਨ ਕਮਾਇਆ ਜਾਏ। ਇਹ 1884-85 ਈ. ਦੀ ਗੱਲ ਹੈ ਕਿ ਉਸਨੇ ਅੰਮ੍ਰਿਤਸਰ ਆ ਕੇ ਆਪਣੇ ਕੁਝ ਸ਼ਾਗਿਰਦ ਬਣਾਏ, ਜਿਨ੍ਹਾਂ ਵਿੱਚੋਂ ਉਸਦੇ ਪਹਿਲੇ ਸ਼ਾਗਿਰਦ ਆਪ ਸਨ। ਸਾਡੇ ਪਾਸ ਉਰਦੂ ਦੀ ਇਕ ਅਜਿਹੀ ਦੁਰਲੱਭ ਦਸਤਾਵੇਜ਼ ਹੈ, ਜਿਸ ਵਿਚ ਇੰਜ ਦਰਜ ਹੈ: "ਚੁਨਾਂਚਿ, ਅੰਮ੍ਰਿਤਸਰ ਮੇਂ ਭਾਈ ਸ਼ਾਮ ਸਿੰਘ ਜੋ ਅਭੀ ਬਕੈਦ ਹਯਾਤ (ਜੀਂਦੇ) ਹੈਂ, ਉਨਕੇ ਪਹਿਲੇ ਸ਼ਾਗਿਰਦ ਥੇ। ਭਾਈ ਸ਼ਾਮ ਸਿੰਘ ਭੀ ਅਪਨੇ ਉਸਤਾਦ ਕੀ ਤਰਹ ਠੁਮਰੀ ਬੜੀ ਖ਼ੂਬੀ ਸੇ ਬਜਾਤੇ ਹੈਂ ਔਰ ਉਨਕੋ ਇਸ ਫ਼ਨ ਮੇਂ ਕਾਮਲ ਦਸਤਰਸ (ਕਾਬਲੀਅਤ) ਹੈ।" 1923 ਵਿਚ ਹੋਈ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਦੇ ਆਰੰਭ ਸਮੇਂ, ਪੰਜਾਂ ਪਿਆਰਿਆਂ ਵਿਚ ਸ਼ਾਮਲ ਸਨ। ਦਰਗਾਹੀ ਸੱਦੇ ਅਨੁਸਾਰ 1928 ਈ. ਨੂੰ ਆਪ ਚੜ੍ਹਾਈ ਕਰ ਗਏ। ਇਸ ਤਰ੍ਹਾਂ ਆਪ 125 ਸਾਲ ਦੀ ਦੀਰਘ ਉਮਰ ਤਕ ਜੀਵਤ ਰਹੇ। ਜਿਥੇ ਆਪ ਨਿਸ਼ਕਾਮ ਸੇਵਾ ਦੇ ਪੁੰਜ ਸਨ, ਉਥੇ ਕਿਰਿਆਤਮਕ ਰੁਚੀਆਂ ਦੇ ਸੁਆਮੀ ਵੀ। ਦੱਸਿਆ ਜਾਂਦਾ ਹੈ ਕਿ ਆਪ ਨੇ ਸਿੱਖ ਫਲਸਫੇ ਸਬੰਧੀ ਕੁਝ ਕਿਤਾਬਾਂ ਵੀ ਲਿਖੀਆਂ ਸਨ। ਆਪ ਦੇ ਇਕ ਦੁਰਲੱਭ ਹੱਥ-ਲਿਖਤ ਖਰੜੇ *ਹਰਿ ਭਗਤਿ ਪ੍ਰੇਮਾਕਰ* (1913 ਈ.) ਦੀ ਇਕ ਸਾਈਕਲੋਸਟਾਈਲ ਕਾਪੀ ਸਿੱਖ ਇਤਿਹਾਸ ਖੋਜ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਸੰਗ੍ਰਹਿ ਵਿਚ ਸਾਂਭੀ ਪਈ ਹੈ।

ਆਪ ਬ੍ਰਹਮ ਗਿਆਨੀ ਕਰਕੇ ਜਾਣੇ ਜਾਂਦੇ ਸਨ। ਗੁਰੂ ਕੀ ਨਗਰੀ ਦੇ ਹੀ ਇਕ ਬੜੇ ਵੱਡੇ ਸੰਗੀਤ ਰਸੀਏ ਅਤੇ ਪੁਰਾਣੇ ਬਜ਼ੁਰਗ ਸ਼੍ਰੀ ਟੀ.ਸੀ. ਨਾਗਪਾਲ ਜਿਹੜੇ ਉਨ੍ਹਾਂ ਦੇ ਚੜ੍ਹਾਈ ਕਰਨ ਪਿੱਛੋਂ ਉਸ ਸਮੇਂ ਸ਼ਮਸ਼ਾਨਘਾਟ ਚਾਟੀ ਵਿੰਡ ਤਕ ਉਨ੍ਹਾਂ ਦੀ ਅਰਥੀ ਨਾਲ ਗਏ ਸਨ, ਦੱਸਦੇ ਹਨ ਕਿ ਉਨ੍ਹਾਂ ਦਾ ਸਸਕਾਰ ਚੰਦਨ ਦੀਆਂ ਲੱਕੜਾਂ ਨਾਲ ਹੋਇਆ ਸੀ ਅਤੇ ਕਈ ਮਣਾਂ ਬੱਧੀ ਫੁੱਲ ਉਨ੍ਹਾਂ ਦੀ ਦੇਹ ਤੋਂ ਨਿਛਾਵਰ ਕੀਤੇ ਗਏ ਸਨ।

ਆਪ ਦੀ ਗਣਤਾ ਗੁਰਬਾਣੀ ਕੀਰਤਨ ਦੇ ਕੁਝ ਕੁ ਉਨ੍ਹਾਂ ਥੰਮ੍ਹਾਂ ਵਿਚ ਹੁੰਦੀ ਹੈ ਜਿਨ੍ਹਾਂ ਨੇ ਆਪਣੇ ਉੱਚੇ ਜੀਵਨ, ਆਪਣੀ ਸੱਚੀ ਸੁੱਚੀ ਸ਼ਖ਼ਸੀਅਤ ਅਤੇ ਵਿਸਮਾਦੀ ਕੀਰਤਨ ਦੁਆਰਾ ਸਿੱਖ ਪਰੰਪਰਾਵਾਂ ਕਾਇਮ ਰੱਖਣ ਲਈ ਇਕ ਅਹਿਮ ਰੋਲ ਅਦਾ ਕੀਤਾ।

# ਭਾਈ ਖ਼ੈਰ ਗਿੱਡੂ

ਜਾਪਦਾ ਹੈ ਜਿਵੇਂ ਸਿੱਖ ਰਾਜ ਦੇ ਖ਼ਾਤਮੇ ਪਿੱਛੋਂ ਭਾਈ ਅਮੀਰਾ ਅਤੇ ਭਾਈ ਗੁਲਾਬ ਗੁਰਦੁਆਰਾ ਸ਼ਹੀਦ ਗੰਜ ਲਾਹੌਰ 'ਚ ਵੀ ਸੇਵਾ ਕਰਦੇ ਰਹੇ। ਉਰਦੂ ਦੀ ਸਾਡੇ ਕੋਲ ਪਈ ਪ੍ਰਸਿੱਧ ਦਸਤਾਵੇਜ਼ *ਤਹਿਕੀਕਾਤਿ-ਚਿਸ਼ਤੀ* ਦਾ ਕਰਤਾ ਮੌਲਵੀ ਨੂਰ ਅਹਿਮਦ ਚਿਸ਼ਤੀ (1828-1868 ਈ.) ਸਫ਼ਾ 835 'ਤੇ ਇੰਜ ਲਿਖਦਾ ਹੈ:

ਗੰਡਾ ਸਿੰਘ, ਲਛਮਣ ਸਿੰਘ ਗ੍ਰੰਥੀ ਸੁੱਖਾ ਸਿੰਘ ਬਾਵਰਚੀ ਆਸਾ ਸਿੰਘ।
ਗੰਡਾ ਸਿੰਘ ਪ੍ਰੇਮ ਸਿੰਘ ਨਬੀਰਾ (ਭਾਵ ਪੋਤਾ ਜਾਂ ਦੋਹਿਤਾ) ਗੰਡਾ ਸਿੰਘ, ਰਾਮ ਸਿੰਘ ਅਨਕੋਲ ਕਿਸ਼ਨ, ਭਾਈ ਅਮੀਰਾ, ਭਾਈ ਗੁਲਾਬ - ਯੇ ਹਰ ਦੋ ਸ਼ਬਦ ਖ਼ੁਆ (ਗਾਉਣ ਵਾਲੇ) ਔਰ ਦੋ ਰੁਪਿਆ ਮਾਹਵਾਰੀ ਮੇ ਨਾਨ ਵਾ ਪਰਚਾ (ਰੋਟੀ ਕੱਪੜਾ) ਆਮਦਨੀ ਦਰਬਾਰ ਸੇ ਮਾਹ ਬਮਾਹ (ਮਹੀਨੇ ਦੇ ਮਹੀਨੇ) ਮਿਲਤਾ ਥਾ।

ਲਾਹੌਰ ਦੇ ਮੁਬਰੇ ਸ਼ਾਹੀਆਂ ਦੇ ਮਕਾਨ ਦਾ ਜ਼ਿਕਰ ਕਰਦਿਆਂ ਚਿਸ਼ਤੀ ਲਿਖਦਾ ਹੈ:

ਰਣਜੀਤ ਸਿੰਘ ਦੇ ਵਕਤ ਇਸ ਮਕਾਨ ਦੇ ਵਾਸਤੇ ਇਕ ਰੁਪਿਆ ਹਰ ਰੋਜ਼ ਬਤੌਰ ਧਰਮ ਅਰਥ ਮਿਲਦਾ ਸੀ ਅਤੇ ਹਰ ਤਵਾਇਫ਼ (ਕੰਜਰੀ) ਲਈ ਹਰ ਰੋਜ਼ ਇਕ ਪੈਸਾ ਮੁਕੱਰਰ ਸੀ।
*(ਸਫ਼ਾ 848)*

ਖ਼ੁਸ਼ੀ ਦੀ ਗੱਲ ਹੈ ਕਿ ਇਹ ਅਦੁੱਤੀ ਕਿਰਤ ਮਹਾਰਾਜਾ ਖੜਕ ਸਿੰਘ/ਨੌਨਿਹਾਲ ਸਿੰਘ ਦੀਆਂ ਸਮਾਧਾਂ ਬਾਰੇ ਵੀ ਚਾਨਣਾ ਪਾਉਂਦੀ ਹੈ, ਜਿਸ ਵਿਚ ਉਸ ਥਾਂ ਸੇਵਾ ਨਿਭਾ ਰਹੇ ਰਾਗੀਆਂ ਦਾ ਵੀ ਉਲੇਖ ਹੈ:

ਖੜਕ ਸਿੰਘ ਅਤੇ ਨੌਨਿਹਾਲ ਸਿੰਘ ਦੀਆਂ ਮੜ੍ਹੀਆਂ ਤੇ ਵੀ ਦੋ ਗ੍ਰੰਥੀ ਰੱਖੇ ਹੋਏ ਹਨ। ਸਮਾਧ ਖੜਕ ਸਿੰਘ ਤੇ ਤਿੰਨ ਆਦਮੀ ਮੁਲਾਜ਼ਮ ਹਨ—ਇਕ ਨੌਨਿਹਾਲ ਸਿੰਘ, ਦੂਜਾ ਵਚਨ ਸਿੰਘ ਅਤੇ ਤੀਜਾ ਗੰਡਾ ਸਿੰਘ। ਵਚਨ ਸਿੰਘ ਅਤੇ ਨੌਨਿਹਾਲ ਸਿੰਘ ਰਾਗੀ ਹਨ ਅਤੇ ਗੰਡਾ ਸਿੰਘ ਗ੍ਰੰਥੀ ਖ਼ਾਦਮ (ਨੌਕਰ) ਸਮਾਧ ਗ਼ੁਸਲ (ਧੋ ਧੁਆਈ) ਵਗੈਰਾ ਕਰਵਾਉਂਦਾ ਹੈ। ਅਤੇ ਕੰਵਰ ਨੌਨਿਹਾਲ ਸਿੰਘ ਦੀ ਸਮਾਧ ਤੇ ਸਿਰਫ਼ ਭਾਈ ਬੁੱਧ ਸਿੰਘ ਗ੍ਰੰਥੀ ਹੈ। *(ਸਫ਼ਾ 858)*

ਲੱਗਦਾ ਹੈ ਜਿਵੇਂ ਭਾਈ ਖ਼ੈਰ ਗਿੱਡੂ ਦਾ ਜਨਮ ਕਰੀਬਨ ਉਨ੍ਹਾਂ ਸਮਿਆਂ 'ਚ ਜਾਂ ਉਸ ਤੋਂ ਥੋੜ੍ਹਾ ਪਿੱਛੋਂ ਲਾਹੌਰ ਵਿਖੇ ਹੋਇਆ। ਉਨ੍ਹਾਂ ਦੇ ਬਜ਼ੁਰਗ ਉਦੋਂ ਤਾਲਾਬ ਨਲਕਿਆਂ ਵਾਲਾ ਲਾਹੌਰ ਦੇ ਨੇੜੇ ਰਿਹਾਇਸ਼ ਰੱਖਦੇ ਸਨ। ਲਾਹੌਰ ਦੇ ਜ਼ਿਆਦਾ

ਪ੍ਰਸਿੱਧੀ ਵਾਲੇ ਰਬਾਬੀ ਉਦੋਂ ਫਿਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਆ ਕੇ ਵੀ ਆਪਣੀ ਕਲਾ ਦਾ ਸਿੱਕਾ ਜਮਾਉਣ ਦੀ ਕੋਸ਼ਿਸ਼ ਕਰਦੇ ਸਨ। ਲੋੜ ਪੈਣ ਅਨੁਸਾਰ ਉਹ ਫਿਰ ਏਥੇ ਹੀ ਬਸੇਰਾ ਕਰ ਕੇ ਰਹਿਣ ਲੱਗ ਪੈਂਦੇ ਸਨ।

ਉੱਪਰ ਅਸੀਂ ਉਨ੍ਹਾਂ ਦਿਨਾਂ ਦੇ ਲਾਹੌਰ ਦੀ ਮਾੜੀ ਮੋਟੀ ਝਲਕ ਦੇਣ ਦੀ ਕੋਸ਼ਿਸ਼ ਕੀਤੀ ਹੈ। ਹੁਣ ਅਸੀਂ ਉਦੋਂ ਕੁ ਦੇ ਅੰਮ੍ਰਿਤਸਰ ਦੇ ਸੰਗੀਤਕ ਮਾਹੌਲ 'ਤੇ ਮਾੜੀ ਪਤਲੀ ਜਿਹੀ ਰੋਸ਼ਨੀ ਪਾਵਾਂਗੇ।

ਉਹ ਕਿਹੋ ਜਿਹੇ ਸਮੇਂ ਸਨ ਜਦੋਂ ਕਿ ਸ੍ਰੀ ਅੰਮ੍ਰਿਤਸਰ ਦੇ ਦੋ ਪਖਾਵਜੀਆਂ ਬਾਬਾ ਮੁਹੰਮਦ ਬਖ਼ਸ਼ ਉਰਫ਼ ਮੰਦ੍ਹਾ ਅਤੇ ਭਾਈ ਥਾਗ ਦਾ ਮੁਕਾਬਲਾ ਸਾਰੇ ਹਿੰਦੁਸਤਾਨ ਵਿਚ ਨਹੀਂ ਸੀ। ਉਨ੍ਹਾਂ ਦੋਹਾਂ ਦੀ ਉੱਚਤਾ ਨੂੰ ਦੇਸ਼ ਭਰ ਦੇ ਸਮੂਹ ਕਲਾਕਾਰਾਂ ਨੇ ਮੰਨਿਆ। ਏਥੋਂ ਤਕ ਕਿ ਉਨ੍ਹਾਂ ਦੋਹਾਂ ਨੂੰ ਦੇਸ਼ ਭਰ ਵਿਚ 'ਜੋੜੀ ਦੇ ਅਵਤਾਰ' ਕਰ ਕੇ ਮੰਨਿਆ ਸਤਿਕਾਰਿਆ ਜਾਂਦਾ ਸੀ।

ਆਪ ਦੋਵੇਂ ਭਾਈ ਸ਼ੈਰ ਗਿੱਡੂ ਦੇ ਸਮਕਾਲੀ ਸਨ। ਸਗੋਂ ਭਾਈ ਮੰਦ੍ਹਾ ਤਾਂ ਉਸਦਾ ਜੋੜੀ 'ਤੇ ਸਾਥ ਵੀ ਕਰਦਾ ਹੁੰਦਾ ਸੀ।

ਇਹ ਗੱਲ ਦੇਖਣ 'ਚ ਆਈ ਹੈ ਕਿ ਕਈ ਗਾਇਕ ਗਾਇਨ ਸਿੱਖਣ ਤੋਂ ਪਹਿਲਾ ਕਈ ਕਈ ਸਾਲ ਤਬਲਾ ਜਾਂ ਪਖਾਵਜ ਵਜਾਉਣ ਵਿਚ ਲਾਉਂਦੇ ਰਹੇ ਹਨ। ਏਹੋ ਹੀ ਹਾਲ ਗਿੱਡੂ ਦਾ ਸੀ। ਸਭ ਤੋਂ ਪਹਿਲਾਂ ਅਸੀਂ ਇਸ ਗੱਲ ਦਾ ਨਿਤਾਰਾ ਕਰ ਲਈਏ ਕਿ ਇਹ 'ਗਿੱਡੂ' ਕੀ ਬਲਾ ਹੋਈ। ਸੱਚ ਜਾਣੀਏ ਤਾਂ ਅਸੀਂ ਪੰਜਾਬੀ ਬੜੇ ਖ਼ਰਾਬ (?) ਬੰਦੇ ਹਾਂ। ਕਈ ਵੇਰ ਅਸੀਂ ਸਹਿਜ ਸੁਭਾ ਹੀ ਕਿਸੇ ਵਿਅਕਤੀ ਦਾ ਨਾਂ ਤੇ ਕੰਨਾ ਅਜਿਹਾ ਪਾਉਂਦੇ ਹਾਂ ਕਿ ਸਾਡੇ ਵਲੋਂ ਦਿੱਤਾ ਗਿਆ ਲਕਬ ਅਗਲੇ ਦੇ ਨਾਂ ਨਾਲ ਅਜਿਹਾ ਚੁੰਬੜ ਜਾਂਦਾ ਹੈ ਕਿ ਸਾਰੀ ਉਮਰ ਲਹਿਣ ਦਾ ਨਾਂ ਨਹੀਂ ਲੈਂਦਾ। ਗ਼ੁਲਾਮ ਨੂੰ ਗਾਮਾ ਕਹਿਣਾ, ਮਿਰਾਜ ਨੂੰ ਮਾਝਾ, ਸਰਾਜ ਨੂੰ ਸਾਜਾ, ਸਾਡੇ ਲਬੋ-ਲਹਿਜੇ 'ਚ ਆਮ ਜਿਹੀ ਗੱਲ ਹੈ। ਕਿਸੇ ਦਾ ਘੁੱਗੂ, ਕਿਸੇ ਦਾ ਘੁੱਦੂ, ਕਿਸੇ ਦਾ ਬੁੱਧੂ ਰੱਖ ਲੈਣਾ ਸਾਡੇ ਲਈ ਆਮ ਜਿਹੀ ਗੱਲ ਹੈ। ਕਈ ਵੇਰ ਅਸੀਂ ਅਗਲੇ ਨੂੰ ਘੁੱਗ ਜਾਂ ਘੁੱਕ (ਪਾਕਿਸਤਾਨੀ ਪ੍ਰਸਿੱਧ ਤਬਲਾ ਨਵਾਜ਼ ਨੂੰ ਦਿੱਤਾ ਹੋਇਆ ਖ਼ਿਤਾਬ) ਕਹਿ ਕੇ ਅਸੀਂ ਆਪਣਾ ਚਸਕਾ ਲੈਂਦੇ ਹਾਂ। ਅੰਮ੍ਰਿਤਸਰ ਦਾ ਇਕ ਗਾਇਕ ਸੀ; ਘਰਦਿਆਂ ਉਸਦਾ ਨਾਂ ਜਮਾਲ ਖ਼ਾਂ ਰੱਖਿਆ, ਪਰ ਕਿਉਂਕਿ ਉਹ ਬੜੀਆਂ ਤੇਜ਼ ਤਾਨਾਂ ਲੈਂਦਾ ਸੀ, ਲੋਕੀਂ ਉਸਨੂੰ ਮੱਛਰ ਖ਼ਾਂ ਕਹਿਣ ਲੱਗ ਪਏ। ਅੱਜ-ਕੱਲ੍ਹ ਦੀਆਂ ਗੱਲਾਂ ਹਨ, ਕਿ ਕਬੱਡੀ ਦੇ ਇਕ ਪ੍ਰਸਿੱਧ ਖਿਡਾਰੀ ਦਾ ਨਾਂ ਅਸੀਂ ਫਿੱਡੂ ਰੱਖਿਆ ਹੋਇਆ ਹੈ। ਇਸ ਰਬਾਬੀ ਭਾਈ ਸ਼ੇਰ ਦਾ ਨਾਂ ਗਿੱਡੂ ਇਸ ਲਈ ਨਹੀਂ ਸੀ ਰੱਖਿਆ ਗਿਆ ਕਿ ਉਹ ਭੇਡਾਂ ਬੱਕਰੀਆਂ ਚਾਰਨ ਵਾਲਾ ਗਾਡੀ ਜਾਂ ਗਡਰੀਆ ਸੀ, ਸਗੋਂ ਇਸ ਲਈ ਕਿ ਵਜਾਉਣ ਸਮੇਂ ਪਖਾਵਜ 'ਤੇ ਉਸਦੀਆਂ ਉਂਗਲਾਂ ਅਜਿਹੀਆਂ ਨੱਚ ਉੱਠਦੀਆਂ ਕਿ ਸਰੋਤੇ ਮੰਤਰ-ਮੁਗਧ ਹੋ ਜਾਂਦੇ। ਆਪਣੇ ਗੁਦਗੁਦੇ ਹੱਥਾਂ ਦੁਆਰਾ ਉਹ ਪਖਾਵਜ 'ਤੇ ਕੁਤਕੁਤਾਰੀਆਂ ਕੱਢਦਾ, ਗੱਤਕਾਰੀਆਂ ਵਿਖਾਉਂਦਾ, ਚੱਕਰਦਾਰ ਲਯਕਾਰੀਆਂ ਸੁਣਾਉਂਦਾ। ਉਸਦਾ ਐਨਾ ਗੁਦਾਜ਼ ਹੱਥ ਦੇਖ ਕੇ ਲੋਕਾਂ ਉਸਦਾ ਨਾਂ ਗਿੱਡੂ ਰੱਖ ਦਿੱਤਾ ਸੀ।

ਸ਼ਾਬਦਿਕ ਜਾਂ ਮਾਅਨਵੀ ਤੌਰ 'ਤੇ ਸ਼ਬਦ ਗਿੱਡੂ ਦਾ ਭਾਵ 'ਦੁੱਕਤ' ਵੀ ਹੈ

ਜਿਹੜਾ ਕਿ ਸ਼ੁੱਧ ਸ਼ਬਦ ਹੈ। ਪੰਜਾਬ ਵਿਚ ਪਹਿਲਾਂ ਕਦੇ 'ਦੁੱਕਤ' (ਜਾਂ ਦੁੱਕੜ) ਹੀ ਵੱਜਦੀ ਰਹੀ ਹੈ। ਪੰਜਾਬੀ ਪਖਾਵਜੀ ਅੰਗ! ਸ੍ਰੀ ਦਰਬਾਰ ਸਾਹਿਬ ਵਿਚ ਭਾਈ ਸ਼ੇਰ ਗਿੱਡੂ ਦੀ ਸੇਵਾ ਚਰਨ ਕੰਵਲ ਦੀ ਚੌਕੀ ਲਾਉਣ ਦੀ ਹੁੰਦੀ ਸੀ। ਆਪਣੇ ਜਥੇ ਦਾ ਉਹ ਸਰਬਰਾਹ ਜਾਂ ਜਥੇਦਾਰ ਸੀ, ਜਿਸ ਵਿਚ ਕਿ ਉਸਦੇ ਪੁੱਤਰ ਭਾਈ ਲੱਡੂ ਅਤੇ ਸਾਈਂ ਦਿੱਤਾ ਵੀ ਹੁੰਦੇ ਸਨ। ਆਮ ਤੌਰ 'ਤੇ ਤਾਂ ਉਹ ਰਬਾਬ ਹੀ ਵਜਾਉਂਦਾ, ਪਰ ਮੌਜ ਵਿਚ ਆਇਆ ਕਦੇ ਕਦੇ ਕੀਰਤਨ ਕਰਨ ਲੱਗਿਆਂ ਉਹ ਦੋਤਾਰੇ ਦੀ ਵਰਤੋਂ ਵੀ ਕਰ ਲੈਂਦਾ ਸੀ। ਬੜਾ ਦਬੰਗ, ਚਮੁਖੀਆ ਗਵੱਈਆ ਸੀ, ਜਿਸ ਕੋਲ ਪੁਰਾਤਨ ਸ਼ਬਦ-ਰੀਤਾਂ ਦਾ ਬੇਸ਼ਬਹਾ ਖਜ਼ਾਨਾ ਸੀ। ਖਿਆਲ ਕੀਤਾ ਜਾਂਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਆਪ ਦੇ ਜਥੇ ਨੇ 1924 ਤੋਂ ਲੈ ਕੇ 1934 ਤਕ ਨਿਭਾਈ।

ਆਪ ਨੇ ਲੰਮੀ ਉਮਰ ਭੋਗਣ ਉਪਰੰਤ ਸ੍ਰੀ ਅੰਮ੍ਰਿਤਸਰ ਵਿਖੇ ਹੀ ਚੜ੍ਹਾਈ ਕੀਤੀ।

ਅੱਜ-ਕੱਲ੍ਹ ਲਾਹੌਰ ਵਿਖੇ ਬੁਢਾਪੇ ਦੇ ਆਲਮ ਵਿਚ ਰਹਿ ਰਹੇ ਭਾਈ ਗਾਮਾ ਰਬਾਬੀ ਦੇ ਲੇਖਕ ਨੂੰ ਦੱਸੇ ਅਨੁਸਾਰ, ਸ੍ਰੀ ਦਰਬਾਰ ਸਾਹਿਬ ਵਿਖੇ ਭਾਈ ਚਾਂਦ ਦੀ ਨਿਯੁਕਤੀ 1935 ਈ. ਵਿਚ ਆਪ ਦੇ ਚੜ੍ਹਾਈ ਕਰਨ ਪਿੱਛੋਂ ਹੀ ਹੋਈ ਸੀ। ਨਾਲ ਹੀ ਭਾਈ ਗਾਮਾ ਨੇ ਇਸ ਗੱਲ ਦਾ ਵਾਧਾ ਵੀ ਕੀਤਾ ਕਿ ਭਾਈ ਚਾਂਦ, ਜਿਨ੍ਹਾਂ 'ਤੇ ਸ੍ਰੀ ਗੁਰੂ ਰਾਮ ਦਾਸ ਜੀ ਦੀ ਅਪਾਰ ਕਿਰਪਾ ਸੀ, 1937 ਈ. ਵਿਚ ਉਨ੍ਹਾਂ ਨਾਲ ਉਹ ਆਪ ਤਬਲੇ 'ਤੇ ਸੰਗਤ ਕਰਿਆ ਕਰਦੇ ਸਨ।

ਅਗਾਂਹ ਸ਼ੇਰ ਗਿੱਡੂ ਦੇ ਪੁੱਤਰ ਭਾਈ ਸਾਈਂ ਦਿੱਤਾ ਨੇ ਜਿਥੇ ਸ੍ਰੀ ਦਰਬਾਰ ਸਾਹਿਬ ਵਿਚ ਇਕ ਲੰਮੇ ਅਰਸੇ ਲਈ ਸੇਵਾ ਕੀਤੀ, ਉਥੇ ਸਿੱਖ ਜਗਤ ਨੂੰ ਕੁਝ ਲਾਸਾਨੀ ਕਲਾਕਾਰ ਵੀ ਤਿਆਰ ਕਰ ਕੇ ਦਿੱਤੇ, ਜਿਨ੍ਹਾਂ ਦਾ ਵੇਰਵਾ ਅਸੀਂ ਆਪਣੇ ਅਗਲੇ ਲੇਖਾਂ ਵਿਚ ਦੇਵਾਂਗੇ।

# ਉਸਤਾਦ ਮਹਿਤਾਬ ਸਿੰਘ
## (ਅੰਮ੍ਰਿਤਸਰ ਵਾਲੇ)

ਭਾਈ ਸੁੰਦਰ ਸਿੰਘ ਆਟਾ ਮੰਡੀ ਅੰਮ੍ਰਿਤਸਰ ਵਾਲੇ ਕੀਰਤਨੀ ਜਥੇ ਨੂੰ ਕੌਣ ਨਹੀਂ ਜਾਣਦਾ ? ਆਪਣੇ ਸਮੇਂ ਦੇ ਉਹ ਇਕ ਬਹੁਤ ਵੱਡੇ ਕੀਰਤਨਕਾਰ ਸਨ। ਉਨ੍ਹਾਂ ਦੇ ਜਥੇ ਨਾਲ ਉਸ ਸਮੇਂ ਉਨ੍ਹਾਂ ਦਾ ਤਾਇਆ ਬਾਬਾ ਉੱਤਮ ਸਿੰਘ ਉਨ੍ਹਾਂ ਦੇ ਸਹਾਇਕ ਹੋਇਆ ਕਰਦੇ ਸਨ ਜਦ ਕਿ ਜੋੜੀ 'ਤੇ ਸਾਥ ਦੇਣ ਲਈ ਬਾਬਾ ਮਹਿਤਾਬ ਸਿੰਘ ਹੁੰਦੇ ਸਨ। ਮਹਿਤਾਬ ਸਿੰਘ ਉਮਰ ਵਿਚ ਉਨ੍ਹਾਂ ਨਾਲੋਂ ਕਾਫ਼ੀ ਸਾਲ ਵਡੇਰੇ ਸਨ ਅਤੇ ਉਂਜ ਵੀ ਪਖਾਵਜ ਅਤੇ ਤਬਲੇ ਦੇ ਬੜੇ ਵੱਡੇ ਉਸਤਾਦ। ਕਿਆਸ ਕੀਤਾ ਜਾਂਦਾ ਹੈ ਕਿ ਸਿੱਖਾਂ ਨੇ ਉਨ੍ਹਾਂ ਨਾਲੋਂ ਕੋਈ ਹੋਰ ਵੱਡਾ ਤਬਲੀਆ ਅਜੇ ਤਕ ਪੈਦਾ ਨਹੀਂ ਕੀਤਾ। ਉਹ ਇਕ ਵਾਹਦ ਵਿਅਕਤੀ ਸਨ ਜਿਨ੍ਹਾਂ ਦੀ ਫ਼ਨਕਾਰੀ ਨੂੰ ਮੁਸਲਮਾਨ ਰਬਾਬੀਆਂ ਨੇ ਵੀ ਸਵੀਕਾਰਿਆ ਸਤਿਕਾਰਿਆ। ਉਸ ਪ੍ਰਤਿਭਾਵਾਨ ਵਿਅਕਤੀ ਨੇ ਜਿਹੜਾ ਕਿ ਇਕ ਬੜਾ ਵੱਡਾ 'Genius' (ਰੱਬੀ ਜ਼ਹੀਨ) ਸੀ, ਤਬਲੇ ਦੇ ਅਨੇਕ ਕਾਇਦੇ ਬਣਾਏ ਅਤੇ ਬੇਸ਼ੁਮਾਰ ਗਤਾਂ ਪਰਨਾਂ। ਕਈ ਵਰ੍ਹੇ ਹੋਏ, ਅਸੀਂ ਤਬਲੇ 'ਤੇ ਇਕ ਅਦੁੱਤੀ ਖਰੜਾ "ਪੁਸਤਕ ਤਾਲ ਬਰਨ" ਰਾਵਲਪਿੰਡੀ ਤੋਂ ਇਕ ਬੜੀ ਵੱਡੀ ਰਕਮ ਦੇ ਕੇ ਖ਼ਰੀਦਿਆ ਸੀ ਜਿਹੜਾ ਕਿ ਮੀਆਂ ਨਬੀ ਬਖ਼ਸ਼ ਕਾਲਰੀਏ (1860-1948 ਈ.) ਵਲੋਂ ਲਿਖਿਆ ਗਿਆ ਸੀ। ਤਬਲੇ 'ਤੇ ਇਹ ਇਕ ਬੇਸ਼ਬਹਾ ਨਾਦਰ ਟੀਕਾ (Treatise) ਹੈ। ਉਸ ਦੇ ਸ਼ੁਰੂ ਦੇ ਬੋਲ ਕੁਝ ਇਸ ਤਰ੍ਹਾਂ ਹਨ :

*ਵੋਹ ਇਲਮ ਹੋਤਾ ਨਹੀਂ ਤਦਬੀਰ ਸੇ,*
*ਜੋ ਨਹੀਂ ਮਿਲਤਾ ਕਿਸੀ ਤਹਿਰੀਰ ਸੇ।*

ਖਰੜੇ ਦੇ 12 ਸਫ਼ੇ 'ਤੇ ਇਹ ਸ਼ਿਅਰ ਦਰਜ ਹਨ :

*ਸੁੱਘੜਨ ਕੀ ਸੰਗਤ ਮੇਂ ਸਦਾ ਹੀ ਆਨੰਦ ਰਹੇ,*
*ਚੈਨ ਹੋ ਜੀਵਤ ਜੀ ਕਿਰਪਾ ਹੋ ਰਾਮ ਕੀ।*
*ਮੂਰਖ ਕੀ ਸੰਗਤ ਸੇ ਹਾਥ ਜੋੜ ਭਾਗੋ,*
*ਨਾ ਮੂਰਖ ਕੀ ਸੰਗਤ ਹੋ, ਕੌਡੀ ਕੇ ਕਾਮ ਕੀ।*
*ਸੁੱਘੜਨ ਕੇ ਦਾਸ ਰਹੋ, ਕਰੋ ਪੀਤ ਹਿਰਦੇ ਸੇ,*
*ਨਿਹਚਾ ਸੇ ਚਰਚਾ ਹੋ, ਸਦਾ ਹੀ ਗ਼ੁਲਾਮ ਕੀ।*
*ਵਿੱਦਿਆ ਸੇ ਲਾਖ ਮੂਲ, ਜਾਨੋ ਹੈ ਬੰਦੇ ਕਾ,*
*ਨਹੀਂ ਤੋ ਮਾਟੀ ਹੈ, ਮਾਟੀ ਕੇ ਦਾਮ ਕੀ।*

ਇਹ ਗੱਲ ਪੁਰਾਣੇ ਕਈ ਬਜ਼ੁਰਗਾਂ ਤੋਂ ਸੁਣੀ ਸੀ, ਜਿਨ੍ਹਾਂ ਵਿਚ ਉਸਤਾਦ ਕਰਮ

ਸਿੰਘ ਚੱਕਰਵਰਤੀ ਵੀ ਸਨ, ਕਿ ਉਸ ਮਹਾਨ ਸੰਗੀਤਗਯ ਨੇ ਤਬਲੇ 'ਤੇ ਕੁਝ ਕਿਤਾਬਾਂ ਵੀ ਲਿਖੀਆਂ ਸਨ, ਜਿਹੜੀਆਂ ਕਿ ਉਨ੍ਹਾਂ ਦੇ ਜੀਂਦੇ ਜੀ ਛਪ ਨਹੀਂ ਸਨ ਸਕੀਆਂ। ਕਿਉਂਕਿ ਉਸਤਾਦ ਨਬੀ ਬਖ਼ਸ਼ ਕਾਲਰੀਆ ਕਈ ਸਾਲ ਅੰਮ੍ਰਿਤਸਰ ਵੀ ਰਹੇ, ਇਸ ਲਈ ਬੜੀ ਗੱਲ ਨਹੀਂ ਕਿ ਉਪਰੋਕਤ ਖਰੜੇ 'ਚ ਕੁਝ ਅੰਸ਼ ਮਹਿਤਾਬ ਸਿੰਘ ਦੇ ਵੀ ਹੋਣ, ਜਾਂ ਘੱਟੋ ਘੱਟ ਉਨ੍ਹਾਂ ਨੇ ਇਸ ਲਾਸਾਨੀ ਕਿਰਤ ਦੀ ਸੋਧ ਸੁਧਾਈ ਹੀ ਕੀਤੀ ਹੋਵੇ।

ਆਪ ਦਾ ਜਨਮ ਅੰਮ੍ਰਿਤਸਰ ਵਿਖੇ 1830 ਈ. ਦੇ ਨੇੜੇ ਤੇੜੇ ਹੋਇਆ। ਆਪ ਦੀ ਤਾਲੀਮ ਏਸੇ ਸ਼ਹਿਰ ਦੇ ਹੀ ਸੁਪ੍ਰਸਿੱਧ ਨਾਈਆਂ ਦੇ ਘਰਾਣੇ ਦੀ ਸੀ ਜਾਂ ਰਿਆਸਤ ਦੱਤੀਆ (ਮੱਧ ਪ੍ਰਦੇਸ਼) ਵਾਲੇ ਕਦਊ ਸਿੰਘ/ਗੁਲਾਬ ਸਿੰਘ ਦੇ ਘਰਾਣੇ ਦੀ, ਇਸ ਬਾਰੇ ਪ੍ਰਪੱਕਤਾ ਨਾਲ ਕੁਝ ਨਹੀਂ ਕਿਹਾ ਜਾ ਸਕਦਾ, ਪਰ ਐਨਾ ਜ਼ਰੂਰ ਹੈ ਕਿ ਅੰਮ੍ਰਿਤਸਰ ਵਿਖੇ 1904 ਈ. ਵਿਚ ਜਦ ਹੀ ਸੈਂਟਰਲ ਖ਼ਾਲਸਾ ਯਤੀਮਖ਼ਾਨਾ ਹੋਂਦ ਵਿਚ ਆਇਆ, ਆਪ ਦੀ ਨਿਯੁਕਤੀ ਬਤੌਰ ਤਬਲੇ ਦੇ ਉਸਤਾਦ ਦੇ ਇਸ ਥਾਂ ਓਸੇ ਸਾਲ ਹੀ ਹੋ ਗਈ ਸੀ ਜਿਥੇ ਫਿਰ ਉਹ ਆਪਣੀ ਆਖ਼ਰੀ ਉਮਰ ਤਕ ਤਬਲੇ ਦੀ ਤਾਲੀਮ ਦਿੰਦੇ ਰਹੇ। ਜ਼ਾਹਰ ਹੈ ਕਿ ਇਸ ਥਾਂ ਉਹ ਜ਼ਰੂਰ ਅੰਮ੍ਰਿਤਸਰੀ ਬਾਜ ਵਜਾਉਂਦੇ ਹੋਣਗੇ। ਕੀ ਆਪਣੇ ਆਪ ਵਿਚ ਇਹ ਕੋਈ ਛੋਟੀ ਗੱਲ ਹੈ ਕਿ ਭਾਈ ਸੰਤੂ (1880-1955 ਈ.) ਜਿਨ੍ਹਾਂ ਦੇ ਪੂਰਵਜ ਬਾਬਾ ਮੰਦ੍ਹਾ ਜਾਂ ਭਾਈ ਚਿਰਾਗ਼, ਜਿਨ੍ਹਾਂ ਨੂੰ ਕਿ ਅਕਸਰ 'ਜੋੜੀ ਦੇ ਅਵਤਾਰ' ਵਜੋਂ ਜਾਣਿਆ ਜਾਂਦਾ ਸੀ, ਬੜੇ ਫ਼ਖ਼ਰ ਨਾਲ ਆਪ ਦੇ ਹੀ ਸ਼ਾਗਿਰਦ ਬਣੇ ਸਨ! ਭਾਈ ਹਰਨਾਮ ਸਿੰਘ ਜੰਮੂ ਵਾਲੇ ਅਤੇ ਬਹਾਦਰ ਸਿੰਘ ਵੀ ਆਪ ਦੇ ਹੀ ਸ਼ਾਗਿਰਦ ਸਨ। ਉੱਨ੍ਹੀਵੀਂ ਸਦੀ ਵਿਚ ਹੀ ਅੰਮ੍ਰਿਤਸਰ ਦੇ ਹੀ ਇਕ ਹੋਰ ਤਬਲਚੀ ਭਾਈ ਭਗਤ ਸਿੰਘ ਨੇ ਵੀ ਬੜਾ ਨਾਂ ਕਮਾਇਆ ਸੀ, ਜਿਹੜਾ ਕਿ ਆਪ ਦਾ ਹੀ ਸ਼ਾਗਿਰਦ ਸੀ। ਇਹ ਮਹਾਨ ਪਖਾਵਜੀ 1915-1916 ਈ. ਦੇ ਕਰੀਬ ਅੰਮ੍ਰਿਤਸਰ ਵਿਖੇ ਚੜ੍ਹਾਈ ਕਰ ਗਿਆ।


www.sikhbookclub.com

# ਭਾਈ ਪ੍ਰਤਾਪ ਸਿੰਘ

ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਕਦੇ-ਕਦੇ ਸਿੱਖ ਧਰਮ ਅਤੇ ਕੁਝ ਗੁਰੂ ਸਾਹਿਬਾਨ 'ਤੇ, ਸੰਕੀਰਣ ਸੋਚ ਵਾਲੇ ਕੁਝ ਅਖੌਤੀ ਵਿਦਵਾਨਾਂ ਵਲੋਂ ਕੋਝੇ ਹਮਲੇ ਹੁੰਦੇ ਰਹੇ ਹਨ। ਪਰ ਧੰਨ ਹੈ ਇਸ ਸਿੱਖੀ ਦਾ ਪਰਬਤਾਂ ਨਾਲੋਂ ਵੀ ਵੱਡਾ ਜੇਰਾ, ਜਿਹੜਾ ਕਿਸੇ ਨੂੰ ਵੀ ਆਪਣਾ ਵੈਰੀ ਜਾਂ ਬਿਗਾਨਾ ਨਾ ਸਮਝਦਾ ਹੋਇਆ, ਆਪਣੇ ਦੋਖੀਆਂ ਦੀਆਂ ਭੁੱਲਾਂ ਬਖ਼ਸ਼ ਕੇ ਵੀ, ਉਨ੍ਹਾਂ ਨੂੰ ਹਮੇਸ਼ਾ ਆਪਣੇ ਗਲੇ ਨਾਲ ਲਾਉਂਦਾ ਰਿਹਾ ਹੈ। ਏਹੋ ਜਿਹਾ ਹੀ ਇਕ ਹਮਲਾ ਵੀਹਵੀਂ ਸਦੀ ਦੇ ਉਦੇ ਹੋਣ ਨਾਲ 'ਧੁਰ ਕੀ ਬਾਣੀ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਵੀ ਹੋਇਆ। ਗਾਇਕ-ਪ੍ਰਚਾਰਕ ਪੰਡਿਤ ਜੀ, ਸੰਗੀਤ ਦਾ ਪ੍ਰਚਾਰ ਕਰਦੇ-ਕਰਦੇ ਨਾਭੇ ਵੱਲ ਜਾ ਨਿਕਲੇ। ਦਰਬਾਰ ਸੱਜਿਆ। ਆਪਣੀ ਤਕਰੀਰ ਦੌਰਾਨ, ਭੁੱਲ ਭੁਲੇਖੇ ਇਹ ਗੱਲ ਵੀ ਕਹਿ ਬੈਠੇ : "ਗੁਰਬਾਣੀ ਬਸ ਇਬਾਦਤ ਦੀ ਚੀਜ਼ ਹੈ। ਨਾ ਇਹ ਕਬਿੱਤ ਹੈ, ਨਾ ਸਵੱਈਆ, ਨਾ ਛੰਦ ਅਤੇ ਨਾ ਹੀ ਚੌਪਈ। ਗੁਰੂ ਗ੍ਰੰਥ ਸਾਹਿਬ ਦੀ ਕੋਈ ਤੁਕ ਲੰਮੀ ਹੈ ਅਤੇ ਕੋਈ ਛੋਟੀ। ਇਸ ਲਈ ਇਹ ਗਾਉਣ ਦੀ ਚੀਜ਼ ਨਹੀਂ। ਗਾਉਣ ਲਈ ਜਾਂ ਰਾਮਾਇਣ ਹੈ ਅਤੇ ਜਾਂ ਫਿਰ ਸੂਰਦਾਸ ਦੇ ਭਜਨ।"

ਨਿੰਦਿਆ ਵਿਚ ਲਪੇਟੇ ਬਾਣੀ ਬਾਰੇ ਇਹ ਵਿਚਾਰ ਸੁਣ ਕੇ ਚਾਰੋਂ ਪਾਸੀਂ ਹੰਗਾਮਾ ਹੋ ਗਿਆ। ਰਿਆਸਤ ਦਾ ਮਹਾਰਾਜਾ ਗੱਜਿਆ, "ਕਿਉਂ ਭਈ ਸਿੰਘੋ, ਮਰ ਗਏ ਹੋ ਜਾਂ ਇਸ ਗੱਲ ਦਾ ਜਵਾਬ ਦੇਣ ਲਈ ਤੁਹਾਡੇ ਵਿਚ ਅਜੇ ਕੋਈ ਹੈ ਜੀਉਂਦਾ ? ਗੁਰੂ ਮਹਾਰਾਜ ਜੀ ਦੀ ਬਾਣੀ ਕੀ ਇਹੋ ਜਿਹੀ ਹੀ ਹੈ ?"

"ਮਹਾਰਾਜ ਇਸ ਗੱਲ ਦਾ ਜਵਾਬ ਦੇਣ ਲਈ ਸਾਡੇ ਵਿਚ ਅਜੇ ਕੁਝ ਬੰਦੇ ਹਨ। ਤੁਸੀਂ ਧਰਮਕੋਟ ਤੋਂ ਭਾਈ ਪ੍ਰਤਾਪ ਸਿੰਘ ਹੋਰਾਂ ਨੂੰ ਬੁਲਾ ਲਓ। ਫਿਰ ਸਵਾਲ ਜਵਾਬ ਹੋਣਗੇ," ਵਿੱਚੋਂ ਹੀ ਇਕ ਸਿੰਘ ਉੱਠਿਆ ਅਤੇ ਆਪਣੇ ਗਲ ਵਿਚ ਪੱਲਾ ਪਾ ਕੇ ਮਹਾਰਾਜੇ ਨੂੰ ਸੰਬੋਧਨ ਕਰਨ ਲੱਗਾ। ਮਹਾਵਤਾਂ ਨੇ ਉਸੇ ਵੇਲੇ ਹੀ ਇਕ ਹਾਥੀ ਤਿਆਰ ਕੀਤਾ ਅਤੇ ਭਾਈ ਜੀ ਨੂੰ ਲੈਣ ਧਰਮਕੋਟ ਚਲੇ ਗਏ।

ਭਾਈ ਜੀ ਪੁੱਜ ਗਏ। ਭਾਵੇਂ ਮਨਾਖੇ ਸਨ, ਫਿਰ ਵੀ ਆਪਣੇ ਅੰਦਰੂਨੀ ਨੇਤਰਾਂ ਨਾਲ ਭਾਂਪਦਿਆਂ ਕਹਿਣ ਲੱਗੇ, "ਮਹਾਰਾਜ, ਗੁਸਤਾਖ਼ੀ ਮੁਆਫ਼, ਜਾਂ ਸੁਆਰਾ ਸਾਹਿਬ ਦੀ ਸਵਾਰੀ ਜ਼ਰਾ ਉੱਚੀ ਕਰਵਾ ਦਿਉ, ਅਤੇ ਜਾਂ ਆਪਣਾ ਆਸਣ ਜ਼ਰਾ ਨੀਵਾਂ ਕਰ ਲਓ, ਕਿਉਂਕਿ ਸਭ ਰਾਜਿਆਂ ਮਹਾਰਾਜਿਆਂ ਤੋਂ ਹਜ਼ੂਰ ਦਾ ਸਿੰਘਾਸਣ ਬਹੁਤ ਉੱਚਾ ਹੈ।" ਕਿਉਂਕਿ ਆਏ ਸੱਜਣ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਐਨੀ

ਕਦਰ ਕੀਤੀ ਸੀ, ਇਸ ਲਈ ਮਹਾਰਾਜਾ ਬਹੁਤ ਖ਼ੁਸ਼ ਹੋਇਆ ਅਤੇ ਕੇਵਲ ਇਸ ਗੱਲ ਤੋਂ ਹੀ ਪੰਜ ਸੌ ਰੁਪਏ ਦਾ ਇਨਾਮ ਉਸ ਦੀ ਝੋਲੀ ਪਾ ਦਿੱਤਾ।

ਉਸ ਪਿੱਛੋਂ ਤੰਬੂਰੇ ਸੁਰ ਹੋ ਗਏ। ਸਰੋਤਿਆਂ ਦੀ ਉਤਸੁਕਤਾ ਦਾ ਕੋਈ ਵੀ ਅੰਦਾਜ਼ਾ ਨਹੀਂ ਸੀ ਲਾਇਆ ਜਾ ਸਕਦਾ। ਉਹ ਸੋਚ ਰਹੇ ਸਨ, ਪਤਾ ਨਹੀਂ ਹੁਣ ਕੀ ਹੋਵੇਗਾ। ਗਾਇਕ ਨੇ "ਮਨ ਜਾਪਹੁ ਰਾਮ ਗੁਪਾਲ" ਨਾਇਕੀ ਕਾਨ੍ਹੜਾ ਛੇੜਿਆ। ਅਲਾਪ ਕੀਤਾ ਕਿ ਕੀ ਰੀਸਾਂ। ਪੰਡਿਤ ਜੀ ਦੀ ਧੌਣ ਉਸ ਦੇ ਗੋਡਿਆਂ ਵਿਚ ਇਕ ਤੋਰੀ ਵਾਂਗ ਲਟਕਣ ਲੱਗ ਪਈ। ਇਹ ਗਾ ਕੇ ਗਾਇਕ ਨੇ ਸਰੋਤਿਆਂ ਵੱਲ ਨੂੰ ਸੰਬੋਧਨ ਕਰਦਿਆਂ ਇਹ ਗੱਲ ਆਖੀ, "ਪੰਡਿਤ ਜੀ ਹੁਣ ਦੱਸੋ। ਅਸਲ ਵਿਚ ਤੁਸੀਂ ਕਹਿਣਾ ਕੀ ਚਾਹੁੰਦੇ ਹੋ ? ਗੁਰੂ ਸਾਹਿਬਾਨ ਦੀ ਬਾਣੀ ਦੇ ਕਿਸੇ ਵੀ ਪੰਨੇ 'ਤੇ ਤੁਸੀਂ ਹੱਥ ਰੱਖੋ ਮੈਂ ਤੁਹਾਨੂੰ ਉਸੇ ਹੀ ਰਾਗ ਵਿਚ ਗਾ ਕੇ ਸੁਣਾਵਾਂਗਾ।"

ਪਰ ਉਸ ਨੌਜਵਾਨ ਪੰਡਿਤ ਨੇ ਆਪਣਾ ਪਰਨਾ ਗਲ ਵਿਚ ਪਾਇਆ ਹੋਇਆ ਸੀ ਅਤੇ ਉਹ ਆਖ ਰਿਹਾ ਸੀ, "ਭਰੇ ਦਰਬਾਰ ਵਿਚ ਮੈਂ ਆਪਣੀ ਗਲਤੀ ਗੁਸਤਾਖ਼ੀ ਦੀ ਮੁਆਫ਼ੀ ਮੰਗਦਾ ਹਾਂ। ਇਹ ਮੇਰੀ ਬਹੁਤ ਵੱਡੀ ਭੁੱਲ ਸੀ। ਅਸਲ ਵਿਚ ਮੇਰੇ ਸੰਪਰਕ ਵਿਚ ਅਜੇ ਇਹੋ ਜਿਹੇ ਗੁਣੀ ਗਿਆਨੀ ਨਹੀਂ ਸਨ ਆਏ। ਅੱਜ ਮੇਰੇ ਨੇਤਰ ਖੁੱਲ੍ਹ ਗਏ ਹਨ। ਮੇਰੀ ਭੁੱਲ ਬਖ਼ਸ਼ੋ।" ਕਹਿੰਦੇ ਕਹਿੰਦੇ ਉਹ ਰੋਣ ਲੱਗ ਪਿਆ।

ਭਾਈ ਪ੍ਰਤਾਪ ਸਿੰਘ ਧਰਮਕੋਟ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਵਸਨੀਕ ਸਨ। ਆਪ ਦਾ ਜਨਮ 1844 ਈ. ਵਿਚ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਭਾਈ ਦੇਵ ਸਿੰਘ ਸੀ। ਉਨ੍ਹਾਂ ਦੇ ਦੋ ਭਰਾ ਹੋਰ ਵੀ ਸਨ। ਆਪ ਦੇ ਉਸਤਾਦ ਭਾਈ ਸੇਵਾ ਸਿੰਘ ਗੁਰਸਰ ਵਾਲੇ ਸਨ, ਜਿਨ੍ਹਾਂ ਪਾਸੋਂ ਉਨ੍ਹਾਂ ਨੇ ਕੀਰਤਨ ਵਿਦਿਆ ਗ੍ਰਹਿਣ ਕੀਤੀ। ਉਨ੍ਹਾਂ ਦਾ ਸਰੀਰ ਪਤਲਾ, ਕੱਦ ਦਰਮਿਆਨਾ, ਰੰਗ ਕਣਕ-ਵੰਨਾ ਸੀ ਅਤੇ ਇਕ ਵੇਰ ਉਨ੍ਹਾਂ ਦੇ ਮਾਤਾ ਨਿਕਲਣ ਕਾਰਣ ਉਨ੍ਹਾਂ ਦੀਆਂ ਅੱਖਾਂ ਦੀ ਜੋਤ ਜਾਂਦੀ ਰਹੀ ਸੀ। ਆਪ ਸਿੱਖ ਪੰਥ ਦੀ ਸੁਪ੍ਰਸਿੱਧ ਹਸਤੀ ਭਾਈ ਹੀਰਾ ਸਿੰਘ ਰਾਗੀ ਦੇ ਪਿਤਾ ਭਾਈ ਭਾਗ ਸਿੰਘ ਦੇ ਹਾਣੀ ਸਨ। ਆਪ ਇਕ ਬੜੇ ਵੱਡੇ ਗੁਣੀ ਕਲਾਕਾਰ ਸਨ। ਧਰੁੱਪਦ ਗਾਇਨ ਵਿਚ ਉਨ੍ਹਾਂ ਦਾ ਮੁਕਾਮ ਬਹੁਤ ਉੱਚਾ ਸੀ। ਆਪ ਵਰਗਾ ਅਲਾਪੀਆ ਮੁੜ ਕਿਥੇ ਹੋਣਾ ਹੈ। ਉਨ੍ਹਾਂ ਦਾ ਅਲਾਪ ਇਨ ਬਿਨ ਤਲਵੰਡੀ ਘਰਾਣੇ ਦੇ ਇਕ ਸੁਪ੍ਰਸਿੱਧ ਉਸਤਾਦ ਮੌਲਾ ਬਖ਼ਸ਼ ਭੱਦਲ ਵੱਢੀਏ ਵਾਂਗ ਹੀ ਸੀ। ਉਂਜ ਉਨ੍ਹਾਂ ਦੀ ਤਾਨ ਕੰਮ ਨਹੀਂ ਸੀ ਕਰਦੀ। ਵੈਸੇ ਤਾਨ ਨੂੰ ਕਰਨਾ ਵੀ ਕੀ ਹੈ ਜਦ ਕਿ ਧਰੁੱਪਦੀਆਂ ਦੇ ਕਥਨ ਅਨੁਸਾਰ, "ਤਾਨ ਧਰੁੱਪਦ ਦੀ ਵੈਰਨ ਹੈ।" ਆਪ ਬਾਰੇ ਪੰਜਾਬ ਦਾ ਇਕ ਪ੍ਰਸਿੱਧ ਗਵੱਈਆ ਕਹਿੰਦਾ ਹੁੰਦਾ ਸੀ ਕਿ ਇਸ ਵਿਚ ਸਾਡੇ ਨਾਲੋਂ ਇੱਕੀ ਹਿੱਸੇ ਵਧੇਰੇ ਸੁਰ ਸਰਗਮ ਹੈ। ਇਕ ਵੇਰ ਜਦੋਂ ਆਪ ਕਲਕੱਤੇ ਗਾਉਣ ਗਏ ਤਾਂ ਉਥੋਂ ਦੀ ਰਾਗ ਸਭਾ ਨੇ ਇਨਾਮ ਵਜੋਂ ਆਪ ਨੂੰ ਇਕ ਬੜੀ ਸੁੰਦਰ ਪੇਟੀ (ਵਾਜਾ) ਦਿੱਤੀ, ਜਿਹੜੀ ਉਨ੍ਹਾਂ ਦੇ ਡੇਰੇ ਧਰਮਸ਼ਾਲਾ ਭਾਈਕਿਆਂ ਵਿਖੇ ਅੱਜ ਵੀ ਵੇਖੀ ਜਾ ਸਕਦੀ ਹੈ। ਯਾਦ ਰਹੇ, ਇਸ ਡੇਰੇ ਨਾਲ ਪੰਜ ਸੌ ਘੁਮਾਂ ਜ਼ਮੀਨ ਹੈ ਅਤੇ ਇਸ ਥਾਂ ਚੌਵੀ ਘੰਟੇ ਗੁਰੂ ਕਾ ਲੰਗਰ ਚੱਲਦਾ ਰਹਿੰਦਾ ਹੈ।

ਇਤਿਹਾਸ ਨੂੰ ਵਾਚੀਏ ਤਾਂ ਬਰਤਾਨੀਆ ਦੇ ਬਾਦਸ਼ਾਹ ਦੀ ਤਾਜਪੋਸ਼ੀ ਦੇ ਜਸ਼ਨ

ਜਦੋਂ 1908-1909 ਈ. ਵਿਚ ਮਨਾਏ ਗਏ ਤਾਂ ਸਾਮਰਾਜੀਆਂ ਜਿਥੇ ਅੰਗਰੇਜ਼ੀ ਵਿਚ ਅਜਿਹੇ ਤਵੇ ਭਰਵਾਏ ਸਨ "Long Live the King", ਉਥੇ ਉਸ ਦਾ ਉਲਥਾ ਕਰ ਕੇ ਬੰਗਾਲੀ, ਉਰਦੂ, ਪੰਜਾਬੀ ਅਤੇ ਤਾਮਿਲ ਆਦਿ ਜ਼ੁਬਾਨਾਂ 'ਚ ਵੀ ਅਜਿਹੇ ਤਵੇ ਰੀਲੀਜ਼ ਕੀਤੇ ਗਏ ਸਨ। ਉਨ੍ਹਾਂ ਤਵਿਆਂ ਦੀ ਕੀਮਤ ਉਦੋਂ ਢਾਈ ਰੁਪਏ ਰੱਖੀ ਗਈ ਸੀ। 6 ਜਨਵਰੀ, 1909 ਈ. ਦੀ ਗੱਲ ਹੈ ਕਿ ਭਾਈ ਪ੍ਰਤਾਪ ਸਿੰਘ ਜਦੋਂ ਕਲਕੱਤਾ ਵਿਚ ਸਨ, ਤਾਂ ਉਦੋਂ ਪੰਜਾਬੀ ਦਾ ਤਵਾ ਸ਼ਾਇਦ ਉਨ੍ਹਾਂ ਦੀ ਆਵਾਜ਼ ਵਿਚ ਭਰਿਆ ਗਿਆ ਸੀ। ਕਲਕੱਤੇ ਦੀ ਗ੍ਰਾਮੋਫ਼ੋਨ ਕੰਪਨੀ ਦੀਆਂ ਜੇਕਰ ਉਨ੍ਹਾਂ ਦਿਨਾਂ ਦੀਆਂ ਪੁਰਾਣੀਆਂ ਕੈਟਾਲਾਗ ਫੋਲੀਏ ਤਾਂ ਉਨ੍ਹਾਂ ਵਿਚ ਭਾਈ ਪ੍ਰਤਾਪ ਸਿੰਘ ਗਿਆਨੀ ਲਾਹੌਰ ਵਾਲਿਆਂ ਦੇ ਨਾਂ ਦਾ ਵਰਣਨ ਮਿਲਦਾ ਹੈ। ਕੁਝ ਇਵੇਂ ਪ੍ਰਤੀਤ ਹੁੰਦਾ ਹੈ ਜਿਵੇਂ ਉਹ ਤਵਾ ਉਦੋਂ ਏਸੇ ਧਰਮਕੋਟ ਵਾਲੇ ਰਾਗੀ ਵਲੋਂ ਹੀ ਭਰਿਆ ਗਿਆ ਹੈ। ਉਨ੍ਹਾਂ ਦੇ ਨਾਂ ਅੱਗੇ ਫਿਰ ਲਾਹੌਰ ਕਿਉਂ ਲਿਖਿਆ ਗਿਆ ? ਹੋ ਸਕਦਾ ਹੈ, ਉਦੋਂ ਉਹ ਲਾਹੌਰ ਦੇ ਕਿਸੇ ਗੁਰੂ ਘਰ ਵਿਚ ਸੇਵਾ ਨਿਭਾ ਰਹੇ ਹੋਣ ਜਿਸ ਕਰਕੇ ਉਹ ਲਾਹੌਰ ਵਾਲੇ ਕਰਕੇ ਜਾਣੇ ਜਾਂਦੇ ਹੋਣ। ਮੇਰੀ ਇਹ ਧਾਰਨਾ ਇਵੇਂ ਇਸ ਕਰਕੇ ਬਣਦੀ ਹੈ ਕਿ ਉਨ੍ਹਾਂ ਸਮਿਆਂ ਵਿਚ ਕੀਰਤਨਕਾਰਾਂ 'ਚ ਬਹੁਤਾ ਵੱਡਾ ਨਾਂ ਏਸੇ ਪ੍ਰਤਾਪ ਸਿੰਘ ਦਾ ਹੀ ਸੀ। ਯਾਦ ਰਹੇ, ਇਹ ਤਵਾ ਜਿਹੜਾ ਮਾਰਚ 1909 ਈ. 'ਚ ਰੀਲੀਜ਼ ਕੀਤਾ ਗਿਆ ਸੀ, ਉਸਦੇ ਬੋਲ ਸਨ: "ਜੀਉ ਜੀਉ ਦਿੱਲੀ ਪਤੀ।"

ਹਾਰਮੋਨੀਅਮ ਵਾਜੇ ਦੀ ਈਜਾਦ ਪੈਰਿਸ ਦੇ ਇਕ ਵਿਅਕਤੀ ਸਕੰਦਰ ਐਫ ਡੇਬੀਅਨ ਨੇ ਭਾਵੇਂ 1840 ਈ. ਵਿਚ ਹੀ ਕੱਢ ਦਿੱਤੀ ਸੀ, ਪਰ ਇਹ ਭਾਰਤ ਵਿਚ ਐਨੀ ਛੇਤੀ ਮਕਬੂਲ ਨਹੀਂ ਸੀ ਹੋਇਆ। ਇਸਨੂੰ ਜਦੋਂ ਵਜਾ ਕੇ ਦੇਖਿਆ ਗਿਆ ਤਾਂ ਏਥੋਂ ਦੇ ਕੁਝ ਬਾਰੀਕ ਸੰਗੀਤਕਾਰਾਂ ਨੇ ਅਨੁਭਵ ਕੀਤਾ ਕਿ ਇਸ ਵਿੱਚੋਂ ਭਾਰਤੀ ਸੰਗੀਤ ਦੀਆਂ ਸੂਖਮ ਸ਼ਰੁੱਤੀਆਂ ਨਹੀਂ ਨਿਕਲ ਸਕਦੀਆਂ। ਇਸ ਵਿਚ ਮੀਂਡ ਤੁਸੀਂ ਕਿੱਥੋਂ ਕੱਢ ਲਵੋਗੇ ? ਬੜਾ ਬਵਾਲ ਮਚਿਆ। ਖ਼ਾਸ ਕਰਕੇ ਉਸਤਾਦ ਅਬਦੁੱਲ ਕਰੀਮ ਖ਼ਾਂ ਨੇ ਬੜੀ ਦੁਹਾਈ ਪਾਈ। ਇਸ ਸਭ ਕਾਸੇ ਦੇ ਬਾਵਜੂਦ ਇਹ ਨਵਾਂ ਸਾਜ਼ ਹੌਲੀ ਹੌਲੀ ਇਸ ਧਰਤੀ 'ਤੇ ਵੀ ਮਕਬੂਲ ਹੋਣਾ ਸ਼ੁਰੂ ਹੋ ਗਿਆ ਅਤੇ ਲੋਕੀਂ ਇਸ ਨੂੰ ਖ਼ਰੀਦ ਕੇ ਵਰਤਣ ਲੱਗ ਪਏ। ਇਕ ਤਾਂ ਸਿੱਖਣ ਨੂੰ ਇਹ ਸਹਿਲ ਸੀ, ਦੂਜਾ ਮਦੀਨ ਆਵਾਜ਼ ਵਾਲੇ ਦੀ ਘਾਟ ਨੂੰ ਲੁਕਾ ਕੇ ਭਰ ਦਿੰਦਾ ਸੀ। ਸਭ ਤੋਂ ਪਹਿਲਾਂ ਇਹ ਬੰਗਾਲ ਵਿਚ ਵਧੇਰੇ ਲੋਕਪ੍ਰਿਯ ਹੋਇਆ। ਫਿਰ ਕੁਝ ਉਦਯੋਗਪਤੀਆਂ ਨੇ ਇਸ ਨੂੰ ਵੱਡੇ ਪੱਧਰ 'ਤੇ ਵੇਚਣ ਦੀਆਂ ਸਕੀਮਾਂ ਘੜੀਆਂ। ਇਹ 1884-1885 ਈ. ਦੇ ਨੇੜੇ ਦੀਆਂ ਗੱਲਾਂ ਹਨ ਕਿ ਮੁਰਾਦਾਬਾਦ ਦੇ ਇਕ ਬਾਬੂ ਸੀਤਾ ਰਾਮ ਨੇ ਇਹ ਗੱਲ ਸੋਚੀ ਕਿ ਇਸ ਦੀ ਵਿਕਰੀ ਦੀ ਪੰਜਾਬ ਦੇ ਖ਼ਿੱਤੇ ਵਿਚ ਅਜ਼ਮਾਇਸ਼ ਕੀਤੀ ਜਾਏ। ਇਸ ਕੰਮ ਵਿਚ ਉਹ ਬੇਹੱਦ ਕਾਮਯਾਬ ਰਿਹਾ, ਕਿਉਂਕਿ ਉਹ ਆਪ ਇਸਦਾ ਬੜਾ ਅੱਛਾ ਵਜੰਤਰੀ ਸੀ ਅਤੇ 'ਵਾਜੇ ਦਾ ਬਾਦਸ਼ਾਹ' ਅਖਵਾਉਂਦਾ ਸੀ। ਉਸਦੇ ਏਧਰ ਆ ਕੇ ਲਾਹੌਰ ਅਤੇ ਅੰਮ੍ਰਿਤਸਰ ਆਪਣੇ ਕੁਝ ਸ਼ਾਗਿਰਦ ਬਣਨ ਵਾਲਿਆਂ ਵਿੱਚੋਂ ਸੰਤ ਸ਼ਾਮ ਸਿੰਘ ਅੰਮ੍ਰਿਤਸਰੀ ਵੀ ਸਨ। ਇਸ ਕੰਮ ਵਿੱਚੋਂ ਉਸਨੇ ਬੜਾ ਧਨ ਕਮਾਇਆ।

ਹੁਣ ਪੰਜਾਬੀਆਂ ਦੇ ਦਿਮਾਗ਼ ਦੀ ਫੁਰਤੀ ਦੇਖ ਲਉ ਕਿ ਜਿਸ ਸਾਲ ਯੂ.ਪੀ.

ਦੇ ਉਸ ਬਾਬੂ ਨੇ ਆਪਣਾ ਇਹ ਕੰਮ ਸ਼ੁਰੂ ਕੀਤਾ ਸੀ, ਉਸ ਤੋਂ ਇਕ ਦਹਾਕਾ ਪਿੱਛੋਂ ਹੀ ਲਾਹੌਰ ਦੇ ਇਕ ਬੰਦੇ ਲਾਲਾ ਨੰਦ ਲਾਲ ਨੇ *ਹਾਰਮੋਨੀਅਮ ਸਿੱਖਿਆ* ਨਾਂ ਦੀ 48 ਸਫ਼ਿਆਂ ਦੀ ਇਕ ਕਿਤਾਬ ਲਿਖ ਮਾਰੀ ਜਿਹੜੀ ਕਿ ਉਦੋਂ ਲਾਹੌਰੀ ਦਰਵਾਜ਼ਾ, ਕੂਚਾ ਚਿੜੀ ਮਾਰਾਂ ਵਿਖੇ ਇਸਲਾਮੀਆ ਪ੍ਰੈਸ, ਲਾਹੌਰ ਵੱਲੋਂ ਛਾਪੀ ਗਈ ਸੀ। ਉਸਦੀ ਕੀਮਤ ਉਦੋਂ ਇਕ ਰੁਪਿਆ ਰੱਖੀ ਗਈ ਸੀ। ਉਹ ਕਿਤਾਬ ਉਰਦੂ ਵਿਚ ਸੀ, ਪਰ 1913 ਈ. ਵਿਚ ਪ੍ਰੋ: ਸੁੰਦਰ ਸਿੰਘ ਅੰਮ੍ਰਿਤਸਰ ਨੇ, ਜਿਹੜੇ ਉਦੋਂ ਯਤੀਮਖਾਨਾ ਤਰਨਤਾਰਨ ਵਿਚ ਸੰਗੀਤ ਦੇ ਅਧਿਆਪਕ ਸਨ, *ਹਾਰਮੋਨੀਅਮ ਕੀਰਤਨ ਸਿੱਖਿਆ* ਨਾਂ ਦੀ ਇਕ ਕਿਤਾਬ ਪੰਜਾਬੀ ਵਿਚ ਲਿਖ ਛੱਡੀ।

ਲਾਹੌਰ ਰਹਿੰਦਿਆਂ ਏਸੇ ਹੀ ਭਾਈ ਪ੍ਰਤਾਪ ਸਿੰਘ ਨੇ ਤਬਲਾ ਅਤੇ ਸਿਤਾਰ ਵਾਦਨ ਆਦਿ 'ਤੇ ਵੀ ਕਿਤਾਬਾਂ ਲਿਖੀਆਂ, ਜਿਨ੍ਹਾਂ ਵਿੱਚੋਂ ਇਕ ਕਿਤਾਬ ਹਾਰਮੋਨੀਅਮ 'ਤੇ ਸੀ ਜਿਸਦਾ ਨਾਂ ਸੀ *ਹਾਰਮੋਨੀਅਮ ਗਾਈਡ*। ਇਹ 1920 ਈ. ਦੀ ਗੱਲ ਹੈ। ਕਿਤਾਬ ਦੇ ਮੁੱਖ ਸਫ਼ੇ 'ਤੇ ਲਿਖਿਆ ਸੀ : "ਹਾਰਮੋਨੀਅਮ ਗਾਈਡ" ਭਾਈ ਪ੍ਰਤਾਪ ਸਿੰਘ ਪ੍ਰੋਫੈਸਰ ਹਾਰਮੋਨੀਅਮ ਸਕੂਲ, ਅਨਾਰਕਲੀ ਬਾਜ਼ਾਰ, ਲਾਹੌਰ, ਕੀਮਤ ਇਕ ਰੁਪਿਆ।

ਉਸ ਕਿਤਾਬ ਵਿਚ ਜਿਹੜੇ ਗੀਤਾਂ, ਗ਼ਜ਼ਲਾਂ, ਸ਼ਬਦਾਂ ਜਾਂ ਭਜਨਾਂ ਦੀਆਂ ਸੁਰ ਲਿੱਪੀਆਂ ਦਿੱਤੀਆਂ ਗਈਆਂ ਹਨ, ਉਹ ਤਾਂ ਇਨ੍ਹਾਂ ਸਿਨਫ਼ਾਂ ਦੇ ਵਿਦਿਆਰਥੀ ਜਾਂ ਚਾਹਵਾਨ ਹੀ ਜਾਨਣ, ਪਰ ਸਾਨੂੰ ਇਸ ਵਿਚ ਵਧੇਰੇ ਦਿਲਚਸਪੀ ਹੈ ਕਿ ਇਹ ਕੀਰਤਨਕਾਰ ਵਿਅਕਤਿਤਵ ਤੌਰ 'ਤੇ ਕੇਹੋ ਜਿਹਾ ਸੀ। ਸੋ, ਉਹ ਆਪਣੇ ਦੀਬਾਚੇ (ਭੂਮਿਕਾ) ਵਿਚ ਇੰਜ ਲਿਖਦਾ ਹੈ : "ਮੁਝ ਕੋ ਯੇਹ ਦਾਅਵਾ ਤੋ ਨਹੀਂ ਕਿ ਜ਼ਮਾਨਾ ਹਾਲ ਮੇਂ ਮੈਂ ਇਸ ਇਲਮ ਮੇਂ ਲਾਸਾਨੀ ਔਰ ਯਕਤਾ ਹੂੰ, ਤਾਹਮ ਮੁਝ ਕੋ ਅਪਨੀ ਸਚਾਈ ਪਰ ਪੂਰਾ ਭਰੋਸਾ ਹੈ।" (ਸਫ਼ਾ 3-4) ਲੱਗਦੇ ਹੱਥ, ਰਾਗ ਵਿਦਿਆ ਬਾਰੇ ਵੀ ਉਸਦੇ ਵਿਚਾਰ ਸੁਣ ਲਓ :

*ਦੋਹਾ : ਰਾਗ ਵਿਦਿਆ ਅਤਿ ਕਠਨ, ਉਸਕਾ ਪਾਰ ਨਾ ਵਾਰ।*
*ਤੁਮਰੀ ਕਿਰਪਾ ਪ੍ਰਤੀ ਗੁਰਚੋਂ, ਗ੍ਰੰਥ ਸਿਖ ਕਾਰ।*

ਦੂਜੀ ਲਾਈਨ ਵਿੱਚੋਂ ਕੁਝ ਮਿਸਿੰਗ ਜਾਪਦਾ ਹੈ, ਜਿਹੜੀ ਕਿ ਛਾਪੇ ਦੀ ਗ਼ਲਤੀ ਹੋ ਸਕਦੀ ਹੈ।

ਰਾਗ ਕਾਨ੍ਹੜਾ ਝੱਪਤਾਲ ਵਿਚ ਉਸ ਦੇ ਕੁਝ ਸ਼ਿਅਰ ਦੇਖੋ :

*ਗਾਓ ਮਿਲਕੇ, ਉਪਕਾਰ ਸਾਰੇ,*
*ਕੀਏ ਜੋ ਗੁਰੂ ਜੀ ਗੋਬਿੰਦ ਸਿੰਘ ਹਮਾਰੇ।*
*ਉਨਕੇ ਭੁਲਾ ਬੈਠੇ, ਯੇਹ ਉਪਕਾਰ ਐਸੇ,*
*ਜ਼ਰਾ ਦਿਲ ਮੇਂ ਸੋਚੋ ਤੋ ਆਰਜ਼ ਪਿਆਰੇ।*
*ਅਰੇ ਦਾਸ ਗੁਣ ਕੋ ਨਾ ਭੁਲਾਈਐ,*
*ਗੁਰੂ ਕੀ ਫ਼ਤਿਹ ਕੇ ਬੁਲਾਓ ਜੈਕਾਰੇ।* (ਸਫ਼ਾ 46)

ਕੁਝ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਆਪ ਨੇ ਆਪਣਾ ਆਖ਼ਰੀ ਕੀਰਤਨ 9 ਮਾਰਚ 1929 ਨੂੰ ਕੀਤਾ, ਉਸ ਪਿੱਛੋਂ ਆਪ ਬਿਮਾਰ ਹੋ ਗਏ ਅਤੇ ਆਖ਼ਿਰ

5 ਅਗਸਤ ਨੂੰ ਸਦੀਵੀ ਵਿਛੋੜਾ ਦੇ ਗਏ। ਆਪ ਇਕ ਆਲ੍ਹਾ ਦਰਜੇ ਦੇ ਬੰਦਸ਼ਕਾਰ ਸਨ। ਉਨ੍ਹਾਂ ਦੀ ਇਕ ਬੰਦਸ਼ ਦਾ ਨਮੂਨਾ ਦੇਖੋ ਜਿਸ ਵਿਚ ਆਪ ਸਰਸਵਤੀ ਦੇਵੀ ਤੋਂ ਸੁਰ ਗਿਆਨ ਦਾ ਪ੍ਰਸ਼ਾਦ ਮੰਗਦੇ ਹਨ:

*ਪ੍ਰਸ਼ਾਦ ਦੀਜੋ।*
*ਸਰਸਵਤੀ ਦੇਵੀ, ਪ੍ਰਸ਼ਾਦ ਦੀਜੋ।*
*ਅਪਨੇ ਸੇਵਕ ਕੋ ਸੁਰ, ਤਾਨ, ਅਲਾਪ ਸੁਰ।*

SIKHBOOKCLUB.COM

 www.sikhbookclub.com

# ਮਹੰਤ ਗੱਜਾ ਸਿੰਘ



*ਗੁਰੁਸਰ ਮਹੰਤ ਗੱਜਾ ਸਿੰਘ*
*ਦਰਬਾਰ ਪਟਿਆਲਾ*

ਉੱਨ੍ਹੀਵੀਂ ਸਦੀ ਵਿਚ ਗੁਰਮਤਿ ਸੰਗੀਤ ਦੇ ਅਨੇਕ ਮਹਾਨ ਕੀਰਤਨੀਏ ਪੈਦਾ ਹੋਏ ਹੋਣਗੇ, ਪਰ ਜਿਥੋਂ ਤਕ ਖੋਜ ਦੇ ਖੇਤਰ ਜਾਂ ਸ਼ਾਸਤ੍ਰਕਾਰਤਾ ਦਾ ਸੰਬੰਧ ਹੈ, ਉਸ ਵਿਚ ਬਹੁਤ ਵੱਡੇ ਦੋ ਨਾਂ ਉਭਰ ਕੇ ਜਿਹੜੇ ਸਾਡੇ ਸਾਹਮਣੇ ਆਉਂਦੇ ਹਨ, ਉਹ ਹਨ ਮਹੰਤ ਗੱਜਾ ਸਿੰਘ (1849-1916 ਈ.) ਅਤੇ ਡਾ. ਚਰਨ ਸਿੰਘ (1853-1908 ਈ.)। ਇਨ੍ਹਾਂ ਦੋਹਾਂ ਵਿੱਚੋਂ ਪਹਿਲੇ ਮਹਾਂ ਪੁਰਖ ਜਿਥੇ ਸੰਗੀਤ ਵਿਚ ਹਰ ਵੇਲੇ ਲਿਵਲੀਨ ਰਹਿੰਦੇ ਸਨ, ਉਥੇ ਦੂਜੇ ਵਿਅਕਤੀ, ਜਿਹੜੇ ਕਿ ਸਾਡੇ ਸੁਪ੍ਰਸਿੱਧ ਸਾਹਿਤਕਾਰ ਡਾ. ਭਾਈ ਵੀਰ ਸਿੰਘ ਜੀ ਦੇ ਪੂਜਯ ਪਿਤਾ ਜੀ ਸਨ, ਕਿੱਤੇ ਵਜੋਂ ਖ਼ਾਨਦਾਨੀ ਹਕੀਮ ਅਤੇ ਵੈਦਗੀ ਦੇ ਨਾਲ ਨਾਲ ਐਲੋਪੈਥਕ ਡਾਕਟਰੀ ਦੇ ਵੀ ਪ੍ਰਵੀਨ ਗਿਆਤਾ ਸਨ। ਆਪਣੇ ਕਿੱਤੇ ਤੋਂ ਛੁੱਟ, ਉਹ ਇਕ ਉੱਚ ਕੋਟੀ ਦੇ ਵਿਦਵਾਨ ਸੰਸਕ੍ਰਿਤ, ਫ਼ਾਰਸੀ, ਹਿੰਦੀ, ਬ੍ਰਿਜ ਅਤੇ ਪੰਜਾਬੀ ਦੇ ਚੰਗੇ ਆਲਮ ਸਨ। ਕਿਉਂਕਿ ਬਹੁ-ਭਾਂਤੀ ਪ੍ਰਤਿਭਾ ਦੇ ਸੁਆਮੀ ਸਨ, ਇਸ ਲਈ ਉਹ ਸੰਗੀਤ ਪ੍ਰਤੀ ਖੋਜ ਵਿਚ ਦਿਲਚਸਪੀ ਤਾਂ ਲੈਂਦੇ ਰਹਿੰਦੇ, ਪਰ ਢੇਰ ਕਰਕੇ ਹੋਰਨਾਂ ਵਿਸ਼ਿਆਂ 'ਤੇ ਵੀ ਆਪਣੀ ਕਲਮ ਅਜ਼ਮਾਈ ਕਰਦੇ। ਤਾਂ ਵੀ ਸਾਨੂੰ ਉਹ ਸੰਗੀਤ ਸਬੰਧੀ ਕੁਝ ਮਹੱਤਵਪੂਰਨ ਕਿਰਤਾਂ ਦੇ ਗਏ : (1) *ਗੁਰਮਤਿ ਸੰਗੀਤ ਨਿਰਣਯ* (1925 ਈ.) ਅਤੇ ਆਪਣੇ ਅੰਤਲੇ ਦਿਨਾਂ ਦੀ ਖੋਜ *ਗੁਰਮਤਿ ਸੰਗੀਤ*, ਜਿਹੜੀ ਕਿ ਮਗਰੋਂ ਭਾਈ ਵੀਰ ਸਿੰਘ ਜੀ ਨੇ ਖ਼ਾਲਸਾ ਟਰੈਕਟ ਸੁਸਾਇਟੀ ਦੇ *ਸ੍ਰੀ ਗੁਰੂ ਗ੍ਰੰਥ ਕੋਸ਼* ਦੀ ਅੰਤਿਕਾ ਵਿਚ 1167 ਸਫ਼ੇ ਤੋਂ ਲੈ ਕੇ 1214 ਸਫ਼ਿਆਂ ਅਰਥਾਤ ਸੰਤਾਲੀ ਪੰਨਿਆਂ 'ਤੇ ਛਾਪ ਦਿੱਤੀ ਸੀ।

ਜਿਥੋਂ ਤਕ ਮਹੰਤ ਗੱਜਾ ਸਿੰਘ ਜੀ ਦਾ ਸਬੰਧ ਹੈ, ਰਹੇ ਨਾਮ ਰੱਬ ਦਾ! ਬਹੁਤ ਵੱਡੇ ਕਲਾਕਾਰ ਸਨ, ਜਿਨ੍ਹਾਂ ਨੂੰ ਪ੍ਰਸਿੱਧ ਅੰਗਰੇਜ਼ ਵਿਦਵਾਨ ਮੈਕਾਲਿਫ਼ "ਸਿੱਖਾਂ ਦਾ ਸਭ ਤੋਂ ਵੱਡਾ ਸੰਗੀਤਕਾਰ" ਮੰਨਦਾ ਹੈ। ਆਪ ਦਾ ਜਨਮ 1849 ਈ. ਨੂੰ ਪਿੰਡ


www.sikhbookclub.com

ਬਦਰ, ਰਿਆਸਤ ਫ਼ਰੀਦਕੋਟ ਵਿਖੇ ਹੋਇਆ। ਸਿੱਖ ਪੰਥ ਦੇ ਮਹਾਨ ਵਿਦਵਾਨ, ਮਹਾਨ ਕੋਸ਼ ਦੇ ਸੁਪ੍ਰਸਿੱਧ ਰਚੈਤਾ ਭਾਈ ਕਾਨ੍ਹ ਸਿੰਘ ਜੀ ਨਾਭਾ, ਜਿਹੜੇ ਕਿ ਉਨ੍ਹਾਂ ਦੇ ਸ਼ਾਗਿਰਦ ਵੀ ਸਨ, ਆਪ ਬਾਰੇ ਇੰਜ ਅੰਕਿਤ ਕਰਦੇ ਹਨ :

ਫ਼ਿਰੋਜ਼ਪੁਰ ਦੇ ਜ਼ਿਲੇ ਮੇਹਰਾਜ ਪਿੰਡ ਦੀ ਹੱਦ ਵਿਚ ਛੇਵੇਂ ਸਤਿਗੁਰੂ ਦਾ ਤਾਲ ਜਿਸਦੇ ਕਿਨਾਰੇ ਡੇਰਾ ਜਮਾ ਕੇ ਸ਼ਾਹੀ ਸੈਨਾ ਨਾਲ ਤੀਜਾ ਜੰਗ ਗੁਰੂ ਸਾਹਿਬ ਨੇ ਕੀਤਾ—ਜਿਸ ਥਾਂ ਗੁਰੂ ਸਾਹਿਬ ਦਾ ਤੰਬੂ ਸੀ, ਉਥੇ ਮਹਾਰਾਜਾ ਹੀਰਾ ਸਿੰਘ ਸਾਹਿਬ ਨਾਭਾਪਤੀ ਨੇ ਬਹੁਤ ਸੁੰਦਰ ਗੁਰਦਵਾਰਾ ਬਣਾਇਆ ਹੈ, ਇਸ ਥਾਂ 'ਤੇ ਮਹੰਤ ਭਾਈ ਗੱਜਾ ਸਿੰਘ ਜੀ ਸਿੱਖਾਂ ਵਿਚ ਅਦੁੱਤੀ ਰਾਗ ਵਿਦਯਾ ਦੇ ਪੰਡਿਤ ਹੋਏ ਹਨ। ਜਿਨ੍ਹਾਂ ਨੇ ਉਨ੍ਹਾਂ ਦੇ ਤਾਊਸ ਦਾ ਅਲਾਪ ਸੁਣਿਆ ਹੈ, ਉਹ ਕਦੇ ਉਨ੍ਹਾਂ ਨੂੰ ਨਹੀਂ ਭੁੱਲਦੇ।[1]

ਸੰਗੀਤ ਇਕ ਅਜਿਹੀ ਵਿੱਦਿਆ ਹੈ, ਜਿਸ ਵਿਚ ਸੰਗੀਤਕਾਰ ਦੇ ਉਸਤਾਦਾਂ ਦੀ ਤਾਲੀਮ ਦਾ ਬੜਾ ਦਖ਼ਲ ਹੁੰਦਾ ਹੈ। ਅੱਗੋਂ ਉਸ ਇਲਮ ਨੂੰ ਸਬੰਧਤ ਸ਼ਾਗਿਰਦ ਜਾਂ ਸ਼ਾਗਿਰਦਾਂ ਨੇ ਆਪਣੀ ਤਪ-ਸਾਧਨਾ ਜਾਂ ਰਿਆਜ਼ ਦੁਆਰਾ ਉਸਨੂੰ ਮਾਂਜਣਾ ਲਿਸ਼ਕਾਉਣਾ ਹੁੰਦਾ ਹੈ। ਸਭ ਤੋਂ ਪਹਿਲਾਂ ਅਸੀਂ ਉਨ੍ਹਾਂ ਸਰਵਸ੍ਰੇਸ਼ਟ ਸੰਗੀਤਕਾਰਾਂ ਜਿਹੜੇ ਕਿ ਮਹਾਰਾਜਾ ਮਹਿੰਦਰ ਸਿੰਘ (1862-1876 ਈ.) ਦੇ ਰਾਜਕਾਲ ਵਿਚ ਪਟਿਆਲਾ ਦਰਬਾਰ ਨਾਲ ਆ ਜੁੜੇ ਸਨ—ਦੀਆਂ ਜੜ੍ਹਾਂ ਵਾਚਣ ਲਈ ਦੂਰਬੀਨ ਲਾਵਾਂਗੇ ਕਿ ਆਖ਼ਰ ਉਹ ਕਿਹੜੇ ਉਸਤਾਦ ਸਨ, ਜਿਨ੍ਹਾਂ ਨੇ ਮਹੰਤ ਜੀ ਨੂੰ "ਮੌਸੀਕੀ ਦਾ ਮੀਨਾਰ" ਬਣਾ ਦਿੱਤਾ ? ਸਭ ਤੋਂ ਪਹਿਲਾਂ ਆਪਣੇ ਘਰੋਂ ਸੰਪਰਦਾਇਕ ਪ੍ਰੰਪਰਾਗਤ ਤਾਲੀਮ ਦਾ ਖ਼ਜ਼ਾਨਾ ਤਾਂ ਪ੍ਰਾਪਤ ਕਰ ਹੀ ਲਿਆ ਸੀ, ਅੱਗੋਂ ਉਨ੍ਹਾਂ ਨੇ ਇਹ ਕੰਮ ਕੀਤਾ ਕਿ ਉਹ ਸਿੱਧਾ ਮੀਰ ਨਾਸਰ ਅਹਿਮਦ (ਜਿਹੜੇ ਕਿ ਆਖ਼ਰੀ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਦੇ ਦਰਬਾਰੀ ਸਨ) ਅਤੇ ਉਨ੍ਹਾਂ ਦੇ ਛੋਟੇ ਪੁੱਤਰ ਮੀਰ ਰਹਿਮਤ ਅਲੀ ਸਾਹਿਬ, ਜਿਹੜੇ ਕਿ 1857 ਦੇ ਗ਼ਦਰ ਪਿੱਛੋਂ ਹੁਣ ਮਹਾਰਾਜਾ ਕਪੂਰਥਲਾ ਕੋਲ ਆ ਠਹਿਰੇ ਸਨ—ਏਥੇ ਆ ਬਿਰਾਜੇ। ਉਸਤਾਦੀ ਸ਼ਾਗਿਰਦੀ ਦੀ ਇਹ ਰਸਮ ਰਾਜਾ ਸਰ ਦਲਜੀਤ ਸਿੰਘ (1874-1947-48 ਈ.) ਦੇ ਕਾਲ ਵਿਚ ਜਲੰਧਰ ਵਿਖੇ ਹੋਈ, ਜਿਹੜੇ ਕਿ ਕਪੂਰਥਲੇ ਦੀ ਬਜਾਏ, ਆਪਣਾ ਢੇਰ ਸਮਾਂ ਹੁਣ ਇਸ ਸ਼ਹਿਰ ਵਿਚ ਬਿਤਾਇਆ ਕਰਦੇ ਸਨ। ਮੀਰ ਨਾਸਰ ਅਹਿਮਦ ਦਾ ਸੰਗੀਤ ਦੇ ਖੇਤਰ ਵਿਚ ਉਦੋਂ ਕੀ ਮੁਕਾਮ ਸੀ, ਇਸ ਗੱਲ ਦਾ ਅੰਦਾਜ਼ਾ ਸਾਨੂੰ ਉੱਨ੍ਹੀਵੀਂ ਸਦੀ ਦੇ ਅੱਧ ਵਿਚ ਛਪੀ ਇਕ ਕਿਤਾਬ 'ਚੋਂ ਲੱਗ ਜਾਂਦਾ ਹੈ ਜਦ ਕਿ ਉਸਦਾ ਕਰਤਾ ਸਰ ਸੱਯਦ ਅਹਿਮਦ ਖ਼ਾਂ (1817-1898 ਈ.) ਉਸ ਬਾਰੇ ਅਜਿਹਾ ਬਿਆਨ ਕਰਦਾ ਹੈ : "ਯੇ ਯਕਤਾਇ ਜ਼ਮਾਨਾ ਨਗ਼ਮਾ ਸਰਾਈ ਔਰ ਬੀਨ ਨਵਾਜ਼ੀ ਦੋਨੋਂ ਮੇਂ ਮਾਰੂਫ਼ ਰੋਜ਼ਗਾਰ ਹੂਆ ਔਰ ਇਨ ਦੋਨੋਂ ਕਾਮੋਂ ਕੋ ਐਸਾ ਕੀਆ ਕਿ...। ਜੈਸਾ ਇਨ ਚੀਜ਼ੋਂ ਕੋ ਇਨਹੋਂ ਨੇ ਬਰਤਾ, ਅਸਾਤਿਜ਼ਾ ਸਲਫ਼ ਕੀ ਮਜਾਲ ਨਾ ਥੀ ਕਿ ਉਸ ਕੇ ਉਸ਼ਰੋ ਉਸ਼ੀਰ।" ਦਸਵੇਂ ਹਿੱਸੇ ਦਾ ਵੀ ਦਸਵਾਂ ਹਿੱਸਾ ਤਕ ਬਰਾਬਰ ਨਹੀਂ, ਭਾਵ ਕਿ ਉਸਦੇ ਦੌਰ ਦੇ ਦੂਜੇ ਕਲਾਕਾਰ ਉਸਦੇ ਪਾਂ ਪਾਸਕ ਵੀ ਨਹੀਂ ਸਨ। ਉਸ ਤੋਂ ਵੀਹ ਸਾਲ ਬਾਅਦ ਜਿਹੜੀ ਇਕ ਹੋਰ

1. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਸਫ਼ਾ 421.

ਕਿਤਾਬ ਉਰਦੂ ਵਿਚ ਲਿਖੀ ਗਈ ਅਤੇ ਜਿਹੜੀ ਫਿਰ 1 ਜਨਵਰੀ, 1864 ਈ. ਨੂੰ ਛਾਪੀ ਗਈ, ਉਸਦਾ ਕਰਤਾ ਇਕ ਕਾਂਡ "ਉਸ ਦੌਰ ਕੇ ਬੜੇ ਉਸਤਾਦ" ਵਿਚ ਬੀਨਕਾਰਾਂ ਵਿੱਚੋਂ ਸਿਰਫ਼ ਦੋ ਫ਼ਨਕਾਰਾਂ ਦਾ ਨਾਂ ਦਰਜ ਕਰਦਾ ਹੈ—ਪਹਿਲਾ ਮੀਰ ਨਾਸਰ ਅਹਿਮਦ ਦਿਹਲਵੀ ਅਤੇ ਦੂਜਾ ਮੀਰ ਵਾਰਿਸ ਅਲੀ ਬੀਨਕਾਰ ਲਖਨਵੀ ਦਾ। ਪ੍ਰਸਿੱਧ ਲਕੋਕਤੀ ਹੈ: "ਗੁਰੂ ਜਿਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ" ਦੇ ਅਨੁਸਾਰ ਉਸਤਾਦਾਂ ਤੇ ਉਸ ਉਸਤਾਦ ਦੀ ਤਾਲੀਮ ਕੁਝ ਸਾਲਾਂ ਵਿਚ ਹੀ ਆਪਣਾ ਰੰਗ ਲੈ ਆਈ, ਜਦ ਕਿ ਮਹੰਤ ਜੀ ਦੀ ਮਹਿਮਾ ਅਤੇ ਮਸ਼ਹੂਰੀ ਸਾਰੇ ਦੇਸ਼ ਵਿਚ ਫੈਲ ਗਈ। ਅਸਲ ਵਿਚ ਗੱਜਾ ਸਿੰਘ ਜੀ ਨੇ ਜਿਸ ਗੱਲ ਵੱਲ ਵੱਧ ਤੋਂ ਵੱਧ ਧਿਆਨ ਦਿੱਤਾ, ਉਹ ਇਹ ਸੀ ਕਿ ਮੀਰ ਸਾਹਿਬ ਕੋਲੋਂ ਦਿਲਰੁਬਾ ਤੇ ਝਾਲਾ ਵਜਾਉਣ ਦਾ ਗੁਣ ਸਿਖਿਆ ਜਿਹੜੀ ਕਿ ਉਸ ਸਮੇਂ ਅਨੁਸਾਰ ਅਸਲੋਂ ਹੀ ਇਕ ਨਵੀਂ ਗੱਲ ਸੀ। ਹਿੰਦੁਸਤਾਨੀ ਸੰਗੀਤ ਦੇ ਇਤਿਹਾਸ ਵਿਚ ਇਹ ਤੱਥ ਅਸਲੋਂ ਹੀ ਇਕ ਬਹੁਤ ਵੱਡੇ ਮੀਲ-ਪੱਥਰ ਵਾਂਗ ਹੈ ਕਿ ਉਸਤਾਦ ਮੱਮਣ ਖ਼ਾਂ (1855-1940 ਈ.), ਜਿਨ੍ਹਾਂ ਨੇ ਕਿ ਪਟਿਆਲਾ ਦਰਬਾਰ ਨਾਲ ਆਪਣਾ ਨਾਤਾ 1912 ਈ. ਵਿਚ ਜੋੜ ਲਿਆ ਸੀ, ਉਨ੍ਹਾਂ ਦੀ ਨਕਲ ਕਰਦਿਆਂ ਇਕ ਨਵਾਂ ਸਾਜ਼ "ਸੁਰ ਸਾਗਰ" ਈਜਾਦ ਕੀਤਾ ਜਿਸ ਵਿੱਚੋਂ ਕਿ ਵੀਣਾ, ਸਿਤਾਰ ਆਦਿ ਦੀਆਂ ਚਕਾਰੀਆਂ ਨਾਲ ਝਾਲੇ ਦਾ ਅੰਗ ਪੈਦਾ ਹੋ ਸਕਦਾ ਸੀ। ਬੁਨਿਆਦੀ, ਪੁਸ਼ਤੈਨੀ ਤੌਰ 'ਤੇ ਮੱਮਣ ਖ਼ਾਂ ਭਾਵੇਂ ਕਿ ਸਾਰੰਗੀ ਦੇ ਬਹੁਤ ਵੱਡੇ ਸ਼ੈਦਾਈ ਸਨ, ਤਾਂ ਵੀ ਆਪਸੀ ਗੱਲਬਾਤ ਸਮੇਂ, ਪ੍ਰਸਿੱਧ ਸਿਤਾਰ ਨਵਾਜ਼ ਉਸਤਾਦ ਵਿਲਾਇਤ ਖ਼ਾਂ ਦੇ ਬਾਬਾ ਉਸਤਾਦ ਇਮਦਾਦ ਖ਼ਾਂ (1848-1920 ਈ.) ਨੂੰ ਉਸਨੇ ਇਹ ਗੱਲ ਆਖੀ ਸੀ, "ਸਾਰੰਗੀ ਬੇਸ਼ੱਕ 'ਸੌ ਰੰਗੀ' ਹੈ, ਤਾਂ ਵੀ ਇਹ ਸਾਜ਼ ਭਾਰਾ ਹੋਣ ਕਰਕੇ ਇਸ ਵਿੱਚੋਂ ਝਾਲੇ ਦਾ ਅੰਗ ਐਨੀ ਖ਼ੂਬਸੂਰਤੀ ਅਤੇ ਬਰੀਕੀ ਨਾਲ ਨਹੀਂ ਨਿਕਲ ਸਕਦਾ।" ਕਿਰਿਆਤਮਿਕ ਤੌਰ 'ਤੇ ਇਹ ਇਕ ਬਹੁਤ ਵੱਡੀ ਕਲਿਆਣਕਾਰੀ ਗੱਲ ਸੀ। ਏਥੇ ਹੀ ਬਸ ਨਹੀਂ, ਭਾਰਤੀ ਸੰਗੀਤ ਦੇ ਇਤਿਹਾਸ ਵਿਚ ਕੀ ਇਹ ਗੱਲ ਕੋਈ ਮਾਮੂਲੀ ਹੈਸੀਅਤ ਰੱਖਦੀ ਹੈ ਕਿ ਕਸੂਰ ਘਰਾਣੇ ਦੇ ਪ੍ਰਸਿੱਧ ਉਸਤਾਦ ਬੜੇ ਗ਼ੁਲਾਮ ਅਲੀ ਖ਼ਾਂ ਦੇ ਪਿਤਾ ਅਲੀ ਬਖ਼ਸ਼ (1870-1941 ਈ.) ਆਪਣੇ ਭਰਾਤਾ ਕਾਲੇ ਖ਼ਾਂ ਨਾਲ (1872-1919-20) ਦੋਵੇਂ ਪਟਿਆਲਾ ਆਉਣ ਅਤੇ "ਤਾਊਸ ਦੇ ਇਸ ਤਾਜਦਾਰ" ਦਿਲਰੁਬਾ ਦੇ ਦਾਤਾਰ ਦੀ ਸ਼ਾਗਿਰਦੀ ਕਰਨ।

ਕਾਲੇ ਖ਼ਾਂ ਉਂਜ ਫ਼ਤਿਹ ਅਲੀ ਖ਼ਾਂ ਕਰਨੈਲ ਸਾਹਿਬ ਦੇ ਵੀ ਸ਼ਾਗਿਰਦ ਹੋ ਗਏ ਸਨ। ਇਤਿਹਾਸਿਕ ਤੌਰ 'ਤੇ ਇਹ ਉਹ ਮੁਕਾਮ ਹੈ ਜਿਥੋਂ ਕਿ ਕਸੂਰ ਦਾ ਘਰਾਣਾ, ਆਪਣੀ ਆਜ਼ਾਦਾਨਾ ਹੋਂਦ ਖੋਹ ਕੇ, ਪਟਿਆਲਾ ਘਰਾਣੇ ਦੀ ਇਸ "ਤ੍ਰਿਵੈਣੀ" ਵਿਚ ਆ ਕੇ, ਘੁਲ ਮਿਲ ਕੇ, ਸਦਾ ਲਈ ਇਸ ਵਿਚ ਅਲੋਪ ਹੋ ਜਾਂਦਾ ਹੈ। ਲੱਗਦੇ ਹੱਥ, ਇਸ ਥਾਂ ਇਕ ਹੋਰ ਇਤਿਹਾਸਿਕ ਤੱਥ ਦੀ ਨਿਸ਼ਾਨਦੇਹੀ ਕਰ ਦੇਣੀ ਵੀ ਦਿਲਚਸਪੀ ਤੋਂ ਖ਼ਾਲੀ ਨਹੀਂ ਹੋਵੇਗੀ ਕਿ 1902 ਈ. ਵਿਚ ਜਦ ਹੀ ਗ੍ਰਾਮੋਫ਼ੋਨ ਵਾਜਾ ਈਜਾਦ ਹੋਇਆ ਤਾਂ ਹਿੰਦੁਸਤਾਨ ਦੇ ਚੋਟੀ ਦੇ ਕੁਝ ਕਲਾਕਾਰਾਂ ਦੇ ਤਵੇ ਭਰਨੇ ਸ਼ੁਰੂ ਹੋ ਗਏ ਸਨ, ਜਿਨ੍ਹਾਂ ਵਿੱਚੋਂ ਪਟਿਆਲਾ ਦੇ ਜਰਨੈਲ ਅਲੀ ਬਖ਼ਸ਼ ਦਾ ਨਾਂ ਸਫ਼-ਅੱਵਲ 'ਤੇ ਸੀ। 1904 ਈ. ਨੂੰ ਉਸਤਾਦ ਕਾਲੇ ਖ਼ਾਂ ਦੇ ਕੁਝ ਰੀਕਾਰਡ ਭਰੇ ਗਏ ਸਨ ਅਤੇ

ਮਈ 1908 ਈ. ਨੂੰ ਜਦੋਂ ਇਮਦਾਦ ਖ਼ਾਂ ਦੀ ਸਿਤਾਰ ਦਾ ਤਵਾ ਤਿਆਰ ਕੀਤਾ ਗਿਆ ਤਾਂ ਤਾਊਸ ਲਈ ਐਚ.ਐਮ.ਵੀ. ਦੀ ਨਜ਼ਰਿ-ਇੰਤਖ਼ਾਬ ਮਹੰਤ ਜੀ ਦੇ ਸ਼ਾਗਿਰਦ ਉਸਤਾਦ ਅਲੀ ਬਖ਼ਸ਼ 'ਤੇ ਪਈ ਜਿਸਨੇ ਕਿ ਭੈਰਵੀ ਦਾ ਤਵਾ ਭਰਵਾ ਦਿੱਤਾ, ਜਿਸਦਾ ਨੰਬਰ ਸੀ 2704h -17932। ਇਹ ਤਵਾ, ਕਸੂਰ ਘਰਾਣੇ ਦੀ ਅਸਲੋਂ ਹੀ ਠੇਠ (typical) ਜ਼ੰਗੋਲਾ ਜਾਂ ਜੰਗਲਾ ਭੈਰਵੀ ਸੀ, ਜਾਂ ਉਂਜ ਹੀ ਸਾਧਾਰਨ ਭੈਰਵੀ, ਇਸ ਬਾਰੇ ਪਰਪੱਕਤਾ ਨਾਲ ਕੁਝ ਵੀ ਨਹੀਂ ਕਿਹਾ ਜਾ ਸਕਦਾ। ਜ਼ਾਹਰ ਹੈ ਕਿ ਉਸ ਅਦੁੱਤੀ ਤਵੇ ਵਿੱਚੋਂ ਨਿਰਸੰਦੇਹ ਹੀ, ਮਹੰਤ ਗੱਜਾ ਸਿੰਘ ਦੀ ਵਜਾਇਕੀ ਦੀ ਖ਼ੁਸ਼ਬੂ ਆਉਂਦੀ ਹੋਵੇਗੀ। ਬਡ਼ੀ ਗੱਲ ਨਹੀਂ ਕਿ ਉਦੋਂ ਇਹ ਉਸਤਾਦ ਸ਼ਾਗਿਰਦ, ਉਸ ਰੀਕਾਰਡਿੰਗ ਸੈਸ਼ਨ ਸਮੇਂ ਦੋਵੇਂ ਇਕੱਠੇ ਹੀ ਕਲਕੱਤਾ ਆਏ ਹੋਣ। ਅਸਲ ਵਿਚ ਗੱਲ ਇਹ ਸੀ ਕਿ ਉਸੇ ਹੀ ਸਾਲ ਅਰਥਾਤ 9 ਮਾਰਚ, 1908 ਈ. ਨੂੰ ਮਹਾਰਾਜਾ ਭੁਪਿੰਦਰ ਸਿੰਘ (1891-1938 ਈ.) ਦੀ ਸ਼ਾਦੀ ਜੀਂਦ ਦੇ ਸਰਦਾਰ ਗੁਰਨਾਮ ਸਿੰਘ ਦੀ ਧੀ ਬਖ਼ਤਾਵਰ ਕੌਰ ਨਾਲ ਹੋਣੀ ਤੈਅ ਹੋ ਗਈ ਸੀ। ਮਹਾਰਾਜਾ ਇਹ ਚਾਹੁੰਦੇ ਸਨ ਕਿ ਦੇਸ਼ ਭਰ ਦੀ ਬਹੁ-ਚਰਚਿਤ ਗਾਇਕਾ ਗੌਹਰ ਜਾਨ (1870-1930 ਈ.) ਪਟਿਆਲਾ ਆਵੇ ਅਤੇ ਸ਼ਾਦੀ ਦੇ ਜਸ਼ਨਾਂ ਵਿਚ ਜਲਵਾਗਰ ਹੋਵੇ। ਉਨ੍ਹਾਂ ਸਮਿਆਂ ਅਨੁਸਾਰ ਰਿਆਸਤੀ ਕਲਾਕਾਰਾਂ ਦਾ ਆਦਾਨ ਪ੍ਰਦਾਨ ਦੂਜੀਆਂ ਰਿਆਸਤਾਂ ਨਾਲ ਆਮ ਜਿਹਾ ਕਰਮ ਸੀ ਅਤੇ ਉਸ ਤੋਂ ਵੱਧ ਉਹ ਗਾਇਕਾ ਪਟਿਆਲਾ ਦੇ ਥੰਮ੍ਹ ਗਵੱਈਆਂ ਉਸਤਾਦ ਅਲੀ ਬਖ਼ਸ਼ ਅਤੇ ਫ਼ਤਿਹ ਅਲੀ ਖ਼ਾਂ ਕਰਨੈਲ ਦੀ ਸ਼ਾਗਿਰਦ ਵੀ ਪੈ ਚੁੱਕੀ ਸੀ। ਪਰ ਜਦ ਹੀ ਗੌਹਰ ਜਾਨ ਨੂੰ ਇਸ ਗੱਲ ਲਈ ਪਹੁੰਚ ਕੀਤੀ ਗਈ, ਉਸਨੇ ਅਖੇ ਐਨ ਉਨ੍ਹਾਂ ਦਿਨਾਂ 'ਚ ਕਲਕੱਤਾ ਵਿਖੇ ਇਕ ਬਹੁਤ ਵੱਡੀ ਸੰਗੀਤ ਕਾਨਫ਼ਰੰਸ ਹੋ ਰਹੀ ਹੈ, ਬਹਾਨਾ ਪਾ ਕੇ ਪਟਿਆਲਾ ਆਉਣ ਤੋਂ ਸਾਫ਼ ਨਾਂਹ ਕਰ ਦਿੱਤੀ, ਜਿਸ ਨਾਲ ਸਤਾਰਾਂ ਸਾਲਾ ਅਲ੍ਹੜ ਜਵਾਨ ਮਹਾਰਾਜਾ ਕੁਝ ਉਦਾਸ ਜਿਹਾ ਰਹਿਣ ਲੱਗ ਪਿਆ।

ਇਸ ਥਾਂ, ਦੇਸ਼ ਦੀ ਉਸ ਬਹੁਤ ਵੱਡੀ ਗਾਇਕਾ ਬਾਰੇ ਥੋੜ੍ਹਾ ਜਿਹਾ ਦੱਸ ਦੇਣਾ ਗੈਰਵਾਜਬ ਨਹੀਂ ਹੋਵੇਗਾ ਕਿ ਉਹ ਇਕ ਅਜਿਹੀ ਟਹਿਕਦਾਰ ਸ਼ਖ਼ਸੀਅਤ ਸੀ ਜਿਸ ਨੂੰ ਰੱਬ ਨੇ ਹੁਸਨ ਝੋਲੀਆਂ ਭਰ ਭਰ ਕੇ ਦਿੱਤਾ ਹੋਇਆ ਸੀ। ਉਸਦੇ ਸੋਹਣੇ ਕੱਦ, ਡਬਲ ਚੁਗਾਠ, ਹਰ ਵੇਲੇ ਕੱਸੀ ਕਸਾਈ ਨੂੰ ਵੇਖ ਕੇ ਕਈ ਮਨਚਲੇ ਉਸ ਬਾਰੇ ਅਜਿਹੇ ਫ਼ਿਕਰੇ ਘੜਦੇ ਕਿ ਇਹ ਰੰਨ ਕਾਹਦੀ ਹੈ, ਡਬਲ ਬੈਰਲ ਦੀ ਗੰਨ ਹੈ। ਪੂਰੇ ਲੱਛੇ, ਠੱਸੇ ਨਾਲ ਨ੍ਰਿਤ ਕਰਦੀ ਤਾਂ ਵੀ ਤਬਾਹੀਆਂ ਮਚਾ ਦਿੰਦੀ। ਆਪਣੇ ਪ੍ਰੋਗਰਾਮਾਂ ਦੇ ਅੰਤ ਵਿਚ ਜਦੋਂ ਉਹ ਕੋਈ ਏਹੋ ਜਿਹੀ ਹਲਕੀ ਫੁਲਕੀ ਚੀਜ਼ ਸਿੰਧੀ ਕਾਫੀ 'ਚ ਢਾਲਦੀ ਤਾਂ ਦਿਲ-ਫੈਂਕ ਕਈ ਰਾਜੇ ਮਹਾਰਾਜੇ ਉਸ 'ਤੇ ਡੁਲ੍ਹ-ਡੁਲ੍ਹ ਪੈਂਦੇ, ਕੀਮਤੀ ਹਾਰਾਂ ਨਾਲ ਵਾਰਨੇ ਕਰਦੇ :

*ਕਿਆ ਜਾਨੇ, ਨਾਦਾਨ ਹੋ ਇਨ ਬਾਤੋਂ ਕੋ,*
*ਹਮ ਆਂਖ ਮਿਲਾ ਕਰ ਜਾਨ ਲੀਆ ਕਰਤੇ ਹੈਂ।*
*ਤੁਮ ਲਾਖ ਬਹਾਨਾ ਕਰੋ ਵਹਾਂ ਜਾਨੇ ਕਾ,*
*ਇਕ ਨਜ਼ਰ ਮੇਂ ਹਮ ਪਹਿਚਾਨ ਲੀਆ ਕਰਤੇ ਹੈਂ।*

 www.sikhbookclub.com

*ਤਸਵੀਰ ਸਾਮਨੇ ਰੱਖ ਕਰ ਤੁਮਹਾਰੀ ਪਿਆਰੇ,*
*ਸੂਰਤ ਪੈ ਤਸਦੀਕ ਜਾਨ ਕੀਆ ਕਰਤੇ ਹੈਂ।*
*ਹਮ ਖ਼ੁਸ਼ ਕਰਤੇ ਹੈਂ, ਨਾਮ ਮਿਰਾ ਹੈ ਗੌਹਰ,*
*'ਰਾਜੋਂ ਸੇ ਸਦਾ ਇਨਾਮ ਲੀਆ ਕਰਤੇ ਹੈਂ।'*

ਮਾੜੇ ਭੀੜੇ ਦੀ ਉਸ ਤਕ ਰਸਾਈ ਤਾਂ ਕੀ ਹੋਣੀ ਸੀ, ਉਹ ਚੰਗਿਆਂ ਭਲਿਆਂ ਨੂੰ ਵੀ ਕਿਸੇ ਆਗਤ ਜਮਾਂ 'ਚ ਨਾ ਰੱਖਦੀ। ਉਸਦੀਆਂ ਸ਼ਾਹਖ਼ਰਚੀਆਂ ਦੇ ਚਰਚੇ ਵੀ ਦੇਸ਼ ਭਰ 'ਚ ਚੱਲਦੇ ਰਹਿੰਦੇ। ਇਕ ਅੰਗਰੇਜ਼ ਪੈਟਸ ਲਿਓਨਾਰਡ, ਜਿਹੜਾ ਕਿ 1902 ਈ. ਵਿਚ ਉਸਨੂੰ ਰੀਕਾਰਡ ਕਰਨ ਖ਼ਾਤਰ ਉਨ੍ਹੀਂ ਦਿਨੀਂ ਕਲਕੱਤੇ ਆਇਆ ਹੋਇਆ ਸੀ, ਆਪਣੀਆਂ ਯਾਦਾਸ਼ਤਾਂ 'ਚ ਉਸ ਬਾਰੇ ਇੰਜ ਬਿਆਨ ਕਰਦਾ ਹੈ ਕਿ ਉਸ ਸਾਲ ਜਦ ਉਸਦੀ ਇਕ ਬਿੱਲੀ ਨੇ ਬੱਚੇ ਦਿੱਤੇ ਤਾਂ ਕਲਕੱਤਾ ਵਿਖੇ ਉਸਨੇ ਇਕ ਅਜਿਹੀ ਪਾਰਟੀ ਕੀਤੀ, ਜਿਸ ਉੱਤੇ ਉਨ੍ਹਾਂ ਭਲੇ ਸਮਿਆਂ 'ਚ ਉਦੋਂ ਵੀਹ ਹਜ਼ਾਰ ਰੁਪਿਆ ਖ਼ਰਚ ਆ ਗਿਆ ਸੀ।

ਮਹੰਤ ਜੀ ਨੂੰ ਜਦ ਹੀ ਮਹਾਰਾਜੇ ਦੀ ਉਦਾਸੀ ਦੇ ਕਾਰਨ ਦਾ ਪਤਾ ਲੱਗਾ, ਝੱਬੇ ਹੀ ਕਹਿਣ ਲੱਗੇ, "ਮਹਾਰਾਜ, ਹਾਅ ਕੀ ਗੱਲ ਹੋਈ ? ਜੇਕਰ ਉਹ ਸਹੀ ਅਰਥਾਂ ਵਿਚ ਸੰਗੀਤਕਾਰ ਹੋਈ, ਤਾਂ ਉਹ ਪਟਿਆਲੇ ਜ਼ਰੂਰ ਪਹੁੰਚੇਗੀ, ਭਾਵੇਂ ਦੁਨੀਆਂ ਬਦਲ ਜਾਏ, ਪਰ ਜੇਕਰ ਉਹ ਐਸੀ ਵੈਸੀ ਹੀ ਹੋਈ, ਤਾਂ ਫਿਰ ਅਸੀਂ ਕੀ ਕਹਿ ਸਕਦੇ ਹਾਂ ?"

ਦੱਸਿਆ ਜਾਂਦਾ ਹੈ ਕਿ ਉਸ ਵੇਲੇ ਹੀ ਮਹੰਤ ਜੀ ਤਿਆਰੀ ਕਰ ਕੇ ਕਲਕੱਤਾ ਨੂੰ ਰਵਾਨਾ ਹੋ ਗਏ। ਉਸਦੀ ਰਿਹਾਇਸ਼ ਲਾਗੇ ਇਕ ਦਿਨ ਸ਼ਾਮਾਂ ਨੂੰ ਆਪਣਾ ਤਾਊਸ ਕੀ ਛੇੜਿਆ ਕਿ ਆਲੇ-ਦੁਆਲੇ ਸਰੋਤਿਆਂ ਦਾ ਇਕ ਜਮਾਵੜਾ ਇਕੱਠਾ ਹੋ ਗਿਆ। ਉਧਰੋਂ ਗੌਹਰ ਜਾਨ ਦਾ ਵੀ ਉਥੋਂ ਦੀ ਲੰਘਣਾ ਸੀ। ਉਨ੍ਹਾਂ ਦੇ ਤਾਊਸ 'ਤੇ ਐਨੀ ਮੋਹਿਤ ਹੋਈ ਕਿ ਉਸਨੂੰ ਸਾਰੀ ਸੁੱਧ ਬੁੱਧ ਹੀ ਭੁੱਲ ਗਈ। 'ਸੁਭਾਨ ਅੱਲ੍ਹਾ ! ਸੁਭਾਨ ਅੱਲ੍ਹਾ !!' ਕਰਦੀ ਕਰਦੀ ਕਹਿਣ ਲੱਗੀ ਕਿ ਮੈਂ ਐਨਾ ਸੁਰੀਲਾ ਹੋਰ ਕੋਈ ਸੰਗੀਤਕਾਰ ਨਹੀਂ ਸੁਣਿਆ। ਉਨ੍ਹਾਂ ਦੇ ਚਰਨਾਂ 'ਤੇ ਨਜ਼ਰ ਰੱਖ ਕੇ ਕਹਿਣ ਲੱਗੀ, "ਸਰਦਾਰ ਸਾਹਿਬ, ਚਲੋ ਸਾਡੇ ਘਰ ਅਤੇ ਦੱਸੋ ਕੋਈ ਖ਼ਿਦਮਤ ?"

"ਉਹ ਭਈ ਸਾਡੇ ਮਹਾਰਾਜ ਸਾਹਿਬ ਨੂੰ ਨਾਂਹ ਕਰ ਕੇ ਤੂੰ ਚੰਗਾ ਨਹੀਂ ਕੀਤਾ। ਉਨ੍ਹਾਂ ਦੀ ਸ਼ਾਦੀ 'ਤੇ ਦੇਸ਼ ਭਰ ਦੇ ਵੱਡੇ ਤੋਂ ਵੱਡੇ ਸਭ ਰਾਜੇ ਮਹਾਰਾਜੇ ਆ ਰਹੇ ਹਨ, ਪਰ ਉਥੇ ਜੇਕਰ ਤੁਹਾਡੇ ਵਰਗੀ ਸੰਗੀਤ ਦੀ ਮਲਿਕਾ ਨਾ ਪੁੱਜੇ, ਤਾਂ ਫਿਰ ਕਾਹਦੇ ਜਸ਼ਨ ?"

"ਹਜ਼ੂਰ ਮੈਂ ਤੁਹਾਡੀ ਬਾਂਦੀ ਹਾਂ। ਮੈਂ ਪਟਿਆਲੇ ਹਰ ਹਾਲਤ ਵਿਚ ਪੁੱਜਾਂਗੀ। ਮਹਾਰਾਜਾ ਸਾਹਿਬ ਨੂੰ ਆਪਾਂ ਹੁਣੇ ਹੀ ਤਾਰਾਂ ਦੇ ਦਿੰਦੇ ਹਾਂ। ਹੋਰ ਕੋਈ ਹੁਕਮ ?" ਗੌਹਰ ਜਾਨ ਤਾਂ ਆਖ਼ਰ ਇਨਸਾਨ ਸੀ, ਮਹੰਤ ਜੀ ਦਾ ਸੰਗੀਤ ਐਨਾ ਪੁਰ-ਤਾਸੀਰ ਹੁੰਦਾ ਸੀ ਕਿ ਉਨ੍ਹਾਂ ਨੂੰ ਸੁਣ ਕੇ ਕਈ ਵੇਰ ਕਈ ਚਿੰਦ ਪਿੰਦ ਵੀ ਮਸਤ ਹੋ ਜਾਇਆ ਕਰਦੇ ਸਨ।

ਏਸੇ ਤਰ੍ਹਾਂ ਅੰਗਰੇਜ਼ਾਂ ਨੇ 1911 ਈ. ਵਿਚ ਕਲੱਕਤੇ ਤੋਂ ਆਪਣੇ ਪ੍ਰਸ਼ਾਸਨੀ


www.sikhbookclub.com

ਸੌਂਖ ਲਈ ਰਾਜਧਾਨੀ ਜਦੋਂ ਦਿੱਲੀ ਵਿਖੇ ਲਿਆਉਣੀ ਸੀ ਤਾਂ ਉਥੇ ਉਨ੍ਹਾਂ ਨੇ ਕੁਝ ਅਜਿਹੇ ਜਸ਼ਨਾਂ ਦੀ ਤਿਆਰੀ ਕੀਤੀ, ਜਿਸਦੀ ਮਿਸਾਲ ਕਿ ਦੁਨੀਆਂ ਦੇ ਕਿਸੇ ਵੀ ਹੋਰ ਤਖ਼ਤੇ 'ਤੇ ਨਹੀਂ ਮਿਲਦੀ। ਉਸ ਵਿਚ ਉਂਜ ਤਾਂ ਦੇਸ਼ ਭਰ ਦੇ ਵੱਡੇ ਵੱਡੇ ਕਈ ਕਲਾਕਾਰਾਂ ਨੇ ਭਾਗ ਲਿਆ, ਪਰ ਉਸ ਸਮੇਂ ਦੇ ਵਾਇਸਰਾਏ ਸਾਹਿਬ ਲਾਰਡ ਹਾਰਡਿੰਗ ਜਿਸ ਕਲਾਕਾਰ 'ਤੇ ਸਭ ਤੋਂ ਵੱਧ ਪ੍ਰਭਾਵਿਤ ਹੋਏ ਸਨ, ਉਹ ਮਹੰਤ ਗੱਜਾ ਸਿੰਘ ਹੀ ਸਨ।

ਉਸ ਮੇਲੇ ਬਾਰੇ ਮਾਮੂਲੀ ਜਿਹਾ ਜ਼ਿਕਰ ਕਰ ਦੇਣਾ ਏਥੇ ਕੁਥਾਈਂ ਨਹੀਂ ਹੋਵੇਗਾ। ਸਾਡੀ ਖ਼ੁਆਬਗਾਹ ਵਿਚ ਉਸ ਸਮੇਂ ਦਾ ਇਕ ਅਜਿਹਾ ਇਸ਼ਤਿਹਾਰ ਹੈ ਜਿਹੜਾ ਦਰਸਾਉਂਦਾ ਹੈ ਕਿ ਅਸਲ ਵਿਚ ਸਾਮਰਾਜੀ ਸ਼ਹਿਨਸ਼ਾਹ ਦਾ ਉਹ ਇਕ ਅਜਿਹਾ ਪ੍ਰਦਰਸ਼ਨ ਸੀ ਜਿਸ ਵਿਚ ਕਿ ਉਸਦੇ ਮਨੋਰੰਜਨ ਲਈ ਦੇਸੀ ਖੇਡਾਂ ਅਤੇ ਕਰਤੱਬਾਂ ਦਾ ਅਨੇਕ ਪ੍ਰਕਾਰ ਦਾ ਸਾਮਾਨ ਮੁਹੱਈਆ ਸੀ, ਜਿਵੇਂ ਕਿ ਕੁਸ਼ਤੀ ਗੀਰੀ, ਅਰਥਾਤ ਭਲਵਾਨਾਂ ਦੀ ਭਿੜਾਈ, ਸਭ ਤੋਂ ਵੱਡੀ ਕੁਸ਼ਤੀ (ਕਿੱਕਰ ਸਿੰਘ ਦੇਵਿ-ਹਿੰਦ ਅਤੇ ਕੱਲੂ ਅੰਮ੍ਰਿਤਸਰੀ ਵਿਚਕਾਰ ਹੋਈ ਸੀ) ਭੇਡੂਆਂ ਦੀ ਭਿੜਾਈ, ਕੌਡੀ ਦੀ ਕੌਡਾਈ, ਹਾਥੀਆਂ ਦੀ ਲੜਾਈ, ਗਤਕਾਬਾਜ਼ੀ ਅਤੇ ਹਿੰਦੁਸਤਾਨੀ ਸੰਗੀਤ ਦੀ ਗਵਾਈ ਵਜਾਈ।

ਰਾਗ ਰੰਗ ਦੀਆਂ ਮਹਿਫ਼ਲਾਂ ਲਈ, ਲਖਨਊ ਵਾਲੇ ਉਸਤਾਦ ਯੂਸਫ਼ ਖ਼ਾਂ ਸਿਤਾਰ ਨਵਾਜ਼ (1887-1962 ਈ.) ਖ਼ਾਸ ਤੌਰ 'ਤੇ ਬੁਲਾਏ ਗਏ ਸਨ, ਜਦਕਿ ਪੰਜਾਬ ਵਿੱਚੋਂ ਉਸਤਾਦ ਅਲੀ ਬਖ਼ਸ਼ ਖ਼ਾਂ ਜਰਨੈਲ ਸਾਹਿਬ, ਭਾਈ ਮਹਿਬੂਬ ਅਲੀ ਉਰਫ਼ ਬੂਬਾ ਰਬਾਬੀ, ਮਹੰਤ ਗੱਜਾ ਸਿੰਘ, ਉਸਤਾਦ ਬੀਬੇ ਖ਼ਾਂ ਦਾ ਪਿਉ ਗਾਮਣ ਖ਼ਾਂ (1846-1916 ਈ.) ਵਿਸ਼ੇਸ਼ ਤੌਰ 'ਤੇ ਬੁਲਾਏ ਗਏ ਸਨ। ਇਸ ਥਾਂ ਪੰਜਾਬੀ ਗਵੱਈਏ, ਕੁਝ ਅਜਿਹਾ ਲਾਜਵਾਬ ਗਾਏ ਕਿ ਤਰਥੱਲੀਆਂ ਮਚਾ ਦਿੱਤੀਆਂ। ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਆਪਣੇ 30,000 ਇੰਪੀਰੀਅਲ ਲਾਂਸਰਜ਼ ਸਾਰੇ ਦੇ ਸਾਰੇ ਛੈਲ ਛਬੀਲੇ ਛੇ ਛੇ ਫ਼ੁੱਟ ਜਵਾਨਾਂ ਦੀ ਫ਼ੌਜ ਸਮੇਤ ਆਪਣੇ ਸ਼ਾਹੀ ਸੰਗੀਤਕਾਰਾਂ ਦੇ ਦਸਤੇ ਦੇ, ਏਥੇ ਆ ਵਾਰਦ ਹੋਏ ਸਨ। ਉਸ ਸਥਿਤੀ ਦਾ ਦ੍ਰਿਸ਼ ਵਰਣਨ ਕਰਨਾ, "ਕਹਿਬੇ ਕਉ ਸੋਭਾ ਨਹੀ, ਦੇਖਾ ਹੀ ਪਰਵਾਨੁ" ਵਰਗੀ ਗੱਲ ਹੈ।

ਮਹਾਰਾਜਾ ਸਾਹਿਬ 2 ਦਸੰਬਰ, 1911 ਈ. ਨੂੰ ਦਿੱਲੀ ਪਹੁੰਚ ਗਏ ਸਨ ਅਤੇ ਸ਼ਾਹੀ ਜਲੂਸ ਦੀ ਅਗਵਾਈ ਦੇਸ਼ ਭਰ ਵਿਚ ਮੰਨੇ ਪ੍ਰਮੰਨੇ ਸੰਤ ਅਤਰ ਸਿੰਘ ਜੀ ਮਸੂਤਆਣਾ ਵਾਲਿਆਂ ਨੇ ਕੀਤੀ। ਉਹ ਸਿੱਧੀਆਂ ਮਲਵਈ ਧੁੰਨਾਂ ਵਿਚ ਸ਼ਬਦ ਗਾਇਨ ਕਰ ਰਹੇ ਸਨ : "ਕੋਊ ਹਰਿ ਸਮਾਨਿ ਨਹੀ ਰਾਜਾ ॥ ਏਹ ਭੂਪਤਿ ਸਭ ਦਿਵਸ ਚਾਰਿ ਕੇ, ਝੂਠੇ ਕਰਤ ਦਿਵਾਜਾ ॥" (ਬਿਲਾਵਲੁ ਕਬੀਰ ਜੀਉ)

ਅੰਗਰੇਜ਼ਾਂ ਬਾਰੇ ਤੁਸੀਂ ਹੋਰ ਕੋਈ ਗੱਲ ਭਾਵੇਂ ਮੰਨੋ ਜਾਂ ਨਾ, ਕੋਈ ਵੀ ਕੰਮ ਕਰਨ ਲੱਗਿਆਂ, ਇਸ ਕੌਮ ਦੀ ਵਿਉਂਤਬੰਦੀ ਕਮਾਲ ਦੀ ਹੁੰਦੀ ਹੈ। ਸਾਡੇ ਵਾਂਗ ਨਹੀਂ ਕਿ "ਉਧਰੋਂ ਆਈ ਜੰਞ ਤੇ ਵਿੰਨ੍ਹੋ ਕੁੜੀ ਦੇ ਕੰਨ।" ਉਹ ਜਸ਼ਨ ਭਾਵੇਂ ਕਿ 1911 ਈ. ਨੂੰ ਹੋਣੇ ਸਨ, ਪਰ ਸਾਮਰਾਜੀਆਂ ਨੇ ਥੋੜ੍ਹਾ ਸਮਾਂ ਪਹਿਲਾਂ ਹੀ ਜਿਥੇ ਅੰਗਰੇਜ਼ੀ ਵਿਚ "Long Live the King" ਦੇ ਤਵੇ ਭਰਵਾ ਲਏ ਸਨ, ਉਥੇ ਉਨ੍ਹੀਂ

ਦਿਨੀਂ ਹੀ ਕੁਝ ਹੋਰਨਾਂ ਦੇਸੀ ਜ਼ੁਬਾਨਾਂ ਵਿਚ ਵੀ। ਉਨ੍ਹਾਂ ਤਵਿਆਂ ਉੱਤੇ ਇਹ ਲੇਬਲ ਲੱਗੇ ਹੋਏ ਸਨ: "Proclamation Records." ਪੰਜਾਬੀ ਵਿਚ ਇਹ ਸੇਵਾ ਲਾਹੌਰ ਦੇ ਇਕ ਗਿਆਨੀ ਪ੍ਰਤਾਪ ਸਿੰਘ, ਜਿਹੜੇ ਕਿ ਆਪਣੇ ਸਮੇਂ ਦੇ ਇਕ ਬਹੁਤ ਵੱਡੇ ਕੀਰਤਨੀਏ ਸਨ, ਦੀ ਲਾਈ ਗਈ ਸੀ, ਜਿਨ੍ਹਾਂ ਫਿਰ ਇਹ ਕਸੀਦਾ ਗਾਇਆ ਸੀ: "ਜੀਓ ਜੀਓ ਦਿੱਲੀ ਪਤੀ।" ਇਹ ਰੀਕਾਰਡ ਕਲਕੱਤੇ ਵਿਚ ਜਿਹੜੇ 6 ਜਨਵਰੀ, 1909 ਈ. ਨੂੰ ਭਰੇ ਗਏ ਸਨ, ਮਾਰਚ ਦੇ ਮਹੀਨੇ ਮਾਰਕਿਟ ਵਿਚ ਆ ਗਏ ਸਨ। ਜਿਥੋਂ ਤਕ ਸਾਡਾ ਕਿਆਸ ਹੈ, ਇਹ ਭਾਈ ਪ੍ਰਤਾਪ ਸਿੰਘ ਧਰਮਕੋਟ ਜ਼ਿਲ੍ਹਾ ਫ਼ੀਰੋਜ਼ਪੁਰ ਵਾਲੇ ਹੀ ਸਨ, ਜਿਹੜੇ ਕਿ ਉਨ੍ਹੀਂ ਦਿਨੀਂ ਲਾਹੌਰ ਦੇ ਕਿਸੇ ਗੁਰਦੁਆਰੇ ਵਿਚ ਸੇਵਾ ਕਰਦੇ ਹੋਣਗੇ। ਜ਼ਾਹਰ ਹੈ ਕਿ ਉਸ ਮੇਲੇ ਵਿਚ ਇਨ੍ਹਾਂ ਕਲਾਕਾਰਾਂ ਨੇ ਵੀ ਭਾਗ ਲਿਆ ਹੋਵੇਗਾ, ਪਰ ਇਸ ਬਾਰੇ ਪਰਪੱਕਤਾ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਪਰ ਬਿਨਾਂ ਸ਼ੱਕ ਇਸ ਥਾਂ ਕਿੰਨੇ ਸਾਰੇ ਪਟਿਆਲੀਏ ਪੁੱਜੇ ਹੋਏ ਸਨ—ਪਾਖਰ ਸਿੰਘ ਬੀਨਕਾਰ, ਮੀਰ ਸਾਹਿਬ ਦਾ ਸ਼ਾਗਿਰਦ ਈਸ਼ਰ ਸਿੰਘ, ਗੰਪਾਲ ਸਿੰਘ ਮਰਦੰਗੀਆ, ਗ਼ੁਲਾਮ ਹੁਸੈਨ ਕਾਕੜਾ, ਮੀਆਂ ਕਾਲੂ ਖ਼ਾਂ ਅਤੇ ਉਸਦੀ ਪਤਨੀ ਗੋਖੀ ਬਾਈ। ਇਨ੍ਹਾਂ ਸਭਨਾਂ ਦਾ ਜਲੌ ਹੀ ਕੁਝ ਹੋਰ ਸੀ।

ਅਸਲ ਵਿਚ ਮਹਾਰਾਜਾ ਪਟਿਆਲਾ ਨੂੰ ਸੰਗੀਤ ਦਾ ਐਨਾ ਸ਼ੌਕ ਸੀ ਕਿ ਉਸਨੇ ਵੱਖ ਵੱਖ ਅਮਲੇ ਫੈਲੇ ਲਈ ਜੁਦੇ ਜੁਦੇ ਮਹਿਕਮੇ ਖੋਲ੍ਹੇ ਹੋਏ ਸਨ, ਜਿਨ੍ਹਾਂ ਵਿੱਚੋਂ ਕੁਝ "ਸਰਦਾਰ ਸਾਹਿਬ ਡਿਉਢੀ" ਦੇ ਅਧੀਨ ਸਨ। ਉਨ੍ਹਾਂ ਵਿੱਚੋਂ ਇਕ ਮਹਿਕਮਾ ਅਰਬਾਬਿ-ਨਿਸ਼ਾਤ ਦਾ ਸੀ, ਜਿਸ ਅਧੀਨ ਦਰਬਾਰੀ ਸੰਗੀਤਕਾਰ ਸਨ, ਨੌਬਤ ਨਫ਼ੀਰੀ ਵਾਲੇ ਵੀ ਅਤੇ ਮਾਹੀ-ਮੁਰਾਤਬ ਵਾਲੇ ਵੀ। ਰਿਆਸਤ ਵਿਚ ਭਾਵੇਂ ਕਿ ਪੱਛਮੀ ਬੈਂਡ ਬਾਜੇ ਵਾਲੇ ਪੁਲਸ ਮਹਿਕਮੇ ਨਾਲ ਸਬੰਧਤ ਸਨ ਅਤੇ ਬੀਨਾਂ (Bag Pipes) ਦੇ ਚਾਰ ਬੈਂਡ ਵੀ ਸਨ ਜਿਹੜੇ ਕਿ ਪਿਆਦਾ ਫ਼ੌਜ ਨਾਲ ਸੰਬੰਧ ਰੱਖਦੇ ਸਨ। ਇਸਦੇ ਨਾਲ ਹੀ ਮਹਾਰਾਜਾ ਪਟਿਆਲਾ ਨੇ ਪਟਿਆਲਾ ਔਰਕੈਸਟਰੇ ਲਈ ਵਿਆਨਾ ਤੋਂ ਇਕ ਕੰਡੱਕਟਰ ਮੈਕਸ ਗ੍ਰੇਗਰ ਮੰਗਵਾ ਕੇ ਆਪਣੀ ਰਿਆਸਤ ਵਿਚ ਪੱਕੇ ਤੌਰ 'ਤੇ ਹੀ ਰੱਖਿਆ ਹੋਇਆ ਸੀ, ਪਰ ਜਿਥੋਂ ਤਕ ਪਟਿਆਲਾ ਦੀ ਸਲਾਮੀ ਧੁਨ "ਦੇਗ ਤੇਗ਼ ਫ਼ਤਿਹ" ਦਾ ਸਵਾਲ ਸੀ, ਉਸਦੀ ਰਚਨਾ ਕਰਨ ਦਾ ਸ਼ਰਫ਼ ਸਿਰਫ਼ ਮਹੰਤ ਗੱਜਾ ਸਿੰਘ ਜੀ ਦੇ ਹਿੱਸੇ ਹੀ ਆਇਆ ਸੀ ਜਿਹੜੀ ਕਿ ਉਨ੍ਹਾਂ ਨੇ ਰਾਗ ਭੂਪਾਲੀ ਵਿਚ ਬਣਾਈ ਹੋਈ ਸੀ। ਜਦ ਹੀ ਉਨ੍ਹਾਂ ਇਕ ਹੋਰ ਜਲੂਸ ਦੀ ਅਗਵਾਈ ਕੀਤੀ ਤਾਂ ਲੰਮੇ ਚੌੜੇ ਪੰਡਾਲ ਵਿਚ ਸੰਨਾਟਾ ਛਾ ਗਿਆ। ਜਾਪ ਰਿਹਾ ਸੀ ਜਿਵੇਂ ਸਾਰੇ ਵਾਤਾਵਰਨ ਵਿਚ ਭੂਪਾਲੀ ਨੇ ਆਪਣਾ ਰੰਗ ਬਖੇਰ ਦਿੱਤਾ ਹੋਵੇ।[2]

ਇਸ ਥਾਂ ਇਕ ਹੋਰ ਗੱਲ ਜਿਹੜੀ ਖ਼ਾਸ ਮਹਾਤਮ ਰੱਖਦੀ ਹੈ, ਉਹ ਇਹ ਹੈ ਕਿ ਮਹਾਰਾਜਾ ਸਾਹਿਬ ਨੇ ਜਿਹੜੇ ਦੋ ਵਿਅਕਤੀਆਂ ਨੂੰ ਜਾਰਜ ਪੰਜਮ ਨਾਲ ਪਰਿਚਿਤ ਕਰਵਾਇਆ ਸੀ, ਉਹ ਸਨ: (1) ਮਹੰਤ ਗੱਜਾ ਸਿੰਘ, ਅਤੇ (2) ਸੰਤ ਅਤਰ ਸਿੰਘ

2. ਪਟਿਆਲਾ ਰਾਜ ਘਰਾਣੇ ਦੇ ਸ਼ਾਸਤ੍ਰੀ ਸੰਗੀਤ ਸਬੰਧੀ ਅੰਤਰਰਾਸ਼ਟਰੀ ਪ੍ਰਸਿੱਧੀ ਰੱਖਣ ਵਾਲੇ ਡਾ. ਰਾਜਾ ਮ੍ਰਿਗੇਂਦ੍ਰ ਸਿੰਘ ਜੀ ਹੋਰਾਂ ਪਾਸੋਂ ਨਿੱਜੀ ਤੌਰ 'ਤੇ ਪ੍ਰਾਪਤ ਕੀਤੀ ਹੋਈ ਜਾਣਕਾਰੀ 'ਤੇ ਆਧਾਰਿਤ, ਧੰਨਵਾਦ ਸਹਿਤ।


www.sikhbookclub.com

ਜੀ। ਮਹੰਤ ਗੱਜਾ ਸਿੰਘ ਨੇ ਜਦ ਹੀ ਆਪਣਾ ਆਈਟਮ ਸ਼ੁਰੂ ਕੀਤਾ, ਤਾਂ ਬਸ ਕੀ ਗੱਲਾਂ। ਆਪਣੇ ਤਾਊਸ ਦੀਆਂ ਤਰਬਾਂ ਨੂੰ ਅਜੇ ਉਹ ਸੁਰ ਹੀ ਕਰ ਰਹੇ ਸਨ ਕਿ ਇਕ ਅਲੌਕਿਕ ਕਿਸਮ ਦੀ ਟੁਣਕਾਰ ਨੇ ਸਰੋਤਿਆਂ ਦੇ ਦਿਲਾਂ ਨੂੰ ਧੂਹਾਂ ਪਾ ਦਿੱਤੀਆਂ। ਹੋਰ ਤਾਂ ਹੋਰ, ਉਸ ਨੂੰ ਸੁਣ ਕੇ ਜਾਰਜ ਪੰਜਮ ਅਤੇ ਲਾਰਡ ਹਾਰਡਿੰਗ, ਜਿਹੜਾ ਕਿ ਉਸ ਵੇਲੇ ਵਾਇਸਰਾਏ ਹਿੰਦ ਸੀ, ਐਨਾ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਐਨ ਮੌਕੇ 'ਤੇ ਹੀ ਉਨ੍ਹਾਂ ਦੀ ਬੇਹੱਦ ਤਾਰੀਫ਼ ਕਰਨ ਤੋਂ ਬਾਅਦ ਇਸ ਗੱਲ ਦਾ ਹੁਕਮ ਸਾਦਰ ਕਰ ਦਿੱਤਾ ਕਿ ਮਹੰਤ ਜੀ ਨੂੰ ਸਮੇਤ ਉਨ੍ਹਾਂ ਦੀ ਮੰਡਲੀ ਦੇ (ਉਨ੍ਹਾਂ ਦੇ ਨਾਲ ਸਾਥ ਕਰਨ ਵਾਲੇ ਮਰਦੰਗੀਏ ਆਦਿ) ਸਭਨਾਂ ਨੂੰ ਉਮਰ ਭਰ ਲਈ ਫ਼ਸਟ ਕਲਾਸ ਰੇਲਵੇ ਦਾ ਪਾਸ ਪ੍ਰਦਾਨ ਕਰ ਦਿੱਤਾ ਜਾਵੇ ਤਾਂ ਜੋ ਉਹ ਆਪਣੀ ਅਦੁੱਤੀ ਕਲਾ ਹਿੰਦੁਸਤਾਨ ਦੇ ਕੋਨੇ ਕੋਨੇ ਵਿਚ ਬਿਖੇਰ ਸਕਣ। ਉਨ੍ਹਾਂ ਸਮਿਆਂ ਅਨੁਸਾਰ ਕਿਸੇ ਵੀ ਸੰਗੀਤਕਾਰ ਲਈ ਇਹ ਇਕ ਬਹੁਤ ਵੱਡਾ ਸਨਮਾਨ ਸੀ।

ਵੇਖਿਆ ਗਿਆ ਹੈ ਕਿ ਭਾਰਤੀ ਸੰਗੀਤ 'ਤੇ ਲਿਖੀਆਂ ਉਰਦੂ ਕਿਤਾਬਾਂ ਵਿਚ ਸਿੱਖ ਸੰਗੀਤਕਾਰਾਂ ਦਾ ਨਾਮ ਕਿਧਰੇ ਨਾਂ-ਮਾਤਰ ਹੀ ਆਉਂਦਾ ਹੈ, ਪਰ ਵੀਹਵੀਂ ਸਦੀ ਦੇ ਪਹਿਲੇ ਹਿੱਸੇ ਵਿਚ ਲਿਖੀ ਗਈ ਇਕ ਮਹੱਤਵਪੂਰਨ ਕਿਤਾਬ ਵਿਚ ਮਹੰਤ ਗੱਜਾ ਸਿੰਘ ਬਾਰੇ ਇਨ੍ਹਾਂ ਲਫ਼ਜ਼ਾਂ ਰਾਹੀਂ ਕੀਤਾ ਗਿਆ ਉਲੇਖ ਉਪਲਬਧ ਹੈ: "ਭਾਈ ਗੱਜਾ ਸਿੰਘ ਪਟਿਆਲਵੀ ਸਰੋਦ ਔਰ ਤਾਊਸ ਕੋ ਬਹੁਤ ਹੀ ਉਮਦਗੀ ਸੇ ਬਜਾਤੇ ਹੈਂ, ਔਰ ਇਸ ਮੇਂ ਬਹੁਤ ਮਸ਼ਹੂਰ ਹੈਂ।"[3]

ਮਹੰਤ ਗੱਜਾ ਸਿੰਘ, ਜਿਨ੍ਹਾਂ ਦੀ ਸੰਗੀਤਕ ਉੱਚਤਾ ਨੂੰ ਕੀ ਗੋਰਿਆ, ਕੀ ਮੁਸਲਮਾਨ ਉਸਤਾਦਾਂ ਅਤੇ ਕੀ ਹਿੰਦੂ ਸਿੱਖਾਂ—ਸਭਨਾਂ ਨੇ ਮੰਨਿਆ, ਦੀ ਸਭ ਤੋਂ ਵੱਡੀ ਦੇਣ ਖ਼ਬਰੇ ਇਹ ਹੈ ਕਿ ਉਨ੍ਹਾਂ ਨੇ ਮਹਾਰਾਜਾ ਪਟਿਆਲਾ ਦੀ ਖ਼ਾਹਸ਼ ਨੂੰ ਮੁੱਖ ਰੱਖਦਿਆਂ, *ਗੁਰਮਤਿ ਸੰਗੀਤ* ਨਾਮੀ ਵੱਡ-ਆਕਾਰੀ ਗ੍ਰੰਥ ਨੂੰ ਸੰਪੂਰਨ ਕੀਤਾ ਜਿਸ ਉੱਤੇ ਉਨ੍ਹਾਂ ਸਮਿਆਂ ਅਨੁਸਾਰ ਤਿੰਨ ਲੱਖ ਤੋਂ ਵੀ ਵੱਧ ਰੁਪਿਆ ਖ਼ਰਚ ਆ ਗਿਆ ਸੀ। ਉਨ੍ਹਾਂ ਸਮਿਆਂ 'ਚ, ਪਟਿਆਲਾ ਰਿਆਸਤ 'ਚ, ਉਂਜ ਤਾਂ ਵੱਡੇ ਤੋਂ ਵੱਡੇ ਕਲਾਕਾਰ ਸੁਸ਼ੋਭਿਤ ਸਨ, ਜਿਵੇਂ ਕਿ ਉਨ੍ਹਾਂ ਤੋਂ ਥੋੜ੍ਹਾ ਜਿਹਾ ਸੀਨੀਅਰ ਬਾਬਾ ਪੁਸ਼ਕਰਾ ਸਿੰਘ ਬੀਨਕਾਰ, ਮੀਆਂ ਤਾਨਰਸ ਖ਼ਾਂ, ਮੀਆਂ ਕਾਲੂ, ਗੋਖੀ ਬਾਈ, ਜਰਨੈਲ ਕਰਨੈਲ ਸਾਹਿਬ, ਜਿਨ੍ਹਾਂ ਨਾਲ ਸੰਗੀਤ ਸਬੰਧੀ ਅਕਸਰ ਹੀ ਵਿਚਾਰ-ਵਟਾਂਦਰਾ ਹੁੰਦਾ ਹੋਵੇਗਾ, ਪਰ ਇਸ ਮਹਾਨ ਕਾਰਜ ਲਈ ਜਿਨ੍ਹਾਂ ਪੰਜ ਵਿਦਵਾਨਾਂ ਨੂੰ ਜ਼ੁੰਮੇਵਾਰੀ ਦਿੱਤੀ ਗਈ ਸੀ, ਉਹ ਸਨ: (1) ਉਹ ਆਪ, (2) ਪੰਡਿਤ ਰਾਮ ਕਿਸ਼ਨ ਸਿੰਘ (ਸੰਸਕ੍ਰਿਤ ਦੇ ਵਿਦਵਾਨ), (3) ਭਾਈ ਦੁਰਗਾ ਸਿੰਘ, (4) ਮਹੰਤ ਦਿਆਲ ਸਿੰਘ, ਅਤੇ (5) ਮਹੰਤ ਕਪੂਰ ਸਿੰਘ ਸੂਰਮਾ (ਸੁਰ ਲਿੱਪੀ ਲਈ)। ਕਪੂਰ ਸਿੰਘ ਜੀ ਉਸਤਾਦ ਮਿਸ਼ਰਾ ਸਿੰਘ ਦੇ ਸ਼ਾਗਿਰਦ ਸਨ, ਜਿਹੜੇ ਅੱਗੋਂ ਉਸਤਾਦ ਬਾਬਾ ਵਸਾਵਾ ਸਿੰਘ ਉਰਫ਼ 'ਰੰਗੀ ਰਾਮ' ਦੇ ਸ਼ਾਗਿਰਦ ਸਨ। ਗੁਰਮਤਿ ਸੰਗੀਤ ਦੇ ਵੱਡੇ ਵਿਦਵਾਨ ਹੋਣ ਤੋਂ ਛੁੱਟ ਉਹ ਤਕੜੇ ਤਾਊਸ ਨਵਾਜ਼

3. ਕੇ.ਐਲ ਰੁਲੀਆ ਰਾਮ/ਮਾਸਟਰ ਝੰਡੇ ਖ਼ਾਂ, *ਮੌਸੀਕੀ - ਹਿੰਦ* (ਉਰਦੂ), ਮਰਕਨਟਾਈਨ ਪ੍ਰੈਸ ਲਾਹੌਰ, 1930, ਸਫ਼ਾ 83.


www.sikhbookclub.com

ਵੀ ਸਨ। ਮਹੰਤ ਜੀ ਨੂੰ ਉਨ੍ਹਾਂ ਸਮਿਆਂ 'ਚ, ਰਿਆਸਤ ਵਲੋਂ ਢਾਈ ਸੌ ਰੁਪਿਆ ਮਹੀਨਾ ਦਿੱਤਾ ਜਾਂਦਾ ਸੀ ਅਤੇ ਬਿਰਧ ਅਵਸਥਾ ਵਿਚ ਪੱਕੇ ਤੌਰ 'ਤੇ ਉਹ ਪਟਿਆਲਾ ਹੀ ਆਣ ਵੱਸੇ ਸਨ।

ਕਈ ਸਾਲਾਂ ਦੀ ਨਿਰੰਤਰ ਤਪ ਸਾਧਨਾ ਤੋਂ ਬਾਅਦ ਜਦ ਉਹ ਇਤਿਹਾਸਕ ਗ੍ਰੰਥ ਤਿਆਰ ਹੋ ਗਿਆ ਤਾਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਇਕੱਤੀ ਰਾਗਾਂ ਦੀਆਂ 31 ਜਿਲਦਾਂ ਬਣ ਗਈਆਂ, ਜਿਨ੍ਹਾਂ ਵਿੱਚੋਂ ਬੱਤੀਵੀਂ ਜਿਲਦ ਭੂਮਿਕਾ ਆਦਿ ਦੀ ਸੀ। ਪਟਿਆਲਾ ਰਿਆਸਤ ਦੀ ਇਹ ਇਕ ਬਹੁਤ ਵੱਡੀ ਪ੍ਰਾਪਤੀ ਸੀ, ਕਿਉਂਕਿ ਅੱਜ ਤਕ ਕਿਸੇ ਵੀ ਹੋਰ ਰਿਆਸਤ ਨੇ ਸੰਗੀਤ 'ਤੇ ਕਦੇ ਐਨਾ ਕੰਮ ਨਹੀਂ ਸੀ ਕੀਤਾ ਕਰਵਾਇਆ। ਹਾਂ, ਉਸਦੇ ਕਈ ਸਾਲ ਬਾਅਦ ਰਾਏਗੜ੍ਹ ਰਿਆਸਤ ਦੇ ਮਹਾਰਾਜਾ ਚੱਕਰਧਰ ਸਿੰਘ (1905-1947 ਈ.) ਨੇ ਦੇਸ਼ ਦੇ ਕੁਝ ਮਹਾਨ ਤਬਲੀਆਂ ਦੀ ਮਦਦ ਨਾਲ, ਜਿਨ੍ਹਾਂ ਵਿੱਚੋਂ ਵਧੇਰੇ ਪੰਜਾਬ ਦੇ ਸਨ, ਤਬਲੇ 'ਤੇ *ਤਾਲਨਿਧੀ* ਨਾਂ ਦਾ ਇਕ ਗ੍ਰੰਥ ਲਿਖਵਾਇਆ ਸੀ, ਜਿਸਦਾ ਭਾਰ ਛੱਤੀ ਕਿੱਲੋ ਦੱਸਿਆ ਜਾਂਦਾ ਹੈ।

ਸਭ ਤੋਂ ਵੱਡੀ ਬਦਬਖ਼ਤੀ ਵਾਲੀ ਗੱਲ ਇਹ ਹੈ ਕਿ ਗੁਰਮਤਿ ਸੰਗੀਤ ਦਾ ਉਹ ਅਦੁੱਤੀ ਗ੍ਰੰਥ ਅਜੇ ਤਕ ਵੀ ਖਰੜੇ ਦੇ ਰੂਪ ਵਿਚ ਹੀ ਲਿਪਟਿਆ ਪਿਆ ਹੈ, ਜਿਸ ਤੋਂ ਕਿ ਸਾਡੇ ਵਿਦਵਾਨ ਫ਼ਾਇਦਾ ਨਹੀਂ ਉਠਾ ਸਕਦੇ।

ਸਾਡੇ ਸੰਗੀਤ ਦਾ ਇਹ ਮਹਾਨ ਵਿਦਵਾਨ, ਤਾਊਸ ਦਾ ਧ੍ਰੂ-ਤਾਰਾ, 1916 ਈ. ਵਿਚ ਚੜ੍ਹਾਈ ਕਰ ਗਿਆ ਸੀ।

SIKHBOOKCLUB.COM

# ਭਾਈ ਮਹਿਬੂਬ ਅਲੀ—ਸਿਤਾਰ ਨਵਾਜ਼

ਜਿਸ ਤਰ੍ਹਾਂ ਭਾਈ ਬਹਾਰ ਹੋਰਾਂ ਦੀ ਲੜੀ ਸਿੱਧੀ ਭਾਈ ਮਰਦਾਨੇ ਹੋਰਾਂ ਨਾਲ ਜਾ ਰਲਦੀ ਹੈ, ਏਸੇ ਤਰ੍ਹਾਂ ਭਾਈ ਮਹਿਬੂਬ ਅਲੀ ਹੋਰਾਂ ਦਾ ਸਬੰਧ ਵੀ ਸਿੱਧਾ ਭਾਈ ਮਰਦਾਨਾ ਜੀ ਦੇ ਉਸਤਾਦ ਭਾਈ ਫ਼ਿਰੰਦਾ ਨਾਲ ਜਾ ਰਲਦਾ ਸੀ। ਉਸ ਦੇ ਪਿਤਾ ਦਾ ਨਾਂ ਭਾਈ ਅਮੀਰ ਬਖ਼ਸ਼ ਸੀ, ਜਿਨ੍ਹਾਂ ਨੂੰ ਕਈ ਵੇਰ ਕਰਤਾਰਪੁਰ ਸਾਹਿਬ ਦੇ ਰਬਾਬੀ ਵੀ ਸੱਦਿਆ ਜਾਂਦਾ ਸੀ।

ਭਾਈ ਮਹਿਬੂਬ ਅਲੀ ਦਾ ਲਾਡਾਂ ਦਾ ਨਾਂ 'ਬੂਬਾ' ਸੀ। ਉਸਦਾ ਜਨਮ 1854 ਈ. ਵਿਚ ਹੋਇਆ। ਸੰਗੀਤ ਦੀ ਵਿੱਦਿਆ ਉਸਨੇ ਪਹਿਲਾਂ ਆਪਣੇ ਘਰੋਂ ਅਤੇ ਫਿਰ ਨਿਰਮਲ ਸ਼ਾਹ ਦੇ ਪੋਤੇ ਮੀਰ ਰਹਿਮਤ ਅਲੀ ਖ਼ਾਂ ਕੋਲੋਂ, ਜਿਹੜਾ ਉਸ ਸਮੇਂ ਰਿਆਸਤ ਕਪੂਰਥਲਾ ਦੇ ਰਾਜਾ ਹਰਨਾਮ ਸਿੰਘ ਕੋਲ ਰਹਿੰਦਾ ਸੀ, ਤੋਂ ਵੀ ਪ੍ਰਾਪਤ ਕੀਤੀ।

ਸਿੱਖਿਆ ਸਮਾਪਤ ਕਰ ਕੇ, ਉਹ ਰਿਆਸਤ ਬਹਾਵਲਪੁਰ ਵਿਚ ਨੌਕਰ ਹੋ ਗਿਆ। ਓਥੇ ਵੀ ਉਹ ਨਿਰਮਲ ਸ਼ਾਹ ਦੇ ਹੀ ਸ਼ਾਗਿਰਦ ਗੋਸੁਆਮੀ ਗੰਗਾ ਗਿਰ ਕੋਲੋਂ ਵੀਣਾ ਵਜਾਉਣੀ ਸਿੱਖਦਾ ਰਿਹਾ। ਹੌਲੀ ਹੌਲੀ ਉਸਦੀ ਮਹਿਮਾ ਸਾਰੇ ਭਾਰਤ ਵਿਚ ਫੈਲ ਗਈ। ਲਗਭਗ 1910 ਈ. ਵਿਚ ਮਹਾਰਾਜਾ ਭੁਪਿੰਦਰ ਸਿੰਘ ਨੇ ਉਸਨੂੰ ਆਪਣੀ ਰਿਆਸਤ ਵਿਚ ਪਟਿਆਲੇ ਸੱਦ ਲਿਆ। ਲਗਭਗ ਓਸੇ ਸਾਲ ਹੀ ਦੇਸ਼ ਦੇ ਇਕ ਹੋਰ ਮਹਾਨ ਸਿਤਾਰ ਨਵਾਜ਼ ਬਰਕਤੁੱਲਾ ਖ਼ਾਂ ਦੀ ਨਿਯੁਕਤੀ ਕੀਤੀ ਗਈ ਸੀ।

ਪਟਿਆਲੇ ਆ ਕੇ ਉਸਨੇ ਇਸ ਰਿਆਸਤ ਦੇ ਨਾਂ ਨੂੰ ਖ਼ੂਬ ਚਮਕਾਇਆ। ਜਾਰਜ ਪੰਜਮ ਦੀ ਤਾਜਪੋਸ਼ੀ ਸਮੇਂ 1911 ਈ. ਵਿਚ ਜਦੋਂ ਦਿੱਲੀ ਵਿਖੇ ਇਕ ਬਹੁਤ ਵੱਡਾ ਦਰਬਾਰ ਹੋਇਆ ਤਾਂ ਉਸ ਵਿਚ ਰਾਗ ਰੰਗ ਦਾ ਪ੍ਰੋਗਰਾਮ ਵੀ ਰੱਖਿਆ ਗਿਆ ਸੀ। ਉਸ ਵਿਚ ਇਨਾਇਤ ਖ਼ਾਂ (ਵਲਾਇਤ ਖ਼ਾਂ ਦੇ ਵਾਲਦ) ਅਤੇ ਯੂਸਫ਼ ਅਖੀ ਖ਼ਾਂ ਸਿਤਾਰ ਨਵਾਜ਼ ਲਖਨਊ ਨੇ ਵੀ ਭਾਗ ਲਿਆ ਸੀ। ਓਥੇ ਦੇਸ਼ ਦੇ ਇਸ ਮਹਿਬੂਬ ਕਲਾਕਾਰ ਨੂੰ ਵੀ ਇਕ ਉਚੇਚੇ ਨਿਉਂਦੇ ਰਾਹੀਂ ਸੱਦਿਆ ਗਿਆ ਸੀ। ਓਥੇ ਉਸਨੇ ਉਹ ਥਲਕਾ ਮਚਾਇਆ ਕਿ ਰਹੇ ਰੱਬ ਦਾ ਨਾਂ। ਲੇਖਕ ਕੋਲ ਸਾਂਭੀ ਪਈ ਇਕ ਅਹਿਮ ਦਸਤਾਵੇਜ਼ ਅਨੁਸਾਰ, ਇਸ ਤੋਂ ਅੱਗੜ ਪਿੱਛੜ, ਹੁਣ ਤਕ ਉਹ ਦੇਸ਼ ਭਰ ਦੇ ਅਨੇਕ ਕਲਾਕਾਰਾਂ ਨਾਲ ਥਾਂ ਪੁਰ ਥਾਂ ਮੁਕਾਬਲੇ ਕਰ ਚੁੱਕਾ ਸੀ। ਉਸ ਦੁਰਲੱਭ ਦਸਤਾਵੇਜ਼ ਵਿਚ ਲਿਖਿਆ ਹੈ: "ਏਸੇ ਦੌਰਾਨ ਮਹਾਰਾਜਾ ਧੌਲਪੁਰ ਤੇ ਕਿਸ਼ਨਗੜ੍ਹ ਅਤੇ ਨਵਾਬ ਦੋਰਣ ਖ਼ਾਂ, ਸਰ

ਬਹਾਦਰ ਟੀਕਮਗੜ੍ਹ ਆਦਿ ਵੀ ਮੇਰੇ ਸ਼ਾਗਿਰਦ ਹੋਏ। ਉਨ੍ਹਾਂ ਨੇ ਸਮੇਂ-ਸਮੇਂ 'ਤੇ ਆਪਣੇ ਸਫ਼ਰਾਂ ਵਿਚ ਅਤੇ ਦਰਬਾਰਾਂ ਵਿਚ ਸੰਗੀਤ ਦੇ ਗੁਣੀਆਂ ਨਾਲ ਬਹੁਤ ਟਾਕਰੇ ਕਰਾਏ। ਉਸ ਜ਼ਮਾਨੇ ਵਿਚ ਟਾਕਰੇ ਕਰਾਉਣ ਦਾ ਮਹਾਰਾਜਿਆਂ ਨੂੰ ਬੜਾ ਸ਼ੌਕ ਸੀ, ਜਿਨ੍ਹਾਂ ਨਾਲ ਟਾਕਰੇ ਹੋਏ, ਉਨ੍ਹਾਂ ਦੇ ਕੁਝ ਨਾਮ ਇਹ ਹਨ :

(1) ਨਸਾਰ ਖ਼ਾਂ ਸਿਤਾਰ ਨਵਾਜ਼; (2) ਇਮਦਾਦ ਖ਼ਾਂ ਕਲਕੱਤੇ ਵਿਚ ਆਪਣੀ ਸ਼ਾਗਿਰਦ ਗੌਹਰ ਜਾਨ ਨਾਲ ਮਹਾਰਾਣਾ ਕਿਸ਼ਨਗੜ੍ਹ ਦੇ ਦਰਬਾਰ ਵਿਚ; (3) ਜਰਨੈਲ ਅਲੀ ਬਖ਼ਸ਼ ਤੇ ਫ਼ਤਿਹ ਅਲੀ ਖ਼ਾਂ (ਅਲੀਆ ਫੱਤੂ) ਗਾਇਕ, ਪਟਿਆਲਾ ਤੇ ਮਿੱਠਣ ਕੋਟ ਵਿਚ; (4) ਬਰਕਤ ਉਲ੍ਹਾ ਖ਼ਾਂ ਪਟਿਆਲਾ ਸਿਤਾਰ ਨਵਾਜ਼; (5) ਮੱਮਣ ਖ਼ਾਂ ਸਾਰੰਗੀ ਨਵਾਜ਼ ਪਟਿਆਲਾ; (6) ਹਰਨਾਮ ਸਿੰਘ ਮਰਦੰਗ ਨਵਾਜ਼, ਜੰਮੂ; (7) ਸਫ਼ਰ ਮਨਯੁ ਮੈਸੂਰ ਘੜਾ ਨਵਾਜ਼।

"ਜਿਸ ਸਮੇਂ ਉੱਕਤ ਸੰਗੀਤ ਵਿਦਿਆ ਦੇ ਕਈ ਜਾਣੂਆਂ ਨਾਲ ਮੇਰੇ ਮੁਕਾਬਲੇ ਹੋਏ ਤੇ ਮੇਰੀ ਜਿੱਤ ਵਿਚ ਮੈਨੂੰ ਸਰਕਾਰ ਵਲੋਂ ਇਨਾਮ ਅਤੇ ਤਨਖ਼ਾਹ ਵਿਚ ਤਰੱਕੀ ਹੁੰਦੀ ਰਹੀ।"

ਸੰਗੀਤ ਦੇ ਵਿਕਾਸ ਸਬੰਧੀ, ਭਾਤਖੰਡੇ ਦੀਆਂ ਵਿਉਂਤਾਂ ਸਦਕਾ ਇੰਡੀਆ ਵਿਚ ਜਿਹੜੀਆਂ ਪਹਿਲੀਆਂ ਚਾਰ ਸਰਵ-ਭਾਰਤੀ ਸੰਗੀਤ ਕਾਨਫ਼੍ਰੰਸਾਂ, ਬੜੌਦਾ—1916 ਈ., ਦਿੱਲੀ—1-8-1919, ਬਨਾਰਸ—1920 ਈ. ਅਤੇ ਲਖਨਊ ਵਿਖੇ 1925 ਈ. ਵਿਚ ਹੋਈਆਂ, ਉਨ੍ਹਾਂ ਸਭਨਾਂ ਵਿਚ ਉਸਦੀ ਬੜੀ ਬੱਲੇ ਬੱਲੇ ਹੋਈ। ਓਥੋਂ ਵੀ ਉਸਨੂੰ ਸੋਨੇ ਦੇ ਤਗ਼ਮੇ ਅਤੇ ਮਾਣ-ਪੱਤਰ ਆਦਿ ਮਿਲੇ, ਜਿਨ੍ਹਾਂ ਦੀਆਂ ਕੁਝ ਫੋਟੋ ਕਾਪੀਆਂ ਲੇਖਕ ਕੋਲ ਸੁਰੱਖਿਅਤ ਹਨ।

1938 ਈ. ਵਿਚ ਜਦੋਂ ਉਸਦੇ ਕਦਰਦਾਨ, ਗੁਣ-ਗ੍ਰਾਹਕ ਮਹਾਰਾਜਾ ਭੁਪਿੰਦਰ ਸਿੰਘ ਦੀ ਮੌਤ ਹੋ ਗਈ ਤਾਂ ਉਹ ਬਹੁਤ ਚੁੱਪ-ਚੁਪੀਤਾ ਅਤੇ ਗ਼ਮਗੀਨ ਰਹਿਣ ਲੱਗ ਪਿਆ। ਹੁਣ ਉਸ ਨੂੰ ਬਸ ਇਕੱਲ ਏਕਾਂਤ ਹੀ ਭਾਉਂਦਾ ਸੀ। ਉਸਦੀ ਤਬੀਅਤ ਦਾ ਇਹ ਆਲਮ ਫਿਰ ਮਰਦੇ ਦਮ ਤਕ ਰਿਹਾ।

1946 ਈ. ਵਿਚ ਜਦੋਂ ਉਹ ਆਪਣੇ ਮੁਰਸ਼ਦ, ਜਿਹੜੇ ਕਿ ਬਾਬਾ ਫ਼ਰੀਦ ਜੀ ਦੀ ਗੱਦੀ ਦੇ ਪੀਰ ਸਨ, ਦੇ ਮਜ਼ਾਰ 'ਤੇ ਮਿੱਠਣ ਕੋਟ ਜ਼ਿਆਰਤ ਲਈ ਗਿਆ ਤਾਂ ਓਥੇ 20 ਮਾਰਚ ਨੂੰ ਉਸਦੀ ਮੌਤ ਹੋ ਗਈ। ਅਫ਼ਸੋਸ! ਉਸਦੀ ਕੋਈ ਔਲਾਦ ਨਹੀਂ ਸੀ। ਮਹਿਬੂਬ ਅਲੀ ਦੀ ਅੰਤਮ ਇੱਛਾ ਅਨੁਸਾਰ, ਉਸਦੇ ਮਹਿਬੂਬ ਸਾਜ਼ - ਸਿਤਾਰ ਨੂੰ ਵੀ ਉਸਦੇ ਨਾਲ ਹੀ ਦਫ਼ਨਾ ਦਿੱਤਾ ਗਿਆ।

ਮਹੰਤ ਗੱਜਾ ਸਿੰਘ, ਰਾਜਾ ਮ੍ਰਿਗੇਂਦ੍ਰ ਸਿੰਘ ਅਤੇ ਅੰਮ੍ਰਿਤਸਰ ਦੇ ਪ੍ਰਸਿੱਧ ਰਬਾਬੀ ਭਾਈ ਲਾਲ ਉਸਦੇ ਕੁਝ ਕੁ ਸਿਰਕੱਢ ਸ਼ਾਗਿਰਦ ਸਨ। ਉਂਜ ਸ਼ੌਕੀਆ ਤੌਰ 'ਤੇ ਵਜਾਉਣ ਵਾਲਿਆਂ ਵਿੱਚੋਂ ਅਨੇਕ ਰਿਆਸਤਾਂ ਦੇ ਰਾਜੇ ਮਹਾਰਾਜੇ ਉਸਨੂੰ ਆਪਣਾ ਉਸਤਾਦ ਸਿਮਰਦੇ ਸਨ।

ਇਸ ਮਹਾਨ ਸਿਤਾਰੀਏ ਕੋਲ ਨਿਆਮਤ ਖ਼ਾਂ ਸਦਾਰੰਗ ਦੀ ਇਕ ਅਦੁੱਤੀ ਰੁਦ੍ਰ ਵੀਣਾ ਅਤੇ ਸੰਗੀਤ ਸਬੰਧੀ ਇਕ ਹੱਥ-ਲਿਖਤ ਵੀ ਸੀ, ਜਿਹੜੀ ਮਰਨ ਤੋਂ ਕੁਝ ਸਮਾਂ ਪਹਿਲਾਂ ਉਹ ਕੰਵਰ ਮ੍ਰਿਗੇਂਦ੍ਰ ਸਿੰਘ ਨੂੰ ਸੌਂਪ ਗਿਆ ਸੀ। ਇਹ ਚੀਜ਼ਾਂ ਭਾਰਤੀ

ਉਪ ਮਹਾਂਦੀਪ ਦੇ ਇਸ ਮਹਾਨ ਸੰਗੀਤ ਆਚਾਰੀਆ ਕੋਲ ਅੱਜ ਵੀ ਸਾਂਭੀਆਂ ਪਈਆਂ ਹਨ। ਯਾਦ ਰਹੇ, ਇਹ ਰੁਦ੍ਰ ਵੀਣਾ, ਜਿਸ ਦਾ ਸਬੰਧ ਅਠਾਰ੍ਹਵੀਂ ਸਦੀ ਨਾਲ ਹੈ, ਪੂਰੇ ਪੰਜਾਂ ਸਾਲਾਂ 'ਚ ਤਿਆਰ ਹੋਈ ਸੀ। ਮੇਰਾ ਨਹੀਂ ਖ਼ਿਆਲ ਕਿ ਦੁਨੀਆਂ ਦੇ ਕਿਸੇ ਵੀ ਤਖ਼ਤੇ 'ਤੇ ਸੰਗੀਤ ਦਾ ਕੋਈ ਏਹੋ ਜਿਹਾ ਬੇਨਜ਼ੀਰ ਸਾਜ਼ ਐਨੇ ਲੰਮੇ ਅਰਸੇ ਵਿਚ ਬਣਿਆ ਹੋਵੇ!

SIKHBOOKCLUB.COM

# ਭਾਈ ਸ਼ੇਰ ਸਿੰਘ ਗੁੱਜਰਾਂਵਾਲੀਏ

ਜੋਬਨ ਜਾਂਦੇ ਨ ਡਰਾਂ, ਜੇ ਸਹ ਪ੍ਰੀਤਿ ਨ ਜਾਇ॥
ਫਰੀਦਾ, ਕਿਤੀਂ ਜੋਬਨ ਪ੍ਰੀਤਿ ਬਿਨੁ, ਸੁਕਿ ਗਏ ਕੁਮਲਾਇ॥

*(ਸਲੋਕ ਫਰੀਦ, ਪੰਨਾ 1379)*


*ਭਾਈ ਸ਼ੇਰ ਸਿੰਘ ਗੁੱਜਰਾਂਵਾਲੀਏ*

ਇਕ ਵੇਰ ਕਲਕੱਤਾ ਦੇ ਇਕ ਗੁਰਦੁਆਰੇ ਵਿਚ ਕਿਸੇ ਨੇ ਬਾਬਾ ਫ਼ਰੀਦ ਦੇ ਇਸ ਸਲੋਕ ਵਿਚ ਰਾਗ ਜੈਜੈਵੰਤੀ ਤਿੰਨ ਤਾਲ ਵਿਚ ਤਾਨਾਂ ਲਈਆਂ ਤਾਂ ਆਪਣੇ ਚੁਬਾਰੇ ਵਿਚ ਸੁਣ ਰਹੀ ਦੇਸ਼ ਦੀ ਸੁਪ੍ਰਸਿੱਧ ਗਾਇਕਾ ਗੌਹਰ ਜਾਨ ਨੂੰ ਕੋਈ ਸੁੱਧ ਬੁੱਧ ਨਾ ਰਹੀ। ਸਵੇਰ ਨੂੰ ਜਦੋਂ ਉਸ ਨੂੰ ਸੁਰਤ ਆਈ ਤਾਂ ਲਟਬਉਰਿਆਂ ਵਾਂਗ ਗਾਉਣ ਵਾਲੇ ਦਾ ਨਾ ਪੁੱਛਦੀ ਫਿਰੇ। ਦੱਸਿਆ ਗਿਆ ਕਿ ਗਾਉਣ ਵਾਲਾ ਭਾਈ ਸ਼ੇਰ ਸਿੰਘ ਸੀ, ਦੇਸ਼ ਦਾ ਉਸ ਸਮੇਂ ਦਾ ਸਰਵੋਤਮ ਗਾਇਕ, ਹਾਂ ਪੀਰਾਂ ਦਿੱਤੀ ਦਾ ਸ਼ਾਗਿਰਦ।

ਆਪ ਦੇ ਇਕ ਭਤੀਜੇ ਸ. ਮਹਿੰਦਰ ਸਿੰਘ, ਜਿਹੜੇ ਕਿ ਆਪ ਇਕ ਉੱਚ ਕੋਟੀ ਦੇ ਰਾਗੀ ਹਨ— ਦੇ ਦੱਸਣ ਅਨੁਸਾਰ ਆਪ ਦਾ ਜਨਮ 1867 ਈ. ਦੇ ਨੇੜੇ ਤੇੜੇ ਗੁੱਜਰਾਂਵਾਲਾ ਵਿਖੇ ਸ. ਮੋਹਰ ਸਿੰਘ ਜੀ ਦੇ ਘਰ ਮਾਤਾ ਗੁਜਰੀ ਜੀ ਦੇ ਉਦਰ ਤੋਂ ਹੋਇਆ। ਆਪ ਦੇ ਬਾਬਾ ਦਾ ਨਾਂ ਸ. ਜੋਧ ਸਿੰਘ ਸੀ। ਆਪ ਚਾਰ ਭਾਈ ਸਨ। ਸਭ ਤੋਂ ਵੱਡਾ ਸ਼ਮਸ਼ੇਰ ਸਿੰਘ ਗੁੱਜਰਾਂਵਾਲਾ ਸਟੇਸ਼ਨ ਮਾਸਟਰ ਸੀ। ਬਚਪਨ ਵਿਚ ਉਹ ਗੁੱਜਰਾਂਵਾਲੇ ਦੀਆਂ ਗਲੀਆਂ ਵਿਚ ਗਾਉਂਦਾ ਹੁੰਦਾ ਸੀ। ਉਸ 'ਤੇ ਖ਼ੁਸ਼ ਹੋ ਕੇ ਕੋਈ ਉਸ ਨੂੰ ਇਕ ਪੈਸਾ ਦੇ ਦਿੰਦਾ ਅਤੇ ਕੋਈ ਦੋ। ਇਕ ਵੇਰ ਗੁੱਜਰਾਂਵਾਲਾ ਦੀ ਇਕ ਪ੍ਰਸਿੱਧ ਗਾਇਕਾ ਪੀਰਾਂ ਦਿੱਤੀ ਨੇ ਉਸ ਨੂੰ ਸੁਣ ਲਿਆ। ਸੁਣ ਕੇ ਉਹ ਉਸ ਨੂੰ ਆਪਣੇ ਘਰ ਲੈ ਆਈ। ਉਸ ਤੋਂ ਦੋ ਚਾਰ ਚੀਜ਼ਾਂ ਹੋਰ ਸੁਣ ਕੇ ਉਸਨੇ ਉਸ ਨੂੰ ਇਕ ਰੁਪਿਆ ਜੇਬ ਵਿੱਚੋਂ ਕੱਢ ਕੇ ਦੇ ਦਿੱਤਾ ਅਤੇ ਉਸਦੀ ਸੁਰੀਲੀ ਆਵਾਜ਼ ਤੋਂ ਪ੍ਰਭਾਵਿਤ ਹੋ ਕੇ ਕਹਿਣ ਲੱਗੀ ਕਿ ਉਹ ਉਸ ਕੋਲ ਹਰ ਰੋਜ਼ ਆਇਆ ਕਰੇ। ਉਹ ਨਿੱਤ ਦਿਹਾੜੇ ਉਥੇ ਜਾਣ ਲੱਗ ਪਿਆ ਅਤੇ ਪੀਰਾਂ ਦਿੱਤੀ ਦਾ ਸਾਰਾ ਇਲਮ ਖਿਸਕ ਕੇ ਸ਼ੇਰ ਸਿੰਘ

 www.sikhbookclub.com

ਕੋਲ ਆਉਣ ਲੱਗ ਪਿਆ। ਉਸਨੇ ਉਸਤਾਦ ਡੰਡੇ ਖ਼ਾਂ, ਜਿਹੜੇ ਕਿ ਬਹੁਤ ਵੱਡੇ ਸਿਤਾਰ ਵਾਦਕ ਸਨ, ਤੋਂ ਵੀ ਸਿੱਖਿਆ ਪ੍ਰਾਪਤ ਕੀਤੀ। ਉਸ ਗੁਣੀ ਉਸਤਾਦ ਨੇ ਇਸ ਬਾਲ ਦੀ ਪ੍ਰਤਿਭਾ ਨੂੰ ਪਛਾਣਦਿਆਂ, ਉਸਨੂੰ ਆਪਣਾ ਬੇਟਾ ਬਣਾਇਆ ਹੋਇਆ ਸੀ। ਉਸਨੇ ਰਾਗ ਸਿਤਾਰ ਵਿਚੀਂ ਸਿੱਖਿਆ ਅਤੇ ਕਿਹਾ ਕਿ ਸਿਤਾਰ ਤੋਂ ਬਗੈਰ ਰਾਗ ਅਧੂਰਾ ਹੈ ਕਿਉਂਕਿ ਵਾਜੇ (ਹਾਰਮੋਨੀਅਮ) ਵਿੱਚੋਂ ਪੂਰੀਆਂ ਸ਼ਰੁੱਤੀਆਂ ਨਹੀਂ ਨਿਕਲ ਸਕਦੀਆਂ। ਸਾਡੇ ਸੰਗੀਤ ਵਿਚ ਬੜੀ ਤੇਜ਼ੀ ਨਾਲ ਘੁੱਸਪੈਠ ਕਰ ਰਹੇ ਇਸ ਨਵੇਂ ਪੱਛਮੀ ਸਾਜ਼ (ਵਾਜੇ) ਬਾਰੇ ਐਨ ਏਸੇ ਤਰ੍ਹਾਂ ਦੀ ਹੀ ਅਰਕਰੇਜ਼ੀ ਕੁਝ ਸਾਲ ਪਿੱਛੋਂ ਫਿਰ ਕਿਰਾਨਾ ਘਰਾਣੇ ਦੇ ਪ੍ਰਸਿੱਧ ਉਸਤਾਦ ਅਬਦੁਲ ਕਰੀਮ ਖ਼ਾਂ ਨੇ ਵੀ ਕੀਤੀ ਜਿਹੜੇ ਕਿ ਉਮਰ ਵਿਚ ਆਪ ਨਾਲੋਂ ਪੰਜ ਸਾਲ ਛੋਟੇ ਸਨ। ਕੁਝ ਸਾਲਾਂ ਦੀ ਕਰੜੀ ਤਪ-ਸਾਧਨਾ ਪਿੱਛੋਂ ਭਾਈ ਸ਼ੇਰ ਸਿੰਘ ਇਕ ਉੱਚ ਕੋਟੀ ਦਾ ਗਵੱਈਆ ਬਣ ਗਿਆ।

ਉਸਦੀ ਚੜ੍ਹਤ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਸ਼ੁਰੂ ਹੋਈ। ਉੱਨ੍ਹੀਵੀਂ ਸਦੀ ਆਪਣੇ ਆਖ਼ਰੀ ਸਾਹਾਂ 'ਤੇ ਆਉਣ ਵਾਲੀ ਸੀ ਕਿ ਇਕ ਦਿਨ ਭਾਈ ਸੋਲ੍ਹਾ ਸਿੰਘ ਹੋਰਾਂ ਨੇ ਗੁਰੂ ਕੇ ਬਾਗ਼ ਵਿਖੇ ਉਸਨੂੰ ਆਸਾ ਦੀ ਵਾਰ ਲਾਉਣ ਲਈ ਆਪਣੇ ਨਾਲ ਬਿਠਾ ਲਿਆ। ਉਸ ਪਿੱਛੋਂ ਉਸ ਨੇ ਜੌਨਪੁਰੀ ਗਾਈ, "ਆਦਿ ਨਰੰਜਣ ਹੈ ਗੁਰੂ ਨਾਨਕ ਧਾਰ ਕੇ ਮੂਰਤ ਹੈ ਜੱਗ ਆਇਓ" ਉਸ ਪਿੱਛੋਂ ਭੈਰਵੀ ਸ਼ੁਰੂ ਕਰ ਦਿੱਤੀ, "ਮੇਰੀ ਮਤਿ ਬਉਰੀ, ਮੈ ਰਾਮੁ ਬਿਸਾਰਿਓ," ਅਤੇ ਤਾਨਾਂ ਨਾਲ ਸਾਰਾ ਬਾਗ਼ ਭਰ ਦਿੱਤਾ। ਜਿੰਨਾ ਚਿਰ ਉਹ ਗਾਉਂਦਾ ਰਿਹਾ, ਭਾਈ ਲਾਲ ਰਬਾਬੀ ਵਜਦ ਦੇ ਲੋਰ ਵਿਚ ਆ ਕੇ ਆਪਣੀ ਇਕ ਲੱਤ ਦੇ ਭਾਰ ਖੜੋਤਾ ਉਸਨੂੰ ਸੁਣਦਾ ਰਿਹਾ। ਇਸ ਤੋਂ ਵੱਧ ਹੋਰ ਦਾਦ ਕੀ ਹੋ ਸਕਦੀ ਹੈ ਕਿ ਦੇਸ਼ ਭਰ ਦਾ ਇਕ ਮੰਨਿਆ ਪ੍ਰਮੰਨਿਆ ਜੱਦੀ ਪੁਸ਼ਤੀ ਮੁਸਲਮਾਨ ਰਬਾਬੀ ਐਨੀ ਪ੍ਰਸੰਸਾ ਦੇ ਇਸ ਰੂਪ ਵਿਚ ਸੁਣੇ। "ਹਰੇ ਰਾਮ! ਕੈਸਾ ਗਲਾ, ਕੈਸੀ ਫਿਰਤ, ਕੈਸੀ ਮਿਠਾਸ, ਕਿੰਨਾ ਸੋਜ਼!" ਸਾਰਾ ਸਮਾਂ ਉਹ ਇਸ ਤਰ੍ਹਾਂ ਹੀ ਦਾਦ ਦਿੰਦਾ ਰਿਹਾ। ਭਾਈ ਲਾਲ ਅਤੇ ਕੁਝ ਹੋਰ ਬੰਦਿਆਂ ਨੇ ਉਸ ਦਿਨ ਹੀ ਅਨੁਭਵ ਕਰ ਲਿਆ ਸੀ ਕਿ ਇਹ ਕਿਸੇ ਦਿਨ ਕਈ ਗਵੱਈਆਂ ਨੂੰ ਵਖ਼ਤ ਪਾਏਗਾ। ਸੋ ਇਕ ਦਿਨ ਇੰਜ ਹੀ ਹੋ ਕੇ ਰਿਹਾ:

**ਭਗਤ ਵਛਲ ਸੁਨਿ ਹੋਤ ਹੌ, ਨਿਰਾਸ ਰਿਦੈ,**
**ਪਤਿਤ ਪਾਵਨ ਸੁਨਿ ਆਸਾ ਉਰਧਾਰਿ ਹੌਂ।**

ਜਦੋਂ ਉਸਨੇ ਰਾਗ ਹਿੰਡੋਲ ਤਿੰਨ ਤਾਲ ਵਿਚ ਨਨਕਾਣਾ ਸਾਹਿਬ ਵਿਖੇ ਇਹ ਸ਼ਬਦ ਗਾਇਆ ਤਾਂ ਕਲਾਸੀਕਲ ਸੰਗੀਤ ਨਾਲ ਮੱਸ ਰੱਖਣ ਵਾਲੇ ਸੂਝਵਾਨ ਸਰੋਤਿਆਂ ਨੂੰ ਦੰਗ ਕਰ ਦਿੱਤਾ। ਉਸ ਨਾਲ ਤਬਲੇ 'ਤੇ ਸਾਥ ਭਾਈ ਨਸੀਰ ਦੇ ਪਿਤਾ ਭਾਈ ਅਮੀਰ ਅਤੇ ਉਸਦੇ ਭਰਾ ਚਰਾਗ਼ ਅੰਮ੍ਰਿਤਸਰੀ ਨੇ ਕੀਤਾ। ਸ਼ੇਰ ਸਿੰਘ ਦਾ ਭਰਾ ਵੀ ਨਾਲ ਬੈਠਾ ਸੀ। ਉਸਨੇ ਅਲਾਪ ਕਰ ਕੇ ਦਰਬਾਰੀ ਦਾ ਧਰੁੱਪਦ ਸ਼ੁਰੂ ਕੀਤਾ। ਭਾਈ ਚਰਾਗ਼ ਨੇ ਰੱਜ ਰੱਜ ਕੇ ਤਬਲਾ ਵਜਾਇਆ, ਤਗਿੰਦਾ, ਚੌਗਿੰਦਾ। ਪਰ ਗਾਇਕ ਠਾਹ ਠਾਹ ਹੀ ਵਰ੍ਹਦਾ ਰਿਹਾ।

ਜਦੋਂ ਰਾਬਿੰਦਰ ਨਾਥ ਟੈਗੋਰ 1935 ਈ. ਵਿਚ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਆਇਆ ਤਾਂ ਉਸ ਵੇਲੇ ਇਹ ਗਵੱਈਆ ਕੀਰਤਨ ਕਰ ਰਿਹਾ

 www.sikhbookclub.com

ਸੀ। ਸੰਗੀਤ ਦਾ ਪਾਰਖੂ ਕਵੀ ਸੁਣ ਕੇ ਕੀਲਿਆ ਗਿਆ—ਉਸਦੇ ਨੇਤਰਾਂ ਦੇ ਸਮੂਹ ਸ੍ਰੋਤ ਉਸ ਗਾਇਕ ਵਿਚ ਗੱਡੇ ਗਏ। ਉਸਦੇ ਕੰਨ ਅਤੇ ਕਾਇਆ ਦੁਨੀਆਂ ਦੇ ਰੌਲੇ ਰੱਪੇ ਤੋਂ ਬੇਨਿਆਜ਼, ਉਸ ਗਾਇਕ ਦੀ ਆਵਾਜ਼ ਦਾ ਹਰ ਅਣੂ ਆਪਣੇ ਹਿਰਦੇ ਵਿਚ ਸਮੋਣ ਦਾ ਸੰਗਰਾਮ ਕਰ ਰਹੇ ਸਨ। ਉਸਨੂੰ ਸੁਣ ਕੇ ਸਿੱਖ ਕੌਮ ਅਤੇ ਇਸਦੇ ਕਲੌਂਤੀਆਂ ਬਾਰੇ ਗੁਰੂਦੇਵ ਕਵੀ ਨੂੰ ਆਪਣੇ ਸਾਰੇ ਵਿਚਾਰ ਤਬਦੀਲ ਹੀ ਨਹੀਂ ਸਨ ਕਰਨੇ ਪਏ, ਸਗੋਂ ਲਾਹੌਰ ਜਾ ਕੇ ਉਸਨੇ ਉਥੋਂ ਦੇ ਇਕ ਸਿਰਕੱਢ ਸਰਦਾਰ ਸ਼ਮਸ਼ੇਰ ਸਿੰਘ ਕੋਲ ਉਸ ਗਾਇਕ ਬਾਰੇ ਇੰਜ ਆਖਿਆ ਸੀ :

ਜੀਵਨ ਵਿਚ ਪਹਿਲੀ ਵੇਰ ਜੀਅ ਕੀਤਾ ਹੈ ਚੋਰੀ ਕਰਨ ਨੂੰ, ਅਤੇ ਚੋਰੀ ਵੀ ਕਿਸੇ ਚੀਜ਼ ਦੀ ਨਹੀਂ, ਤੁਹਾਡੇ ਉਸ ਬੰਦੇ ਦੀ, ਉਸ ਸਰਦਾਰ ਗਵੱਈਏ ਦੀ ਜਿਸਨੇ ਮੈਨੂੰ ਕੀਲ ਕੇ ਰੱਖ ਦਿੱਤਾ ਹੈ। ਪਰ ਕੀਤਾ ਕੀ ਜਾਏ ? ਉਹ ਗਵੱਈਆ ਹਰਿਮੰਦਰ ਸਾਹਿਬ ਦਾ ਹਜ਼ੂਰੀ ਹੈ। ਅੱਜ ਤੱਕ ਤਾਂ ਇਹ ਸੁਣਦੇ ਆਏ ਸਾਂ ਕਿ ਸੰਗੀਤ ਸਾਡੇ ਬੰਗਾਲ ਵਿਚ ਜਨਮ ਲੈਂਦਾ ਹੈ, ਯੂ.ਪੀ. ਵਿਚ ਜਵਾਨ ਹੁੰਦਾ ਹੈ ਅਤੇ ਪੰਜਾਬ ਵਿਚ ਬੁੱਢਾ। ਅਤੇ ਜ਼ਿੰਦਗੀ ਵਿਚ ਜੇਕਰ ਕਦੇ ਮੈਂ ਬੁੱਢਾ, ਪ੍ਰੌੜ (Mature) ਸੰਗੀਤ ਸੁਣਿਆ ਹੈ ਤਾਂ ਸਿਰਫ਼ ਅੱਜ ਹੀ ਅਤੇ ਇਸ ਸ਼ੇਰ ਸਿੰਘ ਦੇ ਮੂੰਹੋਂ ਹੀ।

ਇਕ ਵੇਰ ਜਦੋਂ ਉਸਨੇ ਜਲੰਧਰ ਦੇ ਹਰਿਵਲਭ ਸੰਗੀਤ ਸੰਮੇਲਨ 'ਤੇ ਮੁਲਤਾਨੀ ਗਾਈ ਤਾਂ ਉਸ ਪਿੱਛੋਂ ਹਿੰਦੂਆਂ ਦੇ ਮਹਾਨ ਗਾਇਕ ਪ੍ਰਚਾਰਕ ਪੰਡਿਤ ਜੀ ਵੀ ਨਹੀਂ ਸਨ ਗਾਏ। ਗਾਉਣ ਵੇਲੇ ਅਜੇ ਮਸਾਂ ਉਹ ਖਰਜਾਂ ਹੀ ਭਰਦਾ ਸੀ ਕਿ ਰਾਗ ਪਹਿਲਾਂ ਹੀ ਖ਼ੁਸ਼ਬੂਆਂ ਦੇਣ ਲੱਗ ਪੈਂਦਾ ਸੀ। ਜਿਸ ਸਾਲ ਉਹ ਹਰਿਵਲਭ ਆਇਆ ਸੀ ਤਾਂ ਉਸਨੇ ਆਪਣੀ ਮਧੁਰ ਆਵਾਜ਼ ਵਿਚ ਇਹ ਚੀਜ਼ ਗਾਈ ਸੀ :

*ਵਾਟ ਚਲਤ ਮੋਰੀ ਚੁੰਨਰੀ ਰੰਗ ਡਾਰੀ ਰੇ,*
*ਕੈਸੋ ਬੇਦਰਦੀ ਬਨਵਾਰੀ ਰੇ।*

ਉਸ ਪਿੱਛੋਂ ਫਿਰ ਮਹਾਨ 'ਜੋਗੀ' ਪੰਡਿਤ ਜੀ, ਜਿਨ੍ਹਾਂ ਦਾ ਉਨ੍ਹਾਂ ਸਮਿਆਂ ਵਿਚ ਆਲੇ-ਦੁਆਲੇ ਬੜਾ ਪ੍ਰਭਾਵ ਸੀ, ਗਾਉਣ ਲਈ ਨਹੀਂ ਸਨ ਬੈਠੇ। ਉਨ੍ਹਾਂ ਨੇ ਆਪਣੇ ਦੋ ਸ਼ਾਗਿਰਦ ਗਾਉਣ ਲਈ ਭੇਜ ਦਿੱਤੇ ਸਨ। ਇਸ ਚੀਜ਼ 'ਤੇ ਭਾਈ ਸ਼ੇਰ ਸਿੰਘ ਬੜੇ ਨਾਖ਼ੁਸ਼ ਅਤੇ ਨਾਰਾਜ਼ ਸਨ। ਉਹ ਪੰਡਿਤ ਤੋਲੋ ਰਾਮ ਜੀ ਨੂੰ ਸੁਣਾ ਕੇ ਕਹਿਣ ਲੱਗੇ, "ਪੰਡਿਤ ਜੀ, ਇਹ ਕੋਈ ਇਨਸਾਫ਼ ਨਹੀਂ ਹੈ ਕਿ ਤੁਸੀਂ ਕਿਸੇ ਗਾਇਕ ਮਗਰੋਂ ਕਿਸੇ ਰਾਸਧਾਰੀਏ ਨੂੰ ਬਿਠਾ ਦੇਵੋ। ਮੈਂ ਜਿਸ ਮਕਸਦ ਨਾਲ ਏਥੇ ਆਇਆ ਸਾਂ, ਅਸਲ ਵਿਚ ਉਹ ਪੂਰਾ ਨਹੀਂ ਹੋਇਆ।"

ਏਹੀ ਮਹਾਨ ਪੰਡਿਤ ਜੀ ਭਾਰਤੀ ਸੰਗੀਤ ਦੀ ਸਿੱਖਿਆ ਸੰਪੂਰਨ ਕਰਨ ਲਈ ਜਦੋਂ ਪੰਜਾਬ ਆਏ ਸਨ, ਤਾਂ ਸਭ ਤੋਂ ਪਹਿਲਾਂ ਉਹ ਬਾਬਾ ਖੇਮ ਸਿੰਘ ਬੇਦੀ ਦੇ ਫ਼ਾਰਮ 'ਤੇ, ਉਨ੍ਹਾਂ ਦੇ ਬੱਚਿਆਂ ਨੂੰ ਸਿਖਸ਼ਾ ਦੇਣ ਲਈ ਸੱਤਰ ਰੁਪਏ ਮਹੀਨਾ 'ਤੇ ਮੁਲਾਜ਼ਮ ਰੱਖੇ ਗਏ ਸਨ। ਇਹ ਗੱਲ ਕੰਵਰ ਮਹਿੰਦਰ ਸਿੰਘ ਬੇਦੀ ਨੇ ਲੇਖਕ ਨੂੰ ਇਕ ਵੇਰ ਆਪ ਦੱਸੀ ਸੀ। ਉਸ ਪਿੱਛੋਂ ਉਹ ਰਿਆਸਤ ਨਾਭਾ ਵਿਚ ਮਹਾਰਾਜਾ ਹੀਰਾ ਸਿੰਘ ਹੋਰਾਂ ਕੋਲ ਦਰਬਾਰੀ ਪਦ 'ਤੇ ਤਿੰਨ ਹਜ਼ਾਰ ਰੁਪਏ ਦੀ ਤਨਖ਼ਾਹ 'ਤੇ ਨੌਕਰ ਹੋ ਗਏ

ਸਨ। ਗੱਲਾਂ ਗੱਲਾਂ ਵਿਚ ਇਕ ਦਿਨ ਪੰਡਿਤ ਜੀ ਮਹਾਰਾਜਾ ਨਾਭਾ ਨੂੰ ਕਹਿਣ ਲੱਗੇ ਕਿ ਇਸ ਵਕਤ ਸਿੱਖਾਂ ਵਿੱਚੋਂ ਕੋਈ ਵੀ ਸਿੱਖ ਰਾਗੀ ਸ਼ੁੱਧ ਨਹੀਂ ਗਾ ਰਿਹਾ। ਸਭ ਗਲਤ ਗਾ ਰਹੇ ਹਨ। ਇਹ ਸੁਣਦਿਆਂ ਹੀ ਮਹਾਰਾਜੇ ਨੇ ਭਾਈ ਸ਼ੇਰ ਸਿੰਘ ਹੋਰਾਂ ਨੂੰ ਸੱਦ ਲਿਆ ਅਤੇ ਕਿਹਾ ਕਿ ਪੰਡਿਤ ਜੀ ਇੰਜ ਆਖਦੇ ਹਨ। ਭਾਈ ਸਾਹਿਬ ਨੇ ਮਹਾਰਾਜੇ ਅੱਗੇ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਕਹੋ ਕਿ ਗਾਉਣ। ਉਹ ਗਾਉਣ ਲੱਗ ਪਏ। ਉਨ੍ਹਾਂ ਪਿੱਛੋਂ ਭਾਈ ਸਾਹਿਬ ਨੇ ਵੀ ਪਹਿਲਾਂ ਤਾਂ ਉਹੀ ਚੀਜ਼ ਐਨ ਉਸੇ ਤਰ੍ਹਾਂ ਗਾ ਕੇ ਸੁਣਾ ਦਿੱਤੀ, ਫਿਰ ਜਦੋਂ ਉਨ੍ਹਾਂ ਚਾਰ ਆਈਟਮ ਹੋਰ ਗਾਏ ਤਾਂ ਪੰਡਿਤ ਜੀ ਸੁਣ ਕੇ ਹੈਰਾਨ ਰਹਿ ਗਏ, ਮਹਾਰਾਜੇ ਨੂੰ ਕਹਿਣ ਲੱਗੇ ਕਿ ਮੇਰੀ ਸਾਰੀ ਤਨਖ਼ਾਹ (ਤਿੰਨ ਹਜ਼ਾਰ ਰੁਪਏ) ਇਨ੍ਹਾਂ ਨੂੰ ਦੇ ਦੇਵੋ, ਉਹ ਇਸਦੇ ਹੱਕਦਾਰ ਹਨ। ਉਨ੍ਹਾਂ ਉਥੇ ਇਹ ਗੱਲ ਸਵੀਕਾਰ ਵੀ ਕੀਤੀ, "ਇਨ੍ਹਾਂ ਜਿੰਨਾ ਸ਼ੁੱਧ ਸੁਰੀਲਾ ਅਤੇ ਸੋਜ਼ੀਲਾ ਰਾਗੀ ਮੈਂ ਅੱਜ ਤਕ ਕਦੇ ਨਹੀਂ ਸੁਣਿਆ ਅਤੇ ਇਸ ਵੇਲੇ ਇਨ੍ਹਾਂ ਤੋਂ ਚੰਗਾ ਸ਼ਾਇਦ ਕੋਈ ਹੋਰ ਹੋਵੇ ਵੀ ਨਾ।"

ਪੰਡਿਤ ਜੀ ਦੀ ਸਾਰੀ ਗਲਤ ਫ਼ਹਿਮੀ ਹੁਣ ਦੂਰ ਹੋ ਚੁੱਕੀ ਸੀ। ਉਹ ਆਪ ਤੋਂ ਐਨਾ ਮੁਤਾਸਰ ਹੋ ਗਏ ਸਨ ਕਿ ਉਨ੍ਹਾਂ ਤੋਂ ਰਿਹਾ ਨਾ ਗਿਆ ਅਤੇ ਕਹਿਣ ਲੱਗੇ ਕਿ ਸਰਦਾਰ ਜੀ, ਇਹ ਚਾਰੇ ਰਾਗ ਤੁਸੀਂ ਮੈਨੂੰ ਵੀ ਸਿਖਾ ਦਿਓ, ਤੁਹਾਡਾ ਅਹਿਸਾਨਮੰਦ ਹੋਵਾਂਗਾ। ਅੱਗੋਂ ਉਨ੍ਹਾਂ ਉੱਤਰ ਦਿੱਤਾ, "ਇਹ ਰਾਗ ਐਵੇਂ ਮੁਫ਼ਤ ਮੁੱਲੇ ਨਹੀਂ ਮਿਲਦੇ, ਇਨ੍ਹਾਂ ਨੂੰ ਮੈਂ ਇਕ ਉਮਰ ਲਾ ਕੇ ਪਾਇਆ ਹੈ। ਜੇਕਰ ਇਹ ਗੱਲ ਜ਼ਰੂਰੀ ਹੈ ਤਾਂ ਇਨ੍ਹਾਂ 'ਤੇ ਤੁਹਾਡਾ ਵੀਹ ਹਜ਼ਾਰ ਰੁਪਿਆ ਲੱਗੇਗਾ।" ਪੰਡਿਤ ਜੀ ਨੇ ਉਸੇ ਵੇਲੇ ਹੀ ਉਨ੍ਹਾਂ ਅੱਗੇ ਵੀਹ ਹਜ਼ਾਰ ਰੁਪਏ ਦੀ ਨਜ਼ਰ ਧਰ ਦਿੱਤੀ ਅਤੇ ਆਪਣੀ ਸਿੱਖਿਆ ਆਰੰਭ ਕਰ ਦਿੱਤੀ।

ਏਸ ਗੱਲ ਦਾ ਜਦੋਂ ਉਨ੍ਹਾਂ ਦੇ ਪਰਿਵਾਰ ਨੂੰ ਪਤਾ ਲੱਗਾ ਤਾਂ ਉਹ ਬੜੇ ਨਾਰਾਜ਼ ਹੋਏ। ਭਾਈ ਸਾਹਿਬ ਨੂੰ ਕਹਿਣ ਲੱਗੇ, "ਤੁਸੀਂ ਇਹ ਬੜਾ ਮਾੜਾ ਕੰਮ ਕੀਤਾ ਹੈ। ਅਸੀਂ ਇਨ੍ਹਾਂ ਚਾਰ ਰਾਗਾਂ ਸਦਕਾ ਹੀ ਤਾਂ ਦੱਖਣ ਵਾਲਿਆਂ ਨੂੰ ਦਬਾਉਂਦੇ ਸਾਂ। ਇਹ ਰਾਗ ਤੁਹਾਨੂੰ ਕਿਸੇ ਵੀ ਕੀਮਤ 'ਤੇ ਨਹੀਂ ਸਨ ਸਿਖਾਉਣੇ ਚਾਹੀਦੇ।" ਪਰ ਹੁਣ ਸਮਾਂ ਵਿਹਾਜ ਚੁੱਕਾ ਸੀ। ਮਿਰਾਸੀਆਂ ਨੇ ਜਦ ਕਦੇ ਵੀ ਰੌਲਾ ਪਾਉਣਾ ਕਿ ਮੁਸਲਮਾਨ ਗਵੱਈਆਂ ਵਰਗਾ ਕੋਈ ਹੋਰ ਨਹੀਂ ਗਾ ਸਕਦਾ ਤਾਂ ਹਿੰਦੂ-ਸਿੱਖ ਉਸ ਨੂੰ ਹੀ ਅੱਗੇ ਕਰਦੇ ਸਨ। ਇਕ ਵੇਰ ਉਨ੍ਹਾਂ ਦੇ ਮੁਕਾਬਲੇ 'ਤੇ ਭਾਈ ਮੋਤੀ ਅਤੇ ਭਾਈ ਲਾਲ ਵੀ ਆਏ ਸਨ, ਪਰ ਜਿਸ ਜਵਾਂ-ਮਰਦੀ ਦੇ ਨਾਲ ਇਸ ਨੇ ਉਨ੍ਹਾਂ ਦਾ ਟਾਕਰਾ ਕੀਤਾ ਸੀ, ਉਹ ਇਕ ਯਾਦਗਾਰੀ ਮੁਕਾਮ ਰੱਖਦਾ ਹੈ।

ਉਹ ਅਤੇ ਭਾਈ ਪ੍ਰਤਾਪ ਸਿੰਘ ਆਪਣੇ ਸਮੇਂ ਦੇ ਦੋਵੇਂ ਬੜੇ ਵੱਡੇ ਗਵੱਈਏ ਸਨ। ਦੋਹਾਂ ਨੇ ਹੀ ਭਾਰਤੀ ਪੱਧਰ 'ਤੇ ਬਹੁਤ ਨਾਮਣਾ ਖੱਟੀ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਉਨ੍ਹਾਂ ਦੋਹਾਂ ਦੀ ਗਾਇਕੀ ਵਿਚ ਕੋਈ ਫ਼ਰਕ ਵੀ ਸੀ ? ਹਾਂ ? ਸ਼ੇਰ ਸਿੰਘ ਦੀ ਇਹ ਖ਼ੂਬੀ ਸੀ ਕਿ ਗਾਉਣ ਸਮੇਂ ਉਹ ਕੁਝ ਤਾਨਾਂ ਐਸੀਆਂ ਲੈ ਲੈਂਦਾ ਸੀ ਕਿ ਬਸ ਸੁਆਦ ਭਰ ਦਿੰਦਾ ਸੀ। ਪ੍ਰਤਾਪ ਸਿੰਘ ਦੀ ਇਹ ਖ਼ੂਬੀ ਸੀ ਕਿ ਭਾਵੇਂ ਉਸਦੀ ਤਾਨ ਕੰਮ ਨਹੀਂ ਸੀ ਕਰਦੀ, ਅਤੇ ਧਰੁਪੱਦੀਆ ਹੋਣ ਦੇ ਨਾਤੇ ਉਹ ਤਾਨਬਾਜ਼ੀ ਦਾ

ਐਨਾ ਕਾਇਲ ਵੀ ਨਹੀਂ ਸੀ, ਫਿਰ ਵੀ ਸ਼ੁਰੂ ਵਿਚ ਉਹ ਕੁਝ ਕੁ ਤਾਨਾਂ ਲੈ ਕੇ ਐਨਾ ਤੇਜ਼ ਚੱਲਦਾ ਸੀ ਕਿ ਤਬਲਚੀਆਂ ਨੂੰ ਵਖ਼ਤ ਪਾ ਦਿੰਦਾ ਸੀ। ਭਾਵੇਂ ਉਹ ਕੋਈ ਡੂੰਘੀ ਚੀਜ਼ ਨਾ ਵੀ ਗਾ ਰਿਹਾ ਹੋਵੇ, ਫਿਰ ਵੀ ਤੜਥੱਲ ਪਾ ਦਿੰਦਾ ਸੀ। ਅਲਾਪ ਕਰਨ ਵਿਚ ਉਹ ਬਹੁਤ ਜ਼ਿਆਦਾ ਸੀ, ਇਸ ਵਿਚ ਘੱਟੋ ਘੱਟ ਉਹ ਤਲਵੰਡੀ ਘਰਾਣੇ ਦੇ ਪ੍ਰਸਿੱਧ ਉਸਤਾਦ ਮੀਰਾਂ ਬਖ਼ਸ਼ ਭੱਦਲਵੱਢੀਏ ਦੇ ਤੁੱਲ ਘੁੰਮ ਫਿਰ ਜਾਂਦਾ ਸੀ।

ਸ਼ੇਰ ਸਿੰਘ, ਸਮਰਾਟ ਸੰਗੀਤਕਾਰ, ਐਨੀ ਹੱਸਮੁਖ ਅਤੇ ਮਖ਼ੌਲੀ ਤਬੀਅਤ ਦਾ ਮਾਲਿਕ ਸੀ ਕਿ ਹਸਾ ਹਸਾ ਕੇ ਅਗਲੇ ਦੀਆਂ ਵੱਖੀਆਂ ਦੋਹਰੀਆਂ ਕਰ ਦਿੰਦਾ ਸੀ। ਕਲਕੱਤਾ ਵਿਖੇ ਇਕ ਵੇਰ ਉਥੋਂ ਦੇ ਪ੍ਰਸਿੱਧ ਗਵੱਈਏ ਪਿਆਰਾ ਸਾਹਿਬ ਨੂੰ ਸੁਣ ਕੇ ਭਰੀ ਮਹਿਫ਼ਲ ਵਿਚ ਉਸਨੇ ਉਸ 'ਤੇ ਇਹ ਬੋਲਾ ਕੱਸ ਦਿੱਤਾ ਸੀ, "ਵਾਹ! ਬਾਈ ਸਾਹਿਬਾ।" ਉਸਨੇ ਇਹ ਗੱਲ ਉਸ ਨੂੰ ਤਾਂ ਆਖੀ ਸੀ ਕਿ ਉਸਦੀ ਆਵਾਜ਼ ਤ੍ਰੀਮਤਾਂ ਵਾਂਗ ਬਹੁਤ ਮਹੀਨ ਸੀ। ਪਿਆਰਾ ਸਾਹਿਬ ਦਾ ਉਸ ਸਮੇਂ ਕਲਕੱਤੇ ਵਿਚ ਸਿੱਕਾ ਚੱਲਦਾ ਸੀ, ਸੋ ਉਹ ਏਹੋ ਜਿਹੀ ਟੂਕ ਭਰੀ ਮਹਿਫ਼ਲ ਵਿਚ ਕਿਵੇਂ ਸਹਾਰ ਸਕਦਾ ਸੀ? ਅੱਗੋਂ ਉਹ ਕਹਿਣ ਲੱਗਾ, "ਅਗਰ ਹਿੰਮਤ ਹੈ ਤਾਂ ਸਟੇਜ ਪਰ ਆਓ।" ਗੁੱਸੇ ਵਿਚ ਆ ਕੇ ਸ਼ੇਰ ਸਿੰਘ ਤਾਂ ਉੱਠ ਖੜੋਤਾ, ਪਰ ਕੁਝ ਲੋਕਾਂ ਨੇ ਪਿਆਰਾ ਸਾਹਿਬ ਨੂੰ ਇਹ ਗੱਲ ਆਖ ਕੇ ਚੁੱਪ ਕਰਵਾ ਦਿੱਤਾ ਸੀ, "ਨਾ ਭਈ ਨਾ। ਇਹ ਸ਼ੇਰ ਸਿੰਘ ਹੈ, ਸਿੱਖਾਂ ਦਾ ਸ਼ੇਰ ਗਲੇਬਾਜ਼।"

ਇਸ ਸ਼ੇਰ ਦੀ ਮੌਤ ਬਾਰੇ ਇਹ ਗੱਲ ਆਮ ਪ੍ਰਚੱਲਤ ਹੈ ਕਿ ਈਰਖਾ ਰੱਖਣ ਵਾਲੇ ਕੁਝ ਗਵੱਈਆਂ ਨੇ ਉਸ ਨੂੰ ਕੁਝ ਖੁਆ ਕੇ ਮਾਰ ਦਿੱਤਾ ਸੀ। ਹੋ ਸਕਦਾ ਹੈ ਕਿ ਕੀਨਾ ਰੱਖਣ ਵਾਲਿਆਂ ਨੇ ਉਸ ਨੂੰ ਕੁਝ ਖਵਾਇਆ ਵੀ ਹੋਵੇ, ਪਰ ਅਸਲ ਗੱਲ ਇਹ ਹੈ ਕਿ ਇਕ ਦਿਨ ਉਹ ਕਿਧਰੋਂ ਗਾ ਕੇ ਆ ਰਿਹਾ ਸੀ ਤਾਂ ਰਾਹ ਵਿਚ ਇਕ ਨਹਿਰ ਵਿਚ ਨਹਾਉਣ ਲੱਗ ਪਿਆ। ਉਸਦੇ ਕੋਈ ਚੋਭ ਜਿਹੀ ਮਹਿਸੂਸ ਹੋਈ, ਸ਼ਾਇਦ ਉਸਨੂੰ ਕੋਈ ਸੱਪ ਡੱਸ ਗਿਆ ਸੀ। ਕਈ ਬੰਦੇ ਇਸ ਖ਼ਿਆਲ ਦੇ ਵੀ ਧਾਰਨੀ ਹਨ ਕਿ ਉਸਦੇ ਪੈਰਾਂ ਵਿਚ ਇਕ ਕੰਡਾ ਚੁੱਭ ਗਿਆ ਸੀ, ਜਿਹੜਾ ਬਾਅਦ ਵਿਚ ਉਸਦੀ ਮੌਤ ਦਾ ਕਾਰਨ ਬਣਿਆ। ਉਸਦੇ ਰਿਸ਼ਤੇਦਾਰਾਂ ਦੇ ਖ਼ਿਆਲ ਅਨੁਸਾਰ, ਉਸਦੀ ਮੌਤ 1930 ਦੇ ਕਰੀਬ ਹੋਈ।

ਨਾਮਧਾਰੀ ਗੁਰੂ ਪ੍ਰਤਾਪ ਸਿੰਘ, ਜਿਹੜੇ ਕਿ ਰਾਗੀਆਂ ਰਬਾਬੀਆਂ ਦੇ ਬੜੇ ਮੁਦਾਹ ਸਨ ਅਤੇ ਜਿਨ੍ਹਾਂ ਨੇ ਆਪਣੇ ਲੜਕੇ ਨੂੰ ਤਬਲੇ ਵਿਚ ਉਨ੍ਹਾਂ ਦਾ ਸ਼ਾਗਿਰਦ ਕਰਵਾਇਆ ਹੋਇਆ ਸੀ, ਨੇ ਜਦ ਹੀ ਉਨ੍ਹਾਂ ਦੀ ਮ੍ਰਿਤੂ ਦੀ ਖ਼ਬਰ ਸੁਣੀ ਤਾਂ ਉਸ ਦਿਨ ਉਨ੍ਹਾਂ ਨੇ ਰੋਟੀ ਨਹੀਂ ਸੀ ਖਾਧੀ ਅਤੇ ਬੜੇ ਹੀ ਦੁਖਦ ਹਿਰਦੇ ਨਾਲ ਕਿਹਾ ਸੀ, "ਉਨ੍ਹਾਂ ਵਰਗਾ ਗਾਉਣ ਵਾਲਾ ਅਗਾਂਹ ਪੈਦਾ ਨਹੀਂ ਹੋਵੇਗਾ।"

 www.sikhbookclub.com

# ਭਾਈ ਹਰਨਾਮ ਸਿੰਘ ਜੰਮੂ ਵਾਲੇ

ਪੰਜਾਬ ਦਾ ਇਹ ਮਹਾਨ ਸਪੂਤ, ਤਬਲਾ ਵਜਾਉਣ ਵਿਚ ਉਸਤਾਦ ਫ਼ਕੀਰ ਬਖ਼ਸ਼ ਦੇ ਜੋੜ ਦਾ ਕਲਾਕਾਰ ਸੀ। ਆਪਣੀ ਜ਼ਿੰਦਗੀ ਦਾ ਢੇਰ ਸਮਾ ਉਹ ਜੰਮੂ ਦਰਬਾਰ ਵਿਚ ਮਹਾਰਾਜਾ ਰਣਬੀਰ ਸਿੰਘ (1885-1925 ਈ.) ਕੋਲ ਰਿਹਾ, ਜਿਥੇ ਉਦੋਂ ਦੇਸ਼ ਦੇ ਕਈ ਉੱਘੇ ਕਲਾਕਾਰ ਰਹਿ ਰਹੇ ਸਨ। ਉਸ ਨੇ ਬਾਬਾ ਕਰੀਮ ਬਖ਼ਸ਼ ਸ਼ਾਮ ਚੁਰਾਸੀ ਵਾਲੇ, ਉਸਤਾਦ ਮੀਰਾਂ ਬਖ਼ਸ਼, ਉਸਤਾਦ ਕਾਲੇ ਖ਼ਾਂ ਕਸੂਰੀ, ਜਰਨੈਲ ਅਤੇ ਕਰਨੈਲ ਸਾਹਿਬ ਪਟਿਆਲਾ ਵਾਲੇ ਵਰਗੇ ਸਭ ਮਹਾਨ ਗਾਇਕਾਂ ਨਾਲ ਤਬਲਾ ਵਜਾਇਆ। ਪਾਠਕ-ਜਨ ਇਸ ਗੱਲ ਤੋਂ ਹੀ ਉਸਦੇ ਪੱਧਰ ਬਾਰੇ ਮਾੜਾ ਮੋਟਾ ਅੰਦਾਜ਼ਾ ਲਾ ਸਕਦੇ ਹਨ।

ਦੱਸਿਆ ਜਾਂਦਾ ਹੈ ਕਿ ਇਕ ਵੇਰ ਉਸਦਾ ਅਤੇ ਉਸਤਾਦ ਫ਼ਕੀਰ ਬਖ਼ਸ਼ ਦਾ ਆਪਸ ਵਿਚ ਮੁਕਾਬਲਾ ਵੀ ਹੋਇਆ ਸੀ। ਮੁਕਾਬਲੇ ਸਮੇਂ ਹਰਨਾਮ ਸਿੰਘ ਨੇ 'ਧਮਾਰ' ਵਜਾਇਆ। ਜਵਾਬ ਵਜੋਂ ਲਾਹੌਰੀਏ ਉਸਤਾਦ ਨੇ ਕੋਈ ਤਿੰਨ-ਪੱਲੀ ਪਰਨ ਵਜਾਈ, ਜਿਸਦਾ ਹਰਨਾਮ ਸਿੰਘ ਜਵਾਬ ਨਹੀਂ ਦੇ ਸਕਿਆ। ਉਸ ਪਿੱਛੋਂ ਹਰਨਾਮ ਸਿੰਘ ਨੇ ਇਕ ਹੋਰ ਚੀਜ਼ ਵਜਾਈ ਜਿਸਦਾ ਫ਼ਕੀਰ ਬਖ਼ਸ਼ ਕੋਲ ਕੋਈ ਜਵਾਬ ਨਹੀਂ ਸੀ। ਇਸ ਪਿੱਛੋਂ ਹਰਨਾਮ ਸਿੰਘ ਨੇ ਆਪਣੀ ਜੇਬ ਵਿੱਚੋਂ ਕੁਝ ਰੁਪਏ ਕੱਢੇ ਅਤੇ ਨਜ਼ਰਾਨੇ ਵਜੋਂ ਫ਼ਕੀਰ ਬਖ਼ਸ਼ ਨੂੰ ਦੇ ਦਿੱਤੇ। ਉਸ ਘਟਨਾ ਪਿੱਛੋਂ ਕੁਝ ਲੋਕਾਂ ਨੇ ਇਹ ਗੱਲ ਉਡਾ ਦਿੱਤੀ ਕਿ ਹਰਨਾਮ ਸਿੰਘ ਕਾਦਰ ਬਖ਼ਸ਼ ਦਾ ਸ਼ਾਗਿਰਦ ਬਣ ਗਿਆ ਹੈ, ਜਿਹੜੀ ਗ਼ਲਤ ਗੱਲ ਹੈ। ਅਸਲ ਵਿਚ ਫ਼ਕੀਰ ਬਖ਼ਸ਼ ਨੇ ਉਹ ਨਜ਼ਰ ਉਸ ਸਮੇਂ ਹੀ, ਆਪਣੀ ਜੇਬ ਵਿੱਚੋਂ ਮਲਿਕਾ (ਚਾਂਦੀ) ਦਾ ਇਕ ਹੋਰ ਰੁਪਿਆ ਕੱਢ ਕੇ ਉਸ ਵਿਚ ਪਾ ਕੇ ਹਰਨਾਮ ਸਿੰਘ ਨੂੰ ਇਹ ਕਹਿੰਦਿਆਂ ਵਾਪਸ ਕਰ ਦਿੱਤੀ ਸੀ, "ਸਰਦਾਰ ਜੀ, ਇਹ ਲਓ ਆਪਣੀ ਭੇਂਟ। ਏਹੋ ਜਿਹੀਆਂ ਗੋਝ ਪਰਨਾਂ, ਐਨੀਆਂ ਤੇਜ਼ ਵਜਾਉਣੀਆਂ, ਇਹ ਤੁਹਾਡਾ ਹੀ ਹਿੱਸਾ ਹੈ।"

ਉਸਦਾ ਜਨਮ 1850 ਈ. ਦੇ ਨੇੜੇ ਤੇੜੇ ਹੋਇਆ। ਅਸਲ ਵਿਚ ਉਸਦਾ ਸੰਬੰਧ ਅੰਮ੍ਰਿਤਸਰ ਦੇ ਪ੍ਰਸਿੱਧ ਨਾਈਆਂ ਦੇ ਤਬਲੇ ਦੇ ਘਰਾਣੇ ਨਾਲ ਸੀ। ਪਹਿਲਾਂ ਪਹਿਲਾ, ਤਬਲੇ ਦੀ ਤਾਲੀਮ ਉਸਨੇ ਭਾਈ ਰੂਪ ਸਿੰਘ ਤੋਂ ਪ੍ਰਾਪਤ ਕੀਤੀ। ਉਸ ਪਿੱਛੋਂ ਉਹ ਦੱਤੀਆਂ ਰਿਆਸਤ ਵਾਲੇ ਸੁਪ੍ਰਸਿੱਧ ਮ੍ਰਿਦੰਗ ਵਜੰਤਰੀ ਕਦਊ ਸਿੰਘ ਦਾ ਸ਼ਾਗਿਰਦ ਵੀ ਬਣਿਆ। ਉਸਦੀ ਸਾਰੀ ਵਾਜ ਮੰਦਲ ਦੀ ਸੀ, ਪਰ ਉਹ ਵਜਾਉਂਦਾ ਤਬਲੇ 'ਤੇ ਸੀ। ਆਪਣਾ ਇਲਮ ਉਸਨੇ ਫਿਰ ਅਗਾਂਹ ਪੰਜਾਬ ਵਿਚ ਕੇਰਿਆ ਬਖੇਰਿਆ। ਹਰਨਾਮ ਸਿੰਘ ਟਿੱਬੇ ਵਾਲਾ, ਹਰਨਾਮ ਸਿੰਘ ਫ਼ਰੀਦਕੋਟੀ, ਗੁਪਾਲ ਸਿੰਘ ਅੰਮ੍ਰਿਤਸਰੀ ਅਤੇ ਨਾਨਕ ਚੰਦ ਜੰਮੂ ਵਾਲਾ ਸਾਰੇ ਉਸਦੇ ਹੀ ਸ਼ਾਗਿਰਦ ਸਨ। ਨਾਨਕ ਚੰਦ ਦੀ

ਇਹ ਖ਼ੂਬੀ ਸੀ ਕਿ ਉਹ ਤਿੰਨ ਤਾਲ ਅਤਿ ਸੁੰਦਰ ਵਜਾਉਂਦਾ ਸੀ। ਆਪਣੀ ਵਚਨਬੱਧਤਾ ਅਤੇ ਸੇਵਾ ਸਹਿਤ ਇਨ੍ਹਾਂ ਸਭਨਾਂ ਸ਼ਾਗਿਰਦਾਂ ਤੋਂ ਵਧੇਰੇ ਇਲਮ ਉਸ ਕੋਲੋਂ ਹਰਨਾਮ ਸਿੰਘ ਟਿੱਬੇ ਵਾਲੇ ਨੇ ਹੀ ਪ੍ਰਾਪਤ ਕੀਤਾ। ਗੱਲ ਇਉਂ ਹੋਈ ਕਿ ਹਰਨਾਮ ਸਿੰਘ ਦਾ ਇਕ ਪੁੱਤਰ ਸੀ, ਜਿਸਦੀ ਬਚਪਨ ਵਿਚ ਹੀ ਮੌਤ ਹੋ ਗਈ। ਇਸ ਘਟਨਾ ਦੀ ਉਸਦੇ ਕੋਮਲ ਦਿਲ 'ਤੇ ਬਹੁਤ ਸੱਟ ਵੱਜੀ। ਉਸ ਬੱਚੇ ਦੀ ਯਾਦ ਵਿਚ ਉਸਨੇ ਉਥੇ ਇਕ ਛੋਟੀ ਜਿਹੀ ਮੜ੍ਹੀ ਬਣਾ ਦਿੱਤੀ। ਟਿੱਬੇ ਵਾਲੇ ਸ਼ਾਗਿਰਦ ਨੇ ਆਪਣੇ ਗੁਰੂ ਦੀ ਸੇਵਾ ਤੋਂ ਛੁੱਟ ਇਹ ਕੰਮ ਵੀ ਸ਼ੁਰੂ ਕਰ ਦਿੱਤਾ ਕਿ ਸੰਧਿਆ ਸਮੇਂ ਉਸ ਦੇ ਬੱਚੇ ਦੀ ਮੜ੍ਹੀ 'ਤੇ ਉਹ ਇਕ ਦੀਵਾ ਜਗਾ ਆਉਂਦਾ ਸੀ। ਮੀਂਹ ਜਾਵੇ, ਹਨੇਰੀ ਜਾਂ ਕੱਕਰ ਜੋ ਮਰਜ਼ੀ ਹੋ ਜਾਵੇ, ਇਸ ਨੇਮ ਵਿਚ ਉਸਨੇ ਕਦੇ ਕੋਈ ਫ਼ਰਕ ਨਾ ਪੈਣ ਦਿੱਤਾ। ਐਨੀ ਸੇਵਾ ਅਤੇ ਸ਼ਰਧਾ ਦਾ ਸਦਕਾ, ਉਸਤਾਦ ਨੇ ਸ਼ਾਗਿਰਦ ਕੋਲੋਂ ਕੋਈ ਵੀ ਚੀਜ਼ ਪਿੱਛੇ ਛੁਪਾ ਕੇ ਨਾ ਰੱਖੀ। ਉਸ ਨੇ ਉਸਨੂੰ ਸੱਤ ਹਰਫ਼ ਦੱਸ ਦਿੱਤੇ, ਉਨ੍ਹਾਂ ਨੂੰ ਜੋੜਨਾ ਵੀ ਦੱਸ ਦਿੱਤਾ, ਭਾਵ ਕਿ ਤਬਲੇ ਦੀਆਂ ਪਰਨਾਂ ਦਾ ਪਿੰਗਲ ਤੇ ਅਰੂਜ਼, ਜਿਨ੍ਹਾਂ ਤੋਂ ਸ਼ਾਗਿਰਦ ਨੇ ਆਪਣੀਆਂ ਕਈ ਪਰਨਾਂ ਬਣਾ ਲਈਆਂ।

ਇਸ ਸ਼ਾਗਿਰਦ ਤੋਂ ਛੁੱਟ, ਉਸਨੇ ਆਪਣੇ ਪੁੱਤਰ ਪ੍ਰਤਾਪ ਸਿੰਘ ਨੂੰ ਵੀ ਬਹੁਤ ਤਿਆਰ ਕਰ ਦਿੱਤਾ। ਕੁਝ ਸਮਾਂ ਪਾ ਕੇ ਉਹ ਇਕ ਬਹੁਤ ਉੱਚ ਕੋਟੀ ਦਾ ਤਬਲਚੀ ਬਣ ਗਿਆ ਸੀ। ਵੀਹਵੀਂ ਸਦੀ ਦੇ ਚੜ੍ਹਨ ਸਮੇਂ ਉਸਦੀ ਕਲਾ ਆਪਣੇ ਪੂਰੇ ਜੋਬਨ 'ਤੇ ਸੀ। ਕਈ ਚਿਰ ਉਹ ਹਰਨਾਮ ਸਿੰਘ ਚਵਿੰਡੇ ਵਾਲੇ ਨਾਲ ਵੀ ਤਬਲਾ ਵਜਾਉਂਦਾ ਰਿਹਾ। ਚਵਿੰਡੀਆ ਕਦੇ ਕਦੇ ਉਸ ਨੂੰ ਬੁਰਾ ਭਲਾ ਵੀ ਕਹਿ ਦਿੰਦਾ ਸੀ। ਜਦੋਂ ਫਿਰ ਉਹ ਦੋਵੇਂ ਸਟੇਜ 'ਤੇ ਚੜ੍ਹਦੇ ਤਾਂ ਉਹ ਉਸ ਨੂੰ ਤੰਗ ਕਰਨ ਲੱਗਦਾ; ਉਸਨੂੰ ਉਸਦੇ ਸਕੜੇ ਤਾਲ ਦੀ ਕੋਈ ਸਮਝ ਨਾ ਪੈਂਦੀ, ਫਿਰ ਹਾਰ ਕੇ ਕਹਿੰਦਾ, "ਉਹ ਯਾਰ ਜ਼ਰਾ ਸਿੱਧਾ ਸਿੱਧਾ ਜਿਹਾ ਤਬਲਾ ਵਜਾ, ਤਾਂ ਜੋ ਮੈਨੂੰ ਸਮਝ ਪੈਂਦੀ ਰਹੇ।" ਭਰਿਆ-ਪੀਤਾ ਪ੍ਰਤਾਪ ਸਿੰਘ ਅੱਗੋਂ ਉੱਤਰ ਦਿੰਦਾ, "ਉਹ ਭਈ ਰੋਟੀ ਦਾ ਸਵਾਲ ਹੈ, ਨਹੀਂ ਤਾਂ ਐਨਾ ਇਲਮ ਕੋਲ ਹੁੰਦਿਆਂ, ਤੇਰੇ ਵਰਗਿਆਂ ਨਾਲ ਕਿਹੜਾ ਤਬਲਾ ਵਜਾਵੇ?"

ਇਕ ਵੇਰ ਜਲੰਧਰ ਦੇ ਪ੍ਰਸਿੱਧ ਹਰਿਵਲਭ ਸੰਗੀਤ ਮੇਲੇ 'ਤੇ ਬਨਾਰਸ ਦੇ ਕਲਾਕਾਰਾਂ ਨੇ ਤਬਲਾ ਵਜਾਇਆ ਅਤੇ ਵਿਚ ਇਕ ਥੋੜ੍ਹੀ ਜਿਹੀ ਜਗ੍ਹਾ ਰੱਖੀ, ਜਿਸ ਨੂੰ ਕੋਈ ਵੀ ਨਾ ਪਹੁੰਚ ਸਕਿਆ। ਉਨ੍ਹਾਂ ਪਿੱਛੋਂ ਪ੍ਰਤਾਪ ਸਿੰਘ ਬੈਠਾ, ਉਸ ਕੋਲ ਉਸ ਚੀਜ਼ ਦਾ ਜਵਾਬ ਸੀ। ਉਸਨੇ ਫਿਰ ਐਸਾ ਤਬਲਾ ਵਜਾਇਆ, ਉਸ ਚੀਜ਼ ਨੂੰ ਪੂਰਿਆ ਅਤੇ ਸਭ ਸਰੋਤੇ ਹੈਰਾਨੀ ਦੇ ਸਮੁੰਦਰ ਵਿਚ ਗ਼ਰਕ ਹੋ ਗਏ। ਉਸ ਪ੍ਰਤੀ ਉਸ ਨੂੰ ਉਥੋਂ ਇਨਾਮ ਵੀ ਮਿਲਿਆ ਅਤੇ ਸਨਮਾਨ ਵਜੋਂ ਇਕ ਬਨਾਰਸੀ ਪਗੜੀ ਵੀ। ਉਹ ਬਹੁਤ ਸੋਹਣਾ ਗਾ ਵੀ ਲੈਂਦਾ ਸੀ। ਉਸਦੇ ਤਬਲੇ ਦੀ ਕਲਾ ਅਤੇ ਬਹੁਤ ਬਿਖੜੇ ਬੋਲਾਂ ਦੀ ਤਾਬ ਕੋਈ ਵਿਰਲਾ ਵਾਂਝਾ ਫ਼ਨਕਾਰ ਹੀ ਝੱਲ ਸਕਦਾ ਸੀ। ਆਮ ਕਰਕੇ ਬਹੁਤਿਆਂ ਦੀ ਲਯ ਹਿੱਲ ਜਾਂਦੀ ਸੀ। ਏਹੋ ਹੀ ਹਾਲ ਉਸਦੇ ਪਿਤਾ ਦਾ ਸੀ। ਤਬਲੇ ਅਤੇ ਮ੍ਰਿਦੰਗ ਦਾ ਇਹ ਮਹਾਨ ਵਿਦਵਾਨ ਭਾਈ ਹਰਨਾਮ ਸਿੰਘ ਆਖ਼ਰੀ ਉਮਰੇ ਜੰਮੂ ਛੱਡ ਕੇ ਸ੍ਰੀ ਅੰਮ੍ਰਿਤਸਰ ਆ ਗਿਆ ਸੀ। ਭਾਈ ਸਾਹਿਬ 1927 ਈ. ਦੇ ਕਰੀਬ ਚੜ੍ਹਾਈ ਕਰ ਗਏ ਸਨ। ਰੱਬ ਰਹਿਮ ਕਰੇ। ਜਾਣ ਵਾਲਾ ਕਿੰਨੀਆਂ ਖ਼ੂਬੀਆਂ ਦਾ ਮਾਲਿਕ ਸੀ॥

 www.sikhbookclub.com



ਭਾਈ ਜਵਾਲਾ ਸਿੰਘ ਠੱਟਾ ਟਿੱਬਾ

 www.sikhbookclub.com

# ਭਾਈ ਜਵਾਲਾ ਸਿੰਘ

ਭਾਈ ਜਵਾਲਾ ਸਿੰਘ ਜੀ ਦਾ ਖ਼ਾਨਦਾਨ ਕਈ ਪੀੜ੍ਹੀਆਂ ਤੋਂ ਕਥਾ-ਕੀਰਤਨ ਪ੍ਰਵਾਹ ਵਿਚ ਯੋਗਦਾਨ ਪਾਉਂਦਾ ਰਿਹਾ ਹੈ। ਇਨ੍ਹਾਂ ਦੇ ਪਿਤਾ ਭਾਈ ਦੇਵਾ ਸਿੰਘ ਕਿਰਤ ਦੇ ਨਾਲ ਨਾਲ ਕੀਰਤਨ ਵੀ ਕਰਿਆ ਕਰਦੇ ਸਨ। ਭਾਈ ਦੇਵਾ ਸਿੰਘ ਦੇ ਘਰ ਭਾਈ ਜਵਾਲਾ ਸਿੰਘ ਦਾ ਜਨਮ 1872 ਈ. ਵਿਚ ਪਿੰਡ ਸੈਦਪੁਰ ਠੱਟਾ ਟਿੱਬਾ, ਜ਼ਿਲ੍ਹਾ ਕਪੂਰਥਲਾ ਵਿਖੇ ਹੋਇਆ। ਪਿੰਡ ਸੈਦਪੁਰ ਤਕਰੀਬਨ ਉਸ ਰਸਤੇ 'ਤੇ ਹੈ ਜਿਸ ਰਸਤੇ ਕਦੇ ਮਾਲਵੇ ਦੀਆਂ ਸੰਗਤਾਂ ਅੰਮ੍ਰਿਤਸਰ ਦੇ ਦਰਸ਼ਨ ਕਰਨ ਲਈ ਪੈਦਲ ਜਾਇਆ ਕਰਦੀਆਂ ਸਨ ਤੇ ਬਹੁਤ ਸਾਰੇ ਉੱਘੇ ਮਹਾਤਮਾ ਤੇ ਕਥਾ ਕੀਰਤਨ ਕਰਨ ਵਾਲੇ ਵਿਦਵਾਨ ਸੱਜਣ ਵੀ ਗੁਰਧਾਮਾਂ ਦੀ ਯਾਤਰਾ ਲਈ ਇਸੇ ਰਸਤੇ ਆਇਆ ਜਾਇਆ ਕਰਦੇ ਸਨ। ਭਾਈ ਦੇਵਾ ਸਿੰਘ ਆਪ ਕੀਰਤਨੀਏ ਤੇ ਸੇਵਾ-ਭਾਵ ਵਾਲੇ ਹੋਣ ਕਰਕੇ ਆਏ ਗਏ ਗੁਣੀ ਸੱਜਣਾਂ ਅਥਵਾ ਸਾਧੂਆਂ ਦੀ ਸੇਵਾ ਕਰਿਆ ਕਰਦੇ ਸਨ। ਇਸ ਤਰ੍ਹਾਂ ਉਨ੍ਹਾਂ ਦਾ ਇਕ ਵਿਦਵਾਨ ਰਾਗੀ ਸਿੰਘ ਬਾਬਾ ਸਰਧਾ ਸਿੰਘ ਨਾਲ ਸਕੇ ਭਰਾਵਾਂ ਵਰਗਾ ਪ੍ਰੇਮ ਹੋ ਗਿਆ। ਬਾਬਾ ਸਰਧਾ ਸਿੰਘ ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਸੇਖਵਾਂ ਨਗਰ ਮਹਾਂਪੁਰਖਾਂ ਦੇ ਅਸਥਾਨ ਵਿਚ ਰਹਿੰਦੇ ਸਨ। ਭਾਈ ਦੇਵਾ ਸਿੰਘ ਚੰਗੇ ਗੁਣੀ ਸਨ ਅਤੇ ਉਨ੍ਹਾਂ ਦੀ ਤੀਬਰ ਇੱਛਾ ਸੀ ਕਿ ਭਾਈ ਜਵਾਲਾ ਸਿੰਘ ਨੂੰ ਇਕ ਵਿਦਵਾਨ ਕੀਰਤਨੀਆ ਬਣਾਇਆ ਜਾਵੇ। ਇਸ ਲਈ ਉਨ੍ਹਾਂ ਨੇ ਭਾਈ ਸਾਹਿਬ ਨੂੰ ਬਾਬਾ ਸਰਧਾ ਸਿੰਘ ਦਾ ਸ਼ਾਗਿਰਦ ਬਣਾਇਆ। ਭਾਈ ਦੇਵਾ ਸਿੰਘ ਜਲਦੀ ਹੀ ਅਕਾਲ ਚਲਾਣਾ ਕਰ ਗਏ ਅਤੇ ਬਾਬਾ ਸਰਧਾ ਸਿੰਘ ਨੇ ਆਪਣੇ ਧਰਮ ਭਰਾ ਦੀ ਇੱਛਾ ਨੂੰ ਪੂਰਾ ਕੀਤਾ। ਆਪਣੀ ਸਾਰੀ ਵਿਦਿਆ ਭਾਈ ਜਵਾਲਾ ਸਿੰਘ ਨੂੰ ਸਿਖਾ ਕੇ ਫਿਰ ਉਨ੍ਹਾਂ ਨੂੰ ਇਕ ਹੋਰ ਮਹਾਨ ਵਿਦਵਾਨ ਬਾਬਾ ਵਸਾਵਾ ਸਿੰਘ ਅੰਮ੍ਰਿਤਸਰ ਵਾਲਿਆਂ ਪਾਸ ਵਿਦਿਆ ਸਿੱਖਣ ਲਈ ਛੱਡਿਆ। ਬਾਬਾ ਵਸਾਵਾ ਸਿੰਘ ਨੂੰ ਅੰਮ੍ਰਿਤਸਰ ਵਿਖੇ 'ਬਾਬਾ ਰੰਗੀ ਰਾਮ' ਵੀ ਕਿਹਾ ਕਰਦੇ ਸਨ। ਭਾਈ ਜਵਾਲਾ ਸਿੰਘ ਦੀ ਮਿਹਨਤ, ਲਗਨ ਅਤੇ ਤੀਖਣ ਬੁੱਧੀ ਵੇਖ ਕੇ ਬਾਬਾ ਵਸਾਵਾ ਸਿੰਘ (ਰੰਗੀ ਰਾਮ ਸਿੰਘ) ਨੇ ਅਤੀ ਪ੍ਰਸੰਨਤਾ ਨਾਲ ਆਪਣੀ ਸਾਰੀ ਵਿਦਿਆ ਭਾਈ ਸਾਹਿਬ ਨੂੰ ਸਿਖਾਈ। ਇਸ ਤਰ੍ਹਾਂ ਭਾਈ ਸਾਹਿਬ ਪਾਸ ਤਿੰਨਾਂ ਵਿਦਵਾਨਾਂ ਦੀ ਕੀਰਤਨ ਵਿਦਿਆ ਦਾ ਭਾਰੀ ਖ਼ਜ਼ਾਨਾ ਜਮ੍ਹਾਂ ਹੋ ਗਿਆ। ਪਹਿਲਾਂ ਭਾਈ ਸਾਹਿਬ ਨੂੰ ਬਜ਼ੁਰਗਾਂ ਦੇ ਵਿਰਸੇ 'ਚੋਂ ਵਿਦਿਆ ਮਿਲੀ, ਦੂਜਾ ਬਾਬਾ ਸਰਧਾ ਸਿੰਘ ਪਾਸੋਂ ਤੇ ਉਸ ਤੋਂ ਬਾਅਦ ਬਾਬਾ ਵਸਾਵਾ ਸਿੰਘ ਪਾਸੋਂ। ਇਸ ਤਰ੍ਹਾਂ ਭਾਈ ਸਾਹਿਬ ਨੇ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ

 www.sikhbookclub.com

ਵਿਚ ਲਿਖੇ ਰਾਗਾਂ ਦੀਆਂ ਪੜਤਾਲਾਂ, ਧਰੁੱਪਦਾਂ ਤੇ ਧੁਨੀਆਂ ਸਿੱਖੀਆਂ। ਇਸ ਤੋਂ ਇਲਾਵਾ ਉਨ੍ਹਾਂ ਪਾਸ ਸ਼ਾਸਤ੍ਰੀ ਸੰਗੀਤ ਵਿਚ ਗੁਣੀ-ਜਨਾਂ ਦੀਆਂ ਬੰਨ੍ਹੀਆਂ ਗੀਤਾਂ ਦਾ ਬੇਅੰਤ ਭੰਡਾਰ ਜਮ੍ਹਾਂ ਹੋ ਗਿਆ। ਕੀਰਤਨ ਵਿਚ ਅੰਤਰ-ਆਤਮੇ ਲੀਨ ਹੋ ਜਾਣ ਦੇ ਕਾਰਣ ਉਨ੍ਹਾਂ ਦਾ ਕੀਰਤਨ ਅਤੀ ਆਨੰਦਮਈ ਹੋਇਆ ਕਰਦਾ ਸੀ। ਦਸਮ ਗ੍ਰੰਥ ਦੀ ਬਾਣੀ ਦਾ ਕੀਰਤਨ ਕਰਨ ਵਿਚ ਸਾਰੇ ਰਾਗੀ ਸਿੰਘਾਂ ਤੇ ਰਬਾਬੀ ਸੱਜਣਾਂ 'ਚੋਂ ਭਾਈ ਜਵਾਲਾ ਸਿੰਘ ਲਾਸਾਨੀ ਸਨ। ਕੀਰਤਨ ਦੇ ਨਾਲ ਨਾਲ ਭਾਈ ਸਾਹਿਬ ਸ਼ਬਦ ਦੀ ਵਿਆਖਿਆ ਤੇ ਸਾਖੀ ਪ੍ਰਸੰਗ ਵੀ ਬਹੁਤ ਵਿਦਵਤਾ ਭਰਪੂਰ ਤਰੀਕੇ ਨਾਲ ਕਰਿਆ ਕਰਦੇ ਸਨ। ਬੜੇ ਬੜੇ ਆਲਮ-ਫ਼ਾਜ਼ਲ ਤੇ ਵਿਦਵਾਨ ਬੁਲਾਰੇ ਵੀ ਭਾਈ ਸਾਹਿਬ ਦੀ ਵਿਆਖਿਆ ਸਰਵਣ ਕਰਕੇ ਅਤੀ ਆਨੰਦ ਮਾਣਦੇ ਸਨ। ਭਾਈ ਸਾਹਿਬ ਨੇ ਸੰਗੀਤ ਤੋਂ ਇਲਾਵਾ ਇਤਿਹਾਸ ਤੇ ਸ਼ਬਦਾਰਥ ਤੇ ਹੋਰ ਮੱਤਾ ਦੇ ਇਤਿਹਾਸ 'ਤੇ ਵੀ ਕਾਫ਼ੀ ਮਿਹਨਤ ਕੀਤੀ ਸੀ। ਵਿਦਵਤਾ-ਭਰਪੂਰ ਕੀਰਤਨ ਤੇ ਵਿਆਖਿਆ ਦੋਨੋਂ ਚੀਜ਼ਾਂ ਵਿਚ ਹੀ ਭਾਈ ਸਾਹਿਬ ਲਾਸਾਨੀ ਸਨ। ਉਨ੍ਹਾਂ ਦੀ ਮਹਾਨ ਘਾਲਣਾ ਦਾ ਸਦਕਾ ਹੀ ਉਨ੍ਹਾਂ ਦੇ ਸਪੁੱਤਰਾਂ ਭਾਈ ਗੁਰਚਰਨ ਸਿੰਘ ਰਾਗੀ ਤੇ ਭਾਈ ਅਵਤਾਰ ਸਿੰਘ ਰਾਗੀ ਪਾਸੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਵੀ ਰਿਕਾਰਡਿੰਗ ਕਰਵਾ ਕੇ ਗੁਰਮਤਿ ਸੰਗੀਤ ਛਾਪਣ ਦਾ ਉੱਦਮ ਕੀਤਾ। ਹਾਰਮੋਨੀਅਮ ਤੋਂ ਇਲਾਵਾ ਭਾਈ ਸਾਹਿਬ ਤੰਤੀ ਸਾਜ਼ ਤਾਊਸ ਵਜਾਉਣ ਵਿਚ ਵੀ ਬੜੇ ਮਾਹਿਰ ਸਨ। ਤਾਊਸ ਦੀਆਂ ਤਰਬਾਂ ਸਰਵਣ ਕਰਨ ਸਮੇਂ ਸਰੋਤੇ ਬਹੁਤ ਆਨੰਦ ਮਾਣਦੇ ਸਨ ਤੇ ਜਿਸ ਵਕਤ ਤਾਊਸ ਵਜਾਉਂਦੇ ਤਾਂ ਉਸ ਵੇਲੇ ਅਤੀ ਆਨੰਦਮਈ ਸਮਾਂ ਬੱਝ ਜਾਂਦਾ ਸੀ। ਵਿਦਿਆ ਤੋਂ ਇਲਾਵਾ ਭਾਈ ਜਵਾਲਾ ਸਿੰਘ ਪੂਰਨ ਰਹਿਤ ਮਰਿਆਦਾ ਵਾਲੇ ਤਿਆਰ-ਬਰ-ਤਿਆਰ ਗੁਰਸਿੱਖ ਸਨ। ਕੀਰਤਨ ਤੋਂ ਇਲਾਵਾ ਉਨ੍ਹਾਂ ਦਾ ਰੋਜ਼ਾਨਾ ਭਜਨ-ਸਿਮਰਨ ਬਾਣੀ ਅਭਿਆਸ ਵੀ ਕਾਫ਼ੀ ਸੀ।

ਆਪਣੀ ਕਮਾਈ ਵਿੱਚੋਂ ਦਸਵੰਧ ਕੱਢ ਕੇ ਸੇਵਾ ਤੇ ਪਰਉਪਕਾਰ ਦੇ ਕਾਰਜਾਂ ਲਈ ਮਾਇਆ ਖ਼ਰਚ ਕਰਿਆ ਕਰਦੇ ਸਨ। ਸਿੰਘ ਸਭਾ ਲਹਿਰ ਵਿਚ ਭਾਈ ਸਾਹਿਬ ਨੇ ਬਹੁਤ ਕਠਿਨਾਈਆਂ ਸਹਾਰ ਕੇ ਗੁਰਸਿੱਖੀ ਦਾ ਪ੍ਰਚਾਰ ਕੀਤਾ ਸੀ। ਆਵਾਜਾਈ ਦੇ ਸਾਧਨ ਬਹੁਤ ਘੱਟ ਹੋਣ ਕਰਕੇ ਕਈ ਵਾਰ 20-25 ਕੋਹ ਆਪਣਾ ਸਾਜ਼ ਆਪ ਚੁੱਕ ਕੇ ਸਿੰਘ ਸਭਾ ਦੇ ਦੀਵਾਨਾਂ ਵਿਚ ਪਿੰਡਾਂ ਵਿਚ ਕੀਰਤਨ ਵਾਸਤੇ ਜਾਂਦੇ ਰਹੇ ਅਤੇ ਪ੍ਰਚਾਰ ਦੇ ਨਿਸ਼ਾਨੇ ਨੂੰ ਮੁੱਖ ਰੱਖਦੇ ਹੋਏ ਮਾਇਆ ਦੀ ਕਦੇ ਆਪਣੇ ਮੂਹੋਂ ਮੰਗ ਨਹੀਂ ਸੀ ਕਰਦੇ। ਜੋ ਸੁਤੇ ਸੁਭਾਵ ਉਸ ਵਕਤ ਦੇ ਪ੍ਰਬੰਧਕਾਂ ਤੇ ਸੰਗਤਾਂ ਵਲੋਂ ਸੇਵਾ ਹੁੰਦੀ ਸੀ, ਉਸੇ 'ਤੇ ਸੰਤੁਸ਼ਟ ਰਹਿੰਦੇ ਸਨ। ਹਜ਼ਾਰਾਂ ਲੋਕਾਂ ਨੂੰ ਗੁਰਸਿੱਖ ਸਜਾਇਆ ਤੇ ਅੰਮ੍ਰਿਤ ਛਕਾਇਆ ਅਤੇ ਲੱਖਾਂ ਲੋਕਾਂ 'ਚੋਂ ਜਾਦੂ ਟੂਣੇ, ਜੰਤਰਾਂ-ਮੰਤਰਾਂ ਅਤੇ ਛੂਤ-ਛਾਤ ਦਾ ਭਰਮ ਦੂਰ ਕੀਤਾ। ਪਾਖੰਡ ਦਾ ਤਾਂ ਬਹੁਤ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕਰਦੇ ਸਨ। ਪੰਥ ਦੀਆਂ ਮਹਾਨ ਹਸਤੀਆਂ ਜਥੇਦਾਰ ਊਧਮ ਸਿੰਘ ਨਾਗੋਕੇ ਅਤੇ ਜਥੇਦਾਰ ਮੋਹਣ ਸਿੰਘ ਇਤਿਆਦਿ ਨੇ ਭਾਈ ਸਾਹਿਬ ਦੇ ਕੀਰਤਨ ਤੇ ਵਿਆਖਿਆ ਤੋਂ ਹੀ ਪ੍ਰਭਾਵਤ ਹੋ ਕੇ ਅੰਮ੍ਰਿਤ ਛਕਿਆ ਸੀ।

ਗੁਰਮਤਿ ਦੇ ਸਿਧਾਂਤ ਦੀ ਸੱਚੀ ਗੱਲ ਬੜੀ ਦਲੇਰੀ ਨਾਲ ਆਖ ਦਿਆ ਕਰਦੇ

ਸਨ। ਸਿੱਖ ਰਿਆਸਤਾਂ ਵਿਚ ਮਹਾਰਾਜਾ ਪਟਿਆਲਾ, ਫ਼ਰੀਦਕੋਟ ਦੇ ਰਾਜ ਘਰਾਣੇ ਅਤੇ ਸਭ ਅਹਿਲਕਾਰ ਭਾਈ ਸਾਹਿਬ ਦਾ ਬਹੁਤ ਸਤਿਕਾਰ ਕਰਦੇ ਸਨ ਤੇ ਹਰ ਸ਼ਾਦੀ ਗ਼ਮੀ 'ਤੇ ਇਨ੍ਹਾਂ ਪਾਸੋਂ ਹੀ ਕੀਰਤਨ ਦੀ ਸੇਵਾ ਲੈਂਦੇ ਸਨ। ਸਿੰਘ ਸਭਾ ਲਹਿਰ ਤੋਂ ਬਾਅਦ ਗੁਰਦੁਆਰਾ ਸੁਧਾਰ ਲਹਿਰ ਸਮੇਂ ਕੁਰਬਾਨੀ ਦੇਣ ਤੋਂ ਭਾਈ ਸਾਹਿਬ ਪਿੱਛੇ ਨਹੀਂ ਰਹੇ। ਬੱਬਰ ਲਹਿਰ ਵਿਚ ਬੱਬਰਾਂ ਦੀ ਮਾਇਕ ਤੌਰ 'ਤੇ ਸਹਾਇਤਾ ਕਰਦੇ ਰਹੇ। ਸ੍ਰੀ ਨਨਕਾਣੇ ਸਾਹਿਬ ਦੇ ਸਾਕੇ ਸਮੇਂ ਉਥੇ ਪਹੁੰਚ ਕੇ ਉਥੇ ਕੀਰਤਨ ਕੀਤਾ ਤੇ ਸ਼ਬਦ ਗਾਇਆ ਸੀ :

**ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥**

*(ਪੰਨਾ 723)*

ਕੁੰਜੀਆਂ ਦੇ ਮੋਰਚੇ 'ਤੇ ਗੁਰੂ ਕੇ ਬਾਗ਼ ਦੇ ਮੋਰਚੇ ਤੋਂ ਪਹਿਲੇ ਸ਼ਹੀਦੀ ਜਥੇ ਵਿਚ ਕੀਰਤਨ ਦੀ ਸੇਵਾ ਕੀਤੀ ਤੇ ਗੋਲੀ ਚੱਲਣ ਦਾ ਸਾਰਾ ਨਜ਼ਾਰਾ ਅੱਖੀਂ ਡਿੱਠਾ। ਉਸ ਸਮੇਂ ਸਤਿਗੁਰੂ ਜੀ ਨੇ ਜਿਥੇ ਹੋਰ ਸੈਂਕੜੇ ਸਿੰਘਾਂ ਨੂੰ ਸ਼ਹਾਦਤ ਦੇ ਜਾਮ ਬਖ਼ਸ਼ੇ, ਉਥੇ ਭਾਈ ਸਾਹਿਬ ਨੂੰ ਕੀਰਤਨ ਦੀ ਸੇਵਾ ਲਈ ਹੋਰ ਜੀਵਨ ਬਖ਼ਸ਼ਿਆ। ਇਨ੍ਹਾਂ ਉਥੇ ਗ੍ਰਿਫ਼ਤਾਰ ਹੋ ਕੇ ਕਾਫ਼ੀ ਸਮਾਂ ਜੇਲ੍ਹ ਯਾਤਰਾ ਕੀਤੀ। ਪੰਥਕ ਜਜ਼ਬਾ ਉਨ੍ਹਾਂ ਦੇ ਰੋਮ ਰੋਮ ਵਿਚ ਠਾਠਾਂ ਮਾਰਦਾ ਸੀ। ਸਾਰਾ ਜੀਵਨ ਸਤਿਗੁਰੂ ਦੇ ਸੱਚੇ ਸਿੰਘਾਂ ਵਾਂਗੂ ਰਹਿਤ ਵਿਚ ਪ੍ਰਪੱਕ ਰਹਿ ਕੇ ਬਤੀਤ ਕੀਤਾ। ਉਹ ਕੀਰਤਨ ਨੂੰ ਆਪਣਾ ਇਸ਼ਟ ਸਮਝਦੇ ਸਨ ਅਤੇ ਬਿਰਧ ਉਮਰ ਵਿਚ ਵੀ ਸੰਗਤਾਂ ਦੀ ਸੇਵਾ ਕੀਰਤਨ ਦੁਆਰਾ ਕਰਦੇ ਰਹੇ। ਜਦੋਂ ਘਰ ਅਟਕਦੇ, ਉਸ ਸਮੇਂ ਘਰ ਵਿਚ ਹੀ ਰੋਜ਼ਾਨਾ ਕੀਰਤਨ ਦਾ ਆਨੰਦ ਮਾਣਦੇ ਰਹਿੰਦੇ। ਇਸ ਤਰ੍ਹਾਂ ਤਕਰੀਬਨ 60-62 ਸਾਲ ਤਕ ਕੀਰਤਨ ਦੀ ਸੇਵਾ ਕਰ ਕੇ "ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ ॥ ਸਚੀ ਦਰਗਹ ਜਾਇ ਸਚਾ ਪਿੜ ਮਲਿਆ ॥" ਦੇ ਵਾਕ ਅਨੁਸਾਰ 80 ਸਾਲ ਦੀ ਉਮਰ ਭੋਗ ਕੇ 1952 ਈ. ਵਿਚ ਅਕਾਲ ਚਲਾਣਾ ਕਰ ਗਏ। ਭਾਈ ਸਾਹਿਬ ਨੇ ਆਪਣੇ ਦੋਵੇਂ ਵੱਡੇ ਸਪੁੱਤਰਾਂ ਭਾਈ ਗੁਰਚਰਨ ਸਿੰਘ ਤੇ ਭਾਈ ਅਵਤਾਰ ਸਿੰਘ ਨੂੰ ਕੀਰਤਨ ਵਿਦਿਆ ਬਖ਼ਸ਼ ਕੇ ਕੀਰਤਨ ਦੀ ਸੇਵਾ ਵਿਚ ਲਾਇਆ, ਜਿਹੜੇ ਕਈ ਸਾਲਾਂ ਤੋਂ ਕੀਰਤਨ ਦੀ ਸੇਵਾ ਨਿਭਾ ਰਹੇ ਹਨ।


www.sikhbookclub.com



ਭਾਈ ਸਾਹਿਬ ਹੀਰਾ ਸਿੰਘ ਭਾਗ ਸਿੰਘ
ਇਨ੍ਹਾਂ ਦੀ ਇਹ ਅਦੁੱਤੀ ਤਸਵੀਰ 1919 ਵਿਚ ਖਿੱਚੀ ਗਈ ਸੀ ।

 www.sikhbookclub.com

# ਭਾਈ ਹੀਰਾ ਸਿੰਘ

ਜ਼ਿਲ੍ਹਾ ਸਰਗੋਧਾ ਵਿਚ ਪੱਛਮੀ ਪੰਜਾਬ ਦੇ ਝੰਗ-ਸ਼ਾਹਪੁਰ ਦੀ ਹੱਦ ਦੇ ਨੇੜੇ ਇਕ ਛੋਟਾ ਜਿਹਾ ਪਿੰਡ 'ਫਿਰੂਕਾ', ਕਦੇ ਕਿਸੇ ਫਿਰੂਕਾ ਨਾ ਦੇ ਇਕ ਮੁਸਲਮਾਨ ਨੇ ਵਸਾਇਆ ਸੀ ਜਿਸ ਕਰਕੇ ਉਸਦਾ ਇੰਜ ਨਾਮਕਰਨ ਕੀਤਾ ਗਿਆ ਸੀ। ਉਸ ਪਿੰਡ ਵਿਚ ਇਕ ਗੁਰਸਿੱਖ ਸੱਜਣ ਰਹਿੰਦਾ ਸੀ ਜਿਸਦਾ ਨਾਂ ਭਾਈ ਭਾਗ ਸਿੰਘ (1844-1947 ਈ.) ਸੀ। ਇਹ ਇਕ ਤਕੜਾ ਕੀਰਤਨਕਾਰ ਸੀ, ਤਾਊਸ ਦੀਆਂ ਤਰਬਾਂ ਛੇੜਦਾ ਤਾਂ ਦਿਲ ਹੀ ਲੁੱਟ ਲੈਂਦਾ। ਪਰ ਵਿਆਹ ਪਿੱਛੋਂ ਕੋਈ ਸੰਤਾਨ ਨਾ ਹੋਣ 'ਤੇ, ਭਾਗਾਂ ਵਾਲਾ ਇਹ ਭਾਗ ਸਿੰਘ ਆਪਣੇ ਭਾਗ ਵਿਚ ਇਸ ਪੱਖੋਂ ਕਦੇ-ਕਦੇ ਇਕ ਤਰੋਟ ਜਿਹੀ ਮਹਿਸੂਸ ਕਰਦਾ। ਸ਼ਾਹਪੁਰ ਡੇਰੇ ਇਕ ਸੇਵਾ-ਪੰਥੀ ਸੰਤ ਰਹਿੰਦੇ ਸਨ, ਜਿਨ੍ਹਾਂ ਦਾ ਨਾਂ ਭਾਈ ਰਾਮ ਕਿਸ਼ਨ (1792-1888 ਈ.) ਸੀ। ਇਹ ਉਨ੍ਹਾਂ ਦੀ ਅਸੀਸ-ਅਰਦਾਸ ਸਦਕਾ ਹੀ ਸੀ ਕਿ ਭਾਈ ਭਾਗ ਸਿੰਘ ਦੇ ਘਰ 1879 ਈ. ਵਿਚ ਇਕ ਬਾਲ ਨੇ ਜਨਮ ਲਿਆ ਜਿਸਦਾ ਨਾਂ 'ਹੀਰਾ ਸਿੰਘ' ਰੱਖਿਆ ਗਿਆ। ਜਨਮ ਉਪਰੰਤ ਆਪ ਨੇ ਪਿਤਾ-ਪੁਰਖੀ ਤਾਲੀਮ ਤਾਂ ਲੈਣੀ ਹੀ ਸੀ, ਨਾਲ ਲੱਗਦਾ ਹਸਨੇ ਨਾਮੀ ਇਕ ਰਬਾਬੀ ਦੇ ਵੀ ਸ਼ਾਗਿਰਦ ਹੋ ਗਏ। ਉਸ ਪਿੱਛੋਂ ਆਪ ਨੇ ਅੰਮ੍ਰਿਤਸਰ ਆ ਕੇ, ਏਥੋਂ ਦੇ ਇਕ ਮਹੰਤ ਤਖਤ ਸਿੰਘ ਪਾਸੋਂ ਹਾਰਮੋਨੀਅਮ 'ਤੇ ਕੀਰਤਨ ਕਰਨਾ ਸਿੱਖਿਆ। ਇਨ੍ਹਾਂ ਦਾ ਕਿਉਂਕਿ ਭਾਈ ਵੀਰ ਸਿੰਘ ਜੀ ਨਾਲ ਪਰਿਵਾਰਕ ਪਿਆਰ ਸੀ, ਇਸ ਲਈ ਆਪ ਦੇ ਪਿਤਾ 1897 ਈ. ਵਿਚ ਜਦੋਂ ਅੰਮ੍ਰਿਤਸਰ ਆ ਗਏ, ਤਾਂ ਇਨ੍ਹਾਂ ਰਲ ਕੇ ਕੀਰਤਨ ਜਥਾ ਬਣਾ ਲਿਆ ਜਿਹੜਾ ਪਿੱਛੋਂ ਭਾਈ ਹੀਰਾ ਸਿੰਘ ਭਾਗ ਸਿੰਘ ਦਾ ਜਥਾ ਅਖਵਾਂਦਾ ਰਿਹਾ।

ਆਪ ਨੇ ਕੀਰਤਨ ਕਰਨਾ ਤਾਂ ਅਨੇਕ ਉਸਤਾਦਾਂ ਕੋਲੋਂ ਸਿੱਖਿਆ ਸੀ। ਸਿੱਖ ਇਤਿਹਾਸ ਦੇ ਅਧਿਐਨ ਤੋਂ ਛੁੱਟ, ਉਰਦੂ ਫ਼ਾਰਸੀ ਦਾ ਵੀ ਰੱਜਵਾਂ ਮੁਤਾਲਿਆ ਕੀਤਾ। ਸ਼ਾਸਤ੍ਰੀ ਸੰਗੀਤ ਦਾ ਭਰਵਾਂ ਅਧਿਐਨ ਸੀ, ਇਸ ਲਈ ਥੋਰ ਕਰਕੇ ਕਲਾਸੀਕਲ ਹੀ ਗਾਉਂਦੇ, ਪਰ ਕਦੇ ਕਦੇ ਆਪਣੀ ਗੱਲ ਸਮਝਾਉਣ ਲਈ ਸਿੱਧੀਆਂ ਧਾਰਨਾ 'ਤੇ ਵੀ ਆ ਜਾਂਦੇ ਅਤੇ ਕਦੇ ਕਦੇ ਜੋਟੀਆਂ ਵਿਚ ਵੀ ਕੀਰਤਨ ਕਰਦੇ - ਭਾਵ ਕਿ ਇਕ ਤੁਕ ਪਹਿਲਾਂ ਆਪ ਗਾਉਂਦੇ ਤੇ ਫਿਰ ਓਹੀ ਤੁਕ ਸਰੋਤਿਆਂ ਕੋਲੋਂ ਗਵਾਉਂਦੇ। ਹੁਣ ਤਕ ਦੇ ਰਾਗੀ ਕੀਰਤਨ ਕਰਦਿਆਂ ਗੁਰਬਾਣੀ ਦੇ ਪਰਮਾਣ ਹੀ ਦਿੰਦੇ ਸਨ, ਪਰ ਦੱਸਿਆ ਜਾਂਦਾ ਹੈ ਕਿ ਭਾਈ ਸਾਹਿਬ ਪਹਿਲੇ ਕੀਰਤਨਕਾਰ ਸਨ, ਜਿਨ੍ਹਾਂ ਨੇ ਕੀਰਤਨ ਵਿਚ ਸਾਖੀ ਸੁਣਾਉਣ ਦਾ ਕੰਮ ਸ਼ੁਰੂ ਕੀਤਾ। ਸਾਡੇ ਪਿਤਾ ਜੀ ਜਿਨ੍ਹਾਂ ਨੇ ਉਨ੍ਹਾਂ ਨੂੰ

 www.sikhbookclub.com

ਐਬਟਾਬਾਦ ਉਨ੍ਹਾਂ ਦੀ ਆਖ਼ਰੀ ਉਮਰੇ ਸੁਣਿਆ, ਦੱਸਦੇ ਹੁੰਦੇ ਸਨ ਕਿ ਵਿਆਖਿਆ ਕਰਨ ਵਿਚ ਉਨ੍ਹਾਂ ਦਾ ਕੋਈ ਸਾਨੀ ਨਹੀਂ ਸੀ। ਉਨ੍ਹਾਂ ਦਾ ਆਪਣਾ ਨਿਜੀ ਜੀਵਨ ਐਨਾ ਉੱਚਾ ਸੁੱਚਾ ਸੀ ਅਤੇ ਉਨ੍ਹਾਂ ਦੀ ਜ਼ੁਬਾਨ ਵਿਚ ਐਨਾ ਰਸ ਅਤੇ ਜਾਦੂ ਸੀ ਕਿ ਉਹ ਪੱਥਰ ਤੋਂ ਪੱਥਰ ਦਿਲਾਂ ਨੂੰ ਵੀ ਮੋਮ ਬਣਾ ਦੇਣ ਦੀ ਸਮਰਥਾ ਰੱਖਦੇ ਸਨ। ਖ਼ਿਆਲ ਕੀਤਾ ਜਾਂਦਾ ਹੈ ਕਿ ਇਸ ਸਦੀ ਵਿਚ ਸ਼ਬਦ ਓਡਾ ਵੱਡਾ ਕੋਈ ਹੋਰ ਵਿਆਖਿਆਕਾਰ ਅਜੇ ਤਕ ਪੈਦਾ ਨਹੀਂ ਹੋਇਆ!

ਸਿੱਖ ਪੰਥ ਨੂੰ ਜੋ ਦੇਣ ਉਨ੍ਹਾਂ ਦੀ ਹੈ, ਉਹ ਉਨ੍ਹਾਂ ਦਾ ਹੀ ਹਿੱਸਾ ਹੈ। ਖ਼ਾਲਸਾ ਹਾਈ ਸਕੂਲ ਫਿਰੂਕਾ, ਜਿਸ ਉੱਤੇ ਉਨ੍ਹਾਂ ਭਲੇ ਸਮਿਆਂ 'ਚ, ਕਈ ਹਜ਼ਾਰ ਰੁਪਿਆ ਖ਼ਰਚ ਆਇਆ ਸੀ, ਉਹ ਨਿਰੋਲ ਆਪ ਦੀ ਦਿਨ ਰਾਤ ਦੀ ਮਿਹਨਤ ਦਾ ਹੀ ਨਤੀਜਾ ਸੀ।

ਆਪ ਉੱਕਾ ਲਾਲਚ ਨਹੀਂ ਸਨ ਕਰਦੇ, ਸਗੋਂ ਕੀਰਤਨ ਭੇਟਾ ਦਾ ਬਹੁਤਾ ਹਿੱਸਾ ਸਕੂਲਾਂ, ਕਾਲਜਾਂ, ਯਤੀਮਖ਼ਾਨਿਆਂ ਜਾਂ ਹੋਰ ਨੇਕ ਕਾਰਜਾਂ 'ਤੇ ਖ਼ਰਚ ਕਰ ਦਿੰਦੇ ਸਨ, ਇਸ ਲਈ ਹਰ ਪਾਸੇ ਉਨ੍ਹਾਂ ਦਾ ਬਹੁਤ ਸਤਿਕਾਰ ਸੀ। ਸਿੱਖੀ ਦੇ ਉਹ ਸਹੀ ਅਰਥਾਂ ਵਿਚ ਮਿਸ਼ਨਰੀ ਸਨ। ਉਨ੍ਹਾ ਦੇ ਵਿਅਕਤੀਤਵ ਦੇ ਗੁਣਾਂ ਕਰਕੇ, ਮੁਸਲਮਾਨਾ ਵਿਚ ਵੀ ਉਨ੍ਹਾਂ ਦਾ ਬੜਾ ਆਦਰ ਸਤਿਕਾਰ ਸੀ। ਇਹ ਦਸੰਬਰ 1925 ਦੀ ਗੱਲ ਹੈ ਕਿ ਉਨ੍ਹਾਂ ਦੀ ਕਹਿਣੀ ਕਥਨੀ ਤੋਂ ਇਕ ਫ਼ਕੀਰ ਮੁਸਲਮਾਨ ਹਾਜੀ ਮੁਹੰਮਦ ਐਨਾ ਪ੍ਰਭਾਵਿਤ ਸੀ ਕਿ ਉਸਨੇ 9 ਮਣ 14 ਸੇਰ ਚੰਦਨ ਦੀ ਲੱਕੜੀ ਵਿੱਚੋਂ ਇਕ ਇਕ ਤਾਰ ਖਿੱਚ ਕੇ ਇਕ ਲੱਖ ਪੰਤਾਲੀ ਹਜ਼ਾਰ ਤਾਰਾ ਤੋ ਬੜੀ ਰੀਝ ਨਾਲ ਜਿਹੜਾ ਚੌਰ ਤਿਆਰ ਕੀਤਾ ਸੀ, ਇਨ੍ਹਾਂ ਦੇ ਕਰ-ਕਮਲਾਂ ਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਭੇਟ ਕਰਵਾ ਕੇ, ਆਪਣੇ ਧੰਨ ਭਾਗ ਸਮਝੇ। ਅਦਭੁੱਤ ਚੰਦਨ ਦਾ ਇਹ ਚੌਰ ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਵਿਚ ਸਾਂਭਿਆ ਹੁੰਦਾ ਸੀ, ਪਰ 1984 ਵਾਲੇ ਸਾਕਾ ਨੀਲਾ ਤਾਰਾ ਪਿੱਛੋਂ ਕੌਣ ਜਾਣੇ...! ਓੜਕ ਕੀਰਤਨ ਦਾ ਇਹ ਅਮੋਲਕ ਹੀਰਾ 2 ਸਤੰਬਰ 1926 ਨੂੰ ਸ਼ਾਮ ਦੇ ਐਨ ਤਿੰਨ ਵਜੇ ਡੇਹਰਾਦੂਨ ਵਿਖੇ ਡਾ. ਬਲਬੀਰ ਸਿੰਘ, ਸੁੱਧ ਸਿੰਘ ਰਾਗੀ ਅਤੇ ਆਪਣੀ ਸੁਪਤਨੀ ਸ਼੍ਰੀਮਤੀ ਪ੍ਰੇਮ ਕੌਰ ਜੀ ਦੇ ਹੱਥਾਂ ਵਿਚ ਦੇਹ ਤਿਆਗ ਗਿਆ!

ਉਨ੍ਹਾਂ ਦੇ ਇਸ ਬੇਵਕਤ ਚਲਾਣੇ ਨਾਲ ਸਿੱਖ ਪੰਥ ਨੂੰ ਤਾਂ ਇਕ ਨਾ ਪੂਰਾ ਹੋਣ ਵਾਲਾ ਘਾਟਾ ਪੈਣਾ ਹੀ ਸੀ, ਉਨ੍ਹਾ ਦਾ ਪਿਤਾ ਭਾਈ ਭਾਗ ਸਿੰਘ, ਜਿਨ੍ਹਾਂ ਨੇ ਇਹ ਬੱਚਾ ਬੜੀਆਂ ਮੰਨਤਾਂ ਮੰਨ ਮੰਨ ਕੇ ਬੜੀਆਂ ਮੁਸ਼ਕਲਾਂ ਨਾਲ ਲਿਆ ਸੀ - ਅੱਜ ਫਿਰ ਆਪਣੇ ਆਪ ਨੂੰ ਉਹ ਦੁਬਾਰਾ ਅਭਾਗਾ ਜਿਹਾ ਸਮਝਣ ਲੱਗ ਪਿਆ। ਪਰ ਕਾਦਰ ਨੂੰ ਕੁਝ ਇਸ ਤਰ੍ਹਾਂ ਹੀ ਮਨਜ਼ੂਰ ਸੀ ਕਿਉਂਕਿ ਕੁਦਰਤ ਦੀ ਕਾਨੀ ਨੇ ਕੁਝ ਇਸ ਤਰ੍ਹਾ ਹੀ ਲਿਖਿਆ ਹੋਇਆ ਸੀ ਕਿ ਇਹ ਅਭਾਗਾ ਬਾਪ ਆਪ ਖ਼ੁਦ ਉਸ ਪਿੱਛੋਂ ਪੂਰੇ ਇੱਕੀ ਸਾਲ ਬਾਅਦ ਚੜ੍ਹਾਈ ਕਰੇ। ਭਾਈ ਹੀਰਾ ਸਿੰਘ ਜੀ ਦੀ ਯਾਦ ਵਿਚ ਪ੍ਰੋ: ਪੂਰਨ ਸਿੰਘ ਜੀ ਨੇ ਕੁਝ ਕਵਿਤਾਵਾਂ ਲਿਖੀਆਂ ਸਨ, ਜਿਨ੍ਹਾਂ ਵਿੱਚੋਂ ਕੁਝ ਟੂਕਾਂ ਦਿੱਤੀਆਂ ਜਾ ਰਹੀਆਂ ਹਨ:

 www.sikhbookclub.com

ਕੋਇਲ ਵਾਂਗੂੰ ਕੂਕਿਆ ਤੂੰ!
ਪਰ ਚੀਰਦੀ ਸੀ ਦਿਲਾਂ ਨੂੰ, ਜੀਆਂ ਨੂੰ ਸੀ ਟੋਲਦੀ,
ਗਾਉਂਦੀ ਸੀ ਕੇਵਲ ਨਾਂਵ ਸਾਈਂ ਦਾ ਜੀਭ ਤੇਰੀ,
ਨੈਣ ਬੱਦਲ ਵਸਦੇ ਸਨ, ਦਿਲ ਟਿੱਬੇ ਭਰਦੇ,
ਇਕ ਰਾਗ ਛਿੜਦਾ ਦਿੱਸਦਾ ਸੀ, ਮਨੁੱਖ ਮਾੜ੍ਹ ਮਾਸ ਵਿਚ।
ਤੂੰ ਭਰਾਵਾ ਦੱਸਿਆ: ਗੁਰੂ ਦਰਬਾਰ ਵਿਚ,
ਭਾਈ ਹੀਰਾ ਸਿੰਘ ਆਇਆ,
ਢਾਡੀ ਗੁਰੂ ਦਾ, ਗੁਰੂ ਫ਼ਰਮਾਇਆ:
ਮਾਤ ਲੋਕ ਦੇ ਵਿਚ ਗੁਰੂ ਬਾਣੀ ਗਾਉਂਦਾ,
ਬਰਖਾ ਕਰੇ ਅੱਜ ਸੰਸਾਰ ਤੇਂ!

SIKHBOOKCLUB.COM

 www.sikhbookclub.com

# ਭਾਈ ਸੁੱਧ ਸਿੰਘ

ਭਾਈ ਸੁੱਧ ਸਿੰਘ ਦਾ ਨਾਂ ਜ਼ਿਹਨ 'ਚ ਆਉਂਦਿਆਂ ਹੀ ਮਨ ਅਵਸੋਂ ਇਸ ਪਾਸੇ ਚਲੇ ਜਾਂਦਾ ਹੈ ਕਿ ਧੰਨ ਹੈ ਸਿੱਖੀ ਅਤੇ ਧੰਨ ਹੈ ਉਹ ਸਿੱਖ ਜਿਨ੍ਹਾਂ ਨੇ ਸਮੇਂ ਸਮੇਂ ਸਿਰ ਇਸਦੇ ਬੜ੍ਹਾਵੇ ਲਈ ਤਰ੍ਹਾਂ ਤਰ੍ਹਾਂ ਦੀਆਂ ਕੁਰਬਾਨੀਆਂ ਕੀਤੀਆਂ। ਕਈ ਸੂਰਤਾਂ ਵਿਚ ਸਿੱਖੀ ਸਿਦਕ ਦੀ ਏਹੋ ਜਿਹੀ ਮਿਸਾਲ ਦੁਨੀਆਂ ਦੇ ਹੋਰ ਕਿਸੇ ਇਤਿਹਾਸ 'ਚ ਨਹੀਂ ਮਿਲਦੀ।

ਪਿਛਲੀ ਸਦੀ ਵਿਚ ਬਾਰ (ਪਾਕਿਸਤਾਨ) ਦੇ ਇਲਾਕੇ ਦੀਆਂ ਸਿੱਖ ਸੰਗਤਾਂ ਨੇ ਜਦੋਂ ਇਹ ਗੱਲ ਚੰਗੀ ਤਰ੍ਹਾਂ ਅਨੁਭਵ ਕਰ ਲਈ ਕਿ ਵਿਦਿਆ ਬਗ਼ੈਰ ਸਾਡੀ ਕੋਈ ਗਤੀ ਨਹੀਂ ਹੈ ਤਾਂ ਇਸ ਖ਼ਿਆਲ ਨੂੰ ਮੁੱਖ ਰੱਖਦਿਆਂ ਥਾਂ ਪੁਰ ਥਾਂ ਸਕੂਲ ਕਾਲਜ ਖੋਲ੍ਹੇ ਗਏ ਤਾਂ ਜੋ ਸਿੱਖ ਨੌਜਵਾਨ ਪੜ੍ਹਾਈ ਲਿਖਾਈ ਕਰ ਕੇ ਵਧਣ ਫੁੱਲਣ। ਭਾਈ ਹੀਰਾ ਸਿੰਘ ਵਾਲੇ ਲੇਖ ਵਿਚ ਅਸੀਂ ਦੱਸ ਆਏ ਹਾਂ ਕਿ ਫਿਰੂਕਾ ਦਾ ਹਾਈ ਸਕੂਲ ਸਿਰਫ਼ ਉਨ੍ਹਾਂ ਦੀਆਂ ਦਿਨ ਰਾਤ ਦੀਆਂ ਮਿਹਨਤਾਂ ਦਾ ਫ਼ਲ ਸੀ, ਪਰ ਏਸੇ ਤਰ੍ਹਾਂ ਜਦੋਂ ਸ਼ਾਹਪੁਰ ਖ਼ਾਲਸਾ ਸਕੂਲ ਬਣ ਰਿਹਾ ਸੀ ਤਾਂ ਸਕੂਲ ਦੀ ਇਮਾਰਤ ਲਈ ਇੱਟਾਂ ਦਾ ਰੁਪਿਆ ਤਾਰਨ ਲਈ ਸੁੱਧ ਸਿੰਘ ਜੀ ਨੇ ਆਪਣਾ ਮਕਾਨ ਚੁੱਪ ਚਾਪ ਬੈਂਕ ਕੋਲ ਗਹਿਣੇ ਰੱਖ ਕੇ ਦਸ ਹਜ਼ਾਰ ਰੁਪਿਆ (ਉਨ੍ਹਾਂ ਸਮਿਆਂ ਦੀ ਇਹ ਰਕਮ ਅੱਜ-ਕੱਲ੍ਹ ਦੇ ਪਤਾ ਨਹੀਂ ਕਿੰਨੇ ਲੱਖ ਬਣਨ) ਭੱਠੇ ਵਾਲੇ ਨੂੰ ਦੇ ਕੇ ਆਪ ਬਿਨਾਂ ਕਿਸੇ ਨੂੰ ਖ਼ਬਰ ਦਿੱਤੇ ਬਰਮਾ ਨੂੰ ਟੁਰ ਪਏ ਕਿ ਉਥੋਂ ਹੋਰ ਉਗਰਾਹੀ ਸਕੂਲ ਲਈ ਕਰ ਕੇ ਲਿਆਉਣ।

ਆਪ ਦਾ ਜਨਮ ਜੱਬੀ, ਜ਼ਿਲ੍ਹਾ ਸ਼ਾਹਪੁਰ (ਪਾਕਿਸਤਾਨ) ਵਿਚ 1882 ਈ. ਨੂੰ ਹੋਇਆ। ਭਾਈ ਮੰਗਲ ਸਿੰਘ ਦੇ ਪੰਜਾਂ ਪੁੱਤਰਾਂ ਵਿੱਚੋਂ ਆਪ ਸਭ ਤੋਂ ਛੋਟੇ ਸਨ। ਸੰਗੀਤ ਸਿੱਖਿਆ ਆਪਣੇ ਪਿੰਡ ਦੇ ਨੇੜੇ ਉਦਾਸੀ ਬਾਵਾ ਗੁਲਾਬ ਦਾਸ ਬਾਵਾ ਨਿਹਾਲ ਦਾਸ ਦੇ ਡੇਰੇ ਤੋਂ ਲਈ ਸੀ। ਆਪ ਦਾ ਭਤੀਜਾ ਪ੍ਰਧਾਨ ਸਿੰਘ ਆਪ ਦੇ ਕੀਰਤਨ ਤੋਂ ਬਹੁਤ ਪ੍ਰਭਾਵਿਤ ਸੀ ਇਸ ਲਈ ਉਨ੍ਹਾਂ ਨੇ ਰਲ ਕੇ ਜਥਾ ਬਣਾ ਲਿਆ, ਜਿਹੜਾ ਥੋੜ੍ਹੇ ਸਮੇਂ ਵਿਚ ਹੀ ਬਹੁਤ ਪ੍ਰਸਿੱਧ ਹੋ ਗਿਆ। ਇਸ ਜਥੇ ਦੀ ਇਹ ਖ਼ੂਬੀ ਸੀ ਕਿ ਜਿਥੇ ਇਨ੍ਹਾਂ ਦਾ ਉਸ ਸਮੇਂ ਦੇ ਸੁਪ੍ਰਸਿੱਧ ਰਾਗੀ ਭਾਈ ਹੀਰਾ ਸਿੰਘ ਜੀ ਨਾਲ ਪਰਿਵਾਰਕ ਪਿਆਰ ਸੀ, ਓਥੇ ਚੀਫ਼ ਖ਼ਾਲਸਾ ਦੀਵਾਨ ਵਰਗੀ ਸਰਵੋਤਮ ਸੰਸਥਾ ਦੀ ਸਰਪ੍ਰਸਤੀ ਵੀ ਹਾਸਿਲ ਸੀ। ਆਪ ਦਾ ਜਥਾ ਸ਼ਾਸਤ੍ਰੀ ਸੰਗੀਤ ਦਾ ਮਾਹਿਰ ਸੀ ਅਤੇ ਕੀਰਤਨ ਦਰਬਾਰਾਂ ਵਿਚ ਆਪਣਾ ਰੰਗ ਜਮਾਉਣ ਲਈ ਪ੍ਰਸਿੱਧ ਸੀ। 1938 ਈ. ਵਿਚ ਅੰਮ੍ਰਿਤਸਰ ਵਿਚ ਹੋਈ ਕਾਨਫ੍ਰੰਸ ਸਮੇਂ ਇਨ੍ਹਾਂ ਨੇ ਰਾਗ ਜੈਜੈਵੰਤੀ ਗਾਇਆ ਤੇ ਦੂਜਾ

ਸਥਾਨ ਪ੍ਰਾਪਤ ਕੀਤਾ। ਸਿਆਲਕੋਟ ਵਿਚ ਹੋਈ ਕਾਨਫ੍ਰੰਸ ਵਿਚ ਰਾਗ ਕੈਦਾਰਾ ਗਾਇਆ ਤਾਂ ਰਾਗੀ ਜਥਿਆਂ ਵਿੱਚੋਂ ਪਹਿਲੇ ਦਰਜੇ 'ਤੇ ਆਏ। ਦੇਸ਼ ਦੀ ਵੰਡ ਪਿੱਛੋਂ ਆਪ ਦਿੱਲੀ ਰਹਿਣ ਲੱਗ ਪਏ। 1957 ਵਿਚ ਜਲੰਧਰ ਵਿਖੇ ਹੋਏ ਕੀਰਤਨ ਦਰਬਾਰ ਵਿਚ ਰਾਗ ਸੋਰਠਿ ਗਾ ਕੇ ਦੂਜਾ ਸਥਾਨ ਪ੍ਰਾਪਤ ਕੀਤਾ। ਸੁਪ੍ਰਸਿੱਧ ਲਿਖਾਰੀ ਅਤੇ ਰਾਗੀ ਸ. ਹਰਭਜਨ ਸਿੰਘ ਰਤਨ ਆਪ ਦੇ ਸਪੁੱਤਰ ਹਨ, ਜਿਨ੍ਹਾਂ ਦਾ ਪਾਕਿਸਤਾਨ ਬਣਨ ਪਿੱਛੋਂ ਕਦੇ ਇਹ ਤਵਾ ਬੜਾ ਮਕਬੂਲ ਹੋਇਆ ਸੀ :

*ਨਨਕਾਣੇ ਵਲ ਨੂੰ ਜਾਂਦਿਆਂ ਰਾਹੀਆ ਵੇ,*
*ਮੇਰੇ ਪ੍ਰੀਤਮ ਨੂੰ ਸੰਦੇਸਾ ਦੇਂਦਾ ਜਾ।*

ਆਪ ਦੀਆਂ ਸੰਗੀਤ ਸੇਵਾਵਾਂ ਨੂੰ ਮੁਖ ਰੱਖਦਿਆਂ ਪੰਜਾਬ ਸਰਕਾਰ ਨੇ ਆਪ ਨੂੰ ਮਰਦਾਨਾ ਐਵਾਰਡ ਨਾਲ ਸਨਮਾਨਿਤ ਕੀਤਾ ਸੀ। 80 ਸਾਲ ਦਾ ਲੰਮਾ ਜੀਵਨ ਭੋਗ ਕੇ ਆਪ ਚਲਾਣਾ ਕਰ ਗਏ।


www.sikhbookclub.com

# ਭਾਈ ਜਵੰਦ ਸਿੰਘ ਮਹਿਰਾ



*ਭਾਈ ਜਵੰਦ ਸਿੰਘ ਮਹਿਰਾ*
*(1877-1922)*

ਉੱਨ੍ਹੀਵੀਂ ਸਦੀ ਸਿਸਕੀਆਂ ਲੈਣ 'ਤੇ ਆਈ ਹੋਈ ਸੀ ਕਿ ਜੰਡਿਆਲਾ ਦੇ ਲਾਗੇ ਇਕ ਪਿੰਡ ਭਗਵਾਂ ਵਿਖੇ ਜਨਮ ਲੈਣ ਵਾਲਾ ਇਹ ਕੀਰਤਨਕਾਰ ਦਿੱਲੀ ਦੇ ਇਕ ਗੁਰਦੁਆਰੇ ਕੀਰਤਨ ਕਰ ਰਿਹਾ ਸੀ। ਰਾਵਲਪਿੰਡੀ ਦੇ ਇਕ ਪ੍ਰਸਿੱਧ ਠੇਕੇਦਾਰ ਬੂਟਾ ਸਿੰਘ, ਜਿਸ ਨੇ ਉਨ੍ਹੀਂ ਦਿਨੀਂ ਫ਼ਿਰੋਜ਼ਪੁਰ ਕਿਲ੍ਹੇ ਦਾ ਠੇਕਾ ਲਿਆ ਹੋਇਆ ਸੀ, ਨੇ ਉਸ ਨੂੰ ਸੁਣਿਆ ਅਤੇ ਉਸ ਦੇ ਕੀਰਤਨ ਤੋਂ ਪ੍ਰਭਾਵਿਤ ਹੋਣ ਦੀ ਸੂਰਤ ਵਿਚ ਉਸ ਨੂੰ ਬਾਰ੍ਹਾਂ ਰੁਪਏ ਮਹੀਨਾ ਨੌਕਰੀ ਦੇਣ ਦੀ ਪੱਕੀ ਠੱਕੀ ਕਰ ਕੇ ਫ਼ਿਰੋਜ਼ਪੁਰ ਲੈ ਆਇਆ, ਜਿਥੇ ਉਸਦਾ ਸਹੁਰਾ ਚੌਕੀਦਾਰ ਲੱਗਾ ਹੋਇਆ ਸੀ। ਕੀਰਤਨੀਆ ਕਿਲ੍ਹੇ ਵਿਚ ਕੰਮ ਕਰਦੇ ਬੰਦਿਆਂ 'ਤੇ ਮੁਨਸ਼ੀ ਲੱਗ ਗਿਆ ਅਤੇ ਆਪਣੇ ਸੱਸ ਸਹੁਰੇ ਕੋਲ ਏਥੇ ਹੀ ਰਹਿਣ ਲੱਗ ਪਿਆ। ਭਾਵੇਂ ਉਸ ਦਾ ਪਿੱਛਾ ਅੰਮ੍ਰਿਤਸਰ ਜ਼ਿਲ੍ਹੇ ਦਾ ਸੀ, ਪਰ ਜੀਉਂਦੇ-ਜੀ ਵਧੇਰੇ ਏਥੇ ਰਹਿਣ ਕਰਕੇ ਫ਼ਿਰੋਜ਼ਪੁਰ ਵਾਲਾ ਸਦਵਾਇਆ।

ਆਪ ਨੇ ਸੰਤ ਕਰਮ ਸਿੰਘ ਹੋਤੀ ਮਰਦਾਨ ਵਾਲਿਆਂ ਤੋਂ ਇਹ ਹੀ ਮੰਗ ਮੰਗੀ ਸੀ ਕਿ ਮੈਨੂੰ ਮਾਇਆ ਦੀ ਲੇਪ ਨਾ ਲੱਗੇ। ਏਹੋ ਕਾਰਨ ਸੀ ਕਿ ਆਪ ਨੇ ਆਪਣੇ ਚੋਗੇ ਨੂੰ ਕਦੇ ਕੋਈ ਬੋਝਾ ਨਹੀਂ ਸੀ ਲਗਵਾਇਆ ਅਤੇ ਮਾਇਆ ਤੋਂ ਸਦਾ ਨਿਰਲੇਪ ਹੀ ਰਹੇ। ਏਥੋਂ ਤਕ ਕਿ ਆਪ ਦੀ ਪਤਨੀ ਗੁਜ਼ਰ ਜਾਣ ਸਮੇਂ ਵਾਲੀਏ-ਫ਼ਰੀਦਕੋਟ ਦੇ ਇਕ ਅਹਿਲਕਾਰ ਨੇ ਮਹਾਰਾਜੇ ਨੂੰ ਜਦੋਂ ਇਹ ਗੱਲ ਆਖੀ ਕਿ ਇਨ੍ਹਾਂ ਦੇ ਪੁੱਤਰ ਸੰਤਾ ਸਿੰਘ ਨੂੰ ਕੋਈ ਵਜ਼ੀਫ਼ਾ ਲਾਓ ਜਾਂ ਜਾਗੀਰ ਦਿਓ ਤਾਂ ਵਿੱਚੋਂ ਆਪਦਾ ਇਹ ਉੱਤਰ ਸੀ, "ਨਾ ਭਈ ਨਾ, ਬਿਲਕੁਲ ਨਹੀਂ। ਰੁਲ-ਖੁਲ ਕੇ ਜਿਵੇਂ ਮੈਂ ਪਲ ਗਿਆ ਹਾਂ, ਇਸੇ ਤਰ੍ਹਾਂ ਇਹ ਵੀ ਪਲ ਜਾਏਗਾ।" ਮੀਂਹ ਜਾਵੇ ਚਾਹੇ ਹਨੇਰੀ, ਆਪ ਇਸ਼ਨਾਨ ਦੇ ਵੇਲੇ ਕਰਦੇ, ਬੁਖ਼ਾਰ ਭਾਵੇਂ 104° ਤਕ ਵੀ ਕਿਉਂ ਨਾ ਹੋਵੇ। ਕੀਰਤਨ ਤੋਂ ਛੁੱਟ,

ਨਿਤਨੇਮ ਅਤੇ ਸਿਮਰਨ ਵਿਚ ਜੁਟੇ ਰਹਿੰਦੇ। ਆਪਦੇ ਤਪ ਸਦਕਾ ਲੋਕੀਂ ਉਨ੍ਹਾਂ ਨੂੰ 'ਸੰਤ' ਕਹਿਣ ਲੱਗ ਪਏ ਸਨ, ਪਰ ਅਜਿਹਾ ਅਖਵਾ ਕੇ ਆਪ ਖ਼ੁਸ਼ ਨਹੀਂ ਸਨ ਹੁੰਦੇ। ਗੁਰੂ ਸਾਹਿਬਾਨ ਤੋਂ ਛੁੱਟ ਆਪ ਬਾਬਾ ਫ਼ਰੀਦ ਜੀ ਦੀ ਬਾਣੀ ਦਾ ਵਧੇਰੇ ਗਾਇਨ ਕਰਦੇ ਸਨ, ਜਿਸ ਕਰਕੇ ਕੁਝ ਲੋਕੀਂ ਸ਼ਰਧਾਵਸ ਹੋ ਕੇ ਉਨ੍ਹਾਂ ਨੂੰ ਦੂਜਾ ਫ਼ਰੀਦ ਵੀ ਆਖਣ ਲੱਗ ਪਏ ਸਨ। ਉਨ੍ਹਾਂ ਦੀਆਂ ਧਾਰਨਾਵਾਂ ਰਸ-ਭਿੰਨੀਆਂ ਪਰ ਸਿੱਧੀਆਂ ਹੁੰਦੀਆਂ ਸਨ, ਜਿਨ੍ਹਾਂ ਨੂੰ ਸੰਗਤਾਂ ਨਾਲ ਨਾਲ ਗਾ ਕੇ ਬੜਾ ਖ਼ੁਸ਼ ਹੁੰਦੀਆਂ। ਆਪ ਦੇ ਨਾਲ ਰਤਨ ਸਿੰਘ ਢੋਲਕੀ ਵਜਾਉਂਦੇ, ਹਰਨਾਮ ਸਿੰਘ ਵਾਜੇ 'ਤੇ ਹੁੰਦੇ ਅਤੇ ਜਥੇ ਦੇ ਪਿੱਛੇ ਕੁਝ ਹੋਰ ਬੰਦੇ ਜਿਵੇਂ ਕਿ ਭਾਈ ਲਾਲ ਸਿੰਘ, ਜਥੇਦਾਰ ਠਾਕੁਰ ਸਿੰਘ ਅਤੇ ਭਗਤ ਸਿੰਘ ਵੀ ਨਾਲ ਬੈਠਦੇ। "ਹੋਏ ਵਰਖਾ ਅੰਮ੍ਰਿਤ ਦੀ, ਸਤਿਗੁਰ ਦੇ ਦਰਬਾਰ", "ਮਨ ਮੋਹ ਲਿਆ ਗੁਰ ਨਾਨਕ ਨੇ, ਅੰਮ੍ਰਿਤ ਸ਼ਬਦ ਸੁਣਾਇਆ"; ਜਦੋਂ ਵੀ ਆਪ ਅਜਿਹੀਆਂ ਸਾਦ ਮੁਰਾਦੀਆਂ ਧਾਰਨਾਂ ਦਾ ਲਿਵਲੀਨ ਹੋ ਕੇ ਗਾਇਨ ਕਰਦੇ ਤਾਂ ਜਾਣੋ ਜਿਵੇਂ ਗੁਰੂ ਨਾਨਕ ਦੇਵ ਜੀ ਪ੍ਰਤੱਖ ਪ੍ਰਗਟ ਹੋਣ ਲੱਗਦੇ।

ਆਪ ਕੰਨਿਆ ਮਹਾਂ ਵਿਦਿਆਲਾ ਦੇ ਉਸਰੱਈਏ ਚੌਧਰੀ ਅਤਰ ਸਿੰਘ, ਬਾਵਾ ਪਾਲਾ ਸਿੰਘ ਜਥੇਦਾਰ, ਠਾਕੁਰ ਸਿੰਘ, ਬਾਬੂ ਸੁੰਦਰ ਸਿੰਘ ਛਾਉਣੀ ਵਾਲੇ, ਹਕੀਮ ਚੂਹੜ ਭਾਨ, ਡਾ. ਅਮਰੀਕ ਸਿੰਘ, ਡਾ. ਬਲਵੰਤ ਸਿੰਘ, ਭਾਨਾ ਮੱਲ ਐਡਵੋਕੇਟ, ਸ਼ਹਿਰ ਦੇ ਇਹ ਸਭ ਪਤਵੰਤੇ ਉਨ੍ਹਾਂ ਦੇ ਖ਼ਾਸ ਤੌਰ 'ਤੇ ਮੁਦਾਹ ਸਨ। ਆਪ ਆਸਾ ਦੀ ਵਾਰ ਲਾਉਂਦੇ, ਤਾਂ ਜਾਣੋ ਜਿਵੇਂ ਅੰਮ੍ਰਿਤ ਵਰਖਾ ਹੋਣ ਲੱਗਦੀ। ਉਨ੍ਹਾਂ ਦੀ ਲੱਗੀ ਸਟੇਜ ਦਾ ਤੇਜ ਹੀ ਕੁਝ ਹੋਰ ਹੁੰਦਾ ਸੀ। ਪੰਜਾਬ ਭਰ 'ਚੋਂ ਲੜਕੀਆਂ ਦੇ ਸਭ ਤੋਂ ਪੁਰਾਣੇ ਕੰਨਿਆ ਮਹਾਂ ਵਿਦਿਆਲਾ ਫ਼ਿਰੋਜ਼ਪੁਰ ਦੀ ਉਸਾਰੀ ਵਾਸਤੇ ਮਾਇਆ ਲਈ ਇਕ ਵੇਰ ਆਪ ਨੇ ਚੀਨ ਦਾ ਦੌਰਾ ਵੀ ਕੀਤਾ ਸੀ।

ਦੇਸ਼ ਦੇ ਵੰਡਾਰੇ ਤੋਂ ਪਹਿਲਾਂ ਵੇਸਵਾਵਾਂ ਲਈ ਫ਼ਿਰੋਜ਼ਪੁਰ ਦੀ ਹੀਰਾ ਮੰਡੀ ਵੀ ਮਸ਼ਹੂਰ ਹੁੰਦੀ ਸੀ, ਜਿਥੇ ਕਸੂਰ ਤੋਂ ਬੜੇ ਗ਼ੁਲਾਮ ਅਲੀ ਖ਼ਾਂ ਵਰਗੇ ਵੀ ਉਨ੍ਹਾਂ ਦਾ ਗਾਣਾ ਸੁਣਨ ਆਇਆ ਕਰਦੇ ਸਨ। ਇਥੇ ਇਸ ਗੱਲ ਦੀ ਵਜ਼ਾਹਤ ਕਰਨੀ ਬੜੀ ਲਾਜ਼ਮੀ ਜਾਪਦੀ ਹੈ ਕਿ ਇਸ ਵਿਚ ਬੁਰੇ ਕਰਮ ਜਾਂ ਕਾਮ-ਵਾਸ਼ਨਾ ਦਾ ਬਹੁਤਾ ਦਖ਼ਲ ਨਹੀਂ ਸੀ ਹੁੰਦਾ, ਸਗੋਂ ਅਮੀਰਾਂ ਜਾਂ ਰਸੀਆਂ ਵੱਲੋਂ ਮੁਜਰਾ ਆਦਿ ਸੁਣਨਾ ਸਾਡੇ ਉਸ ਸਮੇਂ ਦੇ ਮੁਸ਼ਾਅਰੇ ਦਾ ਇਕ ਅੰਗ ਹੁੰਦਾ ਸੀ। ਪ੍ਰਸਿੱਧ ਘਟਨਾ ਹੈ ਕਿ ਏਥੇ ਦੀਆਂ ਦੋ ਪ੍ਰਸਿੱਧ ਵੇਸਵਾਵਾਂ, ਜਿਨ੍ਹਾਂ ਵਿੱਚੋਂ ਇਕ ਦਾ ਨਾਂ ਰਾਜੋ ਸੀ, ਨੇ ਜਦੋਂ ਇਨ੍ਹਾਂ ਨੂੰ ਗਾਉਂਦਿਆਂ ਸੁਣਿਆ ਤਾਂ ਉਹ ਐਨਾ ਪ੍ਰਭਾਵਿਤ ਹੋਈਆਂ ਕਿ ਪੁੱਛਣ ਲੱਗੀਆਂ, "ਅਸੀਂ ਇਨ੍ਹਾਂ ਨੂੰ ਸੁਣਨਾ ਚਾਹੁੰਦੀਆਂ ਹਾਂ, ਕੀ ਫ਼ੀਸ ਹੈ ?" ਅੱਗੋਂ ਉੱਤਰ ਸੀ, "ਸਿਰਫ਼ ਦਸ ਰੁਪਏ। ਪੰਜ ਕੜਾਹ ਪ੍ਰਸ਼ਾਦਿ ਲਈ, ਢਾਈ ਰੁਪਿਆਂ ਦੇ ਫੁੱਲਾਂ ਦੇ ਹਾਰ ਅਤੇ ਢਾਈ ਰੁਪਏ ਜਥੇ ਦੀ ਲੱਸੀ ਪਾਣੀ ਲਈ।" ਇਸ ਵੇਰ ਰਾਜੋ ਐਨੀ ਪ੍ਰਭਾਵਿਤ ਹੋਈ ਕਿ ਪ੍ਰੋਗਰਾਮ ਪਿੱਛੋਂ ਉਹ ਉਨ੍ਹਾਂ ਦੇ ਚਰਨੀਂ ਢਹਿ ਪਈ ਅਤੇ ਉਨ੍ਹਾਂ ਕੋਲੋਂ ਸਿੱਖੀ ਦਾਨ ਮੰਗਣ ਲੱਗ ਪਈ, ਪਰ ਉਨ੍ਹਾਂ ਦਾ ਅੱਗਿਉਂ ਇਹ ਉੱਤਰ ਸੀ ਕਿ ਪਹਿਲਾਂ ਉਹ ਵਿਆਹੁਤਾ ਜ਼ਿੰਦਗੀ 'ਚ ਪ੍ਰਵੇਸ਼ ਕਰ ਲਏ। ਨਤੀਜੇ ਵਜੋਂ ਕੁਝ ਦਿਨਾਂ ਪਿੱਛੋਂ ਉਸ ਨੂੰ ਅੰਮ੍ਰਿਤ ਛਕਾਇਆ ਗਿਆ। ਉਸਦਾ ਨਾਂ ਬਦਲ ਕੇ ਹੁਕਮ ਕੌਰ ਰੱਖ ਦਿੱਤਾ ਗਿਆ

ਅਤੇ ਸੇਵਾ ਸਿੰਘ ਕੰਬੋਜ ਨਾਂ ਦੇ ਇਕ ਵਿਅਕਤੀ ਨਾਲ ਉਸਦੀ ਸ਼ਾਦੀ ਕਰ ਦਿੱਤੀ ਗਈ।

ਉਸ ਦੌਰ ਦੀ ਹੀਰਾ ਮੰਡੀ ਵਿਚ ਬੈਠੀ ਕੋਈ ਮੁਸਲਮਾਨ ਤਵਾਇਫ਼ ਕਿਸੇ ਸਿੱਖ ਕੀਰਤਨਕਾਰ ਦੇ ਗਾਇਨ ਤੋਂ ਐਨਾ ਖ਼ੁਸ਼ ਹੋਵੇ, ਉਸ ਸਮੇਂ ਦੀ ਇਕ ਅਦੁੱਤੀ ਮਿਸਾਲ ਸੀ। ਨਹੀਂ ਤਾਂ ਕੀ ਮੁਸਲਮਾਨ ਉਸਤਾਦਾਂ ਅਤੇ ਕੀ ਕੰਚਨੀਆਂ ਨੇ, ਸਿੱਖ ਸੰਗੀਤਕਾਰਾਂ ਦਾ ਲੋਹਾ ਕਦੇ ਘੱਟ ਹੀ ਮੰਨਿਆ।

ਆਪ ਸਾਦ-ਮੁਰਾਦੀ ਕਵਿਤਾ ਵੀ ਜੋੜਦੇ ਸਨ ਅਤੇ "ਜੀਵਨ ਮੁਕਤ" ਤਖ਼ੱਲਸ ਰੱਖਦੇ ਸਨ। ਆਪ ਦਾ ਦਿਹਾਂਤ ਰਾਜਾ ਸਾਂਸੀ ਵਿਖੇ ਪੰਤਾਲੀ ਸਾਲ ਦੀ ਉਮਰ ਵਿਚ 1922 ਈ. ਵਿਚ ਹੋਇਆ।

SIKHBOOKCLUB.COM

 www.sikhbookclub.com

# ਉਸਤਾਦ ਉੱਤਮ ਸਿੰਘ - I

ਹਿੰਦੁਸਤਾਨ ਦੇ ਪ੍ਰਸਿੱਧ ਸੰਗੀਤਕਾਰ ਸ੍ਰੀ ਦਲੀਪ ਚੰਦਰ ਬੇਦੀ "ਮੈਨੂੰ ਹਾਲੇ ਤਕ ਯਾਦ ਹੈ" ਦੇ ਸਿਰਲੇਖ ਹੇਠ ਸੰਗੀਤ 'ਤੇ ਇਕ ਲੇਖ ਲਿਖ ਰਹੇ ਸਨ।

ਲੇਖ ਦੇ ਸ਼ੁਰੂ ਵਿਚ ਹੀ ਉਹ ਲਿਖਦੇ ਹਨ :

ਅਜੇ ਮੈਂ ਜੀਵਨ ਦੀਆਂ ਛੇ ਬਹਾਰਾਂ ਹੀ ਦੇਖੀਆਂ ਸਨ ਕਿ ਮਾਤਾ ਜੀ ਦੇ ਪਿੱਛੋਂ ਪਿਤਾ ਜੀ ਵੀ ਸਾਨੂੰ ਸਦਾ ਲਈ ਛੱਡ ਗਏ। ਮਾਸੜ ਜੀ ਨੇ ਪੜ੍ਹਨ ਲਈ ਮੈਨੂੰ ਅੰਮ੍ਰਿਤਸਰ ਭੇਜ ਦਿੱਤਾ। ਤਾਲੀਮ ਦੇ ਨਾਲ ਨਾਲ ਮੈਂ ਉਸਤਾਦ ਉੱਤਮ ਸਿੰਘ ਜੀ ਕੋਲੋਂ ਗਾਣਾ ਵੀ ਸਿੱਖਣ ਲੱਗ ਪਿਆ। ਉਸਤਾਦ ਸਾਹਿਬ ਧਰੁੱਪਦ 'ਚ ਤਲਵੰਡੀ ਘਰਾਣਾ ਦੇ ਅਤੇ ਖ਼ਿਆਲ 'ਚ ਦਿੱਲੀ ਦੇ ਉਸਤਾਦ ਤਾਨਰਸ ਖ਼ਾਂ ਸਾਹਿਬ ਦੇ ਘਰਾਣੇ ਨਾਲ ਸਬੰਧ ਰੱਖਦੇ ਸਨ। ਇਸ ਤੋਂ ਛੁੱਟ ਉਹ ਉਰਦੂ ਅਤੇ ਹਿੰਦੀ ਵਿਚ ਸੰਗੀਤ ਦਾ ਕਿਤਾਬੀ ਇਲਮ ਵੀ ਖ਼ੂਬ ਪੜ੍ਹੇ ਹੋਏ ਸਨ। ਪਰਮਾਤਮਾ ਦੀ ਮਿਹਰਬਾਨੀ ਸਦਕਾ ਉਨ੍ਹਾਂ ਨੂੰ ਮਹਿਫ਼ਲਾਂ ਵਿਚ ਗਾਉਣ ਦੀ ਲੋੜ ਨਹੀਂ ਸੀ, ਕਿਉਂਕਿ ਉਨ੍ਹਾਂ ਦੀ ਮਾਲੀ ਹਾਲਤ ਤਸੱਲੀਬਖ਼ਸ਼ ਸੀ। ਅੰਮ੍ਰਿਤਸਰ ਉਨ੍ਹੀਂ ਦਿਨੀਂ ਪੰਜਾਬ ਵਿਚ ਸੰਗੀਤ ਦਾ ਕੇਂਦਰ ਮੰਨਿਆ ਜਾਂਦਾ ਸੀ। ਉਸਤਾਦ ਹਰਸ਼ਾ ਸਿੰਘ, ਭਾਈ ਵਧਾਵਾ, ਭਾਈ ਮੋਤੀ, ਭਾਈ ਅਰੂੜਾ ਰਬਾਬੀ, ਉਸਤਾਦ ਅੱਲਾ ਦੀਆ ਖ਼ਾਂ ਮਿਹਰਬਾਨ ਵਰਗੇ ਕਲਾ ਦੇ ਮਾਹਿਰ ਏਥੇ ਮੌਜੂਦ ਸਨ। ਪਟਿਆਲਾ ਦੇ ਮੀਆਂ ਜਾਨ ਖ਼ਾਂ, ਕਸੂਰ ਦੇ ਕਾਲੇ ਖ਼ਾਂ ਅਤੇ ਅਲੀ ਬਖ਼ਸ਼ ਵਰਗੇ 'ਤਿਆਰ' ਗਵੱਈਏ ਵੀ ਅਕਸਰ ਏਥੇ ਆ ਕੇ ਗਾਉਂਦੇ ਹੁੰਦੇ ਸਨ। ਪੰਜਾਬ ਦੇ ਹਰ ਸ਼ਖ਼ਸ ਦੀ ਜ਼ੁਬਾਨ 'ਤੇ ਪਟਿਆਲਾ ਵਾਲੇ ਫ਼ਤਿਹ ਅਲੀ ਖ਼ਾਂ ਦਾ ਨਾਂ ਸੀ, ਗੋਇਆ ਉਨ੍ਹਾਂ ਨਾਲੋਂ ਅੱਛਾ ਖ਼ਿਆਲ ਗਾਇਕ ਕਿਸੇ ਹੋਰ ਨੂੰ ਤਸਲੀਮ ਨਹੀਂ ਸੀ ਕੀਤਾ ਜਾਂਦਾ। ਉਸਤਾਦ ਉੱਤਮ ਸਿੰਘ ਜੀ ਵੀ ਉਨ੍ਹਾਂ ਨੂੰ ਹੀ ਪੰਜਾਬ ਦਾ ਲਾਸਾਨੀ ਗਾਇਕ ਮੰਨਦੇ ਸਨ।[1]

ਕਿਉਂਕਿ ਪੰਡਿਤ ਦਲੀਪ ਚੰਦਰ ਜੀ ਦਾ ਜਨਮ ਸਾਲ 1901 ਈ. ਦਾ ਹੈ, ਇਸ ਲਈ ਪੰਜਾਬ ਦੇ ਅਜਿਹੇ ਸੰਗੀਤਕ ਮਾਹੌਲ ਦੀ ਇਹ ਮੰਜ਼ਰਕਸ਼ੀ ਸੁਤੇ-ਸਿੱਧ ਉਹ 1907 ਈ. ਦੇ ਦਿਨਾਂ ਦੀ ਹੀ ਕਰਦੇ ਨਜ਼ਰ ਆਉਂਦੇ ਹਨ। ਬਗ਼ੈਰ ਕਿਸੇ ਤਰ੍ਹਾਂ ਦੇ ਸ਼ੱਕ-ਸ਼ੁਬਹ ਦੇ, ਉਨ੍ਹਾਂ ਦਿਨਾਂ ਵਿਚ ਆਪ ਦਾ ਬਹੁਤ ਨਾਂ ਸੀ। ਹੁਣ ਤਕ ਗ੍ਰਾਮੋਫ਼ੋਨ ਰੀਕਾਰਡ ਮਸ਼ੀਨ ਈਜਾਦ ਹੋ ਚੁੱਕੀ ਸੀ ਅਤੇ ਇਸ ਦੇ ਕਾਢੂ ਆਪਣੇ ਆਪਣੇ ਪ੍ਰਤਿਨਿਧ ਮੁੱਖ ਇੰਜੀਨੀਅਰਾਂ ਅਤੇ ਹਿੱਸੇਦਾਰਾਂ ਸਮੇਤ ਆਪਣੀ ਵਪਾਰਿਕ ਮੰਡੀ ਦਾ ਘੇਰਾ

1. ਆਜਕਲ (ਉਰਦੂ), ਜਿਲਦ 35, ਸ਼ੁਮਾਰਾ, ਅਗਸਤ 1956; ਪਬਲੀਕੇਸ਼ਨ ਡਿਵੀਜ਼ਨ; ਪੋਸਟ ਬਾਕਸ 2011, ਦਿੱਲੀ।

 www.sikhbookclub.com

ਵਧਾਉਣ ਲਈ ਬਾਹਰਲੇ ਦੇਸ਼ਾਂ ਦਾ ਦੌਰਾ ਕਰ ਰਹੇ ਸਨ। ਹਿੰਦੁਸਤਾਨ ਦੇ ਤੀਜੇ ਦੌਰੇ 'ਤੇ ਜਦੋਂ ਉਨ੍ਹਾਂ ਨੇ ਰਾਵਲਪਿੰਡੀ ਦੇ ਪ੍ਰਸਿੱਧ ਕੀਰਤਨਕਾਰ ਸੰਤ ਗੁਲਾਬ ਸਿੰਘ ਨੂੰ 2 ਅਗਸਤ 1907 ਨੂੰ ਰੀਕਾਰਡ ਕੀਤਾ ਤਾਂ ਉਨ੍ਹਾਂ ਨੇ ਕਰੀਬਨ ਉਨ੍ਹਾਂ ਦਿਨਾਂ 'ਚ ਹੀ ਆਪ ਦੀ ਆਵਾਜ਼ ਵਿਚ ਵੀ ਕੁਝ ਤਵੇ ਭਰ ਕੇ ਤਿਆਰ ਕੀਤੇ ਸਨ। ਉਨ੍ਹੀਂ ਹੀ ਦਿਨੀਂ, ਅੰਮ੍ਰਿਤਸਰ ਦੇ ਏਸੇ ਨਾਂ ਦੇ ਹੀ ਇਕ ਹੋਰ ਰਾਗੀ ਦੇ ਵੀ ਕਾਫ਼ੀ ਤਵੇ ਭਰੇ ਗਏ ਸਨ। ਕੁਝ ਤਵੇ ਫਿਰ ਉਨ੍ਹਾਂ ਇਕੱਠਿਆਂ ਨੇ ਵੀ ਭਰਵਾਏ ਸਨ ਜਿਵੇਂ ਕਿ :

**ਮਨ ਲਾਗਾ ਗੁਰਾਂ ਦੇ ਨਾਲੇ** *(ਸੰਧੂਰੀ ਤਿਲਵਾੜਾ)*

ਅਤੇ

**ਅਬ ਹਮ ਚਲੀ ਠਾਕੁਰ ਪਹਿ ਹਾਰਿ ॥**
**ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ ॥**

*(ਪੀਲੂ ਤਿਲਵਾੜਾ ਰੀਕਾਰਡ ਨੰਬਰ 2955h 14172)*

ਆਪਣੇ ਸਮੇਂ ਦੇ ਉਨ੍ਹਾਂ ਦੋ ਤਿੰਨ ਸਿੱਖ ਸੰਗੀਤਕਾਰਾਂ ਵਿੱਚੋਂ ਸਨ, ਜਿਨ੍ਹਾਂ ਦੀ ਸੰਗੀਤਕ ਉੱਚਤਾ ਨੂੰ ਦੇਸ਼ ਭਰ ਦੇ ਮੁਸਲਮਾਨ ਗਵੱਈਆਂ ਨੇ ਵੀ ਮੰਨਿਆ। ਏਹੀ ਕਾਰਨ ਸੀ ਕਿ ਕਈ ਵੇਰ ਉਨ੍ਹਾਂ ਦੇ ਨਾਂ ਨਾਲ 'ਪ੍ਰੋਫ਼ੈਸਰ' ਪਦ ਦਾ ਸ਼ਬਦ ਵੀ ਵਰਤਿਆ ਜਾਂਦਾ ਸੀ। ਤਲਵੰਡੀ ਅਤੇ ਦਿੱਲੀ ਘਰਾਣਿਆਂ ਦੇ ਉਸਤਾਦਾਂ ਕੋਲੋਂ ਤਾਂ ਆਪ ਨੇ ਤਾਲੀਮ ਹਾਸਲ ਕੀਤੀ ਹੀ ਸੀ, ਕੀਰਤਨ ਦੀ ਸਿੱਖਿਆ ਆਪ ਨੇ ਉਸਤਾਦ ਭਾਈ ਗੁਰਮੁਖ ਸਿੰਘ ਜੀ ਪਾਸੋਂ ਪ੍ਰਾਪਤ ਕੀਤੀ ਸੀ। ਆਪ ਭਾਈ ਮਤਾਬ ਸਿੰਘ ਜੀ ਦੇ ਭਤੀਜੇ ਸਨ। 1905 ਈ. ਤੋਂ ਲੈ ਕੇ 1918-19 ਈ. ਤਕ ਆਪ ਕੇਂਦਰੀ ਖ਼ਾਲਸਾ ਯਤੀਮਖ਼ਾਨਾ ਸ੍ਰੀ ਅੰਮ੍ਰਿਤਸਰ ਵਿਖੇ ਕੀਰਤਨ ਦੀਆਂ ਕਲਾਸਾਂ ਲੈਂਦੇ ਰਹੇ। ਉਨ੍ਹੀਂ ਹੀ ਦਿਨੀਂ ਆਪ ਖ਼ਾਲਸਾ ਪ੍ਰਚਾਰਕ ਵਿਦਿਆਲਾ ਤਰਨਤਾਰਨ ਵੀ ਪੜ੍ਹਾਉਣ ਜਾ ਆਉਂਦੇ ਸਨ। ਤਲਵੰਡੀ ਅਤੇ ਦਿੱਲੀ ਘਰਾਣੇ ਦੀਆਂ ਹਜ਼ਾਰਾਂ ਨਾਯਾਬ ਧਰੁੱਪਦਾਂ ਅਤੇ ਖ਼ਿਆਲਾਂ ਦੀਆਂ ਬੰਦਸ਼ਾਂ ਤਾਂ ਆਪ ਨੂੰ ਯਾਦ ਸਨ ਹੀ, ਆਪ ਕੋਲ ਪੁਰਾਤਨ ਸ਼ਬਦ-ਰੀਤਾਂ ਦਾ ਵੀ ਬੇਸ਼ਬਹਾ ਖ਼ਜ਼ਾਨਾ ਸੀ।

ਆਪ ਦਾ ਜਨਮ 1879 (?) ਦੇ ਨੇੜੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ ਦੱਸੀਦਾ ਹੈ। ਦੂਜੀ ਆਲਮੀ ਜੰਗ ਦੇ ਖ਼ਾਤਮੇ ਪਿੱਛੋਂ ਆਪ ਚੜ੍ਹਾਈ ਕਰ ਗਏ।

 www.sikhbookclub.com

# ਉੱਤਮ ਸਿੰਘ ਰਾਗੀ - II

1900 ਈ. ਦੇ ਸ਼ੁਰੂ ਦੇ ਸਾਲਾਂ ਵਿਚ ਹੀ ਗ੍ਰਾਮੋਫ਼ੋਨ ਤਵੇ ਬਣਨੇ ਸ਼ੁਰੂ ਹੋਏ ਤਾਂ ਵੱਡੇ ਸ਼ਹਿਰਾਂ ਵਿਚ ਕੁਝ ਅਜਿਹੀਆਂ ਦੁਕਾਨਾਂ ਵੀ ਖੁੱਲ੍ਹ ਗਈਆਂ ਜਿਥੋਂ ਕਿ ਇਹ ਸਾਮਾਨ ਮਿਲ ਸਕਦਾ ਸੀ। ਗ੍ਰਾਮੋਫ਼ੋਨ ਕੰਪਨੀ ਜਿਹੜੀ ਪਿੱਛੋਂ ਐਚ.ਐਮ.ਵੀ. (HMV) ਅਖਵਾਉਣ ਲੱਗ ਗਈ ਸੀ, ਉਸ ਦੀਆਂ ਕੁਝ ਏਜੰਸੀਆਂ ਸੰਗੀਤ ਦੇ ਸਾਜ਼ ਬਣਾਉਣ ਵਾਲਿਆਂ ਨੇ ਵੀ ਖ਼ਰੀਦ ਲਈਆਂ ਸਨ। ਏਹੋ ਜਿਹੀ ਇਕ ਏਜੈਂਸੀ ਅੰਮ੍ਰਿਤਸਰ ਦੇ ਲਾਲ ਸਿੰਘ ਨਾਂ ਦੇ ਇਕ ਵਿਅਕਤੀ ਨੇ ਵੀ ਲੈ ਲਈ ਸੀ। ਨਵੀਂ ਨਵੀਂ ਵਾਜੇ ਦੀ ਇਹ ਈਜਾਦ, ਜਿਥੇ ਇਕ ਮਨੋਰੰਜਨ ਦਾ ਵਧੀਆ ਜ਼ਰੀਆ ਸੀ, ਓਥੇ ਠਾਠ-ਬਾਠ ਅਤੇ ਟੌਹਰ-ਟੱਪੇ ਦਾ ਚਿੰਨ੍ਹ ਵੀ ਸੀ। ਹੁਣ ਲਾਲ ਸਿੰਘ ਨੇ ਜਿਹੜੀ ਦੁਕਾਨ ਖੋਲ੍ਹੀ ਸੀ, ਉਹ ਹਾਲ ਬਾਜ਼ਾਰ ਵਿਚ ਵਜ਼ੀਰ-ਹਿੰਦ ਪ੍ਰੈਸ ਦੇ ਸਾਹਮਣੇ ਸੀ। ਵਿੱਕਰੀ ਧੜਾ-ਧੜ ਹੋਈ ਤਾਂ ਮਾਲਿਕ ਕੋਲ ਜਦ ਹੀ ਪੰਜ ਕੁ ਹਜ਼ਾਰ ਰੁਪਿਆ ਜਮ੍ਹਾਂ ਹੋ ਗਿਆ, ਜਿਹੜਾ ਕਿ ਉਨ੍ਹਾਂ ਦਿਨਾਂ ਮੁਜਬ ਇਕ ਬਹੁਤ ਵੱਡੀ ਰਕਮ ਸੀ, ਤਾਂ ਉਹ ਕੰਪਨੀ ਨੂੰ ਹਿਸਾਬ ਕਿਤਾਬ ਦੇਣ ਦੀ ਬਜਾਏ ਜਾਪਾਨ ਵੱਲ ਨੂੰ ਭੱਜ ਗਿਆ। ਭਾਈ ਸਾਹਿਬ ਭਾਈ ਵੀਰ ਸਿੰਘ ਕੀਰਤਨਕਾਰਾਂ ਦੀ ਬਾਹ ਫੜਨ ਵਾਲੇ ਵਿਅਕਤੀ ਸਨ, ਸਗੋਂ ਉਨ੍ਹਾਂ ਦੇ ਪਿਤਾ ਡਾ. ਚਰਨ ਸਿੰਘ (1853-1908 ਈ.) ਨੇ *ਗੁਰਮਤਿ ਸੰਗੀਤ* ਨਾਮੀ ਇਕ ਪੁਸਤਕ ਵੀ ਲਿਖੀ ਹੋਈ ਸੀ।

ਹੁਣ ਦੇਖੋ ਹਾਲਾਤ ਸਾਜ਼ਗਾਰ ਹੁੰਦਿਆਂ ਹੋਇਆਂ ਕੁਦਰਤ ਵਿਚ ਕਿਵੇਂ ਆਪਣਾ ਰੋਲ ਅਦਾ ਕਰਦੀ ਹੈ। ਉਨ੍ਹੀਂ ਦਿਨੀਂ ਲਾਲ ਸਿੰਘ ਦੀ ਦੁਕਾਨ 'ਤੇ ਭਾਈ ਉੱਤਮ ਸਿੰਘ ਰਾਗੀ ਵੀ ਨੌਕਰੀ ਕਰਦਾ ਸੀ, ਜਿਹੜਾ ਉਂਜ ਕਟੜਾ ਰਾਮਗੜ੍ਹੀਆਂ ਵਿਖੇ ਰਹਿੰਦਾ ਹੁੰਦਾ ਸੀ। ਇਸ ਗੱਲ ਦੇ ਡਰੋਂ ਕਿ ਕੰਪਨੀ ਵਾਲੇ ਹੇਰਾਫੇਰੀ ਅਤੇ ਗਬਨ ਦਾ ਕੇਸ ਕਿਧਰੇ ਉਸ ਗ਼ਰੀਬ 'ਤੇ ਹੀ ਨਾ ਪਾ ਦੇਣ, ਉਸਨੇ ਭਾਈ ਵੀਰ ਸਿੰਘ ਜੀ ਦੇ ਘਰ ਲਾਰੰਸ ਰੋਡ ਵੱਲ ਨੂੰ ਰੁਖ਼ ਕੀਤਾ। ਉਸਦੀ ਵਿਥਿਆ ਸੁਣ ਕੇ, ਭਾਈ ਵੀਰ ਸਿੰਘ ਜੀ ਨੇ ਕੰਪਨੀ ਦੇ ਨਾਂ ਇਕ ਲੰਮਾ ਚੌੜਾ ਖ਼ਤ ਲਿਖਿਆ ਅਤੇ ਅਸਲੀਅਤ ਤੋਂ ਜਾਣੂ ਕਰਵਾਉਣ ਤੋਂ ਛੁੱਟ ਆਪਣੇ ਵਲੋਂ ਕੰਪਨੀ ਨੂੰ ਨਾਲ ਇਹ ਵੀ ਲਿਖਤੀ ਤਸੱਲੀ ਦਿੱਤੀ ਕਿ ਇਹ ਵਿਅਕਤੀ ਗ਼ਰੀਬ ਜ਼ਰੂਰ ਹੈ, ਪਰ ਹੈ ਬੜਾ ਦਿਆਨਤਦਾਰ। ਮੈਂ ਪੁਰਜ਼ੋਰ ਸ਼ਬਦਾਂ ਵਿਚ ਸਿਫ਼ਾਰਸ਼ ਕਰਦਾ ਹਾਂ ਕਿ ਕੰਪਨੀ ਏਜੈਂਸੀ ਇਸਦੇ ਨਾਂ ਕਰ ਦੇਵੇ। ਉੱਤਮ ਸਿੰਘ ਉਹ ਖ਼ਤ ਨਾਲ ਲੈ ਕੇ ਸਿੱਧਾ ਡਮ-ਡਮ ਕਲਕੱਤੇ ਆਪ ਪੁੱਜਾ ਸੀ, ਕੰਪਨੀ ਦਾ ਮੈਨੇਜਰ ਉਸ ਉੱਤੇ ਨਾ ਕੇਵਲ ਬਹੁਤ ਖ਼ੁਸ਼ ਹੋਇਆ, ਸਗੋਂ ਉਸਨੇ

ਉਹ ਏਜੰਸੀ ਵੀ ਉਸ ਦੇ ਨਾਂ 'ਤੇ ਤਬਦੀਲ ਕਰ ਦਿੱਤੀ। ਰਾਗੀ ਜੀ ਹੁਣ ਉਸ ਦੁਕਾਨ ਦੇ ਮਾਲਿਕ ਬਣ ਗਏ ਸਨ!

ਗ੍ਰਾਮੋਫ਼ੋਨ ਕੰਪਨੀ ਵਾਲਿਆਂ ਦੀਆਂ ਜੇਕਰ ਅਸੀਂ ਮਈ 1906 ਤੋਂ ਲੈ ਕੇ ਮਈ 1907 ਈ. ਤਕ ਦੀਆਂ ਕੈਟਾਲਾਗ ਫੋਲੀਏ ਤਾਂ ਉਨ੍ਹਾਂ ਤੋਂ ਪਤਾ ਚੱਲਦਾ ਹੈ ਕਿ ਉਨ੍ਹੀਂ ਦਿਨੀਂ ਉੱਤਮ ਸਿੰਘ ਜੀ ਦੇ ਕਾਫ਼ੀ ਤਵੇ ਭਰੇ ਗਏ ਸਨ - ਵੱਧ ਨਹੀਂ ਤਾਂ ਵੀਹ ਦੇ ਨੇੜੇ ਤੇੜੇ। ਸ਼ਬਦ-ਕੀਰਤਨ ਜਾਂ ਦੁਕਾਨਦਾਰੀ ਤੋਂ ਛੁੱਟ ਕਿਸੇ ਸਮੇਂ ਉਹ ਹਿਕਮਤ ਵੀ ਕਰਦੇ ਰਹੇ ਹੋਣਗੇ, ਇਸ ਲਈ ਕਈ ਥਾਈਂ ਉਨ੍ਹਾਂ ਦੇ ਨਾਂ ਨਾਲ ਸ਼ਬਦ 'ਹਕੀਮ' ਵੀ ਲਿਖਿਆ ਮਿਲਦਾ ਹੈ। 1910 ਈ. ਵਿਚ ਆਪ ਦੇ ਆਸਾ ਦੀ ਵਾਰ ਦੇ ਤਵੇ ਜਿਹੜੇ ਕਿ ਜੁਲਾਈ 'ਚ ਭਰੇ ਗਏ ਸਨ, ਵੀ ਬੇਹੱਦ ਮਕਬੂਲ ਹੋਏ ਸਨ। ਉਸ ਤੋਂ ਦੋ ਤਿੰਨ ਸਾਲ ਪਹਿਲਾਂ ਉਨ੍ਹਾਂ ਦੀ ਆਵਾਜ਼ ਵਿਚ ਇਹ ਰੀਕਾਰਡ ਵੀ ਉਪਲਬਧ ਸਨ :

1. **ਧੰਨੁ ਧੰਨੁ ਰਾਮਦਾਸ ਗੁਰੁ, ਜਿਨਿ ਸਿਰਿਆ ਤਿਨੈ ਸਵਾਰਿਆ ॥**
   **ਪੂਰੀ ਹੋਈ ਕਰਾਮਾਤਿ, ਆਪਿ ਸਿਰਜਣਹਾਰੈ ਧਾਰਿਆ ॥**
   *(ਤਿਲੰਗ, ਤਿਤਾਲਾ — ਤਵਾ ਨੰਬਰ 4141e - 4 - 12391)*
2. **ਰੋਗਨ ਤੇ ਅਰ ਸੋਗਨ ਤੇ, ਜਲ ਜੋਗਨ ਤੇ ਬਹੁ ਭਾਂਤਿ ਬਚਾਵੈ ॥** *(ਭੈਰਵੀ)*
3. **ਚਰਨ ਸਰਨ ਗੁਰੂ ਏਕ ਪੈਂਡਾ ਜਾਇ ਚਲ,**
   **ਸਤਿਗੁਰੂ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥** *(ਕਾਨੜਾ ਆਸਾਵਰੀ)*
4. **ਗੁਰੁ ਪੂਰਾ ਮੇਰਾ ਗੁਰੁ ਪੂਰਾ ॥**
   **ਰਾਮ ਨਾਮੁ ਜਪਿ ਸਦਾ ਸੁਹੇਲੇ ਸਗਲ ਬਿਨਾਸੇ ਰੋਗ ਕੂਰਾ ॥**
   *(ਰਾਮਕਲੀ — ਤਵਾ ਨੰ : 2943h - 2 - 12970)*
5. **ਦਰਮਾਦੇ ਠਾਢੇ ਦਰਬਾਰਿ ॥**
   **ਤੁਝ ਬਿਨੁ ਸੁਰਤਿ ਕਰੈ ਕੋ ਮੇਰੀ, ਦਰਸਨੁ ਦੀਜੈ ਖੋਲ੍ਹਿ ਕਿਵਾਰ ॥**
   *(ਬਿਲਾਵਲ, ਕਬੀਰ ਜੀਉ — ਤਵਾ ਨੰ : 2946h - 2 - 12973)*

ਰਾਗੀ ਜੀ ਦੇ ਘਰ ਦੋ ਬੇਟੇ ਅਤੇ ਦੋ ਬੇਟੀਆਂ ਨੇ ਜਨਮ ਲਿਆ। ਵੱਡੀ ਬੇਟੀ ਦਾ ਨਾਂ ਜੀਓ ਸੀ, ਜਿਹੜੀ ਲਾਲ ਸਿੰਘ ਢੀਂਗਰਾ ਇੰਪੋਰਟ ਏਜੰਟ ਨਾਲ ਵਿਆਹੀ ਗਈ ਸੀ, ਪਰ ਅਫ਼ਸੋਸ, 1935 ਈ. 'ਚ ਚੜ੍ਹਾਈ ਕਰ ਗਈ। ਉਨ੍ਹਾਂ ਦਾ ਵੱਡਾ ਬੇਟਾ ਗੁਰਦਿੱਤ ਸਿੰਘ 1947 ਤਕ ਆਪਣੀ ਹਾਲ ਬਾਜ਼ਾਰ ਵਾਲੀ ਵਾਜਿਆਂ ਦੀ ਦੁਕਾਨ ਚਲਾਉਂਦਾ ਰਿਹਾ, ਪਿੱਛੋਂ ਵੇਚ ਵੱਟ ਕੇ ਰੱਬ ਜਾਣੇ ਕਿੱਧਰ ਚਲਾ ਗਿਆ। ਛੋਟਾ ਬੇਟਾ ਜੁਆਨ ਉਮਰੇ ਹੀ ਚਲਾਣਾ ਕਰ ਗਿਆ ਸੀ। ਬੀਬੀ ਜੀਓ ਦੀ ਇਕ ਧੀ ਮਹਿੰਦਰ ਕੌਰ ਨੂੰ ਭਾਈ ਵੀਰ ਸਿੰਘ ਦੇ ਛੋਟੇ ਭਰਾਤਾ ਡਾ. ਬਲਬੀਰ ਸਿੰਘ ਨੇ ਅਪਣਾ ਕੇ (adopt) ਕਰ ਕੇ, ਡੇਹਰਾਦੂਨ ਵਾਲੀ ਆਪਣੀ ਜਾਇਦਾਦ ਉਸਦੇ ਨਾਂ ਕਰਵਾ ਦਿੱਤੀ ਸੀ। ਪਿੱਛੋਂ ਉਹ ਜ਼ਮੀਨ ਬੀਬੀ ਜੀ ਨੇ ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਦੇ ਸਪੁਰਦ ਕਰ ਦਿੱਤੀ ਸੀ।

26 ਫ਼ਰਵਰੀ, 1985 ਨੂੰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵਾਲਿਆਂ ਨੇ


www.sikhbookclub.com

ਦਾਸ ਨੂੰ ਜਦੋਂ ਸਨਮਾਨਿਤ ਕੀਤਾ, ਤਾਂ ਓਸੇ ਸਾਲ ਹੀ ਦੋ ਹੋਰ ਬਹੁਤ ਵੱਡੇ ਸਾਹਿਤਕਾਰਾਂ ਕੰਵਰ ਮਹਿੰਦਰ ਸਿੰਘ ਬੇਦੀ, ਜਿਹੜੇ ਕਿ ਗੁਰੂ ਨਾਨਕ ਦੇਵ ਜੀ ਦੀ ਕੁੱਲ 'ਚੋਂ ਸਿੱਧੇ ਚੌਧਵੀਂ ਪੀੜ੍ਹੀ ਵਿੱਚੋਂ ਸਨ (ਯਾਦ ਰਹੇ ਦੇਸ਼ ਦੇ ਮਹਾਨ ਸੰਗੀਤਕਾਰ ਪੰਡਿਤ ਵਿਸ਼ਨੂੰ ਦਿਗੰਬਰ ਜਦੋਂ ਸੰਗੀਤ ਦੀ ਤਾਲੀਮ ਲੈਣ ਲਈ 1897 ਈ. ਵਿਚ ਪੰਜਾਬ ਆਏ, ਤਾਂ ਉਨ੍ਹਾਂ ਦੇ ਹਰ ਤਰ੍ਹਾਂ ਦੇ ਖ਼ਰਚੇ ਦਾ ਜ਼ੁੰਮਾ ਬੇਦੀ ਸਾਹਿਬ ਦੇ ਖ਼ਾਨਦਾਨ ਵਿੱਚੋਂ ਬਾਬਾ ਗੁਰਬਖ਼ਸ਼ ਸਿੰਘ ਬੇਦੀ ਰਾਵਲਪਿੰਡੀ ਵਾਲਿਆਂ ਨੇ ਹੀ ਲਿਆ ਸੀ) ਅਤੇ ਗਿਆਨੀ ਮਹਾਂ ਸਿੰਘ ਜਿਨ੍ਹਾਂ ਨੇ ਤਕਰੀਬਨ ਆਪਣੀ ਸਾਰੀ ਉਮਰ ਹੀ ਭਾਈ ਵੀਰ ਸਿੰਘ ਜੀ ਦੇ ਅੰਗ-ਸੰਗ ਗੁਜ਼ਾਰ ਛੱਡੀ ਸੀ—ਨੂੰ ਵੀ ਓਸੇ ਦਿਨ ਸਾਹਿਤ ਸ਼੍ਰੋਮਣੀ ਖ਼ਿਤਾਬ ਨਾਲ ਨਿਵਾਜਣਾ ਸੀ। ਇਹ ਦੋਵੇਂ ਵਿਅਕਤੀ ਮੇਰੇ ਬੜੇ ਕੰਮ ਦੇ ਸਨ। ਸਾਡਾ ਉਤਾਰਾ ਪੰਜਾਬ ਭਵਨ ਵਿਚ ਸੀ। ਫ਼ੰਕਸ਼ਨ ਪਿੱਛੋਂ ਦੂਜੇ ਦਿਨ ਸਵੇਰੇ ਜਦੋਂ ਮੈਂ ਮਹਾਂ ਸਿੰਘ ਜੀ ਦੇ ਦਰਸ਼ਨਾਂ ਨੂੰ ਗਿਆ ਤਾਂ ਉਹ ਬੜੇ ਖ਼ੁਸ਼ ਹੋਏ। ਮੈਂ ਉਨ੍ਹਾਂ ਦੀਆਂ ਗੱਲਾਂ ਤੋਂ ਜਾਣਿਆ ਕਿ ਉਨ੍ਹਾਂ ਨੇ ਮੇਰੇ ਬਹੁਤੇ ਲੇਖ ਕਲਾਵਾਨਾਂ ਅਤੇ ਪੰਜਾਬ ਦੇ ਸੰਗੀਤ ਘਰਾਣਿਆਂ ਬਾਰੇ ਬੜੇ ਗਹੁ ਨਾਲ ਪੜ੍ਹੇ ਹੋਏ ਸਨ। ਉਨ੍ਹਾਂ ਦੀ ਬਹੁਤ ਤਾਰੀਫ਼ ਕਰਨੋਂ ਹੀ ਨਾ ਹਟਣ। ਫੁੱਲਣ ਦੀ ਬਜਾਏ ਮੈਂ ਸੋਚਿਆ ਕਿ ਮੇਰੀ ਵਡਿਆਈ ਉਹ ਸਿਰਫ਼ ਮੇਰਾ ਦਿਲ ਰੱਖਣ ਲਈ ਕਰ ਰਹੇ ਹਨ। ਉਦੋਂ ਉਹ ਘੱਟੋ-ਘੱਟ ਅੱਸੀ ਸਾਲਾਂ ਦੇ ਪੇਟੇ 'ਚ ਹੋਣਗੇ। ਥੋੜ੍ਹਾ ਸਮਾਂ ਪਾ ਕੇ, ਉਨ੍ਹਾਂ ਦੀਆਂ ਗੱਲਾਂ ਦੀ ਮੁਹਾਰ ਮੈਂ ਆਪਣੇ ਮਨਭਾਉਂਦੇ ਵਿਸ਼ੇ ਵੱਲ ਨੂੰ ਮੋੜਨ ਵਿਚ ਸਫਲ ਹੋ ਗਿਆ ਸਾਂ। ਉਹ ਵਿਸ਼ਾ ਅੰਮ੍ਰਿਤਸਰ ਦੇ ਪੁਰਾਤਨ ਰਾਗੀਆਂ ਰਬਾਬੀਆਂ ਬਾਰੇ ਸੀ। ਉਨ੍ਹਾਂ ਦੀਆਂ ਗੱਲਾਂ ਛਿੜੀਆਂ ਤਾਂ ਇਸ ਵਿਸ਼ੇ 'ਤੇ ਉਨ੍ਹਾਂ ਨੇ ਬਸ ਛਹਿਬਰਾਂ ਲਾ ਦਿੱਤੀਆਂ। ਉਨ੍ਹਾਂ ਦੀਆਂ ਕੁਝ ਗੱਲਾਂ ਮੈਂ ਓਥੇ ਹੀ ਨੋਟ ਕਰ ਲਈਆਂ। ਮੈਂ ਜਾਤਾ ਕਿ ਇਸ ਵਿਸ਼ੇ 'ਤੇ ਉਨ੍ਹਾਂ ਕੋਲ ਕਾਫ਼ੀ ਖ਼ਜ਼ਾਨਾ ਸੀ। ਦੇਸੋਂ ਵਾਪਸ ਲੰਡਨ ਪਰਤੇ ਨੂੰ ਮੈਨੂੰ ਅਜੇ ਕੁਝ ਦਿਨ ਹੀ ਹੋਏ ਸਨ ਕਿ 11 ਅਪਰੈਲ, 1985 ਨੂੰ ਮੈਨੂੰ ਇਕ ਅਜਿਹਾ ਪਾਰਸਲ ਮਿਲਿਆ ਜਿਸ ਉੱਤੇ ਲਗਭਗ ਸੌ ਰੁਪਏ ਦੀਆਂ ਟਿਕਟਾਂ ਲੱਗੀਆਂ ਹੋਈਆਂ ਸਨ। ਉਸ ਵਿਚ ਮਹਾਂ ਸਿੰਘ ਜੀ ਦੀ ਵੱਡ-ਆਕਾਰੀ ਕਿਤਾਬ ਭਾਈ ਵੀਰ ਸਿੰਘ ਜੀ ਦੀ ਜੀਵਨੀ *ਗੁਰਮੁਖ ਜੀਵਨ* ਸੀ, ਜਿਸ ਵਿਚ ਕਿ ਰਾਗੀ ਉੱਤਮ ਸਿੰਘ ਜੀ ਬਾਰੇ ਵੀ ਕੁਝ ਘਟਨਾਵਾਂ ਅੰਕਿਤ ਸਨ।

ਮਹਾਂ ਸਿੰਘ ਜੀ ਨੇ ਸਾਡੇ ਇਕ ਮਹਾਨ ਭੁੱਲੇ ਵਿਸਰੇ ਰਾਗੀ ਬਾਰੇ ਚਾਨਣਾ ਪਾ ਕੇ, ਮੇਰੇ ਹਨੇਰੇ ਰਾਹ ਨੂੰ ਰੌਸ਼ਨਾਸ ਕੀਤਾ ਸੀ, ਇਸ ਲਈ ਇਹ ਲੇਖ ਸੰਪੂਰਨ ਕਰਦੇ ਸਮੇਂ, ਮੇਰੀ ਆਤਮਾ, ਉਨ੍ਹਾਂ ਦਾ ਹਾਰਦਿਕ ਧੰਨਵਾਦ ਵੀ ਕਰਦੀ ਹੈ।

ਜਾਪਦਾ ਹੈ ਜਿਵੇਂ ਉੱਤਮ ਸਿੰਘ ਜੀ ਰਾਗੀ 1929 ਤੋਂ ਕੁਝ ਸਮਾਂ ਪਹਿਲਾਂ ਚੜ੍ਹਾਈ ਕਰ ਗਏ।



ਬਾਬਾ ਮਲੰਗ ਖ਼ਾਂ ਤਬਲਾ ਨਵਾਜ਼

# ਬਾਬਾ ਮਲੰਗ ਖ਼ਾਂ

ਇਹ ਉਹ ਮਹਾਨ ਤਬਲਚੀ ਹੈ ਜਿਹੜਾ ਹਰਿਵੱਲਭ ਸੰਗੀਤ ਸੰਮੇਲਨ 'ਤੇ ਕਈ ਸਾਲ ਤਬਲਾ ਵਜਾਉਂਦਾ ਰਿਹਾ ਅਤੇ ਜਿਸਨੇ ਦੇਸ਼ ਦੇ ਉੱਘੇ ਉੱਘੇ ਹਰ ਗਾਇਕ ਨਾਲ ਸੰਗਤ ਕੀਤੀ। 1906 ਵਿਚ ਜਦੋਂ ਉਹ ਪਹਿਲੀ ਵੇਰ ਸਟੇਜ 'ਤੇ ਬੈਠਾ ਤਾਂ ਆਪਣੀ 'ਵਾਜ ਦੁਆਰਾ ਸਰੋਤਿਆਂ ਨੂੰ ਨਿਹਾਲ ਕਰ ਦਿੱਤਾ। ਉਸਦੇ ਹੱਥਾਂ ਵਿਚ ਐਨਾ ਰਸ ਸੀ ਕਿ ਉਸਨੂੰ ਸੁਣ ਕੇ ਕਈ ਗਵੱਈਏ ਉਸਦੇ ਹੱਥਾਂ ਨੂੰ ਚੁੰਮਣ ਲੱਗ ਪੈਂਦੇ ਸਨ। ਉਹ ਉਸਤਾਦ ਫ਼ਕੀਰ ਬਖ਼ਸ਼ ਦਾ ਸ਼ਾਗਿਰਦ ਸੀ। ਉਸ ਵਿਚ ਇਹ ਖ਼ੂਬੀ ਸੀ ਕਿ ਤਬਲਾ ਵਜਾਉਣ ਤੋਂ ਛੁੱਟ ਉਹ ਬਹੁਤ ਸੋਹਣਾ ਗਾ ਵੀ ਲੈਂਦਾ ਸੀ ਅਤੇ ਜਿੰਨੀ ਉਸਨੂੰ ਧਰੁੱਪਦ ਯਾਦ ਸੀ, ਓਨਾ ਹੀ ਖ਼ਿਆਲ। ਖ਼ਿਆਲ ਗਾਇਕੀ ਲਈ ਉਸਨੇ ਪਟਿਆਲਾ ਦੇ ਮਹਾਨ ਗਾਇਕ ਤਾਨ ਕਪਤਾਨ ਫ਼ਤਿਹ ਅਲੀ ਖ਼ਾਂ ਸਾਹਿਬ ਦੀ ਸ਼ਾਗਿਰਦੀ ਕੀਤੀ ਸੀ। ਪਰ ਉਸ ਤੋਂ ਪਹਿਲਾਂ ਉਸਨੇ ਬਾਬਾ ਹੁਸੈਨ ਬਖ਼ਸ਼ ਖ਼ਾਂ ਤੋਂ ਧਰੁੱਪਦ, ਧਮਾਰ ਅਤੇ ਹੋਰੀ ਸਿੱਖੀ ਸੀ, ਜਿਹੜੀਆਂ ਚੀਜ਼ਾਂ ਤਲਵੰਡੀ ਘਰਾਣੇ ਦੀ ਗਾਇਕੀ ਦਾ ਗਹਿਣਾ ਸਮਝੀਆਂ ਜਾਂਦੀਆਂ ਹਨ। ਬਾਬਾ ਹੁਸੈਨ ਬਖ਼ਸ਼ ਨੇ ਇਹ ਇਲਮ ਬਾਬਾ ਅੱਲਾ ਦੀਆ ਖ਼ਾਂ ਅੰਮ੍ਰਿਤਸਰ ਤੋਂ ਪ੍ਰਾਪਤ ਕੀਤਾ ਸੀ। ਇਹੀ ਕਾਰਨ ਸੀ ਕਿ ਕਿਸੇ ਭੁੱਲ ਗਏ ਗਵੱਈਏ ਨੂੰ ਅੱਧ ਵਿਚਕਾਰੋਂ, ਤਬਲਾ ਵਜਾਉਂਦਾ ਵਜਾਉਂਦਾ ਉਹ ਅਗਲੇ ਬੋਲ ਫੜਾ ਜਾਂਦਾ ਸੀ।

ਇਨ੍ਹਾਂ ਸਾਰੀਆਂ ਖ਼ੂਬੀਆਂ ਤੋਂ ਛੁੱਟ ਉਸਦੀ ਇਹ ਵਿਸ਼ੇਸ਼ਤਾ ਸੀ ਕਿ ਜਲੰਧਰ ਦੇ ਇਸ ਮਹਾਨ ਮੇਲੇ ਵਾਸਤੇ ਕਈ ਸਾਲ ਉਸਨੇ ਕਸਵੱਟੀ ਦਾ ਕੰਮ ਵੀ ਦਿੱਤਾ। ਤਬਲੇ 'ਤੇ ਸੰਗਤ ਕਰਨ ਸਮੇਂ, ਜਾਂ ਓਦਾਂ, ਕਿਸੇ ਵੀ ਗਾਇਕ ਦੇ ਗਾਉਂਦਿਆਂ ਜੇਕਰ ਉਸ ਦੇ ਮੂਹੋਂ 'ਵਾਹ ਵਾਹ' ਨਿਕਲ ਜਾਂਦੀ ਤਾਂ ਤਕਰੀਬਨ ਸਭ ਸਰੋਤੇ ਹੀ ਦਾਦ ਦੇਣ ਲੱਗ ਪੈਂਦੇ ਸਨ। ਜੇਕਰ ਨਹੀਂ ਤਾਂ ਕਿਸੇ ਵੀ ਗਵੱਈਏ ਦੀ ਏਥੇ ਘੱਟ ਹੀ ਦਾਲ ਗਲਦੀ ਸੀ ਅਤੇ ਉਸਦੀ ਗਾਈ ਹੋਈ ਚੀਜ਼ ਵੱਸਦੀ ਨਹੀਂ ਸੀ ਹੁੰਦੀ।

ਤਬਲੇ ਦੇ ਇਸ ਮਹਾਨ ਜਾਦੂਗਰ ਦਾ ਜਨਮ ਹੁਸ਼ਿਆਰਪੁਰ ਜ਼ਿਲ੍ਹੇ ਦੇ ਇਕ ਪਿੰਡ ਬੋਹਣ ਪੱਟੀ ਵਿਖੇ 1872 ਈ. ਦੇ ਨੇੜੇ ਤੇੜੇ ਹੋਇਆ। ਬਚਪਨ ਵਿਚ ਸੰਗੀਤ ਤੋਂ ਛੁੱਟ ਹਿਕਮਤ ਵੱਲ ਵੀ ਥੋੜ੍ਹਾ ਬਹੁਤਾ ਰੁਝਾਨ ਹੋਣ ਕਾਰਨ, ਉਸਨੇ ਹਕੀਮੀ ਵੀ ਸਿੱਖ ਲਈ ਅਤੇ ਆਪਣੇ ਪਿੰਡੋਂ ਆ ਕੇ ਹੁਸ਼ਿਆਰਪੁਰ ਆ ਡੇਰਾ ਲਾਇਆ।

ਅਸਲ ਵਿਚ ਹਿਕਮਤ ਸਿੱਖਣ ਲਈ ਉਸ ਨੇ ਦਿੱਲੀ ਦੇ ਸੁਪ੍ਰਸਿੱਧ ਹਕੀਮ ਅਬਦੁੱਲ ਜੱਬਾਰ ਖ਼ਾਂ, ਜਿਹੜੇ ਕਿ ਉਰਦੂ ਦੇ ਇਕ ਬੜੇ ਵੱਡੇ ਸਾਹਿਤਕਾਰ ਵੀ ਸਨ—

ਦੀ ਸ਼ਾਗਿਰਦੀ ਧਾਰਨ ਕਰ ਲਈ ਸੀ। ਇਹ ਉਸ ਮਸ਼ਹੂਰ ਹਕੀਮ ਦੀ ਪ੍ਰੇਰਨਾ ਸਦਕਾ ਹੀ ਸੀ ਕਿ ਉਰਦੂ-ਫ਼ਾਰਸੀ ਦਾ ਸਾਹਿਤ ਪੜ੍ਹਨ ਵੱਲ ਉਸਦਾ ਰੁਝਾਨ ਵਧ ਗਿਆ ਸੀ। ਇਹ ਉਨ੍ਹਾਂ ਦਿਨਾਂ ਦੀਆਂ ਹੀ ਗੱਲਾਂ ਹਨ ਜਦ ਕਿ ਉਸਨੇ ਫ਼ਾਰਸੀ ਦੀਆਂ ਦੋ ਪ੍ਰਸਿੱਧ ਸਦਾ-ਬਹਾਰ ਕਲਾਸਿਕਸ *ਗੁਲਿਸਤਾਂ* ਅਤੇ *ਬੋਸਤਾਂ* ਦਾ ਰੱਜਵਾਂ ਅਧਿਐਨ ਕਰ ਲਿਆ ਸੀ। ਉਸਦਾ ਪੁੱਤਰ ਫ਼ਿਆਜ਼ ਖ਼ਾਂ ਘਾਸ਼ਾ ਇਹ ਗੱਲ ਅਕਸਰ ਕਰਦਾ ਹੁੰਦਾ ਸੀ ਕਿ ਉਸਦੇ ਅੱਬੂ ਨੇ ਹਿਕਮਤ 'ਤੇ ਇਕ ਲਾਸਾਨੀ ਕਿਤਾਬ ਵੀ ਲਿਖੀ ਸੀ, ਜਿਸਦਾ ਮਸੌਦਾ 1947 ਵਾਲੀ ਦੇਸ਼ ਦੀ ਵੰਡ ਦੀ ਅਗਨ ਭੇਂਟ ਚੜ੍ਹ ਗਿਆ ਸੀ। ਕੁਝ ਹੀ ਸਮੇਂ ਪਿੱਛੋਂ ਓਥੋਂ ਉਸਨੇ ਗਾਇਕੀ ਦੇ ਗਿਆਨ ਲਈ ਸਿੱਧਾ ਪਟਿਆਲੇ ਨੂੰ ਰੁਖ਼ ਕੀਤਾ ਅਤੇ ਉਸ ਸਮੇਂ ਦੇ ਪ੍ਰਸਿੱਧ ਉਸਤਾਦ ਫ਼ਤਿਹ ਅਲੀ ਖ਼ਾਂ ਕਰਨੈਲ ਸਾਹਿਬ ਅੱਗੇ ਜਾ ਸ਼ੱਕਰ ਰੱਖੀ। ਪਰ ਜਦ ਹੀ ਕਰਨੈਲ ਸਾਹਿਬ ਰਿਆਸਤ ਪਟਿਆਲਾ ਛੱਡ ਕੇ, ਕਸ਼ਮੀਰ ਦਰਬਾਰ ਵਿਚ ਮਹਾਰਾਜਾ ਸਰ ਪ੍ਰਤਾਪ ਸਿੰਘ (1885-1925 ਈ.) ਕੋਲ ਚਲੇ ਗਏ ਤਾਂ ਆਪਣੀ ਵਿਦਿਆ ਸੰਪੂਰਨ ਕਰਨ ਲਈ, ਮਲੰਗ ਵੀ ਉਨ੍ਹਾਂ ਦੇ ਨਾਲ ਹੀ ਓਥੇ ਚਲਾ ਗਿਆ ਸੀ। ਉਨ੍ਹਾਂ ਕੋਲੋਂ ਉਹ ਪੂਰੇ ਸੱਤ ਸਾਲ ਵਿਦਿਆ ਹਾਸਲ ਕਰਦਾ ਰਿਹਾ ਸੀ। ਏਥੇ ਇਸ ਗੱਲ ਦਾ ਵਰਣਨ ਕਰ ਦੇਣਾ ਵੀ ਬੜਾ ਜ਼ਰੂਰੀ ਬਣਦਾ ਹੈ ਕਿ ਉਸ ਤੋਂ ਪਹਿਲਾਂ ਮਲੰਗੀ ਤਬੀਅਤ ਦੇ ਇਸ ਕਲਾਕਾਰ ਨੇ ਉਸਤਾਦ ਵਿਲਾਇਤ ਖ਼ਾਂ ਪ੍ਰਸਿੱਧ ਸਿਤਾਰ ਨਵਾਜ਼ ਦੇ ਬਾਬੇ ਉਸਤਾਦ ਇਮਦਾਦ ਖ਼ਾਂ (1848-1920 ਈ.) ਕੋਲੋਂ ਸਿਤਾਰ ਸਿੱਖਣ 'ਤੇ ਕਈ ਵਰ੍ਹੇ ਲਾਏ ਹੋਏ ਸਨ ਅਤੇ ਇਸਦੇ ਵਾਦਨ ਵਿਚ ਵੀ ਉਹ ਬੜਾ ਨਿਪੁੰਨ ਹੋ ਗਿਆ ਸੀ। ਬਲਕਿ ਇਕ ਸਮਾਂ ਫਿਰ ਅਜਿਹਾ ਵੀ ਆਇਆ ਜਦ ਕਿ ਆਲ-ਇੰਡੀਆ ਰੇਡੀਓ ਸਟੇਸ਼ਨ ਦਿੱਲੀ ਦੀ ਕਾਇਮੀ 'ਤੇ ਉਸਦੀ ਨਿਯੁਕਤੀ ਬਤੌਰ ਸਟਾਫ਼ ਆਰਟਿਸਟ ਦੇ ਸਿਤਾਰ ਵਾਦਨ ਕਰ ਕੇ ਹੀ ਕੀਤੀ ਗਈ ਸੀ।

ਹੁਣ ਤਕ ਮਲੰਗ ਖ਼ਾਂ, ਕੀ ਗਾਇਕੀ, ਕੀ ਸਿਤਾਰ ਵਾਦਨ ਅਤੇ ਕੀ ਹਿਕਮਤ 'ਚ ਬੇਸ਼ੱਕ ਇਕ ਵੱਡਾ ਨਾਂ ਬਣ ਚੁੱਕਾ ਸੀ–ਉਨ੍ਹਾਂ ਸਮਿਆਂ ਅਨੁਸਾਰ ਬਹੁਤ ਹੀ ਅੱਛੀ ਬਾ-ਵਕਾਰ ਨੌਕਰੀ, ਧਨ ਦੌਲਤ, ਹਰ ਪਾਸੇ ਸ਼ੋਹਰਤ, ਤਾਂ ਵੀ ਰੂਹਾਨੀ ਤੌਰ 'ਤੇ ਉਸਦੀ ਅਜੇ ਤ੍ਰਿਪਤੀ ਨਹੀਂ ਸੀ ਹੋ ਰਹੀ। ਉਸਦੀ ਰੂਹ ਅਜੇ ਵੀ ਕੁਝ ਹੋਰ ਉਚੇਰੀਆਂ ਉਡਾਰੀਆਂ ਮਾਰਨੀਆਂ ਚਾਹੁੰਦੀ ਸੀ। ਜਦ ਹੀ ਉਸਨੇ ਇਹ ਭਾਂਪ ਲਿਆ ਕਿ ਨਾ ਤਾਂ ਉਸ ਕੋਲੋਂ ਕਰਨੈਲ ਸਾਹਿਬ ਜਿੰਨਾ ਵੱਡਾ ਗਲੇਬਾਜ਼ ਬਣ ਹੋਣਾ ਹੈ, ਅਤੇ ਨਾ ਹੀ ਇਮਦਾਦ ਖ਼ਾਂ ਜਿੱਡਾ ਸਿਤਾਰ ਨਵਾਜ਼–ਤਾਂ ਉਸਨੇ ਇਹ ਫ਼ੈਸਲਾ ਕਰ ਲਿਆ ਕਿ ਹੁਣ ਤਾਂ ਉਸਨੇ ਕੇਵਲ ਤਬਲੇ ਦਾ ਬਣ ਕੇ ਹੀ ਰਹਿ ਜਾਣਾ ਹੈ। ਉਸ ਦਿਨ ਤੋਂ ਹੀ ਉਸਨੇ ਕੇਵਲ ਤਬਲੇ ਦਾ ਦਿਨ-ਰਾਤ ਰਿਆਜ਼ ਕਰਨਾ ਸ਼ੁਰੂ ਕਰ ਦਿੱਤਾ। ਆਪਣੇ ਸ਼ੌਕ ਦੀ ਪੂਰਤੀ ਲਈ ਉਹ ਕਦੇ ਲਾਹੌਰ ਤੋਂ ਕੋਈ ਜੋੜੀ ਖ਼ਰੀਦ ਕੇ ਲਿਆਉਂਦਾ, ਕਦੇ ਜਲੰਧਰ ਤੋਂ, ਕਦੇ ਪਟਿਆਲੇ ਤੋਂ, ਕਦੇ ਦਿੱਲੀ ਤੋਂ ਅਤੇ ਕਦੇ ਹੁਸ਼ਿਆਰਪੁਰ ਤੋਂ। ਜਦੋਂ ਉਨ੍ਹਾਂ ਨਾਲ ਉਸਦੀ ਪੂਰੀ ਤਸੱਲੀ ਨਾ ਹੁੰਦੀ ਤਾਂ ਆਖ਼ਿਰ ਉਸਨੇ ਇਹ ਫ਼ੈਸਲਾ ਕੀਤਾ ਕਿ ਉਹ ਤਬਲੇ ਖ਼ੁਦ ਬਣਾ ਕੇ ਨਵੇਂ-ਨਵੇਂ ਤਜਰਬੇ ਕਰਿਆ ਕਰੇਗਾ। ਉਨ੍ਹਾਂ ਦਿਨਾਂ 'ਚ ਬੇਨਜ਼ੀਰ ਚੱਠੂ ਬਣਾਉਣ ਲਈ ਹੁਸ਼ਿਆਰਪੁਰ ਦੇ ਨਾਲ ਲੱਗਦਾ ਪਿੰਡ ਸੀਗੜੀਵਾਲਾ ਬੜਾ ਪ੍ਰਸਿੱਧ ਸੀ। ਤਬਲਾ ਬਣਾਉਣ ਦਾ ਕੰਮ ਸਿੱਖਣ ਲਈ ਉਸਨੇ ਸੀਗੜੀਵਾਲਾ ਦੇ ਇਕ

ਕਾਰੀਗਰ ਮਿਸਤਰੀ ਬਰਕਤ ਉਲ੍ਹਾ ਖ਼ਾਂ ਦੀ ਸ਼ਾਗਿਰਦੀ ਕਰ ਲਈ ਅਤੇ ਕੁਝ ਹੀ ਸਮੇਂ ਵਿਚ ਉਹ ਫਿਰ ਆਪ ਖ਼ੁਦ ਇਕ ਤਕੜਾ ਕਾਰੀਗਰ ਬਣ ਗਿਆ। ਉਹ ਵੱਖ-ਵੱਖ ਲੱਕੜਾਂ ਦੇ, ਵੱਖ-ਵੱਖ ਆਕਾਰਾਂ ਦੇ ਚੱਠੂ/ਉੱਖਲੀਆਂ ਬਣਾਉਂਦਾ, ਖੱਲਾਂ ਮੜ੍ਹਦਾ ਅਤੇ ਨਿੱਤ ਦਿਹਾੜੇ ਨਵੇਂ-ਨਵੇਂ ਤਜਰਬੇ ਕਰਦਾ ਰਹਿੰਦਾ ਕਿ ਸਭ ਤੋਂ ਵੱਧ ਮਿੱਠੀ ਧੁਨੀ ਕਿਸ ਵਿੱਚੋਂ ਨਿਕਲਦੀ ਹੈ। ਕਈ ਲੋਕੀਂ ਉਸਦੇ ਦੀਵਾਨਗੀ ਦੀ ਹੱਦ ਤਕ ਇਸ ਸ਼ੌਕ ਨੂੰ ਦੇਖ ਕੇ ਹੈਰਾਨ ਰਹਿ ਜਾਂਦੇ ਅਤੇ ਕੁਝ ਉਸਨੂੰ 'ਖ਼ਬਤੀ', 'ਪਗਲਾ' ਕਹਿਣ ਤਕ ਵੀ ਜਾਂਦੇ, ਪਰ ਉਸ ਲਈ ਇਹ ਸਾਰਾ ਕੁਝ ਸਿਮਰਨ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਸੀ।

ਹੁਣ ਤਬਲੇ ਦੀ ਸਿਖਸ਼ਾ ਵਾਸਤੇ ਉਹ ਉਸ ਸਮੇਂ ਦੇ ਮਹਾਨ ਵਜਾਇਕ ਉਸਤਾਦ ਫ਼ਕੀਰ ਬਖ਼ਸ ( ?-1906 ?) ਕੋਲ ਲਾਹੌਰ ਆ ਗਿਆ। ਇਹ ਗੱਲ ਨਹੀਂ ਸੀ ਕਿ ਪਖਾਵਜ ਜਾਂ ਤਬਲਾ ਉਸ ਲਈ ਕੋਈ ਨਵੀਂ ਗੱਲ ਸੀ। ਅਸਲ ਗੱਲ ਇਹ ਸੀ ਕਿ ਜਦੋਂ ਉਸਦੀ ਉਮਰ ਪੰਦਰਾਂ ਕੁ ਸਾਲ ਦੀ ਸੀ ਤਾਂ ਮਾਜਰਾ ਇਹ ਹੋਇਆ ਕਿ ਹੁਸ਼ਿਆਰਪੁਰ ਵਿਖੇ ਜਿਥੇ ਹੁਣ ਇਹ ਨੌਜਵਾਨ ਰਹਿ ਰਿਹਾ ਸੀ, ਉਸਤਾਦ ਸੈਂਦੀ, ਜਿਹੜਾ ਸਿੰਧੀ ਦੇ ਨਾਂ ਨਾਲ ਵਧੇਰੇ ਪ੍ਰਸਿੱਧ ਸੀ, ਕਿਸੇ ਕੰਮ ਉਸਦਾ ਇਸ ਸ਼ਹਿਰ ਆਉਣਾ ਹੋ ਗਿਆ। ਉਸ ਬਾਬੇ ਦਾ ਪਿੱਛਾ ਭਾਵੇਂ ਕਿ ਕਪੂਰਥਲੇ ਦਾ ਸੀ, ਪਰ ਕਈ ਸਾਲਾਂ ਤੋਂ ਉਹ ਪਿਸ਼ਾਵਰ ਰਹਿ ਰਿਹਾ ਸੀ, ਜਿਥੇ ਡੂਮਾਂ ਗਲੀ 'ਚ ਉਨ੍ਹੀਂ ਦਿਨੀਂ ਫ਼ਕੀਰ ਬਖ਼ਸ਼ ਦੀ ਵੀ ਰਿਹਾਇਸ਼ ਸੀ। ਜਦ ਹੀ ਮਲੰਗ ਖ਼ਾਂ ਦੀ ਇਸ ਬਾਬੇ ਨਾਲ ਮੁਲਾਕਾਤ ਹੋਈ, ਉਸ ਉੱਤੇ ਉਹ ਦਬਾਅ ਪਾਉਣ ਲੱਗ ਪਿਆ ਕਿ ਉਸ ਨੂੰ ਉਹ ਆਪਣਾ ਸ਼ਾਗਿਰਦ ਬਣਾ ਲਏ, ਪਰ ਕਿਉਂਕਿ ਉਸ ਨੇ ਹੁਸ਼ਿਆਰਪੁਰ ਥੋੜ੍ਹੇ ਦਿਨ ਠਹਿਰਨਾ ਸੀ, ਇਸ ਗੱਲ ਲਈ ਉਹ ਰਜ਼ਾਮੰਦ ਨਹੀਂ ਸੀ ਹੋ ਰਿਹਾ। ਓਧਰੋਂ ਮਲੰਗ ਖ਼ਾਂ ਸ਼ਰਧਾਵਸ ਉਸਦੇ ਪੈਰ ਹੀ ਨਾ ਛੱਡੇ, ਦਿਨ ਰਾਤ ਉਸਦੀ ਟਹਿਲ ਸੇਵਾ ਅਤੇ ਖ਼ਿਦਮਤ ਕਰਦਾ ਰਿਹਾ ਕਰੇ। ਤਬਲਾ ਸਿੱਖਣ ਲਈ ਉਸਦਾ ਸ਼ੌਕ ਅਤੇ ਸ਼ਰਧਾ ਦੇਖ ਕੇ ਉਸ ਬਾਬੇ ਨੂੰ ਝੁਕਣਾ ਪਿਆ ਅਤੇ ਉਸਨੇ ਉਸ ਨੂੰ ਤਾਲੀਮ ਦੇਣੀ ਸ਼ੁਰੂ ਕਰ ਦਿੱਤੀ। ਜਿਹੜਾ ਬਾਬਾ ਪਿਸ਼ਾਵਰ ਵਾਪਸ ਪਰਤਣ ਲਈ ਕਾਹਲਾ ਸੀ, ਹੁਣ ਉਹ ਏਥੇ ਕਸ਼ਮੀਰੀ ਬਾਜ਼ਾਰ ਪੂਰਾ ਇਕ ਸਾਲ ਰਹਿੰਦਾ ਰਿਹਾ ਅਤੇ ਤਬਲਾ ਸਿਖਾਲਦਾ ਰਿਹਾ। ਬਾਬਾ ਸਿੰਧੀ ਨੇ ਇਸ ਨੌਜਵਾਨ ਦੀ ਬੇਇੰਤਹਾ ਤੀਖਣ ਬੁੱਧੀ ਅਤੇ ਵਚਨਬੱਧਤਾ ਦੇਖ ਕੇ ਇਹ ਫ਼ੈਸਲਾ ਕਰ ਲਿਆ ਕਿ ਉਹ ਉਸਨੂੰ ਤਬਲੇ ਦੀ ਸਰਵਉੱਤਮ ਵਿਦਿਆ ਜ਼ਰੂਰ ਦਿਵਾਏਗਾ। ਉਸ ਵੇਲੇ ਉਸਦੀ ਨਜ਼ਰ 'ਚ ਫ਼ਕੀਰ ਬਖ਼ਸ਼ ਤੋਂ ਤਕੜਾ ਪਖਾਵਜੀਆ ਕੋਈ ਹੋਰ ਹੈ ਨਹੀਂ ਸੀ। ਉਸ ਨੇ ਝੱਟ ਹੀ ਉਸਦੇ ਨਾਂ ਇਕ ਸਿਫ਼ਾਰਸ਼ੀ ਚਿੱਠੀ ਲਿਖ ਕੇ ਮਲੰਗ ਦੇ ਹੱਥ ਫੜਾ ਦਿੱਤੀ। ਮਲੰਗ ਖ਼ਾਂ ਖ਼ੁਸ਼ੀ ਵਿਚ ਬਉਰਾ ਹੋਇਆ ਪਹਿਲਾਂ ਲਾਹੌਰ, ਫਿਰ ਰਿਆਸਤ ਜੰਮੂ ਪੁੱਜ ਗਿਆ ਜਿਥੇ ਫ਼ਕੀਰ ਬਖ਼ਸ਼ ਦਰਬਾਰੀ ਪਦ 'ਤੇ ਨਿਯੁਕਤ ਹੋ ਚੁੱਕਾ ਸੀ। ਇਤਫ਼ਾਕ ਵੱਸ ਉਸ ਥਾਂ ਉਨ੍ਹੀਂ ਦਿਨੀਂ ਕਰਨੈਲ ਸਾਹਿਬ, ਬੜੇ ਗ਼ੁਲਾਮ ਅਲੀ ਖ਼ਾਂ ਦੇ ਪਿਤਾ ਅਲੀ ਬਖ਼ਸ਼, ਚਾਚਾ ਕਾਲੇ ਖ਼ਾਂ ਕਸੂਰ ਵਾਲੇ ਅਤੇ ਭਾਈ ਹਰਨਾਮ ਸਿੰਘ ਜੰਮੂ ਵਾਲੇ ਵਰਗੇ ਮਹਾਨ ਮਰਦੰਗੀਏ ਵੀ ਦਰਬਾਰੀ ਪਦ 'ਤੇ ਸੁਸ਼ੋਭਿਤ ਸਨ। ਭਾਈ ਮਲੰਗ ਏਥੇ ਤਕਰੀਬਨ ਤਿੰਨ-ਕੁ ਸਾਲ ਤਾਲੀਮ ਹਾਸਲ ਕਰਦਾ ਰਿਹਾ। ਜਦ ਹੀ


www.sikhbookclub.com

ਕਾਮਲ ਉਸਤਾਦ ਨੇ ਇਹ ਗੱਲ ਭਾਂਪ ਲਈ ਕਿ ਹੁਣ ਉਹ ਪੂਰੀ ਤਰ੍ਹਾਂ ਤਿਆਰ ਹੋ ਚੁੱਕਾ ਹੈ ਅਤੇ ਸਹਿਜੇ ਕੀਤੇ ਕਿਸੇ ਤੋਂ ਮਾਰ ਨਹੀਂ ਖਾਏਗਾ ਤਾਂ ਉਸਨੇ ਆਸ਼ੀਰਵਾਦ ਦਿੰਦਿਆਂ ਇਹ ਗੱਲ ਆਖੀ, "ਜਾਓ ਬੇਟਾ, ਤੁਹਾਡਾ ਹੁਣ ਅੱਲ੍ਹਾ ਬੇਲੀ! ਰਿਆਸਤਾਂ ਘੁੰਮੋ, ਦੰਗਲ ਲੜੋ, ਮਹਿਫ਼ਲਾਂ 'ਚ ਗਾਵੋ ਵਜਾਵੋ ਅਤੇ ਆਪਣੇ ਪੰਜਾਬ ਦਾ ਨਾਂ ਉੱਚਾ ਕਰੋ।"

ਪਿੱਛੋਂ ਕੁਝ ਹੀ ਸਾਲਾਂ 'ਚ ਬਤੌਰ ਤਬਲਾ ਵਾਦਕ ਦੇ ਉਸਦੀ ਪ੍ਰਸਿੱਧੀ ਸਾਰੇ ਭਾਰਤ ਵਿਚ ਫੈਲ ਗਈ ਸੀ। ਜਿਥੋਂ ਤਕ ਉਸਦੇ ਉਸਤਾਦ ਫ਼ਕੀਰ ਬਖ਼ਸ਼ ਦੇ ਪੁੱਤਰ ਕਾਦਰ ਬਖ਼ਸ਼ 'ਸਵਾ ਲੱਖ ਉਂਘਲੀ' ਦਾ ਸੰਬੰਧ ਹੈ—ਉਸਦਾ ਜਨਮ 1902 ਈ. ਦਾ ਹੈ। ਸੋ ਸਾਫ਼ ਜ਼ਾਹਰ ਹੈ ਕਿ ਉਸਦੇ ਨਾਂ ਦਾ ਡੰਕਾ, ਕਈ ਸਾਲ ਪਿੱਛੋਂ ਵੱਜਿਆ ਹੋਵੇਗਾ। ਇਹ ਅਹਿਮ ਨੁਕਤਾ ਅਸੀਂ ਜਾਣ ਬੁੱਝ ਕੇ ਉਠਾ ਰਹੇ ਹਾਂ ਤਾਂ ਜੋ ਪਾਠਕਾਂ ਸਾਹਮਣੇ ਸਹੀ ਤਸਵੀਰ ਪੇਸ਼ ਕੀਤੀ ਜਾ ਸਕੇ।

ਉਹ ਸਮੇਂ ਹੀ ਕੁਝ ਅਜਿਹੇ ਸਨ ਜਦ ਕਿ ਦੇਸ਼ ਚੋਟੀ ਦੇ ਗਵੱਈਆਂ ਵਜੱਈਆਂ ਨਾਲ ਭਰਿਆ ਪਿਆ ਸੀ। ਕਲਾਕਾਰ ਪਹਿਲਾ ਦੂਜਾ ਸਥਾਨ ਪ੍ਰਾਪਤ ਕਰਨ ਲਈ ਜਾਂ ਰਿਆਸਤਾਂ 'ਚੋਂ ਇਨਾਮ-ਇਕਰਾਮ ਹਾਸਲ ਕਰਨ ਲਈ ਇਕ ਦੂਜੇ ਨਾਲ ਕੁੱਕੜਾਂ ਵਾਂਗ ਲੜਦੇ ਝਗੜਦੇ। ਪਖਾਵਜ ਜਾਂ ਤਬਲੇ ਦੇ ਖੇਤਰ ਵਿਚ ਕੁਝ ਕਲਾਕਾਰ ਜਿਹੜੇ ਉਸ ਨਾਲ ਮੁਕਾਬਲੇ ਲਈ ਅਕਸਰ ਅਹੁਲਦੇ ਰਹਿੰਦੇ, ਉਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ: ਭਾਈ ਅਮੀਰ, ਭਾਈ ਨਸੀਰਾ, ਭਾਈ ਅੱਲਾ ਰੱਖਾ ਅੰਮ੍ਰਿਤਸਰੀ ਅਤੇ ਭਾਈ ਸੰਤੂ। ਇਨ੍ਹਾਂ ਦੇ ਆਪਸ ਵਿੱਚੀਂ ਦੋ-ਦੋ, ਤਿੰਨ-ਤਿੰਨ ਮੁਕਾਬਲੇ ਹੋਏ, ਪਰ ਪਰਵਰਦਗਾਰ ਨੇ ਹਮੇਸ਼ਾ ਇਸਦੀ ਇੱਜ਼ਤ ਪੱਤ ਰੱਖੀ। ਇਕ ਵੇਰ ਇਕ ਬੜਾ ਵਚਿੱਤ੍ਰ ਵਾਕਿਆ ਦਰਪੇਸ਼ ਆਇਆ। ਮਹਾਰਾਜਾ ਪਟਿਆਲਾ ਨੇ ਹਿੰਦੂਆਂ ਦੇ ਗਾਇਕ ਪੰਡਿਤ ਭਾਸਕਰ ਬੂਆ ਬਖਲੇ (1869-1922 ਈ.) ਦੀ ਜਦੋਂ ਬੇਹਦ ਮਹਿਮਾ ਸੁਣੀ ਤਾਂ ਆਪਣੇ ਪ੍ਰਾਈਮ ਮਨਿਸਟਰ ਰਾਜਾ ਦਯਾ ਕ੍ਰਿਸ਼ਨ ਕੋਲ ਉਸ ਨੂੰ ਸੁਣਨ ਦੀ ਇੱਛਾ ਪ੍ਰਗਟ ਕੀਤੀ। ਇਹ ਗੱਲ 1920 ਦੀ ਹੈ। ਇਹ ਹਕੀਕਤ ਜੱਗ ਜ਼ਾਹਰ ਹੈ ਕਿ ਭਾਸਕਰ ਜੀ ਦੇ ਪਸੰਦੀਦਾ ਤਬਲਾ ਨਵਾਜ਼ ਮਲੰਗ ਖ਼ਾਂ ਸਨ ਅਤੇ ਇਹ ਗੱਲ ਉਹ ਅਕਸਰ ਕਿਹਾ ਕਰਦੇ ਸਨ ਕਿ ਮੇਰੀ ਗਾਇਕੀ ਦਾ ਜੇਕਰ ਪੂਰਾ ਰਹੱਸ ਮਾਣਨਾ ਹੈ ਤਾਂ ਪਖਾਵਜ ਤੇ ਸੰਗਤੀਆ ਮੈਨੂੰ ਇਹ ਦਿਆ ਕਰੋ। ਪਰ ਜਦ ਹੀ ਭਾਈ ਮਲੰਗ ਪਟਿਆਲਾ ਪੁੱਜੇ ਤਾਂ ਅੱਗੋਂ ਭਾਈ ਅਮੀਰ ਨੂੰ ਦੇਖ ਕੇ ਹੈਰਾਨ ਰਹਿ ਗਏ। ਉਨ੍ਹਾਂ ਪੰਡਿਤ ਭਾਸਕਰ ਜੀ ਨਾਲ ਗੱਲ ਕਰਦਿਆਂ ਕਿਹਾ ਕਿ ਜੇਕਰ ਭਾਈ ਅਮੀਰ ਨੇ ਹੀ ਤੁਹਾਡੇ ਨਾਲ ਸੰਗਤ ਕਰਨੀ ਸੀ ਤਾਂ ਫਿਰ ਮੇਰੀ ਏਥੇ ਕੀ ਲੋੜ ਸੀ? ਉਨ੍ਹਾਂ ਨਾਲ ਇਸ ਗੱਲ ਦੀ ਵਜ਼ਾਹਤ ਕਰਦਿਆਂ ਇਹ ਵੀ ਦੱਸਿਆ ਕਿ ਅਸੀਂ ਇੱਕੋ ਘਰਾਣੇ ਦੇ ਸ਼ਾਗਿਰਦ ਹਾਂ, ਇੱਕੋ ਉਸਤਾਦ ਦੇ ਚੇਲੇ ਹੋਏ ਹਾਂ। ਆਪਸ ਵਿਚ ਸਾਡਾ ਮੁਕਾਬਲਾ ਤਾਂ ਬਣਦਾ ਹੀ ਨਹੀਂ। ਨਾਲ ਹੀ ਸਾਡੇ ਉਸਤਾਦ ਨੇ ਮੈਨੂੰ ਇਸ ਗੱਲ ਦੀ ਹਦਾਇਤ ਖ਼ਾਸ ਤੌਰ 'ਤੇ ਕੀਤੀ ਹੋਈ ਹੈ ਕਿ ਤੂੰ ਕਿਸੇ ਵੀ ਹਾਲਤ ਵਿਚ ਭਾਈ ਅਮੀਰ ਨਾਲ ਸਿੱਧੇ ਟਾਕਰੇ ਤੋਂ ਗੁਰੇਜ਼ ਕਰਨਾ ਹੈ। ਮਾਮਲਾ ਬੜਾ ਗੰਭੀਰ ਸੀ, ਜਿਹੜਾ ਕਿ ਮਹਾਰਾਜੇ ਦੇ ਸਾਹਮਣੇ ਲਿਆਂਦਾ ਗਿਆ। ਆਖ਼ਿਰ ਫ਼ੈਸਲਾ ਇਹ ਹੋਇਆ ਕਿ ਪਹਿਲੋਂ ਦੋ ਦਿਨ ਭਾਸਕਰ ਨਾਲ ਪਖਾਵਜ ਭਾਈ

ਅਮੀਰ ਵਜਾਉਣਗੇ ਅਤੇ ਆਖ਼ਰ ਤਿੰਨ ਦਿਨ ਭਾਈ ਮਲੰਗ। ਹੋਰ ਤਾਂ ਹੋਰ, ਇਕ ਵੇਰ ਫਿਰ ਉਹ ਸਮਾਂ ਵੀ ਆਇਆ ਜਦ ਕਿ ਮੀਆਂ ਕਾਦਰ ਬਖ਼ਸ਼ ਵੀ ਉਸ ਨਾਲ ਮੁਕਾਬਲਾ ਕਰਨ ਲਈ ਅਹੁਲਣ ਲੱਗ ਪਿਆ, ਹਾਲਾਂਕਿ ਮਲੰਗ ਨੇ ਉਸਦੇ ਪਿਤਾ ਦੀ ਮੌਤ ਪਿੱਛੋਂ ਉਸਨੂੰ ਪਾਲਿਆ ਸਿਖਾਲਿਆ ਸੀ। ਏਧਰੋਂ ਓਧਰੋਂ ਜਦ ਹੀ ਇਹ ਕਨਸੋਆਂ ਮਲੰਗ ਕੋਲ ਪੁੱਜੀਆਂ ਤਾਂ ਉਹ ਇਨ੍ਹਾਂ ਗੱਲਾਂ ਤੋਂ ਕਾਫ਼ੀ ਪਰੇਸ਼ਾਨ ਹੋਣ ਲੱਗ ਪਏ। ਜਦ ਪਾਣੀ ਗਲ-ਗਲ ਚੜ੍ਹ ਗਿਆ ਤਾਂ ਹਾਰ ਕੇ ਕਿਸੇ ਸਾਂਝੇ ਜਾਣਕਾਰ ਰਾਹੀਂ ਰੁੱਕਾ ਮੀਆਂ ਜੀ ਤਕ ਅਪੜਦਾ ਕਰਵਾ ਦਿੱਤਾ ਗਿਆ। ਇਬਾਰਤ ਕੁਝ ਇਸ ਤਰ੍ਹਾਂ ਦੀ ਦੱਸੀ ਜਾਂਦੀ ਹੈ :

ਮੁਹਤਰਮ ਕਾਦਰ ਬਖ਼ਸ਼ ਜੀ,

ਖੰਿਥਉਂ ਸੱਜਿਉਂ ਤੁਹਾਡੀ ਵੱਲੋਂ ਕਈ ਤਰ੍ਹਾਂ ਦੇ ਸੁਨੇਹੇ ਜਾਂ ਚੈਲਿੰਜ ਮਿਲਦੇ ਰਹੇ ਹਨ, ਜਿਨ੍ਹਾਂ ਕਾਰਨ ਮੈਂ ਕਾਫ਼ੀ ਹੈਰਾਨ ਪਰੇਸ਼ਨ ਹੁੰਦਾ ਰਿਹਾ ਹਾਂ। ਕਾਰਨ ਇਹ ਹੈ ਕਿ ਤੁਹਾਡੇ ਅੱਬਾ ਜੀ ਮੇਰੇ ਇਲਮਦਾਤਾ ਸਨ, ਬਲਕਿ ਸਭ ਕੁਝ। ਤੁਸੀਂ ਮਸਾਂ ਅਜੇ ਚਾਰ ਕੁ ਸਾਲ ਦੇ ਹੀ ਹੋਏ ਸਓ ਕਿ ਉਹ ਅੱਲ੍ਹਾ ਨੂੰ ਪਿਆਰੇ ਹੋ ਗਏ। ਸਾਡਾ ਤਾਂ ਸਭ ਕੁਝ ਲੁੱਟਿਆ ਗਿਆ, ਨਾਲ ਤੁਹਾਡਾ ਵੀ। ਖ਼ੈਰ, ਮੈਂ ਇਹ ਡੂੰਘਾ ਜ਼ਖ਼ਮ, ਛਾਢਾ ਖੱਪਾ ਨਾ ਮਹਿਸੂਸ ਹੋਣ ਹਿਤ ਤੁਹਾਨੂੰ ਸਦਾ ਬੱਚਿਆਂ ਵਾਂਗ ਪਾਲਿਆ, ਪਿਆਰ ਦਿੱਤਾ। ਇਸ ਤੋਂ ਵੀ ਵੱਧ ਕੇ ਮੈਂ ਤੁਹਾਨੂੰ ਉਨ੍ਹਾਂ ਦੀ ਥਾਂ ਜਾਣ ਕੇ ਤੁਹਾਨੂੰ ਵੀ ਹਮੇਸ਼ਾ ਆਪਣਾ ਉਸਤਾਦ ਸਮਝ ਕੇ ਬਣਦਾ ਮਾਣ ਸਤਿਕਾਰ ਦਿੰਦਾ ਰਿਹਾ ਹਾਂ। ਪਰ ਤੁਸੀਂ ਅੱਜ...। ਚੂੰਕਿ ਤੁਹਾਡੇ ਘਰ ਦਾ ਲੂਣ ਖਾਂਦਾ ਰਿਹਾ ਹਾਂ, ਉਸਦਾ ਪਾਸ ਰੱਖਦਿਆਂ ਹੋਇਆਂ, ਇਹ ਬੇਨਤੀ ਕਰ ਦੇਣੀ ਜ਼ਰੂਰੀ ਸਮਝਦਾ ਹਾਂ ਕਿ ਜੇਕਰ ਮੁਕਾਬਲਾ ਕਰਨਾ ਬੜਾ ਜ਼ਰੂਰੀ ਹੈ, ਤਾਂ ਮੇਰੇ ਸਿਰ ਮੱਥੇ 'ਤੇ ਪਰ ਇਸ ਗੱਲ ਦਾ ਖ਼ਿਆਲ ਰੱਖਣਾ ਕਿ ਕੀ ਤੁਹਾਨੂੰ ਅਬਾਬੀਲ-ਤਾਲ[1] ਅਤੇ ਗਧਾ-ਦੁੰਬ[2] ਤਾਲ ਆਉਂਦਾ ਹੈ ਕਿ ਨਹੀਂ ? ਇਨ੍ਹਾਂ ਤਾਲਾਂ ਦੇ ਕੇਵਲ ਪੰਜਾਬ ਅੰਗ ਦੇ ਠੇਕਿਆਂ ਨਾਲ ਮੈਨੂੰ ਬਹੁਤਾ ਸਰੋਕਾਰ ਨਹੀਂ। ਪੁੱਛ ਕੀਤੀ ਜਾਂਦੀ ਹੈ ਕਿ ਅਵਧੀ (ਲਖਨਊ) ਅੰਗ ਦੇ ਕਾਇਦੇ ਅਨੁਸਾਰ ਵੀ ਅਤੇ ਪੂਰਬੀ (ਬਨਾਰਸੀ) ਉਠਾਨ ਦੇ ਮੁਤਾਬਿਕ ਵੀ ਕੀ ਤੁਸੀਂ ਸਭ ਕੁਝ ਜਾਣਦੇ ਹੋ ? ਇਨ੍ਹਾਂ ਗੱਲਾਂ ਦਾ ਜੇਕਰ ਤੁਹਾਡੇ ਪਾਸ ਕੋਈ ਉੱਤਰ ਹੈ ਤਾਂ ਮੇਰੇ ਮੂਹ ਆਉਣਾ, ਨਹੀਂ ਤਾਂ ਕੁਝ ਤਮਾਸ਼ਬੀਨ ਲੋਕਾਂ ਦੀ ਚੁੱਕਤ ਵਿਚ ਆ ਕੇ ਤੁਸੀਂ ਆਪਣੀ ਜਾਂ ਮੇਰੀ ਤੌਹੀਨ ਕਰੋ, ਤੁਹਾਨੂੰ ਇਹ ਗੱਲਾਂ ਸੋਭਦੀਆਂ ਨਹੀਂ। ਜ਼ਰਾ ਸੋਚ ਵਿਚਾਰ ਅਤੇ ਧੀਰਜ ਤੋਂ ਕੰਮ ਲੈਣਾ। ਮੈਂ ਹਾਲੇ ਵੀ ਓਸੇ ਤਰ੍ਹਾਂ ਤੁਹਾਡਾ ਸਤਿਕਾਰ ਕਰਦਾ ਹਾਂ ਅਤੇ ਤਾ-ਕਿਆਮਤ ਕਰਦਾ ਵੀ ਰਹਾਂਗਾ।"

ਤੁਹਾਡਾ

ਬਾਬਾ ਮਲੰਗ ਸ਼ੋਹਣ ਪੱਟੀਆਂ (ਹੁਸ਼ਿਆਰਪੁਰ)

ਜਲੰਧਰ ਦੇ ਪ੍ਰਸਿੱਧ ਸਾਜ਼ਕਾਰ ਸ. ਅੱਛਰ ਸਿੰਘ ਜੀ ਨੇ ਲੇਖਕ ਨੂੰ ਇਕ ਵੇਰ ਦੱਸਿਆ ਸੀ ਕਿ ਇਕ ਵੇਰ ਹਰਿਵੱਲਭ ਸੰਗੀਤ ਮੇਲੇ 'ਤੇ ਗਾਉਣ ਵਾਸਤੇ ਪੰਡਿਤ

---

1. ਅਬਾਬੀਲ ਇਕ ਕਿਸਮ ਦਾ ਕਬੂਤਰ। ਇਹ ਤਾਲ ਵੱਜਦਾ ਹੋਵੇ ਤਾਂ ਗੁਟਕੂੰ-ਗੁਟਕੂੰ ਦੀ ਆਵਾਜ਼ ਨੁਮਾਇਆਂ ਹੁੰਦੀ ਹੈ।
2. ਗਧਾ-ਦੁੰਬ—ਭਾਵ ਘੋੜੇ ਦੀ ਪੂਛ। ਗਧਾ ਲੋਟ ਇਕ ਪਹਿਲਵਾਨੀ ਦਾਅ ਦਾ ਨਾ ਵੀ ਹੈ।


www.sikhbookclub.com

ਕ੍ਰਿਸ਼ਨਾਰਾਓ ਗਵਾਲੀਅਰ ਵਾਲੇ ਆ ਗਏ। ਆਪਣੀਆਂ ਪਹਿਲੀਆਂ 'ਚ ਇਹ ਤਬਲਚੀ ਵਿਚਾਰਾ ਡਰ ਗਿਆ ਕਿ ਹੁਣ ਆਫ਼ਤ ਆ ਗਈ ਹੈ, ਇਹ ਗਵੱਈਆ ਸਮਾਧੀ ਲਾ ਕੇ ਮਸਤੀ ਵਿਚ ਗ਼ਲਤਾਨ ਹੋ ਕੇ ਗਾਉਣ ਦਾ ਆਦੀ ਹੈ, ਹੁਣ ਉਸ ਨੂੰ ਸਮ ਲੱਭਣ ਲਈ ਬੜੀ ਔਖ ਪੇਸ਼ ਆਵੇਗੀ। ਖ਼ੈਰ, ਦੋਵੇਂ ਕਲਾਕਾਰ ਸਟੇਜ 'ਤੇ ਬੈਠ ਗਏ। ਉਸਨੇ ਕੇਵਲ ਸਮ ਹੀ ਨਹੀਂ ਲੱਭਿਆ, ਨਾਲ ਸਾਥ ਹੀ ਨਹੀਂ ਕੀਤਾ, ਸਗੋਂ ਨਾਲ ਦੇ ਨਾਲ ਉਹ ਠਾਹ-ਠਾਹ ਉਵੇਂ ਦਾ ਉਵੇਂ ਹੀ ਮਗਰ ਵਰ੍ਹਦਾ ਰਿਹਾ।

ਆਪ ਕਈ ਦਹਾਕੇ ਹਰਿਵੱਲਭ ਸੰਗੀਤ ਸੰਮੇਲਨ ਜਲੰਧਰ ਨਾਲ ਜੁੜੇ ਰਹੇ। ਉਨ੍ਹਾਂ ਦੇ ਹੁੰਦਿਆਂ ਪੰਜਾਬ ਦੇ ਨੱਕ ਨਮੂਜ ਨੂੰ ਕੋਈ ਖ਼ਤਰਾ ਨਹੀਂ ਸੀ। ਦੇਸ਼ ਭਰ 'ਚੋਂ ਵੱਡੇ ਤੋਂ ਵੱਡੇ ਗਵੱਈਏ ਅਤੇ ਤਬਲੀਏ ਇਸ ਥਾਂ ਆਉਂਦੇ ਜਾਂਦੇ ਰਹੇ, ਜਿਨ੍ਹਾਂ ਨਾਲ ਉਹ ਸਾਥ ਜਾਂ ਮੁਕਾਬਲੇ ਕਰਦੇ ਰਹੇ। ਦੇਸ਼ ਭਰ 'ਚ ਆਪ ਨੇ ਕਈ ਮੈਦਾਨ ਜਿੱਤੇ ਅਤੇ ਕਈ ਥਾਵਾਂ ਤੋਂ ਤਰ੍ਹਾਂ ਤਰ੍ਹਾਂ ਦੇ ਪੁਰਸਕਾਰ ਪ੍ਰਾਪਤ ਕੀਤੇ, ਪਰ ਸਭ ਤੋਂ ਵੱਧ ਮਾਣ ਉਨ੍ਹਾਂ ਨੂੰ ਉਦੋਂ ਮਿਲਿਆ ਜਦੋਂ 1932 ਈ. ਵਿਚ ਹਰਿਵੱਲਭ ਸੰਗੀਤ ਵਾਲਿਆਂ ਨੇ ਆਪ ਨੂੰ ਇਕ ਮੈਡਲ ਦੇ ਕੇ ਸਨਮਾਨਿਤ ਕੀਤਾ ਸੀ। ਇਸ ਸਟੇਜ ਤੋਂ ਇਹ ਪਹਿਲਾ ਮੌਕਾ ਸੀ ਕਿ ਇਹੋ ਜਿਹਾ ਸਨਮਾਨ ਕਿਸੇ ਨੂੰ ਕਦੇ ਮਿਲਿਆ ਹੋਵੇ, ਨਹੀਂ ਤਾਂ ਏਥੇ ਸਦਾ ਜੈਮਾਲਾ ਪਹਿਨਾਉਣ ਦਾ ਹੀ ਰਿਵਾਜ ਰਿਹਾ ਹੈ।

ਵੀਹਵੀਂ ਸਦੀ ਦੇ ਮਹਾਨ ਤਬਲਾ ਨਵਾਜ਼ ਉਸਤਾਦ ਅੱਖਾ ਰੱਖਾ ਨਾਲ ਲੇਖਕ ਦੀਆਂ ਅਕਸਰ ਮੁਲਾਕਾਤਾਂ ਹੁੰਦੀਆਂ ਰਹੀਆਂ ਹਨ। ਬਾਬੇ ਮਲੰਗ ਬਾਰੇ ਜਦ ਕਦੇ ਵੀ ਕੋਈ ਗੱਲ ਚੱਲੀ, ਉਨ੍ਹਾਂ ਹਮੇਸ਼ਾ ਉਨ੍ਹਾਂ ਨੂੰ ਬੜੇ ਸਤਿਕਾਰ ਨਾਲ ਯਾਦ ਕੀਤਾ। 1971 ਈ. ਦੀਆਂ ਗੱਲਾਂ ਹਨ; ਉਦੋਂ ਅਸੀਂ ਅਜੇ ਬਾਰਕਿੰਗ ਰਹਿੰਦੇ ਸਾਂ। ਅਸਾਂ ਉਸਤਾਦ ਸਲਾਮਤ ਅਲੀ ਖ਼ਾਂ ਹੋਰਾਂ ਦੀ ਇਕ ਨਿੱਜੀ ਮਹਿਫ਼ਲ ਦਾ ਇੰਤਜ਼ਾਮ ਕੀਤਾ। ਸਬੱਬ ਨਾਲ ਉਦੋਂ ਏਥੇ ਭਾਈ ਧਰਮ ਸਿੰਘ ਸ਼ਮਸ਼ੇਰ ਸਿੰਘ ਜ਼ਖ਼ਮੀ ਵੀ ਲੰਡਨ ਆਏ ਹੋਏ ਸਨ। ਉਨ੍ਹਾਂ ਦੀ ਵੀ ਦਿਲੀ-ਤਮੰਨਾ ਸੀ ਕਿ ਸ਼ਾਮ ਚੁਰਾਸੀ ਵਾਲੇ ਉਸਤਾਦਾਂ ਨੂੰ ਸਾਹਮਣੇ ਬੈਠ ਕੇ ਸੁਣੀਏ। ਉਹ ਬੜੀ ਯਾਦਗਾਰੀ ਮਹਿਫ਼ਲ ਹੋ ਨਿਬੜੀ। ਖ਼ਾਤਮੇ 'ਤੇ ਜਦੋਂ ਅਸੀਂ ਘਰ ਪਰਤ ਰਹੇ ਸਾਂ ਤਾਂ ਮਲੰਗ ਜੀ ਦੀਆਂ ਗੱਲਾਂ ਚੱਲ ਪਈਆਂ। ਭਾਈ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਸਭ ਤੋਂ ਛੋਟਾ ਭਰਾ ਗ਼ੁਲਾਮ ਦੀਨ ਉਰਫ਼ ਤਾਤੀ ਸ਼ਾਹ ਵੀ ਬੜਾ ਸੋਹਣਾ ਗਵੱਈਆ ਸੀ। ਉਹ ਗਾਉਂਦਾ ਤਾਂ ਬਹੁਤ ਸੀ, ਪਰ ਤਾਂ ਵੀ ਉਸ ਪੱਧਰ 'ਤੇ ਜ਼ਾਹਰ ਨਹੀਂ ਸੀ ਹੋ ਸਕਿਆ। ਉਹ ਪਾਕਿਸਤਾਨ ਬਣਨ ਤੋਂ ਪਹਿਲਾਂ ਮਰ ਗਿਆ ਸੀ। ਉਸਦੀ ਕਬਰ ਉਨ੍ਹਾਂ ਦੇ ਪਿੰਡ ਬੋਹਣ ਨੂੰ ਜਾਈਏ ਤਾਂ ਰਾਹ ਵਿਚ ਜਿਹੜੀ ਇਕ ਝਿੜੀ ਆਉਂਦੀ ਹੈ, ਉਸ ਵਿਚ ਹੁੰਦੀ ਸੀ।

ਭਾਈ ਮਲੰਗ ਦਾ ਜਨਮ ਬੜੇ ਅਜੀਬ ਹਾਲਾਤ ਵਿਚ ਹੋਇਆ ਸੀ। ਉਸਦੇ ਪਿਤਾ ਭਾਈ ਅਤਾ ਬਖ਼ਸ਼ ਉਰਫ਼ ਅਤਰਾ ਨੂੰ ਸ਼ਾਦੀ ਕਰਵਾਈ ਨੂੰ ਪੂਰੇ ਵੀਹ ਸਾਲ ਗੁਜ਼ਰ ਚੁੱਕੇ ਸਨ, ਪਰ ਕੋਈ ਬੱਚਾ ਪੈਦਾ ਨਹੀਂ ਸੀ ਹੋ ਰਿਹਾ। ਸਬੱਬੀਂ, ਏਸੇ ਪਿੰਡ ਦਾ ਹੀ ਇਕ ਫ਼ਕੀਰ ਬਾਬਾ ਮਸਤਾਨ ਅਲੀ ਸ਼ਾਹ ਉਨ੍ਹਾਂ ਦੇ ਘਰ ਅਕਸਰ ਆਉਂਦਾ-ਜਾਂਦਾ ਸੀ। ਭਾਈ ਅਤਰੇ ਦੀ ਬੀਵੀ ਉਸਨੂੰ ਰੋਟੀ-ਪਾਣੀ, ਲੱਸੀ ਜਾਂ ਦੁੱਧ ਆਦਿ ਬੜੀ ਸ਼ਰਧਾ ਨਾਲ ਛਕਾਉਂਦੀ ਸੀ। ਇਕ ਦਿਨ ਪੂਰੇ ਵਜਦ ਵਿਚ ਆਇਆਂ, ਉਸਦੇ

ਸਿਰ 'ਤੇ ਹੱਥ ਫੇਰਦਿਆਂ ਉਸ ਸੁਆਣੀ ਨੂੰ ਵਰ ਦਿੰਦਿਆਂ ਆਖਿਆ, "ਜਾਹ ਮਾਈ, ਤੇਰੇ ਸਿਰਫ਼ ਇਕ ਨਹੀਂ, ਪੰਜ ਪੁੱਤ ਹੋਣਗੇ। ਸਭ ਤੋਂ ਵੱਡਾ ਮੇਰੇ ਵਾਂਗ ਹੀ ਮਸਤ ਮਲੰਗ ਹੋਵੇਗਾ, ਪਰ ਸਾਰੀ ਦੁਨੀਆਂ 'ਚ ਬੜਾ ਨਾਂ ਕਮਾਵੇਗਾ ਅਤੇ ਪੈਸਾ ਵੀ। ਇਸ ਲਈ ਉਸਦਾ ਨਾਂ ਵੀ ਤੂੰ ਮਲੰਗ ਹੀ ਰੱਖੀਂ। ਦੂਜਿਆਂ ਦੇ ਨਾਂ ਜਿਹੜੇ ਮਰਜ਼ੀ ਰੱਖ ਲਈਂ।" ਸੋ ਇਹ ਮਸਤ ਮਲੰਗ ਫ਼ਕੀਰ ਦੇ ਵਰ ਦਾ ਹੀ ਨਤੀਜਾ ਸੀ ਕਿ ਭਾਈ ਅਤਰੇ ਦੇ ਘਰ ਪੰਜ ਪੁੱਤਰਾਂ ਨੇ ਜਨਮ ਲਿਆ ਜਿਨ੍ਹਾਂ ਦੇ ਨਾਂ ਇਸ ਪ੍ਰਕਾਰ ਸਨ: ਇਮਾਮ ਦੀਨ, ਨਿਜ਼ਾਮ ਦੀਨ, ਫ਼ੀਰੋਜ਼ ਦੀਨ ਅਤੇ ਗੁਲਾਮ ਦੀਨ ਉਰਫ਼ ਤਾਤੀ ਸ਼ਾਹ ਜਿਸਦਾ ਜ਼ਿਕਰ ਉਪਰ ਕਰ ਆਏ ਹਾਂ।

ਭਾਈ ਮਲੰਗ ਖ਼ਾਂ ਫ਼ਕੀਰਾਨਾ ਤਬੀਅਤ ਅਤੇ ਬਹੁ-ਪੱਖੀ ਸ਼ਖ਼ਸੀਅਤ ਦੇ ਸੁਆਮੀ ਸਨ। ਸਿੱਧ-ਪੱਧਰੇ ਖ਼ਿਆਲ, ਸਾਦਾ ਲਿਬਾਸ। ਗਰਮੀਆਂ ਨੂੰ ਆਮ ਤੌਰ 'ਤੇ ਉਹ ਖੱਦਰ ਆਦਿ ਦੀ ਸਾਧਾਰਨ ਕਮੀਜ਼ ਅਤੇ ਚੂੜੀਦਾਰ ਪਜਾਮਾ ਪਹਿਨਦੇ ਅਤੇ ਸਿਰ 'ਤੇ ਖ਼ੂਬਸੂਰਤ ਦਸਤਾਰ ਸਜਾਉਂਦੇ, ਪਰ ਸਰਦੀਆਂ ਨੂੰ ਇਕ ਛੋਟਾ ਜਿਹਾ ਕੋਟ ਜਾਂ ਝੱਗੀ ਜਾਂ ਐਚਕਨ ਉੱਪਰ ਸ਼ੇਰਵਾਨੀ ਵਰਗਾ ਲੰਮਾ ਕੋਟ ਅਤੇ ਪੈਰੀਂ ਉੱਨ ਦੀਆਂ ਜੁਰਾਬਾਂ, ਧੌੜੀ ਦੀ ਜੁੱਤੀ ਪਹਿਨਦੇ ਸਨ। ਉੱਚੇ-ਲੰਮੇ ਕੜੀਅਲ ਜੁਆਨ, ਦਾੜ੍ਹੀ ਮਾਮੂਲੀ ਜਿਹੀ ਕੱਟੀ-ਕੁਤਰੀ ਹੋਈ, ਮੁਛੈਲ ਮਰਦ ਸਨ। ਪਹਿਲਵਾਨੀ ਦਾ ਬੇਹੱਦ ਸ਼ੌਕ ਹੋਣ ਕਾਰਨ, ਡੰਡ ਬੈਠਕਾਂ ਵੀ ਰੋਜ਼ਾਨਾ ਕੱਢਦੇ। ਪੰਜਾਬ ਭਰ ਦੇ ਵੱਡੇ-ਵੱਡੇ ਭਲਵਾਨਾਂ, ਜਿਨ੍ਹਾਂ ਵਿੱਚੋਂ ਸ਼ੇਰਾ ਤੰਬਾਕੂ-ਕੁੱਟ, ਜਿਹੜਾ ਕਿ ਗਾਮੇ 'ਰੁਸਤਮਿ-ਜਹਾਨ' ਦਾ ਸ਼ਾਗਿਰਦ ਸੀ, ਆਦਿ ਨਾਲ ਉਨ੍ਹਾਂ ਦੀ ਬੈਠਕ-ਉਠਕ ਸੀ। ਦੁੱਧ ਦੇ ਬੜੇ ਸ਼ੌਕੀਨ ਸਨ, ਦਿਹਾੜੀ 'ਚ ਤਿੰਨ ਵਾਰ ਪੀਂਦੇ। ਜਦ ਸਵੇਰ ਨੂੰ ਨਾਸ਼ਤਾ ਕਰਦੇ, ਗਲਾਸ ਦੁੱਧ 'ਚ ਬਦਾਮਾਂ ਦੀਆਂ ਚਾਲੀ ਗਿਰੀਆਂ ਕਾੜ੍ਹੀਆਂ ਹੋਈਆਂ ਹੁੰਦੀਆਂ ਸਨ। ਸਭ ਤੋਂ ਵੱਡੀ ਖ਼ੂਬੀ ਇਹ ਕਿ ਇਲਮ ਦੀ ਤਲਾਸ਼ ਵਿਚ ਉਹ ਦੇਸ਼ ਭਰ ਦੇ ਕਿਸੇ ਵੀ ਹਿੱਸੇ ਵਿਚ ਜਾ ਆਉਂਦੇ ਸਨ।

ਪਾਕਿਸਤਾਨ ਬਣਿਆ ਤਾਂ ਹਰਿਵੱਲਭ ਸੰਗੀਤ ਮੇਲਾ ਜਲੰਧਰ ਦੇਖਣ ਸੁਣਨ ਦਾ ਮੌਕਾ ਜੁੜਦਾ ਰਿਹਾ। ਤਾਰੀਖ਼ ਸਮਾਂ ਪੈਣ ਨਾਲ ਆਪਣੇ ਨਾਲੋਂ ਕੂੜਾ, ਕਚਰਾ ਤਾਂ ਝਾੜ ਦਿੰਦੀ ਹੈ, ਪਰ ਜ਼ਮਾਨਾ ਵੱਡੇ ਬੰਦਿਆਂ ਦੀਆਂ ਬਾਤਾਂ ਪਾਉਂਦਾ ਹੀ ਰਹਿੰਦਾ ਹੈ, ਸੋਈ ਹਿਸਾਬ ਇਸ ਬਾਬੇ ਦਾ ਸੀ। ਪੁਰਾਣੇ ਬਜ਼ੁਰਗਾਂ ਨੇ ਮੇਲੇ ਦੀਆਂ ਪੁਰਾਣੀਆਂ ਯਾਦਾਂ ਤਾਜ਼ਾ ਕਰਦਿਆਂ ਬਾਬਾ ਮਲੰਗ ਨੂੰ ਬਾਰਮ-ਬਰ ਯਾਦ ਕਰਨਾ। ਬੜੀ ਜਗਿਆਸਾ ਜਾਗਣੀ ਕਿ ਕਿਧਰੇ ਇਸ ਕਲਾਕਾਰ ਦੀ ਕਿਸੇ ਫ਼ੋਟੋ ਰਾਹੀਂ ਹੀ ਦਰਸ਼ਨ ਦੀਦਾਰੇ ਹੋ ਜਾਣ। ਦੱਸ ਪਈ ਕਿ ਹੁਸ਼ਿਆਰਪੁਰ ਬਾਬਾ ਮਲੰਗ ਦੀ ਫ਼ੋਟੋ ਉਸਦੇ ਇਕ ਸ਼ਾਗਿਰਦ, ਜਿਸਨੇ ਕਿ ਇਕ ਬੈਂਡ ਬਾਜਾ ਕੰਪਨੀ ਬਣਾਈ ਹੋਈ ਹੈ, ਉਸ ਕੋਲ ਹੈ ਅਤੇ ਉਹ ਗੌਰਮਿੰਟ ਹਾਈ ਸਕੂਲ ਦੇ ਪਿਛਵਾੜੇ ਰਹਿੰਦਾ ਹੈ। ਉਹ 'ਰੰਘਰੇਟੇ, ਗੁਰੂ ਕੇ ਬੇਟੇ' ਬ੍ਰਾਦਰੀ ਵਿੱਚੋਂ ਸੀ। ਉਸਨੂੰ ਲੱਭਿਆ, ਘਰ ਗਏ ਤਾਂ ਉਸਨੇ ਬਾਬਾ ਜੀ ਦੀ ਇਕ ਫ਼ੋਟੋ ਜੜਾ ਕੇ ਆਪਣੇ ਇਕ ਆਲੇ ਵਿਚ ਸ਼ਰਧਾ ਵੱਸ ਸਜਾਈ ਹੋਈ ਸੀ। ਦਰਸ਼ਨ ਕੀਤੇ, ਗਦ-ਗਦ ਹੋਏ ਨੇ ਮੈਂ ਪਹਿਲਾਂ ਉਸ ਤਸਵੀਰ ਨੂੰ ਨਮਸਕਾਰ ਕੀਤੀ, ਸਜਦਾ ਕੀਤਾ ਅਤੇ ਵੀਹਾਂ ਰੁਪਿਆਂ ਦੇ ਨੋਟ ਫ਼ੋਟੋ ਨੂੰ ਛੁਹਾ ਕੇ, ਨਜ਼ਰ ਉਸ ਬੈਂਡ ਮਾਸਟਰ

ਨੂੰ ਭੇਂਟ ਕਰ ਦਿੱਤੀ ਤਾਂ ਜੋ ਉਸਦੇ ਮਨ ਸਮੱਤਿਆ ਪੈ ਜਾਏ ਅਤੇ ਉਹ ਮੈਨੂੰ ਉਸ ਫੋਟੋ ਦਾ ਉਤਾਰਾ ਕਰਵਾ ਕੇ ਹੀ ਦੇ ਦੇਵੇ। ਜਦ ਹੀ ਉਸ ਨੂੰ ਮੇਰੀ ਇਸ ਮਨੋਕਾਮਨਾ ਦਾ ਪਤਾ ਲੱਗਾ, ਤਾਂ ਉਹ ਇਕਦਮ ਸੀਖਭਾਨੇ ਹੋ ਕੇ ਲਾਲ ਪੀਲਾ ਹੋ ਗਿਆ, "ਸਰਦਾਰ ਜੀ, ਤੁਸੀਂ ਇਸ ਦੇ ਦਰਸ਼ਨ ਕਰ ਸਕਦੇ ਹੋ। ਬਾਕੀ ਇਸਨੂੰ ਹੱਥ ਵੀ ਨਾ ਲਾਇਓ।" ਬੜੀ ਬੇਇਜ਼ਤੀ ਮਹਿਸੂਸ ਕੀਤੀ, ਪਰ ਸਭ ਕੁਝ ਆਪਣੀ ਝੋਲੀ ਵਿਚ ਪਾ ਕੇ ਨਿੰਮੋਝੂਣੀ ਸੂਰਤ ਬਣਾ ਕੇ, ਉਸ ਨੂੰ ਅਲਵਿਦਾ ਕਹੀ ਅਤੇ ਵਾਪਸ ਘਰ ਪਰਤਣ ਲੱਗੇ। ਉਹ ਵੀ ਸਤਿਆ ਖਿਝਿਆ ਹੋਇਆ, ਥੋੜ੍ਹਾ ਹੈਰਾਨ ਵੀ ਦਿਸਿਆ, ਪਰ ਮੈਨੂੰ ਬਾਹਰ ਤੋਰਨ ਆਏ ਨੂੰ ਦੱਸਣ ਲੱਗਾ ਕਿ ਬਾਬਾ ਜੀ ਦੀ ਇਕ ਫੋਟੋ ਬਸੀ ਵਿਚ ਵੀ ਹੈ। ਦਿਮਾਗ਼ ਤਾਂ ਪਹਿਲਾਂ ਚਕਰਾਇਆ ਹੋਇਆ ਸੀ, ਹੁਣ ਹੋਰ ਵੀ ਚਕਰਾ ਗਿਆ ਕਿ ਹੁਸ਼ਿਆਰਪੁਰ ਦੇ ਆਲੇ-ਦੁਆਲੇ ਇਕ ਨਾ ਅੱਧੀ, ਬਾਰ੍ਹਾਂ ਬਸੀਆਂ ਹਨ ਜਿਵੇਂ ਕਿ ਬਸੀ ਮਹਾਂਦੇਵੀ, ਜਮਾਲ ਖ਼ਾਂ ਦੀ, ਬਸੀ ਗ਼ੁਲਾਮ ਹੁਸੈਨ, ਅਲੀ ਦੀ ਬਸੀ, ਬਸੀ ਦਾਊਦ ਦੀ, ਹਸਨ ਖ਼ਾਂ ਦੀ ਬਸੀ, ਜੌੜਿਆਂ ਦੀ ਬਸੀ, ਦਾਦੋ ਦੀ ਬਸੀ, ਅਤੇ ਬਾਗ਼ਪੁਰ ਸਤੌਰ ਨੇੜੇ ਬਸੀ ਮੂਦਾ—ਬੰਦਾ ਹੁਣ ਕਿਹੜੀ ਬਸੀ ਜਾ ਕੇ ਟੱਕਰਾਂ ਮਾਰੇ ? ਉਸ ਭੱਦਰਪੁਰਸ਼ ਨਾਲ ਮੇਰਾ ਦਿਲ ਤਾਂ ਹੁਣ ਕੂਣ ਨੂੰ ਵੀ ਨਹੀਂ ਸੀ ਕਰ ਰਿਹਾ। ਉਸ ਨੇ ਆਪ ਹੀ ਬਸੀ ਕਲਾਂ ਦਾ ਨਾਂ ਲੈ ਦਿੱਤਾ। ਯਾਦ ਰਹੇ ਇਹ ਵੱਡੀ ਬਸੀ ਕਰਕੇ ਜਾਣੀ ਜਾਂਦੀ ਹੈ, ਚੱਬੇਵਾਲ ਨੇੜੇ ਹੈ ਅਤੇ ਕਿਸੇ ਸਮੇਂ 'ਚ ਇਸ ਨੂੰ ਕਾਂਸ਼ੀਪੁਰ ਵੀ ਕਿਹਾ ਜਾਂਦਾ ਸੀ। ਉਰਦੂ ਦੇ ਪ੍ਰਸਿੱਧ ਸ਼ਾਇਰ ਅਮਰ ਚੰਦ ਕੈਸ, ਆਰੀਆ ਸਮਾਜ ਦੇ ਉੱਚ ਕੋਟੀ ਦੇ ਵਿਦਵਾਨ ਸਵਾਮੀ ਸਰਵਦਾਨੰਦ ਅਤੇ ਪੰਡਿਤ ਗੁੱਜਰ ਰਾਮ ਗਾਇਕ ਹਰਿਆਣਾ ਵਾਲਿਆਂ ਦੇ ਪ੍ਰਸਿੱਧ ਸ਼ਾਗਿਰਦ ਸਵਾਮੀ ਫੇਰੂ ਰਾਮ ਸਭ ਏਥੋਂ ਦੇ ਹੀ ਵਸਨੀਕ ਸਨ। ਇਸ ਪਿੰਡ ਦੇ ਇਕ ਬੜੇ ਪੁਰਾਣੇ ਬਜ਼ੁਰਗ ਮਿਸ਼ਰ ਸ਼ਰਨ ਦਾਸ ਨੂੰ ਮਿਲੇ ਜਿਹੜੇ ਮੈਨੂੰ ਬਾਵਾ ਰਦਰੂ ਜਾਂ ਰੋਦਰ ਨਾਥ ਦੇ ਮੰਦਰ 'ਚ ਲੈ ਗਏ। ਉਸ ਥਾਂ ਬਾਬਾ ਮਲੰਗ ਦੀ ਤਾਂ ਕੋਈ ਫੋਟੋ ਨਹੀਂ ਸੀ, ਪਰ ਹਾਂ ਉਸ ਥਾਂ ਬਾਵਾ ਫੇਰੂ ਰਾਮ ਦਾ ਚਾਰ ਤਾਰਾਂ ਦਾ ਇਕ ਤੰਬੂਰਾ ਜ਼ਰੂਰ ਸਾਂਭਿਆ ਪਿਆ ਸੀ। ਓਥੋਂ ਵੀ ਨਿਰਾਸ਼ ਮੁੜੇ। ਦੱਸ ਪਈ ਕਿ ਹੁਸ਼ਿਆਰਪੁਰ ਦੇ ਇਕ ਮੁਲਤਾਨ ਚੰਦ ਸ਼ਰਮਾ ਹੋਏ ਹਨ। ਉਹ ਅਤੇ ਉਨ੍ਹਾਂ ਦੀ ਮਾਤਾ ਸ਼ਾਂਤੀ ਦੇਵੀ ਸੰਗੀਤ ਦੇ ਬੜੇ ਰਸੀਆ ਸਨ। ਮੁਲਤਾਨ ਚੰਦ ਪੁਰਾਣੇ ਸਮਿਆਂ 'ਚ ਪੜ੍ਹ ਲਿਖ ਕੇ ਪਿੱਛੋਂ ਇੰਸਪੈਕਟਰ ਆਫ਼ ਸਕੂਲਜ਼ ਲੱਗ ਗਏ ਸਨ ਅਤੇ ਸੇਵਾ-ਮੁਕਤ ਹੋਣ ਪਿੱਛੋਂ ਦਿੱਲੀ ਜਾ ਵੱਸੇ ਸਨ—ਗਲੀ ਨੰਬਰ 4, ਕਾਲਕਾ ਜੀ ਕਾਲੋਨੀ, ਦਿੱਲੀ। ਉਥੇ ਗਏ ਤਾਂ ਓਥੋਂ ਵੀ ਕੁਝ ਨਾ ਲੱਭਾ। ਮਲੰਗ ਦੀ ਇਕ ਧੀ ਪਿੰਡ ਕਾਲਰਾ ਰਹਿ ਗਈ ਸੀ, ਉਨ੍ਹਾਂ ਦੇ ਘਰ ਵੀ ਉਨ੍ਹਾਂ ਦੀ ਕੋਈ ਤਸਵੀਰ ਹੈ ਨਹੀਂ ਸੀ। 1954 ਈ. ਵਿਚ ਉਸਤਾਦ ਨਜ਼ਾਕਤ ਅਲੀ ਖ਼ਾਂ ਸਲਾਮਤ ਅਲੀ ਖ਼ਾਂ ਹਰਿਵੱਲਭ ਸੰਗੀਤ ਸੰਮੇਲਨ ਜਲੰਧਰ ਭਾਗ ਲੈਣ ਆਏ। ਇਸ ਵੇਰ ਉਨ੍ਹਾਂ ਦੇ ਨਾਲ ਮਲੰਗ ਦਾ ਪੁੱਤਰ ਫ਼ਿਆਜ਼ ਖ਼ਾਂ ਘਾਸ਼ਾ ਵੀ ਆਇਆ ਹੋਇਆ ਸੀ। ਬਾਗ਼ਪੁਰ ਸਤੌਰ ਵਾਲੇ ਸਾਡੇ ਇਕ ਦੋਸਤ ਜਗਜੀਤ ਸਿੰਘ ਤਰਸ, ਰੇਡੀਓ ਆਰਟਿਸਟ, ਜਿਹੜੇ ਉਨ੍ਹੀਂ ਦਿਨੀਂ ਪੰਜਾਬ ਯੂਨੀਵਰਸਿਟੀ ਕਾਲਜ, ਹੁਸ਼ਿਆਰਪੁਰ ਸੰਗੀਤ ਦੇ ਪ੍ਰੋਫ਼ੈਸਰ ਲੱਗੇ ਹੋਏ ਸਨ—ਉਨ੍ਹਾਂ ਨੇ ਪਾਕਿਸਤਾਨੋਂ ਆਏ ਕਲਾਕਾਰਾਂ ਦਾ ਖਾਣਾ ਕੀਤਾ। 'ਤਰਸ' ਹੋਰੀਂ ਮੈਨੂੰ ਸੁਨੇਹਾ ਭੇਜਿਆ ਕਿ ਤੂੰ ਭਾਈ ਮਲੰਗ ਨੂੰ ਯਾਦ

ਕਰਦਾ ਰਹਿੰਨਾ ਏਂ, ਉਨ੍ਹਾਂ ਦਾ ਬੇਟਾ ਫ਼ਿਆਜ਼ ਖ਼ਾਂ ਆਇਆ ਹੋਇਆ ਹੈ, ਮਿਲ ਲੈ। ਮਿਲੇ; ਉਨ੍ਹਾਂ ਦੇ ਅੱਬੂ ਦੀ ਤਸਵੀਰ ਦੀ ਗੱਲ ਕੀਤੀ—ਉਨ੍ਹਾਂ ਕੋਲ ਵੀ ਹੈ ਨਹੀਂ ਸੀ। ਫਿਰ ਦੱਸ ਪਈ ਕਿ ਉਨ੍ਹਾਂ ਦੀ ਇਕ ਧੀ ਖ਼ੁਰਸ਼ੀਦ, ਜਿਹੜੀ ਲਾਇਲਪੁਰ ਵਿਚ ਪ੍ਰੈਕਟਿਸ ਕਰਦੀ ਹੈ, ਉਸ ਕੋਲੋਂ ਪਤਾ ਕਰੋ। ਓਥੇ ਰਹਿ ਰਹੇ ਆਪਣੇ ਇਕ ਦੋਸਤ, ਸਾਂਝੇ ਪੰਜਾਬ ਦੇ ਕੌਡੀ ਦੇ ਆਫ਼ਤ ਦੇ ਧਾਵੀ, ਮੁਹੰਮਦ ਸਦੀਕ ਚੌਧਰੀ ਦੀ ਜ਼ੁੰਮੇਵਾਰੀ ਲਗਾਈ ਕਿ ਉਹ ਉਨ੍ਹਾਂ ਨੂੰ ਲੱਭ ਕੇ ਮਿਲੇ ਅਤੇ ਕੁਝ ਨਾਦਰ ਤਸਵੀਰਾਂ ਭੇਜੇ। ਕੁਝ ਦਿਨਾਂ ਬਾਅਦ ਡਾ. ਖ਼ੁਰਸ਼ੀਦ ਦਾ ਇਕ ਪਿਆਰਾ ਖ਼ਤ ਆਇਆ, ਜਿਸ ਵਿਚ ਉਨ੍ਹਾਂ ਦੇ ਪਿਤਾ ਜੀ ਦੀ ਇਕ ਤਸਵੀਰ ਵੀ ਸੀ।

ਪਾਕਿਸਤਾਨ ਬਣਿਆ ਤਾਂ ਇਹ ਕਲਾਕਾਰ 1947 ਈ. ਵਿਚ ਪਾਕਿਸਤਾਨ ਚਲਿਆ ਗਿਆ ਅਤੇ ਮੁਲਤਾਨ ਵਿਖੇ ਆਪਣੀ ਧੀ ਬਦਰੁਨਿਸਾ ਉਰਫ਼ ਬਦਰੋ ਦੇ ਘਰ ਰਹਿਣ ਲੱਗ ਪਿਆ। ਭਾਈ ਚਾਂਦ ਵਾਂਗ ਉਸਨੂੰ ਵੀ ਦੇਸ਼ ਛੱਡੇ ਦਾ ਬੇਹੱਦ ਝੋਰਾ ਸੀ। ਏਹੀ ਘੁਣ ਉਸਨੂੰ ਦਿਨ ਰਾਤ ਖਾਂਦਾ ਰਿਹਾ। ਓੜਕ 1948 ਈ. ਵਿਚ ਉਸਦੀ ਮੌਤ ਹੋ ਗਈ। ਉਸਦੇ ਜਨਾਜ਼ੇ 'ਤੇ ਪਾਕਿਸਤਾਨ ਦੇ ਵੱਡੇ ਵੱਡੇ ਕਈ ਫ਼ਨਕਾਰ ਹਾਜ਼ਰ ਸਨ। ਉਸਦੇ ਪੁੱਤਰਾਂ ਵਿੱਚੋਂ ਇਕ ਪੁੱਤਰ ਫ਼ਿਆਜ਼ ਖ਼ਾਂ ਘਾਸ਼ਾ ਹੈਦਰਾਬਾਦ ਸਿੰਧ ਰੇਡੀਓ ਸਟੇਸ਼ਨ 'ਤੇ ਸਟਾਫ਼ ਆਰਟਿਸਟ ਸੀ, ਜਿਸ ਦੀ 1976 ਈ. ਵਿਚ ਮੌਤ ਹੋ ਗਈ ਸੀ।

SIKHBOOKCLUB.COM

# ਭਾਈ ਅੱਲਾ ਰੱਖਾ ਅੰਮ੍ਰਿਤਸਰ ਵਾਲੇ

ਅਸਲ ਵਿਚ ਇਨ੍ਹਾਂ ਦਾ ਪੁਰਾਣਾ ਪਿੰਡ ਮਾਲਵੇ ਵਿਚ ਤਲਵੰਡੀ ਸੀ ਅਤੇ ਉਸਦਾ ਪਿਓ ਅਲੀ ਬਖ਼ਸ਼ ਆਪਣੇ ਸਮੇਂ ਦਾ ਇਕ ਬੜਾ ਵੱਡਾ ਤਬਲਚੀ ਸੀ। ਅਲੀ ਬਖ਼ਸ਼ ਨੂੰ ਕਈ ਵੇਰ 'ਦੌਧਰੀਆ' ਵੀ ਕਿਹਾ ਜਾਂਦਾ ਸੀ। ਉਹ ਇਸ ਲਈ ਕਿ ਦੌਧਰ ਦੇ ਇਕ ਨਿਰਮਲੇ ਰਾਗੀ ਖ਼ੁਸ਼ਾਲ ਸਿੰਘ ਅਤੇ ਪ੍ਰਸਿੱਧ ਤਬਲਚੀ ਹਮੀਰ ਸਿੰਘ ਉਸਨੂੰ ਆਪਣੇ ਨਾਲ ਦੌਧਰ ਲੈ ਗਏ ਸਨ। ਉਹ ਫਿਰ ਕਈ ਸਾਲ ਇਸ ਥਾਂ ਹੀ ਰਿਹਾ, ਜਦ ਕਿ ਉਸਦਾ ਪੁੱਤਰ ਭਾਈ ਅੱਲਾ ਰੱਖਾ ਤਰਨਤਾਰਨ ਵਿਖੇ ਬਹੁਤ ਚਿਰ ਤਬਲਾ ਸਿਖਾਉਂਦਾ ਰਿਹਾ। ਕਾਫ਼ੀ ਸਮਾਂ ਉਸਨੇ ਫਿਰ ਅੰਮ੍ਰਿਤਸਰ ਵਿਖੇ ਵੀ ਗੁਜ਼ਾਰਿਆ ਜਿਸ ਕਾਰਨ ਉਸਨੂੰ ਭਾਈ ਰੱਖਾ ਅੰਮ੍ਰਿਤਸਰੀ ਕਰਕੇ ਜਾਣਿਆ ਜਾਂਦਾ ਸੀ। ਉਹ ਬੜਾ ਤਕੜਾ ਪਖਾਵਜੀ ਅਤੇ ਤਬਲਚੀ ਸੀ, ਜਿਹੜਾ ਕਈ ਸਾਲ ਧਰੁੱਪਦੀਆਂ ਦਾ ਸਾਥ ਕਰਦਾ ਰਿਹਾ। ਫਿਰ ਉਸਨੇ ਕੀਰਤਨੀਆਂ ਨਾਲ ਵੀ ਕਈ ਸਾਲ ਗੁਜ਼ਾਰੇ। ਵੱਖ ਵੱਖ ਕੀਰਤਨ ਸ਼ੈਲੀਆਂ ਨਾਲ ਢੁੱਕਵੇਂ ਠੇਕਿਆਂ ਦੀ ਵਰਤੋਂ ਕਰਨੀ, ਆਪ ਦੇ ਵਿਸ਼ੇਸ਼ ਗੁਣ ਸਨ। ਆਪ ਨੂੰ ਪੰਜਾਬ ਘਰਾਣੇ ਦੀਆਂ ਬੇਹੱਦ ਗਤਾਂ ਪਰਨਾਂ ਯਾਦ ਸਨ। ਆਟੇ ਵਾਲੇ ਧਾਮੇਂ ਨਾਲ, ਮੌਜ ਵਿਚ ਆ ਕੇ ਜਦ ਉਹ ਵਾਦਨ ਸ਼ੁਰੂ ਕਰਦਾ ਤਾਂ ਇਕ ਵਿਸਮਾਦੀ ਮਾਹੌਲ ਪੈਦਾ ਕਰ ਦਿੰਦਾ ਸੀ।

ਉਹ ਬਾਬਾ ਮਲੰਗ ਖ਼ਾਂ (1872-1948 ਈ.) ਦਾ ਸਮਕਾਲੀ ਸੀ ਅਤੇ ਆਪਣੇ ਆਪ ਨੂੰ ਕਿਸੇ ਤੋਂ ਵੀ ਘੱਟ ਨਹੀਂ ਸੀ ਸਮਝਦਾ ਹੁੰਦਾ। ਵੀਹਵੀਂ ਸਦੀ ਦੇ ਦੂਜੇ ਦਹਾਕੇ ਦੀ ਗੱਲ ਹੋਵੇਗੀ ਕਿ ਇਕ ਵੇਰ ਉਹ ਜਲੰਧਰ ਮੇਲੇ ਦੀ ਪ੍ਰਸਿੱਧ ਹਰਿਵੱਲਭ ਸਟੇਜ 'ਤੇ ਆਣ ਬੈਠਾ ਜਿਥੇ ਕਿ ਬਾਬਾ ਮਲੰਗ ਦੀ ਬੇਹੱਦ ਪੁੱਛ ਪ੍ਰਤੀਤ ਸੀ। ਅਸਲ ਗੱਲ ਇਹ ਸੀ ਕਿ ਉਹ ਬਾਬੇ ਮਲੰਗ ਨਾਲ ਦੰਗਲ ਲੜਨ ਦੀ ਇੱਛਾ ਮਨ ਵਿਚ ਲੈ ਕੇ ਏਥੇ ਆਇਆ ਸੀ। ਸੰਮੇਲਨ ਦੇ ਸੰਚਾਲਕ ਬਾਬਾ ਮਲੰਗ ਦੀ ਪ੍ਰਤਿਭਾ ਨੂੰ ਹੁਣ ਤਕ ਪੂਰੀ ਤਰ੍ਹਾਂ ਪਰਖ ਪਛਾਣ ਚੁੱਕੇ ਸਨ, ਇਸ ਲਈ ਉਸਦਾ ਉਹ ਦਿਲੋਂ ਸਤਿਕਾਰ ਕਰਦੇ ਸਨ, ਪਰ ਭਾਈ ਰੱਖੇ ਨੂੰ ਇਹ ਗੱਲ ਬੜੀ ਅਣਸੁਖਾਵੀਂ ਲੱਗਦੀ ਸੀ। ਓਧਰੋਂ ਸੰਚਾਲਕਾਂ ਨੂੰ ਵੀ ਉਸਦਾ ਇਸ ਤਰ੍ਹਾਂ ਸਟੇਜ 'ਤੇ ਬਿਨ ਬੁਲਾਇਆਂ ਆ ਕੇ ਸੱਜ ਜਾਣਾ ਚੰਗਾ ਨਾ ਲੱਗਾ। ਮੋਹਰਲੀਆਂ ਕਤਾਰਾਂ ਵਿਚ ਬੈਠੇ ਕੁਝ ਸੂਝਵਾਨ ਸਰੋਤਿਆਂ ਨੇ ਵੀ ਇਸਦੇ ਬਰਖ਼ਿਲਾਫ਼ ਸ਼ੋਰ ਗੁੱਲ ਮਚਾਇਆ ਕਿ ਇਹ ਥਾਂ ਸਿਰਫ਼ ਅਤੇ ਸਿਰਫ਼ ਬਾਬਾ ਮਲੰਗ ਲਈ ਰਾਖਵੀਂ ਹੈ। ਪਰ ਉਹ ਫਿਰ ਵੀ ਟੱਸ ਤੋਂ ਮੱਸ ਨਾ ਹੋਇਆ। ਉਹ ਆਖ ਰਿਹਾ ਸੀ ਕਿ ਮਲੰਗ ਖ਼ਾਂ ਪਹਿਲਾਂ ਮੇਰੇ ਨਾਲ ਮੁਕਾਬਲਾ ਕਰੇ, ਫਿਰ ਇਸ ਥਾਂ ਬੈਠੇ। ਇਹੋ

 www.sikhbookclub.com

ਜਿਹੀ ਸੂਰਤਿ-ਹਾਲ ਦੇਖ ਕੇ ਉਧਰੋਂ ਮਲੰਗ ਖ਼ਾਂ ਨੂੰ ਵੀ ਗ਼ੁੱਸਾ ਆ ਗਿਆ। ਤੂੰ-ਤੂੰ ਮੈਂ-ਮੈਂ ਦੇ ਉਸ ਮਾਹੌਲ ਵਿਚ ਉਨ੍ਹਾਂ ਦੋਹਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ ਜਿਸ ਵਿਚ ਬਾਬਾ ਮਲੰਗ ਉਸਨੂੰ ਮਾਤ ਪਾ ਗਿਆ। ਨਿਮੋਝੂਣੀ ਹਾਲਤ ਵਿਚ ਉਸਨੇ ਮੁਆਫ਼ੀ ਮੰਗੀ ਅਤੇ ਬਾਬਾ ਮਲੰਗ ਦੀ ਸੀਟ ਖ਼ਾਲੀ ਕਰਕੇ ਸੰਚਾਲਕਾਂ ਨੂੰ ਕਹਿਣ ਲੱਗਾ ਕਿ ਅਗਾਂਹ ਤੋਂ ਉਹ ਇਸ ਸਟੇਜ ਦੇ ਖੱਬੇ ਪਾਸੇ ਹੀ ਬੈਠ ਜਾਇਆ ਕਰੇਗਾ।

ਭਾਈ ਰੱਖੇ ਦੀ ਕਿਉਂਕਿ ਅਜੇ ਤਕ ਪੂਰੀ ਤਸੱਲੀ ਨਹੀਂ ਸੀ ਹੋਈ, ਇਸ ਲਈ ਉਨ੍ਹਾਂ ਦੋਹਾਂ ਦਾ ਇਕ ਹੋਰ ਮੁਕਾਬਲਾ ਲਾਹੌਰ ਦੇ S.P.S.K. ਹਾਲ ਵਿਚ ਉਸਤਾਦ ਕਾਦਰ ਬਖ਼ਸ਼ ਦੀ ਹਾਜ਼ਰੀ ਵਿਚ ਵੀ ਹੋਇਆ। ਗਾਉਣ ਵਾਲੇ ਸਨ, ਮੀਆਂ ਮੌਲਾ ਬਖ਼ਸ਼ ਪ੍ਰਸਿੱਧ ਤਬਲਚੀ ਉਸਤਾਦ ਸ਼ੌਕਤ ਹੁਸੈਨ ਫਗਵਾੜਾ ਵਾਲੇ ਦੇ ਪਿਤਾ ਅਤੇ ਮੀਆਂ ਮੁਬਾਰਕ ਅਲੀ ਫ਼ਿਲੌਰ ਵਾਲੇ। ਉਧਰੋਂ ਤਬਲੇ 'ਤੇ ਵੀ ਇਹ ਦੋਵੇਂ ਉਸਤਾਦ ਬੈਠ ਗਏ। ਬਾਬਾ ਮਲੰਗ ਨੇ ਆਪਣਾ ਪਸੰਦੀਦਾ ਧਮਾਰ ਤਾਲ ਛੇੜਿਆ ਹੋਇਆ ਸੀ। ਪੰਜਵੇਂ ਗੇੜ 'ਚ ਦੇਖਿਆ ਗਿਆ ਕਿ ਭਾਈ ਰੱਖਾ ਕਦਰੇ ਲੜ੍ਹਕ ਰਿਹਾ ਹੈ। ਇਸ ਵਾਰ ਵੀ ਬਾਬਾ ਮਲੰਗ ਤੋਂ ਉਹ ਹਾਰ ਗਿਆ ਸੀ। ਭਾਵੇਂ ਉਹ ਮਲੰਗ ਖ਼ਾਂ ਤੋਂ ਮਾਤ ਖਾ ਗਿਆ ਸੀ, ਤਾਂ ਵੀ ਉਸਦੀ ਗਣਤਾ ਪੰਜਾਬ ਦੇ ਬੜੇ ਵੱਡੇ ਫ਼ਨਕਾਰਾਂ ਵਿਚ ਹੁੰਦੀ ਸੀ।

[*ਨੋਟ :* ਭਾਈ ਅੱਲਾ ਰੱਖਾ ਅੰਮ੍ਰਿਤਸਰੀ ਨੂੰ ਪ੍ਰਸਿੱਧ ਤਬਲਾ ਉਸਤਾਦ ਜ਼ਾਕਰ ਹੁਸੈਨ ਦੇ ਪਿਤਾ ਉਸਤਾਦ ਅੱਲਾ ਰੱਖਾ ਨਾਲ ਭੁਲੇਖਾ ਨਾ ਪਾਇਆ ਜਾਵੇ। ਜਗਤ-ਵਿਖਿਆਤ ਉਸਤਾਦ ਅੱਲਾ ਰੱਖਾ ਲੇਖਕ ਦੇ ਮਿਹਰਬਾਨ ਦੋਸਤਾਂ 'ਚੋਂ ਸਨ, ਜਿਨ੍ਹਾਂ ਬਾਰੇ ਅਸੀਂ ਕਦੇ ਇਕ ਛੋਟੀ ਜਿਹੀ ਡਾਕੂਮੈਂਟਰੀ ਵੀ ਬਣਾਈ ਸੀ ਅਤੇ ਇਸਦੇ ਨਾਲ ਨਾਲ ਕਰੀਬਨ ਪੰਜਾਹ ਘੰਟੇ ਦੀ ਅਦੁੱਤੀ ਰੀਕਾਰਡਿੰਗ ਵੀ ਸਾਡੇ ਪਾਸ ਸੁਰੱਖਿਅਤ ਹੈ। ਉਨ੍ਹਾਂ ਬਾਰੇ ਲਿਖਿਆ ਗਿਆ ਲੰਮਾ ਚੌੜਾ ਲੇਖ ਅਸੀਂ ਆਪਣੀ ਅਗਲੀ ਕ੍ਰਿਤ *ਪੰਜਾਬ ਦੇ ਸੰਗੀਤ ਘਰਾਣੇ ਤੇ ਸੰਗੀਤਕਾਰ* ਵਿਚ ਛਾਪਾਂਗੇ।]

# ਭਾਈ ਆਗ਼ਾ ਫ਼ੈਜ਼

*ਤੇਰੀ ਕਲਗ਼ੀ ਤੋਂ ਜਾਵਾਂ ਮੈਂ ਵਾਰੀ ਗੁਰੂ !* *(ਪੀਲੂ)*



ਭਾਈ ਆਗ਼ਾ ਫ਼ੈਜ਼

ਸਮੇਂ ਸਮੇਂ ਦੀ ਗੱਲ ਹੈ। 1929 ਈ. ਵਿਚ ਇਹ ਤਵਾ ਬੇਹੱਦ ਮਕਬੂਲ ਸੀ, ਜਿਹੜਾ ਉਸਨੇ ਆਪਣੀ ਉਮਰ ਦੇ ਆਖ਼ਰੀ ਸਮੇਂ 'ਚ ਉਸ ਤੋਂ ਇਕ ਦੋ ਸਾਲ ਪਹਿਲਾਂ ਭਰਵਾਇਆ ਸੀ। ਉਸਦਾ ਜਨਮ 1880 ਈ. ਦੇ ਨੇੜੇ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਆਪ ਕਿੰਨਾ ਚਿਰ ਸ੍ਰੀ ਦਰਬਾਰ ਸਾਹਿਬ ਵਿਖੇ ਚੌਂਕੀ ਭਰਦੇ ਰਹੇ। ਉਨ੍ਹਾਂ ਦੇ ਜਥੇ 'ਚ ਉਦੋਂ ਦੂਜੇ ਸਾਥੀ ਇਹ ਹੁੰਦੇ ਸਨ : ਭਾਈ ਖ਼ੈਰ ਦਾ ਪੁੱਤਰ ਭਾਈ ਇਨਾਇਤ ਸਿਤਾਰ ਨਵਾਜ਼, ਭਾਈ ਨਸੀਰਾ ਤਬਲਾ ਨਵਾਜ਼ ਅਤੇ ਭਾਈ ਖ਼ੁਸ਼ੀਆ ਪੇਟੀ ਵਾਦਕ। ਜਲੰਧਰ ਦੇ ਪ੍ਰਸਿੱਧ ਸਾਜ਼ਕਾਰ ਸ. ਅੱਛਰ ਸਿੰਘ ਜੀ ਨਾਲ ਆਪ ਦੀ ਅੱਛੀ ਬਣਦੀ ਸੀ ਅਤੇ ਇਨ੍ਹਾਂ ਦੇ ਘਰ ਉਸਦਾ ਆਮ ਆਉਣਾ ਜਾਣਾ ਸੀ। ਉਨ੍ਹੀਂ ਕੁ ਦਿਨੀਂ ਉਂਜ ਤਾਂ ਉਸਨੇ ਸ਼ਬਦ ਕੀਰਤਨ ਦੇ ਕੁਝ ਹੋਰ ਤਵੇ ਵੀ ਭਰਵਾਏ, ਪਰ ਇਕ ਚਮੁਖੀਆ ਗਵੱਈਆ ਹੋਣ ਦੇ ਨਾਤੇ ਉਸਨੇ ਬੇਸ਼ੁਮਾਰ ਹੋਰ ਰੀਕਾਰਡ ਵੀ ਭਰਵਾਏ, ਜਿਨ੍ਹਾਂ ਵਿੱਚੋਂ ਕਾਫ਼ੀ ਕੱਵਾਲੀਆਂ, ਭਜਨ ਅਤੇ ਗ਼ਜ਼ਲਾਂ ਦੇ ਵੀ ਸਨ। ਪਹਿਲੀਆਂ 'ਚ ਤਾਂ ਉਹ ਕੁਝ ਹੋਰਨਾਂ ਰਬਾਬੀਆਂ ਵਾਂਗ ਦਾੜ੍ਹੀ ਰੱਖਦਾ ਹੋਵੇਗਾ, ਪਰ ਸਾਡੇ ਸੰਗ੍ਰਹਿ ਵਿਚ ਉਸਦੀ ਇਕ ਅਜਿਹੀ ਤਸਵੀਰ ਹੈ, ਜਿਸ ਵਿਚ ਉਸਦਾ ਮੂੰਹ ਸਫ਼ਾ ਚੱਟ (ਦਾੜ੍ਹੀ ਰਹਿਤ) ਹੈ, ਸਿਰ 'ਤੇ ਕੁੱਲੇਦਾਰ ਦਸਤਾਰ ਹੈ, ਰੇਸ਼ਮੀ ਐਚਕਨ 'ਤੇ ਇਕ ਮੈਡਲ ਵੀ ਸਜਿਆ ਹੋਇਆ ਹੈ। ਬੜੀ ਗੱਲ ਨਹੀਂ, ਸ੍ਰੀ ਦਰਬਾਰ ਸਾਹਿਬ ਤੋਂ ਸੇਵਾ-ਮੁਕਤ ਹੋ ਕੇ ਜਦ ਹੀ ਉਹ ਨਿਰੰਤਰ ਤੌਰ 'ਤੇ ਗਾਉਣ ਲੱਗਾ, ਉਦੋਂ ਉਸਨੇ ਅਜਿਹਾ ਹੁਲੀਆ ਧਾਰਨ ਕਰ ਲਿਆ ਹੋਵੇ। ਉਸਦੇ ਹੋਰਨਾਂ ਤਵਿਆਂ ਦੇ ਕੁਝ ਨਮੂਨੇ ਇਸ ਪ੍ਰਕਾਰ ਹਨ :

*ਜੋ ਚਾਹੋ ਕਿ ਪ੍ਰੀਤਮ ਹੋਵੇ ਅਪਨਾ, ਪੜੀ ਨਾਮ ਕੀ ਮਾਲਾ ਸਦਾ ਜਪਨਾ।*
*ਨਹੀਂ ਗ਼ੈਰ ਕਾ ਦੇਖੇ ਕਭੀ ਸਪਨਾ, ਤਬ ਜਾਨੋ ਯੇ ਦੇਹ ਪਵਿੱਤਰ ਭਈ।*

 www.sikhbookclub.com

ਉਸਦਾ ਇਕ ਹੋਰ ਵੀ ਬੜਾ ਪਿਆਰਾ ਰੀਕਾਰਡ ਹੈ, ਜਿਹੜਾ ਪਹਾੜੀ ਦਾ ਹੈ :

*ਛੋੜ ਦੇ ਹਠ ਕੋ ਸੀਆ, ਦੇਖ ਸਿਆਨੀ ਬਨ ਜਾ,*
*ਰਾਮ ਲਕਸ਼ਮਨ ਕੋ ਤਜੋ, ਲੰਕ ਕੀ ਰਾਨੀ ਹੋ ਜਾ।*
*ਤੇਰੀ ਥੀ ਲਗਨ ਮੁਝੇ, ਤੇਰੇ ਸੋਇੰਬਰ ਮੇਂ ਲਗੀ,*
*ਮਾਨ ਲੇ ਮੇਰਾ ਕਹਾ, ਮੇਰੀ ਤੂ ਰਾਨੀ ਬਨ ਜਾ।*
*ਆਂਖ ਸੇ ਦੂਰ ਐ ਰਾਵਨ ਅਭਿਮਾਨੀ ਹੋ ਜਾ,*
*ਹੈ ਅਗਰ ਮਰਦ ਤੋ ਬਸ ਸ਼ਰਮ ਸੇ ਪਾਨੀ ਹੋ ਜਾ।*
*ਰਾਮ ਸੇ ਭਰਟਾ ਮੁਝੇ ਲਾਇਆ ਉਠਾ ਕਰ ਚੋਰੀ,*
*ਨਾਕ ਗਰਮ ਔਰ ਬਦਗੁਮਾਨੀ ਹੋ ਜਾ।* *(ਤਵਾ ਨੰਬਰ ਪੀ. 6958)*

ਉਹ ਕਿਹੋ ਜਿਹਾ ਗਾਉਂਦਾ ਸੀ ਜਾਂ ਉਸਦੀ ਜਾਦੂਈ ਆਵਾਜ਼ 'ਚ ਕਿੰਨਾ ਕੁ ਅਸਰ ਸੀ, ਇਸ ਗੱਲ ਦਾ ਅੰਦਾਜ਼ਾ ਦੇਸ਼ ਭਰ ਦੇ ਮੰਨੇ ਪ੍ਰਮੰਨੇ ਅੰਗਰੇਜ਼ੀ ਲੇਖਕ ਮੁਲਕ ਰਾਜ ਆਨੰਦ ਦੇ ਇਕ ਲੇਖ ਤੋਂ ਲਾਇਆ ਜਾ ਸਕਦਾ ਹੈ। ਉਸ ਵਿਚ ਉਹ ਇਸ ਗੱਲ ਦਾ ਵਰਣਨ ਵੀ ਕਰਦੇ ਹਨ ਕਿ ਉਸ ਗਾਇਕ ਨੇ ਚਾਰ ਸਾਲ ਦੀ ਉਮਰ 'ਚ ਉਸਦੇ ਛੋਹ ਮਸੋਰ ਨਕੋਰ ਮਨ (impressionable mind) 'ਤੇ ਕਿੰਨਾ ਕੁ ਅਸਰ ਪਾਇਆ ਸੀ। ਉਹ ਲਿਖਦੇ ਹਨ :

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਮੈਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ, ਜਦਕਿ ਭਾਈ ਫ਼ੈਜ਼ ਆਪਣੀ ਲੰਮੀ ਆਵਾਜ਼ ਵਿਚ ਗਾ ਰਹੇ ਸਨ, ਮੈਂ ਕੋਈ ਸ਼ਰਾਰਤ ਕਰਨ ਤੋਂ ਬਗ਼ੈਰ ਕਿੰਨਾ ਚਿਰ ਚੁੱਪ ਚਾਪ ਬੈਠਾ ਰਿਹਾ। ਮੈਨੂੰ ਮਗਰੋਂ ਪਤਾ ਲੱਗਾ ਕਿ ਉਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੀ। ਇਹ ਕੋਈ ਸ਼ਬਦ ਗ੍ਰਹਿਣ ਕਰਨ ਦੀ ਸਮਰਥਾ ਕਰ ਕੇ ਨਹੀਂ ਸੀ ਬਲਕਿ ਭਾਈ ਫ਼ੈਜ਼ ਦੀ ਮੁਦਰਾਵਾਂ ਭਰਪੂਰ ਆਵਾਜ਼ ਅਤੇ ਨਾਮ ਦਾ ਅਸਰ ਸੀ ਜਿਸਨੇ ਮੇਰੇ ਪਾਕ ਪਵਿੱਤ੍ਰ ਅੰਤਰੀਵ ਮਨ 'ਚ ਨਾਮ ਦੇ ਬੀ ਬੀਜ ਦਿੱਤੇ ਸਨ।[1]

ਓਸੇ ਲੇਖ 'ਚ ਹੀ ਉਹ ਅਗਾਂਹ ਜਾ ਕੇ ਏਸੇ ਪ੍ਰਤੀ ਆਪਣੇ ਜਵਾਨੀ 'ਚ ਪ੍ਰਭਾਵਾਂ ਬਾਰੇ ਵੀ ਕੁਝ ਇਸ ਤਰ੍ਹਾਂ ਅੰਕਿਤ ਕਰਦੇ ਹਨ :

ਜਦੋਂ ਮੈਂ ਜਵਾਨ ਹੋਇਆ ਤਾਂ ਹਮੇਸ਼ਾ ਭਾਈ ਫ਼ੈਜ਼ ਨੂੰ ਸੁਣਨ ਚਲਿਆ ਜਾਂਦਾ ਸਾਂ—ਜਦੋਂ ਕਿ ਮੇਰੇ ਪਰਿਵਾਰ ਵਾਲਿਆਂ ਨੇ ਮੇਰੀ ਚਾਚੀ ਦੇਵਕੀ ਦੇ ਕਹਿਣ 'ਤੇ ਇਕ ਮੁਸਲਮਾਨ ਔਰਤ ਨਾਲ ਖਾਣਾ ਖਾਣ ਦੇ ਦੋਸ਼ ਵਿਚ ਮੈਨੂੰ ਘਰੋਂ ਛੇਕ ਦਿੱਤੇ ਜਾਣ 'ਤੇ ਮੈਂ ਉੱਕਾ ਸੁੰਨ ਹੋ ਚੁੱਕਾ ਸਾਂ। ਉਨ੍ਹੀਂ ਦਿਨੀਂ ਮੈਂ ਉਸ ਨੂੰ ਸੁਣਨ ਖ਼ਾਤਰ ਸ੍ਰੀ ਦਰਬਾਰ ਸਾਹਿਬ ਰੋਜ਼ਾਨਾ ਸੁਬਹ-ਸ਼ਾਮ ਉਸ ਰਾਗੀ ਦੇ ਚਰਨਾਂ 'ਚ ਬੈਠਣ ਲਈ ਚਲਿਆ ਜਾਂਦਾ ਸਾਂ, ਜਿਸ ਨਾਲ ਮੈਨੂੰ ਉਸਦੇ ਪਸੰਦੀਦਾ

1. I remember vividly. I sat for a longer time without making mischief to hear the mellow long-drawn voice of Bhai Faiz reciting, so I was told later, a *bani* of Guru Nanak. It was not the sense of the song, but its sound, specially the words "sow the seeds of the Holy name" repeated several times that went into me through the dramatic postures of musicians, which grew into my soul in after years as the spirit of music itself.

ਰਾਗ ਸੁਣ ਕੇ ਮੇਰੇ ਲੱਗੇ ਜ਼ਖ਼ਮਾਂ ਦੇ ਫੱਟਾਂ 'ਤੇ ਠੰਢ ਪੈਂਦੀ ਮਹਿਸੂਸ ਹੁੰਦੀ ਸੀ। ਉਸ ਛੋਟਕੇ ਜਿਹੇ ਕਾਲੇ ਬੰਦੇ ਦਾ ਸੰਵੇਦਨਾਸ਼ੀਲ ਚਿਹਰਾ, ਸੱਜੇ ਹੱਥ ਵਿਚ ਹਾਰਮੋਨੀਅਮ ਅਤੇ ਖੱਬੇ ਹੱਥ ਨਾਲ ਮੁਦਰਾਵਾਂ ਭਰਪੂਰ ਅਦਾਇਗੀ...ਇਹ ਸਭ ਚੀਜ਼ਾਂ, ਮੇਰੀਆਂ ਅੱਖੀਆਂ ਸਾਹਮਣੇ ਅੱਜ ਵੀ ਓਸੇ ਤਰ੍ਹਾਂ ਦਿਸ ਰਹੀਆਂ ਹਨ। ਉਸਦੇ ਸੰਗੀਤ ਦੀਆਂ ਮਿੱਠੀਆਂ ਮਧੁਰ ਸੁਰਾਂ ਮੇਰੇ ਧੁਰ ਅੰਦਰ ਅੱਜ ਵੀ ਓਸੇ ਤਰ੍ਹਾਂ ਧੱਸੀਆਂ ਹੋਈਆਂ ਹਨ।

ਆਪਣੇ ਕਾਲਜ ਦੇ ਦਿਨੀਂ ਉਹੋ ਜਿਹੇ ਵਿਸਮਾਦ ਦੀ ਭਾਲ 'ਚ ਮੈਂ ਇਕ ਹੋਰ ਰਬਾਬੀ ਭਾਈ ਛੈਲਾ ਪਟਿਆਲਾ ਵਾਲੇ ਦਾ ਵੀ ਮੁਰੀਦ ਹੋ ਗਿਆਂ ਸਾਂ।[2]

ਭਾਈ ਵਧਾਵਾ ਦੇ ਬੰਸ ਵਿੱਚੋਂ ਭਾਈ ਫ਼ੈਜ਼ ਅੱਧਖੜ ਉਮਰ ਵਿਚ ਕਰੀਬਨ 1930 ਈ. 'ਚ ਚੜ੍ਹਾਈ ਕਰ ਗਿਆ ਸੀ।

2. In my youth, I always returned to hear Bhai Faiz. In fact, during my adolescence, when I was numbed by the ex-communication by my elders of my aunt Devaki for interdining with a Muslim woman. I remember healed myself by devotedly sitting at the feet of this musician, morning and evening, hearing him recite, specially for my benefit, some of his favourite Ragas. I can see him, a lithe dark figure, with a sensitive face, wielding the harmonium with the right hand, pressing the air to the instrument as he emphasised, with the gestures of his left hand certain notes for my benefit, looking with mellow eyes into my soul.

I became the devotee of the other singer, Bhai Chaila of Patiala, in search of similar ecstasies during my college years. *(The Tribune, October 24, 1977)*

 www.sikhbookclub.com

# ਭਾਈ ਇਨਾਇਤ

ਐਡਵਰਡ ਐੱਚ. ਲਿੰਕਨ ਵਲੋਂ ਲਿਖਿਆ ਗਿਆ *ਪੰਜਾਬ ਡਿਸਟ੍ਰਿਕਟ ਗਜ਼ਟੀਅਰ* ਪੜ੍ਹੀਏ ਤਾਂ ਉਸ ਰਬਾਬੀ ਬਾਰੇ ਸਾਨੂੰ ਇਹ ਕੁਝ ਲਿਖਿਆ ਮਿਲਦਾ ਹੈ :

ਸੰਗੀਤ ਅਤੇ ਸਟੇਜ

ਭਾਈ ਇਨਾਇਤ-ਉੱਲ੍ਹਾ, ਜਿਨ੍ਹਾਂ ਦੇ ਵਡੇਰੇ ਕਿਸੇ ਸਮੇਂ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੀਰਤਨ ਦੀ ਸੇਵਾ ਕਰਿਆ ਕਰਦੇ ਸਨ, ਬੜਾ ਅੱਛਾ ਹੈ। ਉਹ ਇਸ ਜ਼ਿਲ੍ਹੇ ਦਾ ਦਰਬਾਰੀ ਹੈ ਅਤੇ ਜਗੀਰ ਦਾ ਵੀ ਮਾਲਿਕ ਹੈ।

*ਡਿਸਟ੍ਰਿਕਟ ਗਜ਼ਟੀਅਰ ਗੁੱਜਰਾਂਵਾਲਾ* (1935 ਈ.) ਸਫ਼ਾ 108 ਅਨੁਸਾਰ[1] ਆਪ ਭਾਈ ਖ਼ੈਰ ਦੇ ਪੁੱਤਰ ਸਨ। ਸ੍ਰੀ ਦਰਬਾਰ ਸਾਹਿਬ ਵਿਚ ਜਦੋਂ ਭਾਈ ਆਗ਼ਾ ਫ਼ੈਜ਼ ਕੀਰਤਨ ਕਰਦੇ ਹੁੰਦੇ ਸਨ, ਤਾਂ ਉਨ੍ਹਾਂ ਦੇ ਨਾਲ ਭਾਈ ਇਨਾਇਤ ਸਿਤਾਰ 'ਤੇ ਬੈਠਦੇ ਸਨ, ਹਾਰਮੋਨੀਅਮ 'ਤੇ ਭਾਈ ਖ਼ੁਸ਼ੀਆ ਹੁੰਦੇ ਸਨ, ਜਦਕਿ ਤਬਲੇ 'ਤੇ ਭਾਈ ਨਸੀਰਾ। ਉੱਚ ਕੋਟੀ ਦੇ ਉਨ੍ਹਾਂ ਰਬਾਬੀਆਂ ਦੀ ਉਹ ਚੌਕੀ ਜਦੋਂ ਭਰਦੀ ਹੋਵੇਗੀ ਤਾਂ ਕਿਹੋ ਜਿਹਾ ਰਸ-ਮਈ ਮਾਹੌਲ ਸਿਰਜਦਾ ਹੋਵੇਗਾ, ਪਾਠਕ-ਜਨ ਇਸਦਾ ਅੰਦਾਜ਼ਾ ਸਹਿਜੇ ਹੀ ਲਗਾ ਸਕਦੇ ਹਨ। ਇਸ ਥਾਂ ਭਾਈ ਖ਼ੁਸ਼ੀਏ ( ?-1939) ਬਾਰੇ ਇਹ ਲਿਖ ਦੇਣਾ ਵੀ ਕੁਥਾਈਂ ਨਹੀਂ ਹੋਵੇਗਾ ਕਿ ਅੰਮ੍ਰਿਤਸਰ ਦੇ ਇਹ ਉਹ ਹੀ ਵਿਅਕਤੀ ਸਨ, ਜਿਹੜੇ ਬਹੁਤ ਉੱਚ-ਕੋਟੀ ਦੇ ਪੇਟੀ-ਵਾਦਕ ਸਨ। ਵਾਜੇ ਦੀਆਂ ਸੁਰਾਂ 'ਤੇ ਜਦ ਹੀ ਉਹ ਉਂਗਲਾਂ ਧਰਦੇ, ਤਾਂ ਅੰਮ੍ਰਿਤ ਚੋਣ ਲੱਗ ਪੈਂਦਾ ਸੀ। ਇਹ ਉਹ ਹੀ ਫ਼ਨਕਾਰ ਸਨ, ਜਿਨ੍ਹਾਂ ਤੋਂ ਭਾਰਤ ਦੇ ਪ੍ਰਸਿੱਧ ਬੰਸਰੀ ਵਾਦਕ ਪੰਨਾ ਲਾਲ ਘੋਸ਼ ਨੇ (1911-1960 ਈ.) ਸੰਗੀਤ ਦੀ ਮੁੱਢਲੀ ਵਿਦਿਆ ਪ੍ਰਾਪਤ ਕੀਤੀ ਸੀ। ਪਿੱਛੋਂ ਉਨ੍ਹਾਂ ਦੇ ਇਸ ਸ਼ਾਗਿਰਦ ਨੇ ਐਨੀ ਤਰੱਕੀ ਕੀਤੀ ਕਿ ਸਭ ਹੱਦਾਂ ਬੰਨੇ ਟੱਪ ਗਿਆ। ਖ਼ਿਆਲ ਕੀਤਾ ਜਾਂਦਾ ਹੈ ਕਿ ਭਾਰਤ ਵਿਚ ਉਸ ਤੋਂ ਵੱਧ ਸੁਰੀਲੀ ਬੰਸਰੀ ਅੱਜ ਤਕ ਹੋਰ ਕੋਈ ਨਹੀਂ ਵਜਾ ਸਕਿਆ। ਉਨ੍ਹਾਂ ਦੀ ਖ਼ੁਸ਼ਬੂ ਅੱਜ-ਕੱਲ੍ਹ ਉਨ੍ਹਾਂ ਦੇ ਸ਼ਾਗਿਰਦ ਅਤੇ

---

1. Bhai Inayat S/o Bhai Khair Rababi (who performed at the Golden Temple)

Music & Stage

"Bhai Inayat ullah whose ancestors were musicians at the Golden Temple Amritsar, is very good. He is a District Durbari of this District and holds a Jagir." p. 108, *Punjab District Gazetteers*, Vol. XXIV-A, *Gujranwala District* Part A, By : Edward H. Lincoln, 1935.

ਜੁਆਈ ਪੰਡਿਤ ਦੇਵਿੰਦਰ ਮੁਰਧੇਸ਼ਵਰ ਦੇ ਵਾਦਨ ਤੋਂ ਮਹਿਸੂਸ ਕੀਤੀ ਜਾ ਸਕਦੀ ਹੈ। ਪੰਨਾ ਲਾਲ ਤੋਂ ਛੁੱਟ ਸੁਪ੍ਰਸਿੱਧ ਪਲੇਬੈਕ ਸਿੰਗਰ ਕੁੰਦਨ ਲਾਲ ਸਹਿਗਲ ਵੀ ਭਾਈ ਖ਼ੁਸ਼ੀਏ ਦਾ ਹੀ ਸ਼ਾਗਿਰਦ ਸੀ। ਅਸਲ ਵਿਚ ਗੱਲ ਇਹ ਹੋਈ ਕਿ ਸਹਿਗਲ ਨੇ ਇਕ ਵੇਰ ਭਾਈ ਅਤਰੇ ਦੇ ਪੁੱਤਰ ਖ਼ੁਰਸ਼ੀਦ ਅਤਰੇ (ਜਿਸਨੂੰ ਖ਼ੁਸ਼ੀਆ ਕਰ ਕੇ ਲੋਕੀਂ ਵਧੇਰੇ ਜਾਣਦੇ ਸਨ) ਨੂੰ ਜਦ ਹੀ ਸੁਣਿਆ, ਉਹ ਉਸਦੇ ਕਦਮਾਂ 'ਤੇ ਜਾ ਡਿਗਿਆ ਅਤੇ ਓਸੇ ਵੇਲੇ ਹੀ ਉਸਨੂੰ ਉਹ ਕਲਕੱਤੇ ਲੈ ਗਿਆ ਅਤੇ ਓਥੇ ਉਸਨੂੰ ਨਿਊ ਥੀਏਟਰ ਫ਼ਿਲਮ ਕੰਪਨੀ 'ਚ ਬਤੌਰ ਕੰਪੋਜ਼ਰ ਨੌਕਰੀ ਦੁਆ ਦਿੱਤੀ ਸੀ।

SIKHBOOKCLUB.COM

 www.sikhbookclub.com

# ਭਾਈ ਸੰਤੂ

ਅੰਮ੍ਰਿਤਸਰ ਭਾਈ ਮੁੰਦਾ ਇਕ ਬਹੁਤ ਵੱਡਾ ਪਖਾਵਜੀ ਹੋ ਗੁਜ਼ਰਿਆ ਹੈ, ਜਿਸਦੇ ਇਕ ਪੁੱਤਰ ਦਾ ਨਾਂ ਭਾਈ ਸੰਤੂ ਸੀ। ਅਸਲ ਵਿਚ ਉਨ੍ਹਾਂ ਦਾ ਨਾਂ ਤਾਂ ਚੌਧਰੀ ਮੁਰਾਦ ਅਲੀ ਸੀ, ਪਰ ਦੇਸ਼ ਭਰ ਵਿਚ ਉਨ੍ਹਾਂ ਦੀ ਪ੍ਰਸਿੱਧੀ ਭਾਈ ਸੰਤੂ ਵਜੋਂ ਹੀ ਹੋਈ। ਉਨ੍ਹਾਂ ਦਾ ਜਨਮ 1880 ਈ. ਵਿਚ ਸੰਗਰੂਰ ਵਿਖੇ ਹੋਇਆ। ਆਪ ਸਿੱਖਾਂ ਦੇ ਸਿਰਤਾਜ ਤਬਲਾ ਨਵਾਜ਼ ਸ. ਮਤਾਬ ਸਿੰਘ (ਕਿਧਰੇ ਕਿਧਰੇ ਆਪਦਾ ਨਾਂ ਮਹਿਤਾਬ ਸਿੰਘ ਕਰਕੇ ਵੀ ਹੈ) ਦੇ ਚਹੇਤੇ ਸ਼ਾਗਿਰਦ ਸਨ। ਆਪਣੇ ਸਮੇਂ ਦੇ ਕਰੀਬਨ ਹਰੇਕ ਰਬਾਬੀ ਨਾਲ ਉਨ੍ਹਾਂ ਨੇ ਪਖਾਵਜ 'ਤੇ ਸੰਗਤ ਕੀਤੀ। ਪਹਿਲਾ ਪਹਿਲਾ ਉਨ੍ਹਾਂ ਨੇ ਭਾਈ ਮੋਤੀ ਅਤੇ ਸਾਈਂ ਦਿੱਤਾ ਆਦਿ ਨਾਲ ਪਖਾਵਜ 'ਤੇ ਸਾਥ ਕੀਤਾ, ਪਿੱਛੋਂ ਕੁਝ ਸਾਲ ਭਾਈ ਚਾਂਦ ਅਤੇ ਭਾਈ ਦੇਸਾ ਨਾਲ ਵੀ ਸੰਗਤ ਕਰਦਾ ਰਿਹਾ।

ਦੇਸ਼ ਦੇ ਵੰਡਾਰੇ ਅਰਥਾਤ 1947 ਤੋਂ ਪਹਿਲਾਂ ਹਿੰਦੁਸਤਾਨ ਦੇ ਵੱਡੇ ਵੱਡੇ ਘਰਾਣਿਆਂ ਦੇ ਕਈ ਕਲਾਕਾਰ ਜਦੋਂ ਸੀਤਲਾ ਮੰਦਰ (ਦੁਰਗਿਆਣਾ ਨੇੜੇ) ਰਾਗ ਸਭਾ ਹੋਲੀਆਂ ਦੇ ਮੌਕੇ ਭਾਗ ਲੈਣ ਲਈ ਅੰਮ੍ਰਿਤਸਰ ਆਉਂਦੇ ਸਨ ਤਾਂ ਉਨ੍ਹਾਂ ਨਾਲ ਏਥੋਂ ਦੇ ਇਕ ਹੋਰ ਕਲਾਕਾਰ ਦਾਸ ਮੱਲ, ਜਿਹੜੇ ਕਿ ਉਸਤਾਦ ਅੱਲਾ ਰੱਖਾ ਨਾਲੋਂ ਉਮਰ ਵਿਚ ਕਰੀਬਨ ਦਸ ਸਾਲ ਵੱਡੇ ਸਨ, ਵੀ ਬੜਾ ਸੁਆਦਲਾ ਤਬਲਾ ਵਜਾਇਆ ਕਰਦੇ ਸਨ। ਪਰ ਹਰ ਸਾਲ ਲਗਾਤਾਰ ਤਿੰਨੇ ਵਕਤ ਘੱਟੋ-ਘੱਟ 1930 ਤੋਂ ਲੈ ਕੇ 1947 ਤਕ ਤਬਲਾ ਵਜਾਉਣ ਵਾਲਿਆਂ ਵਿੱਚੋਂ ਭਾਈ ਸੰਤੂ ਅਤੇ ਭਾਈ ਨਸੀਰਾ, "ਸਟਾਰ ਆਫ਼ ਇੰਡੀਆ" ਦਾ ਨਾਂ ਪੇਸ਼ ਪੇਸ਼ ਸੀ। ਏਥੇ ਇਹ ਗੱਲ ਕਿਸੇ ਵੀ ਤਰ੍ਹਾਂ ਇਕ ਵੱਡੇ ਮਾਣ ਤੋਂ ਘੱਟ ਨਹੀਂ ਕਿ 1914 ਈ. ਵਿਚ ਇਕ ਅੰਗਰੇਜ਼ ਲਿਖਾਰੀ ਏ.ਐੱਚ. ਫੌਕਸ ਸਟਰੈਂਗਵੇ ਨੇ ਸੰਗੀਤ 'ਤੇ ਜਿਹੜੀ ਕਿਤਾਬ *The Music of Hindustan*[1] ਛਾਪੀ ਸੀ, ਉਸ ਵਿਚ ਦੇਸ਼ ਭਰ ਦੇ ਤਬਲਾ ਨਵਾਜ਼ਾਂ ਵਿੱਚੋਂ ਸਿਰਫ਼ ਇਸ ਕਲਾਕਾਰ ਦੇ ਹੀ ਵੱਖ ਵੱਖਰੇ ਅੰਦਾਜ਼ਾਂ ਵਿਚ ਤਿੰਨ ਪੋਜ਼ ਛਾਪੇ ਸਨ, ਹੋਰ ਕਿਸੇ ਦੇ ਨਹੀਂ।

ਅੱਜ ਵੀ ਪੁਰਾਣੇ ਬਜ਼ੁਰਗ ਆਪ ਦਾ ਨਾਂ ਬੜੇ ਸਤਿਕਾਰ ਨਾਲ ਲੈਂਦੇ ਹਨ। ਦੇਸ਼ ਦੀ ਵੰਡ ਪਿੱਛੋਂ ਆਪ ਪਿਸ਼ਾਵਰ ਰੇਡੀਓ ਸਟੇਸ਼ਨ 'ਤੇ ਬਤੌਰ ਸਟਾਫ਼ ਆਰਟਿਸਟ ਨਿਯੁਕਤ ਹੋ ਗਏ। ਆਪ ਦੇ ਪਿਤਾ ਕਿਸੇ ਸਮੇਂ ਉਸਤਾਦ ਫ਼ਕੀਰ ਬਖ਼ਸ਼ ਪਖਾਵਜੀ ਵਾਂਗ ਡੂਮ ਗਲੀ ਵਿਚ ਰਹਿੰਦੇ ਸਨ, ਪਰ ਆਪ ਉਥੇ ਢਾਕ ਦਾਲਗਰਾਂ, ਕੂਚਾ ਸੁੰਦਰ

1. ਇਹ ਕਿਤਾਬ ਉਦੋਂ ਆਕਸਫ਼ੋਰਡ ਯੂਨੀਵਰਸਿਟੀ ਪ੍ਰੈੱਸ ਲੰਡਨ ਨੇ ਛਾਪੀ ਸੀ।


www.sikhbookclub.com

ਸਿੰਘ ਵਿਚ ਰਿਹਾਇਸ਼ ਰੱਖਦੇ ਰਹੇ। ਆਪ ਦਾ ਇਕ ਬੇਟਾ ਭਾਈ ਅਬਦੁੱਲ ਹੱਕ (1920-1979 ਈ.) ਪਖਾਵਜ ਅਤੇ ਤਬਲੇ ਦਾ ਇਕ ਉੱਚ ਕੋਟੀ ਦਾ ਵਜੰਤਰੀ ਸੀ, ਜਿਸਨੇ ਕਿ ਪਾਕਿਸਤਾਨ ਭਰ ਵਿਚ ਆਪਣਾ ਨਾਂ ਕਮਾਇਆ। ਉਹ ਧਰੁੱਪਦ ਖ਼ਿਆਲ ਗਾਉਣ ਤੋਂ ਛੁੱਟ ਉਸੇ ਰੇਡੀਓ ਸਟੇਸ਼ਨ 'ਤੇ ਕੰਪੋਜ਼ਰ ਵੀ ਰਿਹਾ। ਉਸਦੀ ਮੌਤ ਵੀ ਫਿਰ ਪਿਸ਼ਾਵਰ ਵਿਚ ਹੀ ਹੋਈ। ਉਸਦਾ ਛੋਟਾ ਭਰਾ ਫ਼ਜ਼ਲ ਹੱਕ ਵੀ ਪਖਾਵਜ ਅਤੇ ਤਬਲੇ ਦਾ ਇਕ ਤੱਕੜਾ ਵਜੰਤਰੀ ਸੀ।

ਭਾਈ ਸੰਤੂ, ਪੱਕੇ ਤੌਰ 'ਤੇ ਸੂਤਰ ਮੰਡੀ ਲਾਹੌਰ ਦੇ ਵਸਨੀਕ ਸਨ ਜਿਥੇ ਉਨ੍ਹਾਂ ਦੀ ਪੰਝੱਤਰ ਸਾਲ ਦੀ ਉਮਰ ਵਿਚ 1955 ਈ. ਵਿਚ ਮੌਤ ਹੋ ਗਈ।

SIKHBOOKCLUB.COM

 www.sikhbookclub.com

# ਭਾਈ ਬਤਨ ਸਿੰਘ ਮੇਹਲੀ

ਆਪ ਦੇਸ਼ ਭਰ ਦੇ ਇਕ ਨਾਮਵਰ ਕੀਰਤਨਕਾਰ ਤਾਂ ਸਨ ਹੀ, ਬਹੁਤ ਵੱਡੇ ਬੰਦਸ਼ਕਾਰ ਵੀ ਸਨ। ਵੱਖੋ-ਵੱਖਰੇ ਰਾਗ ਰਾਗਨੀਆਂ ਦੀਆਂ ਆਪ ਨੇ ਸੈਂਕੜੇ ਰਚਨਾਵਾਂ ਰਚੀਆਂ। ਉਨ੍ਹਾਂ ਦੀ ਗੌਂਡ ਸਾਰੰਗ ਦੀ ਇਕ ਠੁਮਰੀ ਦੀ ਰਚਨਾ ਵੇਖੋ:

*ਦੇਖੋ ਤੋਂ ਸਖੀ ਰੀ,*
*ਮਨ ਹਰ ਲੀਨੋਂ ਮੋਰ।*
*ਬੰਸੀ ਵਾਲੇ ਸਾਂਵਰੇ ਨੇ,*
*ਬਾਂਵਰੀ ਬਨਾਈ।*

*ਅਸਥਾਈ: ਮੋਕੋ ਜਾਦੂ ਹੀ ਕੀਨੋ*
*ਮਾਰੀ ਮੋਹੇ ਐਸੀ ਕਪਟੀ*
*ਨੈਨੋਂ ਕੀ ਕਟਾਰੀ।*
*ਐਸੋ ਕੋ ਯਤਨ ਬਤਾਵੇ ਰੀ,*
*ਅੰਤਰਾ: ਮੋਹਨ ਸਾਂਵਰੋ ਮਿਲ ਜਾਏ*
*ਦੇਖੋ ਪਿਆਰੀ ਹੇ ਰੀ।...*

ਆਪ ਬੇਹੱਦ ਸਿਆਣੇ ਮਹਾਂਪੁਰਖ ਸਨ, ਬਾਰੀਕ ਅਤੇ ਸੁਰੀਲੇ, ਜਿਨ੍ਹਾਂ ਨੇ ਕੁਝ ਰਿਆਸਤਾਂ ਦਾ ਭਰਮਣ ਵੀ ਕੀਤਾ। ਕੁਝ ਸਮਾਂ ਆਪ ਕੋਟਾ ਬੂੰਦੀ ਰਿਆਸਤ ਵਿਚ ਵੀ ਰਹੇ। ਆਖ਼ਰੀ ਉਮਰੇ ਆਪਣੇ ਪਿੰਡ ਆ ਕੇ ਰਹਿਣ ਲੱਗ ਪਏ। 1953 ਈ. ਵਿਚ ਸ. ਮੋਹਨ ਸਿੰਘ ਮੁਸਾਪੁਰੀ ਉਨ੍ਹਾਂ ਪਾਸੋਂ ਵਿਦਿਆ ਹਾਸਲ ਕਰਨ ਲਈ ਉਨ੍ਹਾਂ ਨੂੰ ਆਪਣੇ ਪਿੰਡ ਨਾਲ ਲੈ ਆਏ। ਆਖਰੀ ਉਮਰ ਆਪ ਢਿੱਲੇ ਮੱਠੇ ਰਹਿਣ ਲੱਗ ਪਏ ਸਨ। 1959 ਈ. ਵਿਚ ਆਪਣੇ ਪਿੰਡ ਦੇ ਗੁਰਦੁਆਰੇ ਵਿਚ ਆਪ ਸਵਰਗਵਾਸ ਹੋ ਗਏ। ਉਸ ਵੇਲੇ ਆਪ ਦੀ ਉਮਰ ਕਰੀਬਨ ਬਹੱਤਰ ਸਾਲ ਦੀ ਸੀ।

 www.sikhbookclub.com

# ਭਾਈ ਦਲ ਸਿੰਘ ਸਹੋਤਾ

ਉਹ ਪਿੰਡ ਲਸਾੜਾ, ਜ਼ਿਲ੍ਹਾ ਜਲੰਧਰ ਦਾ ਵਸਨੀਕ ਸੀ ਅਤੇ ਕੁਝ ਸਮਾਂ ਦੌਧਰ ਜ਼ਿਲ੍ਹਾ ਫ਼ਰੀਦਕੋਟ ਦੇ ਪ੍ਰਸਿੱਧ ਕੀਰਤਨ ਕੇਂਦਰ ਅਰਥਾਤ ਟਕਸਾਲ ਦਾ ਪ੍ਰਿੰਸੀਪਲ ਵੀ ਰਿਹਾ। ਮਾਲਵੇ ਦੀ ਇਸ ਪ੍ਰਸਿੱਧ ਟਕਸਾਲ ਨੂੰ ਸਰਲ ਢੰਗ 'ਚ ਕਈ ਵੇਰ ਅੰਨ੍ਹਿਆਂ ਦਾ ਡੇਰਾ ਵੀ ਕਿਹਾ ਜਾਂਦਾ ਹੈ। ਉਹ ਅਤੇ ਭਾਈ ਪ੍ਰਤਾਪ ਸਿੰਘ ਆਪਸ ਵਿਚ ਗੁਰਭਾਈ ਸਨ। ਉਨ੍ਹਾਂ ਦਾ ਉਸਤਾਦ ਭਾਈ ਸੇਵਾ ਸਿੰਘ ਗੁਰੂਸਰ ਸੀ। ਲਾਡ ਨਾਲ ਉਹ ਉਨ੍ਹਾਂ ਦੋਹਾਂ ਦਾ ਕਦੇ ਪੂਰਾ ਨਾਂ ਨਹੀਂ ਸੀ ਸੱਦਦਾ ਹੁੰਦਾ - ਜਦ ਕਦੇ ਵੀ 'ਵਾਜ ਮਾਰਨੀ, ਉਸ ਨੇ ਉਨ੍ਹਾਂ ਨੂੰ 'ਦੌਲਿਆ' 'ਪ੍ਰਤਾਪਿਆ' ਹੀ ਕਹਿਣਾ।

ਰਾਮਗੜ੍ਹੀਆ ਬਰਾਦਰੀ ਦਾ ਇਹ ਚਸ਼ਮੋਂ-ਚਿਰਾਗ ਇਕ ਨਿਰਮਲਾ ਸਾਧੂ ਸੀ ਅਤੇ ਬਹੁਤ ਵੱਡਾ ਬੰਦਸ਼ਕਾਰ ਵੀ। ਉਸ ਵਰਗਾ ਕੋਈ ਸਾਰੰਦਾ ਨਹੀਂ ਵਜਾ ਸਕਦਾ ਸੀ। ਉਸ ਨੇ ਕੋਈ ਦੋ ਸੌ ਦੇ ਕਰੀਬ ਬੰਦਸ਼ਾਂ ਤਿਆਰ ਕੀਤੀਆਂ ਸਨ, ਜਿਹੜੀਆਂ ਅਤਿ ਮਿੱਠੀਆਂ ਹਨ। ਉਸ ਦੀ 'ਬਿਲਾਵਲ' ਦੀ ਇਕ ਚੀਜ਼ ਦਾ ਨਮੂਨਾ ਦੇਖੋ :

*ਸੁਨ ਰੀ ਸੁਨ ਬਾਮ ਕੰਵਰ ਕੇ,*
*ਤੇਰੋ ਸੁਤ ਚਪਲ ਕਹਾਵੈ।*
*ਜਮਨਾ ਕੇ ਤਟ, ਬਾਂਸੀ ਵੱਟ, ਨਟ ਖਟ,*
*ਮਟਕੀ ਪਟਕ ਦੂੱਧ ਸਟਕ ਕਰੇ। ਸੁਨ ਰੀ...*
*ਵਾਟ ਘਾਟ ਮੋਹੇ ਰੋਕਤ ਟੋਕਤ,*
*ਕੌਨ ਨਗਰ ਕੀ ਰੀਤ ਕਹੋ ਰੀ ?*
*ਦਿਵਸ ਰੈਨ ਜਹਾਂ ਲਾਜ ਵਿਕਤ,*
*ਤਬ ਐਸੇ ਨਗਰ ਮੇਂ ਕੌਨ ਰਹੇ ? ਸੁਨ ਰੀ...*

ਇਸ ਬੰਦਸ਼ ਵਿਚ ਸ਼ਬਦਾਂ ਦੀ ਛਣਕਾਰ, ਤਟ, ਵਟ, ਨਟ, ਖਟ, ਪਟਕ, ਸਟਕ, ਚੀਜ਼ ਨੂੰ ਹੋਰ ਵੀ ਸੁਆਦਲਾ ਕਰ ਦਿੰਦੀ ਹੈ।

ਉਸਦੀ ਹੁਣ ਇਕ ਠੁਮਰੀ ਦਾ ਨਮੂਨਾ ਵੀ ਵੇਖ ਲਉ :

*ਛਾਡੋ ਛਾਡੋ ਮੋਹਨ ਮੋਰਾ ਆਂਚਰਾ,*
*ਗਹੋ ਨਾ ਪ੍ਰਭੂ*
*ਐਸੋ ਨਗਰ ਮੈਂ ਤੂ ਤੋ ਮਸਤ ਨਾ ਮੋਰੀ ਅਬ,*
*ਸਾਸਤ, ਨਨਦ, ਨਿਵਾਰਤ ਹੈ।*[1]

---

1 ਮੇਰੀ ਸੱਸ ਅਤੇ ਨਣਦ ਵੇਖਦੀਆਂ ਹਨ।

*ਛਾਡੋ ਛਾਡੋ ਮੋਹਨ ਮੋਰਾ ਆਂਚਰਾ,*
*ਤੂੰ ਤੋ ਪਨੀਆ ਭਰਨ ਨਿਕਸੀ*
*ਸੁਵਕ ਪਾਇਨ ਰਾਤ ਚਲੀ ਜਾਤ*
*ਵੋਹ ਤੋ ਨਿਪਟ ਢੀਠ ਮੋਰੀ ਬਹੀਆ ਪਕਰਤ,*
*ਮੈਂ ਤੋ ਕਰ ਕਰ ਛੂਟੀ ਵਾਂਸੋ ਲਗਨ ਬਹਾਨੇ।*
*ਛਾਡੋ ਛਾਡੋ...*

ਆਪ ਦੀ ਮੌਤ ਬਿਰਧ ਅਵਸਥਾ ਵਿਚ ਵੀਹਵੀਂ ਸਦੀ ਦੇ ਪੰਜਾਹਕਿਆਂ ਵਿਚ ਹੋਈ।

SIKHBOOKCLUB.COM

 www.sikhbookclub.com

# ਭਾਈ ਬੂੜਾ ਰਬਾਬੀ


ਭਾਈ ਬੂੜਾ ਰਬਾਬੀ

ਭਾਈ ਬੂੜਾ ਰਬਾਬੀ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਦੇ ਪ੍ਰਸਿੱਧ ਢਾਡੀ ਭਾਈ ਬਾਬਕ ਦੇ ਵੰਸ਼ ਵਿੱਚੋਂ ਸਨ, ਅਤੇ ਭਾਈ ਰੂੜਾ ਦੇ ਸਕੇ ਭਰਾਤਾ। ਰਾਸ਼ਟਰੀ ਪੱਧਰ 'ਤੇ ਜਿਥੇ ਭਾਈ ਰੂੜਾ ਇਕ ਬਹੁਤ ਅੱਛਾ ਗਾਇਕ ਸੀ, ਓਥੇ ਉਸਦਾ ਇਹ ਭਾਈ ਉਹ ਚੀਜ ਨਾ ਬਣ ਸਕਿਆ। ਪੰਜਾਬ ਦੇ ਇਕ ਪ੍ਰਸਿੱਧ ਗਾਇਕ ਉਸਤਾਦ ਕਰਮ ਸਿੰਘ ਚੱਕਰਵਰਤੀ (1903-1972 ਈ.) ਦੇ ਦੱਸਣ ਅਨੁਸਾਰ ਦੇਸ਼ ਦੇ ਸੁਪ੍ਰਸਿੱਧ ਗਾਇਕ ਪੰਡਿਤ ਭਾਸਕਰ ਰਾਓ (1869-1922 ਈ.) ਸਾਰੀ ਉਮਰ ਇਹ ਗੱਲ ਕਹਿੰਦੇ ਰਹੇ ਕਿ ਭਾਈ ਲਾਲ ਦੀ ਥਾਂ ਜੇਕਰ ਭਾਈ ਰੂੜਾ ਸਾਡਾ ਸ਼ਾਗਿਰਦ ਬਣਦਾ ਤਾਂ ਫਿਰ ਠੱਠ ਬੱਝਦਾ। ਪੰਡਿਤ ਜੀ ਦੀ ਆਖੀ ਹੋਈ ਇਸ ਗੱਲ ਤੋਂ ਉਸ ਕਲਾਕਾਰ ਦੀ ਪ੍ਰਤਿਭਾ ਬਾਰੇ ਮਾੜੀ ਮੋਟੀ ਝਲਕ ਵੀ ਪੈਂਦੀ ਹੈ ਕਿ ਉਹ ਕਿਸ ਮੁਰਾਤਬੇ ਦਾ ਫ਼ਨਕਾਰ ਸੀ। ਲੱਗਦੇ ਹੱਥ ਭਾਈ ਬੂੜਾ ਆਪਣੇ ਭਰਾ ਭਾਈ ਲਾਲ ਬਾਰੇ ਕਿਹੋ ਜਿਹੇ ਵਿਚਾਰ ਰੱਖਦਾ ਹੁੰਦਾ ਸੀ, ਪਾਠਕਾਂ ਨੂੰ ਉਸ ਤੋਂ ਵੀ ਜਰਾ ਜਾਣੂ ਕਰਵਾ ਦਿੱਤਾ ਜਾਵੇ, ਤਾਂ ਉਚਿਤ ਰਹੇਗਾ :

ਓ ਭਾਈ ਭਾਵੇਂ ਉਹ ਵੀ ਸਾਡੀ ਮਾਸੀ ਦਾ ਪੁੱਤ ਭਰਾ ਹੈ, ਫਿਰ ਵੀ ਐਸਾ ਖੁਰ ਧੋਤਾ ਕਿ 1921 ਵਿਚ ਜਿਉਂ ਹੀ ਉਹ ਭਾਸਕਰ ਜੀ ਦਾ ਸ਼ਾਗਿਰਦ ਬਣਿਆ, ਤਿਉਂ ਹੀ ਉਸਦੀ ਜਾਨ ਲੈ ਲਈ। ਉਸ ਪਿੱਛੋਂ ਛੇਤੀ ਹੀ ਪੰਡਿਤ ਜੀ ਦੀ ਮੌਤ ਹੋ ਗਈ ਸੀ।

ਉਹ ਦੋਵੇਂ ਭਰਾ ਚੂਨਾ ਮੰਡੀ ਲਾਹੌਰ ਰਹਿੰਦੇ ਹੁੰਦੇ ਸਨ। ਆਪ ਦਾ ਜਨਮ 1870 ਈ. (?) ਦੇ ਨੇੜੇ ਹੋਇਆ। ਸੰਗੀਤ ਦੀ ਮੁੱਢਲੀ ਤਾਲੀਮ ਪਹਿਲਾਂ ਆਪ ਆਪਣੇ ਅੱਬੂ ਤੋਂ ਲੈਂਦੇ ਰਹੇ, ਪਿੱਛੋਂ ਸੈਨੀਆ ਘਰਾਣੇ ਦੇ ਪ੍ਰਸਿੱਧ ਬੀਨਕਾਰ ਉਸਤਾਦ

 www.sikhbookclub.com

ਵਜ਼ੀਰ ਖ਼ਾਂ ਅਤੇ ਪਟਿਆਲਾ ਵਾਲੇ ਫ਼ਤਿਹ ਅਲੀ ਖ਼ਾਂ ਕਰਨੈਲ ਸਾਹਿਬ ਦੇ ਸ਼ਾਗਿਰਦ ਹੋ ਗਏ।

ਉੱਨ੍ਹੀਵੀਂ ਸਦੀ ਦੇ ਅਖ਼ੀਰਲੇ ਸਾਲਾਂ 'ਚ ਦੋਵੇਂ ਭਰਾ ਭਾਈ ਬੂੜਾ ਭਾਈ ਰੂੜਾ ਕਈ ਸਾਲ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਕੀਰਤਨ ਕਰਦੇ ਰਹੇ, ਪਿੱਛੋਂ ਧਰੁੱਪਦ ਧਮਾਰ ਗਾਇਨ ਸ਼ੁਰੂ ਕਰ ਕੇ ਭਾਰਤ ਦੀਆਂ ਵੱਡੀਆਂ ਛੋਟੀਆਂ ਸਭ ਮਹਿਫ਼ਲਾਂ ਵਿਚ ਹਿੱਸਾ ਲੈਂਦੇ ਰਹੇ।

ਉਨ੍ਹਾਂ ਸਮਿਆਂ ਵਿਚ ਭਾਈ ਬੂੜਾ ਨੂੰ ਕਿੰਨੀ ਕੁ ਤਨਖ਼ਾਹ ਮਿਲਦੀ ਸੀ, ਜਾਂ ਉਸ ਨੂੰ ਸ੍ਰੀ ਦਰਬਾਰ ਸਾਹਿਬ ਵਿਚ ਨੌਕਰੀ ਦੇਣ ਸਮੇਂ ਪ੍ਰਬੰਧਕਾਂ ਵਲੋਂ ਕਿਸ ਤਰ੍ਹਾਂ ਦਾ ਲਿਖ ਲਿਖਾ ਹੋਇਆ ਸੀ, ਉਸਦਾ ਸਹੀ ਅਕਸ, ਸਹੀ ਝਲਕਾਰਾ ਸਾਨੂੰ ਡਾ. ਮਦਨਜੀਤ ਕੌਰ ਵਲੋਂ ਛਾਪੀ ਗਈ ਉਸਦੀ ਪ੍ਰਸਿੱਧ ਰਚਨਾ *The Golden Temple : Past & Present* (1983) ਵਿਚ ਛਾਪੇ ਗਏ ਇਕ ਅਹਿਮ ਦਸਤਾਵੇਜ਼ ਤੋਂ ਮਿਲਦਾ ਹੈ, ਜੋ ਇਸ ਪ੍ਰਕਾਰ ਹੈ:

ਇਸ ਵਾਸਤੇ ਇਹ ਸਲਾਹ ਹੋਈ ਏਕ ਰਬਾਬੀ ਜੋ ਭਲਾ ਲੋਕ ਗੁਰਾਂ ਕੇ ਵਕਤ ਕਾ ਹੋਵੇ॥ ਸੋ ਮਕੱਰਰ ਕੀਤਾ ਚਾਹੀਏ। ਸੋ ਭਾਈ ਬੂੜਾ ਰਬਾਬੀ ਸ਼ਬਦ ਕੀਰਤਨ ਕਾ ਅਧਕਾਰੀ ਹੈ॥ ਸੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਖਰ ਵਕਤ ਅਬਾਦੀ ਰਾਮਦਾਸ ਪੁਰੇ ਦੇ ਅਬਾਦ ਕੀਤਾ ਸੀ॥ ਤੇ ਖਿਜਮਤਿ ਭੀ ਭਾਈ ਬਾਬਕ ਨੇ ਹਜ਼ੂਰ ਗੁਰੂ ਹਰਿ ਗੋਬਿੰਦ ਸਾਹਿਬ ਦੇ ਬੜੇ ਮੌਕੇ ਪਰ ਖਿਜਮਤਿ ਕੀਤੀ ਸੀ। ਇਸ ਵਾਸਤੇ ਭਾਈ ਬੂੜੇ ਦੇ ਪਾਲਣਾ ਵਾਸਤੇ॥ ਸ਼ਬਦ ਕੀਰਤਨ ਦੇ ਉਚਾਰ ਵਾਸਤੇ ਹੱਕਦਾਰ ਸੰਮਝ ਕੇ ਏ ਕੁਛ ਮੁਕਰਰ ਕੀਤਾ ਹੈ ਸ਼ਬਦ ਭੇਟਾ॥ ਖਰ ਵਕਤ ਜਨਮ ਲੜਕੇ ਦੇ॥) ਅੱਠ ਆਨੇ ਤੇ ਰੋੜੀ ਗੁੜ ਦੀ ਸ਼ਬਦ ਭੇਟਾ॥ ਕੁੜਮਾਈ ਹੋਪਨਾਂ ਲੜਕੇ ਦੀ ਪਰ ਭੀ ਵੈਸੇ ਹੀ ਦੀਆ ਜਾਵੇਗਾ॥ ਖਰ ਵਕਤ ਸੇਹਰੇ ਲੜਕੇ ਦੇ ਪਰ ਭੀ ਐਸਾ ਹੀ ਦੀਆ ਜਾਵੇਗਾ॥ ਇਨ ਸਾਰਿਓ ਸੰਮਿਐ ਪਰ ਆਠ ਆਨੇ ਸ਼ਬਦ ਭੇਟ ਦੀਆ ਕਰਾਂਗੇ॥ ਜੋ ਜਿਆਦਾ ਦੇਵੇ ਉਸ ਦੀ ਭੇਨੇ ਇਸ ਥੀ ਕੰਮਤੀ ਨਾ ਹੋਵੇਗੀ॥ ਅਰ ਬਰ ਵਕਤ ਚਲਾਣੇ ਪ੍ਰਾਣੀ ਦੇ ਏਹ ਮੁਨਾਸਬ ਹੈ॥ ਜਿਸ ਪ੍ਰਾਣੀ ਦਾ ਵੇਹੜ ਬਣੇਗਾ ਤਾ ਫਕੇ ਉ ਲੈ ਕੇ ਜਰੀਤਾ ਕਰ॥ ਉਸ ਵਕਤ ਦੇ ਪੱਗਾਂ ਤੇ ੨।) ਸਵਾ ਦੋ ਰੁਪੈ ਨਗਦ॥ ਤੇ ਚੌਥੇ ੫ ਦਸ ਆਨੈ॥=) ਜਿਸ ਪ੍ਰਾਣੀ ਕੋ ਪਿਛੇ ਚੌਥਿਐ ਲੈ ਕੇ ਕਿਰਿਆ ਤੀਕਰ ਰੋਜ ਸ਼ਬਦ ਕੀਰਤਨ ਕਰਵਾਵੇਗਾ ਸੋ ੨।) ਸਵਾ ਦੋ ਰੁਪਏ ਕਿਰਿਆ ਤੇ ਦੇਵੇਗਾ॥ ਜੋ ਵਾਰ ਕੀ ਚੌਕੀ ਕਰਾਵੇਗਾ॥।-) ਪੰਜ ਆਨੇ ਰੋਜ ਦੇਵੇਗਾ ਜਿਸ ਪ੍ਰਾਣੀ ਕੋ ਬਿਨ ਵੇਹੜ ਸਸਕਾਰ ਹੋਵੇਗਾ ਉਸ ਕੀ ਪਹਿਲੀ ਮਜਲ ਪਰ ੧।) ਸਵਾ ਰੁਪੈਇਆ॥ ਅਰ ਉਸ ਕੇ ਚੌਥੇ ਪਰ॥–) ਦਸ ਆਨੇ ਔਰ ਕਿਰਿਆ ਨੂੰ ੧) ਇਕ ਰੁਪੈਇਆ ਦੀਆ ਜਾਵੇਗਾ॥ ਅਰ ਜੋ ਕੁਛ ਉਪਰ ਲਿਖਾ ਹੈ ਸੋ ਸ਼ਬਦ ਭੇਟ ਅਰਦਾਸ ਭਾਈ ਬੂੜੇ ਕੋ ਦੀਆ ਜਾਵੇਗਾ। ਮਗਰ ਭਾਈ ਬੂੜੇ ਕੋ ਲਾਜਮ ਐ ਮੁਨਾਸਬ ਹੈ ਚਾਰ ਆਦਮੀ ਸਮੇਤ ਜੋੜੀ ਵਾਲੇ ਦੇ ਹਰਿ ਮੌਕਾ ਪਰ ਵਾਸਤੇ ਸ਼ਬਦ ਕੇ ਲਿਆਵੇ ਜੇ ਦੋ ਮੌਕਿਆ ਬਣ ਜਾਣ ਸ਼ਾਦੀ ਅਰ ਗੰਮੀ ਤੋ ਦੋ ਆਦਮੀ ਇਕ ਪਾਸੇ ਭੇਜ ਦੇਵੇ ਤੇ ਦੋ ਆਦਮੀ ਇਕ ਪਾਸੇ॥ ਇਸ ਤਰ੍ਹਾਂ ਏਹ ਕੰਮ ਤੋਰ ਲੇਵੇ॥ ਅਰ ਸਰੀਰ ਦਾ ਕਰਮ ਹੈ ਦੁਖੁ ਸੁਖੁ ਦੇ ਕਰ ਸਰੀਰ ਦੁਖੀ ਹੋਵੇ ਭਾਈ ਬੂੜੇ ਦਾ ਤੇ ਕਿ ਹੋਰ ਨੂੰ ਭੇਜ ਦੇਵੇ॥ ਜੋ ਗੁਰੂ ਕਾ ਟਹਿਲ ਵਾਲਾ ਸਿਖਿ ਸੇਵਕ ਹੈ ਇਸ ਪਰ ਪੂਰਾ ਅਮਲ ਕਰੇਗਾ ਜੋ ਨਾ ਕਰੇਗਾ ਗਰੰਥੀ ਸਿੰਘ ਤੇ ਜਾ ਪੁਜਾਰੀਆ ਸਿੰਘਾ ਵਿੱਚੋਂ ਇਸ ਬਾਤ

 www.sikhbookclub.com

ਕਉ ਨਾ ਮੰਨੇਗਾ ਸੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਕਾ ਦੇਣਦਾਰੁ ਤੇ ਬਿਰਾਦਰੀ ਕਾ ਦੇਣਦਾਰ ਹੋਵੇਗਾ॥ ਇਸ ਵਾਸਤੇ ਇਹ ਨਵਿਸਤ ਬਖ਼ਸ਼ਸਨਾਵਾ ਭਾਈ ਬੂੜੇ ਕੌ ਆਪਣੀ ਆਸ ਹੋਆ ਮੁਹਰਾਨਾ ਨਾਲਿ ਲਿਖ ਦੀਆ ਹੈ ਜੋ ਸੰਨਦ ਹੋਵੇ॥

—ਸਹੀ ਜੁਆਰ ਸਿੰਘ ਗਰੰਥੀ ਭਾਈ ਹੀਰਾ ਸਿੰਘ ਗਰੰਥੀ ੧
ਸਹੀ ਭਗਤ ਸਿੰਘ ਗਰੰਥੀ ਜ਼ੁਬਾਨੀ ਗੁਲਾਬ ਸਿੰਘ ਮੁਸਦੀ ਲੰਬ੍ਦਾਰ॥
ਰਚੀ ਪਾਈ ਸੰਮਤ ੧੯੩ (੭) ਅਸੂ ੭ ੧੮੮੦ ਈ.

ਉਦੋਂ ਦਾ ਇਹ ਵੇਰਵਾ ਪੜ੍ਹ ਕੇ, ਪਾਠਕਾਂ ਦੇ ਮਨਾਂ ਵਿਚ ਇਹ ਗੱਲ ਆ ਜਾਣੀ ਕਿ ਤਾਂ ਤਾਂ ਫਿਰ ਉਸਨੂੰ ਸੇਵਾ ਫਲ ਜਾਂ ਮਿਹਨਤਾਨਾ ਬੜਾ ਘੱਟ ਮਿਲਦਾ ਸੀ, ਬੜੀ ਕੁਦਰਤੀ ਗੱਲ ਹੈ, ਪਰ ਅਸਲ ਵਿਚ ਇਹ ਗੱਲ ਨਹੀਂ ਸੀ। ਸਸਤੇ ਸਮਿਆਂ ਨੂੰ ਮੁੱਖ ਰੱਖਦਿਆਂ, ਇਹ ਤਨਖ਼ਾਹ ਜਾਂ ਭੱਤੇ ਬੜੇ ਵਾਜਬ ਸਨ, ਕਿਉਂਕਿ ਉਨ੍ਹਾਂ ਸਮਿਆਂ ਦਾ ਸਮਕਾਲੀ ਸ਼ਾਇਰ ਸ਼ਾਹ ਮੁਹੰਮਦ ਆਪਣੇ *ਜੰਗ ਨਾਮਾ* ਵਿਚ ਇੰਜ ਲਿਖਦਾ ਹੈ, "ਅੱਗੇ ਸੱਤ ਤੇ ਅੱਠ ਸੀ ਤਲਬ ਸਾਰੀ" ਭਾਵ ਕਿ ਆਮ ਫ਼ੌਜੀ ਦੀ ਤਨਖ਼ਾਹ ਉਦੋਂ ਸੱਤ ਜਾਂ ਅੱਠ ਰੁਪਏ ਮਹੀਨਾ ਹੁੰਦੀ ਸੀ। 1890 ਈ. ਦੇ ਨੇੜੇ ਤੇੜੇ, ਇਕ ਰੁਪਏ ਦੀ ਵੀਹ ਤੋਂ ਚੌਵੀ ਸੇਰ ਤਕ ਕਣਕ ਮਿਲ ਜਾਂਦੀ ਸੀ, ਘਿਉ ਇਕ ਰੁਪਏ ਦਾ ਡੇੜ੍ਹ ਦੋ ਸੇਰ, ਦੁੱਧ ਦੋ ਆਨੇ (ਰੁਪਏ ਦਾ ਅੱਠਵਾਂ ਹਿੱਸਾ) ਸੇਰ, ਅਤੇ ਮੀਟ (ਗੋਸ਼ਤ) ਚਾਰ ਪੰਜ ਆਨੇ (ਰੁਪਏ ਦਾ ਚੌਥਾ ਹਿੱਸਾ) ਸੇਰ ਹੁੰਦਾ ਸੀ।

ਪਾਕਿਸਤਾਨ ਬਣਨ ਤੋਂ ਪਹਿਲਾਂ (1946 ਈ. ਵਿਚ) ਸਾਡੇ ਘਰ ਆਪ ਦਾ ਇਕ ਤਵਾ ਹੁੰਦਾ ਸੀ (F.T. 12572) ਜਿਸ ਦੇ ਇਕ ਪਾਸੇ ਬੀਬੀ ਭਾਨੀ ਜੀ ਦਾ ਪ੍ਰਸੰਗ ਸੀ ਅਤੇ ਦੂਜੇ ਪਾਸੇ ਦਸਵੇਂ ਪਾਤਸ਼ਾਹ ਜੀ ਦਾ ਇਕ ਸ਼ਬਦ। ਪਰ ਅਫ਼ਸੋਸ ਕਿ ਟੁੱਟ ਜਾਣ ਕਾਰਨ ਉਹ ਸਾਂਭਿਆ ਨਹੀਂ ਸੀ ਜਾ ਸਕਿਆ।

ਆਪ ਦਾ ਇਕ ਬੇਟਾ ਖ਼ਾਦਮ ਹੁਸੈਨ ਖ਼ਾਂ ਕੱਵਾਲੀ ਅਤੇ ਗ਼ਜ਼ਲ ਗਾਉਣ ਵਿਚ ਬੇਹੱਦ ਕਾਮਯਾਬ ਰਿਹਾ। ਅਗਾਂਹ ਉਸਦੇ ਬੇਟੇ ਮੁਨੀਰ ਹੁਸੈਨ ਨੇ ਗ਼ਜ਼ਲ ਅਤੇ ਲੋਕ ਗਾਇਕੀ ਵਿਚ ਬੜਾ ਨਾਂ ਕਮਾਇਆ। ਉਹ ਲਾਹੌਰ ਰੇਡੀਓ ਅਤੇ ਟੀ.ਵੀ. ਦਾ ਵੀ ਇਕ ਪ੍ਰਸਿੱਧ ਆਰਟਿਸਟ ਸੀ ਜਿਸਨੇ ਕਿ ਫ਼ਿਲਮਾਂ ਦੀ ਪਿੱਛ-ਪਰਦਾ ਗਾਇਕੀ ਵਿਚ ਵੀ ਬੜਾ ਨਾਂ ਕਮਾਇਆ। ਆਪ ਦੀ ਮੌਤ 27-9-1995 ਨੂੰ ਲਾਹੌਰ ਵਿਖੇ ਹੋ ਗਈ ਸੀ। ਭਾਈ ਬੂੜਾ 1937 ਈ. ਦੇ ਕਰੀਬ ਚੜ੍ਹਾਈ ਕਰ ਗਿਆ ਸੀ।


www.sikhbookclub.com

# ਭਾਈ ਰੂੜਾ



ਪ੍ਰਸਿੱਧ ਰਬਾਬੀ ਭਾਈ ਰੂੜਾ

ਭਾਈ ਰੂੜਾ ਦੀ, ਕੀ ਲਾਹੌਰ ਅਤੇ ਕੀ ਅੰਮ੍ਰਿਤਸਰ ਦੇ ਸਭ ਕਲਾਕਾਰ ਬੜੀ ਕਦਰ ਕਰਦੇ ਸਨ। ਏਥੋਂ ਤਕ ਕਿ ਉਸਦੀ ਪ੍ਰਤਿਭਾ ਤੋਂ ਮੁਤਾਸਰ ਹੋ ਕੇ ਉਸਤਾਦ ਬੜੇ ਗ਼ੁਲਾਮ ਅਲੀ ਖ਼ਾਂ ਵਰਗੇ ਦਬੰਗ ਗਵੱਈਏ ਵੀ ਆਪ ਨੂੰ ਸਦਾ 'ਚਾਚਾ' ਕਹਿ ਕੇ ਪੁਕਾਰਦੇ ਹੁੰਦੇ ਸਨ। ਪੰਡਿਤ ਦਲੀਪ ਚੰਦਰ ਬੇਦੀ ਨੇ ਵੀ ਆਪ ਦੀ ਹਮੇਸ਼ਾ ਸਰਾਹਨਾ ਕੀਤੀ। ਆਪ ਬਹੁ-ਪੱਖੀ ਸ਼ਖਸੀਅਤ ਦੇ ਮਾਲਿਕ ਸਨ। ਬੁਨਿਆਦੀ ਤੌਰ 'ਤੇ ਆਪ ਰਬਾਬੀ ਸਨ, ਇਸ ਲਈ ਗੁਰਮਤਿ ਸੰਗੀਤ ਨੂੰ ਆਪ ਹਮੇਸ਼ਾ ਤਰਜੀਹ ਦਿੰਦੇ, ਪਰ ਕੁਝ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਆਪ ਆਪਣੀ ਤਾਲੀਮ ਪੂਰੀ ਕਰ ਕੇ ਦੇਸ਼ ਭਰ ਦੀਆਂ ਅਨੇਕ ਵੱਡੀਆਂ ਮਹਿਫ਼ਲਾਂ ਵਿਚ ਵੀ ਭਾਗ ਲੈਂਦੇ ਰਹੇ ਅਤੇ ਮੈਡਲ ਜਿੱਤਦੇ ਰਹੇ। ਆਪ ਬਹੁਤ ਸਾਰੇ ਸਾਜ਼ ਵਜਾ ਲੈਂਦੇ ਸਨ। ਉਨ੍ਹਾਂ ਦੇ ਕੀਰਤਨ 'ਚੋਂ ਧਰੁੱਪਦ ਅਤੇ ਖ਼ਿਆਲ ਦੋਵੇਂ ਕਿਸਮ ਦੀ ਗਾਇਕੀ ਦੀ ਝਲਕ ਪ੍ਰਤੱਖ ਨਜ਼ਰ ਆਉਂਦੀ ਸੀ। ਸਭ ਤੋਂ ਵੱਡੀ ਖ਼ੂਬੀ ਇਹ ਸੀ ਕਿ ਇੰਜ ਜਾਪਣਾ ਜਿਵੇਂ ਉਨ੍ਹਾਂ ਦਾ ਮੂੰਹ ਬੰਦ ਹੈ, ਪਰ ਵੱਜ ਰਹੇ ਘੁੰਗਰੂਆਂ ਵਰਗੀ ਆਵਾਜ਼ ਨਿਰੰਤਰ ਜਾਰੀ ਹੈ।

ਸੰਗੀਤ ਦੀ ਮੁੱਢਲੀ ਤਾਲੀਮ ਪਹਿਲਾਂ ਆਪ ਆਪਣੇ ਅੱਬੂ ਤੋਂ ਲੈਂਦੇ ਰਹੇ, ਪਟਿਆਲੀਆਂ ਤੋਂ ਵੀ; ਪਿੱਛੋਂ ਸੈਨੀਆਂ ਘਰਾਣੇ ਦੇ ਪ੍ਰਸਿੱਧ ਬੀਨਕਾਰ ਉਸਤਾਦ ਵਜ਼ੀਰ ਖ਼ਾਂ (1860-1927 ਈ.) ਰਾਮਪੁਰ ਰਿਆਸਤ ਵਾਲਿਆਂ ਦੇ ਸ਼ਾਗਿਰਦ ਹੋ ਗਏ। ਯਾਦ ਰਹੇ, ਵਜ਼ੀਰ ਖ਼ਾਂ ਅਲੀ ਅਕਬਰ ਦੇ ਪਿਤਾ ਉਸਤਾਦ ਅਲਾਉਦੀਨ ਖ਼ਾਂ (1870-1972 ਈ.) ਦੇ ਵੀ ਉਸਤਾਦ ਸਨ। ਸਭ ਤੋਂ ਵੱਡੀ ਖ਼ੂਬੀ ਇਹ ਸੀ ਕਿ ਆਪ ਕੀਰਤਨ ਤੋਂ ਛੁੱਟ, ਕੱਵਾਲੀ, ਗ਼ਜ਼ਲ ਅਤੇ ਹਲਕੇ ਫੁਲਕੇ ਸੰਗੀਤ 'ਚ ਵੀ ਓਨੇ ਹੀ ਨਿਪੁੰਨ ਸਨ।

ਭਾਈ ਬੂੜਾ ਅਤੇ ਰੂੜਾ ਦੋਵੇਂ ਭਾਈ ਸ੍ਰੀ ਦਰਬਾਰ ਸਾਹਿਬ ਵਿਖੇ ਕੁਝ ਦਹਾਕੇ

 www.sikhbookclub.com

ਕੀਰਤਨ ਕਰਦੇ ਰਹੇ। ਇਹ 1928-29 ਈ. ਦੀਆਂ ਗੱਲਾਂ ਹਨ ਕਿ ਲਾਹੌਰ ਵਿਖੇ ਰਾਏ ਬਹਾਦਰ ਕਿਰਪਾ ਨਾਰਾਇਣ ਨੇ ਚੋਟੀ ਦੇ ਕਲਾਕਾਰਾਂ ਨੂੰ ਵਿਚ ਪਾ ਕੇ ਰੇਲਵੇ ਔਰਕੈਸਟਰਾ ਬਣਾਇਆ ਹੋਇਆ ਸੀ, ਜਿਸਦੇ ਸਰਬਰਾਹ, ਮੁਖੀਆ ਆਪ ਸਨ। ਉਸ ਟੀਮ ਵਿਚ ਉਦੋਂ ਤੇਰ੍ਹਾਂ ਚੌਦਾਂ ਕਲਾਕਾਰ ਹੁੰਦੇ ਸਨ : ਇਕ ਸਰਦਾਰ ਗੁਰਮੁਖ ਸਿੰਘ ਤਬਲਾ ਨਵਾਜ਼, ਨੰਨ੍ਹੇ ਭਾਈ ਹਾਰਮੋਨੀਅਮ 'ਤੇ, ਇਕ ਦਿਲਰੁਬਾ ਵਾਦਕ, ਦੋ ਤਾਨਪੂਰੇ ਵਾਲੇ, ਅਤੇ ਦੋ ਵੌਇਲਨ ਵਾਦਕ ਆਦਿ। ਇਹ ਕਲਾਕਾਰ ਕਾਰਸਨ ਇੰਸਟੀਚਿਊਟ 'ਚ ਇਕੱਠੇ ਹੁੰਦੇ, ਹਫ਼ਤਾਵਾਰੀ ਮਹਿਫ਼ਲਾਂ ਸਜਦੀਆਂ ਅਤੇ ਖ਼ੂਬ ਠੱਠ ਬੱਝਦਾ ਸੀ।

ਖ਼ੂਬਸੂਰਤ ਸਿਹਤ, ਦਰਮਿਆਨਾ ਕੱਦ, ਬਾ-ਰੋਅਬ ਮੁੱਛਾਂ ਵਾਲਾ ਚਿਹਰਾ, ਡਾਢੇ ਨਿੱਘੇ, ਧੀਰੇ ਤੇ ਸਾਊ ਸੁਭਾ ਦੇ ਮਾਲਿਕ, ਖਿੜੇ ਹੋਏ ਚੌੜੇ ਮੱਥੇ 'ਤੇ ਡੂੰਘੀਆਂ ਅਗਾਧ ਪਰ ਮਿਹਰਬਾਨ ਅੱਖਾਂ, ਤਨ ਉੱਪਰ ਸਲਵਾਰ ਕਮੀਜ਼, ਹਮੇਸ਼ਾ ਸ਼ੇਰਵਾਨੀ ਪਹਿਨ ਕੇ ਰੱਖਣੀ ਅਤੇ ਸਿਰ 'ਤੇ ਦਸਤਾਰ - ਕੁਝ ਏਹੋ ਜਿਹੇ ਹੁਲੀਏ ਦੇ ਮਾਲਿਕ, ਇਹ ਕਲਾਕਾਰ ਬੇਹੱਦ ਸ਼ਰੀਫ਼, ਪਰ ਗ਼ੈਰਤਮੰਦ ਇਨਸਾਨ ਸਨ। ਪੰਜਾਬ ਦੇ ਇਕ ਕਲਾਕਾਰ ਤਵੱਕਲ ਖ਼ਾਂ ਨੂੰ ਇਹ ਆਦਤ ਸੀ ਕਿ ਉਹ ਆਏ ਦਿਨ ਹਰ ਜਣੇ ਖਣੇ ਨੂੰ ਲਲਕਾਰਦਾ ਰਹਿੰਦਾ, ਏਥੋਂ ਤਕ ਕਿ ਉਹ ਬੜੇ ਗ਼ੁਲਾਮ ਅਲੀ ਖ਼ਾਂ, ਵਹੀਦ ਖ਼ਾਂ, ਓਅੰਕਾਰ ਨਾਥ ਠਾਕਰ ਵਰਗਿਆਂ ਨੂੰ ਵੀ ਚੈਲਿੰਜ ਕਰਦਾ ਰਹਿੰਦਾ ਸੀ। ਇਕ ਵਾਰ ਉਸਨੇ ਉਸਤਾਦ ਅਖ਼ਤਰ ਹੁਸੈਨ ਖ਼ਾਂ ਦੀ ਵੀ ਬੇਇਜ਼ਤੀ ਕਰਨ ਦੀ ਸੋਚੀ। ਮਗਰੋਂ ਜਦੋਂ ਰੂੜੇ ਖ਼ਾਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਕਹਿਣ ਲੱਗਾ, "ਧਵੱਕਲ (ਤਵੱਕਲ) ਨੂੰ ਮੇਰੇ ਸਾਹਮਣੇ ਲਿਆਓ, ਜੇਕਰ ਉਸਦਾ ਪਸੀਨਾ ਨਾ ਛੁਡਾ ਦਿਆਂ ਤੇ।"

ਇਹ 1908 ਈ. ਦੀਆਂ ਗੱਲਾਂ ਹਨ ਕਿ ਗ੍ਰਾਮੋਫ਼ੋਨ ਕੰਪਨੀ ਆਫ਼ ਇੰਡੀਆ ਕਲਕੱਤਾ ਨੇ ਆਪ ਦੀ ਆਵਾਜ਼ ਵਿਚ ਕਿੰਨੇ ਸਾਰੇ ਤਵੇ ਭਰੇ ਸਨ, ਜਿਨ੍ਹਾਂ ਵਿੱਚੋਂ ਬਹੁਤੇ ਭੈਰਵੀਆਂ ਦੇ ਸਨ ਜਿਵੇਂ ਕਿ :

1. *ਹੌਉ ਕੁਰਬਾਨੇ ਜਾਉ ਮਿਹਰਬਾਨਾ*
   *ਹੌਉ ਕੁਰਬਾਨੇ ਜਾਉ।* *(ਤਵਾ ਨੰਬਰ 29424-2-12969)*
2. *ਜਨਮ ਜਨਮ ਕੀ ਇਸ ਮਨ ਕਉ ਮਲ ਲਾਗੀ,*
   *ਕਾਲਾ ਹੋਆ ਸਿਆਹੁ।* *(ਤਵਾ ਨੰਬਰ 2941-4-2-12968)*

1929 ਈ. ਵਿਚ ਏਸੇ ਕੰਪਨੀ ਨੇ ਜਦੋਂ ਆਪ ਦੀ ਇਕ ਗ਼ਜ਼ਲ ਦਾ ਤਵਾ ਭਰਿਆ, ਤਾਂ ਆਪ ਨੂੰ ਇਨ੍ਹਾਂ ਸ਼ਬਦਾਂ ਨਾਲ ਪਰਿਚਿਤ ਕੀਤਾ ਗਿਆ ਸੀ। ਯਾਦ ਰਹੇ, ਉਨ੍ਹੀਂ ਦਿਨੀਂ ਇਹ ਤਵਾ ਮੁਸਲਿਮ ਹਲਕਿਆਂ 'ਚ ਬੜਾ ਮਕਬੂਲ ਹੋਇਆ ਸੀ :

ਭਾਈ ਰੂੜਾ ਪੰਜਾਬ ਕੇ ਨਾਮੀ ਗਵੱਈਏ ਹੈਂ। ਰਾਗ ਰਾਗਨੀ ਮੇਂ ਵੋਹ ਕਮਾਲੀਅਤ ਪਾਈ ਹੈ ਕਿ ਮਾਹਿਰੀਨਿ-ਫ਼ਨ ਭੀ ਸਰ ਤਸਲੀਮ ਖ਼ਮ ਕਰ ਦੇਤੇ ਹੈਂ। ਕਾਬਲ ਤਕ ਉਨਹੋਂ ਨੇ ਅਪਨੇ ਇਲਮਿ-ਮੌਸੀਕੀ ਕਾ ਸਿੱਕਾ ਸਭੋ ਪਰ ਬਿਠਾ ਦੀਆ ਹੈ। ਔਰ ਬਹੁਤ ਸੇ ਇਨਾਮਾਤ ਵ ਤਮਗ਼ੇ ਭੀ ਹਾਸਲ ਕੀਏਂ ਹੈ। ਯੇ ਰੀਕਾਰਡ ਉਨ ਕੀ ਕਮਾਲੀਆਤ ਕਾ ਏਕ ਆਅਲਾ ਨਮੂਨਾ ਹੈ। ਸ਼ਹੀਦਾਨਿ-ਕਰਬਲਾ ਕਾ ਪੁਰ ਦਰਦ ਵਾਕਿਆ, ਹਜ਼ਰਤ ਇਸਮਾਈਲ ਕੇ ਗਲੇ ਪਰ ਛੁਰੀ ਕਾ ਚਲਨਾ, ਦਰਦ ਵ ਹੱਕ ਕੁਰਬਾਨੀ ਸੇ ਮੂੰਹ ਨਾ ਮੋੜਨਾ ਨਹਾਇਤ ਹੀ ਸਖ਼ਤ ਔਰ ਦਿਲ

ਕੋ ਹਿਲਾ ਦੇਨੇ ਵਾਲੀ ਚੀਜ਼ੇਂ ਜੋ ਨਹਾਇਤ ਹੀ ਉਮਦਗੀ ਸੇ ਅਦਾ ਕੀ ਗਈਂ ਹੈ। ਰੀਕਾਰਡ ਸੁਨ ਕਰ ਦੇਖੀਏ :

*ਦਹਿਰ[1] ਮੇਂ ਆਦਮ ਸੇ ਪਹਿਲੇ ਕਿਆ ਮੁਸਲਮਾਨੀ ਨ ਥੀ ?*
*ਕਿਆ ਕਿਸੀ ਨੇ ਜ਼ਾਤ ਖ਼ਾਲਕ ਕੀ ਭੀ ਪਹਿਚਾਨੀ ਨ ਥੀ ?*
*ਨੂਰਿ-ਹੱਕ ਸੇ ਹੋ ਗਿਆ ਥਾ ਕਿਸ ਤਰਾ ਰੌਸ਼ਨ ਫ਼ਲਕ,*
*ਅਰਸ਼ ਕੀ ਭੀ ਪਹਿਲੇ ਐਸੀ ਸ਼ਕਲ ਨੂਰਾਨੀ ਨ ਥੀ।*

*(ਹਿਜ਼ ਮਾਸਟਰਜ਼ ਵੁਆਇਸ ਕੇ ਰੀਕਾਰਡ ਕੀਮਤ 3 ਰੁਪਏ, ਅੱਠ ਆਨੇ, ਜਦੀਦ ਹਿੰਦੁਸਤਾਨੀ ਹਿਜ਼ ਮਾਸਟਰਜ਼ ਵੁਆਇਸ ਰੀਕਾਰਡੋਂ ਕੀ ਫ਼ਿੱਸਤ ਬਾਬਤ ਮਾਹ ਜੂਨ - 1929)*

ਅਮਜਦ ਹੁਸੈਨ ਬੌਬੀ, ਪਾਕਿਸਤਾਨ ਫ਼ਿਲਮ ਇੰਡਸਟਰੀ ਦਾ ਸੁਪ੍ਰਸਿੱਧ ਧੁਨਕਾਰ, ਜਿਸਦੀ ਮੌਤ ਅਜੇ ਪਿੱਛੇ ਜਿਹੇ 18 ਅਪਰੈਲ, 2005 ਨੂੰ ਲਾਹੌਰ ਵਿਖੇ ਹੋਈ ਹੈ, ਆਪਦਾ ਹੀ ਪੋਤਾ ਸੀ। ਉਸਨੇ ਹਿੰਦੁਸਤਾਨ ਦੇ ਚੋਟੀ ਦੇ ਕੁਝ ਕਲਾਕਾਰਾਂ ਲਈ ਵੀ ਕੁਝ ਧੁਨਾਂ ਬਣਾਈਆਂ। ਆਪ ਨੇ ਦੇਸ਼ ਭਰ ਦੇ ਕਈ ਵਕਾਰੀ ਇਨਾਮ ਜਿੱਤ ਕੇ ਆਪਣੀ ਝੋਲੀ ਵਿਚ ਪਾਏ ਸਨ। ਆਪ ਦੇ ਅਨੇਕ ਗਾਣੇ ਸੁਪਰ-ਹਿੱਟ ਹੋਏ, ਜਿਨ੍ਹਾਂ ਵਿੱਚੋਂ ਇਕ ਇਹ ਵੀ ਸੀ :

*ਹਮੇਂ ਮਾਥੇ ਪੇ ਬੋਸਾ ਦੋ, ਕਿ ਹਮੇਂ ਤੋ ਤਿਤਲੀਉਂ ਕੇ,*
*ਜੁਗਨੂੰਉਂ ਕੇ ਦੇਸ ਜਾਨਾ ਹੈ।*

1. ਜ਼ਮਾਨਾ, ਦੁਨੀਆਂ।

 www.sikhbookclub.com

# ਭਾਈ ਮੋਤੀ

ਵੀਹਵੀਂ ਸਦੀ ਦੇ ਸ਼ੁਰੂ ਦੇ ਸਾਲਾਂ ਵਿਚ ਹੀ ਗ੍ਰਾਮੋਫ਼ੋਨ ਕੰਪਨੀ ਆਪਣੇ ਤਵੇ ਤਿਆਰ ਕਰਨ ਲੱਗ ਪਈ ਤਾਂ ਇਸਦੇ ਨਾਲ ਹੀ ਮੁਕਾਬਲੇ ਦੀ ਭਾਵਨਾ ਲੈ ਕੇ, ਕੁਝ ਹੋਰ ਕੰਪਨੀਆਂ ਵੀ ਮੈਦਾਨ ਵਿਚ ਖੁੰਬਾਂ ਵਾਂਗ ਉੱਗ ਪਈਆਂ। ਇਨ੍ਹਾਂ ਵਿੱਚੋਂ ਨਿਕੋਲ ਰੀਕਾਰਡ (Nicole Record) ਇਕ ਸੀ ਜਿਹੜੀ ਕਿ 1905 ਈ. ਵਿਚ ਸ਼ੁਰੂ ਹੋਈ। ਸਟੀਫ਼ਨ ਪੋਰਟਰ (1864-1936 ਈ.) ਜਿਹੜਾ ਕਿ ਤਵੇ ਭਰਨ ਦਾ ਮਾਹਿਰ ਸੀ, 1905 ਈ. ਵਿਚ ਲੰਡਨ ਤੋਂ ਹਿੰਦੁਸਤਾਨ ਦਾ ਦੌਰਾ ਕਰਨ ਲਈ ਖ਼ਾਸ ਕਰਕੇ ਇਸ ਖ਼ਿਆਲ ਨਾਲ ਗਿਆ ਤਾਂ ਜੋ ਉਹ ਸਾਰੇ ਦੇਸ਼ ਵਿਚ ਘੁੰਮ ਫਿਰ ਕੇ ਵੱਖ ਵੱਖ ਜ਼ੁਬਾਨਾਂ ਵਿਚ ਵੱਡੇ ਵੱਡੇ ਕਲਾਕਾਰਾਂ ਦੀਆਂ ਆਵਾਜ਼ਾਂ ਭਰ ਸਕੇ। ਜੁਲਾਈ 1904 ਤੋਂ ਲੈ ਕੇ ਸਤੰਬਰ 1905 ਈ. ਤਕ ਘੱਟੋ-ਘੱਟ ਉਹ ਛੇ ਸੌ ਰੀਕਾਰਡਿੰਗਜ਼ ਕਰ ਚੁੱਕਾ ਸੀ। ਹੁਣ ਤਕ ਤਵੇ ਸਿਰਫ਼ ਇਕ ਪਾਸੇ ਤੋਂ ਭਰੇ ਜਾਣ ਲੱਗ ਪਏ ਜਿਹੜੇ ਕਿ ਦੂਜਿਆਂ ਨਾਲੋਂ ਕੁਝ ਸਸਤੇ ਵੀ ਸਨ। ਉਹ ਤਵੇ ਜਿਹੜੇ ਉਦੋਂ ਫਿਰ ਲੰਡਨ ਵਿਖੇ ਤਿਆਰ ਹੋਏ, 1907 ਈ. ਦੇ ਸ਼ੁਰੂ ਵਿਚ ਹੀ ਭਾਰਤ ਵਿਚ ਧੜਾ ਧੜ ਵਿਕਣ ਲੱਗ ਪਏ ਸਨ।

ਉਦੋਂ ਰੀਕਾਰਡ ਕੀਤੇ ਗਏ ਕਲਾਕਾਰਾਂ ਵਿੱਚੋਂ ਭਾਈ ਮੋਤੀ ਵੀ ਸੀ। 1905 ਈ. ਵਿਚ ਉਸਦੀ ਆਵਾਜ਼ ਵਿਚ 'ਟੋਡੀ' ਭਰੀ ਗਈ ਸੀ, "ਜ਼ਾਲਮ ਨੈਣ ਨਹੀਂ ਮੇਰੇ ਰਹਿੰਦੇ" (ਤਵਾ ਨੰਬਰ 3678 9-2-12334)।

ਪੁਰਾਣੇ ਵਕਤਾਂ ਨੂੰ ਯਾਦ ਕਰਦਿਆਂ, ਮਨ ਵਿਚ ਆਉਂਦਾ ਹੈ ਕਿ ਭਾਈ ਮੋਤੀ ਵਰਗਾ ਸ਼ਬਦ ਕੀਰਤਨ ਵੀ ਹੁਣ ਕੌਣ ਕਰਿਆ ਕਰੇਗਾ ? ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਸ਼ਾਮ ਦੇ ਚਾਰ ਵਜੇ ਤੋਂ ਲੈ ਕੇ ਰਾਤ ਦੇ ਗਿਆਰਾਂ ਵਜੇ ਤਕ ਸ਼ਬਦ ਕੀਰਤਨ ਹੁੰਦਾ ਰਹਿੰਦਾ ਸੀ। ਭਾਈ ਮੋਤੀ ਨੂੰ ਸੁਣਨ ਖ਼ਾਤਰ ਸਰੋਤੇ ਬੜੀ ਉਤਸੁਕਤਾ ਨਾਲ ਤਿੰਨ ਕੁ ਵਜੇ ਆ ਕੇ ਹੀ ਉਡੀਕ ਕਰਨ ਲੱਗ ਪੈਂਦੇ। ਘੜੀਆਂ ਦੀਆਂ ਸੂਈਆਂ ਕਿਧਰੇ ਮਸਾਂ ਚਾਰ ਵਜਾਉਂਦੀਆਂ ਅਤੇ ਉਧਰੋਂ ਮੋਤੀ ਹੋਰੀਂ ਵੀ ਬੈਠ ਜਾਂਦੇ। ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਵਜਦ ਦੇ ਨਸ਼ਿਆਂ ਦਾ ਸਾਗਰ ਛਲਕਦਾ। ਮੋਤੀ ਹੋਰਾਂ ਦਾ ਸਮਾਂ ਖ਼ਤਮ ਹੋ ਜਾਂਦਾ ਅਤੇ ਉਹ ਬਾਹਰ ਵੱਲ ਨੂੰ ਰੁਖ਼ ਕਰਦਾ ਪਰ ਦਰਵਾਜ਼ਾ ਮਹਾਂ ਸਿੰਘ ਦੇ ਬਾਹਰ ਹਰੇ ਹਰੇ ਘਾਹ ਦੀਆਂ ਮਖ਼ਮਲੀ ਦਰੀਆਂ 'ਤੇ ਬੈਠੇ ਸ਼ਹਿਰ ਦੇ ਕੁਝ ਮਨਚਲੇ ਉਸ ਨੂੰ ਘੇਰ ਲੈਂਦੇ, "ਨਾ ਜੀ ਨਾ। ਹੁਣ ਕੁਝ ਸਾਨੂੰ ਵੀ ਤਾਂ ਸੁਣਾ ਕੇ ਜਾਵੋ ਨਾ।"

 www.sikhbookclub.com

ਗਾਉਣ ਦਾ ਰੰਗ ਇਕਦਮ ਬਦਲਦਾ ਅਤੇ ਮੋਤੀ ਹੋਰੀਂ ਉਨ੍ਹਾਂ ਨੂੰ ਨਿਹਾਲ ਕਰਨ ਲਈ ਉਥੇ ਫਿਰ ਏਹੋ ਜਿਹੀਆਂ ਚੀਜ਼ਾਂ ਸੁਣਾਉਂਦੇ :

*ਨਾ ਤੜਪ ਫ਼ਿਰਾਕ ਬੁੱਤ ਮੇਂ,*
*ਐ ਦਿਲਿ-ਬੇਕਰਾਰ ਸੌ ਜਾ।*

ਬਸ ਫਿਰ ਇਹ ਸਿਲਸਿਲਾ ਕਈ ਵੇਰ ਤੜਕਸਾਰ ਤਕ ਵੀ ਚੱਲਦਾ। ਕਿਸ ਵਿਚ ਜਾਨ ਰਹਿੰਦੀ ਕਿ ਉਥੋਂ ਭੋਰਾ ਭਰ ਵੀ ਹਿੱਲ ਜਾਵੇ! ਸਭ ਸਰੋਤੇ ਬੇਹੋਸ਼ ਹੋ ਗਏ ਜਾਪਦੇ।

ਭਾਈ ਮੋਤੀ ਦਾ ਸੰਬੰਧ ਅੰਮ੍ਰਿਤਸਰ ਦੇ ਰਬਾਬੀ ਖ਼ਾਨਦਾਨ ਨਾਲ ਸੀ। ਉਸਦੇ ਪਿਤਾ ਦਾ ਨਾਂ ਭਾਈ ਹਾਕਮ ਅਲੀ ਸੀ। ਦੱਸਿਆ ਜਾਂਦਾ ਹੈ ਕਿ ਉਹ ਆਪਣਾ ਕੋਈ ਸਾਨੀ ਨਹੀਂ ਸੀ ਰੱਖਦਾ। ਲਗਭਗ 1910 ਤੋਂ ਲੈ ਕੇ 1930 ਈ. ਤਕ, ਉਹ ਸ੍ਰੀ ਦਰਬਾਰ ਸਾਹਿਬ ਵਿਖੇ ਹਜ਼ੂਰੀ ਰਾਗੀ ਦੇ ਪਦ 'ਤੇ ਰਿਹਾ। ਐਨੇ ਲੰਮੇ ਅਰਸੇ ਲਈ ਗੁਰੂ ਘਰ ਦੀ ਸੇਵਾ ਸ਼ਾਇਦ ਹੀ ਕਿਸੇ ਹੋਰ ਰਬਾਬੀ ਨੇ ਕੀਤੀ ਹੋਵੇ। ਦੱਸਿਆ ਜਾਂਦਾ ਹੈ ਕਿ ਉਹ ਸਾਧਾਰਨ ਮਹਿਫ਼ਲਾਂ ਵਿਚ ਗਾਉਣ ਨਹੀਂ ਸੀ ਜਾਂਦਾ ਹੁੰਦਾ ਅਤੇ ਉਨ੍ਹਾਂ ਸਮਿਆਂ ਵਿਚ ਉਸਦੀ ਫ਼ੀਸ ਪ੍ਰਤੀ ਬੈਠਕ ਇਕ ਸੌ ਰੁਪਿਆ ਹੁੰਦੀ ਸੀ।

ਇਹ ਰਬਾਬੀ, ਸ਼ੁਧ ਕੀਰਤਨ ਤੋਂ ਲੈ ਕੇ ਖ਼ਿਆਲ ਗਾਇਕੀ ਤਕ, ਹਰ ਤਰ੍ਹਾਂ ਦੀ ਰੰਗ-ਬਰੰਗੀ ਮਹਿਫ਼ਲ ਵੀ ਭੁਗਤਾ ਲੈਂਦਾ ਅਤੇ ਹਰ ਇਕ ਨੂੰ ਪਾਗਲ ਬਣਾ ਕੇ ਛੱਡਦਾ। ਭਾਵੇਂ ਉਹ ਉਸਤਾਦ ਅੱਲਾ ਦੀਆ ਖ਼ਾਂ ਮਿਹਰਬਾਨ ਦਾ ਸ਼ਾਗਿਰਦ ਸੀ, ਪਰ ਉਸਦੇ ਗਾਇਨ ਵਿਚ, ਖ਼ਾਸ ਕਰਕੇ ਖ਼ਿਆਲ ਗਾਇਕੀ ਵਿਚ, ਉਸਤਾਦ ਮੀਆਂ ਜਾਨ ਖ਼ਾਂ, ਕਾਲੇ ਖ਼ਾਂ ਅਤੇ ਭਾਈ ਰੂੜੇ ਦਾ ਅਸਰ ਪ੍ਰਤੱਖ ਸੀ। ਆਮ ਕਰਕੇ ਉਨ੍ਹਾਂ ਦਾ ਜਥਾ ਰਬਾਬ ਅਤੇ ਹਾਰਮੋਨੀਅਮ ਨਾਲ ਕੀਰਤਨ ਕਰਦਾ ਸੀ।

ਆਪਣੇ ਸਮਿਆਂ 'ਚ ਉਸਦਾ ਬੜਾ ਨਾਂ ਸੀ। ਕਈ ਬੰਦੇ ਉਸਨੂੰ ਰਸ਼ਕ ਦੀ ਨਜ਼ਰ ਨਾਲ ਦੇਖਦੇ ਅਤੇ ਉਨ੍ਹਾਂ ਵਿੱਚੋਂ ਕੁਝ ਕੁ ਖ਼ਾਰ ਵੀ ਖਾਂਦੇ। ਦੱਸਿਆ ਜਾਂਦਾ ਹੈ ਕਿ ਹਰਨਾਮ ਸਿੰਘ ਚਵਿੰਡੇ ਵਾਲੇ ਦੀ ਉਸ ਨਾਲ ਕਾਫ਼ੀ ਲਾਗ-ਡਾਟ ਸੀ। ਕਾਰਨ? ਕਲਾਕਾਰਾਂ 'ਚ ਕਈ ਵਾਰ ਕਿੱਤਾਕਾਰੀ ਕੀਨਾ ਵੀ ਹੋ ਜਾਂਦਾ ਹੈ। ਇਕ ਵੇਰ ਉਨ੍ਹਾਂ ਦੋਹਾਂ ਦੇ ਜਥੇ ਸੰਤ ਬਚਨ ਸਿੰਘ ਦੇ ਸੱਦੇ 'ਤੇ ਭਜਨਗੜ੍ਹ ਵਿਖੇ ਕਿਸੇ ਗੁਰਪੁਰਬ 'ਤੇ ਜਦੋਂ ਭਾਗ ਲੈਣ ਲਈ ਗਏ ਤਾਂ ਚਵਿੰਡੀਏ ਨੇ ਜਾਂਦਿਆਂ ਹੀ ਭਾਈ ਮੋਤੀ ਦੀ ਸੰਤਾਂ ਕੋਲ ਸ਼ਿਕਾਇਤ ਲਾਈ ਕਿ ਉਹ ਰਾਹ ਵਿਚ ਇਕ ਕੁੱਕੜ ਖਾ ਕੇ ਆਇਆ ਹੈ। ਇਸ ਉੱਤੇ ਸੰਤ ਜੀ ਬੜਾ ਖ਼ਫ਼ਾ ਹੋਏ। ਪਰ ਆਪਣੀ ਭੁੱਲ ਬਖ਼ਸ਼ਾ ਕੇ ਭਾਈ ਮੋਤੀ ਨੇ ਜਦੋਂ ਦੂਜੇ ਦਿਨ ਓਥੇ ਗਾਇਆ ਤਾਂ ਆਖ਼ਰ ਵਿਚ ਸੰਤ ਜੀ ਨੂੰ ਇਹ ਗੱਲ ਆਖਣੀ ਪਈ ਸੀ, "ਭਾਈ ਮੋਤੀ, ਤੂੰ ਵਾਕਈ ਹੀ ਮੋਤੀ ਏਂ - ਇਕ ਸੱਚਾ ਸੁੱਚਾ ਮੋਤੀ, ਜਿਸਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ।"

ਇਹ ਗੱਲ ਕੋਈ ਲੁਕੀ ਛੁਪੀ ਨਹੀਂ ਕਿ ਲੱਗਦੀ ਵਾਹੇ, ਰਬਾਬੀ-ਜਨ ਸਹਿਜੇ ਕੀਤੇ ਕਾਹਨੂੰ ਕਿਸੇ ਸਿੱਖ ਰਾਗੀ ਨੂੰ ਮੰਨਦੇ ਸਨ। ਏਥੇ ਕਸਬੀ ਅਤੇ ਅਤਾਈ ਦਾ ਭੇਦ ਪੈ ਜਾਂਦਾ ਸੀ। ਇਕ ਵੇਰ ਮਾਝੇ ਦੇ ਮਸ਼ਹੂਰ ਪਿੰਡ ਸਰਹਾਲੀ ਵਿਖੇ ਬਾਬਾ ਰਾਮ ਸਿੰਘ ਜੀ ਦੇ ਡੇਰੇ 'ਤੇ ਆਪ ਦਾ ਮੁਕਾਬਲਾ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਜਵਾਲਾ

ਸਿੰਘ ਨਾਲ ਤਿੰਨ ਦਿਨ ਸਵੇਰ ਸ਼ਾਮ ਕਰੀਬਨ ਪੰਜ ਪੰਜ ਘੰਟੇ ਹੁੰਦਾ ਰਿਹਾ ਸੀ। ਅਖ਼ੀਰਲੇ ਦਿਨ ਜਦੋਂ ਆਪ ਮਾਤ ਖਾ ਗਏ ਤਾਂ ਆਪ ਨੇ ਭਾਈ ਸਾਹਿਬ ਨੂੰ ਨਮਸਕਾਰ ਕਰਦਿਆਂ ਇਹ ਗੱਲ ਆਖੀ ਸੀ, "ਭਾਈ ਜਵਾਲਾ ਸਿੰਘ, ਤੇਰੇ 'ਤੇ ਗੁਰੂ ਦੀ ਕੋਈ ਖ਼ਾਸ ਕ੍ਰਿਪਾ ਹੈ ਤੇ ਤੇਰੇ ਕੋਲ ਮੇਰੇ ਨਾਲੋਂ ਪੁਰਾਤਨ ਰੀਤਾਂ ਦਾ ਜ਼ਿਆਦਾ ਭੰਡਾਰ ਹੈ ਜਿਸ ਕਾਰਨ ਮੈਂ ਤੇਰੇ ਤੋਂ ਫਿੱਕਾ ਰਿਹਾ ਹਾਂ, ਨਹੀਂ ਤਾਂ ਸਾਰੇ ਰਾਗੀ ਮੈਥੋਂ ਕੰਬ ਜਾਂਦੇ ਹਨ। ਧੰਨ ਹੈਂ ਤੂੰ ਤੇ ਧੰਨ ਤੇਰਾ ਉਸਤਾਦ।" ਯਾਦ ਰਹੇ ਪਖਾਵਜ 'ਤੇ ਉਸ ਨਾਲ ਸੰਗਤ ਉਦੋਂ ਭਾਈ ਸੰਤੂ ਕਰ ਰਿਹਾ ਸੀ।

ਉਹ ਸਹੀ ਅਰਥਾਂ ਵਿਚ ਆਲਮ ਫ਼ਾਜ਼ਲ ਸੀ ਅਤੇ ਫ਼ਾਰਸੀ ਜ਼ੁਬਾਨ 'ਤੇ ਵੀ ਅਬੂਰ ਰੱਖਦਾ ਸੀ। 1914 ਈ. ਦੀ ਇਕ ਪ੍ਰਸਿੱਧ ਘਟਨਾ ਹੈ ਕਿ ਇਕ ਵੇਰ ਜਦੋਂ ਉਹ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰ ਰਿਹਾ ਸੀ, ਤਾਂ ਅਫ਼ਗਾਨਿਸਤਾਨ ਦਾ ਬਾਦਸ਼ਾਹ ਅਮੀਰ ਹਬੀਬੁੱਲਾ ਖ਼ਾਂ ਦਰਬਾਰ ਸਾਹਿਬ ਦੇ ਦਰਸ਼ਨ ਦੀਦਾਰਿਆਂ ਲਈ ਆਇਆ। ਭਾਈ ਮੋਤੀ ਭਾਂਪ ਗਿਆ। ਸਰਵਸ੍ਰੇਸ਼ਟ ਸੰਗੀਤਕਾਰ ਤਾਂ ਉਹ ਸੀ ਹੀ, ਆਪਣਾ ਗਾਇਨ ਪ੍ਰਭਾਵਸ਼ਾਲੀ ਬਣਾਉਣ ਲਈ ਉਸਨੇ ਭਾਈ ਨੰਦ ਲਾਲ ਜੀ ਦੀਆਂ ਫ਼ਾਰਸੀ ਗ਼ਜ਼ਲਾਂ ਦਾ ਮਜ਼ਮੂਨ ਵੀ ਨਾਲ ਜੋੜ ਦਿੱਤਾ। ਅਮੀਰ ਅਫ਼ਗਾਨਿਸਤਾਨ ਭਾਈ ਮੋਤੀ ਦੀ ਹੁਨਰਮੰਦੀ 'ਤੇ ਲੱਟੂ ਹੋ ਗਿਆ ਅਤੇ ਉਸਦਾ ਸਾਰਾ ਖ਼ਰਚਾ ਝੱਲ ਕੇ, ਉਸਨੂੰ ਉਹ ਆਪਣੇ ਨਾਲ ਕਾਬਲ ਲੈ ਗਿਆ। ਉਸਨੂੰ ਓਥੇ ਕੁਝ ਮਹੀਨੇ ਸ਼ਾਹੀ ਪ੍ਰਾਹੁਣੇ ਦੇ ਤੌਰ 'ਤੇ ਰੱਖਿਆ ਅਤੇ ਕਾਫ਼ੀ ਇਨਾਮ ਇਕਰਾਮ ਦੇ ਕੇ ਵਾਪਸ ਤੋਰਿਆ।

ਆਟਾ ਮੰਡੀ ਵਾਲੇ ਭਾਈ ਸੁੰਦਰ ਸਿੰਘ ਜੀ ਇਸ ਭਾਈ ਮੋਤੀ ਦੇ ਹੀ ਸ਼ਾਗਿਰਦ ਸਨ। ਉਨ੍ਹਾਂ ਵਰਗਾ ਵੀ ਕਿਸ ਹੋ ਜਾਣਾ ਹੈ। ਆਪਣੀ ਕਿਸਮ ਦੇ ਆਪ ਕੀਰਤਨੀਏ ਸਨ। ਭਾਈ ਮੋਤੀ ਸੱਚ-ਮੁੱਚ ਭਾਈ ਮੋਤੀ ਹੀ ਸੀ।

ਉਨ੍ਹਾਂ ਦੇ ਵਾਰਿਸਾਂ ਦੇ ਦੱਸਣ ਅਨੁਸਾਰ ਆਪ ਦੀ ਮੌਤ ਲਗਭਗ 1930 ਈ. 'ਚ ਹੋਈ, ਭਾਵੇਂ ਕਿ ਇਕ ਮਤ ਇਹ ਵੀ ਹੈ ਕਿ ਆਪ 1934 ਈ. 'ਚ ਪੂਰੇ ਹੋਏ।

 www.sikhbookclub.com

# ਭਾਈ ਸਾਈਂ ਦਿੱਤਾ

ਸ੍ਰੀ ਅੰਮ੍ਰਿਤਸਰ ਵਿਖੇ ਉੱਨ੍ਹੀਵੀਂ ਸਦੀ ਵਿਚ ਭਾਈ ਮਹਿਰਾ ਅਤੇ ਧੈਰਾ ਨਾਂ ਦੇ ਦੋ ਬੜੇ ਵੱਡੇ ਰਬਾਬੀ ਹੋ ਗੁਜ਼ਰੇ ਹਨ। ਭਾਈ ਧੈਰੇ ਨੂੰ ਕਈ ਵੇਰ ਗਿੱਡੂ ਕਰਕੇ ਵੀ ਸੱਦਿਆ ਜਾਂਦਾ ਸੀ। ਉਨ੍ਹਾਂ ਦੇ ਜਥੇ ਦਾ ਸਾਥ ਪਖਾਵਜ 'ਤੇ ਮੁਹੰਮਦ ਬਖ਼ਸ਼ ਉਰਫ਼ ਭਾਈ ਬਾਬਾ ਮੁੰਦਾ ਕਰਦਾ ਹੁੰਦਾ ਸੀ, ਜਿਸਨੂੰ ਕਿ ਹਿੰਦੁਸਤਾਨ ਭਰ ਦੇ ਧਰੁੱਪਦੀਏ, 'ਪਖਾਵਜ ਦਾ ਅਵਤਾਰ' ਕਰਕੇ ਮੰਨਦੇ ਹੁੰਦੇ ਸਨ। ਭਾਈ ਧੈਰਾ ਦੇ ਦੋ ਪੁੱਤਰ ਸਨ: ਭਾਈ ਲੱਬੂ ਅਤੇ ਭਾਈ ਸਾਈਂ ਦਿੱਤਾ। ਆਪਣੇ ਸਮੇਂ ਆਪਣੇ ਪੁਰਖਾਂ ਵਾਂਗ ਭਾਈ ਸਾਈਂ ਦਿੱਤੇ ਨੇ ਵੀ ਬੜਾ ਨਾਂ ਕਮਾਇਆ। 1907 ਈ. ਵਿਚ ਉਸਦੀ ਆਵਾਜ਼ ਵਿਚ ਪਹਿਲਾਂ ਚਾਰ ਤਵੇ ਤਿਆਰ ਕੀਤੇ ਗਏ ਸਨ—ਇਕ ਭੈਰਵੀ ਟੱਪੇ ਦਾ ਸੀ (ਆ ਜਾ ਵੇ ਗਲੇ ਲੱਗ ਆ ਕਰ ਪਿਆਰਾ) ਇਕ ਖਮਾਜ ਦਾ, (ਕੈਸੇ ਬਹਾਰ ਗੁਲਿ ਬੇਸੁਰ ਹਰਸੂ ਚਮਨ ਮੇਂ - ਤਵਾ ਨੰਬਰ 4163 e -4-12262) ਇਕ ਤਿਲੰਗ ਤਿਲਵਾੜੇ ਦਾ ਅਤੇ ਇਕ ਸ਼ਬਦ ਕੀਰਤਨ ਦਾ ਸੀ:

**ਰੇ ਨਰ ਇਹ ਸਾਚੀ ਜੀਅ ਧਾਰਿ॥**
**ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ॥**
*(ਜੈਜਾ ਤਿਲਵਾੜਾ, ਪੰਨਾ 633)*

ਓਸੇ ਹੀ ਸਾਲ, ਆਪ ਦੇ ਜਿਹੜੇ ਕੁਝ ਹੋਰ ਤਵੇ ਤਿਆਰ ਕੀਤੇ ਗਏ ਸਨ, ਉਹ ਇਸ ਪ੍ਰਕਾਰ ਸਨ:

1. **ਤੂੰ ਘਰ ਆ ਸੱਜਣਾ ਦੇਖਾਂ ਦਰਸ਼ਨ ਤੇਰਾ।** *(ਪਹਾੜੀ ਕਹਿਰਵਾ)*

   **ਘੋਲਿ ਘੁਮਾਈ ਲਾਲਨਾ, ਗੁਰਿ ਮਨੁ ਦੀਨਾ॥**
   **ਸੁਣਿ ਸਬਦੁ ਤੁਮਾਰਾ, ਮੇਰਾ ਮਨੁ ਭੀਨਾ॥** *(ਤੁਖਾਰੀ, ਪੰਨਾ 1117)*

2. **ਮਾਗਉ ਦਾਨੁ ਠਾਕੁਰ ਨਾਮ॥** *(ਟੋਡੀ, ਪੰਨਾ 713)*

ਅੱਗੋਂ ਫਿਰ ਭੈਰਵੀ:

**ਸਤਿਗੁਰ ਆਇਓ ਸਰਣਿ ਤੁਹਾਰੀ॥**
**ਮਿਲੈ ਸੂਖੁ ਨਾਮੁ ਹਰਿ ਸੋਭਾ, ਚਿੰਤਾ ਲਾਹਿ ਹਮਾਰੀ॥** *(ਪੰਨਾ 713)*

3. **ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ,**
   **ਹਉ ਤਿਸੁ ਪਹਿ ਆਪੁ ਵੇਚਾਈ॥** *(ਪੰਨਾ 757)*


www.sikhbookclub.com

ਇਹ ਕੌਸੀਆ ਸੀ, ਜਦਕਿ ਇਸ ਤਵੇ ਦੇ ਦੂਜੇ ਪਾਸੇ ਮਾਂਡ ਸੀ, "ਕੁਚਿਲ ਕਠੋਰ ਕਪਟ ਕਾਮੀ ਜਿਉ ਜਾਨਹਿ ਤਿਉ ਤਾਰਿ ਸੁਆਮੀ।"

ਇਨ੍ਹਾਂ ਤੋਂ ਛੁੱਟ, ਉਨ੍ਹਾਂ ਦੀ ਆਵਾਜ਼ ਵਿਚ ਹੀ ਉਰਦੂ ਜ਼ੁਬਾਨ ਵਿਚ ਵੀ ਇਹ ਚੀਜ਼ ਗਾਈ ਗਈ ਸੀ :

"ਤੂ ਭਰ ਭਰ ਜਾਮ ਪਿਲਾ ਗੁਲਿ-ਲਾਲਾ ਰੰਗ ਵਾਲਾ, ਜੋਬਨ ਵਾਲਾ, ਸਭ ਸੇ ਆਅਲਾ" (ਬ-ਤਰਜ਼ ਹਾਰਮੋਨੀਅਮ)। ਦੇਸ਼ ਭਰ ਵਿੱਚੋਂ ਭਾਈ ਸਾਈਂ ਦਿੱਤਾ ਸਭ ਤੋਂ ਪਹਿਲੇ ਕਲਾਕਾਰ ਸਨ, ਜਿਨ੍ਹਾਂ ਦੇ ਹਾਰਮੋਨੀਅਮ ਦਾ ਇਹ ਰੀਕਾਰਡ 1908 ਈ. ਵਿਚ ਤਿਆਰ ਕੀਤਾ ਗਿਆ ਸੀ, ਦੂਜੇ ਸਨ ਡੇਰਾ ਗ਼ਾਜ਼ੀ ਖ਼ਾਂ ਦੇ ਮਹਿਤਾ ਬ੍ਰਹਮ ਦਾਸ, ਜਿਨ੍ਹਾਂ ਦੇ ਤਵਿਆਂ ਦੀ ਰੀਕਾਰਡਿੰਗ ਅਕਤੂਬਰ 1909 ਈ. ਵਿਚ ਸਰਗੋਧੇ ਕੀਤੀ ਗਈ ਸੀ। ਸਾਡੇ ਕੋਲ ਪ੍ਰਸਿੱਧ ਪੇਟੀ ਵਾਦਕ ਮਾਸਟਰ ਸਾਦਿਕ ਰਾਵਲਪਿੰਡੀ ਵਾਲੇ (1923-1987 ਈ.) ਦੀ ਇਕ ਅਦੁੱਤੀ ਰੀਕਾਰਡਿੰਗ ਸੁਰੱਖਿਅਤ ਹੈ, ਜਿਸ ਵਿਚ ਉਸਨੇ ਇਸ ਟੈਂਟੇ ਸਾਜ਼ ਨੂੰ ਉਹ ਸੋਜ਼ ਅਤੇ ਸੁਰ ਅਤਾਅ ਕੀਤਾ ਹੈ ਕਿ ਉਸਨੂੰ ਸੁਣ ਕੇ ਬੜੇ-ਬੜੇ ਕਲਾਕਾਰ ਵੀ ਰੋਣ ਲੱਗ ਪੈਂਦੇ ਹੁੰਦੇ ਸਨ। ਇਸ ਚਪਟੇ ਸਾਜ਼ ਤੋਂ ਗਮਕ, ਤਾਨਾਂ ਅਤੇ ਮੀਂਢਾਂ ਕੱਢਣੀਆਂ ਕੋਈ ਸੌਖਾ ਕੰਮ ਨਹੀਂ ਹੈ—ਪਰ ਦੱਸਦੇ ਨੇ ਕਿ ਉਸਨੇ ਪੂਰੇ ਬਾਰ੍ਹਾਂ ਸਾਲਾਂ ਦੇ ਰਿਆਜ਼ ਦਾ ਚਿੱਲਾ ਕੱਟ ਕੇ ਇਹ ਕਮਾਈ ਕੀਤੀ ਹੋਈ ਸੀ। ਇਹ ਕੰਮ ਉਨ੍ਹਾਂ ਅੰਮ੍ਰਿਤਸਰ ਦੇ ਪ੍ਰਸਿੱਧ ਕਲਾਰਨਟ ਨਵਾਜ਼ ਉਸਤਾਦ ਜਹਾਂਗੀਰ ਖ਼ਾਂ ਤੋਂ ਸਿੱਖਿਆ ਸੀ, ਜਿਹੜੇ ਅੱਗੋਂ ਭਾਈ ਲਾਲ ਦੇ ਸ਼ਾਗਿਰਦ ਸਨ।

ਵੀਹਵੀਂ ਸਦੀ ਦੇ ਸ਼ੁਰੂਆਤੀ ਸਾਲਾ ਦਾ ਸਮਾਂ ਹੀ ਕੁਝ ਅਜਿਹਾ ਸੀ ਜਦੋਂ ਕਿ ਗ੍ਰਾਮੋਫੋਨ ਕੰਪਨੀਆਂ ਵਾਲੇ ਨਾਮਵਰ ਅਤੇ ਚੰਗੀ ਆਵਾਜ਼ ਵਾਲੇ ਕੀਰਤਨਕਾਰਾਂ ਜਾਂ ਗਵੱਈਆਂ ਦੇ ਮਗਰ ਮਗਰ ਘੁੰਮਦੇ ਸਨ। ਆਪ ਦੇ ਭਾਈ ਲੱਭੂ ਨੇ ਹਲਕੇ ਫੁਲਕੇ ਅੰਦਾਜ਼ 'ਚ ਜਦ ਹੀ 'ਲੱਛੀ' ਦਾ ਇਹ ਰੀਕਾਰਡ ਭਰਵਾਇਆ, "ਆਹੋ ਨੀ, ਲੱਛੀ ਦੀਆਂ ਗੋਲ ਪਿੰਨੀਆਂ," ਜਿਸਦੇ ਦੂਜੇ ਪਾਸੇ ਸੀ, "ਨਿੰਬੂ ਰੁਪਏ ਦੇ ਚਾਰ ਮੁੰਡਿਆ" (ਪਹਾੜੀ); ਤਾਂ ਆਪ ਵੀ ਪਿੱਛੇ ਨਹੀਂ ਰਹੇ ਅਤੇ ਆਪ ਨੇ ਓਸੇ ਸਾਲ (1907 ਈ.) ਹੀ ਇਹ ਤਵਾ ਤਿਆਰ ਕਰਵਾ ਦਿੱਤਾ "ਸੁਣ ਲੜਕੇ ਜ਼ਰਗਰ ਦੇ, ਪੌਂਹਚੀ ਕਿਉਂ ਨਹੀਂ ਦਿੰਦਾ ਘੜ ਕੇ ?" (ਭੈਰੋਂ) ਜਿਸਦਾ ਦੂਜਾ ਪਾਸਾ ਸੀ, "ਨਾ ਛੇੜ ਅੜਿਆ ਪੀੜ ਕਰਦੇ ਨਾਜ਼ੁਕ ਬੁੰਦੇ" (ਪੀਲੂ)।

ਸ੍ਰੀ ਅੰਮ੍ਰਿਤਸਰ ਦੀ ਪਾਵਨ ਧਰਤੀ 'ਤੇ ਉਨ੍ਹੀਂ ਦਿਨੀਂ ਉਂਜ ਤਾਂ ਵੱਡੇ ਤੋਂ ਵੱਡੇ ਅਨੇਕ ਰਬਾਬੀ/ਰਾਗੀ ਰਹਿੰਦੇ ਸਨ, ਪਰ ਹਕੀਕਤ ਵਿਚ ਭਾਈ ਮੋਤੀ ਪਿੱਛੋਂ, ਸ਼ਬਦ ਕੀਰਤਨ ਵਿਚ ਜਿਹੜਾ ਇਕ ਬਹੁਤ ਵੱਡਾ ਨਾਂ ਸੀ—ਉਹ ਸੀ, ਭਾਈ ਸਾਈਂ ਦਿੱਤਾ ਜੀ ਦਾ ਜਿਹੜੇ ਅੰਮ੍ਰਿਤਸਰ ਵਿਖੇ ਚੌਕ ਪਾਸੀਆਂ ਦੇ ਕੂਚਾ ਰਬਾਬੀਆਂ ਵਿਚ ਰਹਿੰਦੇ ਹੁੰਦੇ ਸਨ। ਉਹ ਆਪਣੀ ਡੰਡੌਤ (ਮੰਗਲਾ ਚਰਨ) ਕਰਕੇ ਵਧੇਰੇ ਪ੍ਰਸਿੱਧ ਸਨ। ਸੈਂਟਰਲ ਖ਼ਾਲਸਾ ਯਤੀਮਖ਼ਾਨਾ ਵਿਚ 1914 ਤੋਂ ਲੈ ਕੇ 1932 ਈ. ਤਕ ਸੰਗੀਤ ਦੇ ਉਸਤਾਦ ਵਜੋਂ ਉਨ੍ਹਾਂ ਨੇ ਸੇਵਾ ਨਿਭਾਈ ਅਤੇ ਸਿੱਖ ਜਗਤ ਲਈ ਬਹੁਤ ਵੱਡੇ ਵੱਡੇ ਰਾਗੀ ਪੈਦਾ ਕੀਤੇ। ਭਾਈ ਸੰਤਾ ਸਿੰਘ, ਭਾਈ ਸੁਰਜਨ ਸਿੰਘ, ਪ੍ਰੋ: ਦਰਸ਼ਨ ਸਿੰਘ ਕੋਮਲ ਅਤੇ ਬਹਾਦਰ ਸਿੰਘ ਤਬਲਾ ਨਵਾਜ਼ ਵਰਗੇ ਵੱਡੇ ਵੱਡੇ ਰਾਗੀ, ਇਹ ਆਪ ਦੇ ਹੀ ਸ਼ਾਗਿਰਦ

ਸਨ। ਕੀਰਤਨ ਦੀ ਸੇਵਾ ਲਈ ਉਨ੍ਹਾਂ ਨੇ ਇਕ ਸੰਗੀਤ ਵਿਦਿਆਲਾ ਵੀ ਖੋਲ੍ਹਿਆ ਹੋਇਆ ਸੀ, ਜਿਹੜਾ ਉਦੋਂ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਗਊਘਾਟ ਦੇ ਪਿਛਲੇ ਪਾਸੇ ਇਕ ਬੁੰਗੇ ਵਿਚ ਸੀ ਅਤੇ ਇਹ ਬੁੰਗਾ ਘੰਟਾ ਘਰ ਅਤੇ ਅਖਾੜਾ ਬ੍ਰਹਮ ਬੁੰਗਾ ਦੇ ਵਿਚਕਾਰ ਸੀ। ਜੱਦੀ ਪੁਸ਼ਤੀ ਉਨ੍ਹਾਂ ਦਾ ਕਿੱਤਾ ਤਾਂ ਕੀਰਤਨ ਹੀ ਸੀ, ਪਰ ਇਸਦੇ ਨਾਲ ਹੀ ਸੰਗੀਤ ਦੇ ਫੈਲਾਵੇ ਲਈ ਉਨ੍ਹਾਂ ਨੇ ਇਕ ਸਾਜ਼ਾਂ ਦੀ ਦੁਕਾਨ ਵੀ ਖੋਲ੍ਹੀ ਹੋਈ ਸੀ। ਇਸ ਤੋਂ ਛੁੱਟ ਉਨ੍ਹਾਂ ਨੇ ਲਾਲਾ ਢੋਲਣ ਦਾਸ ਨਾਲ ਮਿਲ ਕੇ, ਮਿੱਟੀ ਦੇ ਤੇਲ ਦੀ ਇਕ ਏਜੰਸੀ ਵੀ ਲਈ ਹੋਈ ਸੀ। ਉਨ੍ਹਾਂ ਦੀ ਇੱਜ਼ਤ ਅਤੇ ਉੱਚਤਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਉਹ ਗਿਣਵੇਂ ਚੁਣਵੇਂ ਕੁਝ ਉਨ੍ਹਾਂ ਰਬਾਬੀਆਂ ਰਾਗੀਆਂ 'ਚੋਂ ਸਨ ਜਿਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਵਲੋਂ ਪ੍ਰਸ਼ਾਦਿ ਦਾ ਸਵਾਇਆ ਗੱਫਾ ਨਹੀਂ, ਸਗੋਂ ਖੁੱਲ੍ਹਾ ਗੱਫਾ (ਖੁੱਲ੍ਹੇ ਛਾਈ ਬੁੱਕ ਭਰਵੇਂ) ਮਿਲਿਆ ਕਰਦਾ ਸੀ।

ਜਿਨ੍ਹਾਂ ਨੂੰ ਵੀ ਉਨ੍ਹਾਂ ਦੇ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ ਹੈ, ਪੁਰਾਣੇ ਬਜ਼ੁਰਗ, ਅੱਜ ਵੀ ਉਨ੍ਹਾਂ ਨੂੰ ਯਾਦ ਕਰਦਿਆਂ, ਆਪਣਾ ਸਭ ਕੁਝ ਭੁੱਲ ਬੈਠਦੇ ਹਨ:

ਭਾਈ ਸਾਹਿਬ, ਭਾਈ ਸਾਈਂ ਦਿੱਤਾ ! ਆਹਾ ਹਾ !! ਕਿਆ ਕਮਾਲ ਦੇ ਕੀਰਤਨੀਏ ਸਨ। ਮਲ੍ਹਾਰ ਦੀਆਂ ਸੁਰਾਂ, ਬਰਸਾਤ ਦਾ ਮੌਸਮ, ਅਜਿਹੀ ਸਵਾਦਲੀ ਚੌਕੀ ਕਰਦੇ ਗੌਆ (ਜਿਵੇਂ) ਸਰੋਤਿਆਂ ਦਾ ਜਿਗਰ ਚੀਰ ਕੇ ਲੈ ਜਾਂਦੇ - ਜਾਂ ਇੰਜ ਕਹਿ ਲਓ ਕਿ ਸਰੋਤਿਆਂ ਉੱਪਰ ਮਿਸਮਰੇਜ਼ਮ ਕਰਕੇ, ਉਨ੍ਹਾਂ ਨੂੰ ਕੀਲ ਲੈਂਦੇ ਸਨ। ਨਾਲ, ਹਾਰਮੋਨੀਅਮ ਵੀ ਉਹ ਕਮਾਲ ਦਾ ਵਜਾਉਂਦੇ ਸਨ।

ਉਨ੍ਹਾਂ ਦੇ ਮਧੁਰ ਗਲੇ ਵਿਚ ਕਿੰਨੀ ਕੁ ਤਾਸੀਰ ਸੀ—ਇਸ ਗੱਲ ਦਾ ਅੰਦਾਜ਼ਾ ਕੇਵਲ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਕ ਵਰ੍ਹੇ ਜਦੋਂ ਸਾਵਨ ਬਿਨਾਂ ਮੀਂਹ ਤੋਂ ਸੁੱਕਾ ਲੰਘ ਗਿਆ ਤਾਂ ਲੋਕਾਂ ਦੇ ਕਹਿਣ 'ਤੇ ਜਦੋਂ ਉਨ੍ਹਾਂ ਨੇ ਗਾਇਆ ਤਾਂ ਕੁਝ ਬੱਦਲ ਆ ਕੇ ਛਮ ਛਮ ਵਰ੍ਹਨ ਲੱਗ ਪਏ। ਅੱਖੀਂ ਡਿੱਠੀ 1929-30 ਈ. ਦੀ ਇਸ ਘਟਨਾ ਨੂੰ ਪੰਜਾਬੀ ਦੇ ਸਿਰਮੌਰ ਕਹਾਣੀਕਾਰ ਸੁਜਾਨ ਸਿੰਘ ਆਪਣੀ ਇਕ ਚਿੱਠੀ ਵਿਚ ਇੰਜ ਅੰਕਿਤ ਕਰਦੇ ਹਨ:

ਭਾਈ ਸਾਈਂ ਦਿੱਤਾ ਜੀ ਹਜ਼ੂਰੀ ਰਬਾਬੀ ਸਨ। ਉਨ੍ਹਾਂ ਦੀ ਚੌਕੀ ਦਾ ਸਮਾਂ ਬਾਅਦ ਦੋਪਹਿਰ ਤਿੰਨ ਤੋਂ ਪੰਜ ਤਕ ਹੁੰਦਾ ਸੀ। ਉਨ੍ਹਾਂ ਦਾ ਸਾਥੀ ਉਨ੍ਹਾਂ ਦਿਨਾਂ ਵਿਚ ਉਨ੍ਹਾਂ ਦਾ ਸਪੁੱਤਰ ਭਾਈ ਦੇਸਾ ਹੁੰਦਾ ਸੀ। ਤਬਲਾ ਭਾਈ ਸੰਤਾ ਵਜਾਉਂਦਾ ਸੀ। ਭਾਈ ਦੇਸਾ ਉਨ੍ਹਾਂ ਦਿਨਾਂ ਵਿਚ ਚੜ੍ਹਦੀ ਕਲਾ ਵਿਚ ਸੀ। ਮੈਂ ਯਾਰਾਂ ਸਾਲ ਦੀ ਉਮਰੇ ਕਲਕੱਤਿਉਂ ਅੰਮ੍ਰਿਤਸਰ ਆਇਆ ਸਾਂ। ਮੈਂ ਸੁਣਿਆ ਸੀ ਕਿ ਭਾਈ ਲਾਲ ਤੇ ਭਾਈ ਮੋਤੀ ਵੀ ਹਜ਼ੂਰੀ ਰਾਗੀ ਰਹੇ ਸਨ। ਭਾਈ ਮੋਤੀ ਗੁਜ਼ਰ ਗਏ ਹੋਏ ਸਨ। ਭਾਈ ਲਾਲ ਹੁਣ ਵੱਡੇ ਗਵੱਈਆਂ ਵਿੱਚੋਂ ਸਨ - ਤੇ ਮੈਂ ਉਨ੍ਹਾਂ ਨੂੰ ਹੋਲੀ ਦੇ ਰਾਗ ਦਰਬਾਰ ਵਿਚ ਦੁਰਗਿਆਣੇ ਸੁਣਿਆ ਸੀ। ਪਰ ਹੁਣ ਉਹ ਕੀਰਤਨ ਨਹੀਂ ਸਨ ਕਰਦੇ।

ਸੰਗਤਾਂ ਨੇ ਭਾਈ ਸਾਈਂ ਦਿੱਤੇ ਨੂੰ ਚੌਕੀ ਲਈ ਆਖਿਆ। ਪੁਲ ਉੱਤੇ ਰੋਕ ਕੇ ਬੇਨਤੀ ਕੀਤੀ ਸੀ। ਭਾਈ ਸਾਈਂ ਦਿੱਤਾ ਕੀਰਤਨ ਤੋਂ ਇਲਾਵਾ ਕੋਈ ਗਾਣੇ ਆਦਿ ਨਹੀਂ ਸਨ ਗਾਉਂਦੇ।

 www.sikhbookclub.com

ਮੁਸਲਮਾਨ ਹੁੰਦਿਆਂ ਵੀ ਗੁਰੂ ਘਰ 'ਤੇ ਉਨ੍ਹਾਂ ਨੂੰ ਬੜੀ ਸ਼ਰਧਾ ਸੀ। ਸ਼ਬਦ ਦਾ ਮੈਨੂੰ ਪਤਾ ਨਹੀਂ। ਰਾਗਾਂ ਦੀ ਮੈਨੂੰ ਉਦੋਂ ਕੋਈ ਸਮਝ ਨਹੀਂ ਸੀ। ਇਹ ਘਟਨਾ ਮੈਂ ਦੇਖੀ ਸੀ। ਸਮਝਦਾਰ ਸੁਣਨ ਵਾਲੇ ਕਹਿੰਦੇ ਸਨ ਕਿ ਉਨ੍ਹਾਂ ਮਲ੍ਹਾਰ ਗਾਇਆ ਹੈ। ਸ਼ਾਇਦ ਮੇਘ ਮਲ੍ਹਾਰ ਹੋਵੇ, ਪਰ ਮੈਂ ਇਹੋ ਸੁਣਿਆ ਕਿ ਚੌਕੀ ਸ਼ੁਰੂ ਹੋਣ ਵੇਲੇ ਅਸਮਾਨ ਵਿਚ ਕੋਈ ਬੱਦਲ ਨਹੀਂ ਸੀ। ਬੱਦਲ ਬਾਬਾ ਅਟੱਲ ਵਲੋਂ ਉੱਠਿਆ ਤੇ ਵਧਦਾ ਗਿਆ। ਚੌਕੀ ਦੋ ਘੰਟੇ ਦੀ ਸੀ। ਡੇਢ ਕੁ ਘੰਟੇ ਮਗਰੋਂ ਭੂਰ ਪੈਣ ਲੱਗੀ। ਚੌਕੀ ਦੇ ਸੰਪੂਰਨ ਹੋਣ 'ਤੇ ਖ਼ੂਬ ਬਾਰਸ਼ ਹੋ ਰਹੀ ਸੀ। ਜਦੋਂ ਸੰਗਤਾਂ ਭਾਈ ਜੀ ਦਾ ਧੰਨਵਾਦ ਕਰਨ ਲੱਗੀਆਂ ਤਾਂ ਉਨ੍ਹਾਂ ਕਿਹਾ, "ਸਤਿਗੁਰੂ ਨੇ ਸਾਡੀ ਲਾਜ ਰੱਖ ਲਈ ਹੈ।"

ਪ.ਸ. ਦਿਨ ਛੁੱਟੀ ਦਾ ਸੀ। ਭਾਈ ਸਾਈਂ ਦਿੱਤੇ ਦੀ ਚੌਕੀ ਵੇਲੇ ਬੜੀਆਂ ਭੀੜਾਂ ਹੁੰਦੀਆਂ ਸਨ। ਜਦੋਂ ਭਾਈ ਜੀ ਨੂੰ ਸੰਗਤਾਂ ਬੇਨਤੀ ਕੀਤੀ, ਮੈਂ ਭਾਈ ਜੀ ਦੇ ਜਥੇ ਪਿੱਛੇ ਉਨ੍ਹਾਂ ਦਾ ਕੀਰਤਨ ਸੁਣਨ ਜਾ ਰਿਹਾ ਸਾਂ। ਮੈਂ ਕੀਰਤਨ ਹਰਿਮੰਦਰ ਦੀ ਉਪਰਲੀ ਮੰਜ਼ਲ ਦੀ ਪੱਛਮ ਦੀ ਬਾਹੀ ਵਿਚਲੀਆਂ ਅੰਦਰ ਨੂੰ ਖੁਲ੍ਹਦੀਆਂ ਬਾਰੀਆਂ ਵਿੱਚੋਂ ਪਹਿਲੀ ਬਾਰੀ ਵਿਚ ਬੈਠ ਕੇ ਸੁਣਿਆ। ਮੀਂਹ ਦੇ ਵਰ੍ਹਨ ਨਾਲ ਸਾਈਂ ਜੀ ਲਈ ਮਾਇਆ ਮੀਂਹ ਵਾਂਗ ਵਰ੍ਹੀ। ਉਦੋਂ ਹਰਿਮੰਦਰ ਵਿਚ ਕੀਰਤਨੀਆਂ ਨੂੰ ਕੀਰਤਨ ਭੇਟਾ ਮਾਇਆ ਦੇਣ 'ਤੇ ਕੋਈ ਰੋਕ ਨਹੀਂ ਸੀ। *—ਸ. ਸਿੰਘ*

ਦਸਤਾਵੇਜ਼ੀ ਹੈਸੀਅਤ ਰੱਖਣ ਵਾਲੀ ਇਸ ਚਿੱਠੀ ਦੀ ਕਾਪੀ ਲੇਖਕ ਕੋਲ ਅੱਜ ਵੀ ਸਾਂਭੀ ਪਈ ਹੈ। ਸੁਜਾਨ ਸਿੰਘ ਜੀ ਨੇ ਉਪਰੋਕਤ ਲਿਖੀ ਗਈ ਘਟਨਾ ਦਾ ਪੂਰਾ ਵੇਰਵਾ ਆਪਣੀ ਇਕ ਕਿਤਾਬ *ਜੰਮੂ ਜੀ ਤੁਸੀਂ ਬੜੇ ਰਾਅ*, ਜਿਹੜੀ ਕਿ ਸਿੰਘ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਵਾਲਿਆਂ ਨੇ 1977 ਈ. ਵਿਚ ਛਾਪੀ ਸੀ, ਦੇ ਸਫ਼ਾ 132-133 'ਤੇ ਵੀ ਦਿੱਤਾ ਹੋਇਆ ਹੈ।

ਹੈਰਾਨੀ ਦਾ ਮੁਕਾਮ ਹੈ ਕਿ ਕਲਕੱਤੇ ਰਹਿੰਦਿਆਂ ਐਨੀ ਦੂਰ ਤੋਂ ਸਾਡੇ ਅਦੁੱਤੀ ਕੀਰਤਨ ਨੂੰ ਸੁਣਨ ਲਈ ਤਾਂ ਰਵਿੰਦਰ ਨਾਥ ਟੈਗੋਰ ਸ੍ਰੀ ਅੰਮ੍ਰਿਤਸਰ ਕਈ ਵੇਰ ਆਉਂਦੇ ਰਹੇ ਅਤੇ ਕਿੰਨੇ ਮਹੀਨੇ ਏਥੇ ਰਹਿ ਕੇ ਵੱਖੋ-ਵੱਖਰੇ ਕੀਰਤਨਕਾਰਾਂ ਦੇ ਕੀਰਤਨ ਦਾ ਆਨੰਦ ਮਾਣਦੇ ਰਹਿੰਦੇ ਜਦ ਕਿ ਪੰਜਾਬ ਜਾਂ ਅੰਮ੍ਰਿਤਸਰ ਖ਼ਾਸ ਵਿਚ ਬੈਠੇ ਪੰਜਾਬੀ ਸਾਹਿਤਕਾਰਾਂ ਨੇ ਇਸ ਵਿਚ ਓਸ ਦਰਜੇ ਦੀ ਦਿਲਚਸਪੀ ਨਹੀਂ ਲਈ। 1935 ਈ. ਦੀ ਗੱਲ ਹੀ ਦੇਖ ਲਓ ਕਿ ਰਵੀ ਬਾਬੂ ਅੰਮ੍ਰਿਤਸਰ ਕਿੰਨਾ ਚਿਰ ਰਹਿ ਕੇ ਫ਼ਰਵਰੀ ਦੇ ਮਹੀਨੇ ਲਾਹੌਰ ਪਹੁੰਚੇ[1], ਅਤੇ ਏਥੋਂ ਦੇ ਪ੍ਰਸਿੱਧ ਉਦਯੋਗਪਤੀ ਧਨੀ ਰਾਮ ਭੱਲਾ ਦੀ ਕੋਠੀ 'ਭੱਲਾ ਨਿਵਾਸ' 'ਚ ਠਹਿਰੇ। ਦਲੀਪ ਚੰਦਰ ਬੇਦੀ ਨੂੰ ਉਨ੍ਹਾਂ ਫਿਰ ਏਥੇ ਮਈ ਵਿਚ ਸੁਣਿਆ ਅਤੇ ਉਸਦੀ ਗਾਇਕੀ ਤੋਂ ਪ੍ਰਭਾਵਿਤ ਹੋਏ। ਮੋਟੇ ਜਟਕੇ ਹਿਸਾਬ ਨਾਲ ਸਮੇਂ ਦੀ ਇਸ ਵਿੱਥ ਦਾ ਇਹ ਵਕਫ਼ਾ ਚਾਰ ਪੰਜ ਮਹੀਨੇ ਦਾ ਬਣ ਜਾਂਦਾ ਹੈ।

ਜਿਥੋਂ ਤਕ ਪੰਜਾਬੀ ਲਿਖਾਰੀਆਂ ਦਾ ਸਬੰਧ ਹੈ, ਉਸ ਵਿਚ ਕੁਝ ਕੁ ਸ਼ਖ਼ਸੀਅਤਾਂ ਹੀ ਹਨ, ਜਿਨ੍ਹਾਂ ਨੇ ਸਾਡੇ ਸ਼ਾਸਤ੍ਰੀ ਸੰਗੀਤ ਜਾਂ ਕੀਰਤਨ ਵਿਚ ਰੁਚੀ ਵਿਖਾਈ ਜਾਂ ਆਪਣੀਆਂ ਕਿਰਤਾਂ ਵਿਚ ਇਸਦਾ ਕਦੇ ਸਰਸਰੀ ਜਿਹਾ ਜ਼ਿਕਰ ਕੀਤਾ। ਅਜਿਹੇ ਸਾਹਿਤਕਾਰਾਂ ਵਿਚ ਭਾਈ ਵੀਰ ਸਿੰਘ ਤੋਂ ਛੁੱਟ, ਪ੍ਰੋ. ਸਾਹਿਬ ਸਿੰਘ, ਨਾਨਕ ਸਿੰਘ

---

1 ਹਵਾਲੇ ਲਈ ਦੇਖੋ : *ਸਰਗੁਜ਼ਸ਼ਤ* (ਉਰਦੂ), ਵੱਲੋਂ : ਅਬਦੁਲ ਮਜੀਦ ਸਾਲਿਕ, ਲਾਹੌਰ।


www.sikhbookclub.com

ਨਾਵਲਿਸਟ, ਪ੍ਰੋ. ਪ੍ਰੀਤਮ ਸਿੰਘ, ਐੱਸ.ਐੱਸ.ਅਮੋਲ ਅਤੇ ਪ੍ਰਿੰਸੀਪਲ ਸੁਜਾਨ ਸਿੰਘ ਆਦਿ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਖ਼ੁਸ਼ੀ ਦੀ ਗੱਲ ਹੈ ਕਿ ਸੁਜਾਨ ਸਿੰਘ ਭਾਈ ਦੇਸਾ ਰਬਾਬੀ ਬਾਰੇ ਆਪਣੇ ਵਿਚਾਰ ਕੁਝ ਇਸ ਤਰ੍ਹਾਂ ਅੰਕਿਤ ਕਰਦੇ ਹਨ:

ਹਰਿਮੰਦਰ ਦੀ ਬਣਤਰ ਹੀ ਐਸੀ ਹੈ—ਲਾਊਡ ਸਪੀਕਰਾਂ ਦੇ ਜ਼ਮਾਨੇ ਤੋਂ ਪਹਿਲਾਂ ਇਉਂ ਜਾਪਦਾ ਸੀ ਕਿ ਕੀਰਤਨੀਏ ਦੀ ਆਵਾਜ਼ ਆਮ ਤੋਂ ਉੱਚੀ ਪਰ ਮੁਲਾਇਮ ਹੋ ਗਈ ਹੈ। ਉਨ੍ਹਾਂ ਸਮਿਆਂ ਵਿਚ ਭਾਈ ਦੇਸੇ ਦੀ ਆਵਾਜ਼ ਹਰਿਮੰਦਰ ਦੀ ਬਾਹਰਲੀ ਪਰਿਕਰਮਾ ਵਿਚ ਹੀ ਨਹੀਂ, ਸਗੋਂ ਸਰੋਵਰ ਦੇ ਦੁਆਲੇ ਦੀ ਵੱਡੀ ਪਰਿਕਰਮਾ ਵਿੱਚੋਂ ਵੀ ਸੁਣੀ ਜਾਂਦੀ ਸੀ। ਲਾਊਡ ਸਪੀਕਰਾਂ ਨੇ ਸਾਡੇ ਗਵੱਈਆਂ ਦੀਆਂ ਆਵਾਜ਼ਾਂ ਨੂੰ ਲਾਗਰ ਬਣਾ ਛੱਡਿਆ ਹੈ।

ਇਹ ਭਾਈ ਦੇਸਾ (1905-1973 ਈ.) ਜਿਸਦੀ ਪਾਟਦਾਰ ਆਵਾਜ਼ ਦਾ ਸੁਜਾਨ ਸਿੰਘ ਜੀ ਉੱਪਰ ਜ਼ਿਕਰ ਕਰਦੇ ਹਨ, ਭਾਈ ਸਾਈਂ ਦਿੱਤਾ ਦੇ ਹੀ ਬੇਟੇ ਸਨ। ਆਪ ਦੇ ਦੂਜੇ ਬੇਟੇ ਦਾ ਨਾਂ ਭਾਈ ਮੁਲਖਾ ਸੀ। ਸਾਈਂ ਦਿੱਤਾ ਜੀ ਦਾ ਇਕ ਪੋਤਾ ਆਸਫ਼ ਸ਼ੇਖ਼ ਅੱਜ-ਕੱਲ੍ਹ ਮੁਲਤਾਨ ਰੋਡ ਲਾਹੌਰ ਰਹਿ ਰਿਹਾ ਹੈ ਜਦਕਿ ਭਾਈ ਦੇਸੇ ਦਾ ਇਕ ਲੜਕਾ ਮੁਹੰਮਦ ਅਫ਼ਜ਼ਲ ਅੱਜ-ਕੱਲ੍ਹ ਮੈਂਡੋਲਨ ਵਜਾਉਂਦਾ ਹੈ ਅਤੇ ਰੇਡੀਓ ਪਾਕਿਸਤਾਨ ਲਾਹੌਰ ਦਾ ਕਰਮਚਾਰੀ ਹੈ।



ਭਾਈ ਦੇਸਾ*

ਆਸਫ਼ ਸ਼ੇਖ਼ ਦੇ ਦੱਸਣ ਅਨੁਸਾਰ ਭਾਈ ਸਾਈਂ ਦਿੱਤਾ 1932 ਈ. ਵਿਚ ਸ੍ਰੀ ਅੰਮ੍ਰਿਤਸਰ ਵਿਖੇ ਚੜ੍ਹਾਈ ਕਰ ਗਏ ਸਨ।

* ਭਾਈ ਸਾਈਂ ਦਿੱਤਾ ਦਾ ਸਪੁੱਤਰ ਭਾਈ ਦੇਸਾ, ਜਿਸ ਦੀ ਗਾਇਕੀ ਨੂੰ ਵੀਹਵੀਂ ਸਦੀ ਦੇ ਸਰਵੋਤਮ ਗਾਇਕ ਬੜੇ ਗ਼ੁਲਾਮ ਅਲੀ ਖ਼ਾਂ ਵਰਗੇ ਵੀ ਬੇਹੱਦ ਪਸੰਦ ਕਰਦੇ ਸਨ। ਉਹ ਉਸ ਨੂੰ ਅਕਸਰ ਫ਼ਰਮਾਇਸ਼ ਪਾਉਂਦੇ ਸਨ: 'ਉਏ ਦੇਸੇ, ਅੱਜ ਸਾਨੂੰ ਦੇਸੀ ਟੋਡੀ ਸੁਣਾ ਜਾਂ ਮਿਰਜ਼ੇ ਵਰਗੀ ਕੋਈ ਲੋਕ-ਧੁਨ।' ਸਮੇਂ ਦੇ ਬਦਲਦੇ ਰੰਗ, 1931 ਵਿਚ ਹਿੰਦੁਸਤਾਨ ਵਿਚ ਪਹਿਲੀ ਵੇਰ ਜਦੋਂ ਬੋਲਦੀਆਂ ਫ਼ਿਲਮਾਂ ਬਣਨ ਲੱਗੀਆਂ ਤਾਂ ਮਾਲਕਾਂ ਨੂੰ ਉਦੋਂ ਓਹੋ ਜਿਹੇ ਚਿਹਰਿਆਂ ਜਾਂ ਗਵੱਈਆਂ ਦੀ ਲੋੜ ਸੀ, ਜਿਹੜੇ ਦੇਖਣ ਪਾਰੋਂ ਹੀਰੋ ਵੀ ਜਾਪਣ, ਨਾਲ ਹੀ ਸਟੇਜ ਤੇ ਸਿੱਧਾ ਗਾ ਵੀ ਸਕਣ। ਪਿੱਛੋ-ਪਰਦਾ ਗਾਇਕੀ (Playback singing) ਕਾਫ਼ੀ ਬਾਅਦ ਦੀਆਂ ਗੱਲਾਂ ਹਨ। ਭਾਈ ਦੇਸਾ ਰਬਾਬੀ ਦਾ ਅਜਿਹਾ ਘੋਨ-ਮੋਨ ਅਤੇ ਸਫ਼ਾ-ਚੱਟ ਚਿਹਰਾ-ਮੁਹਰਾ ਉਸੇ ਅਸਰ ਦਾ ਨਤੀਜਾ ਸੀ, ਨਹੀਂ ਤਾਂ ਪਹਿਲੇ ਰਬਾਬੀ ਦਾੜ੍ਹੀ ਵੀ ਰੱਖਦੇ ਸਨ ਅਤੇ ਸਿਰ 'ਤੇ ਦਸਤਾਰ ਵੀ ਸਜਾਉਂਦੇ ਸਨ।

 www.sikhbookclub.com

# ਭਾਈ ਤਾਬਾ

ਭਾਈ ਮੋਤੀ ਦੀ ਸੰਗੀਤਕ ਜੋਤ ਨੂੰ ਜੇਕਰ ਕਿਸੇ ਕੀਰਤਨਕਾਰ ਨੇ ਸਹੀ ਅਰਥਾਂ ਵਿਚ ਉਨ੍ਹਾਂ ਪਿੱਛੋਂ ਜਗਦੀ ਰੱਖਿਆ, ਤਾਂ ਉਹ ਭਾਈ ਤਾਬਾ ਹੀ ਸਨ। ਮੁਸਲਮਾਨਾਂ ਵਿਚ ਆਪ ਤਾਬੇ ਹੁਸੈਨ ਕਰਕੇ ਜਾਣੇ ਜਾਂਦੇ ਸਨ। ਆਪ ਦਾ ਜਨਮ 1885 ਈ. ਦੇ ਨੇੜੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਲਗਭਗ 35 ਸਾਲ ਆਪ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਨਿਭਾਈ। ਆਮ ਕਰਕੇ ਆਪ ਭਾਈ ਮੋਤੀ ਜੀ ਦੀਆਂ ਹੀ ਸ਼ਬਦ-ਰੀਤਾਂ ਗਾਉਂਦੇ ਸਨ। ਭਾਈ ਸਾਈਂ ਦਿੱਤਾ ਵਾਂਗ, ਆਪ ਨੇ ਵੀ ਅਣਗਿਣਤ ਸਿੱਖ ਰਾਗੀ ਪੈਦਾ ਕੀਤੇ ਜਿਨ੍ਹਾਂ ਵਿੱਚੋਂ ਬੀਬੀ ਜਸਵੰਤ ਕੌਰ ਅੰਮ੍ਰਿਤਸਰ, ਭਾਈ ਗਿਆਨ ਸਿੰਘ ਐਬਟਾਬਾਦੀ (ਕਰਤਾ *ਗੁਰਬਾਣੀ ਸੰਗੀਤ*), ਭਾਈ ਪ੍ਰਤਾਪ ਸਿੰਘ, ਅਰਜਨ ਸਿੰਘ ਤਰੰਗੜ ਅਤੇ ਪਿਆਰਾ ਸਿੰਘ ਦੇ ਨਾਂ ਖ਼ਾਸ ਤੌਰ 'ਤੇ ਲਏ ਜਾ ਸਕਦੇ ਹਨ।

ਕੋਈ ਸਮਾਂ ਸੀ ਜਦੋਂ ਅੰਮ੍ਰਿਤਸਰ ਦੇ ਰਬਾਬੀਆਂ ਵਿੱਚੋਂ ਇਨ੍ਹਾਂ ਦਾ ਜਥਾ ਸਰਵੋਤਮ ਮੁਕਾਮ ਰੱਖਦਾ ਸੀ। ਉਹ ਜਥਾ ਗੁਰੂ ਰਾਮ ਦਾਸ ਜੀ ਦਾ ਜਥਾ ਅਖਵਾਉਂਦਾ ਸੀ। ਉਸ ਜਥੇ ਵਿਚ ਇਹ ਰਬਾਬੀ ਸ਼ਾਮਲ ਸਨ—ਭਾਈ ਤਾਬਾ, ਭਾਈ ਦੇਸਾ, ਭਾਈ ਮੂਲੋ, ਭਾਈ ਗਾਮ, ਭਾਈ ਝੰਡੂ, ਭਾਈ ਫ਼ਕੀਰ ਅਤੇ ਭਾਈ ਨਸੀਰਾ ਰਬਾਬੀ। ਇਨ੍ਹਾਂ ਸਭਨਾਂ ਵਿੱਚੋਂ ਭਾਈ ਤਾਬਾ ਅਤੇ ਦੇਸਾ ਸ੍ਰੀ ਦਰਬਾਰ ਸਾਹਿਬ ਨਾਲ ਕੀਰਤਨ ਦੀ ਸੇਵਾ ਲਈ ਪੱਕੇ ਤੌਰ 'ਤੇ ਜੁੜੇ ਹੋਏ ਸਨ, ਜਦ ਕਿ ਇਨ੍ਹਾਂ ਦੇ ਦੂਜੇ ਸਾਥੀ ਵੀ ਏਥੇ ਗਾਹੇ-ਬਗਾਹੇ ਚੌਂਕੀ ਭਰਨ ਆ ਜਾਂਦੇ ਸਨ। ਸਰੂਪ ਸਿੰਘ ਅਲੱਗ ਜੀ ਦੇ ਕਥਨ ਅਨੁਸਾਰ :

ਜਦ ਭਾਈ ਤਾਬਾ ਜੀ ਉੱਚੀ ਸੁਰੀਲੀ ਆਵਾਜ਼ ਨਾਲ ਕੀਰਤਨ ਵਿਚ ਲੀਨ ਹੁੰਦੇ ਸਨ ਤਾਂ ਸਰੋਤਿਆਂ ਨੂੰ ਵੀ ਸੁਧ-ਬੁਧ ਨਹੀਂ ਸੀ ਰਹਿੰਦੀ। ਇਵੇਂ ਲਗਦਾ ਸੀ ਜਿਵੇਂ ਉਹ ਸਰੋਤਿਆਂ ਨੂੰ ਗੁਰਬਾਣੀ ਦੁਆਰਾ ਅਕਾਲ ਪੁਰਖ ਨਾਲ ਜੋੜਨ ਦਾ ਤਰੀਕਾ ਜਾਣਦੇ ਸਨ। ਉਨ੍ਹਾਂ ਦੇ ਪ੍ਰੋਗਰਾਮ ਵਿਚ ਦੂਰ ਦੂਰ ਤੋਂ ਲੋਕੀਂ ਬਿਖੜੇ ਪੈਂਡੇ ਮਾਰ ਕੇ ਵੀ ਪਹੁੰਚਦੇ ਅਤੇ ਗੁਰਬਾਣੀ ਦੇ ਮਨੋਹਰ ਕੀਰਤਨ ਦੁਆਰਾ ਮਨ ਤੇ ਆਤਮਾ ਨੂੰ ਤ੍ਰਿਪਤ ਕਰਦੇ। ਨਾ ਸੁਣਨ ਵਾਲੇ ਥੱਕਦੇ ਤੇ ਨਾ ਸੁਣਾਣ ਵਾਲੇ।[1]

---


1. ਵੇਖੋ, *ਸੀਸ ਗੰਜ*, ਦਿੱਲੀ; ਅਗਸਤ 1977 ਵਿਚ ਉਨ੍ਹਾਂ ਦਾ ਲੇਖ, "ਪਾਕਿਸਤਾਨ ਵਿਚ ਮੁਸਲਮਾਨ ਰਬਾਬੀ", ਸਫ਼ੇ 39-40.


www.sikhbookclub.com

'ਹਿਜ਼ ਮਾਸਟਰਜ਼ ਵੌਇਸ' ਕੰਪਨੀ ਵਾਲਿਆਂ ਨੇ ਪਹਿਲੀਆਂ 'ਚ ਸ਼ਬਦ ਕੀਰਤਨ ਦੇ ਜਿਹੜੇ ਦੋ ਤਵੇ ਭਰਵਾਏ ਸਨ (ਐਚ.ਐਮ.ਵੀ. 5790 ਅਤੇ P 5707) ਉਨ੍ਹਾਂ ਉੱਪਰ ਸਿਰਫ਼ ਇਹ ਲਿਖਿਆ ਹੈ : 'ਅੰਮ੍ਰਿਤਸਰ ਰਬਾਬੀਜ਼'। ਖ਼ਿਆਲ ਕੀਤਾ ਜਾਂਦਾ ਹੈ ਕਿ ਉਹ ਦੋਵੇਂ ਤਵੇ ਇਸ ਜਥੇ ਦੇ ਹੀ ਹਨ। ਇਕ ਦੇ ਇਕ ਪਾਸੇ "ਕਲਗੀ ਵਾਲਿਆ ਦਰਸ ਦਿਖਾ ਦੇ" ਅਤੇ ਦੂਜੇ ਪਾਸੇ "ਤੇਰੇ ਦਰਸ਼ਨ ਦਸਮੇਸ਼ ਪਿਤਾ ਸਭ ਖਲਕਤ", ਜਦ ਕਿ ਦੂਜੇ ਤਵੇ 'ਤੇ "ਹਰਿ ਦਰਸ਼ਨ ਕੋ ਮੇਰਾ ਮਨ ਬਹੁਤ ਤੜਪਤ ਹੈ" ਅਤੇ "ਕਲਗੀ ਵਾਲੇ ਸੇ ਲਾਗੇ ਮੇਰੇ ਨੈਣ" ਗਾਇਆ ਗਿਆ ਹੈ। ਖ਼ੁਸ਼ੀ ਦੀ ਗੱਲ ਹੈ ਕਿ ਇਹ ਦੋਵੇਂ ਤਵੇ ਸਾਡੇ ਪਾਸ ਬੜੀ ਅੱਛੀ ਹਾਲਤ ਵਿਚ ਸੁਰੱਖਿਅਤ ਹਨ।

ਦੇਸ਼ ਦੀ ਵੰਡ ਤੋਂ ਥੋੜ੍ਹਾ ਜਿਹਾ ਸਮਾਂ ਪਹਿਲਾਂ ਆਪ ਲਾਹੌਰ ਜਾ ਵੱਸੇ ਅਤੇ ਉਥੇ ਚੂਨਾ ਮੰਡੀ ਬਸੇਰਾ ਬਣਾ ਲਿਆ। 1956 ਈ. ਵਿਚ ਇਨ੍ਹਾਂ ਦੇ ਇਕ ਸ਼ਾਗਿਰਦ ਭਾਈ ਪ੍ਰਤਾਪ ਸਿੰਘ ਰਾਗੀ ਦਿੱਲੀ ਵਾਲਿਆਂ ਨੇ ਇਨ੍ਹਾਂ ਨੂੰ ਦਿੱਲੀ ਸੱਦਿਆ ਅਤੇ ਕੁਝ ਕੀਰਤਨ ਦਰਬਾਰ ਕਰਵਾਏ। ਇਸ ਤੋਂ ਅਗਲੇ ਸਾਲ ਵੀ ਉਨ੍ਹਾਂ ਨੂੰ ਭਾਰਤ ਸੱਦਿਆ ਗਿਆ ਅਤੇ ਦਿੱਲੀ ਦੇ ਰਾਗੀਆਂ ਨੇ ਪੈਸੇ ਇਕੱਠੇ ਕਰ ਕੇ ਆਪ ਨੂੰ 7000 ਰੁਪਏ ਦਾ ਸਿਰੋਪਾਓ ਦਿੱਤਾ, ਜਿਹੜਾ ਉਸ ਸਮੇਂ ਅਨੁਸਾਰ ਇਕ ਬੜੀ ਵੱਡੀ ਰਕਮ ਸੀ। ਏਸੇ ਦੌਰਾਨ, ਭਾਵ ਕਿ 1956 ਈ. ਅਤੇ ਫਿਰ ਦੁਬਾਰਾ 1957 ਈ. ਵਿਚ ਵੀ ਪੰਥ ਦੇ ਪ੍ਰਸਿੱਧ ਸੇਵਕ ਭਾਈ ਗਿਆਨ ਸਿੰਘ ਐਬਟਾਬਾਦੀ ਨੇ ਉਨ੍ਹਾਂ ਨੂੰ ਆਪਣੇ ਘਰ ਦਿੱਲੀ ਵਿਖੇ ਦੋ ਦੋ ਮਹੀਨੇ ਮਹਿਮਾਨ ਰੱਖ ਕੇ, ਉਨ੍ਹਾਂ ਤੋਂ ਨਾਯਾਬ ਸ਼ਬਦ-ਰੀਤਾਂ, ਜਿਹੜੀਆਂ ਵੀ ਰਬਾਬੀਆਂ ਵਲੋਂ ਹਰਿਮੰਦਰ ਸਾਹਿਬ ਵਿਚ ਗਾਈਆਂ ਜਾਂਦੀਆਂ ਰਹੀਆਂ ਸਨ—ਜੋ ਵੀ ਇਸ ਥਾਂ ਸਦੀਆਂ ਤੋਂ ਚੱਲਦੀਆਂ ਆ ਰਹੀਆਂ ਸਨ, ਉਨ੍ਹਾਂ ਤੋਂ ਲਿਖਵਾ ਕੇ ਆਪਣੀ ਅਦੁੱਤੀ ਕਿਤਾਬ, *ਗੁਰਬਾਣੀ ਸੰਗੀਤ* (1961) ਦੇ ਸੈਂਚੀਆਂ ਵਿਚ ਛਾਪ ਦਿੱਤੀ। ਸਰਦਾਰ ਜੀ ਵਲੋਂ ਸਿੱਖ ਪੰਥ ਲਈ ਇਹ ਇਕ ਇਤਿਹਾਸਕ ਦੇਣ ਸੀ ਕਿ ਸਾਡਾ ਇਹ ਐਨਾ ਅਮੀਰ ਅਤੇ ਪੁਰਾਤਨ ਵਿਰਸਾ ਉਨ੍ਹਾਂ ਦੀ ਦੂਰ-ਅੰਦੇਸ਼ੀ ਸਦਕਾ ਸਾਂਭਿਆ ਗਿਆ। ਆਪਣੀਆਂ ਦੋਵੇਂ ਭਾਰਤ ਫੇਰੀਆਂ ਸਮੇਂ ਆਪ ਭੈਣੀ ਸਾਹਿਬ ਵੀ ਕੀਰਤਨ ਦਰਬਾਰਾਂ ਵਿਚ ਭਾਗ ਲੈਣ ਆਏ ਸਨ। ਆਖ਼ਰ 13 ਅਕਤੂਬਰ, 1963 ਨੂੰ ਲਾਹੌਰ ਵਿਖੇ ਆਪ ਦਾ ਦਿਹਾਂਤ ਹੋ ਗਿਆ।

ਭਾਈ ਸਾਹਿਬ ਦਾ ਇਕ ਵੱਡਾ ਲੜਕਾ ਉਸਤਾਦ ਕਾਲੇ ਖ਼ਾਂ ਰੇਡੀਓ ਪਾਕਿਸਤਾਨ ਲਾਹੌਰ ਵਿਖੇ ਬਤੌਰ ਮਿਊਜ਼ਿਕ ਡਾਇਰੈਕਟਰ ਕੰਮ ਕਰ ਰਿਹਾ ਸੀ; ਜਿਸਨੇ ਉਥੇ ਅੱਸੀ ਤੋਂ ਵੀ ਵੱਧ ਫ਼ਿਲਮਾਂ ਨੂੰ ਸੰਗੀਤ ਦਿੱਤਾ ਸੀ। ਪੰਜਾਬੀ ਦੇ ਪ੍ਰਸਿੱਧ ਸ਼ਾਇਰ ਡਾ. ਜਮਾਲ ਉੱਦੀਨ ਦੀ ਸ਼ਾਇਰਾ ਬੀਵੀ ਬੇਗਮ ਸ਼ਕੀਲਾ ਨੇ ਕੀਰਤਨ ਦੀ ਜਿਹੜੀ ਇਕ ਟੇਪ ਤਿਆਰ ਕੀਤੀ ਹੈ, ਉਸ ਵਿਚ ਵੀ ਸੰਗੀਤ ਉਸਤਾਦ ਕਾਲੇ ਖ਼ਾਂ ਦਾ ਹੀ ਹੈ। ਭਾਈ ਤਾਬਾ ਦੇ ਪੋਤੇ ਵਰਿਆਮ ਨੂੰ ਕੀਰਤਨ ਨਾਲ ਕੋਈ ਸਰੋਕਾਰ ਨਹੀਂ।



ਪਟਿਆਲਾ ਘਰਾਣੇ ਦੇ ਕੁਝ ਸੁਪ੍ਰਸਿੱਧ ਦਰਬਾਰੀ ਰਬਾਬੀ : ਭਾਈ ਮਰਦਾਨਾ ਦੇ ਕੁਲ ਭਾਈ ਫਿਰੰਦਾ ਦੇ ਸਿੱਧੇ ਵਾਰਿਸ ਭਾਈ ਮਹਿਬੂਬ ਅਲੀ ਉਰਫ਼ ਬੁਢਾ ਰਬਾਬੀ (ਰੁੱਦ੍ਰ ਵੀਣਾ), ਭਾਈ ਲਾਲ ਅਤੇ ਭਾਈ ਸੁੰਦਰ (ਤਬਲਾ ਨਵਾਜ਼)

(Photo Credit: This rare picture was so graciously presented to us by Dr. Raja Mrigendra Singh of Patiala)

# ਭਾਈ ਲਾਲ

ਇਸ ਕਲਾਕਾਰ ਦਾ ਸਬੰਧ ਅੰਮ੍ਰਿਤਸਰ ਦੇ ਰਬਾਬੀ ਖ਼ਾਨਦਾਨ ਨਾਲ ਸੀ। ਇਸਦਾ ਜਨਮ 1887 ਈ. ਵਿਚ ਹੋਇਆ।

1919 ਈ. ਵਿਚ ਉਹ ਕਪੂਰਥਲਾ ਵਾਲੇ ਭਾਈ ਮਹਿਬੂਬ ਅਲੀ ਸਿਤਾਰ ਨਵਾਜ਼ ਦਾ ਸ਼ਾਗਿਰਦ ਹੋ ਗਿਆ ਅਤੇ ਉਸ ਕੋਲੋਂ ਸੰਗੀਤ ਦੀ ਵਿਦਿਆ, ਖ਼ਾਸ ਕਰਕੇ ਮੇਰੂ ਖੰਡ ਤਾਨਾਂ ਅਤੇ ਮੂਰਛਨਾ ਆਦਿ ਸਿੱਖੀਆਂ, ਜਿਹੜੀਆ ਪਿੱਛੋਂ ਉਸ ਨੂੰ ਖ਼ਿਆਲ ਗਾਇਨ ਵਿਚ ਬਹੁਤ ਕੰਮ ਆਈਆਂ।

ਭਾਈ ਹੋਰਾਂ ਦਾ ਦੂਜਾ ਉਸਤਾਦ ਪੰਡਿਤ ਭਾਸਕਰ ਰਾਓ ਬੂਆ ਬਖਲੇ ਸੀ। ਇਨ੍ਹਾਂ ਦੀ ਉਸਤਾਦੀ ਸ਼ਾਗਿਰਦੀ ਦਾ ਕਿੱਸਾ ਬਹੁਤ ਲੰਮਾ ਹੈ। ਘੱਟੋ-ਘੱਟ ਬਾਰ੍ਹਾਂ ਤੇਰ੍ਹਾਂ ਸਾਲ ਉਹ ਪੰਡਿਤ ਜੀ ਦੇ ਹੇਠ ਉੱਪਰ ਗਾਉਂਦਾ ਰਿਹਾ, ਜਿਵੇਂ ਹਰਿਵੱਲਭ ਮੇਲੇ 'ਤੇ ਜਲੰਧਰ ਜਾਂ ਸ਼ਿਕਾਰਪੁਰ ਸਿੰਧ ਵਿਖੇ। ਓੜਕ 30 ਮਾਰਚ, 1921 ਨੂੰ ਪੰਡਿਤ ਜੀ ਦਾ ਉਹ ਸ਼ਿਕਾਰਪੁਰ ਵਿਖੇ ਸ਼ਾਗਿਰਦ ਹੋ ਗਿਆ।

ਮਿਹਨਤ ਰਿਆਜ਼ ਤਾਂ ਅੱਗੇ ਹੀ ਬਹੁਤ ਸੀ, ਵਿਦਿਆ ਦਾ ਭੰਡਾਰ ਵੀ ਹੋਰ ਵਿਸ਼ਾਲ ਹੋ ਗਿਆ, ਜਿਸ ਦਾ ਨਤੀਜਾ ਇਹ ਹੋਇਆ ਕਿ ਥਾਂ ਥਾਂ ਤੋਂ ਉਸਨੂੰ ਕਈ ਤਰ੍ਹਾਂ ਦੇ ਇਨਾਮ ਅਤੇ ਮੈਡਲ ਆਦਿ ਪ੍ਰਦਾਨ ਹੋਣ ਲੱਗ ਪਏ। ਵੱਖ-ਵੱਖ ਸ਼ਹਿਰਾਂ ਤੋਂ ਉਸਨੂੰ 'ਨਾਇਕ', 'ਗਾਇਕ', 'ਪੰਡਿਤ', 'ਗੁਣੀ' ਅਤੇ 'ਗੰਧਰਵ' ਦਾ ਖ਼ਿਤਾਬ ਮਿਲਿਆ। 1927 ਈ. ਵਿਚ ਉਸ ਨੂੰ ਸ਼ਿਕਾਰਪੁਰ ਮਿਊਜ਼ਿਕ ਕਾਨਫ਼ੰਸ 'ਤੇ 'ਸੰਗੀਤ ਸਾਗਰ' ਦਾ ਖ਼ਿਤਾਬ ਮਿਲਿਆ। ਉਹ ਗੁਰਬਾਣੀ ਸੰਗੀਤ ਦਾ ਇਕ ਬਹੁਤ ਵੱਡਾ ਵਿਦਵਾਨ ਸੀ ਅਤੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਕਈ ਵਰ੍ਹੇ ਹਜ਼ੂਰੀ ਰਾਗੀ ਦੇ ਪਦ 'ਤੇ ਰਿਹਾ।

ਉਸਦੇ ਸ਼ਾਗਿਰਦਾਂ ਦੀ ਲਿਸਟ ਵੀ ਬਹੁਤ ਲੰਮੀ ਚੌੜੀ ਹੈ। ਆਲਮਗੀਰ ਖ਼ਾਂ ਅੰਮ੍ਰਿਤਸਰੀ ਕਲਾਰਨਟ ਨਵਾਜ਼, ਜਿਹੜਾ ਧਰੁੱਪਦ ਅੰਗ ਗਾਇਕੀ ਵਜਾਉਂਦਾ ਸੀ ਅਤੇ ਆਪਣੇ ਕੰਮ ਵਿਚ ਬੇਜੋੜ ਸੀ, ਉਹ ਉਸਦਾ ਹੀ ਸ਼ਾਗਿਰਦ ਸੀ। ਉਸ ਵਿੱਚੋਂ ਭਾਈ ਲਾਲ ਦੀ ਗਾਇਕੀ ਦੀ ਖ਼ੁਸ਼ਬੂ ਆਉਂਦੀ ਸੀ। ਉਸ ਤੋਂ ਛੁੱਟ ਨੱਥੂ ਖ਼ਾਂ ਸਾਰੰਗੀ ਨਵਾਜ਼ ਅੰਮ੍ਰਿਤਸਰ ਵਾਲੇ ਨੇ ਵੀ ਉਸ ਤੋਂ ਗਾਇਕੀ ਦੀ ਵਿਦਿਆ ਲਈ। ਸੂਫ਼ੀ ਖ਼ੁਦਾ ਬਖ਼ਸ਼ ਅੰਮ੍ਰਿਤਸਰੀ, ਭਾਈ ਆਗ਼ਾ ਫ਼ੈਜ਼, ਭਾਈ ਦੇਸਾ, ਭਾਈ ਫ਼ਕੀਰ, ਭਾਈ ਫ਼ੀਰੋਜ਼, ਮੁਹੰਮਦ ਅਲੀ ਫ਼ਰੀਦੀ ਕੱਵਾਲ, ਮੁਹੰਮਦ ਰਮਜ਼ਾਨ ਕੱਵਾਲ, ਆਗਾ ਬਸ਼ੀਰ ਕੱਵਾਲ, ਸੰਤੂ ਖ਼ਾਂ ਕੱਵਾਲ, ਕਰੀਮ ਬਖ਼ਸ਼ ਤਬਲਚੀ, ਸਾਈਂ ਅਖ਼ਤਰ ਹੁਸੈਨ, ਭਾਈ ਪਿਸ਼ਾਵਰਾ ਖ਼ਾਂ ਪਿਸ਼ਾਵਰ ਵਾਲੇ (ਅਸਲ ਪਿੰਡ ਧੁਲੇਤਾ) ਆਦਿ ਸਾਰੇ ਉਸ ਦੇ ਹੀ

ਸ਼ਾਗਿਰਦ ਸਨ। ਪ੍ਰਾਣ ਨਾਥ ਗਰੋਵਰ ਪੇਪਰ ਮਰਚੈਂਟ ਅੰਮ੍ਰਿਤਸਰ ਵਾਲੇ, ਲਾਲਾ ਪ੍ਰਸ਼ੋਤਮ ਦਾਸ ਧਾਰੀਵਾਲ ਅਤੇ ਓਮ ਪ੍ਰਕਾਸ਼ ਫ਼ਿਲਮ ਐਕਟਰ ਡਾਇਰੈਕਟਰ ਬੰਬਈ ਵੀ ਉਸ ਕੋਲੋਂ ਹੀ ਸਿੱਖਦੇ ਰਹੇ।

ਇਨ੍ਹਾਂ ਸ਼ਾਗਿਰਦਾਂ ਤੋਂ ਛੁੱਟ, ਜਿਨ੍ਹਾਂ ਨੇ ਗੁਰੂ ਘਰ ਦੀ ਸੇਵਾ ਕੀਤੀ, ਉਨ੍ਹਾਂ ਦੇ ਨਾਂ ਇਹ ਹਨ : ਭਾਈ ਚਾਂਦ, ਭਾਈ ਸੰਤਾ ਸਿੰਘ, ਭਾਈ ਸਰਮੁਖ ਸਿੰਘ ਫੱਕਰ, ਸਰਦਾਰ ਅਮਰੀਕ ਸਿੰਘ ਜਿਹਲਮ, ਗੁਲਜ਼ਾਰ ਸਿੰਘ ਅੰਮ੍ਰਿਤਸਰ ਵਾਲੇ ਦੇ ਪੁੱਤਰ ਅਤੇ ਦਰਬਾਰਾ ਸਿੰਘ ਜਗਤ ਸਿੰਘ ਵੇਰਕਾ ਵਾਲੇ ਆਦਿ।

ਆਪ ਬਾਰੇ ਲਿਖਦਿਆਂ, ਦਿੱਲੀ ਯੂਨੀਵਰਸਿਟੀ ਦਾ ਇਕ ਪ੍ਰਸਿੱਧ ਰੀਡਰ ਅਤੇ ਸੰਗੀਤ ਵਿਸ਼ੇਸ਼ੱਗ ਇਕ ਬੜੇ ਵੱਡੇ ਟਪਲੇ ਵਿਚ ਹੈ ਕਿ ਉਹ ਵੀਹ ਸਾਲ ਦੀ ਉਮਰ ਵਿਚ ਪੰਡਿਤ ਭਾਸਕਰ ਬੂਆ ਬਖਲੇ ਦਾ ਸ਼ਾਗਿਰਦ ਹੋ ਗਿਆ। ਅਸਲ ਗੱਲ ਇਹ ਸੀ ਕਿ ਉਸ ਵੇਲੇ ਤਕ ਉਹ ਆਪ ਇਕ ਬਹੁਤ ਵੱਡਾ ਉਸਤਾਦ ਬਣ ਚੁੱਕਾ ਸੀ; ਉਸ ਵੇਲੇ ਭਾਵ 30 ਮਾਰਚ, 1921 ਨੂੰ ਜਦ ਕਿ ਉਹ ਪੰਡਿਤ ਜੀ ਦਾ ਸ਼ਾਗਿਰਦ ਪਿਆ, ਉਸਦੀ ਉਮਰ ਚੌਂਤੀ ਸਾਲ ਸੀ। ਉਸ ਵੇਲੇ ਤਕ ਉਹ ਆਪ ਉਸਤਾਦਾਂ ਦਾ ਉਸਤਾਦ ਬਣ ਚੁੱਕਾ ਸੀ, ਸ਼ਾਗਿਰਦੀ ਤਾਂ ਉਸਨੇ ਕੀ ਕਰਨੀ ਸੀ :

*ਤੇਰੇ ਮੁਰਸ਼ਦ ਭੀ ਭਾਈ ਲਾਲ ਜੋ ਵੋਹ ਉਸਤਾਦੋਂ ਕੇ ਉਸਤਾਦ ਥੇ।*
*ਸਭ ਮਾਨਤੇ ਥੇ ਲੋਹਾ ਉਨਕਾ ਖ੍ਵਾਹ ਸ਼ਾਗਿਰਦ ਥੇ, ਉਸਤਾਦ ਥੇ।*
*ਗੋ ਫ਼ਖ਼ਰਿ-ਪੰਜਾਬ ਲਕਬ ਥਾ ਤਾਹਮ ਤਬਾ ਕੇ ਬਹੁਤ ਹਲੀਮ ਥੇ।*
*ਥੀ ਜ਼ਿੰਦਗੀ ਮੇਂ ਸਾਦਗੀ ਇਖ਼ਲਾਕ ਮੇਂ ਹੁਸੀਨ ਥੇ।*

ਕੋਈ ਵੀ ਰਬਾਬੀ, ਉਨ੍ਹੀਂ ਦਿਨੀਂ ਕਿਸੇ ਹਿੰਦੂ ਗਾਇਕ ਦਾ ਸ਼ਾਗਿਰਦ ਬਣੇ, ਉਸ ਵੇਲੇ ਤਕ ਇਹ ਇਕ ਅਨੋਖੀ ਗੱਲ ਅਤੇ ਸਨਸਨੀਖੇਜ਼ ਮਿਸਾਲ ਸੀ। ਕੁਝ ਸੰਗੀਤਕਾਰਾਂ ਦੇ ਕਥਨ ਅਨੁਸਾਰ, ਇਹ ਉਸਤਾਦੀ-ਸ਼ਾਗਿਰਦੀ ਦਾ ਸਿਲਸਿਲਾ ਕਿਸੇ ਗੁਣਾਤਮਿਕ ਗੱਲ ਕਰਕੇ ਨਹੀਂ ਸੀ, ਸਗੋਂ ਇਕ ਫ਼ਿਰਕੇ ਵਲੋਂ ਇਕ ਬੜੀ ਵੱਡੀ ਸ਼ਰਾਰਤ ਅਤੇ ਸਾਜ਼ਸ਼ ਦਾ ਨਤੀਜਾ ਸੀ।

ਸਾਂਝੇ ਪੰਜਾਬ ਦੀ ਇਕ ਅਤਿ ਲੋਕ-ਪ੍ਰਿਯ ਧੁੰਨ, "ਲੰਘ ਆ ਜਾ ਪੱਤਣ ਝਨਾਂ ਦਾ ਯਾਰ," ਜਿਹੜੀ ਸਾਡੇ ਲੋਕਿਕ ਸੰਗੀਤ ਵਿਰਸੇ ਦਾ ਇਕ ਅਟੁੱਟਵਾਂ ਅੰਗ ਬਣ ਚੁੱਕੀ ਹੈ, ਇਸਦੇ ਸਭ ਤੋਂ ਪਹਿਲੇ ਜਨਮ ਦਾਤਾ ਆਪ ਸਨ। ਇਹ ਗੱਲ ਜੁਦੀ ਹੈ ਕਿ ਏਸੇ ਚੀਜ਼ ਨੂੰ ਪਿੱਛੋਂ ਫਿਰ ਕਈ ਕਲਾਕਾਰਾਂ ਨੇ ਗਾਇਆ।

ਇਹ ਕਲਾਕਾਰ, ਜਿਸਨੇ ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਚੌਕ ਸੁਰਜਨ ਸਿੰਘ ਲਾਹੌਰ ਵਿਚ ਇਕ ਸਕੂਲ ਵੀ ਖੋਲ੍ਹਿਆ ਹੋਇਆ ਸੀ, ਆਖ਼ਰ ਕੀਨਾਪਰਵਰੀ ਦਾ ਸ਼ਿਕਾਰ ਹੋ ਗਿਆ ਜਦਕਿ ਕੁਝ ਈਰਖਾ ਰੱਖਣ ਵਾਲਿਆਂ ਨੇ ਉਸਨੂੰ ਕੁਝ ਖੁਆ ਦਿੱਤਾ। ਆਖ਼ਰੀ ਉਮਰੇ ਉਸ ਤੋਂ ਗਾਇਆ ਨਹੀਂ ਸੀ ਜਾਂਦਾ।

ਇਸ ਦਰਦਨਾਕ ਗੱਲ ਪ੍ਰਤੀ ਕਰਤਾ ਕੋਲ ਉਨ੍ਹਾਂ ਦੇ ਹੱਥਾਂ ਦੀ ਲਿਖੀ ਗਈ ਇਕ ਚਿੱਠੀ ਸੁਰੱਖਿਅਤ ਹੈ। ਆਪ ਦੀ ਮੌਤ ਲਾਹੌਰ ਵਿਖੇ 27 ਅਪ੍ਰੈਲ, 1962 ਨੂੰ ਹੋਈ। ਆਪ ਦਾ ਲੜਕਾ ਗ਼ੁਲਾਮ ਹਸਨ 'ਸ਼ੱਗਨ' ਅੱਜ-ਕੱਲ੍ਹ ਲਾਹੌਰ ਰਹਿ ਰਿਹਾ ਹੈ, ਜਿਹੜਾ ਕੀਰਤਨ ਦਾ ਬਹੁਤ ਮਾਹਿਰ ਹੈ। ਸੰਗੀਤ ਪ੍ਰਤੀ ਅਨੇਕ ਸੇਵਾਵਾਂ ਕਰਕੇ, ਹੁਣ ਤਕ ਉਹ ਵੀ ਕਈ ਵੱਡੇ ਇਨਾਮ ਅਤੇ ਤਮਗ਼ੇ ਪ੍ਰਾਪਤ ਕਰ ਚੁੱਕਾ ਹੈ।


www.sikhbookclub.com

# ਭਾਈ ਗੁਰਮੁਖ ਸਿੰਘ ਸਰਮੁਖ ਸਿੰਘ ਫੱਕਰ
(1892-1962) (1902-1983)



ਭਾਈ ਗੁਰਮੁਖ ਸਿੰਘ ਫੱਕਰ

ਆਪ ਦਾ ਸਬੰਧ ਸਿੱਧਾ ਰਬਾਬੀ ਖ਼ਾਨਦਾਨ ਨਾਲ ਸੀ ਅਤੇ ਉਨ੍ਹਾਂ ਦੋਹਾਂ ਭਰਾਵਾਂ ਨੂੰ ਉਨ੍ਹਾਂ ਦੇ ਪਿਤਾ ਭਾਈ ਹੀਰਾ ਨੇ ਸਿੰਘ ਸਜਾਇਆ ਸੀ। ਦੱਸਿਆ ਜਾਂਦਾ ਹੈ ਕਿ ਫ਼ਕੀਰਾਨਾ, ਮਲੰਗੀ ਤਬੀਅਤ ਦੇ ਇਸ ਜਥੇ ਨੇ ਛੇ ਸੱਤ ਉਸਤਾਦਾਂ ਕੋਲੋਂ ਤਾਲੀਮ ਲਈ ਸੀ, ਤਾਂ ਜਾ ਕੇ ਸੰਗੀਤ ਦੀ ਸ਼ੀਰਨੀ ਨਾਲ ਉਨ੍ਹਾਂ ਦਾ ਦਿੱਲ ਭਰਿਆ ਸੀ। ਉਨ੍ਹਾਂ ਦੇ ਉਸਤਾਦ ਇਹ ਸਨ : ਉਨ੍ਹਾਂ ਦਾ ਪਿਤਾ ਭਾਈ ਹੀਰਾ, ਉਸਤਾਦ ਆਸ਼ਕ ਅਲੀ ਖ਼ਾਂ, ਭਾਈ ਮੋਤੀ, ਮੀਆਂ ਕਾਦਰ ਬਖ਼ਸ਼ ਆਦਿ। ਕੁਝ ਬੰਦੇ ਇਸ ਖ਼ਿਆਲ ਦੇ ਵੀ ਧਾਰਨੀ ਹਨ



ਭਾਈ ਸਰਮੁਖ ਸਿੰਘ ਫੱਕਰ

ਕਿ ਉਨ੍ਹਾਂ ਨੇ ਪਟਿਆਲਾ ਦੇ ਪ੍ਰਸਿੱਧ ਉਸਤਾਦ ਫ਼ਤਿਹ ਅਲੀ ਖ਼ਾਂ ਤੋਂ ਵੀ ਵਿਦਿਆ ਗ੍ਰਹਿਣ ਕੀਤੀ ਸੀ, ਜਿਹੜੀ ਕਿ ਅਤਕਥਨੀ ਜਿਹੀ ਜਾਪਦੀ ਹੈ ਕਿਉਂਕਿ ਉਹ ਤਾਂ ਪਹਿਲਾਂ ਵਫ਼ਾਤ ਪਾ ਗਏ ਸਨ। ਏਸੇ ਲਈ ਤਾਂ ਨੇਪਾਲ ਵਿਚ ਹੋ ਰਹੀ ਸੰਗੀਤ ਦੀ ਇਕ ਬਹੁਤ ਵੱਡੀ ਕਾਨਫ਼ਰੰਸ ਵਿਚ ਹਿੱਸਾ ਲੈਣ ਲਈ ਜਰਨੈਲ ਸਾਹਿਬ ਨੂੰ ਇਕੱਲਿਆਂ ਜਾਣਾ ਪਿਆ ਸੀ।

ਵੀਹਵੀਂ ਸਦੀ ਦੇ ਸ਼ੁਰੂਆਤੀ ਦਹਾਕਿਆਂ 'ਚ ਸਿੱਖ ਵਿਦਿਅਕ ਕਾਨਫ਼ਰੰਸਾਂ ਹੋਣੀਆਂ ਸ਼ੁਰੂ ਹੋ ਗਈਆਂ ਸਨ, ਜਿਥੇ ਕਿ


www.sikhbookclub.com

ਕੀਰਤਨ ਦਰਬਾਰ ਵੀ ਉਨ੍ਹਾਂ ਦਾ ਇਕ ਅੰਗ ਬਣ ਗਏ ਸਨ। ਮਨ-ਮੌਜੀ ਇਨ੍ਹਾਂ ਮੌਸੀਕਾਰਾਂ ਦਾ ਜਥਾ ਵੀ, ਜਦ ਕਦੇ ਰੌਂ ਬਣਿਆ, ਪ੍ਰਬੰਧਕ ਕਮੇਟੀ ਵਾਲਿਆਂ ਤੋਂ ਆਗਿਆ ਲੈ ਕੇ ਕਦੇ ਕਦਾਈਂ ਉਨ੍ਹਾਂ ਦਰਬਾਰਾਂ ਵਿਚ ਭਾਗ ਲੈਣ ਲੱਗ ਪਿਆ ਸੀ। 1936 ਈ. ਵਿਚ ਹੋਏ ਕੀਰਤਨ ਦਰਬਾਰ ਦੀ ਰੀਪੋਰਟ ਕੁਝ ਇਸ ਪ੍ਰਕਾਰ ਹੈ:

ਇਸ ਕੀਰਤਨ ਦਰਬਾਰ ਵਿਚ ਭਾਵੇਂ ਰਾਗੀ ਜਥੇ ਤਾਂ ਕਈ ਆਏ ਹੋਏ ਸਨ, ਪਰ ਛੇ ਜਥਿਆਂ ਨੂੰ ਸ਼ਾਮਲ ਹੋਣ ਦੀ ਆਗਿਆ ਮਿਲੀ। ਸਾਰੇ ਰਾਗੀ ਜਥਿਆਂ ਨੂੰ ਇੱਕੋ 'ਰਾਗ ਕਾਨ੍ਹੜਾ ਦਰਬਾਰੀ' ਗਾਇਨ ਕਰਨਾ ਪੈਂਦਾ ਸੀ। ਹੇਠ ਲਿਖੀ ਤਰਤੀਬ ਨਾਲ ਰਾਗੀ ਸਿੰਘਾਂ ਨੇ ਰਾਤ ਦੇ ਨੌਂ ਵਜੇ ਕੀਰਤਨ ਕਰਨਾ ਸ਼ੁਰੂ ਕੀਤਾ:

1. ਭਾਈ ਦੇਵਤਾ ਸਿੰਘ ਜੀ ਹਰਨਾਮ ਸਿੰਘ ਜੀ ਸ੍ਰੀ ਗੁਰੂ ਸਿੰਘ ਸਭਾ ਲਾਇਲਪੁਰ ਨੇ "ਸਾਜਨਾ ਸੰਤ ਆਉ ਮੇਰੈ" ਬੜੇ ਪ੍ਰੇਮ ਨਾਲ ਪੜ੍ਹਿਆ।
2. ਭਾਈ ਸਮੁੰਦ ਸਿੰਘ ਜੀ ਰਾਗੀ ਸ੍ਰੀ ਨਨਕਾਣਾ ਸਾਹਿਬ ਨੇ "ਜਨ ਕੋ ਪ੍ਰਭੁ ਸੰਗੇ ਅਸਨੇਹੁ" ਬੜੇ ਪ੍ਰੇਮ ਨਾਲ ਪੜ੍ਹਿਆ। ਆਪ ਦੇ ਕੀਰਤਨ ਦਾ ਪ੍ਰਭਾਵ ਚੰਗਾ ਰਿਹਾ।
3. ਬੀਬੀ ਜਸਵੰਤ ਕੌਰ ਜੀ ਸਪੁੱਤਰੀ ਸ: ਅਰਜਨ ਸਿੰਘ ਰੀਟਾਇਰਡ ਜੇਲ੍ਹਰ ਅੰਮ੍ਰਿਤਸਰ ਨੇ "ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾ" ਮਿੱਠੀ ਲਯ ਵਿਚ ਪੜ੍ਹਿਆ, ਸੰਗਤਾਂ ਤੋਂ ਇਲਾਵਾ ਰਾਗੀ ਜਥੇ ਵੀ ਬੀਬੀ ਜੀ ਦੇ ਅਲਾਪ, ਸੁਰ ਤਾਲ ਵਿਚ ਪੂਰੇ ਉਤਰਨ ਦੀ ਉਪਮਾ ਕਰ ਰਹੇ ਸਨ।
4. ਭਾਈ ਸੁੰਦਰ ਸਿੰਘ ਜੀ ਰਾਗੀ ਸ੍ਰੀ ਦਰਬਾਰ ਸਾਹਿਬ ਨੇ, "ਮਨ ਜਾਪਹੁ ਰਾਮ ਗੁਪਾਲ" ਸ਼ਬਦ ਉਚਾਰਨ ਕੀਤਾ। ਆਪ ਦਾ ਕੀਰਤਨ ਬੜਾ ਪ੍ਰਭਾਵਸ਼ਾਲੀ ਸੀ।
5. ਭਾਈ ਗੁਰਮੁਖ ਸਿੰਘ ਜੀ ਸ੍ਰੀ ਨਨਕਾਣਾ ਸਾਹਿਬ ਨੇ "ਕੁਚਿਲ ਕਠੋਰ ਕਪਟ ਕਾਮੀ ॥ ਜਿਉ ਜਾਨਹਿ ਤਿਉ ਤਾਰਿ ਸੁਆਮੀ ॥" ਸ਼ਬਦ ਪੜ੍ਹਿਆ ਜਿਸਦਾ ਚੰਗਾ ਅਸਰ ਹੋਇਆ।
6. ਭਾਈ ਸੁੱਧ ਸਿੰਘ ਪ੍ਰਧਾਨ ਸਿੰਘ ਜੀ ਸਰਗੋਧਾ ਨੇ ਵੀ ਇਕ ਸ਼ਬਦ ਬੜੇ ਰਸ ਵਿਚ ਪੜ੍ਹਿਆ ਜਿਸ ਨੂੰ ਸੰਗਤਾਂ ਨੇ ਸਲਾਹਿਆ।

ਹਰ ਇਕ ਜਥੇ ਨੂੰ 20-20 ਮਿੰਟ ਦਿੱਤੇ ਗਏ ਸਨ। ਰਾਤ ਦੇ ਪੌਣੇ ਬਾਰ੍ਹਾਂ ਵਜੇ ਕੀਰਤਨ ਦਰਬਾਰ ਦੀ ਸਮਾਪਤੀ ਹੋਈ ਸੀ।

1939-40 ਵਿਚ ਹੋਈ ਕਾਨਫ੍ਰੰਸ ਦਾ ਵੇਰਵਾ ਇਸ ਪ੍ਰਕਾਰ ਹੈ:

**ਗੁਰਦੁਆਰਾ ਬਾਬੇ ਦੀ ਬੇਰ, ਸਿਆਲਕੋਟ**

ਇਸ ਵੇਰ ਕੀਰਤਨ ਦਰਬਾਰ ਵਿਚ ਹੇਠ ਲਿਖੇ 8 ਰਾਗੀ ਜਥੇ ਸ਼ਾਮਿਲ ਹੋਏ:

1. ਭਾਈ ਸਾਹਿਬ ਸੁੱਧ ਸਿੰਘ ਪ੍ਰਧਾਨ ਸਿੰਘ ਜੀ ਸਰਗੋਧਾ
2. ਭਾਈ ਗੁਰਮੁਖ ਸਿੰਘ ਸਰਮੁਖ ਸਿੰਘ ਜੀ ਸ੍ਰੀ ਨਨਕਾਣਾ ਸਾਹਿਬ
3. ਬੀਬੀ ਜਸਵੰਤ ਕੌਰ ਜੀ ਸ੍ਰੀ ਅੰਮ੍ਰਿਤਸਰ
4. ਮਾਸਟਰ ਰਵੇਲ ਸਿੰਘ ਜੀ ਕੰਵਰ ਰੇਡੀਓ ਆਰਟਿਸਟ ਅੰਮ੍ਰਿਤਸਰ
5. ਭਾਈ ਨਿਹਾਲ ਗੁਲਾਬ ਜੀ ਰਬਾਬੀ ਸਿਆਲਕੋਟ
6. ਮਾਸਟਰ ਤੀਰਥ ਰਾਮ ਜੀ

7. ਮਾਸਟਰ ਮਦਨ ਜੀ
8. ਮਾ. ਦੀਵਾਨ ਸਿੰਘ ਜੀ ਸਿਆਲਕੋਟ।

ਰਾਗ ਸੋਰਠ ਮੁਕੱਰਰ ਕੀਤਾ ਗਿਆ ਸੀ—ਕੁੱਲ ਨੰਬਰ 100 ਸਨ।

ਪਹਿਲਾਂ ਭਾਈ ਨਿਹਾਲ ਗੁਲਾਬ ਜੀ ਸਿਆਲਕੋਟ ਵਾਲਿਆਂ ਨੇ "ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ" ਸ਼ਬਦ ਗਾਇਨ ਕੀਤਾ। ਫਿਰ ਭਾਈ ਤੀਰਥ ਰਾਮ ਜੀ ਦੇ ਜਥੇ ਨੇ "ਪ੍ਰੀਤਮ ਜਾਨਿ ਲੇਹੁ ਮਨ ਮਾਹੀ" ਤੇ ਮਾਸਟਰ ਮਦਨ ਦੇ ਜਥੇ ਨੇ "ਇਹ ਸਾਚੀ ਜੀਅ ਧਾਰਿ ਰੇ ਨਰ" ਸ਼ਬਦ ਗਾਇਨ ਕੀਤੇ। ਉਪਰੰਤ ਗਿਆਨੀ ਦੀਵਾਨ ਸਿੰਘ ਜੀ "ਪ੍ਰਭ ਜੀਉ ਖਸਮਾਨਾ ਕਰਿ ਪਿਆਰੇ" ਤੇ ਭਾਈ ਰਵੇਲ ਸਿੰਘ ਜੀ ਕੰਵਰ ਅੰਮ੍ਰਿਤਸਰ ਨੇ "ਪਾਰਬ੍ਰਹਮੁ ਪੂਰਾ ਮੇਰੈ ਨਾਲਿ", ਭਾਈ ਸੁੱਧ ਸਿੰਘ ਪ੍ਰਧਾਨ ਸਿੰਘ ਜੀ ਦੇ ਜਥੇ ਨੇ "ਈਹਾ ਊਹਾ ਤੁਹਾਰੋ ਧੋਰਾ॥ ਮਾਧੌ ਤੂ ਠਾਕੁਰੁ ਸਿਰਿ ਮੋਰਾ॥" ਅਤੇ ਬੀਬੀ ਜਸਵੰਤ ਕੌਰ ਜੀ ਰੇਡੀਓ ਸਿੰਗਰ ਅੰਮ੍ਰਿਤਸਰ ਨੇ "ਇਹ ਸਾਚੀ ਜੀਅ ਧਾਰਿ" ਸ਼ਬਦ ਗਾਇਨ ਕੀਤੇ। ਭਾਈ ਤਾਨਾ ਸਿੰਘ ਜੀ ਤੇ ਭਾਈ ਗੁਰਮੁਖ ਸਿੰਘ ਭਾਈ ਸਰਮੁਖ ਸਿੰਘ ਜੀ ਵੀ ਸਪੈਸ਼ਲ ਆਗਿਆ ਲੈ ਕੇ ਕੀਰਤਨ ਦਰਬਾਰ ਵਿਚ ਸ਼ਾਮਲ ਹੋਏ।

ਸਾਰੇ ਕੀਰਤਨੀ ਜਥਿਆਂ ਦਾ ਕੀਰਤਨ ਸ਼ਲਾਘਾਯੋਗ ਸੀ, ਪਰ ਜੱਜ ਸਾਹਿਬਾਨ ਦੀ ਪਰਖ ਅਨੁਸਾਰ ਬੀਬੀ ਜਸਵੰਤ ਕੌਰ ਜੀ ਅੱਵਲ ਨਿਕਲੇ ਤੇ ਇਨ੍ਹਾਂ ਨੂੰ ਕਾਨਫ੍ਰੰਸ ਦੇ ਪ੍ਰਧਾਨ ਜੀ ਦੇ ਹੱਥੀਂ 21 ਰੁਪਏ ਇਨਾਮ ਦਿੱਤੇ ਗਏ, ਭਾਈ ਗੁਰਮੁਖ ਸਿੰਘ ਸਰਮੁਖ ਸਿੰਘ ਜੀ ਦੂਜੇ ਦਰਜੇ 'ਤੇ ਇਨ੍ਹਾਂ ਨੂੰ 16 ਰੁਪਏ ਅਤੇ ਭਾਈ ਪ੍ਰਧਾਨ ਸਿੰਘ ਸੁੱਧ ਸਿੰਘ ਜੀ ਤੀਜੇ ਦਰਜੇ 'ਤੇ ਇਨ੍ਹਾਂ ਨੂੰ 11 ਰੁਪਏ ਇਨਾਮ ਕਾਨਫ੍ਰੰਸ ਦੇ ਸਮਾਗਮ ਵਿਚ ਦਿੱਤੇ ਗਏ ਸਨ।

1949 ਈ. ਵਿਚ ਪਟਿਆਲਾ ਵਿਖੇ ਹੋਈ ਚੌਤੀਵੀਂ ਕਾਨਫ੍ਰੰਸ ਦਾ ਇਹ ਹਾਲ ਸੀ ਕਿ ਇਸ ਥਾਂ ਰਾਗ "ਦਰਬਾਰੀ ਕਾਨ੍ਹੜਾ" ਰੱਖਿਆ ਗਿਆ ਸੀ ਜਿਸਦੇ ਮੁਕਾਬਲੇ ਵਿਚ ਪਹਿਲਾ ਇਨਾਮ ਪ੍ਰੋ: ਰਵੇਲ ਸਿੰਘ ਕੰਵਲ ਨੂੰ, ਦੂਜਾ ਭਾਈ ਗੁਰਮੁਖ ਸਿੰਘ ਸਰਮੁਖ ਸਿੰਘ ਰਾਗੀ ਨੂੰ, ਤੀਜਾ ਰਾਗੀ ਪ੍ਰਤਾਪ ਸਿੰਘ ਜੀ ਅੰਮ੍ਰਿਤਸਰ ਵਾਲੇ ਨੂੰ ਦਿੱਤਾ ਗਿਆ ਸੀ। ਸਿਖਾਂਦਰੂਆਂ ਲਈ ਰਾਗ "ਸੋਰਠ" ਰੱਖਿਆ ਗਿਆ ਸੀ ਜਿਸਦੇ ਮੁਕਾਬਲੇ ਵਿਚ ਪਹਿਲਾ ਮੈਡਲ ਬੀਬੀ ਰਾਜਵੰਸ਼ ਕੌਰ, ਦੂਜਾ ਗਿਆਨੀ ਹਰਭਜਨ ਸਿੰਘ 'ਰਤਨ' ਤੇ ਤੀਜਾ ਸ. ਸੁਰਜੀਤ ਸਿੰਘ ਜੀ ਨੂੰ ਦਿੱਤਾ ਗਿਆ ਸੀ। ਇਕ ਸਪੈਸ਼ਲ ਇਨਾਮ ਬੀਬੀ ਦਰਸ਼ਨ ਕੌਰ ਜੀ ਨੂੰ ਵੀ ਦਿੱਤਾ ਗਿਆ ਸੀ।

ਉਨ੍ਹਾਂ ਸਮਿਆਂ ਦੀਆਂ ਇਹ ਰੀਪੋਰਟਾਂ ਪੜ੍ਹ ਕੇ ਪਾਠਕ-ਜਨ ਝੱਟ ਦੇਣੀ ਛਾਲ ਮਾਰ ਕੇ ਇਸ ਨਤੀਜੇ 'ਤੇ ਹੀ ਨਾ ਪੁੱਜ ਜਾਣ ਕਿ ਉਹ ਸ਼ਬਰੇ ਦੂਜੇ ਦਰਜੇ ਦੇ ਹੀ ਕੀਰਤਨਕਾਰ ਸਨ।

ਇਹ ਗੱਲ ਨਹੀਂ ਹੈ। ਇਨਾਮਾਂ ਦੀ ਵੰਡ ਦੇ ਫ਼ੈਸਲੇ ਜ਼ਰੂਰੀ ਨਹੀਂ ਕਿ ਸਾਨੂੰ ਸਦਾ ਸਹੀ ਸੰਕੇਤ ਦੇਣ ਕਿਉਂਕਿ ਕਿਸੇ ਨਤੀਜੇ 'ਤੇ ਪੁੱਜਣ ਲਈ ਕਈ ਗੱਲਾਂ ਦਾ ਖ਼ਿਆਲ ਰੱਖਿਆ ਜਾਂਦਾ ਸੀ ਜਿਵੇਂ ਕਿ (1) ਸਪੱਸ਼ਟ ਗੁਰਬਾਣੀ ਦਾ ਉਚਾਰਨ, (2) ਗਾਇਨ ਦੀ ਤਾਸੀਰ, (3) ਸ਼ੁੱਧ ਬਾਣੀ ਦਾ ਪਾਠ, (4) ਰਾਗੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠਣ ਦਾ ਤਰੀਕਾ, ਅਤੇ (5) ਰਾਗ ਦੀ ਪਰਖ ਆਦਿ।

ਉੱਪਰ ਅਸੀਂ ਵੀਹਵੀਂ ਸਦੀ ਦੇ ਤੀਹਵਿਆਂ ਚਾਲ੍ਹੀਵਿਆਂ 'ਚ ਗੁਰਮਤਿ ਸੰਗੀਤ ਦੇ ਨਿਕਾਸ ਵਿਕਾਸ ਦੀ ਮਾੜੀ ਪਤਲੀ ਝਾਕੀ ਦਿਖਾ ਸਕੇ ਹਾਂ। ਉਨ੍ਹਾਂ ਦਿਨਾ ਵਿਚ

ਇਕ ਹੋਰ ਗੱਲ ਉਭਰ ਕੇ ਜਿਹੜੀ ਸਾਡੇ ਸਾਹਮਣੇ ਆਉਂਦੀ ਹੈ ਉਹ ਇਹ ਹੈ ਕਿ 1943-44-45 ਦੇ ਸਾਲਾਂ ਵਿਚ ਜਿਥੇ ਬੜੇ ਗ਼ੁਲਾਮ ਅਲੀ ਖ਼ਾਂ, ਰੌਸ਼ਨਆਰਾ ਬੇਗਮ, ਸਲਾਮਤ ਅਲੀ ਖ਼ਾਂ ਡੀ.ਵੀ. ਪੁਲਸਕਰ, ਕੇਸਰ ਬਾਈ ਕਰੇਕਰ, ਭੀਮ ਸੈਨ ਜੋਸ਼ੀ ਆਦਿ ਸ਼ਾਸਤ੍ਰੀ ਸੰਗੀਤ ਦੇ ਤਵੇ ਭਰਵਾਉਂਦੇ ਹਨ, ਉਥੇ ਮਲਿਕਾ ਪੁਖਰਾਜ ਅੰਮ੍ਰਿਤਾ ਪ੍ਰੀਤਮ ਦਾ ਗੀਤ 'ਨਿੰਮੀ ਨਿੰਮੀ ਤਾਰਿਆਂ ਦੀ ਲੋਅ', ਜ਼ੀਨਤ ਬੇਗਮ ਵੀ ਅੰਮ੍ਰਿਤਾ ਦਾ ਹੀ ਇਕ ਹੋਰ ਗੀਤ 'ਧੀਰੇ ਧੀਰੇ ਬੋਲ ਪਪੀਹਾ, ਹੌਲੀ ਹੌਲੀ ਬੋਲ', ਰੀਕਾਰਡ ਕਰਵਾਉਂਦੀ ਹੈ। ਜਿਥੋਂ ਤਕ ਗੁਰਮਤਿ ਸੰਗੀਤ ਦਾ ਸਬੰਧ ਹੈ ਉਥੇ ਭਾਈ ਸਮੁੰਦ ਸਿੰਘ "ਰਾਮੁ ਸਿਮਰਿ ਰਾਮੁ ਸਿਮਰਿ, ਇਹੈ ਤੇਰੈ ਕਾਜਿ ਹੈ," ਪ੍ਰਕਾਸ਼ ਕੌਰ "ਕੁਚਿਲ ਕਠੋਰ ਕਪਟ ਕਾਮੀ॥ ਜਿਉ ਜਾਨਹਿ ਤਿਉ ਤਾਰਿ ਸੁਆਮੀ॥", ਜੋਗਿੰਦਰ ਕੌਰ "ਤੇਰਾ ਕੀਤਾ ਜਾਤੋ ਨਾਹੀ" ਆਪਣੀਆਂ ਆਪਣੀਆਂ ਆਵਾਜ਼ਾਂ ਵਿਚ ਇਹ ਸ਼ਬਦ ਭਰਵਾਉਂਦੇ ਨਜ਼ਰ ਆ ਰਹੇ ਹਨ। ਇਸ ਨੂੰ ਇਕ ਹੁਸੀਨ ਇਤਫ਼ਾਕ ਹੀ ਸਮਝਣਾ ਚਾਹੀਏ ਕਿ ਐਨ ਉਨ੍ਹੀਂ ਦਿਨੀਂ ਹੀ ਭਾਈ ਗੁਰਮੁਖ ਸਿੰਘ ਦਾ ਜਥਾ ਵੀ, "ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥ ਕਵਲ ਨੈਨ, ਮਧੁਰ ਬੈਨ, ਕੋਟਿ ਸੈਨ ਸੰਗ ਸੋਭ ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ॥" ਤਵਾ ਨੰਬਰ ਜੀ.ਈ. 1114 ਭਰਵਾਉਂਦਾ ਦਿਖਾਈ ਦੇ ਰਿਹਾ ਹੈ, ਜਿਸਦੇ ਨਾਲ ਉਸਤਾਦ ਅੱਲਾ ਰੱਖਾ ਦਾ ਤਬਲਾ ਸੋਲੋ ਵੀ ਪੰਜਾਬੀ ਧਮਾਰ ਝੱਪਤਾਲ ਤਵਾ ਨੰਬਰ ਜੀ.ਈ. 3456 ਵੀ ਭਰਿਆ ਗਿਆ।

ਜ਼ਿੰਦਗੀ ਦਾ ਬਹੁਤਾ ਸਮਾਂ ਪਹਿਲਾਂ ਆਪ ਨੇ ਸ੍ਰੀ ਨਨਕਾਣਾ ਸਾਹਿਬ ਵਿਖੇ, ਫਿਰ ਦੁਖ ਨਿਵਾਰਨ ਪਟਿਆਲਾ ਅਤੇ ਫਤਿਹਗੜ੍ਹ ਸਾਹਿਬ ਆਦਿ ਥਾਵਾਂ 'ਤੇ ਕੀਰਤਨ ਦੀ ਸੇਵਾ ਨਿਭਾਈ, ਪਰ ਤਬੀਅਤ ਕਿਉਂਕਿ ਆਪਣੇ ਰੱਖੇ ਹੋਏ ਤਖ਼ੱਲਸ ਫੱਕਰ ਅਨੁਸਾਰ ਬਿਲਕੁਲ ਫ਼ਕੀਰਾਨਾ ਅਤੇ ਨਾਲ ਗੁਸੈਲੀ ਵੀ ਸੀ, ਇਸ ਲਈ ਕਦੇ ਕਿਸੇ ਦੀ ਕੋਈ ਟੈਂ ਤਕ ਨਾ ਝੱਲੀ, ਨਾ ਹੀ ਬਹੁਤਾ ਚਿਰ ਇਕ ਥਾਂ ਟਿਕ ਕੇ ਬੈਠੇ, ਜਿਸਦੇ ਸਿੱਟੇ ਤਾਂ ਫਿਰ ਇਕ ਦਿਨ ਨਿਕਲਣੇ ਹੀ ਸਨ। ਦੇਸ਼ ਦੀ ਵੰਡ ਪਿੱਛੋਂ ਆਪ ਕੁਝ ਸਮਾਂ ਸਰਹੰਦ ਵੀ ਰਹੇ, ਜਿਥੇ ਉਨ੍ਹਾਂ ਨੇ ਆਪਣਾ ਆਖ਼ਰੀ ਸਮਾਂ ਤੰਗ ਦਸਤੀ ਅਤੇ ਫ਼ਾਕਾ ਮਸਤੀ ਵਿਚ ਕੱਟਿਆ। ਫੱਕਰ ਸਾਹਿਬਾਨ ਅੱਜ ਭਾਵੇਂ ਸਾਡੇ ਵਿਚ ਹੈ ਨਹੀਂ, ਪਰ ਪੰਜਾਬ ਦੇ ਸੰਗੀਤ ਦੇ ਇਤਿਹਾਸ ਵਿਚ ਉਨ੍ਹਾਂ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ। ਆਪ ਦੀ ਗਾਇਕੀ, ਪਟਿਆਲਾ ਘਰਾਣੇ ਦੀ ਗਾਇਕੀ ਦੇ ਅਨੁਕੂਲ ਜਿਥੇ ਬੜੀ ਮੁਸ਼ਕਲ-ਪਸੰਦ ਅਤੇ ਬਿਖੜੀ ਸੀ, ਉਥੇ ਹੀ ਸੁਰੀਲੀ ਵੀ, ਜਿਹੜੀ ਕਿ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੀ ਸੀ। ਸ਼ਾਇਦ ਏਸੇ ਕਰਕੇ ਹੀ ਭਾਈ ਦੇਵਿੰਦਰ ਸਿੰਘ ਰਾਗੀ ਆਪ ਬਾਰੇ ਇੰਜ ਕਿਹਾ ਕਰਦੇ ਸਨ, "ਉਸ ਜੋੜੀ ਨੂੰ ਮੈਂ ਸੰਗੀਤ ਦੀਆਂ ਸਿਖਰਾਂ ਛੋਂਹਦਿਆਂ ਨੂੰ ਦੇਖਿਆ ਹੈ। ਕਿੰਨੇ ਵੱਡੇ ਫ਼ਨਕਾਰ ਸਨ ਉਹ—ਭਈ ਵਾਹ!"

ਦੋਹਾ ਭਰਾਵਾਂ ਨੇ ਆਪਣਾ ਸਾਰਾ ਜੀਵਨ ਗੁਰਬਾਣੀ ਕੀਰਤਨ ਵਿਚ ਲੀਨ ਰਹਿੰਦਿਆਂ ਬਤੀਤ ਕੀਤਾ ਸੀ, ਆਪ ਦੋਹਾਂ ਨੇ ਅਲੌਕਾਰੀ ਹਾਲਾਤ ਵਿਚ ਹੀ ਚੜ੍ਹਾਈ ਕੀਤੀ। ਆਪ ਹਮੇਸ਼ਾ ਮੂੰਹ 'ਚ ਹੀ "ਵਾਹਿਗੁਰੂ ਵਾਹਿਗੁਰੂ" ਦਾ ਸਿਮਰਨ ਕਰਦੇ ਰਹਿੰਦੇ ਸਨ। ਮਹਾਂਵਾਕ ਹੈ, "ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥ ਸਚੀ ਦਰਗਹ

ਜਾਇ ਸਚਾ ਪਿੜ ਮਲਿਆ ॥" ਵੱਡੇ ਭਰਾਤਾ ਸਰੀਰਕ ਪੱਖੋਂ ਪਹਿਲਾਂ ਹੀ ਭਾਰੇ ਸਨ, ਉਮਰ ਨਾਲ ਹੋਰ ਵੀ ਭਾਰੇ ਹੋ ਗਏ ਸਨ। ਸਾਰੀ ਉਮਰ ਬੜਾ ਉੱਚਾ ਗਾਉਂਦੇ ਰਹੇ। ਬੰਬਈ ਦੇ ਪ੍ਰਸਿੱਧ ਡਾਕਟਰ ਜੌਲੀ ਦੇ ਪਿਤਾ ਦੇ ਭੋਗ 'ਤੇ ਵੀ ਐਨ ਓਸੇ ਤਰ੍ਹਾਂ ਹੀ ਗਾਇਆ। ਕਿਸੇ ਨੂੰ ਵੀ ਕਿਸੇ ਤਰ੍ਹਾਂ ਦੀ ਕਿਸੇ ਅਣਸੁਖਾਵੀਂ ਘਟਨਾ ਦਾ ਕੋਈ ਚਿੱਤ-ਖ਼ਿਆਲ ਵੀ ਨਹੀਂ ਸੀ। ਭੋਗ ਦੀ ਰਸਮ ਖ਼ਤਮ ਕਰ ਕੇ ਆਪ ਵਿਸ਼ਰਾਮ ਕਰ ਰਹੇ ਸਨ ਕਿ ਸ਼ਾਮਾਂ ਨੂੰ ਆਪ ਨੂੰ ਦਿਲ ਦਾ ਦੌਰਾ ਪਿਆ ਅਤੇ ਵੇਖਦਿਆਂ ਵੇਖਦਿਆਂ ਆਪ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ। ਭਾਈ ਗੁਰਮੁਖ ਸਿੰਘ ਗੁਰਮੁਖਾਂ ਵਾਲਾ ਜੀਵਨ ਬਤੀਤ ਕਰ ਕੇ ਪੂਰੇ ਹੋ ਗਏ॥

ਭਾਈ ਸਰਮੁਖ ਸਿੰਘ ਸ੍ਰੀ ਪਟਨਾ ਸਾਹਿਬ ਗਏ ਹੋਏ ਸਨ ਅਤੇ ਸੁਬਹ-ਸਵੇਰ ਹੁੰਦਿਆਂ ਹੀ ਕੀਰਤਨ ਕਰਨ ਦੀ ਤਿਆਰੀ ਕਰ ਰਹੇ ਸਨ। ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਅਜੇ ਮੱਥਾ ਹੀ ਟੇਕਿਆ ਸੀ ਕਿ ਪੰਜ ਕੁ ਵਜੇ ਦੇ ਕਰੀਬ ਰੂਹ ਪਰਵਾਜ਼ ਕਰ ਗਈ। ਵੱਡੇ ਭਾਈ ਸਾਹਿਬ ਨੂੰ ਪੂਰੇ ਹੋਇਆਂ ਇੱਕੋ ਵਰ੍ਹੇ ਬੀਤ ਚੁੱਕੇ ਸਨ, 1983 ਵਿਚ ਆਪ ਵੀ ਹਮੇਸ਼ਾ ਲਈ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਆਪ ਦੇ ਪਰਿਵਾਰ ਵਿੱਚੋਂ ਅੱਜ ਵੀ ਉਨ੍ਹਾਂ ਦੇ ਬੇਟੇ ਭਾਈ ਹਿੰਮਤ ਸਿੰਘ, ਭਾਈ ਹਰਿੰਦਰ ਸਿੰਘ, ਦਲੀਪ ਸਿੰਘ, ਇੰਦਰਜੀਤ ਸਿੰਘ ਪੂਰੀ ਤਨਦੇਹੀ ਨਾਲ ਆਪਣੇ ਪੁਰਖਾਂ ਦੇ ਪੂਰਨਿਆਂ 'ਤੇ ਚੱਲਦੇ ਹੋਏ, ਕੀਰਤਨ ਦੀ ਸੇਵਾ ਕਰਦਿਆਂ ਉਨ੍ਹਾਂ ਦੀਆਂ ਰੀਤਾਂ ਜੀਵਤ ਰੱਖ ਰਹੇ ਹਨ। ਗੁਰੂ ਮਹਾਰਾਜ ਦੀ ਇਨ੍ਹਾਂ 'ਤੇ ਅਪਾਰ ਕਿਰਪਾ ਹੈ। ਜਿਥੇ ਆਪ ਨੂੰ ਸੰਗਤਾਂ ਵੱਲੋਂ ਅਥਾਹ ਪਿਆਰ ਮਿਲਦਾ ਹੈ, ਓਥੇ ਨਾਨਕਸਰ ਗੁਰਦੁਆਰਾ ਨਕੋਦਰ ਵਾਲੇ ਬਾਬਾ ਗੁਰਬਖ਼ਸ਼ ਸਿੰਘ ਜੀ ਅਤੇ ਨਵਾਂ ਨਾਨਕਸਰ ਬੁਲੰਦਪੁਰ (ਨਕੋਦਰ) ਵਾਲੇ ਬਾਬਾ ਬਲਦੇਵ ਸਿੰਘ ਜੀ ਦੀ ਨਜ਼ਰ ਵੀ ਇਨ੍ਹਾਂ 'ਤੇ ਸਵੱਲੀ ਹੈ, ਜਿਹੜੇ ਇਸ ਜਥੇ ਨੂੰ ਹਮੇਸ਼ਾ ਪੂਰੀ ਚੜ੍ਹਦੀ ਕਲਾ ਵਿਚ ਦੇਖਣਾ ਚਾਹੁੰਦੇ ਹਨ।

ਖ਼ੁਸ਼ੀ ਦੀ ਗੱਲ ਹੈ ਕਿ ਭਾਈ ਸਰਮੁਖ ਸਿੰਘ ਜੀ ਦੇ ਬੇਟੇ ਭਾਈ ਜਗਤਾਰ ਸਿੰਘ ਦੀ ਆਵਾਜ਼ ਵਿਚ ਉਨ੍ਹਾਂ ਦੀਆਂ ਕੁਝ ਖ਼ਾਨਦਾਨੀ ਦੁਰਲੱਭ ਸ਼ਬਦ ਰੀਤਾਂ ਸਾਡੇ ਇਕ ਪਰਮ ਮਿੱਤ੍ਰ ਹਰਜਾਪ ਸਿੰਘ ਔਜਲਾ ਜਿਹੜੇ ਕਿ ਪੰਜਾਬ ਦੇ ਇਕ ਅਜੋਕੇ ਡੀ.ਜੀ.ਪੀ. (ਰੂਲਜ਼) ਡਾ. ਜੀ. ਐਸ. ਔਜਲਾ ਸਾਹਿਬ ਦੇ ਭਾਈ ਸਾਹਿਬ ਹਨ, ਜੀ ਨੇ ਟੇਪ ਕਰ ਕੇ ਆਪਣੇ ਕੋਲ ਅਮਰੀਕਾ ਸੁਰੱਖਿਅਤ ਕੀਤੀਆਂ ਹੋਈਆਂ ਹਨ।


www.sikhbookclub.com

# ਭਾਈ ਛੈਲਾ ਪਟਿਆਲੇ ਵਾਲੇ



ਭਾਈ ਛੈਲਾ ਪਟਿਆਲੇ ਵਾਲੇ

ਭਾਈ ਛੈਲਾ ਨੇ ਸ਼ਬਦ ਕੀਰਤਨ ਤਾਂ ਭਾਵੇਂ ਘੱਟ ਹੀ ਕੀਤਾ, ਕਿਉਂਕਿ ਆਮ ਲੋਕਾਂ ਵਿਚ ਉਸਦੀ ਪਛਾਣ ਵਧੇਰੇ ਕਰਕੇ ਬੋਲੀਆਂ ਜਾਂ ਗ਼ਜ਼ਲਾਂ ਗਾਉਣ ਕਰਕੇ ਹੈ, ਪਰ ਤਾਂ ਵੀ ਸਾਡੇ ਕੋਲ ਉਸਦੇ ਛੇ ਸੱਤ ਅਜਿਹੇ ਨਾਦਰ 'ਆਈਟਮ' ਹਨ, ਜਿਹੜੇ ਸ਼ਬਦ ਕੀਰਤਨ ਨਾਲ ਸੰਬੰਧ ਰੱਖਦੇ ਹਨ। ਇਹ ਅਦੁੱਤੀ ਟੇਪ ਇੰਟਰਨੈਸ਼ਨਲ ਪੰਜਾਬ ਹੈਰੀਟੇਜ ਮਿਊਜ਼ੀਅਮ ਲਈ ਸਾਨੂੰ ਸਾਡੇ ਇਕ ਬੜੇ ਹੀ ਮਿਹਰਵਾਨ ਦੋਸਤ ਸਰਦਾਰ ਗੁਰਬਖ਼ਸ਼ ਸਿੰਘ ਮਠਾਰੂ ਜਲੰਧਰ ਵਾਲਿਆਂ ਨੇ ਭੇਂਟ ਕੀਤੀ ਸੀ। ਆਈਟਮ ਹਨ: (1) ਹਮ ਘਰਿ ਸਾਜਨ ਆਏ, (2) ਵੀਆਹੁ ਹੋਆ ਮੇਰੇ ਬਾਬਲਾ, (3) ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ, (4) ਸੁਨਹੁ ਬਿਨੰਤੀ ਠਾਕੁਰ ਮੇਰੇ, (5) ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ, (6) ਮਾਈ ਗੁਰੂ ਚਰਣੀ ਚਿਤੁ ਲਾਈਐ, (7) ਲੱਖਾਂ ਆਏ, ਲੱਖਾਂ ਗਏ, ਖੇਤ ਵਿਚ ਖਿਪਰੀ ਪੜੀ ਰਹੀ। ਜੋੜ ਜੋੜ ਕੇ ਭਰੇ ਖਜ਼ਾਨੇ, ਅਜੇ ਵੀ ਤ੍ਰਿਸ਼ਨਾ ਅੜੀ ਰਹੀ। ਏਸੇ ਤਰ੍ਹਾਂ 1928 ਈ. ਤੋਂ ਪਹਿਲਾਂ ਉਸਨੇ ਇਕ ਦੋ ਅਜਿਹੇ ਹੋਰ ਤਵੇ ਵੀ ਭਰਵਾਏ ਸਨ, ਜਿਹੜੇ ਧਾਰਮਿਕ ਸਨ। "ਮੁਝੇ ਅਪਨਾ ਜਲਵਾ ਦਿਖਾ ਕਲਗੀ ਵਾਲੇ, ਮਿਰੀ ਜਾਨ ਤੁਮ ਪਰ ਫ਼ਿਦਾ ਕਲਗੀ ਵਾਲੇ" (ਤਵਾ ਨੰਬਰ 6325-HMV) ਅਤੇ "ਜੋਤ ਕੋ ਜੋਤ ਸੇ ਸਤਿਗੁਰ ਨੇ ਪੈਦਾ ਕਰ ਦੀਆ—ਅੰਗ ਸੇ ਲਗਾ, ਲਹਿਣੇ ਕੋ ਅੰਗਦ ਕਰ ਦੀਆ।" ਨੀਮ ਕਲਾਸਿਕੀ ਅੰਗ 'ਚ ਉਹ ਚੰਗਾ ਗਾਉਂਦਾ ਸੀ।

ਉਸਦਾ ਜਨਮ 13 ਦਸੰਬਰ, 1895 ਨੂੰ ਹੋਇਆ। ਉਸਦਾ ਸੰਬੰਧ ਤਰਨ ਤਾਰਨ ਦੇ ਰਬਾਬੀਆਂ ਨਾਲ ਸੀ। ਭਾਵੇਂ ਉਹ ਤਰਨ ਤਾਰਨ ਦਾ ਜੰਮਪਲ ਸੀ, ਪਰ ਆਮ ਕਰਕੇ ਪਟਿਆਲੇ ਰਹਿਣ ਕਾਰਨ ਉਹ ਪਟਿਆਲੇ ਵਾਲਾ ਕਰਕੇ ਜਾਣਿਆ ਜਾਂਦਾ ਰਿਹਾ। ਕੋਈ ਸਮਾਂ ਸੀ ਜਦੋਂ ਭਾਈ ਛੈਲਾ ਅਤੇ ਦੁਲਾਰੇ ਬਾਈ ਦੇ ਰਲ ਕੇ ਗਾਏ ਹੋਏ ਗਾਣੇ ਬੜੇ ਹੀ ਹਿੱਟ ਸਾਬਤ ਹੁੰਦੇ ਰਹੇ। ਕਈ ਵਰ੍ਹੇ ਉਨ੍ਹਾਂ ਦੋਹਾਂ ਦਾ ਰਦੀਫ਼ ਕਾਫ਼ੀਏ

 www.sikhbookclub.com

ਵਾਲਾ ਮੇਲ ਰਿਹਾ। ਆਮ ਤੌਰ 'ਤੇ ਆਪਣੇ ਕੋਲ ਉਹ ਇਕ ਰਬਾਬ ਜ਼ਰੂਰ ਰੱਖਦਾ ਹੁੰਦਾ ਸੀ। ਪਟਿਆਲਾ ਘਰਾਣੇ ਦੇ ਦੂਜੇ ਕਲਾਕਾਰ ਜਦ ਕਿ ਸੰਗੀਤ ਕਲਾ ਨੂੰ ਸਿਖਰਾਂ ਤਕ ਪਹੁੰਚਾ ਚੁੱਕੇ ਸਨ, ਉਸਨੇ ਇਹ ਗੱਲ ਸੋਚੀ ਕਿ ਸਾਰੀ ਉਮਰ ਤਪਸਾਧਨਾ ਅਤੇ ਰਿਆਜ਼ ਕਰਨ ਦੀ ਥਾਂ ਕਿਉਂ ਨਾ ਹਲਕੇ ਫੁਲਕੇ, ਸੈਮੀ-ਕਲਾਸੀਕਲ ਢੰਗ ਵਿਚ ਗਾਇਆ ਜਾਏ। ਸੋ ਏਹੋ ਜਿਹੀ ਵਾਹਵਾ ਖੱਟਣ ਵਿਚ ਉਹ ਨਿਰਾਪੁਰਾ ਕਾਮਯਾਬ ਹੀ ਨਹੀਂ ਹੋਇਆ, ਸਗੋਂ ਕਦੇ ਕੋਈ ਸਮਾਂ ਸੀ ਜਦ ਕਿ ਹਰ ਬੱਚੇ ਬੁੱਢੇ ਦੀ ਜ਼ੁਬਾਨ 'ਤੇ ਭਾਈ ਛੈਲੇ ਦਾ ਨਾਂ ਹੁੰਦਾ ਸੀ। 'ਮਾਰੋ ਮਾਰੋ ਸਹੇਲੀਓ,' 'ਆਹਾ ਹਾ ਭੰਗ ਦਾ ਲੋਟਾ', 'ਜ਼ਰਾ ਵੇਖ ਕੇ ਗੰਦਲ ਨੂੰ ਹੱਥ ਪਾਵੀਂ - ਕਿਹੜੀ ਏਂ ਤੂੰ ਸਾਗ ਤੋੜਦੀ' - ਉਸਦੇ ਏਹੋ ਜਿਹੇ ਤਵੇ ਆਪਣੇ ਅਖ਼ੀਰਲੇ ਸਾਹਾਂ ਦੀ ਜਿਉਂ ਹੀ ਹਿਝਕੀ ਲੈਂਦੇ, ਉਸ ਦੇ ਨਾਲ ਹੀ 'ਭਾਈ ਛੈਲਾ ਪਟਿਆਲੇ ਵਾਲਾ' ਉਸ ਸਮੇਂ ਦੇ ਰਿਵਾਜ ਅਨੁਸਾਰ ਗਾਣਾ ਖ਼ਤਮ ਹੁੰਦਿਆਂ ਲੱਗਦੇ ਹੱਥ ਗਾਉਣ ਵਾਲਾ ਆਪਣਾ ਨਾਂ ਵੀ ਦੱਸ ਜਾਂਦਾ।

ਪਾਕਿਸਤਾਨ ਬਣਿਆ ਤਾਂ ਇਹ ਕਲਾਕਾਰ ਦੁਲਾਰੀ ਬਾਈ ਸਮੇਤ ਉਧਰ ਚਲਾ ਗਿਆ। ਕਈ ਸਾਲ ਰੇਡੀਓ ਪਾਕਿਸਤਾਨ ਪਿਸ਼ਾਵਰ ਵਿਖੇ ਰਬਾਬ ਵਜਾਉਂਦਾ ਰਿਹਾ ਅਤੇ ਉਥੋਂ ਸੇਵਾ-ਮੁਕਤ ਹੋ ਕੇ ਕਈ ਵਰ੍ਹੇ ਲਾਹੌਰ ਰਹਿੰਦਾ ਰਿਹਾ। ਦੁਲਾਰੀ ਬਾਈ ਦੀ ਮੌਤ 30 ਅਗਸਤ, 1965 ਨੂੰ ਹੋ ਗਈ ਸੀ, ਪਰ ਆਪ ਉਸ ਤੋਂ ਕਈ ਵਰ੍ਹੇ ਪਿੱਛੋਂ ਤਕ ਜੀਵਤ ਰਿਹਾ। ਆਖ਼ਰ 10 ਜੁਲਾਈ, 1983 ਨੂੰ ਆਪ ਦਾ ਦਿਹਾਂਤ ਹੋ ਗਿਆ। ਉਸਦਾ ਇਕ ਲੜਕਾ ਜਾਵੇਦ ਅੱਜ-ਕੱਲ੍ਹ ਰੇਡੀਓ ਪਾਕਿਸਤਾਨ ਲਾਹੌਰ ਤਾਇਨਾਤ ਹੈ ਅਤੇ ਧੁਨਾਂ ਬਣਾਉਣ ਵਿਚ ਲਾਸਾਨੀ ਹੈ। ਲੱਗਦੇ ਹੱਥ ਅਸੀਂ ਭਾਈ ਛੈਲੇ ਦੇ ਇਕ ਹੋਰ ਬੜੇ ਹੀ ਵਚਿੱਤ੍ਰ ਤਵੇ ਦਾ ਜ਼ਿਕਰ ਵੀ ਕਰ ਦਿੰਦੇ ਹਾਂ, ਜਿਹੜਾ ਕਿ ਉਸਨੇ ਜਨਵਰੀ 1929 ਨੂੰ ਭਰਵਾਇਆ ਅਤੇ ਰੀਲੀਜ਼ ਕੀਤਾ ਸੀ।

ਇਹ ਤਵਾ ਆਪਣੇ ਵਿਚ ਇਕ ਬੜੀ ਵੱਡੀ ਤਾਰੀਖ਼ ਸਮੋਈ ਬੈਠਾ ਹੈ। ਇਹ ਤਵਾ ਹਿੰਦੁਸਤਾਨ ਦੇ ਦੋ ਵੱਡੇ ਰੁਸਤਮਾਂ ਦੇ ਪਟਿਆਲਾ ਵਿਚ ਹੋਏ ਭੇੜ ਨੂੰ ਦਰਸਾਉਂਦਾ ਹੈ, ਜਿਹੜਾ ਕਿ ਏਥੇ 28 ਜਨਵਰੀ, 1928 ਨੂੰ ਹੋਇਆ ਸੀ। ਉਦੋਂ ਗਾਮਾ ਅਤੇ ਇਮਾਮ ਬਖ਼ਸ਼ ਦੋਵੇਂ ਭਰਾ ਪਟਿਆਲਾ ਰਿਆਸਤ ਦੇ ਦਰਬਾਰੀ ਬਲਵਾਨ ਸਨ। ਅਸਲ ਵਿਚ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਆਪਣੀ ਰਿਆਸਤ ਵਿਚ ਰੁਸਤਮਿ-ਜਹਾਨ ਦੇ ਖ਼ਿਤਾਬ ਲਈ ਕੁਸ਼ਤੀਆਂ ਕਰਵਾ ਰਹੇ ਸਨ। ਮੁੱਖ ਕੁਸ਼ਤੀ ਗਾਮੇ ਅਤੇ ਜ਼ਬਿਸਕੋ ਵਿਚਕਾਰ ਹੋਣੀ ਸੀ, ਪਰ ਉਸ ਤੋਂ ਇਕ ਦਿਨ ਪਹਿਲਾਂ, ਇਮਾਮ ਬਖ਼ਸ਼ ਅਤੇ ਗੁੰਗੇ ਸਿਆਲਕੋਟੀ ਦਾ ਭੇੜ ਸੀ। ਉਦੋਂ ਦੀ ਉਰਦੂ ਦੀ ਇਕ ਅਖ਼ਬਾਰ *ਜ਼ਿਮੀਂਦਾਰ* ਉਸ ਕੁਸ਼ਤੀ ਦਾ ਵਰਣਨ ਇੰਜ ਕਰਦੀ ਹੈ: "ਇਹ ਬਰਾਬਰ ਦੀ ਜੋੜ ਸੀ। ਦੋਹਾਂ ਪਹਿਲਵਾਨਾਂ ਨੇ ਬੜੇ ਜ਼ੋਰ ਸ਼ੋਰ ਨਾਲ ਰੇਲ ਪੇਲ ਕੀਤੀ। ਇਕ ਵੇਰ ਇਮਾਮ ਨੇ ਗੁੰਗੇ ਦੇ ਸਿਰ ਨੂੰ ਆਪਣੇ ਪੱਟਾਂ ਵਿਚ ਜਕੜ ਲਿਆ। ਗੁੰਗੇ ਨੇ ਇਮਾਮ ਨੂੰ ਆਪਣੀ ਗਰਦਨ 'ਤੇ ਉਠਾ ਲਿਆ ਅਤੇ ਏਸੇ ਹਾਲਤ ਵਿਚ ਉਹ ਇਕ ਮਿੰਟ ਤਕ ਖੜਾ ਰਿਹਾ। ਉਸ ਪਿੱਛੋਂ ਉਸਨੇ ਜ਼ਮੀਨ 'ਤੇ ਸੁੱਟਿਆ, ਪਰ ਇਮਾਮ ਬਖ਼ਸ਼ ਸੰਭਲ ਗਿਆ ਅਤੇ ਥੋੜ੍ਹੀ ਦੇਰ ਬਾਅਦ ਆਪਣੇ ਅੜੰਗੇ 'ਤੇ ਲਿਆ ਕੇ ਗੁੰਗੇ ਨੂੰ ਪਛਾੜ ਦਿੱਤਾ। ਮਹਾਰਾਜਾ ਅਤੇ ਮੁਨਸਫ਼ ਕੁਸ਼ਤੀ ਮਿਸਟਰ ਬੈਟੀ ਨੇ ਆਪਣੀ ਛੜੀ ਉਠਾਈ ਅਤੇ ਕਰਾਰ ਦਿੱਤਾ

ਕਿ ਇਮਾਮ ਨੇ ਗੁੰਗੇ ਨੂੰ ਢਾਹ ਲਿਆ ਹੈ। ਇਹ ਕੁਸ਼ਤੀ ਤਿੰਨ ਵੱਜ ਕੇ ਬਵੰਜਾ ਮਿੰਟ 'ਤੇ ਸ਼ੁਰੂ ਹੋਈ ਸੀ ਅਤੇ ਗਿਆਰਾਂ ਮਿੰਟਾਂ ਤਕ ਜਾਰੀ ਰਹੀ ਸੀ (ਵੇਖੋ, ਰੋਜ਼ਾਨਾ *ਜ਼ਿਮੀਂਦਾਰ*, ਲਾਹੌਰ; 1 ਫ਼ਰਵਰੀ 1928)।

ਬਸੰਤ ਦੇ ਮੌਕੇ 'ਤੇ ਹੋਈ ਉਸ ਕੁਸ਼ਤੀ ਨੂੰ ਆਪਣੇ ਤਵੇ ਵਿਚ ਭਾਈ ਛੈਲਾ ਕਿਵੇਂ ਬਿਆਨ ਕਰਦਾ ਹੈ, ਹੁਣ ਅਸੀਂ ਉਸਦਾ ਹੂਬਹੂ ਉਤਾਰਾ ਥੱਲੇ ਦੇ ਰਹੇ ਹਾਂ:

**ਪਟਿਆਲਾ ਨੁਮਾਇਸ਼**

ਆਹਾ ਹਾ ਹਾ ਹਾ - ਕਿਆ ਸੋਹਣੀ ਨੁਮਾਇਸ਼ ਪਟਿਆਲੇ ਦੇ ਕਿਲ੍ਹੇ ਦੇ ਵਿਚ ਬੜੀ ਰੌਣਕ, ਬੜੇ ਤੇਓਰ, ਆਹ ਆਹ ਕਿਆ ਸੋਹਣੀ ਮੋਟਰ ਪਈ ਹੋਈ ਏ, ਹੈ ਨਾ ਦੇਖੋ ਨਾ ਬੜਾ ਹਜੂਮ ਹੋ ਗਿਆ, ਚਲੋ ਯਾਰ ਦੇਖੀਏ। ਓ ਸ਼ੇਰ ਓ ਸ਼ੇਰ ਲਗਦੇ ਮਿੱਟੀ ਦੇ ਆਹਾ ਹਾ ਵਾਹ ਵਾਹ-ਦੇਖੋ ਸਵਾਰੀ ਸਵਾਰੀ - ਹਸਾਲੇ ਕੋਤਲਾਂ, ਲੱਕੀ ਬੈਗ ਔਲ ਪ੍ਰਾਈਜ਼ਜ਼ ਨੇ। ਨੋ ਬਲੈਂਕ ਟਿਕਟ-ਲੋ ਯਾਰ ਟਿਕਟ ਲੈ ਲੱਕੀ ਬੈਗ ਦੇ ਟਿਕਟ ਲਓ। ਅੱਜ ਖੁਲ੍ਹਣੀ ਏ ਘੋੜ ਦੌੜ...ਪੈਂਤੀਸ ਹਜ਼ਾਰ ਦਾ ਠੇਕਾ ਹੋਇਆ। ਚਲੋ ਇਕ ਆਦਮੀ ਉਥੇ ਕੁਸ਼ਤੀ ਦਾ ਗੌਣਾ ਵੀ ਗੌਂਦਾ ਏ, ਸੁਣ ਲਓ।

ਸ਼ੈਂਤ

*ਲੱਖਾਂ ਰਾਜਿਆਂ ਤੇ ਨਵਾਬਾਂ ਨੇ ਦੰਗਲ,*
*ਆਹਲਾ ਤੋਂ ਆਹਲਾ ਕਰਾਇਆ ਏ।*
*ਏਸ ਪਟਿਆਲੇ ਰਿਆਸਤ ਵਿਚ ਹੋਇਆ ਦੰਗਲ,*
*ਪਿੱਛੇ ਏਸ ਨੇ ਸਭ ਨੂੰ ਹਟਾਇਆ ਏ।*
*ਭੁਪਿੰਦਰ ਸਿੰਘ ਮਹਾਰਾਜ ਸਰਕਾਰ ਸਾਡੀ,*
*ਡਾਢਾ ਅਜਬ ਏ ਘੋਲ ਘੁਲਾਇਆ ਏ।*
*ਬਬਰ ਸ਼ੇਰ ਨੂੰ ਖ਼ੂਬ ਤਿਆਰ ਕਰ ਕੇ,*
*ਮਸਤ ਹਾਥੀ ਦੇ ਨਾਲ ਲੜਾਇਆ ਏ।*
*(ਓ ਇਮਾਮ ਬਖ਼ਸ਼ ਨੇ ਢਾਹ ਲਿਆ ਈ)*

ਸ਼ੈਂਤ

*ਏਸ ਵਾਸਤੇ ਇਤਨੇ ਹਜੂਮ ਅੰਦਰ,*
*ਮਹਾਰਾਜ ਦੀ ਗੁਰਾਂ ਨੇ ਪੱਤ ਰੱਖੀ।*
*ਮਸਤ ਹਾਥੀ ਦੀ ਨਿਕਲ ਗਈ ਸਾਰੀ ਮਸਤੀ,*
*ਬਬਰ ਸ਼ੇਰ ਨੇ ਜਦ ਗਰਦਨ ਤੇ ਲੱਤ ਰੱਖੀ।*
*ਵਾਹ ਵਾਹ ਨਸੀਬ ਸੁਭਾਨ ਅੱਲਾ,*
*ਗੁਰ ਨੇ ਖ਼ੁਸ਼ੀ ਦਾ ਦਿਨ ਇਹ ਦਿਖਾਇਆ ਏ।*
*ਸਤਨਾਮ ਦੀ ਆਪਣੀ ਨਾਲ ਕਿਰਪਾ,*
*ਮੀਂਹ ਫ਼ਜ਼ਲ ਤੇ ਕਰਮ ਦਾ ਪਾਇਆ ਏ।*
*ਤਾਹੀਂ ਦੇਵਾਂ ਮੁਬਾਰਕ ਸਿਰੀ ਹਜ਼ੂਰ ਮਹਾਰਾਜ,*
*ਤਾਹੀਂ ਅਮਾਮ ਬਖ਼ਸ਼ ਨੇ ਗੁੰਗੇ ਨੂੰ ਢਾਇਆ ਏ।*

ਇਹ ਤਵਾ ਜਿਹੜਾ ਹਿਜ਼ ਮਾਸਟਰਜ਼ ਵੌਇਸ ਕੰਪਨੀ ਵਾਲਿਆਂ ਨੇ ਜਨਵਰੀ 1929 ਨੂੰ ਰੀਲੀਜ਼ ਕੀਤਾ ਸੀ, ਉਸਦਾ ਨੰਬਰ ਸੀ—14077 ਅਤੇ ਉਦੋਂ ਉਸਦੀ ਕੀਮਤ ਸੀ, ਸਾਢੇ ਤਿੰਨ ਰੁਪਏ।


www.sikhbookclub.com

# ਭਾਈ ਘਸੀਟਾ

ਅੰਮ੍ਰਿਤਸਰ ਵਿਚ ਭਾਈ ਲਾਲ ਇਕ ਬਹੁਤ ਉੱਚ ਕੋਟੀ ਦੇ ਰਬਾਬੀ ਸਨ, ਜਿਨ੍ਹਾਂ ਦਾ ਨਾਂ ਕਦੇ ਸਾਰੇ ਹਿੰਦੁਸਤਾਨ ਵਿਚ ਗੂੰਜਦਾ ਸੀ। ਏਹੋ ਨਾਮ ਇਕ ਹੋਰ ਬੰਦੇ ਨੇ ਵੀ ਰੱਖ ਲਿਆ, ਜਿਹੜਾ ਆਪਣੇ ਕੀਰਤਨ ਦੇ ਸੰਬੰਧ ਵਿਚ ਇੰਡੀਆ ਦੇ ਹੁਣ ਤਕ ਕਈ ਗੇੜੇ ਲਾ ਚੁੱਕਾ ਹੈ, ਬਲਕਿ ਹੁਣ ਤਕ ਉਸਨੇ ਬਦੇਸ਼ਾਂ ਦੇ ਵੀ ਕਈ ਗੇੜੇ ਮਾਰੇ ਹਨ। ਭਾਵੇਂ ਕਿ ਉਸਦਾ ਨਾਂ ਆਸ਼ਿਕ ਅਲੀ ਹੈ (ਜਨਮ 1929) ਪਰ ਉਂਜ ਪਾਕਿਸਤਾਨ ਵਿਚ 'ਆਸ਼ਕੀ' ਨਾਂ ਨਾਲ ਵਧੇਰੇ ਪ੍ਰਸਿੱਧ ਹੈ। ਪਿਛਲੇ ਦਿਨੀ ਮੇਰੀਆਂ ਕੁਝ ਮੁਲਾਕਾਤਾਂ ਲੰਡਨ ਵਿਚ ਅਸਲੀ ਭਾਈ ਲਾਲ ਜੀ ਦੇ ਬੇਟੇ ਉਸਤਾਦ ਗ਼ੁਲਾਮ ਹੁਸੈਨ 'ਸ਼ਗਨ' ਨਾਲ ਹੋਈਆਂ। ਜਦ ਹੀ ਇਸ ਅਸਲੀ ਨਕਲੀ ਨਾਂ ਦਾ ਜ਼ਿਕਰ ਛਿੜਿਆ, ਉਹ ਕਿੰਨਾ ਚਿਰ ਹੀ ਠਹਾਕੇ ਮਾਰ ਮਾਰ ਹੱਸਦੇ ਰਹੇ। ਖ਼ੈਰ! ਭਾਈ ਲਾਲ ਦੂਜਾ, ਇਹ ਭਾਈ ਘਸੀਟਾ ਜੀ ਦਾ ਸ਼ਾਗਿਰਦ ਹੈ। ਉਨ੍ਹਾਂ ਦੀ ਸ਼ਾਗਿਰਦੀ ਇਸਨੇ ਸ੍ਰੀ ਅੰਮ੍ਰਿਤਸਰ ਵਿਖੇ 1940 ਈ. ਵਿਚ ਕੀਤੀ ਸੀ।

ਪੁਰਾਣੇ ਸਮੇਂ ਦੇ ਰਾਗੀਆਂ ਰਬਾਬੀਆਂ ਬਾਰੇ ਜ਼ਿਕਰ ਕਰਦਿਆਂ ਪ੍ਰਸਿੱਧ ਸੰਗੀਤ ਰਸੀਏ ਭਾਈ ਅਰਦਮਨ ਸਿੰਘ ਬਾਗੜੀਆਂ ਇੰਜ ਲਿਖਦੇ ਹਨ:

ਉਨ੍ਹਾਂ ਰਤਨਾ ਵਿਚ ਕਈ ਰਬਾਬੀ ਵੀ ਹੁੰਦੇ ਸਨ। ਇਕ ਉਘੇ ਰਬਾਬੀ ਭਾਈ ਘਸੀਟਾ ਹੁੰਦੇ ਸਨ, ਜੋ ਸਾਡੇ ਅਕਸਰ ਆਉਂਦੇ ਅਰ ਠਹਿਰਿਆ ਕਰਦੇ ਸਨ। ਉਹ ਵੈਸੇ ਕਈ ਸਾਜ਼ ਤਬਲਾ, ਵਾਜਾ, ਤਾਊਸ ਵਗੈਰਾ ਵਜਾਉਂਦੇ ਸਨ, ਪਰ ਅਸਲ ਵਿਚ ਉਹ ਗਵੱਈਏ ਸਨ। ਉਨ੍ਹਾਂ ਵਰਗਾ ਭਰਵਾਂ ਤਰਬਾਂ ਤੇ ਵਾਲਯੂਮ ਵਾਲਾ ਗਲਾ ਮੈਂ ਅੱਜ ਤਕ ਹੋਰ ਕਿਸੇ ਗਵੱਈਏ ਦਾ ਨਹੀਂ ਦੇਖਿਆ। ਤਿੰਨ ਸਪਤਕਾਂ ਵਿਚ ਫਿਰ ਜਾਂਦੇ ਅਰ ਤਿੰਨ ਤਿੰਨ ਘੰਟੇ ਉਸੇ ਜ਼ੋਰ ਨਾਲ ਗਾਈ ਜਾਂਦੇ। ਪੁਰਾਣੀਆਂ ਸੰਪਰਦਾਈ ਰੀਤੀਆਂ ਅਰ ਬੰਦਸ਼ਾਂ ਦਾ ਉਨ੍ਹਾਂ ਪਾਸ ਅਮੁੱਕ ਖ਼ਜ਼ਾਨਾ ਸੀ। ਗਾਉਣਾ ਮੈਂ ਉਹਨਾਂ ਤੋਂ ਹੀ ਸਿੱਖਿਆ ਸੀ, ਭਾਵੇਂ ਹਾਰਮੋਨੀਅਮ ਵਜਾਉਣਾ ਮੈਨੂੰ ਸ੍ਰੀ ਪਿਤਾ ਜੀ ਨੇ ਛੋਟੇ ਹੁੰਦੇ ਨੂੰ ਹੀ ਸ਼ੁਰੂ ਕਰ ਦਿੱਤਾ ਸੀ। ਵਾਜੇ 'ਤੇ ਹੱਥ ਧਰਦਿਆਂ ਹੀ ਉਹਨਾਂ ਨੇ ਮੈਨੂੰ ਗੌਂਡ ਮਲ੍ਹਾਰ ਦੇ ਸੁਰਾਂ 'ਤੇ ਉਂਗਲਾਂ ਰਖਾਈਆਂ ਜੋ ਮੇਰੇ ਹੁਣ ਤਕ ਯਾਦ ਹਨ। ਮੇਰੇ ਵੱਡੇ ਭੁਜੰਗੀ ਨੂੰ ਵੀ ਸੰਗੀਤ ਵਿਦਿਆ ਦੇਣੀ ਭਾਈ ਘਸੀਟੇ ਨੇ ਹੀ ਸ਼ੁਰੂ ਕੀਤੀ ਸੀ।[1]

1929 ਈ. ਦੀ ਗੱਲ ਹੈ ਕਿ ਆਪ ਨੇ ਆਸਾ ਦੀ ਵਾਰ ਦਾ ਤਵਾ ਰੀਕਾਰਡ ਕਰਵਾਇਆ ਸੀ, "ਨਾਨਕ ਅੰਤ ਨ ਜਾਪਨੀ, ਹਰਿ ਤਾ ਕੇ ਪਾਰਾਵਾਰ", ਅਤੇ ਉਸ

1. *ਸਚਿੱਤਰ ਕੌਮੀ ਏਕਤਾ*, ਮਈ 1976 ਅੰਕ, ਨਵੀਂ ਦਿੱਲੀ, ਸਫ਼ੇ 11-12


www.sikhbookclub.com

ਰੀਕਾਰਡ ਦਾ ਦੂਜਾ ਪਾਸਾ ਸੀ, "ਵਡੇ ਕੀਆ ਵਡਿਆਈਆ, ਕਿਛੁ ਕਹਣਾ ਕਹਣੁ ਨ ਜਾਇ"। ਉਨ੍ਹੀਂ ਦਿਨੀਂ ਭਾਈ ਛੈਲਾ ਨਾਲ ਰਲ ਕੇ ਆਪ ਨੇ 'ਪੀਲੂ' 'ਚ ਵੀ ਇਕ ਸ਼ਬਦ ਰੀਕਾਰਡ ਕਰਵਾਇਆ ਸੀ, "ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ," ਜਿਸਦੇ ਦੂਜੇ ਪਾਸੇ ਸੀ 'ਪਹਾੜੀ' "ਹਾਲਿ ਮੁਰੀਦਾਂ ਦਾ..."। ਨਾਲ ਲਗਦਾ, ਉਸਦੇ ਪੁੱਤਰ ਮਾਸਟਰ ਨਿਸਾਰ ਨੇ ਵੀ ਉਦੋਂ, "ਕੋਇਲ (ਕੋਇਲੀਆ) ਮੱਤ ਕਰ ਪੁਕਾਰ" 'ਮਾਂਡ' ਦਾ ਇਹ ਰੀਕਾਰਡ ਵੀ ਭਰਵਾ ਦਿੱਤਾ ਸੀ।

ਭਾਈ ਘਸੀਟਾ ਗੰਭੀਰ ਰਬਾਬੀ ਸਨ, ਸ਼ਬਦ ਕੀਰਤਨ ਬੜਾ ਮਨਮੋਹਿਕ ਕਰਦੇ, ਪਰ ਰੱਬ ਜਾਣੇ ਉਨ੍ਹਾਂ ਦੇ ਮਨ 'ਚ ਕੀ ਆਇਆ ਕਿ ਉਨ੍ਹੀਂ ਦਿਨੀਂ, ਕੁਝ ਹੋਰਨਾਂ ਰਬਾਬੀਆਂ ਵਾਂਗ ਉਨ੍ਹਾਂ ਤਿੰਨ ਚਾਰ ਤਵੇ, ਹਲਕੇ ਫੁਲਕੇ ਅੰਦਾਜ਼ ਵਿਚ ਬੋਲੀਆ ਦੇ ਵੀ ਭਰਵਾ ਦਿੱਤੇ ਸਨ। ਖ਼ਾਸ ਕਰਕੇ, ਉਨ੍ਹੀਂ ਦਿਨੀਂ ਆਪ ਦਾ ਇਹ ਤਵਾ ਬੜਾ ਮਕਬੂਲ ਹੋਇਆ ਸੀ, "ਕਿਹੜੇ ਯਾਰ ਦਾ ਤੱਤਾ ਦੁੱਧ ਪੀਤਾ, ਨੀ ਹਰਨਾਮ ਕੌਰੇ ?" (ਗ੍ਰਾਮੋਫ਼ੋਨ ਕੰਪਨੀ ਰੀਕਾਰਡ P3852)

ਭਾਈ ਘਸੀਟੇ ਦਾ ਪੁੱਤਰ ਨਿਸਾਰ ਹੁਸੈਨ ਪਿੱਛੋਂ ਮਾਸਟਰ ਨਿਸਾਰ ਦੇ ਨਾਂ ਨਾਲ ਦੇਸ਼ ਭਰ ਵਿਚ ਪ੍ਰਸਿੱਧ ਹੋਇਆ। ਗੱਲ ਇਉਂ ਹੋਈ ਕਿ 1925 ਈ. ਦੇ ਨੇੜੇ ਮੁੰਘੇਰ ਪਟਨਾ ਦੀ ਇਕ ਗਾਇਕਾ/ਅਦਾਕਾਰਾ ਜਹਾਂ ਆਰਾ ਕੱਜਨ ਜਿਹੜੀ ਕਿ ਕੁਝ ਸ਼ਾਇਰੀ ਵੀ ਕਰਦੀ ਅਤੇ 'ਅਦਾ' ਤਖ਼ੱਲਸ ਹੇਠ ਲਿਖਦੀ ਵੀ ਸੀ, ਇਕ ਵੇਰ ਆਪਣੀ ਥੇਟਰੀਕਲ ਕੰਪਨੀ ਲੈ ਕੇ ਜਦੋਂ ਅੰਮ੍ਰਿਤਸਰ ਆਈ ਤਾਂ ਉਹ ਇਸਦੀ ਆਵਾਜ਼ 'ਤੇ ਮੋਹਿਤ ਹੋ ਗਈ। ਭਾਵੇਂ ਕਿ ਲੇਖਕ ਨੂੰ ਰੌਸ਼ਨ ਆਰਾ ਬੇਗਮ ਮਲਕਾ-ਇ-ਮੌਸੀਕੀ ਦੇ ਦੱਸਣ ਅਨੁਸਾਰ, ਉਹ ਪਟਨਾ ਦੇ ਇਕ ਸਾਧਾਰਨ ਜਿਹੇ ਗਵੰਈਏ ਸ਼ੁਗਨ ਦੀ ਧੀ ਸੀ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਇਕ ਅਜਿਹੀ ਤ੍ਰੀਮਤ ਸੀ ਜਿਸਨੇ ਕਿਸੇ ਸਮੇਂ ਆਪਣੇ ਰਾਗ-ਰੰਗ ਅਤੇ ਨਾਚ ਦੁਆਰਾ ਹਿੰਦੁਸਤਾਨੀ ਸਟੇਜ 'ਤੇ ਇਕ ਤਰਥੱਲੀ ਮਚਾ ਦਿੱਤੀ ਸੀ। ਉਹ ਉਸਨੂੰ ਆਪਣੇ ਨਾਲ ਪਹਿਲਾਂ ਕਲਕੱਤੇ, ਫਿਰ ਬੰਬਈ ਲੈ ਗਈ। 1931 ਈ. ਵਿਚ ਬੋਲਦੀਆਂ ਫ਼ਿਲਮਾਂ ਬਣਨ ਲੱਗ ਪਈਆਂ ਸਨ। ਅੱਜ ਵਾਂਗ ਪਿੱਛ-ਪਰਦਾ ਗਾਣਾ ਨਾ ਹੋਣ ਕਰਕੇ ਪਹਿਲੀਆਂ ਫ਼ਿਲਮਾਂ ਵਿਚ ਕੇਵਲ ਉਹੋ ਜਿਹੇ ਬੰਦੇ ਨੂੰ ਹੀ ਹੀਰੋ ਲਿਆ ਜਾਂਦਾ ਸੀ ਜਿਹੜਾ ਗਾਉਂਦਾ ਵੀ ਤਕੜਾ ਹੋਵੇ ਅਤੇ ਉਂਜ ਵੀ ਸੁਣੱਖਾ ਹੋਵੇ।

ਮਿਸ ਕੱਜਨ ਦੀਆਂ ਦੋ ਫ਼ਿਲਮਾਂ "ਸ਼ੀਰੀ ਫ਼ਰਿਆਦ" ਅਤੇ "ਲੈਲਾ ਮਜਨੂੰ" ਉਸ ਦੌਰ ਦੀਆਂ ਪ੍ਰਸਿੱਧ ਫ਼ਿਲਮਾਂ ਸਨ। ਉਨ੍ਹਾਂ ਦੋਹਾਂ ਫ਼ਿਲਮਾਂ ਵਿਚ ਉਹ ਆਪਣੇ ਦੌਰ ਦੇ ਸਭ ਤੋਂ ਪ੍ਰਸਿੱਧ ਮਾਸਟਰ ਨਿਸਾਰ ਨਾਲ ਹੀ ਆਈ ਸੀ। ਉਨ੍ਹਾਂ ਦਿਨਾਂ ਵਿਚ ਇਨ੍ਹਾਂ ਦੋਹਾਂ ਦੀ ਜੋੜੀ ਬੜੀ ਪ੍ਰਸਿੱਧ ਸੀ। ਫ਼ਿਲਮ "ਲੈਲਾ ਮਜਨੂੰ" ਜਦੋਂ ਅੰਮ੍ਰਿਤਸਰ ਲੱਗੀ ਤਾਂ ਥਰਡ ਕਲਾਸ ਦਾ ਟਿਕਟ ਉਨ੍ਹਾਂ ਸਮਿਆਂ 'ਚ ਦੋ ਆਨੇ (ਰੁਪਏ ਦਾ ਅੱਠਵਾਂ ਹਿੱਸਾ) ਸੀ।

ਜਹਾਂ ਆਰਾ 'ਕੱਜਨ' ਤਾਂ ਭਰਪੂਰ ਜੁਆਨੀ ਵਿਚ ਹੀ ਚੜ੍ਹਾਈ ਕਰ ਗਈ, ਪਰ ਮਾਸਟਰ ਨਿਸਾਰ ਦੀ ਮੌਤ ਕਿਧਰੇ 1972-73 ਈ. ਵਿਚ ਹੋਈ।


www.sikhbookclub.com

# ਭਾਈ ਨਸੀਰਾ



*ਭਾਈ ਨਸੀਰਾ ਰਬਾਬੀ*

ਮਹਾਰਾਜਾ ਇੰਦੌਰ ਸਾਰੰਗੀ ਸੁਣਨ ਦਾ ਬੜਾ ਸ਼ੁਕੀਨ ਸੀ, ਮਹਾਰਾਜਾ ਪਟਿਆਲਾ ਵਚਿੱਤ੍ਰ ਵੀਣਾ ਦਾ ਅਤੇ ਮਹਾਰਾਜਾ ਰਾਏਗੜ੍ਹ ਚੱਕਰਧਰ ਸਿੰਘ (1905-1947 ਈ.) ਤਬਲੇ ਦਾ। ਮਹਾਰਾਜਾ ਪਟਿਆਲਾ ਨੇ 'ਗੁਰਮਤਿ ਸੰਗੀਤ' ਦੀ ਖੋਜ 'ਤੇ ਜਿਥੇ ਲੱਖਾਂ ਰੁਪਏ ਖ਼ਰਚ ਕਰ ਦਿੱਤੇ, ਉਥੇ ਮੱਧ ਪ੍ਰਦੇਸ਼ ਦੇ ਚੱਕਰਧਰ ਸਿੰਘ ਨੇ ਤਬਲੇ ਦੀ ਤਲਾਸ਼ ਤਹਿਕੀਕ 'ਤੇ ਲੱਖਾਂ ਰੁਪਏ ਖ਼ਰਚ ਕਰ ਦਿੱਤੇ। ਤਬਲੇ ਦਾ ਉਹ ਮਹਾਨ ਪੰਡਿਤ ਤਬਲੇ ਸਬੰਧੀ ਤੋੜੇ ਟੁਕੜੇ ਅਤੇ ਪਰਨਾ ਆਦਿ ਆਪ ਰਚਦਾ ਰਹਿੰਦਾ, ਨਿੱਤ ਨਵੇਂ ਤਜਰਬੇ ਕਰਦਾ ਰਹਿੰਦਾ। ਆਪਣੀਆਂ ਕੁਝ ਕੁ ਪ੍ਰਸਿੱਧ ਪਰਨਾ ਦੇ ਨਾ ਏਹੋ ਜਿਹੇ ਰੱਖਦਾ : ਦਲ-ਬੱਦਲ, ਕੜਕ-ਬਿਜਲੀ, ਚਮਕ-ਬਿਜਲੀ, ਰਾਜ-ਬਿਲਾਸ, ਅਭਿਸਾਰਿਕਾ ਅਤੇ ਨਵਰਧ ਪਰਨ ਆਦਿ। ਇਹ ਪਰਨਾ ਵਜਾਉਣ ਨਾਲ ਜਿਹੋ ਜਿਹਾ ਵੀ ਪ੍ਰਭਾਵ ਪੈਦਾ ਹੁੰਦਾ, ਉਹ ਉਸਦਾ ਉਹੋ ਜਿਹਾ ਢੁੱਕਵਾਂ ਨਾਂ ਰੱਖਦਾ ਜਿਵੇਂ ਕਿ ਬੱਦਲ ਗੜ੍ਹਕ ਰਹੇ ਦੀ ਆਵਾਜ਼ ਪੈਦਾ ਕਰਨ ਵਾਲੀ ਪਰਨ ਦਾ ਨਾ ਦਲ-ਬੱਦਲ, ਬਿਜਲੀ ਕੜਕ ਦੀ ਰੜਕ ਪੈਦਾ ਕਰਨ ਵਾਲੀ ਦਾ ਨਾਂ ਚਮਕ-ਬਿਜਲੀ ਪਰਨ ਆਦਿ। ਦੱਸਿਆ ਜਾਂਦਾ ਹੈ ਕਿ ਤਬਲੇ ਸੰਬੰਧੀ ਉਸ ਨੇ ਕਈ ਖਰੜੇ ਤਿਆਰ ਕੀਤੇ ਕਰਵਾਏ। ਉਸਦੇ ਸਿਰਫ਼ ਇਕ ਖਰੜੇ, ਜਿਹੜਾ ਕਿ ਤਾਲਨਿਧੀ ਸੰਬੰਧੀ ਹੈ, ਦਾ ਭਾਰ ਛੱਤੀ ਕਿੱਲੋ ਹੈ। ਆਪਣੇ ਰਾਜ ਦਰਬਾਰ ਵਿਚ ਉਂਜ ਤਾਂ ਭਾਵੇਂ ਉਸਨੇ ਮੇਰਠ ਦੇ ਪ੍ਰਸਿੱਧ ਤਬਲਾ ਨਵਾਜ਼ ਮੁਨੀਰ ਖ਼ਾਂ ਨੂੰ ਪੱਕੇ ਤੌਰ 'ਤੇ ਰੱਖਿਆ ਹੋਇਆ ਸੀ, ਪਰ ਪੰਜਾਬ ਦੇ ਜਿਹੜੇ ਦੋ ਮਹਾਨ ਤਬਲਚੀਆਂ ਨੂੰ ਉਹ ਗਾਹੇ-ਬਗਾਹੇ ਤਲਬ ਕਰ ਕੇ, ਕਈ ਕਈ ਮਹੀਨੇ ਆਪਣੇ ਕੋਲ ਰੱਖਦਾ, ਉਹ ਸਨ ਮੀਆਂ ਕਾਦਰ ਬਖ਼ਸ਼ ਲਾਹੌਰੀ ਅਤੇ ਭਾਈ ਨਸੀਰਾ ਅੰਮ੍ਰਿਤਸਰੀ। ਮੱਧ ਪ੍ਰਦੇਸ਼ ਦੀ ਇਹ ਉਹੀ ਰਿਆਸਤ ਸੀ ਜਿਸਨੇ ਕਿ ਪੰਜਾਬ ਦੇ ਇਨ੍ਹਾਂ ਦੋਹਾਂ ਕਲਾਕਾਰਾਂ, ਮੀਆਂ ਕਾਦਰ ਬਖ਼ਸ਼ ਨੂੰ ਰੁਸਤਮਿ-ਹਿੰਦ ਦਾ ਅਤੇ ਭਾਈ ਨਸੀਰਾ ਨੂੰ 'ਦ ਸਟਾਰ ਆਫ਼ ਇੰਡੀਆ' ਦੇ ਖ਼ਿਤਾਬ


www.sikhbookclub.com

ਦਿੱਤੇ ਹੋਏ ਸਨ। ਕੁਝ ਵਿਦਵਾਨਾਂ ਦਾ ਮਤ ਤਾਂ ਏਥੋਂ ਤਕ ਵੀ ਹੈ ਕਿ ਤਬਲੇ 'ਤੇ ਜਿਹੜਾ ਮਹਾਨ ਗ੍ਰੰਥ ਜਾਂ ਟ੍ਰੀਟਾਈਜ਼ ਮਹਾਰਾਜੇ ਨੇ ਤਿਆਰ ਕਰਵਾਇਆ ਸੀ, ਉਸ ਵਿਚ ਕਿਸੇ ਨਾ ਕਿਸੇ ਰੂਪ ਵਿਚ ਪੰਜਾਬ ਦੇ ਇਨ੍ਹਾਂ ਦੋਹਾਂ ਕਲਾਕਾਰਾਂ ਦਾ ਵੀ ਆਪਣਾ ਯੋਗਦਾਨ ਜਾਂ ਹਿੱਸਾ ਹੈ।

ਜਗਤ-ਵਿਖਿਆਤ ਤਬਲਾ ਨਵਾਜ਼ ਉਸਤਾਦ ਅੱਲਾ ਰੱਖਾ ਖ਼ਾਂ (1915-2000 ਈ.) ਨਾਲ ਮੇਰੀਆਂ ਲੰਮੀਆਂ ਚੌੜੀਆਂ ਮੁਲਾਕਾਤਾਂ ਅਕਸਰ ਹੁੰਦੀਆਂ ਰਹਿੰਦੀਆਂ ਸਨ। ਉਹ ਦੱਸਦੇ ਹੁੰਦੇ ਸਨ ਕਿ ਮੇਰੇ ਉਸਤਾਦ ਮੀਆਂ ਕਾਦਰ ਬਖ਼ਸ਼ ਜੀ ਕੋਲ ਤਬਲੇ ਸਬੰਧੀ ਇਕ ਹੱਥ-ਲਿਖਤ ਪੋਥੀ ਹੁੰਦੀ ਸੀ, ਜਿਹੜੀ ਕਿ ਉਹ ਮੈਨੂੰ ਪੰਜ ਸੌ ਰੁਪਏ 'ਚ ਦੇਣ ਦੇ ਚਾਹਵਾਨ ਹੁੰਦੇ ਸਨ, ਪਰ ਉਦੋਂ ਮੈਂ ਉਨ੍ਹਾਂ ਦੀ ਇਹ ਗੱਲ ਨਾਂ ਸਿਰਫ਼ ਅਣਸੁਣੀ ਕਰਦਾ ਰਿਹਾ, ਬਲਕਿ ਬੁਰੀ ਵੀ ਮਨਾਉਂਦਾ ਸਾਂ। ਐਨੇ ਦਹਾਕੇ ਬੀਤ ਜਾਣ ਪਿਛੋਂ, ਪਰ ਅੱਜ ਪਛਤਾਉਂਦਾ ਹਾਂ ਕਿ ਮੈਂ ਉਹ ਮਸੌਦਾ (ਖਰੜਾ) ਉਨ੍ਹਾਂ ਕੋਲੋਂ ਉਦੋਂ ਕਿਉਂ ਨਾ ਲੈ ਕੇ ਸਾਂਭ ਲਿਆ। ਇਸ ਗੱਲ ਤੋਂ ਛੁੱਟ ਉਨ੍ਹਾਂ ਨਾਲ ਜਦ ਕਦੇ ਵੀ ਭਾਈ ਨਸੀਰੇ ਬਾਰੇ ਗੱਲਬਾਤ ਚੱਲੀ, ਤਾਂ ਉਨ੍ਹਾਂ ਹਮੇਸ਼ਾ ਉਸ ਬਾਰੇ ਬੜੀ ਉੱਚੀ ਰਾਏ ਦਾ ਇਜ਼ਹਾਰ ਕਰਦਿਆਂ ਇਹ ਗੱਲ ਆਖੀ : "ਉਹ ਬੜੇ ਉੱਚ ਕੋਟੀ ਦੇ ਫ਼ਨਕਾਰ, ਬਲਾ ਦੇ ਤਬਲੀਏ ਸਨ। ਹਿੰਦੁਸਤਾਨ ਭਰ ਵਿਚ ਕਾਹਨੂੰ ਕਿਸੇ ਨੂੰ ਆਗਤ ਜਮ੍ਹਾਂ 'ਚ ਰੱਖਦੇ ਸਨ। ਕਿਸੇ ਨੂੰ ਵੀ ਆਪਣਾ ਉਸਤਾਦ ਬਣਾਉਣ ਲਈ ਨਹੀਂ ਸਨ ਮੰਨਦੇ। ਅਕਸਰ ਕਿਹਾ ਕਰਦੇ ਸਨ, ਜੋ ਕੁਛ ਵੀ ਆਪਣੇ ਅੱਬੂ ਕੋਲੋਂ ਸਿੱਖਿਆ, ਬਸ ਉਹੀ ਕੁਝ ਹੀ ਬਹੁਤ ਹੈ। ਹਾਂ, ਅਗਲਾ ਪਹਿਲਾਂ ਮੇਰੇ ਨਾਲ ਮੁਕਾਬਲਾ ਕਰ ਲਏ, ਫਿਰ ਵੇਖਾਂ ਸੋਚਾਂਗੇ।"

ਤਾਲ ਵਿਦਿਆ ਨਾਲ ਮਮੂਲੀ ਮੱਸ ਰੱਖਣ ਵਾਲੇ ਵਿਅਕਤੀ ਵੀ ਇਸ ਗੱਲ ਨੂੰ ਭਲੀਭਾਂਤ ਜਾਣਦੇ ਹਨ ਕਿ ਹਿੰਦੁਸਤਾਨ ਦੀ ਧਰਤੀ ਹਾਲੇ ਤਕ ਦੱਤੀਆ ਰਿਆਸਤ ਦੇ ਕਦਊ ਸਿੰਘ ਨਾਲੋਂ ਹੋਰ ਕੋਈ ਵੱਡਾ ਪਖਾਵਜੀ ਪੈਦਾ ਨਹੀਂ ਕਰ ਸਕੀ। ਇਹ ਗੱਲ ਭਾਈ ਨਸੀਰਾ ਤੋਂ ਇਕ ਪੀਹੜੀ ਪਹਿਲਾਂ ਦੀ ਹੈ। ਹੁਣ ਤਕ, ਭਾਈ ਨਸੀਰਾ ਪੂਰੇ ਹਿੰਦੁਸਤਾਨ ਵਿਚ ਆਪਣਾ ਪੂਰਾ ਸਿੱਕਾ ਜਮਾ ਚੁੱਕਾ ਸੀ। ਮਹਾਰਾਜਾ ਰਾਏਗੜ੍ਹ ਨੇ ਉਸਦੀ ਸਿਫ਼ਤ-ਸਾਲਾਹ ਸੁਣ ਕੇ ਉਸ ਨੂੰ ਆਪਣੀ ਰਿਆਸਤ ਵਿਚ ਸੱਦਿਆ ਤਾਂ ਜੋ ਉਸ ਦਾ ਇਮਤਿਹਾਨ ਲਿਆ ਜਾ ਸਕੇ। ਸਕੀਮ ਇਹ ਸੀ ਕਿ ਆਪਣੀ ਰਿਆਸਤ ਦੇ ਇਕ ਦਰਬਾਰੀ ਪਰਬਤ ਸਿੰਘ (1876-1951 ਈ.) ਜਿਹੜਾ ਕਿ ਕਦਊ ਸਿੰਘ ਦਾ ਭਤੀਜਾ ਸੀ ਅਤੇ ਜੁਆਈ ਵੀ ਲੱਗਦਾ ਸੀ, ਉਸਦਾ ਉਸ ਨਾਲ ਮੁਕਾਬਲਾ ਕਰਵਾ ਕੇ ਉਸ ਨੂੰ ਨੀਵਾਂ ਦਿਖਾਇਆ ਜਾਏ। ਧਮਾਰ ਤਾਲ ਵਜਾਇਆ ਗਿਆ ਅਤੇ ਕਈ ਘੰਟਿਆਂ ਦੇ ਮੁਕਾਬਲੇ ਪਿੱਛੋਂ ਭਾਈ ਨਸੀਰਾ ਨੂੰ ਜੇਤੂ ਕਰਾਰ ਦਿੱਤਾ ਗਿਆ। ਮਹਾਰਾਜੇ ਨੇ ਉਸਨੂੰ 'ਦ ਸਟਾਰ ਆਫ਼ ਇੰਡੀਆ' ਦੇ ਮਾਣ-ਮੱਤੇ ਖ਼ਿਤਾਬ ਨਾਲ ਸਨਮਾਨਿਤ ਕੀਤਾ। ਇਕ ਹੋਰ ਮੌਕੇ 'ਤੇ ਮਹਾਰਾਜੇ ਨੇ ਉਸ ਨੂੰ 'ਤਾਲ ਸਮਰਾਟ' ਦੇ ਖ਼ਿਤਾਬ ਨਾਲ ਵੀ ਨਿਵਾਜਿਆ ਸੀ।

ਏਥੇ, ਇਕ ਇਹ ਤੱਥ ਬੜਾ ਦਿਲਕਸ਼ ਹੈ ਕਿ ਹਿੰਦੁਸਤਾਨ ਦੇ ਮੰਨੇ ਪ੍ਰਮੰਨੇ ਤਿੰਨ ਮਹਾਨ ਵਜੰਤਰੀਆ ਅਰਥਾਤ ਮੀਆਂ ਕਾਦਰ ਬਖ਼ਸ਼, ਭਾਈ ਨਸੀਰਾ ਅਤੇ ਕਰੀਮ

ਬਖ਼ਸ਼ ਪਰੇਨਾ ਦਾ ਜਨਮ ਸਾਲ 1902 ਈ. ਭਾਵ ਕਿ ਇੱਕੋ ਹੀ ਹੈ। ਇਹ ਤਿੰਨੇ ਕਲਾਕਾਰ ਹਾਣੀ ਸਨ ਤਾਂ ਵੀ ਮਨੋ-ਮਨੀ ਕਾਦਰ ਬਖ਼ਸ਼ ਇਹ ਚਾਹੁੰਦਾ ਸੀ ਕਿ ਪੁਰਾਣੀਆਂ ਖ਼ਾਨਦਾਨੀ ਰਵਾਇਤਾਂ ਨੂੰ ਕਾਇਮ ਰੱਖਦਿਆਂ ਭਾਈ ਨਸੀਰਾ ਉਸਨੂੰ ਆਪਣਾ ਗੁਰੂ ਮੰਨੇ, ਭਾਵੇਂ ਕਿ ਉਸਦਾ ਬਾਪ ਫ਼ਕੀਰ ਬਖ਼ਸ਼ ਉਸਦੇ ਪਿਤਾ ਭਾਈ ਅਮੀਰ ਤੋਂ ਇਕ ਵਾਰ ਮਾਤ ਵੀ ਖਾ ਚੁੱਕਾ ਸੀ। ਅੰਤ ਨੂੰ ਇਕ ਦਿਨ ਅਜਿਹਾ ਆ ਗਿਆ ਕਿ ਉਨ੍ਹਾਂ ਦੋਹਾਂ ਮਹਾਨ ਕਲਾਕਾਰਾਂ ਦਾ ਆਪਸ ਵਿਚੀਂ ਮੁਕਾਬਲਾ ਹੋ ਗਿਆ। ਉਸਤਾਦ ਅੱਲਾ ਰੱਖਾ ਖ਼ਾਂ ਦੇ ਦੱਸਣ ਅਨੁਸਾਰ, "ਆਖ਼ਰ ਉਸਦਾ ਮੇਰੇ ਪੀਰੋ-ਮੁਰਸ਼ਦ ਮੀਆਂ ਕਾਦਰ ਬਖ਼ਸ਼ ਨਾਲ ਟਾਕਰਾ ਹੋ ਗਿਆ। ਉਹ ਦੋਵੇਂ ਕਲਾਕਾਰ ਆਪਸ ਵਿਚੀਂ ਕਈ ਘੰਟੇ ਮੁਕਾਬਲਾ ਕਰਦੇ ਰਹੇ। ਆਖ਼ਰ ਨੌਬਤ ਪੰਜ ਤਾਰ ਦੀ ਸਵਾਰੀ - ਤੀਸਰੇ ਦਰਜੇ ਦੀ ਲਯ ਨੂੰ ਤਕਸੀਮ ਕਰਨ ਦੀ ਆ ਗਈ। ਉਸ ਵਿਚ ਤਿੰਨ ਦਫ਼ਾ ਆਉਣਾ ਹੁੰਦਾ ਹੈ, ਜਿਸਨੂੰ ਕਿ ਧਤੀਆ ਵੀ ਕਹਿੰਦੇ ਹਨ। ਜਦੋਂ ਉਸ ਕੋਲੋਂ ਉਹ ਨਾ ਵੱਜਾ ਤਾਂ ਮਸਾਂ ਕਿਤੇ ਜਾ ਕੇ ਭਾਈ ਨਸੀਰਾ ਮੀਆਂ ਜੀ ਦੀ ਬ੍ਰਤਰੀ (ਬਿਹਤਰੀ) ਨੂੰ ਮੰਨਿਆ। ਪਿੱਛੋਂ ਉਹ ਉਹਨਾਂ ਅੱਗੇ ਸ਼ੱਕਰ ਰੱਖ ਕੇ ਉਨ੍ਹਾਂ ਦਾ ਸ਼ਾਗਿਰਦ ਹੋਇਆ। ਭਾਈ ਨਸੀਰਾ ਜਾਂ ਭਾਈ ਅਮੀਰਾ, ਪਖਾਵਜ ਅੰਗ ਵਜਾਉਂਦੇ ਸਨ, ਗਤਕਾਰੀਏ ਨਹੀਂ ਸਨ।"

ਭਾਈ ਨਸੀਰਾ, ਭਾਈ ਚਿਰਾਗ਼ ਦਾ ਬੇਟਾ ਸੀ, ਜਿਸਨੂੰ ਕਿ ਭਾਈ ਅਮੀਰ ਨੇ ਆਪਣਾ ਮੁਤਬੰਨਾ ਬਣਾ ਲਿਆ ਸੀ। ਆਪਦਾ ਜਨਮ ਅੰਮ੍ਰਿਤਸਰ ਵਿਖੇ 1902 ਈ. ਵਿਚ ਹੋਇਆ। ਆਪਣੇ ਪੁਰਖਾਂ ਤੋਂ ਤਾਲੀਮ ਲੈ ਕੇ ਉਹ ਦਰਬਾਰ ਸਾਹਿਬ ਵਿਚ ਸੇਵਾ ਕਰ ਰਹੇ ਆਪਣੇ ਸਮੇਂ ਦੇ ਲਗਭਗ ਸਭ ਤੋਂ ਵੱਡੇ ਰਬਾਬੀਆਂ ਜਿਵੇਂ ਕਿ ਭਾਈ ਸਾਈਂ ਦਿੱਤਾ, ਭਾਈ ਚੋਸਾ ਅਤੇ ਭਾਈ ਤਾਬਾ ਆਦਿ ਨਾਲ, 1934 ਈ. ਤੋਂ ਲੈ ਕੇ 1940 ਈ. ਤਕ, ਸੰਗਤ ਕਰਦਾ ਰਿਹਾ। 1940 ਈ. ਦੇ ਨੇੜੇ-ਤੇੜੇ ਆਪਣੀ ਮਨਸ਼ਾ ਅਨੁਸਾਰ ਸ੍ਰੀ ਦਰਬਾਰ ਸਾਹਿਬ ਤੋਂ ਆਪ ਨੇ ਨੌਕਰੀ ਤਿਆਗ ਦਿੱਤੀ ਅਤੇ ਉਸ ਪਿੱਛੋਂ ਦੇਸ਼ ਭਰ ਦੀਆਂ ਵੱਡੀਆਂ ਵੱਡੀਆਂ ਸਭ ਸੰਗੀਤਕ ਕਾਨਫ਼੍ਰੰਸਾਂ ਵਿਚ ਭਾਗ ਲੈਣ ਜਾਂਦਾ ਰਿਹਾ। ਸਾਰੇ ਦੇਸ਼ ਦੇ ਦੌਰੇ ਕਰ ਕਰ ਕੇ ਉਸਨੇ ਖ਼ੂਬ ਨਾਂ ਜਸ ਖੱਟਿਆ। ਉਹ ਵਕਤ ਹੀ ਕੁਝ ਇਹੋ ਜਿਹੇ ਸਨ ਕਿ ਆਪਣੇ ਸਮਿਆਂ ਦੇ ਚਾਰ ਪ੍ਰਸਿੱਧ ਵਜੰਤਰੀ ਅਰਥਾਤ ਬਾਬਾ ਮਲੰਗ ਖ਼ਾਂ, ਭਾਈ ਸੰਤੂ, ਭਾਈ ਅੱਲਾ ਰੱਖਾ ਅੰਮ੍ਰਿਤਸਰੀ ਅਤੇ ਭਾਈ ਨਸੀਰਾ, ਜਦ ਕਿਧਰੇ ਵੀ ਕਿਸੇ ਰਿਆਸਤ ਜਾਂ ਕਿਸੇ ਵੱਡੀ ਸੰਗੀਤ ਕਾਨਫ਼੍ਰੰਸ ਵਿਚ ਇਕੱਠੇ ਹੁੰਦੇ, ਉਹ ਹਮੇਸ਼ਾ ਆਪਸ ਵਿਚੀਂ ਮੁਕਾਬਲੇ ਲਈ ਅਹੁਲਦੇ।

ਭਾਵੇਂ ਕਿ ਆਮ ਕਰਕੇ ਆਪ ਨੇ ਸੋਲੋ ਪਖਾਵਜ ਵਜਾਇਆ, ਪਰ ਆਪ ਤਬਲਾ ਅਤੇ ਪਖਾਵਜ ਵਜਾਉਣ ਵਿਚ ਵੀ ਓਨੀ ਹੀ ਮੁਹਾਰਤ ਰੱਖਦੇ ਸਨ। ਉਨ੍ਹਾਂ ਦੀ ਖ਼ਾਸ ਵਿਸ਼ੇਸ਼ਤਾ ਇਹ ਸੀ ਕਿ ਹਥੇਲੀ ਅਤੇ ਅੰਗੂਠੇ ਦੇ ਕੰਮ ਦੇ ਵੱਡੇ ਮਾਹਿਰ ਸਨ ਅਤੇ ਇਸਦੇ ਨਾਲ ਨਾਲ ਪਖਾਵਜ ਜਾਂ ਤਬਲੇ ਨੂੰ ਜ਼ਿਆਦਾ ਤੋਂ ਜ਼ਿਆਦਾ ਚਾਰ ਸੱਟਾਂ ਠੱਕ ਠਕਾਂ ਨਾਲ ਹੀ ਸੁਰ ਕਰ ਲੈਂਦੇ ਸਨ। ਤਬਲੇ ਦੇ ਬੋਲਾਂ ਦੀ ਖ਼ੂਬਸੂਰਤ ਕੱਟ ਵੱਢ, ਬੇਮਿਸਾਲ ਲਯਕਾਰੀ ਅਤੇ ਦਰੁੱਤ ਵਿਚ ਵੀ ਬੇਮਿਸਾਲ ਸਫ਼ਾਈ ਸੁਥਰਾਈ ਜਿਹੜਾ ਕਿ ਐਨਾ ਸਹਿਲ ਕੰਮ ਨਹੀਂ, ਇਹ ਆਪ ਦੇ ਵਿਸ਼ੇਸ਼ ਗੁਣ ਸਨ। ਖ਼ਾਸ ਕਰਕੇ, ਸੋਲੋ


www.sikhbookclub.com

ਵਜਾਉਣ ਲੱਗਿਆਂ, ਆਪ ਬਹੁਤ ਖੁੱਲ੍ਹਦੇ ਸਨ। ਧਮਾਰ ਤਾਲ, ਝੱਪ ਤਾਲ, ਪੰਜ ਤਾਲ ਦੀ ਸਵਾਰੀ ਅਤੇ ਗਣੇਸ਼ ਪਰਨ ਆਦਿ ਆਪ ਬੜੇ ਸ਼ੌਕ ਅਤੇ ਚਾਹਨਾ ਨਾਲ ਵਜਾਉਂਦੇ ਸਨ।

1947 ਵਿਚ ਪਾਕਿਸਤਾਨ ਬਣਿਆ ਤਾਂ ਆਪ ਅੰਮ੍ਰਿਤਸਰ ਤੋਂ ਹਿਜਰਤ ਕਰ ਕੇ ਲਾਹੌਰ ਚਲੇ ਗਏ ਅਤੇ ਉਥੇ ਰੇਡੀਓ ਪਾਕਿਸਤਾਨ ਵਿਚ ਨੌਕਰ ਹੋ ਗਏ। ਇਸ ਅਦਾਰੇ ਨਾਲ ਉਹ ਆਖ਼ਰੀ ਦਿਨਾਂ ਤਕ ਜੁੜੇ ਰਹੇ। ਲਾਹੌਰ ਵਿਖੇ ਆਪ ਕਟੜੀ ਬਾਵਾ, ਚੂਨਾ ਮੰਡੀ ਰਹਿੰਦੇ ਹੁੰਦੇ ਸਨ। ਪਾਕਿਸਤਾਨ ਦੀਆਂ ਕਈ ਫ਼ਿਲਮਾਂ ਵਿਚ ਆਪ ਦੀ ਪਖਾਵਜ ਬੜੀ ਪ੍ਰਸਿੱਧ ਸੀ। ਪਾਕਿਸਤਾਨ ਬਣਨ ਤੋਂ ਪਹਿਲਾਂ ਆਪ ਅਕਸਰ ਭੈਣੀ ਸਾਹਿਬ ਆਉਂਦੇ ਜਾਂਦੇ ਰਹਿੰਦੇ ਸਨ ਜਿਥੇ ਕਿ ਮਹਾਰਾਜਾ ਬੀਰ ਸਿੰਘ ਆਪ ਦੇ ਸ਼ਾਗਿਰਦ ਹੋ ਗਏ ਸਨ। ਪਾਕਿਸਤਾਨ ਜਾ ਕੇ ਆਪ ਨੇ ਕਈ ਸ਼ਾਗਿਰਦ ਤਿਆਰ ਕੀਤੇ। ਆਪ ਦੇ ਦੋ ਬੇਟੇ ਅਤੇ ਚਾਰ ਬੇਟੀਆਂ ਹਨ। ਆਪਦਾ ਇਕ ਬੇਟਾ ਫ਼ਿਲਮ ਇੰਡਸਟਰੀ ਵਿਚ ਸਹਾਇਕ ਮਿਊਜ਼ਿਕ ਡਾਇਰੈਕਟਰ ਹੈ ਜਦ ਕਿ ਉਨ੍ਹਾਂ ਦਾ ਦੂਜਾ ਬੇਟਾ ਦਰਜੀ ਦਾ ਕੰਮ ਕਰਦਾ ਹੈ। ਆਖ਼ਰ 25 ਦਸੰਬਰ, 1964 ਨੂੰ ਪਖਾਵਜ ਅਤੇ ਤਬਲੇ ਦਾ ਇਹ ਮਹਾਨ ਵਜੰਤਰੀ ਆਪਣੇ ਹਜ਼ਾਰਾਂ ਚਾਹੁਣ ਵਾਲਿਆਂ ਨੂੰ ਸਦੀਵੀ ਵਿਛੋੜਾ ਦੇ ਗਿਆ।

SIKHBOOKCLUB.COM

 www.sikhbookclub.com

# ਉਸਤਾਦ ਕਰੀਮ ਬਖ਼ਸ਼ ਪੇਰਨਾ

ਜਗਤ-ਵਿਖਿਆਤ ਉਸਤਾਦ ਅੱਲਾ ਰੱਖਾ ਖ਼ਾਂ ਦੀਆਂ ਬਾਰਮਬਾਰ ਮੁਲਾਕਾਤਾਂ ਨੂੰ ਮੈਂ ਅਕਸਰ ਹੀ ਟੇਪ-ਬੰਦ ਇਸ ਲਈ ਕਰਦਾ ਕਿ ਤਬਲੇ ਦੇ ਇਤਿਹਾਸ ਦੀ ਕਰੀਬਨ ਇਕ ਸਦੀ ਇਨ੍ਹਾਂ ਦੇ ਜ਼ਿਹਨ ਵਿਚ ਸਮਾਈ ਹੋਈ ਹੈ ਅਤੇ ਆਪ ਦੀ ਆਖੀ ਹੋਈ ਗੱਲ ਬਹੁਤੀਆਂ ਹਾਲਤਾਂ ਵਿਚ ਸਨਦ ਦਾ ਦਰਜਾ ਵੀ ਰੱਖਦੀ ਹੈ। ਅੰਮ੍ਰਿਤਸਰ ਦੇ ਜਿਨ੍ਹਾਂ ਤਬਾਲਾਂ ਦੀ ਉਹ ਭਰਪੂਰ ਤਾਰੀਫ਼ ਕਰਿਆ ਕਰਦੇ ਸਨ, ਉਨ੍ਹਾਂ ਵਿਚ ਕਰੀਮ ਬਖ਼ਸ਼ ਦਾ ਨਾਂ ਵੀ ਆਉਂਦਾ ਹੈ। ਇਹ ਉਹ ਕਲਾਕਾਰ ਸਨ, ਜਿਹੜੇ ਪਾਕਿਸਤਾਨ ਬਣਨ ਪਿੱਛੋਂ ਵੀ ਕਦੇ ਕਦੇ ਭਾਰਤ ਦਾ ਗੇੜਾ ਮਾਰਦੇ ਰਹੇ ਅਤੇ ਆਪਣੀ ਕਲਾ ਦੁਆਰਾ ਸਰੋਤਿਆਂ ਨੂੰ ਮੰਤਰ-ਮੁਗਧ ਕਰਦੇ ਰਹੇ

ਇਸ ਕਲਾਕਾਰ ਨੂੰ ਮਿਲਣ ਦੀ ਮੇਰੀ ਬੜੀ ਚਾਹਨਾ ਸੀ ਜਿਹੜੀ ਕਿ ਦਾਤੇ ਨੇ 7 ਸਤੰਬਰ, 1960 ਨੂੰ ਪੂਰੀ ਕੀਤੀ। ਗੱਲ ਇਉਂ ਹੋਈ ਕਿ ਉਸ ਸਾਲ ਮੈਂ ਈਸਟ ਅਫ਼ਰੀਕਾ ਪੁੱਜਣ ਲਈ ਸਮੁੰਦਰੀ ਜਹਾਜ਼ ਰਾਹੀਂ ਸਫ਼ਰ ਕਰ ਰਿਹਾ ਸਾਂ ਤਾਂ ਸਾਡਾ ਜਹਾਜ਼ ਕਰਾਚੀ ਬੰਦਰਗਾਹ 'ਤੇ ਰੁਕਿਆ। ਉਨ੍ਹੀਂ ਦਿਨੀਂ, ਹਵਾਈ ਜਹਾਜ਼ਾਂ 'ਚ ਸਫ਼ਰ ਕਰਨ ਦਾ ਰਿਵਾਜ ਬੜਾ ਘੱਟ ਹੁੰਦਾ ਸੀ। ਆਪਣੀ ਆਮਦ ਬਾਰੇ ਮੈਂ ਕਰਾਚੀ ਰਹਿ ਰਹੇ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਮਾਲਿਕ ਆਪਣੇ ਇਕ ਲੇਖਕ ਦੋਸਤ ਏ.ਬੀ. ਰਾਜਪੂਤ ਸਾਹਿਬ ਨੂੰ ਪਹਿਲਾਂ ਹੀ ਸੂਚਿਤ ਕੀਤਾ ਹੋਇਆ ਸੀ। ਜਦ ਹੀ ਉਨ੍ਹਾਂ ਨੂੰ ਮੈਂ ਆਪਣੀ ਮਨਸ਼ਾ ਦੱਸੀ, ਓਸੇ ਵੇਲੇ ਹੀ ਉਹ ਸਾਨੂੰ ਆਪਣੀ ਪੋਂਟੀਅਕ ਗੱਡੀ 'ਚ ਰੇਡੀਓ ਸਟੇਸ਼ਨ ਲੈ ਗਏ। ਓਸ ਦਿਨ ਓਥੇ ਬੈਂਜਾਮਨ ਸਿਸਟਰਜ਼ ਦਾ ਵੀ ਪ੍ਰੋਗਰਾਮ ਸੀ। ਓਥੇ ਹੀ ਪੇਰਨਾ ਸਾਹਿਬ ਵੀ ਤਸ਼ਰੀਫ਼ ਲੈ ਆਏ। ਮਿਲ ਕੇ ਉਹ ਬੜੇ ਖ਼ੁਸ਼ ਹੋਏ। ਤਬਲਚੀ ਉਸਤਾਦ ਅੱਲਾ ਦਿੱਤਾ ਖ਼ਾਂ (1910-1968 ਈ.) ਬਿਹਾਰੀਪੁਰੀਆ ਵੀ ਓਥੇ ਹੀ ਸਨ। ਉਨ੍ਹਾਂ ਨਾਲ ਇਹ ਮੇਰੀ ਪਹਿਲੀ ਮੁਲਾਕਾਤ ਸੀ। ਹਾਲੇ ਤਕ ਮੈਂ ਉਨ੍ਹਾਂ ਦਾ ਤਬਲਾ ਹੀ ਸੁਣਿਆ ਸੀ। ਉਨ੍ਹਾਂ ਦੇ ਹੱਥ, ਆਪਣੇ ਮਨ 'ਚ ਚਿਤਵੇ ਹੋਏ ਖ਼ਿਆਲਾਂ ਦੇ ਬਿਲਕੁਲ ਉਲਟ, ਬੜੇ ਬੱਠਲ, ਬੜਬੋਂਗ ਜਿਹੇ ਲੱਗੇ, ਕਾਫ਼ੀ ਵੱਡੇ ਵੱਡੇ। ਮੀਆਂ ਕਾਦਰ ਬਖ਼ਸ਼ ਦੇ ਹੱਥਾਂ ਵਾਂਗ ਡੱਫਲ ਜਿਹੇ। ਪਰ ਜਦ ਹੀ ਉਨ੍ਹਾਂ ਤਬਲੇ 'ਤੇ ਹੱਥ ਧਰਿਆ ਤਾਂ 'ਵਾਜ ਐਨੀ ਸਾਫ਼ ਸ਼ਫ਼ਾਫ਼ ਜਿਵੇਂ ਕਿਸੇ ਨਵੀਂ ਨਵੀਂ ਟਾਈਪ ਮਸ਼ੀਨ 'ਚੋਂ ਟਿਕ ਟਿਕ ਦੀ ਆਵਾਜ਼ ਆ ਰਹੀ ਹੋਵੇ। ਮੈਂ ਅਨੁਭਵ ਕੀਤਾ ਕਿ ਇਹ ਬੰਦਾ ਬਿਜਲੀ ਦੇ ਕਰੰਟਾਂ ਦੀਆਂ ਤੇਜ਼ੀਆਂ ਤਰਾਰੀਆਂ ਆਪਣੇ ਪੋਟਿਆਂ ਵਿਚ ਪਾ ਕੇ, ਸੂਖਮ ਛੋਹਾਂ ਸਪਰਸ਼ਾਂ ਨਾਲ ਤਬਲੇ 'ਚੋਂ ਅੰਮ੍ਰਿਤਧਾਰਾ ਚੁਆ ਸਕਦਾ ਹੈ।

 www.sikhbookclub.com

ਆਪ ਦਾ ਜਨਮ ਅੰਮ੍ਰਿਤਸਰ ਵਿਖੇ 1902 ਈ. ਵਿਚ ਹੋਇਆ। ਪਹਿਲਾਂ ਆਪਣੇ ਪਿਤਾ ਤੋਂ ਸਿੱਖਦੇ ਰਹੇ, ਪਿੱਛੋਂ ਉਹ ਤਬਲੇ ਦੇ ਸ਼ਾਇਰ ਉਸਤਾਦ ਨਬੀ ਬਖ਼ਸ਼ ਕਾਲਰਾ ਵਾਲੇ ਦੇ ਸ਼ਾਗਿਰਦ ਹੋ ਗਏ। ਫੱਤਾ ਡੂੱਲ ਅਤੇ ਦੂਜੇ ਪਾਸੇ ਫ਼ਕੀਰ/ਕਾਦਰ ਬਖ਼ਸ਼ ਖ਼ਾਨਦਾਨ ਦੀ ਆਪਸ ਵਿਚੀਂ ਲਾਗਡਾਟ ਤਾਂ ਮੁੱਢ ਤੋਂ ਹੀ ਰਹਿੰਦੀ ਸੀ, ਇਹ ਸਿਲਸਿਲਾ ਅਗਾਂਹ ਵੀ ਫਿਰ ਏਸੇ ਤਰ੍ਹਾਂ ਚੱਲਦਾ ਰਿਹਾ। ਮਨੋਂ-ਮਨੀਂ ਪੇਰਨਾ ਆਪਣੇ ਆਪ ਨੂੰ ਕਾਦਰ ਬਖ਼ਸ਼ ਤੋਂ ਘੱਟ ਨਹੀਂ ਸੀ ਸਮਝਦਾ। ਲਾਹੌਰ ਵਿਚ ਦੋ ਮੌਕਿਆਂ 'ਤੇ ਆਪਸੀ ਮੁਕਾਬਲੇ 'ਚ ਤਕੀਆ ਮਿਰਾਸੀਆਂ ਦੇ ਇਹਾਤੇ 'ਚ ਇਨ੍ਹਾਂ ਦੇ ਮੈਦਾਨੀ ਦੰਗਲ ਵੀ ਬੱਝੇ। ਪਹਿਲੀ ਵੇਰ ਇਹ ਵਿੱਚੋਂ ਮੈਦਾਨ ਛੱਡ ਕੇ ਆ ਗਏ, ਪਰ ਕੁਝ ਹੀ ਸਾਲਾਂ ਪਿੱਛੋਂ ਹੋਰ ਵਧੇਰੇ ਤਪ ਸਾਧਨਾ ਕਰ ਕੇ ਉਹਦੇ ਮੁਕਾਬਲੇ ਲਈ ਦੁਬਾਰਾ ਆ ਡਟੇ। ਭਰੇ ਮੈਦਾਨ ਵਿਚ ਕਈ ਘੰਟੇ ਤਬਲਾ ਵਜਾ ਕੇ ਲਾਹੌਰ ਦੇ ਗਿਣੇ ਚੁਣੇ ਕਰੀਬਨ ਦੋ ਸੌ ਕਸਬੀਆਂ ਕੋਲੋਂ ਭਰਪੂਰ ਦਾਦ ਖੱਟੀ, ਪਰ ਇਸ ਵੇਰ ਮੀਆਂ ਜੀ ਮੈਦਾਨ 'ਚ ਨਹੀਂ ਸਨ ਆਏ ਬਲਕਿ ਆਪਣੇ ਇਕ ਸ਼ਾਗਿਰਦ ਅਨਾਇਤ ਨੂੰ ਇਹ ਕਹਿ ਕੇ ਬਿਠਾ ਦਿੱਤਾ ਸੀ, "ਓ ਭਈ ਅਨਾਇਤੀ ਹੁਣ ਤੂੰ ਵੀ ਕੁਝ ਦਿਖਾ ਇਸ ਨੂੰ।"

20 ਜਨਵਰੀ, 1975 ਨੂੰ ਆਪ ਕੋਇਟਾ ਵਿਖੇ ਕਾਲ-ਵੱਸ ਹੋ ਗਏ।

 www.sikhbookclub.com

# ਭਾਈ ਬਹਾਦਰ ਸਿੰਘ



*ਭਾਈ ਬਹਾਦਰ ਸਿੰਘ*
*ਤਬਲਾ ਵਾਦਕ*

ਵੀਹਵੀਂ ਸਦੀ ਵਿਚ ਜਿਹੜੇ ਤਬਲਾ ਨਵਾਜ਼ਾਂ ਨੇ ਘੋਰ ਤਪ ਸਾਧਨਾ ਕਰ ਕੇ ਬੜਾ ਵੱਡਾ ਮੁਕਾਮ ਪੈਦਾ ਕੀਤਾ, ਉਨ੍ਹਾਂ ਵਿਚ ਭਾਈ ਬਹਾਦਰ ਸਿੰਘ ਦਾ ਨਾਂ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਆਪ ਨਾਲ ਦੇਸ਼ ਭਰ ਦੇ ਵੱਡੇ ਤੋਂ ਵੱਡੇ ਗਾਇਕ, ਜਿਵੇਂ ਕਿ ਬੜੇ ਗ਼ੁਲਾਮ ਅਲੀ ਖ਼ਾਂ, ਜਾਂ ਕੁਝ ਹੋਰ ਗਾ ਕੇ ਸਦਾ ਬਹੁਤ ਆਨੰਦ ਮਾਣਦੇ ਸਨ। ਆਪਣੇ ਆਪ ਵਿਚ ਇਹ ਇਕ ਬਹੁਤ ਵੱਡੀ ਗੱਲ ਸੀ।

ਆਪ ਦਾ ਜਨਮ 19 ਅਕਤੂਬਰ, 1903 ਨੂੰ ਪਿੰਡ ਕਿਸ਼ਨ ਗੜ੍ਹ, ਜ਼ਿਲ੍ਹਾ ਲਾਇਲਪੁਰ ਵਿਖੇ ਸ. ਗੰਡਾ ਸਿੰਘ ਸਿੱਧੂ ਦੇ ਘਰ ਹੋਇਆ। ਪਰਿਵਾਰਕ ਕਿੱਤਾ ਭਾਵੇਂ ਖੇਤੀਬਾੜੀ ਸੀ, ਪਰ ਪੰਜ ਵਰ੍ਹਿਆਂ ਦੀ ਉਮਰ ਵਿਚ ਆਪ ਨੂੰ ਖ਼ਾਲਸਾ ਯਤੀਮਖ਼ਾਨਾ ਵਿਚ ਸੰਗੀਤ ਦੀ ਸਿੱਖਿਆ ਪ੍ਰਾਪਤ ਕਰਨ ਲਈ ਪੜ੍ਹਨੇ ਪਾ ਦਿੱਤਾ। ਕੁਝ ਸਾਲਾਂ ਪਿੱਛੋਂ ਆਪ ਨੂੰ ਉਸ ਸਮੇਂ ਦੇ ਬਹੁਤ ਵੱਡੇ ਉਸਤਾਦ ਭਾਈ ਉੱਤਮ ਸਿੰਘ ਕੋਲ ਭੇਜ ਦਿੱਤਾ ਗਿਆ। ਉਨ੍ਹਾਂ ਇਸ ਨੂੰ, ਇਸਦੀ ਆਵਾਜ਼, ਵੇਖ ਸੁਣ ਕੇ, ਇਹ ਸਲਾਹ ਦਿੱਤੀ ਕਿ ਉਹ ਤਬਲੇ ਦੀ ਤਾਲੀਮ ਲਏ। ਇਸ ਲਈ ਉਨ੍ਹਾਂ ਇਸ ਨੂੰ ਭਾਈ ਮਹਿਰਾਬ ਸਿੰਘ (1833-1918 ਈ.) ਕੋਲ ਭੇਜ ਦਿੱਤਾ। 1919 ਈ. ਵਿਚ ਆਪ ਆਪਣੇ ਉਸਤਾਦ ਦੀ ਮੌਤ ਪਿੱਛੋਂ ਅੰਮ੍ਰਿਤਸਰ ਤੋਂ ਲਾਹੌਰ ਚਲੇ ਗਏ ਅਤੇ ਮੀਰਾਂ ਬਖ਼ਸ਼ ਗਿਲਵਾਲੀਆ (?—1956 ਈ.) ਦੇ ਸ਼ਾਗਿਰਦ ਹੋ ਗਏ। ਪੰਡਿਤ ਜੀਵਨ ਲਾਲ ਮੱਟੂ ਦੀ ਸਿਫ਼ਾਰਸ਼ 'ਤੇ ਆਪ ਮੀਆਂ ਫ਼ਕੀਰ ਬਖ਼ਸ਼ ਦੇ ਸ਼ਾਗਿਰਦ ਵੀ ਬਣੇ। ਪਹਿਲਾ ਪਹਿਲਾਂ ਤਾਂ ਆਪ ਨੂੰ ਪਖਾਵਜ ਸ਼ੈਲੀ ਦੀ ਹੀ ਸਿੱਖਿਆ ਦਿੱਤੀ ਗਈ ਸੀ, ਪਿੱਛੋਂ ਗਤ ਦਾ ਕੰਮ ਸਿਖਾਇਆ ਗਿਆ। 1927 ਈ. ਚ ਨੇੜੇ ਤੇੜੇ ਆਪ ਲਾਹੌਰ ਦੇ ਰੇਲਵੇ ਆਰਕੈਸਟਰੇ ਨਾਲ ਕੰਮ ਕਰਨ ਲੱਗ ਪਏ, ਪਰ ਜਦੋਂ ਓਥੇ ਰੇਡੀਓ ਸਟੇਸ਼ਨ ਖੁੱਲ੍ਹ ਗਿਆ, ਤਾਂ ਬਤੌਰ ਸਟਾਫ਼ ਆਰਟਿਸਟ ਦੇ ਨਿਯੁਕਤ ਹੋ ਗਏ। ਦੇਸ਼ ਦੇ ਵੰਡਾਰੇ ਤਕ ਓਥੇ ਰਹੇ, ਪਿੱਛੋਂ ਆਲ ਇੰਡੀਆ ਰੇਡੀਓ ਦੇ ਜਲੰਧਰ ਸਟੇਸ਼ਨ 'ਤੇ ਆਖ਼ਰੀ ਉਮਰ ਤਕ ਰਹੇ। 1967 ਈ. ਵਿਚ ਆਪ ਚੜ੍ਹਾਈ ਕਰ ਗਏ। ਆਪ ਦੇ ਅਨੇਕ ਸ਼ਾਗਿਰਦ ਸਨ, ਜਿਨ੍ਹਾਂ ਨੇ ਤਬਲਾ-ਵਾਦਨ 'ਚ ਬਹੁਤ ਨਾਂ ਖੱਟਿਆ ਹੈ। ਸ. ਮੋਹਨ ਸਿੰਘ ਰੇਰੂ ਵਾਲੇ, ਜਿਹੜੇ ਕਈ ਵਰ੍ਹੇ ਰੇਡੀਓ ਸਟੇਸ਼ਨ ਜਲੰਧਰ ਕੰਮ ਕਰਦੇ ਰਹੇ, ਵੀ ਉਨ੍ਹਾਂ ਦੇ ਲਾਡਲੇ ਸ਼ਾਗਿਰਦ ਸਨ, ਜਿਨ੍ਹਾਂ 'ਤੇ ਪੰਜਾਬ ਵਾਸੀਆਂ ਨੂੰ ਬੜਾ ਨਾਜ਼ ਸੀ।


www.sikhbookclub.com

# ਭਾਈ ਸੁੰਦਰ ਸਿੰਘ



*ਭਾਈ ਸੁੰਦਰ ਸਿੰਘ*

ਭਾਈ ਸੁੰਦਰ ਸਿੰਘ ਜੀ ਆਟਾ ਮੰਡੀ ਵਾਲੇ ਸਾਰੰਦੇ ਨਾਲ ਕੀਰਤਨ ਕਰਦੇ ਸਨ। ਦੁਰਗਿਆਣੇ ਮੰਦਰ, ਅੰਮ੍ਰਿਤਸਰ ਵਿਚ ਹੋਲੀਆਂ ਸਮੇਂ ਹੁੰਦੇ ਰਾਗ ਦਰਬਾਰ ਵਿਚ ਕਿਸੇ ਨੇ ਸਿੱਖ ਰਾਗੀਆਂ ਬਾਰੇ ਰਾਗ ਤੋਂ ਅਣਜਾਣ ਹੋਣ ਦਾ ਕਟਾਖਸ਼ ਕੀਤਾ ਜੋ ਕਿਸੇ ਪ੍ਰੇਮੀ ਨੇ ਇਨ੍ਹਾਂ ਨੂੰ ਆ ਦੱਸਿਆ ਤੇ ਇਸ ਕਾਟ ਉੱਤੇ ਦੁੱਖ ਪ੍ਰਗਟ ਕੀਤਾ। ਭਾਈ ਸਾਹਿਬ ਨੇ ਗੁਰੂ ਦਰਬਾਰ ਨਮਸਕਾਰ ਕੀਤੀ, ਆਪਣਾ ਸਾਰੰਦਾ ਲਿਆ ਤੇ ਰਾਗ ਦਰਬਾਰ ਜਾ ਪੁੱਜੇ। ਸਟੇਜ 'ਤੇ ਪੁੱਜ ਚੈਲਿੰਜ ਕਰ ਦਿੱਤਾ, "ਕੋਈ ਕਲਾਕਾਰ ਅਲਾਪੇ ਰਾਗ 'ਤੇ ਮੈਂ ਸੰਗਤ ਕਰਦਾ ਹਾਂ ਤੇ ਮੇਰੇ ਅਲਾਪ ਉੱਤੇ ਆਓ ਕੌਣ ਕਰਦੈ ਸੰਗਤ ਸਾਜ਼ ਨਾਲ ?"

"ਆਪ ਨੇ ਰਾਗ ਦੀ ਪੇਸ਼ਕਾਰੀ ਕਰ ਕੇ ਇਹ ਵਹਿਮ ਦੂਰ ਕਰ ਦਿੱਤਾ ਕਿ ਸਿੱਖਾਂ ਵਿਚ ਰਾਗ ਜਾਣਕਾਰੀ ਦੀ ਘਾਟ ਹੈ।"[1]

*ਗੁਰਬਾਣੀ ਸੰਗੀਤ* ਦੇ ਕਰਤਾ ਭਾਈ ਗਿਆਨ ਸਿੰਘ ਐਬਟਾਬਾਦੀ (1897-...) ਆਪਣੀ ਕਿਰਤ ਦੀ ਭੂਮਿਕਾ ਵਿਚ ਉਸ ਬਾਰੇ ਲਿਖਦੇ ਹਨ ਕਿ ਸੰਸਾਰ ਪ੍ਰਸਿੱਧ ਲੇਖਕ ਸ਼੍ਰੀ ਰਾਬਿੰਦਰ ਨਾਥ ਟੈਗੋਰ ਉਸ ਤੋਂ ਐਨਾ ਪ੍ਰਭਾਵਿਤ ਹੋਏ ਕਿ ਉਹ ਕਲਕੱਤੇ ਲੈ ਜਾਣ ਲਈ ਕਹਿਣ ਲੱਗੇ, ਪਰ ਉਹ ਹਰਿਮੰਦਰ ਸਾਹਿਬ ਦੀ ਸੇਵਾ ਛੱਡ ਕੇ ਉਨ੍ਹਾਂ ਨਾਲ ਜਾਣ ਨੂੰ ਤਿਆਰ ਨਾ ਹੋਇਆ।

ਇਸ ਬਾਰੇ ਜਿਥੋਂ ਤਕ ਇਸ ਲੇਖਕ ਦਾ ਖ਼ਿਆਲ ਹੈ, ਟੈਗੋਰ ਜੀ ਜਦੋਂ ਫ਼ਰਵਰੀ 1935 ਵਿਚ ਪੰਜਾਬ ਆਏ ਤਾਂ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਗਿਆਂ, ਭਾਈ ਸ਼ੇਰ ਸਿੰਘ ਤੋਂ ਪ੍ਰਭਾਵਿਤ ਹੋਏ ਸਨ। ਅੰਮ੍ਰਿਤਸਰ ਤੋਂ ਉਹ ਫਿਰ ਲਾਹੌਰ ਆਏ ਅਤੇ ਅਨਾਰਕਲੀ ਬਾਜ਼ਾਰ ਵਾਲੇ ਧਨੀ ਰਾਮ ਭੱਲਾ ਦੀ ਨਵਾਂ ਕੋਟ ਵਾਲੀ ਕੋਠੀ ਵਿਚ ਠਹਿਰੇ। ਇਸ ਗੱਲ ਦਾ ਜ਼ਿਕਰ ਉਨ੍ਹਾਂ ਓਥੇ ਵੀ ਕੀਤਾ। ਹੋ ਸਕਦਾ ਹੈ ਕਿ ਇਹ ਘਟਨਾ

1. ਵੇਖੋ, ਸ. ਬਲਬੀਰ ਸਿੰਘ ਮੁਸਾਫ਼ਰ ਜਲੰਧਰ ਛਾਉਣੀ ਦਾ ਲੇਖ, "ਕੀਰਤਨ-ਵਿਕਾਸ, ਇਤਿਹਾਸ ਤੇ ਮਹਾਨਤਾ," *ਸਿੰਘ ਸਭਾ ਪੱਤ੍ਰਿਕਾ*, ਮਾਰਚ 1978 ਅੰਕ, ਸਫ਼ਾ 147.


www.sikhbookclub.com

ਸੁੰਦਰ ਸਿੰਘ ਹੋਰਾਂ ਨਾਲ ਵੀ ਵਾਪਰੀ ਹੋਵੇ ਕਿਉਂਕਿ ਉਹ ਵੀ ਇਕ ਉੱਚ ਕੋਟੀ ਦੇ ਰਾਗੀ ਸਨ।

ਇਹ ਇਕ ਅੱਛਾ ਸ਼ੁਕਾਅ ਹੈ ਕਿ ਸਾਡੇ ਅੱਜ ਦੇ ਸੰਗੀਤ ਵਿਦਵਾਨਾਂ ਵਿੱਚੋਂ ਕਈਆਂ ਦਾ ਧਿਆਨ ਇਸ ਤੱਥ ਵੱਲ ਰੁਚਿਤ ਹੋ ਰਿਹਾ ਹੈ ਕਿ ਰਾਵਿੰਦਰ ਸੰਗੀਤ 'ਤੇ ਸਿੱਖ ਕੀਰਤਨ ਦਾ ਬੜਾ ਅਸਰ ਹੈ। ਹੋਵੇ ਵੀ ਕਿਉਂ ਨਾ ? ਅਸਲ ਗੱਲ ਤਾਂ ਇਹ ਹੈ ਕਿ ਬੰਗਾਲੀ ਪੰਜਾਬ ਦੇ ਸੰਗੀਤ ਤੋਂ ਮੁੱਢ ਤੋਂ ਹੀ ਬੜਾ ਮੁਤਾਸਰ ਰਹੇ ਹਨ। ਸਭ ਤੋਂ ਪਹਿਲਾਂ ਨਿਧੂ ਬਾਬੂ, ਜਿਸਦਾ ਪੂਰਾ ਨਾਂ ਰਾਮਨਿਧੀ ਗੁਪਤਾ (1742-1839 ਈ.) ਸੀ, ਨੇ ਪੰਜਾਬੀ ਸੰਗੀਤ ਦੇ ਇਕ ਮੁੱਖ ਅੰਗ 'ਟੱਪਾ' ਨੂੰ ਬੰਗਾਲ ਵਿਚ ਪਰਿਚਿਤ ਕਰਵਾਇਆ। ਉਸ ਤੋਂ ਉਪਰੰਤ ਜੇਕਰ ਅਸੀਂ ਰਾਬਿੰਦਰ ਨਾਥ ਟੈਗੋਰ ਦੀ ***ਜੀਵਨ ਸਿਮਰਤੀ*** ਜਿਹੜੀ ਉਨ੍ਹਾਂ ਆਪਣੀ ਜਿੰਦਗੀ ਦੇ ਪ੍ਰਭਾਵਾਂ ਬਾਰੇ ਆਪਣੀ ਪੰਜਾਹ ਵਰ੍ਹੇ ਦੀ ਉਮਰ ਵਿਚ ਲਿਖੀ ਅਤੇ ਜਿਹੜੀ ਸਭ ਤੋਂ ਪਹਿਲਾਂ ਮੈਕਮਿਲਨ ਪਬਲਿਸ਼ਰਜ਼ ਨੇ 1917 ਈ. ਵਿਚ *My Reminiscences* ਦੇ ਨਾਂ ਹੇਠ ਛਾਪੀ, ਪੜ੍ਹੀਏ ਤਾਂ ਉਸਦੇ ਅਧਿਐਨ ਤੋਂ ਵੀ ਸਾਨੂੰ ਪਤਾ ਲੱਗਦਾ ਹੈ ਕਿ ਰਵੀ ਬਾਬੂ ਅਤੇ ਉਸਦੇ ਪਿਤਾ ਦਬਿੰਦਰ ਨਾਥ ਟੈਗੋਰ ਦੋਵੇਂ ਸ੍ਰੀ ਦਰਬਾਰ ਸਾਹਿਬ ਅਤੇ ਇਸ ਥਾਂ ਹੁੰਦੇ ਕੀਰਤਨ ਤੋਂ ਹਮੇਸ਼ਾ ਬੜੇ ਪ੍ਰਭਾਵਿਤ ਰਹੇ। ਉਹ ਦੋਵੇਂ ਸਭ ਤੋਂ ਪਹਿਲਾਂ ਅੰਮ੍ਰਿਤਸਰ ਜਨਵਰੀ 1873 ਈ. ਵਿਚ ਆਏ ਅਤੇ ਏਥੇ ਫਿਰ ਪੂਰਾ ਇਕ ਮਹੀਨਾ ਰਹੇ। ਯਾਦ ਰਹੇ, ਰਾਬਿੰਦਰ ਦੀ ਉਮਰ ਉਸ ਵੇਲੇ ਬਾਰ੍ਹਾਂ ਵਰ੍ਹਿਆਂ ਦੀ ਸੀ। ਰਾਬਿੰਦਰ ਨਾਥ ਆਪਣੀ ਕਿਰਤ ਦੇ ਸਫ਼ਾ 72 'ਤੇ ਲਿਖਦੇ ਹਨ : "ਸ੍ਰੀ ਦਰਬਾਰ ਸਾਹਿਬ ਦੀ ਯਾਦ ਮੇਰੇ ਦਿਲ ਵਿਚ ਇਕ ਸੁਪਨੇ ਵਾਂਗ ਆਉਂਦੀ ਹੈ। ਉਸ ਪਾਵਨ ਥਾਂ 'ਤੇ ਰਸ-ਭਿੰਨੇ ਕੀਰਤਨ ਦਾ ਪਰਵਾਹ ਲਗਾਤਾਰ ਚੱਲਦਾ ਰਹਿੰਦਾ ਹੈ।"

ਇਹ ਗੱਲ ਏਥੇ ਖ਼ਾਸ ਮਹੱਤਤਾ ਰੱਖਦੀ ਹੈ ਕਿ ਰਾਬਿੰਦਰ ਨਾਥ 1873 ਈ. ਦੇ ਪਿੱਛੋਂ ਵੀ ਇਸ ਥਾਂ ਆਉਂਦੇ ਜਾਂਦੇ ਰਹੇ। ਕੁਝ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਰਾਬਿੰਦਰ ਨਾਥ ਇਨ੍ਹਾਂ ਦੋਹਾਂ ਸਿੱਖ ਰਾਗੀਆਂ ਭਾਵ ਕਿ ਭਾਈ ਸ਼ੇਰ ਸਿੰਘ ਅਤੇ ਭਾਈ ਸੁੰਦਰ ਸਿੰਘ ਤੋਂ ਛੁੱਟ ਭਾਈ ਪੂਰਨ ਸਿੰਘ ਤੋਂ ਵੀ ਪ੍ਰਭਾਵਿਤ ਹੋਏ। ਸਾਡੇ ਪ੍ਰਸਿੱਧ ਕਹਾਣੀਕਾਰ ਪ੍ਰਿੰਸੀਪਲ ਸੁਜਾਨ ਸਿੰਘ ਜੀ ਵੀ ਆਪਣੀ ਇਕ ਕਿਰਤ ***ਜੰਮੂ ਜੋ ਤੁਸੀਂ ਬੜੇ ਰਾਮ*** ਵਿਚ ਇਕ ਥਾਂ ਲਿਖ ਜਾਂਦੇ ਹਨ :

> ਭਾਈ ਸੁੰਦਰ ਸਿੰਘ ਬਾਰੇ ਤਾਂ ਰਵੀ ਬਾਬੂ ਨੇ ਏਥੋਂ ਤਕ ਕਹਿ ਦਿੱਤਾ ਸੀ : ਭਾਈ ਜੀ ਹਰਿਮੰਦਰ ਮੇਂ ਕੀਰਤਨ ਕਰਤਾ ਹੈ, ਨਹੀਂ ਤੋ ਹਮ ਉਸਕੋ ਚੁਰਾ ਕੇ ਲੇ ਜਾਤਾ।[2]

ਭਾਈ ਸੁੰਦਰ ਸਿੰਘ ਭਾਈ ਸ਼ੇਰ ਸਿੰਘ ਦਾ ਸਮਕਾਲੀ ਸੀ। ਪਹਿਲਾਂ ਪਹਿਲਾਂ ਉਹ ਆਪਣੇ ਸ਼ਹਿਰ ਦੇ ਇਕ ਉਸਤਾਦ ਇਲਾਹੀ ਬਖ਼ਸ਼ ਤੋਂ ਖ਼ਿਆਲ ਗਾਇਕੀ ਸਿੱਖਦਾ ਰਿਹਾ, ਫਿਰ ਭਾਈ ਮੋਤੀ ਦਾ ਸ਼ਾਗਿਰਦ ਹੋ ਗਿਆ। ਉਹ ਸਾਰੰਦੇ ਨਾਲ ਕੀਰਤਨ ਕਰਦਾ ਸੀ, ਜਿਸ ਵਿਚ ਧਰੁੱਪਦ ਅੰਗ ਦੀ ਗਾਇਕੀ ਦੀ ਝਲਕ ਪ੍ਰੱਤਖ ਦਿੱਸਦੀ ਸੀ। ਸ਼ੁਰੂ ਸ਼ੁਰੂ ਵਿਚ ਉਹ ਸ੍ਰੀ ਦਰਬਾਰ ਸਾਹਿਬ ਵਿਖੇ ਹਜ਼ੂਰੀ ਰਾਗੀ ਦੇ ਪਦ 'ਤੇ ਰਿਹਾ, ਪਿੱਛੋਂ 1932

2. ਪ੍ਰਿੰਸੀਪਲ ਸੁਜਾਨ ਸਿੰਘ, *ਜੰਮੂ ਜੋ ਤੁਸੀਂ ਬੜੇ ਰਾਮ* (1977), ਸਿੰਘ ਬ੍ਰਦਰਜ਼, ਅੰਮ੍ਰਿਤਸਰ, ਸਫ਼ਾ 134


www.sikhbookclub.com

ਈ. ਦੇ ਨੇੜੇ ਓਥੋਂ ਦਾ ਮੁਖੀ ਰਾਗੀ ਬਣ ਗਿਆ। ਅਸਲ ਵਿਚ ਆਟਾ ਮੰਡੀ ਵਿਚ ਆਪ ਦੇ ਪਰਿਵਾਰ ਦੀ ਤਬਲੇ ਧਾਮੇ ਦੀ ਇਕ ਦੁਕਾਨ ਸੀ, ਜਿਸ ਥਾਂ ਚੋਟੀ ਦੇ ਕਈ ਗਾਇਕ ਵਜਾਇਕ ਆਉਂਦੇ ਜਾਂਦੇ ਰਹਿੰਦੇ ਸਨ। ਏਥੋਂ ਤਕ ਕਿ ਭਾਈ ਚਾਂਦ ਵਰਗੇ ਸੁਪ੍ਰਸਿੱਧ ਰਬਾਬੀ ਵੀ ਆਪਣੇ ਹਾਰਮੋਨੀਅਮ, ਇਨ੍ਹਾਂ ਦੀ ਦੁਕਾਨ ਤੋਂ ਹੀ ਸੁਰ ਕਰਵਾਇਆ ਕਰਦੇ ਸਨ। ਸ਼ਾਇਦ ਉਨ੍ਹਾਂ ਦੀ ਇਕ ਦੁਕਾਨ ਹਾਲ ਬਾਜ਼ਾਰ ਵਿਚ ਵੀ ਸੀ।

ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ, ਸਾਬਕਾ ਹੈੱਡ ਗਰੰਥੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਅਨੁਸਾਰ :

ਭਾਈ ਸੁੰਦਰ ਸਿੰਘ ਜਦ ਅੰਦਰ ਕੀਰਤਨ ਕਰਨ ਲੱਗੇ ਤਾਂ ਅਜੇ ਨੌਜਵਾਨ ਹੀ ਸਨ। ਇਨ੍ਹਾਂ ਦਾ ਤਾਇਆ ਬਾਬਾ ਉੱਤਮ ਸਿੰਘ ਜੀ ਰਾਗੀ ਇਨ੍ਹਾਂ ਦਾ ਸਹਾਇਕ ਸੀ ਤੇ ਜੋੜੀ ਵਾਲਾ ਬਾਬਾ ਮਤਾਬ ਸਿੰਘ ਸੀ ਜੋ ਜੋੜੀ ਦਾ ਉਸਤਾਦ ਸੀ। ਕੁਝ ਸਮਾਂ ਭਾਈ ਨਰਿੰਦਰ ਸਿੰਘ ਬਾਂਕਾ ਸਹਾਇਕ ਤੇ ਭਾਈ ਰਣਜੀਤ ਸਿੰਘ ਜੋੜੀ ਵਜਾਉਂਦਾ ਰਿਹਾ। ਇਹ ਜਾਤ ਦੇ ਅਰੋੜੇ ਆਟਾ ਮੰਡੀ ਅੰਮ੍ਰਿਤਸਰ ਦੇ ਵਸਨੀਕ ਸਨ। ਬਾਬਾ ਮਤਾਬ ਸਿੰਘ ਦੇ ਬਹੁਤੇ ਸ਼ਾਗਿਰਦ ਅੰਮ੍ਰਿਤਸਰ ਦੇ ਸਨ।

ਯਾਦ ਰਹੇ 1920-1921 ਈ. ਦੇ ਨੇੜੇ ਤੇੜੇ, ਇਸ ਜਥੇ ਦੀ ਚੜ੍ਹਤ ਬੜੇ ਜ਼ੋਰਾਂ ਸ਼ੋਰਾਂ 'ਤੇ ਸੀ ਜਦ ਕਿ ਹਰਿਮੰਦਰ ਸਾਹਿਬ ਵਿਚ ਭਾਈ ਰੁੜਾ ਅਤੇ ਭਾਈ ਬੂੜਾ ਵਰਗੇ ਗੁਰਬਾਣੀ ਦੇ ਅਨੁਪਮ ਗਾਇਕ ਵੀ, ਗੁਰਬਾਣੀ ਸੰਗੀਤ ਦੇ ਅੰਮ੍ਰਿਤ ਦੀਆਂ ਛਹਿਬਰਾਂ ਲਾਇਆ ਕਰਦੇ ਸਨ।

ਆਪ ਦਾ ਗੋਤ ਨਾਰੰਗ ਸੀ। ਜੁਆਨੀ ਸਮੇਂ ਆਪ ਦੀ ਸ਼ਾਦੀ ਅੰਮ੍ਰਿਤਸਰ ਦੇ ਇਕ ਪ੍ਰਸਿੱਧ ਧਨਾਢ ਸੰਤੋਖ ਸਿੰਘ ਢੀਂਗਰਾ ਦੀ ਬੇਟੀ ਨਾਲ ਹੋਈ ਸੀ, ਜਿਨ੍ਹਾਂ ਦੀ ਚਾਟੀ ਵਿੰਡ ਗੇਟ ਅੰਦਰ "ਭਾਈ ਹਰਦਿੱਤ ਸਿੰਘ ਸੰਤੋਖ ਸਿੰਘ" ਦੇ ਨਾਂ ਹੇਠ ਦੇਸੀ ਘਿਓ ਦੀ ਇਕ ਵੱਡੀ ਫ਼ਰਮ ਸੀ।

ਉਂਜ ਤਾਂ ਆਪਣਾ ਢੇਰ ਸਮਾਂ ਉਹ ਸ੍ਰੀ ਅੰਮ੍ਰਿਤਸਰ ਹੀ ਰਹਿੰਦਾ, ਪਰ ਪੂਰਨਮਾਸ਼ੀ 'ਤੇ ਕੁਝ ਦਿਨ ਨਾਨਕਸਰ ਵੀ ਰਹਿਣ ਚਲੇ ਜਾਂਦਾ ਹੁੰਦਾ ਸੀ। ਸੰਤ ਬਾਬਾ ਨੰਦ ਸਿੰਘ ਜੀ ਉਸ ਨੂੰ ਸਦਾ ਆਪਣੇ ਬਰਾਬਰ ਬਿਠਾਉਂਦੇ ਅਤੇ ਹਿੱਤ ਪਿਆਰ ਵਜੋਂ ਕਈ ਵੇਰ ਕਹਿੰਦੇ ਹੁੰਦੇ ਸਨ, "ਸੁੰਦਰਾ, ਤੂੰ ਤਾਂ ਸਾਡੀ ਜਾਨ ਏਂ।"

ਇਸ ਸਦੀ ਦਾ ਪਹਿਲਾ ਹਿੱਸਾ ਖ਼ਾਸ ਕਰਕੇ ਕੁਝ ਏਹੋ ਜਿਹਾ ਸੀ ਜਦ ਕਿ ਕੁਝ ਮੁਸਲਮਾਨ ਅਤੇ ਹਿੰਦੂ ਗਵੱਈਏ ਆਪਣੇ ਆਪ ਨੂੰ ਸੰਗੀਤ ਕਲਾ ਦਾ ਸਿਖਰ ਸਮਝਦੇ ਸਨ ਪਰ ਆਪ ਕਿਸੇ ਵੀ ਖੱਬੀ ਖਾਂ ਨੂੰ ਕਿਸੇ ਆਗਤ ਜਮਾਂ ਵਿਚ ਨਹੀਂ ਸਨ ਰੱਖਦੇ ਹੁੰਦੇ। ਉਹ ਕਦੇ ਕਿਸੇ ਦੀ ਈਨ ਮੰਨਣੀ ਤਾਂ ਕੀ, ਸਦਾ ਮੁਕਾਬਲੇ ਲਈ ਉਤਰ ਆਉਂਦੇ ਸਨ। ਇਸ ਲਈ ਕੁਝ ਹਲਕਿਆਂ ਵਿਚ ਆਪ ਦੀ ਹੋਂਦ ਬੜੀ ਰੜਕਦੀ ਰਹਿੰਦੀ ਸੀ। ਸੁਭਾ ਨਿਰਾਪੁਰਾ ਪੰਜਾਬ ਦੇ ਮਹਾਨ ਕੋਡਿਆਲ ਸੰਤੋਖ ਸਿੰਘ ਮਾਣਗੜ੍ਹੀਏ ਵਰਗਾ ਜਿਸ ਵਿਚ ਹਾਲਾਤ ਅਨੁਸਾਰ ਸਮਝੌਤੇ ਵਰਗੀ ਕਿਸੇ ਵੀ ਗੱਲ ਨੂੰ ਭੋਰਾ ਭਰ ਵੀ ਕੋਈ ਦਖ਼ਲ ਨਹੀਂ ਸੀ।

ਅਫ਼ਸੋਸ ਸਿਰਫ਼ ਇਸ ਗੱਲ ਦਾ ਹੈ ਕਿ ਇਸ ਲਾਸਾਨੀ ਕੀਰਤਨਕਾਰ ਦੀ ਭਰੀ ਹੋਈ ਆਵਾਜ਼ ਕਿਧਰੋਂ ਵੀ ਨਹੀਂ ਮਿਲਦੀ। ਸ਼ਬਦ ਕੀਰਤਨ ਦੇ ਉਨ੍ਹਾਂ ਕਦੇ ਕੁਝ ਤਵੇ

ਭਰਵਾਏ ਵੀ ਕਿ ਨਹੀਂ, ਇਸ ਬਾਰੇ ਵੀ ਪਰਪੱਕਤਾ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਹਾਂ, ਇਹ ਗੱਲ ਜ਼ਰੂਰ ਹੈ ਕਿ ਕਰਤਾ ਦੀ ਜ਼ਾਤੀ ਲਾਇਬ੍ਰੇਰੀ ਵਿਚ ਉਰਦੂ ਦੀ ਇਕ ਦੁਰਲੱਭ ਕਿਤਾਬ ਹੈ, ਜਿਸ ਵਿਚ ਸੁੰਦਰ ਸਿੰਘ ਨਾਂ ਦੇ ਇਕ ਬੰਦੇ ਦਾ ਵਰਣਨ ਜ਼ਰੂਰ ਮਿਲਦਾ ਹੈ, ਜਿਸਨੇ ਤਵਾ ਨੰਬਰ P-8586 ਵਿਚ ਕਦੇ ਇਕ ਦਾਦਰਾ ਭਰਵਾਇਆ ਸੀ।[3]

ਆਪ ਦੀ ਮੌਤ 28 ਜੂਨ, 1937 ਈ. ਵਿਚ ਅਲੀ ਬੇਗ, ਜ਼ਿਲ੍ਹਾ ਗੁਜਰਾਤ (ਹਾਲ ਪਾਕਿਸਤਾਨ) ਹੋਈ। ਉਨ੍ਹੀਂ ਦਿਨੀਂ ਹਿੰਦੂ-ਸਿੱਖ ਮੁਸਲਮਾਨ ਦੇ ਸਵਾਲ 'ਤੇ ਤਨਾਓ ਪੈਦਾ ਹੋ ਚੁੱਕਾ ਸੀ, ਇਸ ਲਈ ਉਸਨੂੰ ਇਕ ਸਿਰ ਫਿਰੇ ਮੁਸਲਮਾਨ ਨੇ ਇਕ ਦੀਵਾਨ 'ਚ ਕਤਲ ਕਰ ਦਿੱਤਾ ਸੀ। ਸੰਤ ਬਾਬਾ ਨੰਦ ਸਿੰਘ, ਇਹ ਹੋਣੀ ਕੁਝ ਚਿਰ ਪਹਿਲਾਂ ਅਨੁਭਵ ਕਰ ਕੇ, ਉਸ ਨੂੰ ਓਧਰ ਜਾਣ ਤੋਂ ਵਰਜਦੇ ਰਹੇ, ਪਰ ਇਹ ਬਦਬਖ਼ਤ ਘੜੀ ਟਲ ਨਾ ਸਕੀ। ਬਾਬਾ ਜੀ ਨੂੰ ਜਦੋਂ ਉਸਦੀ ਇੰਜ ਮੌਤ ਦੀ ਖੁੜਕ ਗਈ ਤਾਂ ਉਨ੍ਹਾਂ ਦੇ ਮੂੰਹੋਂ ਅਵਸੋਂ ਨਿਕਲ ਗਿਆ ਸੀ, "ਅੱਜ ਸਾਡੀ ਇਕ ਬਾਹ ਟੁੱਟ ਗਈ ਹੈ।" ਐਨੀ ਗੱਲ ਸੁਣਨ 'ਤੇ ਉਨ੍ਹਾਂ ਦੇ ਕੁਝ ਨਿਕਟਵਰਤੀ ਸੇਵਕ ਪੁੱਛਣ ਲੱਗੇ, "ਗੁਰੂ ਭਲੀ ਕਰੇ, ਤੁਸੀਂ ਕਿਧਰੇ ਡਿੱਗੇ ਨਹੀਂ, ਹੋਰ ਕੁਝ ਨਹੀਂ ਹੋਇਆ ਅਤੇ ਤੁਹਾਡੀ ਇਹ ਬਾਂਹ ਕਿਵੇਂ ਟੁੱਟ ਗਈ ? ਮੁਖ ਨਾਲ ਇਹ ਤਾਂ ਚੰਗੀ ਭਲੀ ਹੈ।" ਸਪੱਸ਼ਟ ਕਰਦਿਆਂ ਉਨ੍ਹਾਂ ਨੇ ਦੱਸਿਆ ਕਿ ਅੱਜ ਭਾਈ ਸੁੰਦਰ ਸਿੰਘ ਇਸ ਦੁਨੀਆਂ ਵਿਚ ਨਹੀਂ ਰਹੇ!

ਉਨ੍ਹਾਂ ਦੀ ਆਖੀ ਹੋਈ ਇਹ ਗੱਲ ਬਿਲਕੁਲ ਠੀਕ ਨਿਕਲੀ, ਕਿਉਂਕਿ ਦੂਜੇ ਦਿਨ ਦੀਆਂ ਅਖ਼ਬਾਰਾਂ ਏਸੇ ਮੰਦਭਾਗੀ ਖ਼ਬਰ ਨਾਲ ਭਰੀਆਂ ਪਈਆਂ ਸਨ।

ਭਾਈ ਘਨਸ਼ਾਮ ਸਿੰਘ ਆਪ ਦਾ ਹੀ ਬੇਟਾ ਸੀ। ਆਪ ਦਾ ਇਕ ਹੋਰ ਬੇਟਾ ਗੁਰਸ਼ਰਨ ਸਿੰਘ ਨਾਰੰਗ, ਚਿਰ ਹੋਇਆ ਕਲਕੱਤੇ ਜਾ ਵੱਸਿਆ ਸੀ, ਜਿਹੜਾ ਅੱਜ-ਕੱਲ੍ਹ ਵੀ ਓਥੇ ਆਪਣਾ ਕਾਰੋਬਾਰ ਚਲਾ ਰਿਹਾ ਹੈ। ਆਪ ਦੀ ਇਕ ਬੇਟੀ ਤਰਨ ਤਾਰਨ ਵਿਆਹੀ ਹੋਈ ਸੀ, ਪਰ ਅੱਜ-ਕੱਲ੍ਹ ਉਨ੍ਹਾਂ ਦੇ ਪਰਿਵਾਰ ਦਾ ਕੁਝ ਪਤਾ ਨਹੀਂ ਲੱਗ ਰਿਹਾ ਕਿਉਂਕਿ ਉਹ ਆਪਣੀ ਏਥੇ ਵਾਲੀ ਸਭ ਜਾਇਦਾਦ ਵੇਚ-ਵੱਟ ਕੇ ਕਿਧਰੇ ਹੋਰ ਜਾ ਚੁੱਕੇ ਹਨ।

3. ਐਸ. ਪੀ. ਜੈਨ, *ਗ੍ਰਾਮੋਫੋਨ ਰੀਕਾਰਡਜ਼ ਕੇ ਗਾਨੋਂ ਕੀ ਕਿਤਾਬ* (ਉਰਦੂ), ਕਲਕੱਤਾ, 1929, ਸਫ਼ਾ 509.


www.sikhbookclub.com

# ਭਾਈ ਪੂਰਨ ਸਿੰਘ ਤਰਨ ਤਾਰਨ ਵਾਲੇ

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥**
**ਧੂਪੁ ਮਲਆਨਲੋ ਪਵਣੁ ਚਵਰੋ ਕਰੇ, ਸਗਲ ਬਨਰਾਇ ਫੂਲੰਤ ਜੋਤੀ ॥**

*(ਪੰਨਾ 663)*

ਇਕ ਵੇਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਭਾਈ ਪੂਰਨ ਸਿੰਘ ਤਰਨ ਤਾਰਨ ਵਾਲੇ ਇਹ ਆਰਤੀ ਗਾ ਰਹੇ ਸਨ। ਇਸ ਆਰਤੀ ਦਾ ਪਿਛੋਕੜ ਕੁਝ ਇਸ ਪ੍ਰਕਾਰ ਦੱਸਿਆ ਜਾਂਦਾ ਹੈ ਕਿ ਧੰਨ ਗੁਰੂ ਬਾਬਾ ਨਾਨਕ ਦੇਵ ਜੀ, ਜਗਨ ਨਾਥ ਪੁਰੀ ਦੇ ਮੰਦਰ ਵਿਚ ਆਰਤੀ ਕਰ ਰਹੇ ਪੰਡਿਤਾਂ ਦੇ ਨਾਲ ਸ਼ਾਮਲ ਨਹੀਂ ਸਨ ਹੋਏ—ਸਗੋਂ ਉਨ੍ਹਾਂ ਇਸ ਸ਼ਬਦ ਰਾਹੀਂ ਉਨ੍ਹਾਂ ਨੂੰ ਇਹ ਰਾਜ਼ ਸਮਝਾਉਣ ਦ੍ਰਿੜ੍ਹਾਉਣ ਦੀ ਕੋਸ਼ਿਸ਼ ਕੀਤੀ ਕਿ ਵਾਹਿਗੁਰੂ ਜੀ ਦੀ ਆਰਤੀ ਤਾਂ ਸਾਰੀ ਸ੍ਰਿਸ਼ਟੀ ਵਿਚ ਸਦਾ ਹੀ ਗਾਇਨ ਹੁੰਦੀ ਰਹਿੰਦੀ ਹੈ।

ਸਬੱਬ ਇਹ ਬਣਿਆ ਕਿ ਉਨ੍ਹੀਂ ਦਿਨੀਂ ਰਾਬਿੰਦਰ ਨਾਥ ਟੈਗੋਰ ਆਪਣੀ ਪੰਜਾਬ ਫੇਰੀ ਆਏ ਹੋਏ ਸਨ ਅਤੇ ਇਸ ਗੱਲ ਨੂੰ ਜੱਗ ਜਾਣਦਾ ਹੈ ਕਿ ਜਦ ਕਦੇ ਵੀ ਉਹ ਅੰਮ੍ਰਿਤਸਰ ਆਉਂਦੇ ਤਾਂ ਏਥੋਂ ਦੇ ਰਾਗੀਆਂ ਰਬਾਬੀਆਂ ਨੂੰ ਜ਼ਰੂਰ ਸੁਣਦੇ ਹੁੰਦੇ ਸਨ। ਐਸਾ ਪ੍ਰਕਰਣ, ਐਸੇ ਪ੍ਰਮਾਣ, ਐਸੇ ਅਲੰਕਾਰ, ਐਸੀ ਦ੍ਰਿਸ਼ਕਾਰੀ ਭਾਈ ਸਾਹਿਬ ਦੇ ਮੋਹਿਕ ਗਲੇ ਦੁਆਰਾ ਸੁਣ ਕੇ ਉਹ ਗਦਗਦ ਹੋ ਉੱਠੇ। ਪਿੱਛੋਂ ਕਹਿਣ ਲੱਗੇ ਕਿ ਮੈਨੂੰ ਪਹਿਲਾਂ ਕਦੇ ਏਹੋ ਜਿਹਾ ਆਨੰਦ ਨਹੀਂ ਸੀ ਆਇਆ। ਉਸ ਵੇਲੇ ਮੇਰਾ ਦਿਲ ਕਰਦਾ ਰਿਹਾ :

ਮੈਂ ਉੱਠ ਕੇ ਵੈਰਾਗ ਵਿਚ ਨੱਚਦਾ ਰਹਾਂ, ਪਰ ਮੈਂ ਇਸ ਥਾਂ ਇਹੋ ਜਿਹੀ ਮਨਾਹੀ ਹੋਣ ਕਾਰਨ, ਇਵੇਂ ਕਰਨ ਤੋਂ ਡਰਦਾ ਰਿਹਾ। ਪਰ ਭਈ ਕਿਆ ਬਾਤ ਹੈ ਹਰਮਿੰਦਰ ਸਾਹਿਬ ਦੀ ਅਤੇ ਏਥੇ ਹਰਿ ਦਾ ਜਸ ਗਾਇਨ ਕਰਨ ਵਾਲੇ ਕੀਰਤਨੀਆਂ ਦੀ।

ਉਪਰੋਕਤ ਕਥਾ ਇਕ ਵੇਰ ਭਾਈ ਸ਼ਮਸ਼ੇਰ ਸਿੰਘ ਜ਼ਖ਼ਮੀ ਨੇ ਸਾਡੇ ਇਕ ਲਾਡਲੇ ਦੋਸਤ ਸ. ਬਚਿੱਤ੍ਰ ਸਿੰਘ ਨੂੰ ਬਰਮਿੰਘਮ ਦੇ ਇਕ ਗੁਰਦੁਆਰੇ ਕੀਰਤਨ ਕਰਨ ਤੋਂ ਬਾਅਦ ਸੁਣਾਈ ਸੀ। ਬਚਿੱਤ੍ਰ ਸਿੰਘ ਹੋਰੀਂ, ਜਿਹੜੇ ਬਾਅਦ ਵਿਚ ਅਮਰੀਕਾ ਚਲੇ ਗਏ ਸਨ, ਦੇ ਦੱਸਣ ਅਨੁਸਾਰ ਭਾਈ ਸਾਹਿਬ, ਬੁੰਡਾਲਾ ਨੇੜਲੇ ਇਕ ਪਿੰਡੋਂ ਉੱਠ ਕੇ, ਤਰਨ ਤਾਰਨ ਆ ਵੱਸੇ ਸਨ ਅਤੇ ਏਥੇ ਫਿਰ ਸੂਦਾਂ ਦੇ ਵੱਡੇ ਘਰ ਨੇੜੇ ਸਦਰ ਬਾਜ਼ਾਰ ਰਿਹਾ ਕਰਦੇ ਸਨ। ਉਨ੍ਹਾਂ ਦੇ ਦੱਸਣ ਅਨੁਸਾਰ ਆਪ ਦੀ ਗਣਤਾ ਬਹੁਤ ਵੱਡੇ ਰਾਗੀਆਂ ਵਿਚ ਹੁੰਦੀ ਸੀ। 1935 ਈ. ਦੇ ਨੇੜੇ ਲਾਹੌਰ ਦੀ ਜੈਨੋਫੋਨ ਕੰਪਨੀ,


www.sikhbookclub.com

ਜਿਨ੍ਹੀਂ ਦਿਨੀਂ ਉਨ੍ਹਾਂ ਦਾ ਦਫ਼ਤਰ ਅਨਾਰਕਲੀ ਬਾਜ਼ਾਰ ਵਿਖੇ ਬਖ਼ਸ਼ੀ ਮਾਰਕਿਟ ਵਿਚ ਹੁੰਦਾ ਸੀ, ਨੇ ਆਪ ਦੇ ਬਾਰ੍ਹਾਂ ਤਵੇ 'ਰੀਲੀਜ਼' ਕੀਤੇ ਸਨ। ਯਾਦ ਰਹੇ ਇਹ ਉਹ ਕੰਪਨੀ ਸੀ, ਜਿਥੇ ਉਦੋਂ ਦੇਸ਼ ਦੇ ਸੁਪ੍ਰਸਿੱਧ ਸੰਗੀਤ ਨਿਰਦੇਸ਼ਕ ਰਬਾਬੀ ਮਾਸਟਰ ਗ਼ੁਲਾਮ ਹੈਦਰ (ਸ਼ਮਸ਼ਾਦ ਬੇਗਮ, ਮਲਿਕਾ-ਇ-ਤਰੰਨਮ ਨੂਰ ਜਹਾਂ ਅਤੇ ਲਤਾ ਮੰਗੇਸ਼ਕਰ ਵਰਗੀਆਂ ਆਵਾਜ਼ਾਂ ਨੂੰ ਫ਼ਿਲਮੀ ਦੁਨੀਆਂ ਵਿਚ ਪ੍ਰਚਲਿਤ ਕਰਵਾਉਣ ਵਾਲੇ) ਪਿਛਲੇ ਤਿੰਨਾਂ ਸਾਲਾਂ ਤੋਂ ਕੰਮ ਕਰਦੇ ਆ ਰਹੇ ਸਨ। ਬੇਹੱਦ ਪਾਰਖੂ ਅਤੇ ਪਾਰਦਰਸ਼ੀ ਤਬੀਅਤ ਦੇ ਉਸ ਕਲਾਕਾਰ ਨੇ ਪੰਜਾਬੀ ਸੰਗੀਤ ਲਈ ਬੜਾ ਅਹਿਮ ਰੋਲ ਅਦਾ ਕੀਤਾ। ਜਦ ਕਦੇ ਵੀ ਪੁਰਾਣੇ ਰਾਗੀਆਂ ਦੀ ਗੱਲ ਚੱਲਦੀ ਹੈ, ਆਪ ਦਾ ਨਾਂ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਆਪ ਦਾ ਇਕ ਬੇਟਾ ਗਿਆਨੀ ਕਰਤਾਰ ਸਿੰਘ ਅੱਜ-ਕੱਲ੍ਹ ਲਾਸ ਐਂਜਲਿਸ ਰਹਿ ਰਿਹਾ ਹੈ।

ਡਾ. ਅਜੀਤ ਸਿੰਘ ਪੇਂਟਲ, ਡੀਪਾਰਟਮੈਂਟ ਆਫ਼ ਮਿਊਜ਼ਿਕ ਦਿੱਲੀ ਯੂਨੀਵਰਸਿਟੀ, ਇਕ ਥਾਂ ਭਾਈ ਪੂਰਨ ਸਿੰਘ ਬਾਰੇ ਇੰਜ ਲਿਖਦੇ ਹਨ:

> He was believed to be the first Ragi of recent times who had recorded as many as twelve discs of Shabad-kirtan from Jienophone Record Co., Lahore in 1935.[1]

ਪਰ ਅਸੀਂ ਇਸ ਮਹਾਨ ਵਿਦਵਾਨ ਦੇ ਤੱਥਾਂ ਨਾਲ ਸਹਿਮਤ ਨਹੀਂ ਕਿਉਂਕਿ ਉਸੇ ਸਾਲ ਹੀ ਅਰਥਾਤ 1935 ਈ. ਦੇ ਸ਼ੁਰੂ ਵਿਚ ਹੀ ਇਕ ਹੋਰ ਰਾਗੀ ਸਰਦਾਰ ਸਿੰਘ ਐਂਡ ਪਾਰਟੀ ਦੇ ਆਸਾ ਦੀ ਵਾਰ ਦੇ ਰੀਕਾਰਡ ਵੀ ਬਾਰ੍ਹਾਂ ਹਿੱਸਿਆਂ ਵਿਚ ਰੀਲੀਜ਼ ਕੀਤੇ ਗਏ ਸਨ ਜਿਨ੍ਹਾਂ ਦੇ ਨੰਬਰ ਸਨ N. 4595 ਤੋਂ ਲੈ ਕੇ 4606 ਤਕ। ਫਿਰ ਉਨ੍ਹੀਂ ਕੁ ਦਿਨੀਂ ਹੀ ਕੁਝ ਹੋਰ ਧਾਰਮਿਕ ਤਵੇ ਵੀ ਸ਼ਾਇਆ ਕੀਤੇ ਗਏ ਸਨ ਜਿਵੇਂ ਕਿ ਅੰਮ੍ਰਿਤਸਰੀ ਰਬਾਬੀਆਂ ਵਲੋਂ, "ਦਸਮੇਸ਼ ਜੀ ਕਾ ਸਾਨੀ, ਕੋਈ ਦੂਸਰਾ ਨਾ ਦੇਖਾ" ਜਾਂ "ਗੁਰੂ ਕਲਗੀ ਵਾਲਿਆ ਜੀ, ਸਾਨੂੰ ਦਰਸ ਦਿਖਾ ਜਾ ਆਣ ਕੇ।" ਫਿਰ ਏਸੇ ਹੀ ਸਾਲ ਅਪ੍ਰੈਲ ਵਿਚ ਹਰਨਾਮ ਸਿੰਘ ਐਂਡ ਪਾਰਟੀ ਦਾ ਇਕ ਇਹ ਰੀਕਾਰਡ ਵੀ ਪ੍ਰਕਾਸ਼ਿਤ ਹੋਇਆ ਸੀ, "ਮੈਨੂੰ ਦੱਸ ਆਨੰਦਪੁਰ ਵਾਸੀਆ ਵੇ।" ਇਕ ਰਬਾਬੀ ਭਾਈ ਗਾਮ ਦਾ ਇਕ ਰੀਕਾਰਡ "ਹਿੰਦ ਦਾ ਦਿਲਦਾਰ ਬਾਜਾਂ ਵਾਲਾ ਆ ਗਿਆ" ਅਕਤੂਬਰ ਵਿਚ ਰੀਲੀਜ਼ ਹੋਇਆ ਸੀ। ਜਲੰਧਰ ਵਾਲੇ ਕੱਵਾਲਾਂ ਨੇ ਆਪਣਾ ਕਲਾਮ ਵੀ ਏਸੇ ਸਾਲ ਹੀ ਭਰਵਾਇਆ ਸੀ। ਸਭ ਤੋਂ ਵੱਡੀ ਗੱਲ ਇਹ ਕਿ ਏਸੇ ਸਾਲ ਹੀ ਜਲੰਧਰ ਦੇ ਸੁਪ੍ਰਸਿੱਧ ਸਾਜ਼ਕਾਰ ਸਰਦਾਰ ਅੱਛਰ ਸਿੰਘ ਦੇ ਕੁਝ ਧਾਰਮਿਕ ਰੀਕਾਰਡ ਵੀ ਭਰੇ ਗਏ ਸਨ ਜਿਵੇਂ ਕਿ: "ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ॥ ਰੂਪ ਹੀਨ ਬੁਧਿ ਬਲ ਹੀਨੀ, ਮੋਹਿ ਪਰਦੇਸਨਿ ਦੂਰ ਤੇ ਆਈ॥" ਅਤੇ "ਵੈਦੁ ਬੁਲਾਇਆ ਵੈਦਗੀ, ਪਕੜਿ ਢੰਢੋਲੇ ਬਾਂਹ॥" ਇਹ ਸ਼ਬਦ ਉਨ੍ਹਾਂ ਪੀਲੂ ਵਿਚ ਗਾਏ ਸਨ।

1. Dr. Ajit Singh Paintal in his article on "The Contribution of Ragis and Rababis to the Sikh Devotional Music," published in the book *The City of Amritsar*, edited by Dr. Fauja Singh (1978), p. 275.


www.sikhbookclub.com

ਸੋ ਇਨ੍ਹਾਂ ਸਾਰੇ ਤੱਥਾਂ ਨੂੰ ਮੁੱਖ ਰੱਖਦਿਆਂ ਅਸੀਂ ਡਾ. ਅਜੀਤ ਸਿੰਘ ਨਾਲ ਕਿਵੇਂ ਸਹਿਮਤ ਹੋ ਸਕਦੇ ਹਾਂ ਕਿ ਭਾਈ ਸਾਹਿਬ ਦੇ ਤਵੇ ਸਭ ਤੋਂ ਪਹਿਲਾਂ ਭਰੇ ਗਏ ਸਨ ? ਡਾ. ਸਾਹਿਬ ਆਪਣੇ ਉਸ ਲੇਖ ਵਿਚ ਹੀ ਇਕ ਹੋਰ ਗੱਲ ਦਾ ਭੁਲੇਖਾ ਵੀ ਖਾਂਦੇ ਹਨ ਜਦ ਉਹ ਲਿਖਦੇ ਹਨ ਕਿ ਰਾਬਿੰਦਰ ਨਾਥ ਟੈਗੋਰ ਨੇ ਉਨ੍ਹਾਂ ਨੂੰ 1938 ਈ. ਵਿਚ ਸੁਣਿਆ ਸੀ। ਜਿਥੋਂ ਤਕ ਟੈਗੋਰ ਜੀ ਦੀਆਂ ਪੰਜਾਬ ਫੇਰੀਆਂ ਜਾਂ ਦਰਬਾਰ ਸਾਹਿਬ ਵਿਚ ਕੀਰਤਨ ਦੇ ਸੁਣਨ ਦਾ ਸੰਬੰਧ ਹੈ, ਸਭ ਤੋਂ ਪਹਿਲਾਂ ਆਪ 1873 ਈ. ਵਿਚ ਆਪਣੇ ਪਿਤਾ ਜੀ ਨਾਲ ਏਥੇ ਆਏ ਸਨ ਜਦੋਂ ਕਿ ਉਨ੍ਹਾਂ ਦੀ ਉਮਰ ਕੇਵਲ ਬਾਰ੍ਹਾਂ ਸਾਲ ਦੀ ਸੀ। ਇਸ ਥਾਂ ਹੋ ਰਹੇ ਕੀਰਤਨ ਦਾ, ਉਸ ਮਾਹੌਲ ਦਾ, ਉਦੋਂ ਉਨ੍ਹਾਂ ਦੇ ਮਸੋਰ ਕੂਲੇ ਅਨੁਭਵੀ ਮਨ (impressionable mind) 'ਤੇ ਕਿੰਨਾ ਅਸਰ ਪਿਆ, ਇਹ ਸਭ ਕੁਝ ਜੱਗ ਜ਼ਾਹਰ ਹੈ। ਇਸ ਗੱਲ ਨੂੰ ਟੈਗੋਰ ਰੀਸਰਚ ਇੰਸਟੀਚਿਊਟ, ਕਾਲੀਆ ਪਾਰਕ ਕਲਕੱਤਾ ਵਾਲੇ ਮਿਸਿਜ਼ ਮੰਜੁਲਾ ਬੋਸ ਲੇਖਕ ਨੂੰ ਲਿਖੀ ਗਈ ਆਪਣੀ ਇਕ ਜ਼ਾਤੀ ਚਿੱਠੀ ਵਿਚ ਇੰਜ ਸਵੀਕਾਰ ਕਰਦੇ ਹਨ :

They (Tagore and his father Devendranath) were regular visitors to the Golden Temple. Tagore's father Devendranath Tagore was a great admirer of the Sikh religion. The continuous chanting of hymns from Granth Sahib and singing of devotional songs were listened to with rapt attention by him. Tagore was deeply influenced by his father in his respect and admiration for the Sikh religion and the Sikh community. It is believed that, he tried to follow the tradition of the Golden Temple in introducing recitation of Brahmo religious books and singing of devotional songs, morning and evening in the Mandir at Shantiniketan.

*(Calcutta : dated 27.7.2004)*

ਇਸ ਸਭ ਕੁਝ ਦਾ ਸਾਰਾਂਸ਼ ਸਿਰਫ ਇਹ ਹੈ ਕਿ ਰਵੀ ਬਾਬੂ ਗੁਰਮਤਿ ਸੰਗੀਤ ਤੋਂ ਬੇਹੱਦ ਪ੍ਰਭਾਵਿਤ ਸਨ, ਏਥੋਂ ਤਕ ਕਿ ਉਨ੍ਹਾਂ ਨੇ ਆਪਣੀ ਬਣਾਈ ਸ਼ਾਂਤੀ ਨਿਕੇਤਨ ਯੂਨੀਵਰਸਿਟੀ ਵਿਚ ਨਿਰੰਤਰ ਗਾਇਨ ਦੀ ਰਵਾਇਤ ਨੂੰ ਵੀ ਸਾਡੇ ਤੋਂ ਪ੍ਰਭਾਵਿਤ ਹੋ ਕੇ ਹੀ ਓਥੇ ਰਾਬਿੰਦਰ ਸੰਗੀਤ ਦਾ ਤੋਰਾ ਤੋਰਿਆ। ਸਾਡੇ ਰਾਗੀਆਂ ਰਬਾਬੀਆਂ ਦਾ ਗੁਣ ਗਾਇਨ ਉਨ੍ਹਾਂ ਆਪਣੀ ਜੀਵਨੀ 'ਚ ਵੀ ਬੜੇ ਸਤਿਕਾਰ ਸਹਿਤ ਕੀਤਾ ਹੈ।

ਉਸ ਪਿੱਛੋਂ ਟੈਗੋਰ 1935 ਈ. ਦੇ ਸ਼ੁਰੂ 'ਚ ਪੰਜਾਬ ਆਏ ਅਤੇ ਉਨ੍ਹਾਂ ਅੱਗੇ ਵਾਂਗ ਹੀ ਸ੍ਰੀ ਦਰਬਾਰ ਸਾਹਿਬ ਵਿਖੇ ਸ਼ਬਦ ਕੀਰਤਨ ਦਾ ਆਨੰਦ ਮਾਣਿਆ। ਉਸ ਤੋਂ ਬਾਅਦ ਰਾਬਿੰਦਰ ਨਾਥ ਅਗਲੇ ਸਾਲ ਅਰਥਾਤ ਮਾਰਚ 1936 ਵਿਚ ਪੰਜਾਬ ਆਏ ਅਤੇ ਇਸ ਵਾਰ ਆਪਣੇ ਨਾਲ ਉਹ ਆਪਣਾ ਉਪੇਰਾ (ਸੰਗੀਤ ਡਰਾਮਾ) 'ਚਿਤ੍ਰਨਗਦਾ' ਵੀ ਲਿਆਏ ਸਨ, ਜਿਹੜਾ ਕੁਝ ਸ਼ਹਿਰਾਂ 'ਚ ਖੇਡਿਆ ਵੀ ਗਿਆ ਸੀ। ਪੱਚੀ ਮਾਰਚ ਨੂੰ ਉਹ ਫਿਰ ਦਿੱਲੀ ਪਰਤ ਗਏ ਸਨ। ਸੋ ਇਨ੍ਹਾਂ ਤੱਥਾਂ ਨੂੰ ਸਨਮੁਖ ਰੱਖਦਿਆਂ ਮਹਾਨ ਵਿਦਵਾਨ ਡਾ. ਅਜੀਤ ਸਿੰਘ ਜੀ ਦੀ ਇਹ ਗੱਲ ਕੁਝ ਸਹੀ ਨਹੀਂ

ਜਾਪਦੀ ਕਿ ਰਾਬਿੰਦਰ ਨਾਥ ਨੇ ਭਾਈ ਪੂਰਨ ਸਿੰਘ ਨੂੰ 1938 ਈ. ਵਿਚ ਸੁਣਿਆ ਸੀ ਜਦ ਕਿ ਉਸ ਸਾਲ ਉਹ ਪੰਜਾਬ ਆਏ ਹੀ ਨਹੀਂ ਜਾਪਦੇ।

ਸਾਡੀ ਖ਼ੁਆਬਗਾਹ 'ਚ ਛੁਟਕੀ ਜਿਹੀ ਇਕ ਕਿਰਤ ਹੈ ਜਿਸਦਾ ਨਾਂ ਹੈ— *The Short History of the Hari Mandar : The Tank of Immortality*, ਜਿਹੜੀ ਕਿ ਭਾਈ ਤੇਜਾ ਸਿੰਘ ਮਹੰਤ ਤਖ਼ਤ ਅਕਾਲ ਬੁੰਗਾ ਸਾਹਿਬ ਦੇ ਪੁੱਤਰ ਭਾਈ ਸੁੰਦਰ ਸਿੰਘ ਨੇ ਲਿਖੀ ਸੀ ਅਤੇ 1902 ਈ. ਵਿਚ ਅੰਮ੍ਰਿਤਸਰ ਵਿਚ ਛਪੀ ਸੀ। ਉਸਦੇ ਸਫ਼ਾ 12 'ਤੇ ਇਕ ਇਹ ਫ਼ਿਕਰਾ ਦਰਜ ਹੈ :

There are 15 parties of singers who sing sacred hymns during the day and night.

ਕੁਝ ਥਾਵਾਂ 'ਤੇ ਜਿਵੇਂ ਕਿ ਗਿਆਨ ਸਿੰਘ ਜੀ ਐਬਟਾਬਾਦੀ ਵਲੋਂ ਲਿਖੀ ਗਈ ਕਿਤਾਬ *ਗੁਰਬਾਣੀ ਸੰਗੀਤ* ਦੀ ਭੂਮਿਕਾ ਵਿਚ ਸਾਨੂੰ ਇੰਜ ਲਿਖਿਆ ਮਿਲਦਾ ਹੈ :

ਭਾਈ ਸੁੰਦਰ ਸਿੰਘ ਰਾਗੀ ਚਾਵਲ ਮੰਡੀ ਸ੍ਰੀ ਅੰਮ੍ਰਿਤਸਰ ਵਾਲੇ ਕੀਰਤਨ ਵਿਚ ਬੜੇ ਮਾਹਿਰ ਸਨ, ਸੰਸਾਰ ਪ੍ਰਸਿੱਧ ਲੇਖਕ ਸ੍ਰੀ ਰਾਬਿੰਦਰ ਨਾਥ ਟੈਗੋਰ ਨੋਬਲ ਪ੍ਰਾਈਜ਼ ਜੇਤੂ ਸ੍ਰੀ ਅੰਮ੍ਰਿਤਸਰ ਆਏ। ਆਪ ਭਾਈ ਸੁੰਦਰ ਸਿੰਘ ਜੀ ਤੋਂ ਕੀਰਤਨ ਸੁਣ ਕੇ ਇਤਨੇ ਪ੍ਰਭਾਵਿਤ ਹੋਏ ਕਿ ਭਾਈ ਸਾਹਿਬ ਜੀ ਨੂੰ ਆਪਣੇ ਨਾਲ ਲੈ ਜਾਣ ਲਈ ਬੇਨਤੀ ਕੀਤੀ, ਪਰ ਭਾਈ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੀ ਕੀਰਤਨ ਸੇਵਾ ਛੱਡ ਕੇ ਉਨ੍ਹਾਂ ਨਾਲ ਜਾਣ ਨੂੰ ਤਿਆਰ ਨਾ ਹੋਏ।

ਇਸ ਬਿਰਤਾਂਤ ਦਾ ਜ਼ਿਕਰ ਕਿ ਟੈਗੋਰ ਜੀ ਨੇ ਭਾਈ ਸੁੰਦਰ ਸਿੰਘ ਜੀ ਨੂੰ ਸੁਣਿਆ ਅਤੇ ਪ੍ਰਭਾਵਿਤ ਹੋਏ, ਤਾਂ ਇਸ ਕਿਰਤ ਤੋਂ ਛੁੱਟ ਇਕ ਦੋ ਹੋਰਨੀ ਥਾਈਂ ਵੀ ਮਿਲਦਾ ਹੈ, ਪਰ ਉਹ ਉਸ ਤੋਂ ਛੁੱਟ ਸਾਡੇ ਕਿਸੇ ਹੋਰ ਰਾਗੀ ਰਬਾਬੀ ਤੋਂ ਵੀ ਪ੍ਰਭਾਵਿਤ ਹੋਏ— ਇਸ ਦਾ ਉਲੇਖ ਹੋਰ ਕਿਧਰੇ ਨਹੀਂ ਮਿਲਦਾ। ਸਾਡੇ ਅਧਿਐਨ ਅਨੁਸਾਰ ਉਹ ਕੁਝ ਰਬਾਬੀਆਂ ਤੋਂ ਛੁੱਟ, ਭਾਈ ਸ਼ੇਰ ਸਿੰਘ ਗੁੱਜਰਾਂਵਾਲੀਆ, ਭਾਈ ਸੁੰਦਰ ਸਿੰਘ ਅਤੇ ਭਾਈ ਪੂਰਨ ਸਿੰਘ ਤੋਂ ਵੀ ਬੇਹੱਦ ਮੁਤਾਸਿਰ ਹੋਏ ਸਨ। ਗੁਰਮਤਿ ਸੰਗੀਤ ਦੇ ਵਿਦਵਾਨਾਂ ਨੂੰ ਇਸ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਹੈ ਕਿ ਜਦੋਂ ਸਾਡੇ ਹਰਿਮੰਦਰ ਸਾਹਿਬ 'ਚ ਉਪਰੋਕਤ ਦਿੱਤੇ ਗਏ ਹਵਾਲੇ ਅਨੁਸਾਰ ਪੰਦਰਾਂ ਜਥੇ ਆਪੋ-ਆਪਣੀ ਚੌਂਕੀ ਭਰਦੇ ਰਹੇ ਹਨ, ਤਾਂ ਗੁਰੂ ਦੇਵ ਨੇ ਸੁਭਾਵਕ ਹੀ ਸਾਡੇ ਅਨੇਕ ਕੀਰਤਨਕਾਰਾਂ ਨੂੰ ਸੁਣਿਆ ਹੋਵੇਗਾ, ਜਿਨ੍ਹਾਂ ਤੋਂ ਉਹ ਲਗਾਤਾਰ ਪ੍ਰਭਾਵਿਤ ਹੁੰਦੇ ਰਹੇ ਹੋਣਗੇ। ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ ਜੀ, ਜਿਹੜੇ ਕਿ ਉਨ੍ਹਾਂ ਦੇ ਰਿਸ਼ਤੇਦਾਰਾਂ ਵਿੱਚੋਂ ਹੀ ਹਨ—ਦੇ ਦੱਸਣ ਅਨੁਸਾਰ, "ਭਾਈ ਸਾਹਿਬ ਜਿਥੇ ਬੜੀ ਭਰਵੀਂ ਬੁਲੰਦ ਆਵਾਜ਼ ਵਿਚ ਗਾਉਂਦੇ ਸਨ, ਓਥੇ ਉਹ ਕਥਾ ਕਰਨ ਵਿਚ ਵੀ ਬੇਮਿਸਾਲ ਸਨ।"

ਭਾਈ ਪੂਰਨ ਸਿੰਘ ਤਰਨ ਤਾਰਨ ਵਿਖੇ 1974 ਈ. ਵਿਚ ਚੜ੍ਹਾਈ ਕਰ ਗਏ ਸਨ।

 www.sikhbookclub.com

# ਭਾਈ ਗਿਆਨ ਸਿੰਘ ਅਲਮਸਤ



ਭਾਈ ਗਿਆਨ ਸਿੰਘ ਅਲਮਸਤ

"ਹਰਿ ਰਸੁ ਪੀਵੈ ਅਲਮਸਤੁ ਮਤਵਾਰਾ।" (ਆਸਾ ਮਹਲਾ ੫) ਅਲਮਸਤ, ਮਖ਼ਮੂਰ - ਹਰ ਵਕਤ ਪ੍ਰੇਮ ਦੇ ਨਸ਼ੇ ਵਿਚ ਚੂਰ - ਇਹ ਸਨ ਭਾਈ ਗਿਆਨ ਸਿੰਘ ਅਲਮਸਤ - ਜਿਹੜੇ ਕਿ ਹਰ ਸਮੇਂ ਹਰਿ ਰੰਗ ਵਿਚ ਰੱਤੜੇ ਰਹਿੰਦੇ ਸਨ। ਆਪ ਗਵਾਲੀਅਰ ਘਰਾਣੇ ਦੇ ਪ੍ਰਸਿੱਧ ਪੰਡਿਤ ਵਿਸ਼ਨੂੰ ਦਿਗੰਬਰ ਦੇ ਸ਼ਾਗਿਰਦ ਸਨ, ਭਾਵ ਕਿ ਪੰਡਿਤ ਨਾਰਾਇਣ ਰਾਓ ਵਿਆਸ ਅਤੇ ਪਟਵਰਧਨ ਰਾਓ ਆਪ ਦੇ ਗੁਰ ਭਾਈ ਸਨ। ਆਪ ਦੀ ਅਰਸ਼ੀ, ਅਰਵਿੰਦੀ ਅਰਥਾਤ ਦਿਲ ਨੂੰ ਖਿੱਚਣ ਵਾਲੀ ਗਾਇਕੀ ਦਾ ਅੰਦਾਜ਼ ਹੀ ਕੁਝ ਵੱਖਰਾ, ਨਿਰਾਲਾ ਸੀ। ਸਿਰੇ ਦੇ ਬੰਦਸ਼ਕਾਰ ਵੀ ਸਨ। ਹਰ ਸਮੇਂ ਮੌਜ ਮਸਤੀ ਵਿਚ ਵਿਚਰਨ ਵਾਲੇ, ਬਰੱਕਤ ਕਿਸਮ ਦੇ ਵਿਅਕਤੀ ਸਨ, ਬਿਲਕੁਲ ਫੱਕਰ ਬੰਦੇ। ਪੰਡਿਤ ਪਟਵਰਧਨ ਰਾਓ ਅਤੇ ਦੂਜੇ ਤੀਜੇ ਕੁਝ ਹੋਰ ਗਵੱਈਏ ਆਪ ਤੋਂ ਐਨੇ ਪ੍ਰਭਾਵਿਤ ਸਨ ਕਿ ਉਨ੍ਹਾਂ ਬਾਰੇ ਇਹ ਗੱਲ ਅਕਸਰ ਕਿਹਾ ਕਰਦੇ ਸਨ, "ਗਿਆਨ ਸਿੰਘ ਅਲਮਸਤ ਵਰਗੇ ਲੋਕ ਕਿਸੇ ਹੋਰ ਥਾਂ ਦੇ ਵਸਨੀਕ ਹਨ। ਇਨ੍ਹਾ ਵਰਗਾ ਬੰਦਾ ਇਸ ਪ੍ਰਿਥਵੀ ਵਿਚ ਕੋਈ ਨਹੀਂ ਹੈ।"

ਆਪ ਦਾ ਜਨਮ 1895 ਈ. ਦੇ ਨੇੜੇ ਤੇੜੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਸੰਗੀਤ ਦੀ ਮੁੱਢਲੀ ਵਿੱਦਿਆ ਪਹਿਲਾ ਆਪਣੇ ਸ਼ਹਿਰ ਤੋਂ ਪ੍ਰਾਪਤ ਕੀਤੀ, ਫਿਰ ਲਾਹੌਰ ਚਲੇ ਗਏ। ਪੂਰੀ ਤਰ੍ਹਾਂ ਤਿਆਰ ਹੋ ਕੇ ਆਪ ਨੇ ਦੇਸ਼ ਭਰ ਵਿਚ ਆਪਣੀ ਸੂਖਮ ਅਤੇ ਅਨੂਪਮ ਕਲਾ ਦਾ ਮੁਜ਼ਾਹਰਾ ਕੀਤਾ। ਕੁਝ ਸਮਾਂ ਪੂਨੇ ਵੀ ਰਹੇ। ਕਿਸੇ ਸਮੇਂ ਭਾਈ ਸੁੰਦਰ ਸਿੰਘ ਵਾਂਗ ਆਪ ਦਾ ਵੀ ਬਹੁਤ ਵੱਡਾ ਨਾਂ ਸੀ। ਇਤਫ਼ਾਕ ਵੱਸ, ਜਿਨ੍ਹੀਂ ਦਿਨੀਂ ਭਾਈ ਸਮੁੰਦ ਸਿੰਘ ਸ੍ਰੀ ਨਨਕਾਣਾ ਸਾਹਿਬ ਵਿਖੇ ਕੀਰਤਨ ਕਰਿਆ ਕਰਦੇ ਸਨ, ਉਨ੍ਹੀਂ ਕੁ ਦਿਨੀਂ ਹੀ ਉਥੇ ਹੀ ਰਾਗੀ ਦੇ ਪਦ 'ਤੇ ਕੀਰਤਨ ਕਰਨ ਦੀ ਸੇਵਾ ਆਪ ਨੂੰ ਵੀ ਮਿਲ ਗਈ। ਬਿਲਕੁਲ ਫ਼ਕੀਰ ਕਿਸਮ ਦੇ ਵਿਅਕਤੀ

ਹੋਣ ਦੇ ਬਾਵਜੂਦ, ਆਪ ਬੜਾ ਸ਼ਾਹਾਨਾ ਲਿਬਾਸ ਪਹਿਨਿਆ ਕਰਦੇ ਸਨ। ਇਕ ਦਿਨ ਜਦੋਂ ਉਹ ਏਸੇ ਤਰ੍ਹਾਂ ਦੇ ਜਾਹੋ-ਜਲਾਲ 'ਚ ਜੁਰਾਬਾਂ ਸਣੇ ਕੀਰਤਨ ਕਰਨ ਲਈ ਗੁਰਦੁਆਰਾ ਸਾਹਿਬ ਅੰਦਰ ਦਾਖ਼ਲ ਹੋਣ ਲੱਗੇ ਤਾਂ ਉਥੋਂ ਦੇ ਇਕ ਕਰਮਚਾਰੀ ਨੇ ਜੁਰਾਬਾਂ ਸਮੇਤ ਅੰਦਰ ਦਾਖ਼ਲ ਹੋਣ ਤੋਂ ਟੋਕ ਦਿੱਤਾ। ਉਨ੍ਹਾਂ ਨੂੰ ਉਹ ਗੱਲ ਚੰਗੀ ਨਾ ਲੱਗੀ। ਉਹ ਉਸ ਵੇਲੇ, ਉਸੇ ਤਰ੍ਹਾਂ ਹੀ ਬਾਹਰ ਆ ਗਏ ਅਤੇ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ।

ਕੀਰਤਨ ਤੋਂ ਛੁੱਟ ਆਪ ਕਿਉਂਕਿ ਸ਼ਾਸਤ੍ਰੀ ਸੰਗੀਤ 'ਚ ਵੀ ਓਨੇ ਕੁ ਹੀ ਨਿਪੁੰਨ ਸਨ, ਇਸ ਲਈ ਉਸ ਪਿੱਛੋਂ ਉਨ੍ਹਾਂ ਨੇ ਦੇਸ਼ ਭਰ ਦੀਆਂ ਕਈ ਰਿਆਸਤਾਂ ਵਿਚ ਆਪਣੇ ਪ੍ਰੋਗਰਾਮ ਪੇਸ਼ ਕੀਤੇ ਅਤੇ ਬੜੀ ਦਾਦ ਖੱਟੀ। ਮਾਣ ਸਨਮਾਨਾਂ ਦਾ ਕੋਈ ਅੰਤ ਨਾ ਰਿਹਾ। ਬਹੁਤਾ ਚਿਰ ਆਪ ਰਿਆਸਤ ਦੱਤੀਆ (ਮੱਧ ਪ੍ਰਦੇਸ਼) ਵਿਚ ਹੀ ਰਹੇ।

ਉਨ੍ਹੀਂ ਦਿਨੀਂ ਸੰਗੀਤਕਾਰ ਤਾਂ ਅਨੇਕ ਹੀ ਸਨ, ਪਰ ਉਨ੍ਹਾਂ ਵਰਗਾ 'ਵਾਗੇਅਕਾਰ'[1] ਕੋਈ ਵਿਰਲਾ ਵਾਂਝਾ ਹੀ ਸੀ। ਖ਼ਾਸ ਕਰਕੇ ਸਿੱਖ ਤਾਰੀਖ਼ 'ਚ ਉਨ੍ਹਾਂ ਵਰਗੇ ਵਿਅਕਤੀ ਘੱਟ ਹੀ ਹੋਏ ਹਨ। ਉਨ੍ਹਾਂ ਸਮਿਆਂ ਦੇ ਦੇਸ਼ ਭਰ ਦੇ ਵੱਡੇ ਵੱਡੇ ਰਾਜਸੀ ਆਗੂ ਵੀ ਉਨ੍ਹਾਂ ਦੇ ਸੰਗੀਤ ਤੋਂ ਬੜੇ ਹੀ ਪ੍ਰਭਾਵਿਤ ਸਨ ਜਿਵੇਂ ਕਿ ਰਾਬਿੰਦਰ ਨਾਥ ਟੈਗੋਰ ਅਤੇ ਸਰੋਜਨੀ ਨਾਇਡੂ ਆਦਿ। ਆਪ 'ਅਲਮਸਤ' ਤਖ਼ੱਲਸ ਦਾ ਪ੍ਰਯੋਗ ਕਰਦੇ ਸਨ। ਕਿਉਂਕਿ ਗਵਾਲੀਅਰ ਘਰਾਣੇ ਦੇ ਸ਼ਾਗਿਰਦ ਸਨ, ਇਸ ਲਈ ਆਪਣੇ ਤਖ਼ੱਲਸ ਦਾ ਪ੍ਰਯੋਗ ਕਰਨ ਤੋਂ ਪਹਿਲਾਂ ਆਪਣੇ ਘਰਾਣੇ ਦੇ ਮੋਢੀ ਸੁਆਮੀ ਹਰੀ ਦਾਸ (ਮੀਆਂ ਤਾਨ ਸੈਨ ਅਤੇ ਬੈਜੂ ਬਾਵਰਾ ਦੇ ਉਸਤਾਦ) ਦਾ ਨਾਂ ਜ਼ਰੂਰ ਲਿਖਦੇ ਸਨ। ਉਨ੍ਹਾਂ ਦੀਆਂ ਕੁਝ ਬੰਦਸ਼ਾਂ ਦਾ ਨਮੂਨਾ ਦੇਖੋ:

*ਟਿਕਾਉ ਨਿਰਾਲੇ,*
*ਮੰਦਰ ਧੈਵਤ ਤੇ,*
*ਸੱਭੋ ਸੁਰ ਸ਼ੁੱਧ, ਬਿਲਾਵਲ ਵਾਲੇ,*

ਰਾਗ ਪਹਾੜੀ :

*ਬਣੀ ਸਰਬਕਾਲੇ ਚੰਚਲ ਨਾੜੀ।*
*ਸ - ਪ ਅੱਗੇ,*
*ਤਾਰ ਨਾ ਵੱਖੋ,*
*ਮ - ਨੀ ਅਤਿ ਥੋੜੇ, ਭੂਪਾਲੀ ਭੱਜੇ*
*'ਹਰੀ ਅਲਮਸਤ' ਕਹਿਤ ਪਹਾੜੀ।*

ਕਲਿਆਨ :

*ਸੂਰਜ ਡੁੱਬ ਗਿਆ,*
*ਛਿੜਿਆ ਤੰਬੂਰਾ,*
*ਸੱਭੋ ਸੁਰ ਤੀਬਰ*
*ਸੰਪੂਰਨ ਸੁਰ,*
*ਬਣੀ ਪਾ - ਰੇ ਸੰਗਤੀ ਆਲੀਸ਼ਾਨ*

---

1. ਵੇਗ ਜਾਂ ਵਜਦ ਵਿਚ ਆ ਕੇ ਰਾਗ-ਰਾਗਨੀਆਂ ਨਾਲ ਸੰਬੰਧਤ ਸੰਗੀਤ ਦੀਆਂ ਚੀਜ਼ਾਂ ਬੰਨ੍ਹਣ ਵਾਲੇ ਜਾਂ ਸ਼ਾਇਰੀ ਕਰਨ ਵਾਲੇ ਨੂੰ 'ਦਿਸ਼ਕਾਰ' ਜਾਂ 'ਵਾਗੇਅਕਾਰ' ਕਿਹਾ ਜਾਂਦਾ ਹੈ।


www.sikhbookclub.com

ਗੰਧਾਰ ਨਿਸ਼ਾਦ :

*ਪੂਰਨ ਸੰਵਾਦ*
*ਸਾ - ਪਾ ਆਰੋਹੇ*
*'ਹਰੀ ਅਲਮਸਤ' ਕਿਹਾ ਕਲਿਆਨ।*

ਭੂਪਾਲੀ :

*ਸੁਰ ਸੱਭਿ ਹੀ ਸ਼ੁੱਧ ਚੁਣ ਕੇ*
*ਮ - ਨੀ ਛੋਕੇ*
*ਗ - ਧ ਜੋੜੀ, ਅੱਤ ਸ਼ਾਨ ਨਿਰਾਲੀ*
*'ਹਰੀ ਅਲਮਸਤ' ਅਲਾਪੇ*
*ਵਿਚ ਮਸਤੀ ਦੇ,*
*ਰਾਤੀ ਪਹਿਲੇ ਪਹਿਰ ਭੂਪਾਲੀ।...*

ਟੋਡੀ :

*ਬੋਲਾ ਸ਼ਾਹ*
*ਵਾਦ ਸੰਵਾਦ, ਧ - ਗ,*
*ਕੰਜੂਸੀ ਪ,*
*ਖੂਬੀ ਰੇ ਗ ਧ,*
*ਗਾਵੇ ਖੇਤੀ, ਕਰਦੇ ਗੋਡੀ।*

... ... ... ...

*ਤਿੱਖੇ ਨੀ - ਮ,*
*ਅਤਿ ਕੋਮਲ ਰੇ ਗ ਧ,*
*ਮੇਲ ਆਇਆ,*
*ਯੁਨਾਨ ਕੇ ਦੇਸ਼,*
*'ਹਰੀ ਅਲਮਸਤ' ਹੈ ਇਹ ਟੋਡੀ।*

ਵੀਹਵੀਂ ਸਦੀ ਦੇ ਸੱਤਰਕਿਆਂ ਵਿਚ ਆਪ ਸਦੀਵੀ ਵਿਛੋੜਾ ਦੇ ਗਏ। ਆਪਣੀ ਅਖ਼ੀਰਲੀ ਉਮਰ ਆਪ ਨੇ ਬਹੂੰਗਰ ਪਟਿਆਲਾ ਦੇ ਇਕ ਵੱਡੇ ਆਸ਼ਰਮ ਵਿਚ ਗੁਜ਼ਾਰੀ। ਪੰਥ ਦੇ ਇਸ ਗੰਧਰਵ ਵਿਦਵਾਨ ਦਾ ਬੇਟਾ ਸ੍ਰੀ ਠਾਕੁਰ ਜੀ ਵੀ ਪਹਿਲਾਂ ਤਾਂ ਇਨ੍ਹਾਂ ਨਾਲ ਏਥੇ ਰਹਿੰਦਾ ਰਿਹਾ ਭਾਵੇਂ ਕਿ ਇਨ੍ਹਾਂ ਦੇ ਆਪਸ ਵਿਚੀਂ ਖ਼ਿਆਲ ਨਹੀਂ ਸਨ ਰਲਦੇ, ਪਰ ਅੱਜ-ਕੱਲ੍ਹ ਸ੍ਰੀ ਆਨੰਦਪੁਰ ਸਾਹਿਬ ਦੇ ਇਕ ਕਿਲ੍ਹੇ ਵਿਚ ਰਹਿ ਰਿਹਾ ਹੈ।

[ਇਸ ਲੇਖ ਦੀ ਤਿਆਰੀ ਵਿਚ ਜਿਨ੍ਹਾਂ ਵਿਅਕਤੀਆਂ ਨੇ ਮੇਰੀ ਮਦਦ ਕੀਤੀ, ਉਨ੍ਹਾਂ ਦੇ ਨਾਮ ਇਸ ਤਰ੍ਹਾਂ ਹਨ : ਗਿਆਨੀ ਦਰਸ਼ਨ ਸਿੰਘ ਸੋਹਲ ਅਤੇ ਉਨ੍ਹਾਂ ਦੇ ਦੋਵੇਂ ਬੇਟੇ ਭਾਈ ਹਰਜੀਤ ਸਿੰਘ ਅਤੇ ਭਾਈ ਰਿਪਦਮਨ ਸਿੰਘ, ਬਸਤੀ ਸ਼ੇਖ਼ਾਂ, ਜਲੰਧਰ ਵਾਲੇ।]

 www.sikhbookclub.com

# ਸ. ਅੱਛਰ ਸਿੰਘ ਸਾਜ਼ਕਾਰ



*ਸਰਦਾਰ ਅੱਛਰ ਸਿੰਘ ਸਾਜ਼ਕਾਰ*
*ਜਲੰਧਰ ਵਾਲੇ*

ਪੰਜਾਬ ਦੇ ਸੰਗੀਤ ਦੀ ਦੁਨੀਆਂ 'ਚ, ਖ਼ਾਸ ਕਰਕੇ ਬਤੌਰ ਸਾਜ਼ਕਾਰ ਦੇ ਸ. ਅੱਛਰ ਸਿੰਘ ਦਾ ਬੜਾ ਵੱਡਾ ਨਾਂ ਹੈ। ਉਨ੍ਹਾਂ ਦੇ ਕੁਝ ਤਵੇ 1926 ਈ. ਵਿਚ ਉਂਜ ਤਾਂ ਲਖਨਊ ਵਿਖੇ ਵੀ ਭਰੇ ਗਏ ਸਨ ਜਦਕਿ ਉਸਤਾਦ ਅਮਜਦ ਅਲੀ ਖ਼ਾਂ ਦੇ ਚਾਚਾ ਉਸਤਾਦ ਫ਼ਨੂੰ ਖ਼ਾਂ (...-1928 ਈ.) ਸਰੋਦ ਨਵਾਜ਼ ਦਾ ਇਕ ਰੀਕਾਰਡ (ਨੰਬਰ P 17528) ਵੀ ਹਿਜ਼ ਮਾਸਟਰਜ਼ ਵ੍ਹਾਇਸ ਵਾਲਿਆਂ ਨੇ ਉਦੋਂ ਹੀ ਭਰਿਆ ਸੀ ਜਿਸ ਵਿਚ ਇਕ ਪਾਸੇ ਮਾਲਕੌਂਸ ਹੈ ਅਤੇ ਦੂਜੇ ਪਾਸੇ ਬਾਗੇਸ਼ਰੀ। ਪਰ ਸਰਦਾਰ ਜੀ ਦੇ ਤਵੇ ਹਲਕੇ ਫੁਲਕੇ ਅੰਦਾਜ਼ ਦੇ ਸਨ। ਫਿਰ 1935 ਈ. ਵਿਚ ਜਦੋਂ ਆਪ ਦੇ ਕੁਝ ਬੋਲੀਆਂ ਦੇ ਗੀਤ ਭਰੇ ਗਏ ਤਾਂ ਕੰਪਨੀ ਵਾਲਿਆਂ ਨੇ ਆਪਣੀ ਕੈਟਾਲਾਗ ਵਿਚ ਉਨ੍ਹਾਂ ਨੂੰ ਇਨ੍ਹਾਂ ਲਫ਼ਜ਼ਾਂ ਨਾਲ ਪਰਿਚਿਤ ਕਰਵਾਇਆ ਸੀ :

ਭਾਈ ਅੱਛਰ ਸਿੰਘ ਨੇ ਤੂੰਬਾ ਦਾ ਗੌਣ ਤੇ ਦੂਸਰੇ ਪਾਸੇ ਜੁਦਾਈਆਂ ਦਾ ਗੌਣ ਗਾ ਕੇ ਕਈਆਂ ਦੇ ਦਿਲਾਂ ਵਿਚ ਠੰਢ ਪਾ ਦਿੱਤੀ। ਮਜ਼ਮੂਨ ਵੀ ਬਿਲਕੁਲ ਨਵਾਂ ਤੇ ਏਹੋ ਜੇਹਾ ਕਿ ਛੋਟੇ ਵੱਡੇ ਸਭ ਸਮਝ ਸਕਦੇ ਹਨ।

ਉਨ੍ਹਾਂ ਬੋਲੀਆਂ ਵਿੱਚੋਂ ਮਸ਼ਹੂਰ ਕੁਝ ਕੁ ਇਹ ਸਨ :

*ਤੇਰੇ ਪਿਛੇ ਖ਼ੂਨ ਹੋਣਗੇ, ਤੂੰ ਚੱਕ ਲੈ ਗਲੀ ਵਿੱਚੋਂ ਚਰਖਾ,*
*ਮਿੱਤ੍ਰਾ ਵੇ ਧਰਮ ਕਮਾਵੀਂ,*
*ਮੈਨੂੰ ਛੱਡ ਕੇ ਕਿਤੇ ਨਾ ਜਾਵੀਂ, ਖ਼ਾਲੀ ਹੱਥ ਚੁੱਕਣੇ ਪਏ,*
*ਜਿੰਦ ਯਾਰ ਦੇ ਹਵਾਲੇ ਕੀਤੀ।* *(ਤਵਾ ਨੰਬਰ P14076)*

ਪਰ ਸਭ ਤੋਂ ਵੱਧ ਸ੍ਰੋਤਿਆਂ ਨੇ ਉਨ੍ਹਾਂ ਦੇ ਸ਼ਬਦ ਕੀਰਤਨ ਦੇ ਇਹ ਤਵੇ ਬੇਹੱਦ ਸਲਾਹੇ ਸਨ ਜਿਹੜੇ ਕਿ ਪੀਲੂ ਵਿਚ ਗਾਏ ਗਏ ਸਨ :

 www.sikhbookclub.com

1. **ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ ॥**
   **ਰੂਪ ਹੀਨ ਬੁਧਿ ਬਲ ਹੀਨੀ, ਮੋਹਿ ਪਰਦੇਸਨਿ ਦੂਰ ਤੇ ਆਈ ॥**[1] *(ਪੰਨਾ 204)*
2. **ਵੈਦੁ ਬੁਲਾਇਆ ਵੈਦਗੀ, ਪਕੜਿ ਢੰਢੋਲੇ ਬਾਂਹ ॥** *(ਪੰਨਾ 1279)*

ਆਪ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਪਿੰਡ ਚਿੱਟੀ ਵਿਖੇ 1900 ਈ. ਦੇ ਨੇੜੇ ਤੇੜੇ ਹੋਇਆ। ਆਪ ਰਾਮਗੜ੍ਹੀਆ ਬਰਾਦਰੀ ਨਾਲ ਸਬੰਧਤ ਸਨ ਅਤੇ ਮਠਾੜੂ ਗੋਤ ਦੇ ਮਾਣਯੋਗ ਚਸ਼ਮੋ-ਚਿਰਾਗ਼। ਬਚਪਨ ਤੋਂ ਹੀ ਆਪ ਨੂੰ ਸੰਗੀਤ ਨਾਲ ਬੇਹੱਦ ਲਗਨ ਸੀ, ਇਸ ਲਈ ਪੰਜਾਬ ਦੇ ਸੁਪ੍ਰਸਿੱਧ ਧਰੁੱਪਦੀਏ ਮੁਹੰਮਦ ਬਖ਼ਸ਼ ਬੱਸੀ ਵਾਲੇ, ਜ਼ਿਲ੍ਹਾ ਹੁਸ਼ਿਆਰਪੁਰ ਦੇ ਸ਼ਾਗਿਰਦ ਹੋ ਗਏ।

ਵੀਹਵੀਂ ਸਦੀ ਚੜ੍ਹਨ ਨਾਲ ਹਰਿਵੱਲਭ ਸੰਗੀਤ ਸੰਮੇਲਨ ਦੀ ਦੇਸ਼ ਭਰ ਵਿਚ ਬੜੀ ਚੜ੍ਹਤ ਹੋ ਚੁੱਕੀ ਸੀ। ਇਸ ਲਈ ਇਸਦੇ ਪਹਿਲੇ ਸਾਲਾਂ ਤੋਂ ਹੀ, ਖ਼ਾਸ ਕਰਕੇ 1906 ਈ. ਤੋਂ, ਆਪ ਨੇ ਓਥੇ ਜਾ ਕੇ, ਵੱਡੇ ਤੋਂ ਵੱਡੇ ਕਲਾਕਾਰ ਨੂੰ ਕੰਨ ਲਾ ਕੇ ਸੁਣਨਾ ਸ਼ੁਰੂ ਕਰ ਦਿੱਤਾ। ਕਿਉਂਕਿ ਸਰੀਰਕ ਸਿੱਖਿਆ ਦਾ ਸ਼ੌਕ ਸੀ, ਇਸ ਲਈ ਤੜਕਸਾਰ ਉੱਠਦੇ, ਡੰਡ ਬੈਠਕਾਂ ਪੇਲਦੇ, ਤੇਲ ਮਾਲਸ਼ ਕਰ ਕੇ ਨਹਾਉਂਦੇ ਧੋਂਦੇ ਅਤੇ ਸੰਗੀਤ ਦੀ ਇਬਾਦਤ ਸ਼ੁਰੂ ਹੋ ਜਾਂਦੀ।

ਦੇਸ਼ ਭਰ ਦੇ ਸੁਪ੍ਰਸਿੱਧ ਤਬਲਾ ਨਵਾਜ਼ ਬਾਬਾ ਮਲੰਗ ਖ਼ਾਂ ਬੋਹਣ ਪੱਟੀ ਵਾਲਿਆਂ ਦੀ ਮੁਹੱਬਤ ਦਾ ਸਦਕਾ (ਕਿਉਂਕਿ ਉਨ੍ਹਾਂ ਆਪ ਵੀ ਓਥੇ ਹਿਕਮਤ ਦੀ ਦੁਕਾਨ ਪਾਈ ਹੋਈ ਸੀ) ਸੰਗੀਤ ਦੇ ਸਾਜ਼ਾਂ ਦੀ ਇਕ ਦੁਕਾਨ ਪਹਿਲਾਂ ਆਪ ਨੇ ਹੁਸ਼ਿਆਰਪੁਰ, 1918 ਈ. ਵਿਚ ਜਲੰਧਰ ਵਿਖੇ ਸਾਜ਼ ਮੁਰੰਮਤ ਕਰਨ ਦੀ ਦੁਕਾਨ ਖੋਲ੍ਹੀ। ਦਿੱਲੀ ਵਿਚ ਵੀ ਕਾਫ਼ੀ ਰਹੇ ਅਤੇ 1952 ਈ. ਵਿਚ ਫਿਰ ਜਲੰਧਰ ਆਪਣੇ ਸ਼ਹਿਰ ਪੱਕੇ ਤੌਰ 'ਤੇ ਰਹਿਣ ਲੱਗ ਪਏ। ਇਹ ਗੱਲ ਬਗੈਰ ਕਿਸੇ ਝਿਜਕ ਦੇ ਆਖੀ ਜਾ ਸਕਦੀ ਹੈ ਕਿ ਜਲੰਧਰ ਵਿਚ ਅੱਜ ਜਿੰਨੇ ਵੀ ਸਾਜ਼ ਬਣਾਉਣ ਵਾਲੇ ਜਾਂ ਮੁਰੰਮਤ ਕਰਨ ਵਾਲੇ ਹਨ, ਉਹ ਸਭ ਉਨ੍ਹਾਂ ਦੇ ਹੀ ਸ਼ਾਗਿਰਦ ਹਨ।

ਸੰਗੀਤ ਦੇ ਖੇਤਰ ਵਿਚ ਹੁਣ ਤਕ ਸ. ਅੱਛਰ ਸਿੰਘ ਇਕ ਬਹੁਤ ਵੱਡਾ ਨਾਂ ਬਣ ਚੁੱਕਾ ਸੀ। ਉਸ ਪਿੱਛੋਂ ਆਪ ਨੇ ਭਾਰਤ ਦੀਆਂ ਵੱਖੋ-ਵੱਖਰੀਆਂ ਰਿਆਸਤਾਂ ਦਾ ਰਟਨ ਕਰਨਾ ਸ਼ੁਰੂ ਕਰ ਦਿੱਤਾ। ਸਭ ਤੋਂ ਪਹਿਲਾਂ ਆਪ ਪਟਿਆਲਾ ਗਏ ਅਤੇ ਓਥੇ "ਪਟਿਆਲਾ ਮਿਊਜ਼ਿਕ ਹਾਊਸ" ਨਾਂ ਦੀ ਦੁਕਾਨ ਖੋਲ੍ਹ ਲਈ। ਮਹਾਰਾਜਾ ਭੁਪਿੰਦਰ ਸਿੰਘ ਦੇ ਹਾਥੀ ਦਾ ਜਲੂਸ ਜਦ ਵੀ ਉਸ ਪਾਸੇ ਦੀ ਲੰਘਦਾ, ਘੜੀ ਦੀ ਘੜੀ ਓਥੇ ਜ਼ਰੂਰ ਰੁਕਦਾ ਅਤੇ ਮਹਾਰਾਜਾ ਇਹ ਗੱਲ ਕਹਿੰਦਾ, "ਅੱਛਰਾ ਸਿੰਘ - (ਉਹ ਆਪ ਨੂੰ ਅੱਛਰ ਸਿੰਘ ਦੀ ਬਜਾਏ, ਅੱਛਰਾ ਸਿੰਘ ਸੱਦਦੇ ਹੁੰਦੇ ਸਨ) ਮਜ਼ਾ ਕਰ ਦਿੱਤਾ ਭਈ। ਸਾਡੀ ਰਿਆਸਤ ਦਾ ਨਾਂ ਤੂੰ ਸਾਰੇ ਦੇਸ਼ ਵਿਚ ਉੱਚਾ ਕਰ ਰਿਹਾ ਏਂ।" ਦਰਬਾਰ ਵਿਚ ਹਾਜ਼ਰੀ ਭਰਨ ਗਿਆਂ ਜਦ ਆਪ ਪਹਿਲੀ ਵੇਰ ਪੇਸ਼ ਹੋਏ ਸਨ, ਤਾਂ ਯੁਵਰਾਜ ਨੂੰ ਉਨ੍ਹਾਂ ਨੇ ਇਕ ਹਾਰਮੋਨੀਅਮ ਭੇਂਟ ਕੀਤਾ ਸੀ, ਜਿਸਦੇ ਇਵਜ਼ ਵਿਚ ਰਿਆਸਤ ਵਲੋਂ ਉਨ੍ਹਾਂ ਨੂੰ ਇਹ ਸਰਟੀਫ਼ਿਕੇਟ ਮਿਲਿਆ ਸੀ :

---

1. ਖ਼ੁਸ਼ੀ ਦੀ ਗੱਲ ਹੈ ਕਿ ਇਸ ਅਦੁੱਤੀ ਸ਼ਬਦ ਦੀ ਰੀਕਾਰਡਿੰਗ ਸ: ਗੁਰਮੁਖ ਸਿੰਘ ਲਾਲੀ ਜੀ ਨੇ ਪਿਆਰ-ਵੱਸ ਸਾਡੇ ਅਜਾਇਬ ਘਰ ਵਾਸਤੇ ਭੇਂਟ ਕਰ ਦਿੱਤੀ ਸੀ।

Patiala

Dated : 18-12-1933

It is to certify that the organs and Harmonium supplied by Mr. Achhar Singh Harmonium maker to His Highness Shri Yuvraj Sahib Bahadur have been found quite satisfactory. His Highness has appreciated them and is satisfied with their good results. His organs really deserve appreciation and are recommeded for general use.

Colonel Maharaj,

Adviser to H.H. Shri Yuvraj Sahib Bahadur of Patiala.

ਏਸੇ ਤਰ੍ਹਾਂ ਉਹ ਦੇਸ਼ ਭਰ ਦੀਆ ਹੋਰ ਵੀ ਕਈ ਰਿਆਸਤਾਂ ਵਿਚ ਜਾਂਦੇ, ਆਪਣੇ ਬਣਾਏ ਹੋਏ ਸਾਜ਼ ਭੇਂਟ ਕਰ ਕੇ, ਇਨਾਮ ਇਕਰਾਮ ਅਤੇ ਪ੍ਰਸੰਸਾ-ਪੱਤਰ ਪ੍ਰਾਪਤ ਕਰਦੇ ਰਹਿੰਦੇ ਸਨ, ਜਿਨ੍ਹਾਂ ਵਿੱਚੋਂ ਛੇ ਸੱਤ ਰਿਆਸਤਾਂ ਵਲੋਂ ਪ੍ਰਦਾਨ ਕੀਤੇ ਗਏ ਸਰਟੀਫ਼ਿਕੇਟ ਤਾਂ ਸਾਡੀ ਖ਼ੁਆਬਗਾਹ ਵਿਚ ਹੀ ਮੌਜੂਦ ਹਨ। 1940 ਈ. ਦੇ ਨੇੜੇ, ਬੈਂਜੋ, ਜਿਸਨੂੰ ਜਾਪਾਨੀ ਜ਼ੁਬਾਨ ਵਿਚ ਟੈਸ਼ੋ ਕੋਟੋ ਆਖਦੇ ਸਨ, ਖਿਲੌਣੇ ਦੀ ਸ਼ਕਲ ਦੀ ਆਉਂਦੀ ਸੀ, ਉਸ 'ਤੇ ਮਿਹਨਤ ਕਰ ਕੇ, ਹਾਰਮੋਨੀਅਮ ਟਾਈਪ ਦੇ ਪਰਦੇ ਲਗਾ ਕੇ, ਕੱਵਾਲਾਂ ਲਈ ਤਿਆਰ ਕੀਤਾ ਅਤੇ ਇਸ ਤਰ੍ਹਾਂ ਇਕ ਖਿਲੌਣੇ ਜਿਹੇ ਨੂੰ ਬਾਕਾਇਦਾ ਇਕ ਨਵੇਂ ਸਾਜ਼ ਦਾ ਰੂਪ ਦੇ ਦਿੱਤਾ। ਸੰਗੀਤ ਦੇ ਸ਼ੌਕ ਪ੍ਰਤੀ ਸ਼ਿੱਦਤ ਦੇ ਆਲਮ ਦਾ ਅੰਦਾਜ਼ਾ ਲਾ ਲਓ ਕਿ ਪਿਆਨੋ ਨੂੰ ਸੁਰ ਕਰਨ ਲਈ ਇਕ ਜਰਮਨ ਮਾਹਿਰ ਨੂੰ ਆਪਣੇ ਕੋਲ ਨੌਕਰ ਰੱਖਿਆ ਹੋਇਆ ਸੀ।

1943-44 ਈ. ਵਿਚ "ਸੁਰ ਸੁਹਾਗ" ਨਾਂ ਦਾ ਅਸਲੋਂ ਇਕ ਨਵਾਂ ਸਾਜ਼ ਈਜਾਦ ਕੀਤਾ, ਜਿਹੜਾ ਕਿ ਵਚਿੱਤ੍ਰ ਵੀਣਾ ਵਾਂਗ ਵੱਜਦਾ ਹੈ। ਬੰਬਈ ਦੇ ਆਕਾਸ਼ਬਾਣੀ ਕੇਂਦਰ ਤੋਂ ਬੀ.ਐੱਨ. ਬਾਲੀ ਹੋਰੀਂ ਲਗਾਤਾਰ ਇਸਨੂੰ ਕਈ ਸਾਲ ਵਜਾਉਂਦੇ ਰਹੇ। ਉਸ ਪਿੱਛੋਂ 1961 ਈ. ਦੇ ਨੇੜੇ ਅਸਲੋਂ ਇਕ ਹੋਰ ਨਵੀਂ 'ਮਧੁਵੀਣਾ' ਬਣਾਈ, ਜਿਸਦੀ ਸ਼ਕਲ ਸਿਤਾਰ ਵਰਗੀ ਹੈ, ਪਰ ਇਸ ਵਿਚ ਤੂੰਬਾ ਨਹੀਂ ਲੱਗਦਾ। ਇਸ ਸਾਜ਼ ਦੀ ਇਹ ਖ਼ੂਬੀ ਹੈ ਕਿ ਇਹ ਇੱਕੋ ਸਮੇਂ ਸਿਤਾਰ ਅਤੇ ਸਰੋਦ ਵਾਦਯ ਦੀਆਂ ਮਿੱਠੀਆਂ ਧੁਨਾਂ ਨੂੰ ਬੜੇ ਦਿਲਕਸ਼ ਅੰਦਾਜ਼ ਵਿਚ ਪ੍ਰਸਾਰਿਤ ਕਰਦੀ ਹੈ।

ਆਪ ਦਾ ਦਿਮਾਗ਼ ਐਨੀ ਉਪਜ ਵਾਲਾ ਸੀ ਕਿ ਸੰਗੀਤ ਮਾਹਿਰ ਹਾਲੇ ਤਕ ਵੀ ਉਸ ਦੀਆਂ ਪਰਤਾਂ ਦਾ ਸਹੀ ਅੰਦਾਜ਼ਾ ਨਹੀਂ ਲਾ ਸਕੇ। ਰਿਆਸਤਾਂ ਦੇ ਤੋਸ਼ੇਖ਼ਾਨਿਆਂ ਵਿਚ ਬਹੁਤ ਪੁਰਾਣੇ ਨਾਦਰ ਟੁੱਟੇ ਭੱਜੇ ਜਾਂ ਬੇਸੁਰ ਹੋ ਚੁੱਕੇ ਸਾਜ਼, ਜਿਹੜੇ ਅੱਜ ਤਕ ਹੋਰ ਕਿਸੇ ਕਾਰੀਗਰ ਤੋਂ ਠੀਕ ਨਹੀਂ ਸਨ ਹੋ ਸਕੇ, ਆਪ ਨੇ ਉਨ੍ਹਾਂ ਨੂੰ ਠੀਕ ਕੀਤਾ ਅਤੇ ਸੰਗੀਤ ਸੰਬੰਧੀ ਆਪਣੀ ਸਿਰਜਨਾਤਮਿਕ ਸੂਝ ਦਾ ਹਰ ਥਾਂ ਲੋਹਾ ਮਨਵਾਇਆ। ਨਿਤਾਪ੍ਰਤੀ ਜੀਵਨ ਵਿਚ ਆਪ ਚੋਗਾ ਕੁੜਤਾ ਅਤੇ ਚੂੜੀਦਾਰ ਪਜਾਮਾ ਪਹਿਨਦੇ ਅਤੇ ਬੜੇ ਠਾਠ ਬਾਠ ਨਾਲ ਰਹਿੰਦੇ ਸਨ। ਭਾਰਤ ਦੀ ਸਭ ਤੋਂ ਵੱਡੀ ਹਰਿਵੱਲਭ ਸੰਗੀਤ ਕਾਨਫ਼ੈਂਸ ਦੇ ਆਪ ਸਦਾ ਇਕ ਬੜੇ ਵੱਡੇ ਕਰਤਾ ਧਰਤਾ ਰਹੇ। ਆਪਣੇ ਆਖ਼ਰੀ ਦਿਨਾਂ 'ਚ ਇਸ ਦੇ ਉਹ ਸੀਨੀਅਰ ਮੀਤ-ਪ੍ਰਧਾਨ ਸਨ।


www.sikhbookclub.com



ਸਰਦਾਰ ਅੱਛਰ ਸਿੰਘ ਅਗਸਤ 1962 ਵਿਚ ਜਗਤ-ਵਿਖਿਆਤ ਸਿਤਾਰਵਾਦਕ ਪੰਡਿਤ ਰਵੀ ਸ਼ੰਕਰ ਜੀ ਨੂੰ ਆਪਣਾ ਨਵਾਂ ਈਜਾਦ ਕੀਤਾ ਹੋਇਆ ਸਾਜ਼ 'ਮਧੂ-ਵੀਣਾ' ਪੇਸ਼ ਕਰਦੇ ਹੋਏ ।

ਨਵੇਂ ਤੋਂ ਨਵੇਂ ਸਾਜ਼ ਬਣਾਉਣ ਤੋਂ ਬਿਨਾਂ ਭਾਰਤੀ ਸੰਗੀਤ ਨੂੰ ਉਨ੍ਹਾਂ ਦੀ ਸਭ ਤੋਂ ਵੱਡੀ ਦੇਣ ਇਹ ਹੈ ਕਿ ਆਪ ਦੇ ਕਹਿਣ ਸੁਣਨ ਦਾ ਹੀ ਸਦਕਾ ਸੀ ਕਿ ਉਸਤਾਦ ਛੁੰਨੂ ਖ਼ਾਂ ਵਰਗੇ ਮਲੰਗ ਤਬੀਅਤ ਕਲਾਕਾਰ ਵੀ ਆਉਣ ਵਾਲੀਆਂ ਨਸਲਾਂ ਲਈ ਆਪਣੇ ਕੁਝ ਰੀਕਾਰਡ ਭਰਵਾ ਗਏ। ਇਹ ਗੱਲ 1926 ਦੀ ਹੈ, ਜਦੋਂ ਆਪ ਲਖਨਊ ਵਿਖੇ ਆਪਣੇ ਰੀਕਾਰਡ ਭਰਵਾਉਣ ਗਏ ਹੋਏ ਸਨ। ਆਪ ਨੇ ਜਦੋਂ ਉਸਨੂੰ ਸੁਣਿਆ ਤਾਂ ਓਸੇ ਵੇਲੇ ਹੀ ਉਸਨੂੰ ਆਪਣੇ ਨਾਲ ਜਲੰਧਰ ਲੈ ਆਏ। ਖ਼ੁਸ਼ੀ ਦੀ ਗੱਲ ਹੈ ਕਿ ਸਾਡੇ ਕੋਲ ਉਨ੍ਹਾਂ ਦਾ ਐਚ.ਐਮ. ਵੀ. ਵਲੋਂ ਤਿਆਰ ਕੀਤਾ ਤਵਾ (ਨੰਬਰ P 17528) ਬੜੀ ਅੱਛੀ ਹਾਲਤ ਵਿਚ ਸੁਰੱਖਿਅਤ ਹੈ ਜਿਸ ਵਿਚ ਉਨ੍ਹਾਂ ਬਾਗੇਸ਼ਰੀ ਅਤੇ ਮਾਲਕੌਂਸ ਗਾਇਆ ਹੋਇਆ ਹੈ। ਛੁੰਨੂ ਖਾਂ ਉਸਤਾਦ ਮੁਦਰੂ ਖ਼ਾਂ ਦਾ ਪੁੱਤਰ ਸੀ ਜਿਸਦੀ ਮੌਤ 1895 ਈ. ਵਿਚ ਹੋ ਗਈ ਸੀ। ਸੋ ਸਾਫ਼ ਜ਼ਾਹਰ ਹੈ ਕਿ ਛੁੰਨੂ ਖ਼ਾਂ ਦਾ ਜਨਮ ਉਸ ਤੋਂ ਕਈ ਸਾਲ ਪਹਿਲਾਂ ਹੋਇਆ ਹੋਵੇਗਾ। ਸਾਡੇ ਖ਼ਿਆਲ ਅਨੁਸਾਰ, ਸਰੋਦੀਆਂ ਵਿੱਚੋਂ ਆਪ ਸਭ ਤੋਂ ਪਹਿਲੇ ਫ਼ਨਕਾਰ ਸਨ ਜਿਨ੍ਹਾਂ ਦੇ ਕੁਝ ਤਵੇ 1926 ਈ. ਤੋਂ ਵੀ ਕਿੰਨੇ ਸਾਲ ਪਹਿਲਾਂ ਭਰੇ ਗਏ ਸਨ। ਆਪ ਦੇ ਇਕ ਦੋ ਰੀਕਾਰਡ ਸੰਗੀਤ ਨਾਟਕ ਅਕੈਡਮੀ ਦਿੱਲੀ ਵਾਲਿਆਂ ਕੋਲ ਵੀ ਮੌਜੂਦ ਹਨ–ਜਿਨ੍ਹਾਂ ਦੇ ਨੰਬਰ ਹਨ ਗਰਾਮੋਫ਼ੋਨ ਕੰਪਨੀ 80-628 P 17543-80-629-17543-Acq. No. 884.

ਇਸ ਤੋਂ ਛੁੱਟ, ਉਨ੍ਹਾਂ ਦੀ ਇਹ ਬਹੁਤ ਵੱਡੀ ਦੇਣ ਹੈ ਕਿ ਜਦੋਂ ਆਪ ਨੇ ਮਲਿਕਾਇ-ਗ਼ਜ਼ਲ ਬੇਗਮ ਅਖ਼ਤਰ, ਜਿਹੜੀ ਅਜੇ ਤਕ ਲਖਨਊ ਅੰਗ ਦੀ ਠੁਮਰੀ ਹੀ ਗਾਉਂਦੀ ਸੀ, ਨੂੰ ਪਹਿਲੀ ਵੇਰ ਸੁਣਿਆ ਤਾਂ ਸਲਾਹ ਦਿੱਤੀ ਕਿ ਜੇਕਰ ਗਾਉਣਾ ਹੀ ਹੈ ਤਾਂ ਕਿਸੇ ਪੰਜਾਬੀ ਉਸਤਾਦ ਦੀ ਸ਼ਾਗਿਰਦ ਬਣੇ ਅਤੇ ਪੰਜਾਬ ਅੰਗ ਦੀ ਠੁਮਰੀ ਗਾਏ। ਉਸਨੂੰ ਉਨ੍ਹਾਂ ਦੀ ਇਹ ਸਲਾਹ ਚੰਗੀ ਲੱਗੀ ਅਤੇ ਏਸੇ ਸਦਕਾ ਉਸਨੇ ਪਟਿਆਲਾ ਘਰਾਣੇ ਦੇ ਪ੍ਰਸਿੱਧ ਉਸਤਾਦ ਅਤਾ ਮੁਹੰਮਦ ਨੂੰ ਆਪਣਾ ਗੁਰੂ ਧਾਰਨ ਕਰ ਲਿਆ, ਜਿਹੜਾ ਕਿ ਪਿੱਛੋਂ ਉਸਦੇ ਜੀਵਨ ਦਾ ਇਕ ਬਹੁਤ ਵੱਡਾ ਮੋੜ ਸਾਬਤ ਹੋਇਆ। ਆਪ ਨੇ ਉਸਨੂੰ ਇਕ ਹਾਰਮੋਨੀਅਮ ਵਾਜਾ ਵੀ ਪੇਸ਼ ਕੀਤਾ ਸੀ, ਜਿਸ ਨੂੰ ਉਹ ਉਮਰ ਭਰ ਆਪਣੀ ਜਾਨ ਤੋਂ ਵੀ ਵੱਧ ਪਿਆਰਾ ਸਮਝਦੀ ਰਹੀ। ਕੀ ਮਜਾਲ ਉਸ ਵਾਜੇ ਨੂੰ ਕੋਈ ਹੋਰ ਹੱਥ ਤਕ ਵੀ ਲਾ ਜਾਏ ਤੇ!

ਆਖ਼ਰ 10 ਅਪਰੈਲ, 1970 ਨੂੰ ਹਸੂੰ ਹਸੂੰ ਕਰਦੀ ਇਹ ਸ਼ਖ਼ਸੀਅਤ, ਨਵੇਂ ਤੋਂ ਨਵੇਂ ਸਾਜ਼ਾਂ ਦਾ ਸਿਰਜਨਹਾਰ, ਸੰਗੀਤ ਦਾ ਹੁਸਨਕਾਰ, ਸਾਡੇ ਕੋਲੋਂ ਸਦਾ ਸਦਾ ਲਈ ਉਸ ਦੁਨੀਆਂ ਨੂੰ ਰਵਾਨਾ ਹੋ ਗਿਆ, ਜਿਥੇ ਗਿਆਂ ਅੱਜ ਤਕ ਕੋਈ ਵਾਪਸ ਨਹੀਂ ਪਰਤਿਆ। ਉਸ ਮੌਕੇ 'ਤੇ ਮੈਂ ਇਕ ਲੰਬੀ ਚੌੜੀ ਕਵਿਤਾ ਲਿਖੀ ਸੀ, ਜੋ ਕੁਝ ਇਸ ਤਰ੍ਹਾਂ ਸੀ:

*ਸੰਗੀਤ ਸਾਗਰ ਮਰ ਗਿਆ।*
*ਕਾਰਵਾਂ ਸਭ ਧੜ੍ਹ ਗਿਆ!*
*ਕਹਿ ਦਿਓ 'ਮੱਧਮ' ਨੂੰ ਜਾ ਕੇ,*
*ਗ਼ਮ ਦਾ ਸੂਰਜ ਚੜ੍ਹ ਗਿਆ!*
*ਸੰਗੀਤ-ਸਾਗਰ ਮਰ ਗਿਆ।*


www.sikhbookclub.com

ਆਪ ਨਰੀਨਾ ਔਲਾਦ ਤੋਂ ਤਾਂ ਵਾਂਝੇ ਰਹੇ, ਪਰ ਆਪਣੀਆਂ ਦੋਹਾਂ ਲਾਡਲੀਆਂ ਧੀਆਂ ਕੁਮਾਰੀ ਸਰਵਜੀਤ ਅਤੇ ਰਵਿੰਦਰ ਕੌਰ ਨੂੰ ਪੁੱਤਰਾਂ ਨਾਲੋਂ ਵੀ ਵੱਧ ਪਾਲਿਆ। ਉਨ੍ਹਾਂ ਦੋਹਾਂ ਨੂੰ ਆਹਲਾ ਤੋਂ ਆਹਲਾ ਤਾਲੀਮ ਦਿਲਵਾਈ। ਨਤੀਜੇ ਵਜੋਂ ਉਨ੍ਹਾਂ ਦੋਹਾਂ ਨੇ ਹੀ ਨੈਸ਼ਨਲ ਪੱਧਰ ਦੀ ਪ੍ਰਸਿੱਧੀ ਪ੍ਰਾਪਤ ਕੀਤੀ। ਕੁਮਾਰੀ ਸਰਵਜੀਤ, ਜਿਹੜੀ ਕਿ ਜਗਤ-ਵਿਖਿਆਤ ਪ੍ਰਸਿੱਧੀ ਦੇ ਮਾਲਿਕ ਪੰਡਿਤ ਰਵੀ ਸ਼ੰਕਰ ਦੀ ਸ਼ਾਗਿਰਦ ਸੀ— ਨੇ ਸਿਤਾਰ ਵਾਦਨ ਵਿਚ ਇਕ ਬੜਾ ਵੱਡਾ ਮੁਕਾਮ ਹਾਸਲ ਕੀਤਾ, ਪਰ ਅਫ਼ਸੋਸ! ਉਮਰ ਨੇ ਵਫ਼ਾ ਨਾ ਕੀਤੀ ਅਤੇ ਕੁਝ ਸਾਲ ਹੋਏ ਉਹ ਹੈਦਰਾਬਾਦ ਵਿਖੇ ਚੜ੍ਹਾਈ ਕਰ ਗਈ, ਜਿਥੇ ਕਿ ਉਨ੍ਹਾਂ ਦੇ ਪਤੀ-ਦੇਵ ਸ੍ਰੀ ਆਹਲੂਵਾਲੀਆ ਜੀ ਪ੍ਰਾਂਤ ਦੇ ਡੀ.ਆਈ.ਜੀ. ਸਨ। ਉਨ੍ਹਾਂ ਦੀ ਦੂਸਰੀ ਭੈਣ ਵੀ ਸੰਗੀਤ ਦੇ ਪ੍ਰੋਫ਼ੈਸਰ ਸਨ, ਜਿਹੜੇ ਕਿ ਅਖ਼ੀਰ 'ਚ ਗੌਰਮਿੰਟ ਕਾਲਜ ਫਾਰ ਵੂਮੈਨ, ਅੰਮ੍ਰਿਤਸਰ ਤੋਂ ਬਤੌਰ ਪ੍ਰਿੰਸੀਪਲ ਸੇਵਾ-ਮੁਕਤ ਹੋ ਕੇ ਅੱਜ-ਕੱਲ੍ਹ ਗੋਲਡਨ ਐਵੇਨਿਊ, ਅੰਮ੍ਰਿਤਸਰ ਰਹਿ ਰਹੇ ਹਨ।

[ਇਸ ਲੇਖ ਦੀ ਲਿਖਾਈ ਸੁਧਾਈ ਵਿਚ ਸ. ਗੁਰਬਖ਼ਸ਼ ਸਿੰਘ ਜੀ ਮਠਾਰੂ ਦਾ ਮੈਂ ਅਤਿ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਸਿਲਸਿਲੇ 'ਚ ਮੇਰੀ ਬੜੀ ਮਦਦ ਕੀਤੀ।]

 www.sikhbookclub.com

# ਭਾਈ ਸਮੁੰਦ ਸਿੰਘ

*ਸਲੋਨੇ ਨੈਨਵਾ ਮੇਂ*
*ਡਾਰਤ ਗੋਰੀ ਕਾਜਰਵਾ।*
*ਸਭ ਨਾਰੀ ਮਿਲ ਬਨ ਠਨ ਆਈਂ,*
*'ਸਭ ਰੰਗ' ਅਪਨੇ ਪੀਆ ਕੋ ਡਾਰਤ ਹਰਬਾ।*

ਇਹ 1935 ਈ. ਦੀ ਗੱਲ ਹੈ। ਕਲਕੱਤਾ ਵਿਖੇ ਆਲ-ਇੰਡੀਆ ਬੰਗਾਲ ਮਿਊਜ਼ਿਕ ਕਾਨਫ੍ਰੰਸ ਹੋ ਰਹੀ ਸੀ ਜਿਸ ਵਿਚ ਉਸਤਾਦ ਬੜੇ ਗੁਲਾਮ ਅਲੀ ਖ਼ਾਂ ਨੇ ਵੀ ਸ਼ਿਰਕਤ ਕੀਤੀ। ਗਿਆਰਾਂ ਵਜੇ ਸਵੇਰ ਦੀ ਬੈਠਕ 'ਚ ਸ਼ੁੱਧ ਸਾਰੰਗ ਦੀ ਆਪਣੀ ਉਪਰਿਕਤ ਬੰਦਸ਼ ਗਾਉਂਦਿਆਂ, ਖ਼ਾਂ ਸਾਹਿਬ ਤਿੰਨ ਸਪਤਕ ਦੀ ਇਕ ਅਜਿਹੀ ਤਾਨ ਲੈ ਉਡੇ ਕਿ ਹਾਲ ਵਿਚ ਬੈਠੀ ਸਮੂਹ ਪਬਲਿਕ ਵੀ ਨਾਲ ਹੀ ਉੱਠ ਕੇ ਖੜੀ ਹੋ ਗਈ ਅਤੇ 'ਸੁਭਾਨ ਅੱਲ੍ਹਾ, ਵਾਹ ਵਾਹ' ਦੇ ਨਾਅਰਿਆਂ ਨਾਲ ਸਾਰਾ ਹਾਲ ਗੂੰਜ ਉੱਠਿਆ।

ਉਸ ਤੋਂ ਕੁਝ ਸਾਲ ਪਿੱਛੋਂ ਹੀ, ਆਲ ਇੰਡੀਆ ਰੇਡੀਓ ਸਟੇਸ਼ਨ ਸ੍ਰੀਨਗਰ ਵਿਖੇ ਵੀ ਇਕ ਏਹੋ ਜਿਹਾ ਅਜੀਬ ਕ੍ਰਿਸ਼ਮਾ ਵਾਪਰਿਆ। ਭਾਈ ਸਾਹਿਬ ਸਮੁੰਦ ਸਿੰਘ ਨੇ ਉਥੇ ਰੇਡੀਓ ਪ੍ਰੋਗਰਾਮ ਪੇਸ਼ ਕਰਨਾ ਸੀ। ਸਟਾਫ਼ ਆਰਟਿਸਟ ਸਾਜ਼ਿੰਦਿਆਂ ਨੇ ਆਪਣੇ ਆਪਣੇ ਸਾਜ਼ ਸੁਰ ਕਰ ਲਏ ਅਤੇ ਸਾਰੰਗੀਏ ਨੇ ਵੀ। ਭਾਈ ਸਾਹਿਬ ਨੇ ਸ਼ਬਦ ਗਾਇਨ ਕਰਦਿਆਂ ਹੀ ਐਸਾ ਬਿਖੜਾ ਮੁਖੜਾ ਫੜਿਆ ਕਿ ਉਸ ਮੁਸਲਮਾਨ ਸਾਰੰਗੀਏ ਦੇ ਹੱਥ ਉਥੇ ਹੀ ਰੁਕ ਗਏ ਅਤੇ ਉਹ ਆਪਣਾ ਸਾਜ਼ ਛੱਡ ਕੇ, ਭਾਈ ਸਾਹਿਬ ਦੀ ਨੂਰਾਨੀ ਆਵਾਜ਼ ਦੀਆਂ ਲਹਿਰਾਂ ਵਿਚ ਡੁੱਬਿਆ, ਉਨ੍ਹਾਂ ਦੇ ਚਿਹਰੇ ਵੱਲ ਹੀ ਵੇਖਦਾ ਰਿਹਾ। ਸਾਰਾ ਸਮਾਂ ਉਹ ਏਸੇ ਤਰ੍ਹਾਂ ਆਪਣੀ ਸੁੱਧ ਬੁੱਧ ਭੁਲਾਈ - ਅਲਮਸਤ-ਵਿਸਮਾਦ ਵੈਰਾਗ ਵਿਚ ਗੜੂੰਦ, 'ਹਰਿ ਰਸੁ ਪੀਵੈ ਅਲਮਸਤੁ ਮਤਵਾਰਾ' (ਆਸਾ ਮਹਲਾ ੫, ਪੰਨਾ 377) ਅਨੁਸਾਰ ਰਾਗ ਰੰਗ ਦੇ ਨਸ਼ੇ ਵਿਚ ਡੁੱਬਕੀਆਂ ਲੈਂਦਾ ਰਿਹਾ। ਸਟੇਸ਼ਨ ਡਾਇਰੈਕਟਰ ਨੇ ਜਦੋਂ ਦਫ਼ਤਰ ਬੁਲਾ ਕੇ ਸਾਰੰਗੀ ਨਾ ਵਜਾਉਣ ਦੀ ਜਵਾਬ ਤਲਬੀ ਕੀਤੀ ਤਾਂ ਅੱਗੋਂ ਉਸਦਾ ਇਹ ਉੱਤਰ ਸੀ : "ਭਾਈ ਸਾਹਿਬ ਦੀ ਆਵਾਜ਼ 'ਚੋਂ ਮੈਂ ਤਾਂ ਅੱਜ ਅੱਲ੍ਹਾ ਦਾ ਨੂਰ ਹੀ ਤੱਕਦਾ ਰਿਹਾਂ। ਵਿਸਮਾਦ ਵਿਚ ਮੈਨੂੰ ਸਭ ਕੁਝ ਭੁੱਲ ਗਿਆ ਸੀ, ਇਸ ਲਈ ਹਜ਼ੂਰ ਮੇਰਾ ਕੋਈ ਕਸੂਰ ਨਹੀਂ ਹੈ।"

ਇਹ ਗੱਲ ਸਹੀ ਸੀ ਜਾਂ ਗ਼ਲਤ, ਪਰ ਲੱਗਦੀ ਵਾਹੇ ਮੁਸਲਮਾਨ ਗਾਇਕ ਸਿੱਖ ਰਾਗੀਆਂ ਤੋਂ ਬਹੁਤਾ ਮੁਤਾਸਰ ਨਹੀਂ ਸਨ ਹੁੰਦੇ। ਪਰ ਭਾਈ ਸਾਹਿਬ 'ਤੇ ਗੁਰੂ ਮਹਾਰਾਜ ਦੀ ਕੁਝ ਅਜਿਹੀ ਬਖ਼ਸ਼ਿਸ਼ ਸੀ ਕਿ ਉਨ੍ਹਾਂ ਦੇ ਗਲੇ ਤੋਂ ਕਿਹੜਾ ਪ੍ਰਭਾਵਿਤ ਨਹੀਂ ਸੀ

 www.sikhbookclub.com



ਭਾਈ ਸਮੁੰਦ ਸਿੰਘ (ਸੱਜਿਓਂ ਦੂਜੇ) ਅਤੇ ਉਨ੍ਹਾਂ ਦਾ ਜਥਾ



www.sikhbookclub.com

ਹੁੰਦਾ - ਭਾਵੇਂ ਉਹ ਉਸਤਾਦ ਬੜੇ ਗ਼ੁਲਾਮ ਅਲੀ ਖ਼ਾਂ ਹੋਵੇ ਜਾਂ ਛੋਟੇ, ਜਾਂ ਕੋਈ ਹੋਰ ਗਾਇਕ ਵਜਾਇਕ। ਪ੍ਰਸਿੱਧ ਫ਼ਿਲਮ ਸਟਾਰ ਅਤੇ ਲੇਖਕ ਬਲਰਾਜ ਸਾਹਨੀ ਦੇ ਕਥਨ ਅਨੁਸਾਰ ਵੀਹਵੀਂ ਸਦੀ ਦੇ ਪੰਜਾਬ ਦੇ ਚਾਰ ਪ੍ਰਮੁੱਖ ਵਿਅਕਤੀ ਇਸ ਪ੍ਰਕਾਰ ਸਨ: ਲੇਖਕਾਂ ਵਿੱਚੋਂ ਸ. ਗੁਰਬਖਸ਼ ਸਿੰਘ ਪ੍ਰੀਤਲੜੀ, ਚਿੱਤਰਕਾਰਾਂ ਵਿੱਚੋਂ ਸ. ਸੋਭਾ ਸਿੰਘ, ਸ਼ਾਸਤ੍ਰੀ ਸੰਗੀਤ ਵਿੱਚੋਂ ਉਸਤਾਦ ਬੜੇ ਗ਼ੁਲਾਮ ਅਲੀ ਖ਼ਾਂ ਅਤੇ ਗੁਰਮਤਿ ਸੰਗੀਤ ਵਿੱਚੋਂ ਭਾਈ ਸਮੁੰਦ ਸਿੰਘ।

ਅਜੇ ਆਪ ਬਾਲ ਉਮਰ ਵਿਚ ਹੀ ਸਨ ਕਿ ਇਕ ਵੇਰ ਫ਼ੀਰੋਜ਼ਪੁਰ ਵਾਲੀ ਸਿੱਖ ਵਿਦਿਅਕ ਕਾਨਫ਼੍ਰੰਸ ਵਿਚ ਆਪ ਨੇ ਇਹ ਸ਼ਬਦ ਗਾਇਆ: "ਕਿਰਤਿ ਕਰਮ ਕੇ ਵੀਛੁੜੇ, ਕਰਿ ਕਿਰਪਾ ਮੇਲਹੁ ਰਾਮ" ਜਿਸ ਨੂੰ ਸੁਣ ਕੇ ਸਾਡੇ ਪੀਰ ਮੁਰਸ਼ਦ ਸ. ਸਰਦੂਲ ਸਿੰਘ ਜੀ ਕਵੀਸ਼ਰ (1886-1963 ਈ.) ਨੇ ਇਹ ਭਵਿੱਖਬਾਣੀ ਕਰ ਦਿੱਤੀ ਸੀ, "ਇਕ ਦਿਨ ਆਏਗਾ ਜਦਕਿ ਸ਼ਬਦ ਕੀਰਤਨ ਵਿਚ ਕਾਕਾ ਸਮੁੰਦ ਸਿੰਘ ਦਾ ਕੋਈ ਮੁਕਾਬਲਾ ਨਹੀਂ ਰਹੇਗਾ।" ਸੋ ਉਨ੍ਹਾਂ ਦੀ ਇਹ ਪੇਸ਼ੀਨਗੋਈ ਇੰਨ-ਬਿੰਨ ਸਹੀ ਸਾਬਿਤ ਹੋਈ।

ਆਪ ਦਾ ਜਨਮ 3 ਮਾਰਚ, 1901 ਨੂੰ ਰਾਵੀ ਦਰਿਆ ਦੀ ਨਹਿਰ ਦੇ ਕੰਢੇ ਇਕ ਪਿੰਡ ਮੁੱਲਾ ਹਮਜ਼ਾ ਚੱਕ ਨੰਬਰ 47 ਜ਼ਿਲ੍ਹਾ ਮਿੰਟਗੁਮਰੀ (ਹੁਣ ਪਾਕਿਸਤਾਨ) ਵਿਚ ਹੋਇਆ। ਅਸਲ ਵਿਚ ਆਪ ਦੇ ਪਿਤਾ ਪਿਤਾਮੇ ਪਿਛਲੀਆਂ ਪੰਜ ਪੁਸ਼ਤਾਂ ਤੋਂ ਨਨਕਾਣਾ ਸਾਹਿਬ ਵਿਖੇ ਹਜ਼ੂਰੀ ਰਾਗੀ ਰਹਿੰਦੇ ਆਏ ਸਨ। ਆਪ ਦਾ ਪਰਿਵਾਰ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਲਈ ਦੇਸ਼ ਭਰ ਵਿਚ ਪ੍ਰਸਿੱਧ ਸੀ। ਉਨ੍ਹਾਂ ਦੇ ਪਿਤਾ ਭਾਈ ਹਜ਼ੂਰਾ ਸਿੰਘ ਜਿਹੜੇ ਮਹੰਤ ਸ਼ਾਮ ਸਿੰਘ ਦੇ ਸ਼ਾਗਿਰਦ ਸਨ, ਨਨਕਾਣਾ ਸਾਹਿਬ ਦੇ ਹੈੱਡ ਗਰੰਥੀ ਅਤੇ ਕੀਰਤਨੀਏ ਸਨ। ਆਪਣੇ ਗੁਰੂ ਵਾਂਗ ਉਹ ਵੀ ਤੰਤੀਸਾਜ਼ਾਂ ਨਾਲ ਹੀ ਗਾਉਂਦੇ ਸਨ। ਹਜ਼ੂਰਾ ਸਿੰਘ ਹੋਰਾਂ ਦੇ ਛੋਟੇ ਭਾਈ ਗੁਰਦਿੱਤ ਸਿੰਘ ਤਬਲਾ ਵਜਾਉਂਦੇ ਸਨ। ਸੋ ਘਰ ਵਿਚ ਸਾਜ਼ ਸੰਗੀਤ ਦਾ ਮਾਹੌਲ ਸੀ ਜਿਸਦਾ ਇਸ ਬਾਲ 'ਤੇ ਯੋਗ ਅਸਰ ਪੈਂਦਾ ਰਿਹਾ। ਅਜੇ ਉਹ ਅੱਠ ਸਾਲ ਦੇ ਹੀ ਸਨ ਕਿ ਗਾਉਣ ਦੀ ਚੇਟਕ ਚੁੰਬੜ ਗਈ। ਘਰ ਤੋਂ ਛੁੱਟ, ਭਾਈ ਹੀਰਾ ਸਿੰਘ ਫਰੂਕੇ ਵਾਲਿਆਂ ਤੋਂ ਵੀ ਰਾਗ ਵਿਦਿਆ ਸਿੱਖੀ। ਉਸ ਤੋਂ ਛੁੱਟ ਪੀਰਾਂ ਦਿੱਤੀ ਦੇ ਮਹਾਨ ਸ਼ਾਗਿਰਦ ਉਸਤਾਦ ਸ਼ੇਰ ਸਿੰਘ ਗੁੱਜਰਾਂਵਾਲੀਏ ਅਤੇ ਭਾਈ ਪਿਆਰਾ ਸਿੰਘ ਰਬਾਬੀ ਦੀ ਗਾਇਨ ਸ਼ੈਲੀ ਦਾ ਅਸਰ ਵੀ ਕਬੂਲਿਆ। ਸਰਸਵਤੀ ਦੇਵੀ ਨੂੰ ਰੀਝਾਉਣ ਲਈ ਘੋਰ ਤਪੱਸਿਆ ਕੀਤੀ। ਕੁਹਨਾ-ਮਸ਼ਕ ਰਿਆਜ਼ ਦਾ ਇਹ ਅਸਰ ਹੋਇਆ ਕਿ ਆਵਾਜ਼ ਮਾਖਿਉਂ ਮਿੱਠੀ ਹੋ ਗਈ। ਬਾਣੀ ਦਾ ਉਚਾਰਨ ਤਾਂ ਅੱਗੇ ਹੀ ਬੇਹੱਦ ਸ਼ੁੱਧ ਸੀ, ਬਾਕੀ ਫਿਰ ਕੀ ਰਹਿ ਗਿਆ? ਨਾ ਕੇਵਲ ਗੁਰਬਾਣੀ ਦੇ ਉੱਚਾਰਨ ਦੀ ਸ਼ੁੱਧਤਾ ਦਾ, ਰਾਗ ਦੀ ਸਹੀਖ਼ਾਨੀ ਦਾ ਵੀ ਉਹ ਐਨਾ ਖ਼ਿਆਲ ਰੱਖਦੇ ਕਿ ਕੀ ਗੱਲਾਂ! ਜਿਥੋਂ ਤਕ ਗੁਰਮਤਿ ਸੰਗੀਤ ਦਾ ਸਬੰਧ ਹੈ, ਮੇਰਾ ਨਹੀਂ ਖ਼ਿਆਲ ਕਿ ਉਨ੍ਹਾਂ ਦਹਾਕਿਆਂ 'ਚ ਉਨ੍ਹਾਂ ਨੂੰ ਕਿਸੇ ਨੇ ਪਾਰ ਕੀਤਾ ਹੋਵੇ। ਤਾਨਾਂ ਲੈਂਦਿਆਂ ਆਵਾਜ਼ ਇਕ ਗਰਾਰੀ ਵਾਂਗ ਗਿੜਦੀ ਗੜਗੜਾਉਂਦੀ ਸੀ।

ਜਨਵਰੀ 1937 ਵਿਚ ਲਾਹੌਰ ਰੇਡੀਓ ਸਟੇਸ਼ਨ ਖੁੱਲ੍ਹ ਚੁੱਕਾ ਸੀ। ਉਸ ਸਾਲ

ਜਦੋਂ ਆਪ ਨੇ ਪਹਿਲਾ ਪ੍ਰੋਗਰਾਮ ਪੇਸ਼ ਕੀਤਾ ਤਾਂ ਉਨ੍ਹਾਂ ਦੀ ਰਸ-ਭਿੰਨੀ ਆਵਾਜ਼ ਸੁਣ ਕੇ ਉਸਤਾਦ ਬੜੇ ਗ਼ੁਲਾਮ ਅਲੀ ਖ਼ਾਂ ਵਰਗੇ ਮਹਾਨ ਗਾਇਕ ਵੀ ਫੜਕ ਗਏ। ਉਨ੍ਹਾਂ ਨੂੰ ਆਪਣੇ ਘਰ ਆਉਣ ਦੀ ਦਾਅਵਤ ਦਿੱਤੀ। ਉਂਜ ਤਾਂ ਭਾਵੇਂ ਉਹ ਦੋਵੇਂ ਹਾਣੀ ਸਨ, ਪਰ ਉਨ੍ਹਾਂ ਦੀ ਸ਼ੈਲੀ ਵਿਚ ਕਿਧਰੇ ਕਿਧਰੇ ਖ਼ਾਂ ਸਾਹਿਬ ਦੀ ਗਾਇਕੀ ਦੀ ਝਲਕ ਵੀ ਪ੍ਰਤੱਖ ਸੀ। ਖ਼ਿਆਲ ਗਾਇਕੀ ਤੋਂ ਛੁੱਟ, ਉਨ੍ਹਾਂ ਨੂੰ ਧਰੁੱਪਦ ਧਮਾਰ ਅੰਗ 'ਤੇ ਵੀ ਪੂਰਾ ਅਬੂਰ ਹਾਸਲ ਸੀ। ਗੁਰਬਾਣੀ ਦੇ ਰਾਗਾਂ ਨੂੰ ਉਹ ਸਦਾ ਗੀਤ-ਮਰਿਆਦਾ ਅਨੁਸਾਰ ਹੀ ਗਾਉਂਦੇ ਅਤੇ ਕਈ ਵੇਰ ਔਖੇ, ਅਪ੍ਰਚਲਤ ਤਾਲਾਂ ਵਿਚ। ਬਹਾਰ, ਸੋਰਠ, ਸਿੰਧੀ ਭੈਰਵੀ, ਦੇਸ, ਮਾਂਡ, ਮੁਲਤਾਨੀ ਕਾਫ਼ੀ ਅਤੇ ਪਹਾੜੀ ਆਦਿ ਉਨ੍ਹਾਂ ਦੇ ਚਹੇਤੇ ਰਾਗ ਸਨ। ਬੋਲ-ਵੰਡ, ਬੋਲ-ਤਾਨ, ਗੀਤ ਦੀ ਦੁੱਗਣ ਅਤੇ ਚੌਗਣ ਅਤੇ ਇਨ੍ਹਾਂ ਚੀਜ਼ਾਂ ਦੇ ਸੌਂਦਰਯ ਨੂੰ ਕਾਇਮ ਰੱਖਣਾ, ਉਨ੍ਹਾਂ ਦੀ ਗਾਇਕੀ ਦੇ ਕੁਝ ਵਿਸ਼ੇਸ਼ ਅੰਗ ਸਨ। ਇਸ ਲਾਸਾਨੀ ਗਵੈਸ਼ ਦੇ ਸਦਕੇ ਕਈ ਵੇਰ ਅਨੇਕ ਰਾਗੀ ਉਨ੍ਹਾਂ ਨੂੰ ਸਮੁੰਦ ਨਹੀਂ ਸਗੋਂ ਸਮੁੰਦਰ (ਸੰਗੀਤ ਦਾ) ਕਹਿ ਕੇ ਸਲਾਹੁੰਦੇ ਹੁੰਦੇ ਸਨ। ਹਜ਼ੂਰੀ ਰਾਗੀ ਦੇ ਪਦ 'ਤੇ ਆਪ ਨੇ ਲਗਾਤਾਰ 28 ਵਰ੍ਹੇ ਨਨਕਾਣਾ ਸਾਹਿਬ ਵਿਖੇ ਗੁਰੂ ਘਰ ਦੀ ਸੇਵਾ ਕੀਤੀ। ਇਤਫ਼ਾਕ ਜਾਂ ਮੌਕਾ-ਮੇਲ ਦੀ ਮਜ਼ੇਦਾਰ ਗੱਲ ਦੇਖੋ ਕਿ 1944 ਈ. ਵਿਚ ਜਦੋਂ ਬੜੇ ਗ਼ੁਲਾਮ ਅਲੀ ਖ਼ਾਂ ਦੀ ਆਵਾਜ਼ ਵਿਚ ਕੁਝ ਤਵੇ ਭਰੇ ਗਏ ਤਾਂ ਉਸੇ ਸਾਲ ਉਨ੍ਹੀਂ ਦਿਨੀਂ ਹੀ ਭਾਈ ਸਾਹਿਬ ਦੇ ਕੁਝ ਤਵੇ ਵੀ ਕੱਢੇ ਗਏ ਸਨ ਜਿਨ੍ਹਾਂ ਦੇ ਨੰਬਰ ਸਨ—ਕੋਲੰਬੀਆ ਰੀਕਾਰਡਜ਼ GE 5439 ਅਤੇ GE 54361। ਪਹਿਲੇ ਤਵੇ ਵਿਚ ਇਹ ਸ਼ਬਦ ਸੀ—"ਰਾਮੁ ਸਿਮਰਿ, ਰਾਮੁ ਸਿਮਰਿ, ਇਹੈ ਤੇਰੈ ਕਾਜਿ ਹੈ॥ ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ॥" (ਰਾਗ ਜੈਜੈਵੰਤੀ) ਜਦ ਕਿ ਦੂਜੇ ਵਿਚ ਸੀ—"ਮੋਹਿ ਨ ਬਿਸਾਰਹੁ।"

ਪਾਕਿਸਤਾਨ ਬਣਿਆ ਤਾਂ ਹਿਜਰਤ ਕਰ ਕੇ ਆਪ ਏਧਰ ਆ ਗਏ। ਦੋ ਕੁ ਸਾਲ ਪਹਿਲਾਂ ਅੰਮ੍ਰਿਤਸਰ ਰਹਿੰਦੇ ਰਹੇ, ਫਿਰ ਲੁਧਿਆਣਾ ਆ ਟਿਕੇ ਅਤੇ ਆਪਣੇ ਮਧੁਰ ਗਲੇ ਦੁਆਰਾ, ਸੰਗਤਾਂ ਨੂੰ ਮੁਗਧ ਕਰਦੇ ਰਹੇ। ਆਪ ਕੀਰਤਨ ਦੁਆਰਾ ਕਾਦਰ ਦੀ ਕੀਰਤੀ ਤਾਂ ਕਰਦੇ ਹੀ ਸਨ, ਉਂਜ ਵੀ ਕਾਇਨਾਤ ਦੇ ਬੇਹੱਦ ਪ੍ਰੇਮੀ ਸਨ। ਕੁਦਰਤ ਦੇ ਫੁੱਲਾਂ, ਫਲਾਂ ਅਤੇ ਬਨਸਪਤੀ ਨਾਲ ਬੇਪਨਾਹ ਪਿਆਰ ਕਰਦੇ ਸਨ। ਇਸ ਸ਼ੌਕ ਦੀ ਪੂਰਤੀ ਲਈ ਆਪਣੀ ਕੋਠੀ ਦੇ 'ਲਾਅਨ' ਵਿਚ ਜਿਹੜਾ ਉਨ੍ਹਾਂ ਬਗੀਚਾ ਲਗਵਾਇਆ ਹੋਇਆ ਸੀ, ਉਸ ਵਿਚ ਬੈਠਦੇ, ਕਿੰਨਾ ਕਿੰਨਾ ਚਿਰ ਫੁੱਲਾਂ ਫਲਾਂ ਨੂੰ ਨਿਹਾਰਦੇ ਰਹਿੰਦੇ। ਖਾਣ-ਪੀਣ ਦੇ ਸ਼ੌਕੀ ਸਨ; ਆਚਾਰ ਖਾਣ ਦੇ ਵੀ ਬਹੁਤ ਜ਼ਿਆਦਾ। ਗਲਾ ਖ਼ਰਾਬ ਹੋਣ ਦੇ ਡਰੋਂ, ਬਹੁਤੇ ਗਵੱਈਏ, ਖੱਟੀਆਂ ਮਿੱਠੀਆਂ ਚੀਜ਼ਾਂ ਖਾਣ ਤੋਂ ਪ੍ਰਹੇਜ਼ ਕਰਦੇ ਹਨ, ਪਰ ਮਲਿਕਾਇ-ਤਰੰਨਮ ਨੂਰ ਜਹਾਂ ਹਰ ਸ਼ਾਮ ਜਹਾਨ ਭਰ ਦੀਆਂ ਖੱਟੀਆਂ ਮਿੱਠੀਆਂ ਚੀਜ਼ਾਂ ਖਾਂਦੀ, ਚਸਕੇ ਲੈ ਲੈ। ਇਸ ਸਬੰਧ ਵਿਚ ਜਲੰਧਰ ਦੇ ਪ੍ਰਸਿੱਧ ਕੱਵਾਲਾਂ (ਨੁਸਰਤ ਅਲੀ ਖ਼ਾਂ ਦੇ ਵਡੇਰੇ) ਉਸਤਾਦ ਮੁਬਾਰਕ ਅਲੀ ਖ਼ਾਂ ਫ਼ਤਿਹ ਅਲੀ ਖ਼ਾਂ ਦਾ ਤਾਂ ਸਿਲਸਿਲਾ ਹੀ ਬੇਓੜਕਾ ਸੀ, ਜਿਹੜੇ ਪਾਈਆ ਪਾਈਆ ਬੇਹਿਸਾਬ ਖੱਟਾ ਆਚਾਰ ਖਾਣ ਪਿੱਛੋਂ ਬਰਫ਼ ਵਾਲੇ ਪਾਣੀ ਦਾ ਇਕ ਲੋਟਾ ਵੀ ਨਾਲ ਪੀਂਦੇ ਸਨ। ਤੇਜ ਪ੍ਰਤਾਪ ਖਿਲਾਰਦੇ, ਭਰਵੇਂ ਨੂਰਾਨੀ ਚਿਹਰੇ ਸਦਕਾ, ਪਜਾਮੇ ਤੇ ਨੀਲੀ ਦਸਤਾਰ

ਵਿਚ ਸਜੇ ਉਹ ਇਕ ਤਪੱਸਵੀ ਸਾਧੂ ਪੁਰਸ਼ ਜਾਪਦੇ। ਉਨ੍ਹਾਂ ਦੀ ਆਭਾ ਦਾ, ਸ਼ਖ਼ਸੀਅਤ ਦਾ ਜਾਹੋ-ਜਲਾਲ ਹੀ ਕੁਝ ਐਸਾ ਸੀ ਕਿ ਆਪਣੇ ਕੱਦ ਨਾਲੋਂ ਉਹ ਦੂਣ ਸਵਾਏ ਭਾਸਦੇ ਸਨ। ਲੇਖਕ 1951 ਤੋਂ ਲੈ ਕੇ 1954 ਈ. ਤਕ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦਾ ਵਿਦਿਆਰਥੀ ਸੀ। ਉਨ੍ਹੀਂ ਦਿਨੀਂ ਆਪ ਦੋ ਕੁ ਹਫ਼ਤਿਆਂ ਪਿੱਛੋਂ ਜਦ ਕਦੇ ਵੀ ਆਪਣਾ ਰੇਡੀਓ ਪ੍ਰੋਗਰਾਮ ਪੇਸ਼ ਕਰਨ ਆਉਂਦੇ, ਕਾਲਜ ਵਲੋਂ ਕੀਤੇ ਗਏ ਪ੍ਰਬੰਧ ਅਨੁਸਾਰ, ਉਦੋਂ ਉਹ ਕੀਰਤਨ ਕਰਨ ਸਾਡੇ ਕਾਲਜ ਵੀ ਪਧਾਰਦੇ। ਉਨ੍ਹੀਂ ਦਿਨੀਂ ਸਾਨੂੰ ਉਨ੍ਹਾਂ ਦੇ ਦਰਸ਼ਨ-ਦੀਦਾਰੇ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ। ਸਾਲ 1969, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਦਾ ਸਾਲ ਸੀ। ਉਸਨੂੰ ਤਵਾਰੀਖ਼ੀ ਬਣਾਉਣ ਲਈ ਸ੍ਰੀ ਅੰਮ੍ਰਿਤਸਰ ਵਿਚ ਜੰਮੇ ਪਲੇ ਇਕ ਵਿਅਕਤੀ ਪੰਨਾ ਲਾਲ ਮਹੇਸ਼ਵਰੀ ਨੇ ਗੁਰੂ ਨਾਨਕ ਦੇਵ ਜੀ ਦੀ ਯਾਦ ਨੂੰ ਸਮਰਪਿਤ ਇਕ ਫ਼ਿਲਮ "ਨਾਨਕ ਨਾਮ ਜਹਾਜ਼ ਹੈ" ਬਣਾਉਣ ਦਾ ਫ਼ੈਸਲਾ ਕਰ ਲਿਆ। ਸਿੱਖਾਂ ਵਲੋਂ ਬੜਾ ਵਾਵੇਲਾ ਮਚਾਏ ਜਾਣ 'ਤੇ ਵੀ ਜਦੋਂ ਇਸ ਫ਼ਿਲਮ ਨੂੰ ਸਿਰੇ ਚਾੜ੍ਹਨ ਦਾ ਅਟੱਲ ਫ਼ੈਸਲਾ ਕੀਤਾ ਗਿਆ ਤਾਂ ਉਸ ਲਈ ਪ੍ਰਸਿੱਧ ਸੰਗੀਤ ਨਿਰਦੇਸ਼ਕ ਐਸ. ਮਹਿੰਦਰ ਜੀ ਨੇ ਉਸ ਸਮੇਂ ਦੇ ਸਿਖਰ ਦੇ ਕੀਰਤਨਕਾਰ, ਭਾਈ ਸਮੁੰਦ ਸਿੰਘ ਜੀ ਜਿਹੜੇ ਉਨ੍ਹਾਂ ਦੇ ਗੁਰੂ ਵੀ ਸਨ, ਨੂੰ ਪਹੁੰਚ ਕੀਤੀ ਕਿ ਉਹ ਇਸ ਫ਼ਿਲਮ ਲਈ ਜ਼ਰੂਰ ਗਾਉਣ। ਆਪਣੇ ਮਾਣਮੱਤੇ ਸ਼ਿਸ਼ ਦੀ ਇਹ ਗੱਲ ਸੁਣ ਕੇ ਪਹਿਲਾਂ ਤਾਂ ਉਹ ਬਹੁਤ ਹੈਰਾਨ ਹੋਏ, ਅਖੇ ਗੁਰੂ ਘਰਾਂ ਵਿਚ ਗਾਉਣ ਵਾਲੇ ਅਸੀਂ ਰਾਗੀ ਹੁਣ ਫ਼ਿਲਮਾਂ 'ਚ ਵੀ ਗਾਈਏ, ਪਰ ਪਿੱਛੋਂ ਖਹਿੜਾ ਨਾ ਛੱਡਣ ਵਾਲੇ ਮਿੰਨਤ ਤਰਲੇ ਸੁਣ ਕੇ ਉਹ ਰਜ਼ਾਮੰਦ ਹੋ ਗਏ। ਉਸ ਵਿਚ ਉਨ੍ਹਾਂ ਦੇ ਗਾਏ ਹੋਏ ਦੋ ਸ਼ਬਦ "ਕਲਿ ਤਾਰਣਿ ਗੁਰੂ ਨਾਨਕ ਆਇਆ" ਅਤੇ "ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ" ਫ਼ਿਲਮ ਦੇ ਸਭ ਤੋਂ ਵੱਧ ਮਕਬੂਲ ਹੋ ਨਿਬੜੇ।

1971 ਦੇ ਦਸੰਬਰ 'ਚ ਭਾਈ ਸਾਹਿਬ ਕੁਝ ਬਿਮਾਰ ਰਹਿਣ ਲੱਗ ਪਏ। ਦਿਲ ਦਾ ਦੌਰਾ ਪੈਣ ਕਰਕੇ ਉਨ੍ਹਾਂ ਨੂੰ ਕ੍ਰਿਸ਼ਚੀਅਨ ਮੈਡੀਕਲ ਹਸਪਤਾਲ, ਲੁਧਿਆਣਾ ਵਿਚ ਦਾਖ਼ਲ ਕਰਵਾ ਦਿੱਤਾ ਗਿਆ। ਉਨ੍ਹਾਂ ਦੇ ਸਾਕਾਂ ਸੰਬੰਧੀਆਂ ਤੋਂ ਛੁੱਟ ਉਨ੍ਹੀਂ ਦਿਨੀਂ ਉਨ੍ਹਾਂ ਦੇ ਪ੍ਰਮੁੱਖ ਸ਼ਾਗਿਰਦ ਪ੍ਰੋ. ਪਰਮਜੋਤ ਸਿੰਘ ਅਤੇ ਸਵਰਨ ਸਿੰਘ ਹੋਰੀਂ ਦਿਨ ਰਾਤ ਉਨ੍ਹਾਂ ਦੀ ਖ਼ਬਰਸਾਰ ਲੈਣ ਆਉਂਦੇ ਜਾਂਦੇ ਰਹੇ। ਟੈਲੀਫ਼ੂਨ ਕਰ ਕੇ, ਉਨ੍ਹਾਂ ਦੇ ਬੇਟੇ ਸ. ਹਰਭਜਨ ਸਿੰਘ ਜਿਹੜੇ ਕਿ ਅਮਰੀਕਾ ਵਿਚ ਮਕੈਨੀਕਲ ਇੰਜੀਨੀਅਰ ਲੱਗੇ ਹੋਏ ਸਨ, ਨੂੰ ਵੀ ਬੁਲਾ ਲਿਆ ਗਿਆ। 1972 ਈ. ਦਾ ਨਵਾਂ ਸਾਲ ਚੜ੍ਹਨ ਦੇ ਨਾਲ ਭਾਈ ਸਾਹਿਬ ਪੂਰੇ ਪੰਜ ਦਿਨ ਬੇਹੋਸ਼ੀ ਦੇ ਆਲਮ ਵਿਚ ਰਹੇ ਅਤੇ ਉਨ੍ਹਾਂ ਨੂੰ ਕੋਈ ਸੋਝੀ ਨਾ ਰਹੀ। ਓੜਕ 5 ਜਨਵਰੀ ਨੂੰ ਸ਼ਾਮਾਂ ਨੂੰ ਉਨ੍ਹਾਂ ਦਾ ਬੇਟਾ ਸ. ਹਰਭਜਨ ਸਿੰਘ ਅਤੇ ਪਰਮਜੋਤ ਸਿੰਘ ਜਦ ਕਿ ਹਸਪਤਾਲੋਂ ਘਰ ਪਰਤ ਕੇ, ਉਨ੍ਹਾਂ ਦੀ ਇਕ ਟੇਪ ਸੁਣ ਰਹੇ ਸਨ, ਉਸ ਵੇਲੇ ਅਚਾਨਕ ਉਨ੍ਹਾਂ ਦਾ ਸੇਵਾਦਾਰ ਸ. ਸਵਰਨ ਸਿੰਘ ਭੱਜਾ ਭੱਜਾ ਆਇਆ ਅਤੇ ਭੁੱਬਾਂ ਮਾਰਦਿਆਂ ਦੱਸਣ ਲੱਗਾ ਕਿ ਭਾਣਾ ਵਰਤ ਗਿਆ ਹੈ। ਸੁਣਦਿਆਂ ਸਾਰ ਹੀ ਸਭ ਪਾਸੀਂ ਚੀਕ-ਚਿਹਾੜਾ ਪੈ ਗਿਆ। ਗੁਰਬਾਣੀ ਸੰਗੀਤ ਦਾ ਸਤੂਨ, ਸਤੰਭ ਸਾਥੋਂ ਵਿਛੜ ਗਿਆ ਸੀ।


www.sikhbookclub.com

*ਧਨੀ ਰਾਗ ਦੇ ਭਾਈ ਸਮੁੰਦ ਸਿੰਘ ਜੀ,*
*ਰਾਗ ਵਿੱਦਿਆ ਸਿਖਰ ਪੁਚਾ ਟੁਰ ਗਏ।*
*ਜੇਹੜਾ ਸਫ਼ਰ ਨਨਕਾਣੇ ਤੋਂ ਸ਼ੁਰੂ ਕੀਤਾ,*
*ਬੜੀ ਸ਼ਾਨ ਦੇ ਨਾਲ ਮੁਕਾ ਟੁਰ ਗਏ।*
*ਜੇਹੜੇ ਮੁੱਖੜੇ ਤੋਂ ਸਿੱਖੀ ਹੀ ਦਿਸਦੀ ਸੀ,*
*ਸਾਧ ਸੰਗਤ ਕੋਲੋਂ ਲੁਕਾ ਟੁਰ ਗਏ।*
*ਫ਼ਤਿਹ ਵਿਚ ਜਦ ਮਸਤ ਸੀ ਕੌਮ ਸਾਰੀ,*
*ਸਾਨੂੰ ਆਖ਼ਰੀ ਫ਼ਤਿਹ ਬੁਲਾ ਟੁਰ ਗਏ।* *(ਗੁਰਦੀਪ ਸਿੰਘ ਮਾਮੀਰ)*

ਪੰਜਾਬ ਦੇ ਸ਼੍ਰੋਮਣੀ ਸੰਗੀਤਕਾਰ ਪੰਡਿਤ ਦਲੀਪ ਚੰਦਰ ਬੇਦੀ ਦੇ ਕਥਨ ਅਨੁਸਾਰ, ਭਾਈ ਸਮੁੰਦ ਸਿੰਘ, ਸੁਰ ਦੇ ਬਾਦਸ਼ਾਹ ਸਨ ਅਤੇ ਅਸੀਂ ਉਸਨੂੰ 'ਬਹਿਰਿ-ਮੌਸੀਕੀ' ਕਹਿ ਸਕਦੇ ਹਾਂ।

[ਇਸ ਲੇਖ ਦੀ ਤਿਆਰੀ ਵਿਚ ਜਿਨ੍ਹਾਂ ਮਿੱਤ੍ਰ ਪਿਆਰਿਆਂ ਨੇ ਮੇਰੀ ਮਦਦ ਕੀਤੀ, ਉਹ ਹਨ : ਸ. ਧਨਵੰਤ ਸਿੰਘ ਭੋਗਲ (ਭੋਗਲ ਸੰਨਜ਼, ਲੁਧਿਆਣਾ), ਪ੍ਰਿੰਸੀਪਲ ਗੁਰਸ਼ਰਨ ਸਿੰਘ ਅਤੇ ਭਾਈ ਸਾਹਿਬ ਦੇ ਮਾਇਆਨਾਜ਼ ਸ਼ਾਗਿਰਦ ਪ੍ਰੋ. ਪਰਮਜੋਤ ਸਿੰਘ ਜੀ, ਜਿਨ੍ਹਾਂ ਦਾ ਮੈਂ ਹਾਰਦਿਕ ਧੰਨਵਾਦੀ ਹਾਂ।]

SIKHBOOKCLUB.COM

 www.sikhbookclub.com

# ਭਾਈ ਜੱਸਾ ਪਾਲਾ

ਸ੍ਰੀ ਨਨਕਾਣਾ ਸਾਹਿਬ ਦੀ ਪਵਿੱਤਰ ਸਰ-ਜ਼ਮੀਨ 'ਤੇ ਜਗਤ-ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਉਸਾਰੇ ਗਏ ਗੁਰਦੁਆਰਾ ਜਨਮ-ਅਸਥਾਨ ਵਿਖੇ ਪਾਕਿਸਤਾਨ ਬਣਨ ਤੋਂ ਪਹਿਲਾਂ ਜਿੰਨੇ ਰਾਗੀ-ਰਬਾਬੀ ਜਥੇ ਸਨ, ਸਾਰੇ ਇਕ ਦੂਜੇ ਤੋਂ ਵੱਧ ਕੇ ਸਨ। ਕੀ ਭਾਈ ਸਮੁੰਦ ਸਿੰਘ ਜੀ ਦਾ ਜਥਾ, ਕੀ ਜੱਸਾ ਪਾਲਾ ਜੀ ਦਾ ਜਥਾ ਅਤੇ ਕੀ ਭਾਈ ਤਾਨਾ ਸਿੰਘ ਹਜ਼ੂਰਾ ਸਿੰਘ ਜੀ ਦਾ ਜਥਾ ਆਦਿ। ਇਹ ਸਾਰੇ ਜੱਦੀ-ਪੁਸ਼ਤੀ ਕੀਰਤਨਕਾਰ ਸਨ, ਗੁਰੂ ਮਹਾਰਾਜ ਜੀ ਦੀ ਸਿਫ਼ਤਿ-ਸਾਲਾਹ (ਉਰਦੂ ਵਾਲੇ ਇਸ ਨੂੰ ਹਮਦੋ ਸਨਾ ਆਖਦੇ ਹਨ) ਕਰਨ ਵਾਲੇ, ਧੁਰ ਅੰਦਰੋਂ ਜੁੜੇ ਹੋਏ ਸਨ। ਜਦ ਕਦੇ ਵੀ ਚੌਂਕੀ ਕਰਦੇ, ਇਕ ਸਮਾਂ ਬੰਨ੍ਹ ਦਿੰਦੇ ਸਨ। ਇਹੋ ਜਿਹਾ ਵਜਦ ਵਿਸਮਾਦ ਪੈਦਾ ਕਰਨ ਵਾਲਾ ਇਕ ਜਥਾ ਭਾਈ ਜੱਸਾ ਪਾਲਾ ਜੀ ਦਾ ਵੀ ਸੀ, ਜਿਹੜੇ ਕਿ ਰਬਾਬੀਆਂ ਤੋਂ ਸਿੰਘ ਸਜੇ ਸਨ। ਹਜ਼ੂਰੀ ਰਾਗੀ ਭਾਈ ਨਿਰਮਲ ਸਿੰਘ ਖ਼ਾਲਸਾ ਦੇ ਕਥਨ ਅਨੁਸਾਰ ਰਬਾਬੀਆਂ ਤੋਂ ਸਿੰਘ ਸਜਣ ਵਾਲੇ ਉਹ ਸਭ ਤੋਂ ਪਹਿਲੇ ਕੀਰਤਨੀਏ ਸਨ। ਇਹ ਕੋਈ 1920 ਈ. ਦੇ ਨੇੜੇ-ਤੇੜੇ ਦੀ ਗੱਲ ਹੋਵੇਗੀ। ਭਾਈ ਜੱਸਾ (ਜਸਵੰਤ ਸਿੰਘ) ਪਾਲਾ (ਜਾਂ ਪਾਲ ਜੀ) ਦਾ ਪਰਿਵਾਰ ਕੀਰਤਨ ਨਾਲ ਕਈ ਪੁਸ਼ਤਾਂ ਤੋਂ ਜੁੜਿਆ ਹੋਇਆ ਸੀ। ਉਨ੍ਹਾਂ ਦੇ ਬਾਬਾ ਜੀ ਦਾ ਨਾਂ ਬਾਬਾ ਨੱਥਾ ਸਿੰਘ ਸੀ, ਜਿਹੜੇ ਕਿ ਆਪਣੇ ਸਮੇਂ ਇਕ ਬੜੇ ਵੱਡੇ ਕੀਰਤਨਕਾਰ ਸਨ। ਅੱਗੋਂ ਉਨ੍ਹਾਂ ਦੇ ਪੁੱਤਰ ਭਾਈ ਰਣਜੋਧ ਸਿੰਘ ਜੀ ਨੇ ਆਪਣੀ ਪੁਸ਼ਤੈਨੀ ਕਲਾ ਨੂੰ ਅੱਗੇ ਜਾਰੀ ਰੱਖਿਆ। ਅੱਗੋਂ ਉਨ੍ਹਾਂ ਦੇ ਇਹ ਪੁੱਤਰ ਸਨ : ਭਾਈ ਜਸਵੰਤ ਸਿੰਘ, ਭਾਈ ਪਾਲ ਜੀ। ਇਹ ਇਨ੍ਹਾਂ ਵੀਰਾਂ ਦਾ ਹੀ ਜਥਾ ਸੀ, ਜਿਸ ਨੇ ਜੱਸਾ ਪਾਲਾ ਦੇ ਨਾਮ ਨਾਲ ਦੇਸ਼ ਭਰ 'ਚ ਆਪਣਾ ਨਾਂ ਪੈਦਾ ਕੀਤਾ। ਭਾਈ ਪਾਲ ਸਿੰਘ ਜੀ ਉਂਜ ਉਸਤਾਦ ਬੜੇ ਗ਼ੁਲਾਮ ਅਲੀ ਖ਼ਾਂ ਦੇ ਗੁਰਭਾਈ ਸਨ। ਇਸ ਤਰ੍ਹਾਂ ਨਾਲ ਇਨ੍ਹਾਂ ਦਾ ਪਰਿਵਾਰ ਪਟਿਆਲਾ ਘਰਾਣਾ ਨਾਲ ਜਾ ਜੁੜਦਾ ਹੈ। ਪਾਕਿਸਤਾਨ ਬਣਨ ਤਕ ਉਨ੍ਹਾਂ ਦੀ ਸ਼ੁਹਰਤ ਦਾ ਡੰਕਾ ਸਾਰੇ ਹਿੰਦੁਸਤਾਨ ਵਿਚ ਵੱਜਦਾ ਸੀ। ਵੰਡਾਰਾ ਹੋਇਆ ਤਾਂ ਇਹ ਲੋਕ ਪਟਿਆਲਾ ਆਣ ਟਿਕੇ ਅਤੇ ਇਥੇ ਦੇ ਹੀ ਹੋ ਕੇ ਰਹਿ ਗਏ। ਭਾਈ ਸਮੁੰਦ ਸਿੰਘ ਜੀ ਤਾਂ ਪਹਿਲਾਂ ਸ੍ਰੀ ਅੰਮ੍ਰਿਤਸਰ ਤੇ ਫਿਰ ਲੁਧਿਆਣੇ ਆ ਵੱਸਣ ਕਰਕੇ ਆਸਾਨੀ ਨਾਲ ਪੰਥਕ ਹਲਕਿਆਂ ਵਿਚ ਘੁੰਮਦੇ ਵਿਚਰਦੇ ਰਹੇ, ਕਿਉਂਕਿ ਇਥੋਂ ਰੇਡੀਓ ਸਟੇਸ਼ਨ ਜਲੰਧਰ ਨੇੜੇ ਸੀ, ਸ੍ਰੀ ਅੰਮ੍ਰਿਤਸਰ ਸਾਹਿਬ ਵੀ ਜਾ ਆਉਂਦੇ ਸਨ, ਪਰ ਇਹ ਲੋਕ ਹਾਲਾਤ ਅਨੁਸਾਰ ਵਿਚਾਰਗੀ ਵਿਚ ਫਸ ਗਏ। 'ਮੇਰੇ ਹਾਲ ਪਰ ਬੇਵਸੀ ਰੋ ਰਹੀ ਹੈ' ਵਾਲੀ ਗੱਲ। ਹੁਣ ਇਹ ਸਹਿਰ ਕਹਿਣ

ਨੂੰ ਹੀ ਸ਼ਾਹੀ ਜਾਂ ਰਿਆਸਤੀ ਸੀ, ਪਰ ਇਸ ਦਾ ਅੱਗੇ ਵਾਲਾ ਜਾਹੋ-ਜਲਾਲ ਖ਼ਤਮ ਹੋ ਜਾਣ ਕਰਕੇ, ਇਸ ਥਾਂ ਇਹ ਹੁਣ ਇਕ ਭੱਜੀ-ਟੁੱਟੀ ਗੰਦੀ ਜਿਹੀ ਬਸਤੀ 'ਤ੍ਰਿੱਪੜੀ' ਵਿਚ ਆਬਾਦ ਹੁੰਦਿਆਂ, ਰੁਲ-ਖੁਲ ਗਏ। ਕਿਸੇ ਵੀ ਗੁਰੂ ਕੇ ਸਿੱਖ ਨੇ ਉਨ੍ਹਾਂ ਦੀ ਕਦੇ ਕੋਈ ਸਾਰ ਨਾ ਲਈ, ਬਾਤ ਨਾ ਪੁੱਛੀ। ਉਧਰ ਨਨਕਾਣਾ ਸਾਹਿਬ ਸੱਚੇ ਪਾਤਸ਼ਾਹ ਜੀ ਦਾ ਜਨਮ-ਅਸਥਾਨ ਹੋਣ ਕਾਰਨ ਅਤੇ ਉਸ ਦਾ ਆਲਾ-ਦੁਆਲਾ ਵੀ ਧਨਾਢ ਸਿੱਖਾਂ ਦਾ ਗੜ੍ਹ ਹੋਣ ਕਰਕੇ ਵੀ, ਇਨ੍ਹਾਂ ਦੀ ਕਦਰ-ਸ਼ਨਾਸੀ, ਸੱਦ-ਪੁੱਛ ਬੜੀ ਸੀ, ਪਰ ਹੁਣ ਸਮੇਂ ਦੀ ਸਿਤਮਜ਼ਰੀਫ਼ੀ ਕਹਿ ਲਓ ਕਿ ਉਨ੍ਹਾਂ ਦਾ ਹਾਲ-ਚਾਲ ਪੁੱਛਣ ਵਾਲਾ ਵੀ ਕੋਈ ਨਹੀਂ ਹੈ। ਇਨ੍ਹਾਂ ਵਿਚਾਰਿਆਂ ਨਾਲ ਤਾਂ ਬਸ ਉਹ ਗੱਲ ਹੋਈ, 'ਨਾ ਇਧਰ ਕੇ ਰਹੇ, ਨਾ ਉਧਰ ਕੇ ਰਹੇ।' ਉਨ੍ਹਾਂ ਨੂੰ ਅੰਦਰੋ-ਅੰਦਰ ਝੋਰਾ ਖਾ ਗਿਆ। ਵਿਹਲੇ ਰਹਿੰਦਿਆਂ ਸਰੀਰ ਵੀ ਸਥੂਲ ਹੁੰਦੇ ਚਲੇ ਗਏ। ਹਰ ਵੇਲੇ ਉਹ ਇਸ ਤਰ੍ਹਾਂ ਸੋਚੀ ਜਾਂਦੇ :

*ਕਿਥੇ ਆ ਘਿਰੇ ਹਾਂ, ਕਿਹੋ ਜਿਹੇ ਕਹਿਰ 'ਚ ?*
*ਸ਼ੀਸ਼ੇ ਵੇਚ ਰਹੇ ਹਾਂ, ਅੰਨ੍ਹਿਆਂ ਦੇ ਸ਼ਹਿਰ 'ਚ।*

ਲੇਖਕ ਨੂੰ ਇਸ ਗੱਲ ਦਾ ਸ਼ਰਫ਼ ਹਾਸਿਲ ਹੈ ਕਿ ਇਸ ਨੇ 1951 ਵਿਚ ਸਾਈਂ ਦਾਸ ਐਂਗਲੋ ਸੰਸਕ੍ਰਿਤ ਹਾਈ ਸਕੂਲ ਜਲੰਧਰ ਦੇ ਸਾਹਮਣੇ ਉਨ੍ਹਾਂ ਦੇ ਦਰਸ਼ਨ-ਦੀਦਾਰੇ ਕੀਤੇ ਸਨ। ਉਸਤਾਦ ਬੜੇ ਗ਼ੁਲਾਮ ਅਲੀ ਖ਼ਾਂ 23 ਅਪਰੈਲ, 1968 ਨੂੰ ਹੈਦਰਾਬਾਦ ਵਿਖੇ ਚੜ੍ਹਾਈ ਕਰ ਗਏ ਸਨ, ਪਰ ਉਨ੍ਹਾਂ ਦੇ ਇਸ ਗੁਰਭਾਈ ਨੇ ਉਸ ਤੋਂ ਸੱਤ ਸਾਲ ਪਿੱਛੋਂ ਅਰਥਾਤ 1975 ਵਿਚ ਨਾਸਿਕ (ਬੰਬਈ, ਮਹਾਂਰਾਸ਼ਟਰਾ) ਵਿਖੇ ਚੜ੍ਹਾਈ ਕੀਤੀ ਸੀ। ਭਾਈ ਗੁਲਜ਼ਾਰ ਸਿੰਘ ਜੀ ਦਾ ਗਲਾ ਤਾਂ ਭਾਵੇਂ ਛੋਟਾ ਸੀ, ਪਰ ਤਾਨ-ਤਿਆਰੀ ਉਸ ਦੀ ਐਨੀ ਸੀ ਕਿ ਉਹ ਇੰਨ-ਬਿੰਨ ਮੁਸਲਮਾਨ ਗ਼ਜ਼ਲਗੋਆਂ ਵਾਂਗ ਧੰਨ ਧੰਨ ਕਰਵਾ ਦਿੰਦਾ ਸੀ। ਅੱਗੋਂ ਫਿਰ ਉਨ੍ਹਾਂ ਦਾ ਅੰਗ-ਢੰਗ ਉਨ੍ਹਾਂ ਦੇ ਬੇਟਿਆਂ ਨੇ ਵੀ ਸਾਬਤ ਸੂਰਤ ਕਾਇਮ ਰੱਖਿਆ। ਭਾਈ ਪ੍ਰਿਥੀਪਾਲ ਸਿੰਘ ਜੀ ਅਤੇ ਮੋਹਨਪਾਲ ਸਿੰਘ ਜੀ ਕੀਰਤਨ ਕਰਦਿਆਂ ਇਲਮ ਅਤੇ ਮਿੱਠਤ ਦੀਆਂ ਛਹਿਬਰਾਂ ਲਾ ਦਿੰਦੇ ਸਨ। ਗੁਰਬਾਣੀ ਦੇ ਸ਼ੁੱਧ ਉਚਾਰਨ ਦੇ ਨਾਲ ਨਾਲ ਉਨ੍ਹਾਂ ਦੀ ਗਾਇਨ-ਸ਼ੈਲੀ, ਸੁਰੀਲੇਪਨ ਅਤੇ ਕਲਾਤਮਿਕ ਪੱਖੋਂ ਉੱਚੇ ਮਿਆਰ ਦੀਆਂ ਸਿਖਰਾਂ ਛੋਂਹਦੀ ਸੀ। ਪ੍ਰਿਥੀਪਾਲ ਸਿੰਘ ਮੋਹਨਪਾਲ ਸਿੰਘ ਨਾਲੋਂ ਵੀ ਵਧੇਰੇ ਸੁਰੀਲਾ ਸੀ। ਕਲਾ ਅਤੇ ਇਲਮ ਦੇ ਖ਼ਜ਼ਾਨਿਆਂ ਨਾਲ ਐਨਾ ਲਬਰੇਜ਼ ਹੋਣ ਦੇ ਬਾਵਜੂਦ, ਆਪ ਠੇਠ ਰਬਾਬੀਆਂ ਵਾਂਗ ਨਿਮਰਤਾ ਦੀ ਮੂਰਤ ਸਨ। ਆਰਥਿਕ ਪੱਖੋਂ ਫਿਰ ਇਹ ਪਰਿਵਾਰ ਵੀ ਮੰਦਵਾੜੇ ਦਾ ਸ਼ਿਕਾਰ ਹੀ ਰਿਹਾ। ਉਨ੍ਹਾਂ ਦੀ ਅਜਿਹੀ ਅਧੋਗਤੀ ਦਾ ਜ਼ਿਕਰ ਕਰਦਿਆਂ, ਸਾਡੇ ਇਕ ਪਰਮ ਮਿੱਤਰ ਸ. ਹਰਜਾਪ ਸਿੰਘ ਔਜਲਾ, ਜਿਹੜੇ ਉੱਨ੍ਹੀਵੀਂ ਸਦੀ ਦੇ ਸੱਤਰਵਿਆਂ ਵਿਚ ਪਟਿਆਲਾ ਵਿਖੇ ਐੱਸ.ਡੀ.ਓ. ਲੱਗੇ ਹੋਏ ਸਨ, ਉਨ੍ਹਾਂ ਦੀ ਹਾਲਤ ਦੀ ਮਨਜ਼ਰਕਸ਼ੀ ਕੁਝ ਇਹੋ ਜਿਹੇ ਸ਼ਬਦਾਂ ਨਾਲ ਕਰਦੇ ਹਨ : "ਇਕ ਦਿਨ ਮੋਹਨਪਾਲ ਜੀ, ਸਾਡੇ ਦਫ਼ਤਰ ਕਿਲ੍ਹਾ ਮੁਬਾਰਕ ਆ ਗਏ। ਮੈਂ ਬੜਾ ਖ਼ੁਸ਼ ਹੋਇਆ। ਮੇਰਾ ਬੜਾ ਦਿਲ ਕਰਦਾ ਸੀ ਕਿ ਮੈਂ ਉਨ੍ਹਾਂ ਨੂੰ ਜ਼ਰੂਰ ਸੁਣਾ। ਕਹਿਣ ਲੱਗੇ, 'ਇਥੇ ਮੈਂ ਆਪਣਾ ਵਾਜਾ ਖੋਲ੍ਹਦਾ ਚੰਗਾ ਨਹੀਂ ਲੱਗਦਾ, ਜੇਕਰ ਤੁਸੀਂ ਮੈਨੂੰ ਸੁਣਨਾ ਹੈ ਤਾਂ ਕਿਸੇ ਦਿਨ ਸਾਡੇ ਘਰ ਤਸ਼ਰੀਫ਼ ਲਿਆਓ।' ਸੋ ਇਕ ਦਿਨ ਮੈਂ ਉਨ੍ਹਾਂ ਦੇ ਘਰ ਤ੍ਰਿੱਪੜੀ ਚਲਾ ਗਿਆ। ਵੱਡਾ ਬੂਹਾ

ਖੜਕਾਇਆ ਤਾਂ ਕੀ ਦੇਖਦਾ ਹਾਂ ਕਿ ਇਕ ਦੈਂਤ ਦਾ ਦੈਂਤ ਬਜ਼ੁਰਗ ਬੰਦਾ ਬੂਹਾ ਖੋਲ੍ਹਦਾ ਮੇਰੇ ਸਵਾਗਤ ਨੂੰ ਆਇਆ। ਵਿਹੜੇ ਵਿਚ ਬੱਝੀਆਂ ਹੋਈਆਂ ਮੱਝਾਂ ਦਾ ਦੁੱਧ ਚੁਆ ਕੇ ਬੜੀ ਸ਼ਰਧਾ ਨਾਲ ਆ ਪਰੋਸਿਆ। ਟਹਿਲ ਸੇਵਾ ਤੋਂ ਫ਼ਾਰਗ ਹੋ ਕੇ, ਉਨ੍ਹਾਂ ਫਿਰ ਮੈਨੂੰ ਟੋਡੀ ਸੁਣਾਈ, ਭਈ ਵਾਹ! ਧੰਨ ਧੰਨ ਕਰਵਾ ਦਿੱਤੀ। ਉਸ ਪਿੱਛੋਂ ਜਦ ਕਦੇ ਵੀ ਉਹ ਪੈਸੇ ਤੋਂ ਟੁੱਟ ਜਾਂਦੇ, ਤਾਂ ਸਾਈਕਲ ਪਿੱਛੇ ਵਾਜਾ ਬੰਨ੍ਹ ਕੇ ਸਾਡੇ ਘਰ ਆ ਜਾਂਦੇ ਸਨ, ਕੁਝ ਨਾ ਕੁਝ ਸੁਣਾ ਦਿੰਦੇ ਅਤੇ ਪਿਆਰ ਸਤਿਕਾਰ ਵਜੋਂ ਉਨ੍ਹਾਂ ਨੂੰ ਮੈਂ ਪੰਜਾਹ ਰੁਪਏ ਭੇਂਟ ਕਰ ਦਿੰਦਾ ਸਾਂ (ਜਿਹੜੇ ਕਿ ਉਨ੍ਹੀਂ ਦਿਨੀਂ ਵੱਡੀ ਰਕਮ ਹੁੰਦੀ ਸੀ) ਤਾਂ ਉਹ ਖ਼ੁਸ਼ ਹੋ ਕੇ ਆਪਣੇ ਘਰ ਵਾਪਸ ਪਰਤ ਜਾਂਦੇ ਸਨ।"

ਭਾਈ ਮੋਹਨਪਾਲ ਜੀ ਨੇ 1985 ਵਿਚ ਜਦੋਂ ਅਮਰੀਕਾ ਦਾ ਦੌਰਾ ਕੀਤਾ ਤਾਂ ਸੂਝਵਾਨ ਸ੍ਰੋਤਿਆਂ ਨੇ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ, ਜਿਸ ਦੀ ਬਦੌਲਤ ਉਨ੍ਹਾਂ ਨੂੰ ਇਥੇ ਸੋਹਣੇ ਚਾਰ ਪੈਸੇ ਬਣ ਗਏ ਸਨ। ਉਸ ਫੇਰੀ ਦੌਰਾਨ ਕੁਝ ਕਲਾ ਪਾਰਖੂਆਂ ਨੇ ਉਨ੍ਹਾਂ ਦੀ ਕੁਝ ਰੀਕਾਰਡਿੰਗ ਵੀ ਕੀਤੀ ਸੀ, ਉਨ੍ਹਾਂ ਨੇ ਇਥੇ ਕੁਝ ਚੀਜ਼ਾਂ ਛੁੱਥ ਕੇ ਕੁਝ ਅਜਿਹੀਆਂ ਗਾਈਆਂ ਸਨ, ਜਿਨ੍ਹਾਂ ਨੂੰ ਸੁਣ ਕੇ ਤੁਸੀਂ ਲੰਮੇ ਪੈ ਜਾਓਗੇ!

ਉਨ੍ਹਾਂ ਦੇ ਪਰਿਵਾਰ ਵਿੱਚੋਂ ਹੋਰਨਾਂ ਵੱਡੇ ਰਾਗੀਆਂ ਦਾ ਸ਼ਜਰਾ ਕੁਝ ਇਸ ਪ੍ਰਕਾਰ ਹੈ: ਭਾਈ ਛੇਮਾ ਸਿੰਘ ਜੀ, ਉਨ੍ਹਾਂ ਦੇ ਪੁੱਤਰ ਭਾਈ ਤੇਜਾ ਸਿੰਘ ਜੀ, ਅੱਗੋਂ ਉਨ੍ਹਾਂ ਦੇ ਪੁੱਤਰ ਭਾਈ ਹਰਨਾਮ ਸਿੰਘ ਜੀ, ਅੱਗੋਂ ਉਨ੍ਹਾਂ ਦੇ ਸਪੁੱਤਰ ਭਾਈ ਚਰਨਜੀਤ ਸਿੰਘ ਜੀ ਹਨ, ਜਿਹੜੇ ਅੱਜ-ਕੱਲ੍ਹ ਉਨ੍ਹਾਂ ਦੀ ਸ਼ੈਲੀ 'ਚ ਗਾ ਕੇ ਉਨ੍ਹਾਂ ਦਾ ਅੰਗ ਬਰਕਰਾਰ ਰੱਖ ਰਹੇ ਹਨ। ਅਸਲ ਵਿਚ ਇਨ੍ਹਾਂ ਦੇ ਪਿਤਾ ਭਾਈ ਹਰਨਾਮ ਸਿੰਘ ਦਾ ਇਹ ਸੁਪ੍ਰਸਿੱਧ ਜਥਾ ਹੁਣ ਤਕ ਦੁਨੀਆਂ ਭਰ ਦੇ ਅਨੇਕਾਂ ਦੇਸ਼ਾਂ ਦਾ ਦੌਰਾ ਕਰ ਚੁੱਕਾ ਹੈ ਅਤੇ ਸ੍ਰੋਤਿਆਂ ਨੂੰ ਆਪਣੇ ਰਸ ਭਿੰਨੇ ਕੀਰਤਨ ਦਾ ਲੋਹਾ ਮਨਵਾ ਚੁੱਕਾ ਹੈ। ਅਸਲ ਵਿਚ ਭਾਈ ਚਰਨਜੀਤ ਸਿੰਘ ਜੀ ਦੇ ਪਿਤਾ ਭਾਈ ਹਰਨਾਮ ਸਿੰਘ ਭਾਈ ਪਾਲ ਜੀ ਦੇ ਮਾਸੀ ਦੇ ਪੁੱਤ ਭਰਾ ਲੱਗਦੇ ਸਨ, ਜਦ ਕਿ ਭਾਈ ਪਾਲ ਜੀ ਚਰਨਜੀਤ ਸਿੰਘ ਦੇ ਚਾਚਾ ਜੀ ਸਨ। ਇਸ ਪਰਿਵਾਰ ਨੇ ਮੇਰੀ ਬੇਹੱਦ ਇਖ਼ਲਾਕੀ ਮਦਦ ਕੀਤੀ ਹੈ, ਜਿਸ ਲਈ ਮੈਂ ਇਨ੍ਹਾਂ ਦਾ ਤਹਿ-ਦਿਲੋਂ ਧੰਨਵਾਦੀ ਹਾਂ। ਏਸੇ ਤਰ੍ਹਾਂ ਅਸੀਂ ਸਾਊਥਾਲ ਨਿਵਾਸੀ ਭਾਈ ਤੇਜਿੰਦਰ ਸਿੰਘ ਰਾਗੀ ਜੀ ਦੇ ਵੀ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਨੇ ਸਾਨੂੰ ਇਸ ਪਰਿਵਾਰ ਦੀਆਂ ਕੁਝ ਕੁ ਦੁਰਲੱਭ ਆਵਾਜ਼ਾਂ ਦੀਆਂ ਟੇਪਾਂ ਸੁਣਨ/ਸਾਂਭਣ ਲਈ ਦਿੱਤੀਆਂ।

 www.sikhbookclub.com

# ਪੰਡਿਤ ਦਲੀਪ ਚੰਦਰ ਬੇਦੀ

## ਮਹਿਤਾਬਿ-ਮੌਸੀਕੀ[1]



*ਪੰਡਿਤ ਦਲੀਪ ਚੰਦਰ ਬੇਦੀ*

ਪੰਜਾਬ ਵਾਸੀ ਇਸ ਸੰਗੀਤਕਾਰ 'ਤੇ ਸਦਾ ਹੀ ਮਾਣ ਕਰਦੇ ਰਹਿਣਗੇ, ਜਿਸ ਨੇ ਆਪਣੀ ਖ਼ਿਆਲ ਗਾਇਕੀ ਦੀਆਂ ਸਾਰੇ ਭਾਰਤ ਵਿਚ ਧੁੰਮਾਂ ਪਾਈਆਂ ਸਨ। ਇਸਦਾ ਜਨਮ 24 ਮਾਰਚ, 1901 ਨੂੰ 'ਗੁਰੂ ਕਾ ਲਾਹੌਰ' ਆਨੰਦਪੁਰ ਸਾਹਿਬ ਵਿਖੇ ਹੋਇਆ। ਅਫ਼ਸੋਸ ਦੀ ਗੱਲ ਹੈ ਕਿ ਛੋਟੀ ਉਮਰ ਵਿਚ ਹੀ ਇਸ ਦੀ ਮਾਂ ਚਲਾਣਾ ਕਰ ਗਈ। ਅਜੇ ਇਹ ਛੇਆਂ ਸਾਲਾਂ ਦਾ ਹੀ ਹੋਇਆ ਸੀ ਕਿ ਇਸਦਾ ਪਿਓ ਵੀ ਸਦਾ ਵਾਸਤੇ ਛੱਡ ਗਿਆ। ਕਿਉਂਕਿ ਇਸਦੇ ਮਾਂ ਪਿਓ ਇਸ ਨੂੰ ਛੋਟੀ ਉਮਰ ਵਿਚ ਹੀ ਛੱਡ ਗਏ, ਇਸ ਲਈ ਜਿਸ ਉਸਤਾਦ ਕੋਲ ਵੀ ਇਹ ਗਿਆ, ਉਸ ਨੇ ਇਸ ਨੂੰ ਆਪਣੇ ਧੀਆਂ ਪੁੱਤਰਾਂ ਵਾਂਗ ਪਿਆਰ ਕੀਤਾ ਅਤੇ ਤਾਲੀਮ ਦਿੱਤੀ। ਸਭ ਤੋਂ ਪਹਿਲਾਂ ਇਹ ਤਲਵੰਡੀ ਘਰਾਣੇ ਦੇ ਸ. ਉੱਤਮ ਸਿੰਘ ਦਾ ਸ਼ਾਗਿਰਦ ਬਣਿਆ। ਉਦੋਂ ਇਹ ਅੰਮ੍ਰਿਤਸਰ ਵਿਖੇ ਪੜ੍ਹਦਾ ਹੁੰਦਾ ਸੀ। ਉਨ੍ਹੀਂ ਦਿਨੀਂ ਇਹ ਸ਼ਹਿਰ ਸੰਗੀਤ ਦਾ ਗੜ੍ਹ ਮੰਨਿਆ ਜਾਂਦਾ ਸੀ, ਜਿਥੇ ਉਸਤਾਦ ਹਰਸ਼ਾ ਸਿੰਘ, ਭਾਈ ਵਿਧਾਵਾ, ਭਾਈ ਮੋਤੀ, ਭਾਈ ਰੂੜਾ ਅਤੇ ਅੱਲਾ ਦੀਆ ਖ਼ਾਂ ਵਰਗੇ ਪ੍ਰਸਿੱਧ ਸੰਗੀਤਕਾਰ ਰਹਿੰਦੇ ਸਨ। ਇਸਦੇ ਉਸਤਾਦ ਉੱਤਮ ਸਿੰਘ ਨੇ ਧਰੁੱਪਦ ਦੀ ਤਾਲੀਮ ਤਾਂ ਤਲਵੰਡੀ ਘਰਾਣੇ ਤੋਂ ਪ੍ਰਾਪਤ ਕੀਤੀ ਸੀ ਅਤੇ ਖ਼ਿਆਲ ਗਾਇਕੀ ਦੀ ਦਿੱਲੀ ਵਾਲੇ ਤਾਨਰਸ ਖ਼ਾਂ ਦੇ ਘਰਾਣੇ ਤੋਂ। ਉਸ ਕੋਲ ਜੋ ਕੁਝ ਵੀ ਸੀ, ਉਸ ਨੇ ਇਸ ਨੂੰ ਬੜੇ ਪਿਆਰ ਨਾਲ ਸਿਖਾ ਦਿੱਤਾ।

ਉਸ ਪਿੱਛੋਂ 1918 ਈ. ਵਿਚ ਭਾਰਤ ਦੇ ਪ੍ਰਸਿੱਧ ਸੰਗੀਤਕਾਰ ਪੰਡਿਤ ਭਾਸਕਰ ਓ ਨੇ ਅੰਮ੍ਰਿਤਸਰ ਦੇ ਲਾਲਾ ਗੁਰੂ ਸਹਾਏ ਮੱਲ ਦੇ ਕਹਿਣ 'ਤੇ ਇਸ ਨੂੰ ਸੁਣਿਆ

---

[1] ਮਹਿਤਾਬਿ-ਮੌਸੀਕੀ : ਸੰਗੀਤ ਦਾ ਚੰਦ।


www.sikhbookclub.com

ਅਤੇ ਆਪਣਾ ਸ਼ਾਗਿਰਦ ਬਣਾਉਣਾ ਸਵੀਕਾਰ ਕਰ ਲਿਆ। ਉਸਤਾਦੀ ਸ਼ਾਗਿਰਦੀ ਦੀ ਰਸਮ ਮਾਰਚ 1919 ਵਿਚ ਹੋਈ। ਪੰਡਿਤ ਜੀ ਨੇ ਇਸ ਸ਼ਿਸ਼ ਨੂੰ ਪੂਰੀ ਤਨਦੇਹੀ ਨਾਲ ਤਾਲੀਮ ਦਿੱਤੀ। ਪੰਡਿਤ ਜੀ ਦੀ ਮੌਤ ਪਿੱਛੋਂ ਇਹ ਉਸਤਾਦ ਫ਼ਿਆਜ਼ ਖ਼ਾਂ ਦਾ ਸ਼ਾਗਿਰਦ ਬਣ ਗਿਆ ਅਤੇ ਇਸ ਤਰ੍ਹਾਂ ਨਾਲ ਸੰਗੀਤ ਦੀ ਕਾਫ਼ੀ ਸਾਮਗਰੀ ਇਕੱਠੀ ਕਰ ਲਈ। ਕੁਦਰਤ ਨੇ ਮਧੁਰ ਆਵਾਜ਼ ਤਾਂ ਦਿੱਤੀ ਹੀ ਸੀ ਅਤੇ ਸਮੇਂ ਦੇ ਚੱਕਰ ਨੇ ਇਸ ਵਿਚ ਕਾਫ਼ੀ ਸੋਗ ਵਿਯੋਗ ਵੀ ਭਰ ਦਿੱਤਾ ਸੀ, ਨਿਤ ਦੇ ਰਿਆਜ਼ ਨੇ ਹੋਰ ਵੀ ਕਸਰਾਂ ਕੱਢ ਦਿੱਤੀਆਂ। ਉਸ ਪਿੱਛੋਂ ਇਹ ਜਿਸ ਮਹਿਫ਼ਲ ਵਿਚ ਵੀ ਗਾਉਣ ਬੈਠਾ, ਸਦਾ ਨਾਮਣਾ ਖੱਟਿਆ ਅਤੇ ਆਪਣੇ ਉਸਤਾਦਾਂ ਦੇ ਨਾਵਾਂ ਨੂੰ ਉਜਾਗਰ ਕੀਤਾ।

1924 ਈ. ਵਿਚ ਇਹ ਪਟਿਆਲਾ ਦਾ ਰਾਜ-ਗਾਇਕ ਬਣ ਗਿਆ। ਉਸ ਪਿੱਛੋਂ ਵੀਹ ਬਾਈ ਸਾਲ ਫਿਰ ਇਸਦੀ ਚੜ੍ਹਤ ਦੇ ਦਿਨ ਸਨ। ਦੇਸ਼ ਦੇ ਵੱਖ-ਵੱਖਰੇ ਸ਼ਹਿਰਾਂ ਦੀਆਂ ਸੰਗੀਤ ਸੰਸਥਾਵਾਂ ਨੇ ਇਸ ਨੂੰ ਕਈ ਸਨਮਾਨ ਦਿੱਤੇ। ਕਈ ਥਾਵਾਂ ਤੋਂ ਇਸਨੇ ਮੈਡਲ ਜਿੱਤੇ, ਜਿਨ੍ਹਾਂ ਵਿੱਚੋਂ 1938 ਈ. ਵਿਚ ਕਲਕੱਤਾ ਵਿਖੇ ਜਿੱਤਿਆ ਵਾਜਦ ਅਲੀ ਸ਼ਾਹ ਮੈਡਲ ਵੀ ਹੈ। ਉਸ ਸਾਲ ਇਸ ਨੂੰ ਓਥੇ ਸਭ ਤੋਂ ਚੰਗਾ ਠੁਮਰੀ ਗਾਇਕ ਮੰਨਿਆ ਗਿਆ ਸੀ। ਉਸ ਤੋਂ ਚਾਰ ਸਾਲ ਪਹਿਲਾਂ ਇਸ ਨੂੰ ਬਨਾਰਸ ਵਿਖੇ ਭਾਰਤ ਦਾ ਸਭ ਤੋਂ ਵੱਡਾ ਖ਼ਿਆਲ ਗਾਇਕ ਮੰਨਿਆ ਗਿਆ ਸੀ।

'ਸੰਗੀਤ ਸੁਧਾਕਰ', 'ਸੰਗੀਤ ਰਤਨ' ਅਤੇ 'ਮਹਿਤਾਬ-ਇ-ਮੌਸੀਕੀ,' ਇਸ ਨੂੰ ਦਿੱਤੇ ਗਏ ਕੁਝ ਖ਼ਿਤਾਬਾਂ ਵਿੱਚੋਂ ਸਨ। ਕਿਉਂਕਿ ਇਹ ਕਈ ਭਾਸ਼ਾਵਾਂ ਦਾ ਗਿਆਤਾ ਸੀ ਅਤੇ ਇਹ ਦੇਸ਼ ਦੇ ਕਈ ਹਿੱਸਿਆਂ ਵਿਚ ਘੁੰਮਿਆ ਫਿਰਿਆ ਸੀ, ਇਸ ਲਈ ਇਸ ਨੂੰ ਅਨੇਕ ਗਾਇਨ ਸ਼ੈਲੀਆਂ ਦਾ ਗਿਆਨ ਸੀ। ਸੰਗੀਤ ਦਾ ਬੜਾ ਵੱਡਾ ਵਿਦਵਾਨ ਹੋਣ ਦੇ ਨਾਤੇ ਉਹ ਇਕ ਤਕੜਾ ਲਿਖਾਰੀ ਵੀ ਸੀ ਅਤੇ ਕਈ ਵੇਰ ਕਈ ਚੰਗਿਆਂ ਪਰਚਿਆਂ ਲਈ ਸੰਗੀਤ ਸਬੰਧੀ ਮਜ਼ਮੂਨ ਲਿਖਦਾ ਰਹਿੰਦਾ ਸੀ। 'ਬੇਦੀ ਦੀ ਲਲਿਤ' ਇਕ ਨਵੇਂ ਰਾਗ ਦੀ ਇਸ ਨੇ ਆਪ ਰਚਨਾ ਕੀਤੀ ਸੀ। ਉਸਦੇ ਅਣਗਿਣਤ ਸ਼ਾਗਿਰਦ ਹਨ ਜਿਨ੍ਹਾਂ ਵਿੱਚੋਂ ਪੰਡਿਤ ਹੁਸਨ ਲਾਲ, ਭਗਵਾਨ ਦਾਸ ਸੈਣੀ, ਪੰਡਿਤ ਅਮਰ ਨਾਥ ਅਤੇ ਮਹਿੰਦਰ ਸਿੰਘ ਠੁਮਰੀ (ਅੰਮ੍ਰਿਤਸਰ) ਦੇ ਨਾਂ ਵਧੇਰੇ ਪ੍ਰਸਿੱਧ ਹਨ।

ਬੇਦੀ ਸਾਹਿਬ 1994 ਈ. ਵਿਚ ਚੜ੍ਹਾਈ ਕਰ ਗਏ ਸਨ।

 www.sikhbookclub.com

# ਭਾਈ ਅਰਜਨ ਸਿੰਘ ਤ੍ਰੰਗੜ


*ਭਾਈ ਅਰਜਨ ਸਿੰਘ ਤ੍ਰੰਗੜ*

ਆਖਦੇ ਨੇ ਕਿ ਪੰਜਾਬ ਦੇ ਇਸ ਲਾਸਾਨੀ ਤਬਲੀਏ ਕੋਲ ਪੰਜਾਬ ਘਰਾਣੇ ਦੇ ਕਾਇਦੇ ਅਤੇ ਗਤਾਂ ਪਰਨਾਂ ਦੇ ਐਨੇ ਵੱਡੇ ਭੰਡਾਰ ਦਾ ਖਜ਼ਾਨਾ ਸੀ ਕਿ ਇਲਮ ਦੇ ਭਾਵੇਂ ਤੰਗੜ ਭਰ ਲਓ - ਜਿਸ ਕਰਕੇ ਲੋਕ ਉਸਨੂੰ ਤੰਗੜ ਜਾਂ ਤ੍ਰੰਗੜ ਕਹਿਣ ਲੱਗ ਪਏ ਸਨ। ਇਹ ਲਕਬ ਉਨ੍ਹਾਂ ਦੇ ਨਾਂ ਨਾਲ ਅਜਿਹਾ ਜੁੜਿਆ ਕਿ ਲੋਕੀਂ ਉਸਨੂੰ ਅਰਜਨ ਸਿੰਘ ਦੀ ਬਜਾਏ ਤ੍ਰੰਗੜ ਕਰਕੇ ਵਧੇਰੇ ਸੱਦਣ ਲੱਗ ਪਏ ਸਨ। ਦੇਸ਼ ਦੇ ਇਕ ਹੋਰ ਬਹੁਤ ਵੱਡੇ ਤਬਲਾ ਵਾਦਕ ਅਹਿਮਦ ਜਾਨ ਦੀਆਂ ਜਿਵੇਂ ਤਬਲਾ ਦੇਖਦਿਆਂ ਹੀ ਉਂਗਲੀਆਂ ਥਿਰਕਣ ਲੱਗ ਜਾਣ ਕਾਰਨ ਲੋਕੀਂ ਉਸਨੂੰ 'ਥਿਰਕਵਾ' ਕਹਿਣ ਲੱਗ ਪਏ ਸਨ...ਏਸੇ ਤਰ੍ਹਾਂ ਕੁਝ ਲੋਕਾਂ ਦੇ ਖ਼ਿਆਲ ਅਨੁਸਾਰ ਇਹ ਤਬਲਚੀ ਵੀ ਤਬਲਾ ਵਜਾਉਂਦਿਆਂ ਬੜੀਆਂ ਖ਼ੂਬਸੂਰਤ ਤ੍ਰੰਗਾਂ ਪੈਦਾ ਕਰ ਦਿੰਦਾ ਸੀ, ਲੋਕੀਂ ਉਸਨੂੰ ਵੀ ਤ੍ਰੰਗੜ ਕਹਿਣ ਲੱਗ ਪਏ ਸਨ। ਉਸਦੀ ਉੱਚਤਾ ਨੂੰ ਜਗਤ-ਉਸਤਾਦ ਮੀਆਂ ਕਾਦਰ ਬਖ਼ਸ਼ (1902-1964 ਈ.) ਨੇ ਵੀ ਮੰਨਿਆ। ਉਹ ਅਕਸਰ ਇਹ ਗੱਲ ਕਿਹਾ ਕਰਦੇ ਸਨ: "ਓ ਯਾਰ, ਇਸ ਸਿੱਖ ਦਾ ਕੁਝ ਪਤਾ ਨਹੀਂ ਲੱਗਦਾ, ਪਤਾ ਨਹੀਂ ਤਬਲੇ 'ਤੇ ਹਰ ਵੇਲੇ ਇਹ ਕੀ ਕੁਝ ਕਰਦਾ ਰਹਿੰਦਾ ਹੈ।" ਇਹ ਜ਼ਰਾ ਸਮਝਣ ਦੀ ਗੱਲ ਹੈ। ਮੁਸਲਮਾਨ ਗਵੱਈਏ ਜਾਂ ਵਜੰਈਏ ਕਿਸੇ ਵੀ ਸਿੱਖ ਰਾਗੀ ਨੂੰ ਆਮ ਕਰਕੇ ਆਪਣੇ ਪੱਧਰ ਦਾ ਨਹੀਂ ਸਨ ਮੰਨਦੇ ਹੁੰਦੇ, ਅਤੇ ਉਹ ਵੀ ਫਿਰ ਜੱਟ ਸਿੱਖ ਗਵੰਤਰੀ ਵਜੰਤਰੀ ਨੂੰ ?

ਆਪ ਦਾ ਜਨਮ 1900 ਈ. ਵਿਚ ਪਿੰਡ ਭੁੱਲਰ ਕਰਮ ਸਿੰਘ, ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਉਸਦੇ ਪਿਤਾ ਭਾਈ ਰਾਮ ਸਿੰਘ, ਠੱਠੇ ਟਿੱਬੇ ਵਾਲੇ ਭਾਈ ਜਵਾਲਾ ਸਿੰਘ ਜੀ ਨਾਲ ਤਾਊਸ 'ਤੇ ਸਾਥ ਦਿਆ ਕਰਦੇ ਸਨ। ਤਬਲੇ ਦੀ ਮੁੱਢਲੀ ਸਿੱਖਿਆ ਉਸਨੇ ਭਾਈ ਕਰਤਾਰ ਸਿੰਘ ਸੇਖਵਾਂ ਪਾਸੋਂ ਪ੍ਰਾਪਤ ਕੀਤੀ। 1923 ਈ. ਵਿਚ ਉਸਦੀ ਨਿਯੁਕਤੀ ਪੰਜਾਹ ਰੁਪਏ ਮਹੀਨਾ 'ਤੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ

ਵਿਖੇ ਹੋ ਗਈ ਜਿਥੇ ਉਹ ਕਰੀਬਨ ਪੰਜ ਸਾਲ ਸੇਵਾ ਕਰਦੇ ਰਹੇ। ਉਦੋਂ ਉਹ ਏਥੇ ਦੇ ਭਾਈ ਜਵਾਹਰ ਸਿੰਘ ਨਾਲ ਤਬਲੇ 'ਤੇ ਸੰਗਤ ਕਰਿਆ ਕਰਦੇ ਸਨ। ਦੱਸਿਆ ਜਾਂਦਾ ਹੈ ਕਿ ਭਾਈ ਹਰਨਾਮ ਸਿੰਘ ਰਿਆਸਤ ਜੰਮੂ ਵਿੱਚੋਂ ਦਰਬਾਰੀ ਪਦ ਤੋਂ ਸੇਵਾ-ਮੁਕਤ ਹੋ ਕੇ ਜਦੋਂ ਸ੍ਰੀ ਅੰਮ੍ਰਿਤਸਰ ਆ ਗਏ ਤਾਂ ਉਨ੍ਹਾਂ ਕੋਲੋਂ ਇਹ ਚਾਰ ਪੰਜ ਸਾਲ ਤਬਲੇ ਦੀ ਤਾਲੀਮ ਲੈਂਦੇ ਰਹੇ ਸਨ। ਯਾਦ ਰਹੇ, ਭਾਰਤ ਦਾ ਉਹ ਮਹਾਨ ਵਜੰਤਰੀ ਪ੍ਰਸਿੱਧ ਮ੍ਰਿਦੰਗ ਸਮਰਾਟ ਦੱਤੀਆ ਰਿਆਸਤ ਵਾਲੇ ਕਦਊ ਸਿੰਘ ਦਾ ਸ਼ਾਗਿਰਦ ਸੀ। ਉਸ ਪਿੱਛੋਂ ਕਈ ਸਾਲ ਬਾਬਾ ਮੁੰਦਾ ਤੋਂ ਵੀ ਸਿੱਖਿਆ ਪ੍ਰਾਪਤ ਕਰਦੇ ਰਹੇ। ਸ੍ਰੀ ਦਰਬਾਰ ਸਾਹਿਬ ਛੱਡਣ ਉਪਰੰਤ ਆਪ ਭਾਈ ਹਰਨਾਮ ਸਿੰਘ ਚਵਿੰਡੀਆ ਦੇ ਜਥੇ ਵਿਚ ਜਾ ਰਲੇ ਸਨ। ਆਪ ਆਪਣੇ ਸਮੇਂ ਦੇ ਇਕ ਬਹੁਤ ਵੱਡੇ ਸੰਗਤੀਏ ਸਨ।

ਭਾਈ ਬਲਦੀਪ ਸਿੰਘ ਦਿੱਲੀ ਵਾਲੇ ਇਹ ਗੱਲ ਬੜੇ ਮਾਣ ਨਾਲ ਸਵੀਕਾਰ ਕਰਦੇ ਹਨ ਕਿ ਪਖਾਵਜ ਦੀ ਤਾਲੀਮ ਮੈਂ ਉਨ੍ਹਾਂ ਕੋਲੋਂ ਹੀ ਹਾਸਲ ਕੀਤੀ ਸੀ। ਆਪ ਕੁਝ ਸਮਾਂ ਇੰਗਲੈਂਡ ਦੇ ਇਕ ਗੁਰਦੁਆਰੇ ਵਿਚ ਵੀ ਸੇਵਾ ਕਰਦੇ ਰਹੇ। 1995 ਈ. ਵਿਚ ਆਪ ਚੜ੍ਹਾਈ ਕਰ ਗਏ ਸਨ।

SIKHBOOKCLUB.COM

 www.sikhbookclub.com

# ਭਾਈ ਸੰਤਾ ਸਿੰਘ ਚਮਕ



ਭਾਈ ਸੰਤਾ ਸਿੰਘ ਚਮਕ

ਆਪ ਦੇ ਵਡੇਰਿਆਂ ਦਾ ਜੱਦੀ ਪਿੰਡ ਧਾਰੀਵਾਲ ਸੀ, ਜੰਡਿਆਲਾ ਨੇੜੇ, ਪਰ ਪਿੱਛੋਂ ਆਪ ਦੇ ਪਿਤਾ ਭਾਈ ਵਰਿਆਮ ਸਿੰਘ ਉਥੋਂ ਆ ਕੇ ਮੁਕੰਦਪੁਰ ਆਣ ਵੱਸੇ ਸਨ। ਉਸ ਪਿੱਛੋਂ ਆਪ ਦਾ ਪਰਿਵਾਰ ਉਥੋਂ ਜਲੰਧਰ ਆ ਕੇ ਲਾਡੋਵਾਲੀ ਰੋਡ 'ਤੇ ਵੱਸਣ ਲੱਗ ਪਿਆ ਸੀ। ਆਪ ਖ਼ਾਲਸਾ ਬਰਾਦਰੀ (ਜੁਲਾਹੇ ਸਿੱਖ) ਦੇ ਚਸ਼ਮੋ-ਚਿਰਾਗ ਸਨ। ਆਪ ਦੇ ਵਡੇਰੇ ਕਿਸੇ ਸਮੇਂ ਕਿਉਂਕਿ ਗੰਧਰਵ ਰਾਗੀ ਰਹਿ ਚੁੱਕੇ ਸਨ ਜਿਹੜੇ ਕਿ ਕਦੇ ਹਰਿਵੱਲਭ ਸੰਗੀਤ ਸੰਮੇਲਨ, ਜਲੰਧਰ 'ਚ ਵੀ ਭਾਗ ਲੈਂਦੇ ਰਹੇ ਸਨ, ਇਸ ਲਈ ਇਨ੍ਹਾਂ ਦੀ ਰੁਚੀ ਵੀ ਕੀਰਤਨ ਵੱਲ ਨੂੰ ਪ੍ਰੇਰਿਤ ਹੋ ਜਾਣੀ ਇਕ ਕੁਦਰਤੀ ਗੱਲ ਸੀ।

ਆਪ ਦਾ ਜਨਮ ਮਾਤਾ ਮਹਾਂ ਕੌਰ ਜੀ ਦੀ ਕੁੱਖੋਂ 1904 ਈ. ਵਿਚ ਹੋਇਆ। ਛੋਟੀ ਉਮਰ ਵਿਚ ਹੀ ਸੰਗੀਤ ਦਾ ਅਭਿਆਸ ਕਰਨ ਲੱਗ ਪਏ। ਸਿੱਖ ਇਤਿਹਾਸ ਅਤੇ ਗੁਰਬਾਣੀ ਦਾ ਅਧਿਐਨ ਕਰਦੇ ਰਹਿੰਦੇ। ਗੁਰਬਾਣੀ ਬਹੁਤ ਕੰਠ ਸੀ। ਪੁਰਾਤਨ ਰੀਤਾਂ ਅਨੁਸਾਰ ਗਾਉਂਦੇ, ਪਰ ਆਮ ਕਰਕੇ ਸਰਲ ਢੰਗ ਨੂੰ ਤਰਜੀਹ ਦਿੰਦੇ। ਆਪ ਦਾ ਨਿਤਾ ਪ੍ਰਤੀ ਰਹਿਣ ਬਹਿਣ, ਪਾਕ ਪਵਿੱਤਰ, ਬੇਦਾਗ਼, ਸਾਦਾ ਸੰਤੋਖੀ ਤੇ ਬਾ-ਅਸੂਲ ਜੀਵਨ ਦਾ ਮੁਜੱਸਮਾ ਸੀ। ਏਸੇ ਲਈ ਹਰ ਵਰਗ ਦੇ ਵਿਅਕਤੀ ਉਨ੍ਹਾਂ ਦਾ ਦਿਲੋਂ ਸਤਿਕਾਰ ਕਰਦੇ ਸਨ। ਆਪਣੇ ਉੱਚੇ ਇਖ਼ਲਾਕ ਸਦਕਾ ਜਿਥੇ ਸਰੋਤਿਆਂ ਦਾ ਮਨ ਮੋਹ ਲੈਂਦੇ, ਉਥੇ ਉਹ ਗੁਰਬਾਣੀ ਦੇ ਡੂੰਘੇ ਅਧਿਐਨ ਤੇ ਸਿੱਖ ਫਲਸਫੇ, ਗੁਰੂ ਇਤਿਹਾਸ ਦੀ ਵਿਸ਼ਾਲ ਵਾਕਫ਼ੀ ਤੇ ਸੁਚੱਜੀ ਅਰਥ ਭਰਪੂਰ ਵਿਆਖਿਆ ਕਰ ਕੇ ਲੱਖਾਂ ਪ੍ਰਾਣੀਆਂ ਨੂੰ ਗੁਰੂ ਚਰਨਾਂ ਨਾਲ ਜੋੜਨ ਦੀ ਸਮਰੱਥਾ ਰੱਖਦੇ ਸਨ। ਆਪ ਵਿਚ ਸਭ ਤੋਂ ਵੱਡੀ ਖ਼ੂਬੀ ਇਹ ਸੀ ਕਿ ਕੀਰਤਨ ਲਈ ਕਦੇ ਵੀ ਕਿਸੇ ਪਾਸੋਂ ਮੰਗ ਨਹੀਂ ਸਨ ਮੰਗਦੇ। ਜੋ ਵੀ ਭੇਟ ਚੜ੍ਹੀ, ਉਸ ਨੂੰ ਸਬਰ ਸ਼ੁਕਰ ਨਾਲ ਸਵੀਕਾਰਿਆ। ਇਸ ਭੱਜਾ-ਦੌੜੀ ਅਤੇ ਮਾਰਾ-ਮਾਰੀ ਦੇ ਯੁੱਗ ਵਿਚ ਐਨਾ

ਨਿਰਲੋਭ ਹੋਣਾ ਇਹ ਇਕ ਬੜੀ ਵੱਡੀ ਗੱਲ ਸੀ। ਸਹੀ ਅਰਥਾਂ ਵਿਚ ਆਪ ਇਕ ਗੁਰਮੁਖ ਕੀਰਤਨੀਏ ਸਨ। ਆਪ ਦੀ ਪਤਨੀ ਬੀਬੀ ਧੰਨ ਕੌਰ 1966 ਈ. ਵਿਚ ਚੜ੍ਹਾਈ ਕਰ ਗਈ ਸੀ। ਆਪ ਦੇ ਦੋ ਬੱਚੇ ਹਨ : ਜਸਵੰਤ ਸਿੰਘ ਅਤੇ ਜਸਬੀਰ ਕੌਰ। ਆਪਣੀ ਉਮਰ ਦੀਆਂ 86 ਬਹਾਰਾਂ ਭੋਗ ਕੇ 28 ਜਨਵਰੀ ਸਵੇਰੇ ਛੇ ਵਜੇ ਆਪ ਚੜ੍ਹਾਈ ਕਰ ਗਏ ਸਨ। ਆਪ ਦਾ ਇਕ ਸ਼ਾਗਿਰਦ ਗਿਆਨੀ ਪ੍ਰੀਤਮ ਸਿੰਘ ਹੀਰ ਅੱਜ-ਕੱਲ੍ਹ ਮਾਨਚੈਸਟਰ (ਇੰਗਲੈਂਡ) ਰਹਿ ਰਿਹਾ ਹੈ।

[ਇਹ ਲੇਖ ਲਿਖਣ ਲਈ ਜਿਹੜੀ ਸਹਾਇਤਾ ਸਾਡੇ ਇਕ ਪੁਰਾਣੇ ਦੋਸਤ ਗਿਆਨੀ ਪਰਮਿੰਦਰ ਸਿੰਘ, ਜਿਹੜੇ ਕਿ 'ਚਮਕ' ਜੀ ਦੇ ਰਿਸ਼ਤੇਦਾਰ ਵੀ ਹਨ, ਨੇ ਕੀਤੀ, ਉਸ ਲਈ ਉਨ੍ਹਾਂ ਦਾ ਮੈਂ ਹਾਰਦਿਕ ਧੰਨਵਾਦੀ ਹਾਂ।]

SIKHBOOKCLUB.COM

# ਭਾਈ ਸੰਤਾ ਸਿੰਘ



*ਭਾਈ ਸੰਤਾ ਸਿੰਘ*

ਇਸ ਮਹਾਨ ਕੀਰਤਨਕਾਰ ਦਾ ਜਨਮ ਵੀਹਵੀਂ ਸਦੀ ਦੇ ਮੁੱਢਲੇ ਸਾਲਾਂ ਵਿਚ ਇਕ ਬੜੇ ਗ਼ਰੀਬੜੇ ਜਿਹੇ ਪਰਿਵਾਰ ਵਿਚ ਹੋਇਆ। ਬਾਲ-ਅਵਸਥਾ ਵਿਚ ਉਹ ਸਰ ਸੁੰਦਰ ਸਿੰਘ ਮਜੀਠੀਏ ਦੇ ਸੰਪਰਕ ਵਿਚ ਆ ਗਿਆ, ਜਿਹੜੇ ਉਸ ਵੇਲੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸਨ। ਸੰਗੀਤ ਸਿੱਖਿਆ ਲਈ ਉਨ੍ਹਾਂ ਨੇ ਉਸ ਨੂੰ ਭਾਈ ਸਾਈਂ ਦਿੱਤਾ ਕੋਲ ਭੇਜ ਦਿੱਤਾ। ਉਹ ਮਹਾਨ ਉਸਤਾਦ ਨੇਮ ਦਾ ਬਹੁਤ ਪੱਕਾ ਸੀ। ਗਾਉਣ ਸਮੇਂ ਜਦੋਂ ਵਿਚ ਮਾੜੀ ਜਿਹੀ ਵੀ ਗ਼ਲਤੀ ਹੋ ਜਾਂਦੀ ਤਾਂ ਉਹ ਜ਼ੋਰ ਨਾਲ ਉਸ ਦੇ ਮੌਰਾਂ ਵਿਚ ਇਕ ਡੰਡਾ ਜੜ ਦਿੰਦਾ। ਉਹ ਆਪਣੇ ਸਮੇਂ ਦਾ ਇਕ ਪ੍ਰਸਿੱਧ ਰਬਾਬੀ ਸੀ। ਉਹ ਜਬਾੜੀ ਦੀ ਤਾਨ ਲੈਂਦਾ ਸੀ, ਬਹੁਤ ਤੇਜ਼। ਉਨ੍ਹੀਂ ਦਿਨੀਂ ਜਦੋਂ ਧੂਤਰੂ ਜਾਂ ਲਾਊਡ ਸਪੀਕਰ ਨਹੀਂ ਸਨ ਹੁੰਦੇ, ਉਸ ਦੀ ਆਵਾਜ਼ ਸਹਿਜੇ ਹੀ ਇਕ ਮੀਲ ਤਕ ਸੁਣਾਈ ਦਿੰਦੀ ਸੀ। ਪਰ ਹੁਣ ਤਾਂ ਉਸ ਨੇ ਆਪਣਾ ਸਾਰਾ ਇਲਮ ਇਸ ਕੀਰਤਨੀਏ ਨੂੰ ਹੀ ਦੇ ਦਿੱਤਾ। ਤਾਲੀਮ ਖ਼ਤਮ ਹੋ ਗਈ ਅਤੇ ਵਿਛੜਨ ਦਾ ਸਮਾਂ ਆ ਗਿਆ। ਉਸਨੇ ਆਪਣੇ ਪਿਆਰੇ ਸ਼ਾਗਿਰਦ ਨੂੰ ਹਾਕ ਮਾਰੀ ਅਤੇ ਕਿਹਾ, "ਸੰਤਾ ਸਿੰਘ, ਮੈਨੂੰ ਯਾਦ ਹੈ ਕਿ ਕਈ ਵੇਰ ਮੈਂ ਬੜੀ ਕਠੋਰਤਾ ਤੋਂ ਕੰਮ ਲਿਆ ਹੈ। ਹੋ ਸਕਦਾ ਹੈ ਕਿ ਕਈ ਵਾਰ ਮੇਰਾ ਵਰਤਾਰਾ ਕਸਾਈਆਂ ਵਰਗਾ ਵੀ ਰਿਹਾ ਹੋਵੇ, ਪਰ ਅੱਜ ਮੈਨੂੰ ਖ਼ੁਸ਼ੀ ਹੈ ਕਿ ਮੇਰੇ ਮਰਨ ਪਿੱਛੋਂ ਵੀ ਤੂੰ ਮੇਰੀ ਕਲਾ ਨੂੰ, ਮੇਰੇ ਇਲਮ ਨੂੰ ਸਾਂਭੀ ਰੱਖੇਂਗਾ।" ਐਨੀ ਗੱਲ ਕਹਿ ਕੇ, ਉਸਤਾਦ ਨੇ ਆਪਣੀਆਂ ਅੱਖੀਆਂ ਪੂੰਝੀਆਂ ਅਤੇ ਆਪਣੇ ਸ਼ਾਗਿਰਦ ਨੂੰ ਥਾਪੀ ਦੇ ਕੇ ਵਿਦਾ ਕੀਤਾ। ਉਸ ਪਿੱਛੋਂ ਜਦੋਂ ਉਸ ਨੇ ਦਰਬਾਰ ਸਾਹਿਬ ਦੀ ਸੇਵਾ ਲਈ ਆਪਣਾ ਟੈੱਸਟ ਦਿੱਤਾ ਤਾਂ ਸੱਠਾਂ ਰਾਗੀਆਂ ਵਿੱਚੋਂ ਉਹ ਅੱਵਲ ਆਇਆ। ਉਸ ਵੇਲੇ ਉਸਦੀ ਉਮਰ ਕੇਵਲ 14 ਸਾਲਾਂ ਦੀ ਸੀ।


www.sikhbookclub.com

ਦੇਸ਼ ਦੀ ਵੰਡ ਪਿੱਛੋਂ ਉਹ ਕਈ ਸਾਲ ਸੀਸ ਗੰਜ ਸਾਹਿਬ (ਦਿੱਲੀ) ਦਾ ਵੀ ਹਜ਼ੂਰੀ ਰਾਗੀ ਰਿਹਾ। ਉਹ ਆਪਣੇ ਕਿਸੇ ਕੰਮ ਬੰਬਈ ਨੂੰ ਗਿਆ। ਉਥੋਂ ਪਰਤਣ ਲੱਗਿਆਂ, ਸੂਰਤ ਰੇਲਵੇ ਸਟੇਸ਼ਨ 'ਤੇ ਉਸ ਨੂੰ ਦਿਲ ਦਾ ਦੌਰਾ ਪਿਆ, ਜਿਸ ਨੇ ਉਸ ਦੀ ਜਾਨ ਲੈ ਲਈ। 16 ਨਵੰਬਰ, 1966 ਨੂੰ ਉਹ ਆਪਣੇ ਹਜ਼ਾਰਾਂ ਕਦਰਦਾਨਾਂ ਨੂੰ ਸਦੀਵੀ ਵਿਛੋੜਾ ਦੇ ਗਿਆ। ਉਸ ਦੀ ਆਵਾਜ਼ ਦੀ ਭਿੰਨਤਾ ਸ਼ਬਦ "ਭਿੰਨੀ ਰੈਨੜੀਐ ਚਾਮਕਨਿ ਤਾਰੇ" (ਰਾਗ ਸੋਰਠਿ) ਡਿਸਕ ਨੰਬਰ N-13583 ਤੋਂ ਮਾਣੀ ਜਾ ਸਕਦੀ ਹੈ। ਇਸ ਤੋਂ ਛੁੱਟ ਉਸ ਦੇ ਹੋਰ ਵੀ ਕਈ ਰੀਕਾਰਡ ਹਨ।

SIKHBOOKCLUB.COM

# ਉਸਤਾਦ ਕਰਮ ਸਿੰਘ ਚੱਕਰਵਰਤੀ



ਉਸਤਾਦ ਕਰਮ ਸਿੰਘ ਚੱਕਰਵਰਤੀ

ਅਠਾਰ੍ਹਵੀਂ ਸਦੀ ਦਾ ਅੱਧ ਭਾਰਤ ਲਈ ਤਾਂ ਮਾਰੂ ਸੀ ਹੀ, ਪਰ ਪੰਜਾਬ ਤੇ ਖ਼ਾਸ ਕਰਕੇ ਪੰਜਾਬ ਦੇ ਸਿੱਖਾਂ ਲਈ ਕੁਝ ਵਧੇਰੇ ਹੀ ਭਾਰੂ ਸੀ। ਸਿੱਖ ਵਿਚਾਰੇ ਭੁੱਖੇ ਭਾਣੇ ਜੰਗਲਾਂ ਵਿਚ ਲੁਕ ਛੁਪ ਕੇ ਦਿਨ ਕੱਟਦੇ। ਕਦੇ ਕਦੇ ਸ਼ਿਕਾਰ ਨੂੰ ਨਿਕਲ ਜਾਂਦੇ, ਜੋ ਕੁਝ ਮਾਰ ਕੇ ਲਿਆਉਂਦੇ ਜਾਂ ਕਿਧਰੋਂ ਕੁਝ ਫਲ ਵਗ਼ੈਰਾ ਮਿਲਦੇ, ਉਸ ਨੂੰ ਵੰਡ ਕੇ ਛਕ ਲੈਂਦੇ। ਗਿਣਤੀ ਥੋੜ੍ਹੀ ਹੋਣ ਕਾਰਣ ਉਨ੍ਹਾਂ ਦੀ ਕੋਈ ਵਾਹ ਪੇਸ਼ ਨਹੀਂ ਸੀ ਚੱਲਦੀ, ਪਰ ਤਾਂ ਵੀ ਉਸ ਸਮੇਂ ਦਾ ਇਕੱਲਾ ਇਕੱਲਾ ਸਿੱਖ ਇਕ ਜੋਗੀ ਸੀ, ਸਬਰ ਸੰਤੋਖ ਵਾਲਾ, ਸੱਚ 'ਤੇ ਮਰ ਮਿਟਣ ਵਾਲਾ, ਦੂਜੇ ਦੇ ਦੁੱਖ ਸੁੱਖ ਦਾ ਸਾਂਝੀ ਅਤੇ ਜਬਰ ਨੂੰ ਜੜ੍ਹੋਂ ਪੁੱਟਣ ਦੇ ਇਰਾਦੇ ਰੱਖਣ ਵਾਲਾ।

ਦੂਜੇ ਪਾਸੇ ਮੁਸਲਮਾਨ ਸਮਰਾਟ ਸਨ ਜਿਨ੍ਹਾਂ ਦੇ ਮੂੰਹਾਂ ਨੂੰ ਖ਼ੂਨ ਲੱਗਾ ਹੋਇਆ ਸੀ। ਨਿੱਤ ਦਿਹਾੜੇ ਕੀਮਾ ਕਬਾਬ ਉੜਦਾ, ਜ਼ੁਲਮ ਢਹਿੰਦਾ ਸੀ। ਸ੍ਰੀ ਦਰਬਾਰ ਸਾਹਿਬ ਵਰਗੇ ਗੁਰੂ ਦੇ ਦੁਆਰੇ ਵਿਚ ਵੀ ਨਾਚ ਹੁੰਦੇ, ਮੁਜਰੇ ਹੁੰਦੇ, ਕੰਜਰੀਆਂ ਆਪਣੀਆਂ ਕੂਲੀਆਂ ਪਤਲੀਆਂ ਬਾਹਾਂ ਨਾਲ ਗੱਭਿ ਮੰਜਾ ਡਾਹ ਕੇ ਰਾਗ ਰੰਗ ਮਾਣ ਰਹੇ ਮੱਸੇ ਰੰਘੜ ਨੂੰ ਜਾਮ 'ਤੇ ਜਾਮ ਭਰ ਭਰ ਦਿੰਦੀਆਂ। ਜਾਮ ਲਰਜ਼ਦੇ, ਤਾਲ ਥਿਰਕਦੇ ਅਤੇ ਏਸੇ ਤਰ੍ਹਾਂ ਚੰਨ ਤਾਰਿਆਂ ਲੱਦੀ ਸਾਰੀ ਰਾਤ ਬੀਤ ਜਾਂਦੀ, ਪਰ ਉਸ ਰੰਗ-ਰਾਗ ਦਾ ਮਸਾਂ ਅਜੇ ਸ਼ਾਹ ਵੇਲਾ ਹੀ ਹੁੰਦਾ।

ਹਰ ਜ਼ੁਲਮ, ਹਰ ਸਿਤਮ ਦਾ ਕੋਈ ਅੰਤ ਹੁੰਦਾ ਹੈ। ਸਿੰਘਾਂ ਨੂੰ, ਸ਼ੀਹਣੀਆਂ ਦੇ ਪੁੱਤਾਂ ਨੂੰ ਇਨ੍ਹਾਂ ਮੁਜਰਿਆਂ ਦਾ ਉਦੋਂ ਪਤਾ ਲੱਗਾ ਜਦੋਂ ਉਹ ਵਿਚਾਰੇ ਭਾਜੜ ਦੇ ਮਾਰੇ ਜੈਪੁਰ ਦੇ ਜੰਗਲਾਂ ਵਿਚ ਸਨ।

ਮਹਿਤਾਬ ਸਿੰਘ ਪਿੰਡ ਮੀਰਾਂ ਕੋਟ ਦਾ ਜੰਮਪਲ ਸੀ। ਜਦੋਂ ਉਸ ਨੇ ਬੇਅਦਬੀ ਦੀ ਇਹ ਖ਼ਬਰ ਸੁਣੀ ਤਾਂ ਕਹਿਣ ਲੱਗਾ ਭਾਈ, ਇਸ ਨਾਲੋਂ ਤਾਂ ਮਰ ਜਾਣਾ ਲੱਖ

ਵੇਰਾਂ ਚੰਗਾ। ਉਹ ਪੰਜਾਬ ਵੱਲ ਨੂੰ ਤੁਰ ਪਿਆ। ਨਾਲ ਉਸ ਦੇ ਬਾਬਾ ਸੁੱਖਾ ਸਿੰਘ ਮਾੜੀ ਕੰਬੋਕੀ ਦਾ ਸੀ। ਮਾਮਲਾ ਤਾਰਨ ਦੇ ਬਹਾਨੇ ਮਹਿਤਾਬ ਸਿੰਘ ਅੰਦਰ ਚਲੇ ਗਿਆ, ਪਰ ਬਾਬਾ ਜੀ ਬਾਹਰ ਦਰਵਾਜ਼ੇ ਵਿਚ ਰਾਖੀ ਲਈ ਖੜੇ ਰਹੇ, ਠੀਕਰੀਆਂ ਦੀ ਭਰੀ ਹੋਈ ਬੋਰੀ ਨੂੰ ਮੋਹਰਾਂ ਦਾ ਪੱਜ ਲਾ ਕੇ ਸ਼ੀਹਣੀ ਦੇ ਉਸ ਸਪੂਤ ਨੇ ਮੱਸੇ ਦਾ ਸਿਰ ਵੱਢ ਕੇ ਬਾਹਰ ਭੱਜਣ ਦੀ ਕੀਤੀ।

ਸਕੀਮ ਇਹ ਸੀ ਕਿ ਜੇਕਰ ਉਸ ਨੂੰ ਕਿਸੇ ਨੇ ਵੱਢ ਮਾਰ ਵੀ ਦਿੱਤਾ ਤਾਂ ਮੱਸੇ ਦਾ ਸਿਰ ਸੁੱਖਾ ਸਿੰਘ ਲੈ ਜਾਵੇਗਾ, ਪਰ ਨਹੀਂ, ਹੁਣ ਤਾਂ ਇਹ ਦੋਵੇਂ ਸ਼ੇਰ ਦਿਲ ਇਨਸਾਨ ਰਾਜ਼ੀ ਖ਼ੁਸ਼ੀ ਸਨ ਅਤੇ ਉਨ੍ਹਾਂ ਦਾ ਕੋਈ ਵਾਲ ਵੀ ਵਿੰਗਾ ਨਾ ਕਰ ਸਕਿਆ। ਉਨ੍ਹਾਂ ਦੋਹਾਂ ਉਸ ਦਾ ਸਿਰ ਲੈ ਕੇ ਬਸ ਭੱਜਣ ਦੀ ਕੀਤੀ। ਇਹ ਘਟਨਾ ਅਗਸਤ 1740 ਦੀ ਹੈ। ਭਾਈ ਸੁੱਖਾ ਸਿੰਘ ਜੀ ਬਾਰੇ ਇਹ ਤੱਥ ਬੜਾ ਦਿਲਕਸ਼ ਹੈ ਕਿ ਆਪ ਤੋਪਾਂ ਬਣਾਉਣ ਦੇ ਬੜੇ ਮਾਹਿਰ ਸਨ। ਉਨ੍ਹਾਂ ਦੇ ਹੱਥਾਂ ਦੀ ਬਣਾਈ ਹੋਈ ਇਕ ਤੋਪ ਬਰਤਾਨੀਆ ਦੇ ਇਕ ਅਜਾਇਬ ਘਰ ਵਿਚ ਅੱਜ ਵੀ ਸੁਰੱਖਿਅਤ ਹੈ।

ਉਸ ਮਹਾਨ ਬਾਬੇ ਦੀ ਕੁੱਲ ਵਿੱਚੋਂ ਹੀ ਸਿੱਧਾ ਕਰਮ ਸਿੰਘ ਚੱਕਰਵਰਤੀ ਸੀ, ਜਿਸ ਨੇ ਸ਼ਾਸਤ੍ਰੀ ਸੰਗੀਤ ਵਿਚ ਦੇਸ਼ ਦੇ ਕੋਨੇ ਕੋਨੇ ਵਿਚ ਆਪਣੀ ਗਾਇਕੀ ਦੀ ਧਾਕ ਬਿਠਾਈ। ਸੁੱਖਾ ਸਿੰਘ ਦਾ ਨਾਂ ਸਿੱਖੀ ਦੇ ਉਨ੍ਹਾਂ ਸਤੂਨਾਂ ਥੰਮ੍ਹਾਂ ਵਿੱਚੋਂ ਸਮਝਿਆ ਜਾਣਾ ਚਾਹੀਦਾ ਹੈ ਜਿਨ੍ਹਾਂ ਦੇ ਆਸਰੇ ਸਿੱਖੀ ਸਿਦਕ ਪਲਦਾ ਰਿਹਾ। ਕਰਮ ਸਿੰਘ ਦਾ ਨਾਂ ਵੀ ਕਲਾਸੀਕਲ ਗਾਇਨ ਵਿਚ ਬਹੁਤ ਉੱਚਾ ਰਿਹਾ ਹੈ।

ਆਉ, ਹੁਣ ਅਸੀਂ ਸਿੱਖੀ ਦੇ ਇਸ ਮਹਾਨ ਘਰਾਣੇ ਦੇ ਬੜ੍ਹ ਵੱਲ ਵੀ ਇਕ ਸਰਸਰੀ ਜਿਹੀ ਨਜ਼ਰ ਮਾਰ ਚੱਲੀਏ :

ਰਤਨ ਸਿੰਘ

↓

ਵਜ਼ੀਰ ਸਿੰਘ ਹਮੀਰ ਸਿੰਘ (ਜੌੜੇ ਭਰਾ) ਤੇ ਸੁਧ ਸਿੰਘ

↓

ਸੁਹੇਲ ਸਿੰਘ

↓

ਠਾਕਰ ਸਿੰਘ - ਪੰਡਿਤ ਤਾਰਾ ਸਿੰਘ

↓

ਕਰਮ ਸਿੰਘ ਚੱਕਰਵਰਤੀ

ਇਨ੍ਹਾਂ ਵਿੱਚੋਂ ਵਜ਼ੀਰ ਸਿੰਘ ਢੱਡ ਸਾਨਗੀ ਬਹੁਤ ਵਧੀਆ ਵਜਾਉਂਦਾ ਸੀ ਅਤੇ ਗਾਉਂਦਾ ਵੀ ਬਹੁਤ ਸੁਹਣਾ ਸੀ। ਉਨ੍ਹਾਂ ਜੌੜੇ ਭਰਾਵਾਂ ਦੀ ਸਾਨਗੀ ਅਜੇ ਵੀ ਉਨ੍ਹਾਂ ਦੇ ਪਿੰਡ ਬਾਲੇ ਕੀ ਪਈ ਹੋਈ ਹੈ ਜਿਸ ਨੂੰ ਕਈ ਲੋਕ ਵੇਖਣ ਆਉਂਦੇ ਹਨ।

ਪੰਡਿਤ ਤਾਰਾ ਸਿੰਘ ਬਹੁਤ ਉੱਚੇ ਪੱਧਰ ਦੇ ਬੁਲਾਰੇ ਸਨ ਜਿਨ੍ਹਾਂ ਦੀ ਵਿਦਵਤਾ ਅਤੇ ਪੰਡਿਤਾਈ 'ਤੇ ਰਾਮਗੜ੍ਹੀਆ ਬਰਾਦਰੀ ਸਦਾ ਨਾਜ਼ ਕਰਦੀ ਪਰ ਚੱਕਰਵਰਤੀ ਦੀ ਵਡਿਆਈ ਨੂੰ ਤਾਂ ਬੜੇ ਗ਼ੁਲਾਮ ਅਲੀ ਖ਼ਾਂ ਦੇ ਪਿਤਾ ਉਸਤਾਦ ਅਲੀ ਬਖ਼ਸ਼ ਅਤੇ ਉਸ ਦੇ ਚਾਚੇ ਉਸਤਾਦ ਕਾਲੇ ਖ਼ਾਂ ਨੇ ਵੀ ਮੰਨਿਆ।

ਇਕ ਵਾਰੀ ਦੀ ਗੱਲ ਹੈ ਜਦੋਂ ਕਸੂਰ ਦਾ ਇਹ ਮਹਾਨ ਉਸਤਾਦ ਅਲੀ ਬਖ਼ਸ਼ ਜੰਮੂ ਵਿਖੇ ਨੌਕਰ ਸੀ, ਉਦੋਂ ਚੱਕਰਵਰਤੀ ਨੂੰ ਖ਼ਬਤ ਕੁੱਦਿਆ ਕਿ ਉਹ ਉਸ ਨੂੰ ਕੁਝ ਸੁਣਾ ਕੇ ਆਵੇ। ਉਹ ਉਥੇ ਪੁੱਜ ਗਿਆ ਅਤੇ ਸਿੱਧਾ ਉਸ ਦੇ ਚੁਬਾਰੇ ਵੱਲ ਨੂੰ ਰੁਖ਼ ਕੀਤਾ। ਨਜ਼ਰ ਵਜੋਂ ਦੋ ਸੌ ਦਮੜੇ ਅਤੇ ਕੁਝ ਮਠਿਆਈ ਲੈਚੀਆਂ ਆਦਿ ਜਾ ਅੱਗੇ ਧਰੇ।

"ਤੁਹਾਡੇ ਵਰਗੇ ਗਵੱਈਆਂ ਸਾਮ੍ਹਣੇ ਕੁਝ ਗਾਉਣਾ ਸਾਡੀ ਬੇਵਕੂਫ਼ੀ ਹੈ ਪਰ ਫਿਰ ਵੀ ਇਹ ਕੁਝ ਭੇਂਟ ਹੈ।"

"ਅਸੀਂ ਤਾਂ ਭਈ ਤੇਰੀ ਅੱਗੇ ਹੀ ਹੁਸੈਨੀ ਟਿੱਬੀ ਵਾਲੀ ਦੇ ਭਰਾ ਫ਼ੀਰੋਜ਼ ਨਜ਼ਾਮੀ ਤੋਂ ਬਹੁਤ ਤਾਰੀਫ਼ ਸੁਣ ਚੁੱਕੇ ਹਾਂ, ਇਹ ਬੜਾ ਅੱਛਾ ਹੋਇਆ ਕਿ ਤੂੰ ਸਾਡੇ ਪਾਸ ਆਪ ਹੀ ਆ ਗਿਉਂ।"

"ਬਸ ਜੀ ਇਕ ਦੁਆਈ ਵਿਚ ਕੁਝ ਕੇਸਰ ਪਾਉਣ ਦੀ ਲੋੜ ਸੀ, ਉਹ ਲੈਣ ਆਇਆ ਸਾਂ। ਸੋਚਿਆ, ਖ਼ਾਂ ਸਾਹਿਬ ਨੂੰ ਵੀ ਕੁਝ ਸੁਣਾ ਚੱਲੀਏ।"

"ਐਨੀ ਹਲੀਮੀ ਭਈ ਤੈਨੂੰ ਬਹੁਤ ਦੂਰ ਲੈ ਜਾਏਗੀ। ਅੱਛਾ ਸੁਣਾ ਫਿਰ ਕੁਝ।"

ਇਸ ਉੱਤੇ ਉਸ ਨੇ ਮਨਮਾਦ ਸਾਰੰਗ ਸ਼ੁਰੂ ਕੀਤਾ, ਬਸ ਸੁਆਦ ਹੀ ਕਰ ਦਿੱਤਾ। ਉਸ ਸਮੇਂ ਸੁਲਤਾਨਪੁਰ ਲੋਧੀ ਵਾਲਾ ਅਮੀਰ ਚੰਦ ਵੀ ਉਥੇ ਨੌਕਰ ਸੀ। ਉਸ ਦੇ ਵਾਜੇ ਦੇ ਸਾਥ ਨੇ ਹੋਰ ਵੀ ਰੰਗ ਬੰਨ੍ਹ ਦਿੱਤਾ। ਗਾਣਾ ਖ਼ਤਮ ਹੋਣ 'ਤੇਂ ਮਹਾਨ ਉਸਤਾਦ ਨੇ ਉਸ ਨੂੰ ਕਿਹਾ,

"ਬਹੁਤ ਦੂਰ ਪੁੱਜ ਚੁੱਕੇ ਹੋ।"

ਹੋਣਹਾਰ ਗਵੱਈਏ ਨੇ ਤੱਤੇ ਤੱਤੇ ਘਾਹ ਇਹ ਵੀ ਵਾਜਬ ਸਮਝਿਆ ਕਿ ਲੱਗਦੇ ਹੱਥ ਉਸਤਾਦ ਕਾਲੇ ਖ਼ਾਂ ਨੂੰ ਵੀ ਕੁਝ ਸੁਣਾ ਆਵੇ। ਉਹ ਉਦੋਂ ਲਾਹੌਰ ਸੀ। ਚੱਕਰਵਰਤੀ ਉਥੇ ਪੁੱਜ ਗਿਆ। ਨਜ਼ਰ ਨਿਆਜ਼ ਰੱਖੀ।

"ਬੇਟੇ ਹਮ ਸਮਝੇ ਨਹੀਂ ਆਪ ਕੌਨ ਹੋ?"

"ਮੇਰਾ ਨਾਂ ਕਰਮ ਸਿੰਘ ਹੈ ਜੀ, ਚੱਕਰਵਰਤੀ।"

"ਤੋ ਆਪ ਮੀਆਂ ਜਾਨ ਖ਼ਾਂ ਕੇ ਸ਼ਾਗਿਰਦ ਹੋ?"

"ਹਾਂ ਜੀ!"

"ਅੱਛਾ ਅੱਛਾ! ਆਓ ਬੇਟਾ ਕੈਸੇ ਆਨਾ ਹੁਆ? ਸੁਨਾਓ ਠੀਕ ਠਾਕ ਤੋ ਹੋ? ਅਬ ਮੁਝੇ ਯਾਦ ਆ ਗਿਆ ਏਕ ਦਫ਼ਾ ਹਮ ਜ਼ੇਬੁਲਨਿਸਾ 'ਜ਼ੇਬੀ' ਕੇ ਚੁਬਾਰੇ ਮੇਂ ਮਿਲੇ ਥੇ।"

"ਬਸ ਜੀ ਬਸ, ਉਥੇ ਤੁਹਾਡਾ ਹੁੱਕਾ ਮੈਂ ਹੀ ਭਰਿਆ ਸੀ ਅਤੇ ਲੱਸੀ ਦਾ ਛੰਨਾ ਵੀ ਮੈਂ ਹੀ ਲਿਆਂਦਾ ਸੀ।"

 www.sikhbookclub.com

ਉਸ ਮਹਾਨ ਉਸਤਾਦ ਦੇ ਸਾਮ੍ਹਣੇ ਉਸ ਨੇ ਫਿਰ ਭੀਮ ਗਾਈ। ਕਿਉਂਕਿ ਇਕ ਤਾਂ ਇਹ ਰਾਗਨੀ ਸੋਚਣ ਸਮਝਣ ਵਾਲੀ ਸੀ, ਦੂਜੇ ਕਾਬੂ ਛੇਤੀ ਆ ਸਕਦੀ ਸੀ। ਉਸ ਨੇ ਆਪਣਾ ਤੰਬੂਰਾ ਕੰਨ ਨਾਲ ਲਾਇਆ, ਸੁਰ ਕੀਤਾ ਅਤੇ ਭੀਮ ਇਕੱਠੀ ਕਰ ਦਿੱਤੀ :

*ਵਿਗਨ ਹਰਨੀ ਦੁਰਗੇ ਭਵਾਨੀ,*
*ਨਿਸ ਦਿਨ ਸੰਕਟ ਹਰਨੀ ਦੁਰਗੇ।*

ਉਸ ਚੀਜ਼ ਦੇ ਇਹ ਬੋਲ ਸਨ।

ਜਦੋਂ ਵੀ ਉਹ ਸੁਰਾਂ ਨੂੰ ਜ਼ਿਆਦਾ ਝੁਲਾਉਂਦਾ ਤਾਂ ਕਾਲੇ ਖ਼ਾਂ ਵੀ ਨਾਲ ਹੀ ਝੂਮਦਾ ਸੀ।

"ਉਹ ਭਈ, ਉਸਤਾਦ ਤੋਂ ਵੀ ਲੰਘ ਗਿਆ ਏਂ, ਉਹ ਤਾਂ ਐਨਾ ਅਲਾਪ ਨਹੀਂ ਸੀ ਕਰਦਾ।"

"ਨਾ ਜੀ ਇਹੀ ਕੁਝ ਤੁਹਾਡੇ ਕਦਮਾਂ ਵਿਚ ਪੇਸ਼ ਹੈ।"

"ਨਾ ਬੇਟਾ, ਸਾਰੇ ਦਿਨ ਵਿਚ ਸਾਨੂੰ ਨਾ ਕੋਈ ਇਹੋ ਜਿਹੀ ਚੀਜ਼ ਲੱਭੀ ਹੈ ਨਾ ਲੱਭੇਗੀ। ਇਸ ਲਈ ਇਹ ਤਾਂ ਸਾਨੂੰ ਲਿਖਵਾ ਜਾ।"

ਉਸ ਨੇ ਇਹ ਚੀਜ਼ ਉਸ ਨੂੰ ਲਿਖਵਾ ਦਿੱਤੀ, ਪਰ ਉਸ ਮਹਾਨ ਉਸਤਾਦ ਕੋਲੋਂ ਵੀ ਪੱਕੇ ਦੀ ਇਹ ਚੀਜ਼ ਮੰਗ ਲਿਆਂਦੀ ਸੀ :

*ਤੂੰ ਪ੍ਰਭ ਕੋ ਸਿਮਰ ਨਾਮ,*
*ਨਿਸਦਿਨ ਮਨ ਮੇਂ ਪਿਆਰੇ।*
*ਜੀਵਨ ਕੀ ਨਾਵ ਤੇਰੀ,*
*ਜਾ ਰਹੀ ਭਵ ਸਾਗਰ ਮੇਂ,*
*ਅਤਿ ਦੁਸ਼ ਕਰ ਤੁਵਰ ਚੱਕਰ,*
*ਖੇਵਟ ਮਤਵਾਰੀ - ਤੂੰ ਪ੍ਰਭ।*

ਇਸ ਮਹਾਨ ਕਲਾਕਾਰ ਦਾ ਜਨਮ ਨਕੋਦਰ ਦੇ ਲਾਗੇ ਇਕ ਪਿੰਡ ਬਾਲੋਕੀ ਵਿਖੇ 1903 ਈ. ਵਿਚ ਹੋਇਆ। ਮੇਰੇ ਪਾਠਕ ਬਾਬਾ ਸੁੱਖਾ ਸਿੰਘ ਦੇ ਖ਼ਾਨਦਾਨ ਦੇ ਪੀੜ੍ਹੀਦਾਰਾਂ ਨੂੰ ਸ਼ਾਇਦ ਮਾਝੇ ਦੇ ਉਸ ਮਹਾਨ ਪਿੰਡ ਮਾੜੀ ਕੰਬੋਕੀ ਵਿਖੇ ਹੀ ਵੇਖ ਕੇ ਵਧੇਰੇ ਪ੍ਰਸੰਨਤਾ ਪ੍ਰਤੀਤ ਕਰਨ, ਪਰ ਨਹੀਂ, ਇਹ ਮਹਾਨ ਘਰਾਣਾ ਤਾਂ ਉਨ੍ਹਾਂ ਭੀੜ ਦੇ ਦਿਨਾਂ ਵਿਚ ਹੀ ਉਹ ਪਿੰਡ ਛੱਡ ਕੇ ਮੰਜਕੀ ਦੇ ਇਸ ਪਿੰਡ ਆ ਵੱਸਿਆ ਸੀ।

ਕਰਮ ਸਿੰਘ ਨੂੰ ਰਾਗਦਾਰੀ ਤਾਂ ਥੋੜ੍ਹੀ ਬਹੁਤ ਵਿਰਸੇ ਵਿੱਚੋਂ ਹੀ ਮਿਲੀ ਸੀ ਪਰ ਉਸ ਦਾ ਨਾਨਕਾ ਪਿੰਡ ਮੂਲੇਵਾਲ ਖੈਰਾ ਨੇ ਉਸਦੀ ਰੁਚੀ ਨੂੰ ਉਜਾਗਰ ਕਰਨ ਵਿਚ ਹੋਰ ਵੀ ਮਦਦ ਦਿੱਤੀ। ਓਥੇ ਕੁਝ ਕੁ ਮਿਰਾਸੀਆਂ ਦੇ ਪਾੜ੍ਹੇ ਮੁੰਡੇ ਸਨ, ਜਿਹੜੇ ਬਹੁਤ ਹੀ ਸੋਹਣਾ ਗਾਉਂਦੇ ਸਨ, ਉਨ੍ਹਾਂ ਦੇ ਗਲੇ ਨੂੰ ਵੇਖ ਸੁਣ ਕੇ ਉਸਦਾ ਸ਼ੌਕ ਇਸ ਪਾਸੇ ਵੱਲ ਹੋਰ ਵੀ ਜਾਗਿਆ। ਏਸ ਕੰਮ ਦੀ ਪੂਰਤੀ ਲਈ ਉਸ ਨੇ ਫਿਰ ਭਾਈ ਪ੍ਰਤਾਪ ਸਿੰਘ ਭਾਈਕੇ, ਧਰਮਕੋਟ ਨੂੰ ਆਪਣਾ ਗੁਰੂ ਧਾਰਨ ਕਰ ਲਿਆ। ਉਥੋਂ ਉਸ ਨੂੰ ਅਤਿਅੰਤ ਚੀਜ਼ਾਂ ਮਿਲੀਆਂ, ਪਰ ਸਹੀ ਮੰਜ਼ਲ ਅਜੇ ਦੁਰਾਡੇ ਸੀ, ਮਨ ਦੀ ਤ੍ਰਿਸ਼ਨਾ ਅਜੇ ਪੂਰੀ ਨਹੀਂ ਸੀ ਹੋਈ। ਉਸਦੇ ਮਾਪੇ ਤਾਂ ਉਸ ਨੂੰ ਲੱਭਣ ਵਿਚ ਰੁਝੇ ਹੋਏ ਸਨ,

ਪਰ ਉਹ ਇਲਮ ਦੀ ਤਲਾਸ਼ ਵਿਚ ਪਟਿਆਲੇ ਜਾ ਚੁੱਕਾ ਸੀ। ਉਚੇਚਾ ਇਹ ਜਾਣ ਕੇ, ਕਿ ਉਸਤਾਦ ਮੀਆਂ ਜਾਨ ਖ਼ਾਂ ਉਸ ਵੇਲੇ ਉਥੇ ਸਨ।

ਉਸ ਮਹਾਨ ਉਸਤਾਦ ਦੀ ਸ਼ਾਗਿਰਦੀ ਪ੍ਰਾਪਤ ਕਰਨੀ ਵੀ ਕਿਹੜੀ ਸੌਖੀ ਗੱਲ ਸੀ। ਸੋ ਇਹ ਗੋਭਵਾਨ ਕੁਝ ਦਿਨ ਉਥੋਂ ਦੇ ਗੁਰਦੁਆਰਾ ਧਮਧਾਣ ਸਾਹਿਬ ਵਿਖੇ ਆਸਾ ਦੀ ਵਾਰ ਲਾਉਣ ਲੱਗ ਪਿਆ। ਰੱਬ ਨੇ ਉਸ ਨੂੰ ਗਲਾ ਤਾਂ ਪਿਆਰਾ ਦਿੱਤਾ ਹੀ ਸੀ, ਸ਼ਹਿਰ ਵਿਚ ਛੇਤੀ ਹੀ ਲੋਕ ਉਸ ਦੀਆਂ ਗੱਲਾਂ ਕਰਨ ਲੱਗ ਪਏ। ਕੁਝ ਦਿਨਾਂ ਬਾਦ ਹੀ ਉਹ ਫਿਰ ਮੀਆਂ ਜਾਨ ਖ਼ਾਂ ਕੋਲ ਜਾ ਗੱਜਿਆ।

ਉਸ ਵੇਲੇ ਉਸਦੀ ਉਮਰ 14 ਸਾਲ ਦੀ ਸੀ। ਕਿਉਂਕਿ ਰੱਬ ਨੇ ਉਸ ਨੂੰ ਕੋਈ ਵੀ ਧੀ ਪੁੱਤ ਨਹੀਂ ਸੀ ਬਖ਼ਸ਼ਿਆ ਹੋਇਆ, ਇਸ ਲਈ ਉਸਤਾਦ ਨੇ ਉਸ ਨੂੰ ਆਪਣੇ ਪੁੱਤ ਵਾਂਗਰ ਪਾਲਿਆ। ਰੱਬ ਵਲੋਂ ਵੀ ਉਹ ਸਾਈਂ ਲੋਕ ਸੀ, ਇਸ ਲਈ ਵੀ ਉਸ ਨੇ ਇਸ ਤੋਂ ਕੁਝ ਨਾ ਛੁਪਾ ਕੇ ਰੱਖਿਆ ਅਤੇ ਸਾਰਾ ਇਲਮ ਆਪਣੇ ਸ਼ਾਗਿਰਦ ਨੂੰ ਦੇ ਦਿੱਤਾ, ਪਰ ਪੂਰੇ ਸੱਤ ਸਾਲ ਲੱਗ ਗਏ।

ਉਸਤਾਦ ਮੀਆਂ ਜਾਨ ਖ਼ਾਂ ਦੀ ਇਹ ਵਿਸ਼ੇਸ਼ਤਾ ਕਦੇ ਵੀ ਨਹੀਂ ਭੁੱਲਣੀ ਚਾਹੀਦੀ ਕਿ ਉਹ ਸਾਰੀ ਉਮਰ ਪਟਿਆਲਾ ਘਰਾਣੇ ਦੇ ਮੋਢੀ ਖ਼ਿਆਲ ਗਾਇਕ ਉਸਤਾਦ ਅਲੀ ਬਖ਼ਸ਼ ਖ਼ਾਂ ਜਰਨੈਲ ਸਾਹਿਬ ਨਾਲ ਲੱਗਦਾ ਰਿਹਾ ਸੀ ਅਤੇ ਉਸਤਾਦ ਕਾਲੇ ਖ਼ਾਂ ਕਸੂਰੀ ਨਾਲ ਵੀ ਆਢੇ ਟੱਕਰਾਂ ਲੈਂਦਾ ਰਿਹਾ ਸੀ। ਜਰਨੈਲ ਸਾਹਿਬ ਦੇ ਮੁਕਾਬਲੇ ਲਈ ਤਾਂ ਉਹ ਮਰਦੇ ਦਮ ਤਕ ਵੀ ਤਿਆਰ ਰਿਹਾ ਸੀ।

ਇਨ੍ਹਾਂ ਮੁਕਾਬਲਿਆਂ ਦੀ ਭਾਵਨਾ ਉਨ੍ਹਾਂ ਉਸਤਾਦਾਂ ਦੀ ਮੌਤ ਨਾਲ ਵੀ ਖ਼ਤਮ ਨਾ ਹੋਈ।

ਮੀਆਂ ਜਾਨ ਖ਼ਾਂ ਨੇ ਚੱਕਰਵਰਤੀ ਨੂੰ ਵੀ ਚੰਗੀ ਤਰ੍ਹਾਂ ਦੱਸ ਦਿੱਤਾ ਸੀ, ਪੱਕਿਆਂ ਕਰ ਦਿੱਤਾ ਸੀ, ਕਿ ਜਦ ਵੀ ਉਸਦੇ ਅੱਗੇ ਅਖ਼ਤਰ ਹੁਸੈਨ ਖ਼ਾਂ (ਜਰਨੈਲ ਸਾਹਿਬ ਦਾ ਲੜਕਾ) ਜਾਂ ਆਸ਼ਕ ਅਲੀ ਖ਼ਾਂ (ਸਪੁੱਤਰ ਕਰਨੈਲ ਸਾਹਿਬ) ਹੋਰੀਂ ਔਖੇ ਹੋਣ ਜਾਂ ਅੜਨ ਤਾਂ ਉਨ੍ਹਾਂ ਦੇ ਡੱਕਣ ਵਾਸਤੇ ਇਹ ਦੋ ਚੀਜ਼ਾਂ ਹਨ, ਜਿਨ੍ਹਾਂ ਨੂੰ ਕਸਤੂਰੀਆਂ, ਨਾਗਮਣੀਆਂ ਨਾਲੋਂ ਵੀ ਵਧੇਰੇ ਲੁਕੋ ਕੇ, ਸਾਂਭ ਕੇ ਰੱਖਣਾ। ਉਸ ਨੇ ਉਸ ਨੂੰ ਸਵੇਰ ਲਈ ਦੇਵ ਗੰਧਾਰ, ਦੁਪਹਿਰ ਲਈ ਲੰਕ ਦਹਿਨ ਸਾਰੰਗ ਜਾਂ ਲੰਕ ਦਹਿਨ ਮਲ੍ਹਾਰ ਅਤੇ ਸ਼ਾਮ ਲਈ ਗੋਰਖੀ ਦੱਸੀ ਹੋਈ ਸੀ।

ਸੋ ਇਕ ਦਿਨ, ਠੀਕ ਇਹ ਹੀ ਗੱਲ ਹੋਈ, ਪਟਿਆਲਾ ਘਰਾਣੇ ਦੇ ਇਨ੍ਹਾਂ ਦੋਹਾਂ ਮਹਾਨ ਕਲਾਕਾਰਾਂ ਦੇ ਆਪਸ ਵਿਚ ਸਿੰਗ ਫਸ ਹੀ ਗਏ।

ਗੱਲ ਇਹ ਸੀ ਕਿ ਰਾਵਲਪਿੰਡੀ ਦੀ ਇਕ ਪ੍ਰਸਿੱਧ ਗਾਇਕਾ ਸਰਦਾਰਾਂ (ਸਰਦਾਰ ਬੇਗਮ) ਕਈ ਤਰ੍ਹਾਂ ਦੀਆਂ ਨਜ਼ਰਾਂ ਨਿਆਜ਼ਾਂ ਰੱਖ ਕੇ ਕਰਮ ਸਿੰਘ ਕੋਲੋਂ ਸਾਰਾ ਇਲਮ ਲੈਣ ਦੇ ਦਾਈਏ ਲਾਈ ਬੈਠੀ ਸੀ। ਸੁਨਹਿਰੀ ਦਿਲ ਅਤੇ ਰੰਗੀਲੀ ਤਬੀਅਤ ਦਾ ਇਹ ਗਾਇਕ ਉਸ ਕੋਲੋਂ ਕੋਈ ਵੀ ਚੀਜ਼ ਛੁਪਾ ਕੇ ਨਹੀਂ ਸੀ ਰੱਖਦਾ। ਪਰ ਇਸ ਗੱਲ ਦਾ ਉਥੋਂ ਦੇ ਕੁਝ ਕੁ ਮੁਸਲਮਾਨ ਕਲਾਕਾਰਾਂ ਨੂੰ ਬਹੁਤ ਸਾੜਾ ਸੀ। ਇਕ ਦਿਨ ਐਸਾ ਸਬੱਬ ਬਣ ਗਿਆ ਕਿ ਕਿਸੇ ਪਾਸਿਉਂ ਆਸ਼ਕ ਅਲੀ ਖ਼ਾਂ ਫਿਰਦਾ ਫਿਰਾਉਂਦਾ ਰਾਵਲਪਿੰਡੀ ਚਲਾ ਗਿਆ। ਕਈ ਬੰਦੇ ਤਾਂ ਅੱਗੇ ਹੀ ਉਸਦੀ ਉਡੀਕ ਵਿਚ ਸਨ

ਕਿ ਕਿਸੇ ਤਰ੍ਹਾਂ ਉਹ ਆਵੇ ਤਾਂ ਜੋ ਅਸੀਂ ਇਸ ਸਰਦਾਰ ਨਾਲ ਉਸਦਾ ਮੁਕਾਬਲਾ ਕਰਵਾਈਏ। ਅੱਜ ਤਾਂ ਜਾਣੋ ਉਨ੍ਹਾਂ ਦੀ ਰੱਬ ਨੇ ਲਾਗਿਉਂ ਹੋ ਕੇ ਸੁਣੀ।

ਸਾਰੀ ਸ਼ਰਾਰਤ ਦਾ ਮੁੱਢ ਨਬੀ ਬਖ਼ਸ਼ ਕਾਲਰੀਆ ਨੇ ਬੰਨ੍ਹਿਆ। ਉਸ ਨੇ ਆਪਣੇ ਚੁਬਾਰੇ ਲਾਗਿਉਂ ਫ਼ੀਰੋਜ਼ਨਿਸ਼ੀ ਵਾਲੇ ਤਬਲੀਏ ਅਤੇ ਹੁਸੈਨ ਸਾਰੰਗੀਏ ਨੂੰ ਵੀ ਸੱਦ ਕੇ ਲਿਆ ਬਿਠਾਇਆ। ਇਨ੍ਹਾਂ ਸਾਰਿਆਂ ਰਲ ਮਿਲ ਕੇ ਉਸਦੇ ਕੰਨਾਂ ਵਿਚ ਇਹ ਚੰਗੀ ਤਰ੍ਹਾਂ ਭਰ ਦਿੱਤਾ ਸੀ:

"ਵੇਖੋ ਖ਼ਾਂ ਸਾਹਿਬ, ਤੁਹਾਡੇ ਹੁੰਦਿਆਂ ਸੁੰਦਿਆਂ ਇਹ ਕਰਮ ਸਿੰਘ ਸਰਦਾਰ ਬੇਗਮ ਨੂੰ ਕਿਉਂ ਦੱਸਦਾ ਹੈ ? ਪਟਿਆਲਾ ਘਰਾਣੇ ਦਾ ਇਹ ਖ਼ਲੀਫ਼ਾ ਬਣੀ ਫਿਰਦਾ ਹੈ, ਪਰ ਵੇਖੋ ਇਹਨੂੰ ਆਉਂਦਾ ਹੀ ਕੀ ਹੈ ?"

ਇਹ ਗੱਲਾਂ ਕਰ ਕਰਵਾ ਕੇ ਨੱਬੋ (ਨਬੀ ਬਖ਼ਸ਼) ਨੇ ਕਰਮ ਸਿੰਘ ਦੇ ਚੁਬਾਰੇ ਵੱਲ ਨੂੰ ਰੁਖ਼ ਕੀਤਾ। ਉਥੇ ਪੁੱਜ ਕੇ ਉਹ ਇਸ ਨੂੰ ਕਹਿਣ ਲੱਗਾ,

"ਪੰਡਿਤ ਜੀ, ਤੁਹਾਨੂੰ ਆਸ਼ਕ ਅਲੀ ਖ਼ਾਂ ਸੱਦਦਾ ਹੈ।"

ਉਸ ਨੂੰ ਆਸ਼ਕ ਅਲੀ ਖ਼ਾਂ ਬਾਰੇ ਚੰਗੀ ਤਰ੍ਹਾਂ ਪਤਾ ਸੀ ਕਿ ਉਹ ਕਿਹੜੀ ਚੀਜ਼ ਦਾ ਆਦੀ ਹੈ। ਉਥੋਂ ਦੇ ਇਕ ਬਾਜ਼ਾਰ ਵਿਚ ਖ਼ੁਦਾ ਬਖ਼ਸ਼ ਦੁਕਾਨਦਾਰ ਸੀ ਜਿਹੜਾ ਚੋਹੂ ਬਣਾਉਂਦਾ ਸੀ। ਉਥੋਂ ਇਕ ਗੋਲਾ ਲੈ ਕੇ ਕੁਝ ਕੁ ਲੈਚੀਆਂ ਸਮੇਤ ਉਸ ਨੇ ਆਪਣੀ ਜੇਬ ਵਿਚ ਪਾ ਲਿਆ। ਨੱਬੋ ਦੇ ਚੁਬਾਰੇ ਪੁੱਜ ਕੇ ਉਸ ਨੇ ਖ਼ਾਂ ਸਾਹਿਬ ਅੱਗੇ ਜਾ ਨਜ਼ਰ ਰੱਖੀ। ਉਸਤਾਦ ਨੇ ਅਸ਼ੀਰਵਾਦ ਦਿੱਤੀ।

'ਇਲਮ ਦੌਲਤ ਜ਼ਿਆਦਾ।'

ਉਸ ਤੋਂ ਬਾਅਦ ਇਹ ਦੋਵੇਂ ਗੱਲਾਂ ਵਿਚ ਜੁੱਟ ਗਏ,

"ਓ ਭਈ ਇਹ ਕਰਮ ਸਿੰਘ ਵੀ ਸਾਡਾ ਪਟਿਆਲੇ ਦਾ ਸ਼ਾਗਿਰਦ ਹੈ; ਕਈ ਗੱਲਾਂ ਇਹ ਸਾਥੋਂ ਹੀ ਪੁੱਛਦਾ ਅਤੇ ਸਮਝਦਾ ਹੈ।"

"ਨਾ ਜੀ ਨਾ ਹਰਗਿਜ਼ ਨਹੀਂ, ਮੇਰੇ ਉਸਤਾਦ ਤਾਂ ਮੀਆਂ ਜਾਨ ਖ਼ਾਂ ਸਨ ਅਤੇ ਜਾਂ ਫ਼ਿਰ ਭਾਈ ਪ੍ਰਤਾਪ ਸਿੰਘ, ਬਸ ਹੋਰ ਕੋਈ ਨਹੀਂ।"

"ਕੋਈ ਨਹੀਂ ਭਈ ਮੀਆਂ ਜਾਨ ਵੀ ਸਾਡੇ ਅੱਬਾ ਦੇ ਤਾਏ ਚਾਚੇ ਦਾ ਪੁੱਤ ਭਰਾ ਹੀ ਸੀ ਨਾ। ਏਕ ਹੀ ਬਾਤ ਹੈ ਨਾ।"

ਇਹ ਤਾਂ ਅਜੇ ਇਹੋ ਜਿਹੀਆਂ ਗੱਲਾਂ ਹੀ ਕਰਦੇ ਸਨ ਜਦ ਨੂੰ ਉਥੇ ਬੈਠੇ ਸਾਰੰਗੀਏ ਨੇ ਹੁੱਕੇ ਵਿਚਲੇ ਪਾਏ ਹੋਏ ਉਸ ਗੋਲੇ ਦੇ ਸਾਰੇ ਸੂਟੇ ਖਿੱਚ ਲਏ। ਜਦੋਂ ਆਸ਼ਕ ਅਲੀ ਦੀ ਵਾਰੀ ਆਈ, ਉਦੋਂ ਚਿਲਮ ਵਿਚ ਸੁਆਹ ਤੋਂ ਛੁੱਟ ਕੁਝ ਹੋਰ ਨਹੀਂ ਸੀ ਰਹਿ ਗਿਆ। ਉਹ ਵਿਚਾਰਾ ਗੁੱਸੇ ਨਾਲ ਭਰਿਆ ਪੀਤਾ ਉਨ੍ਹਾਂ ਨੂੰ ਗਾਲ੍ਹਾਂ ਕੱਢਣ ਲੱਗ ਪਿਆ:

"ਹਰਾਮਜ਼ਾਦੇ ਇਥੇ ਲਿਆ ਕੇ ਤੁਸੀਂ ਮੈਨੂੰ ਖ਼ਰਾਬ ਕੀਤਾ। ਛੇਤੀ ਲਿਆਓ ਮੇਰੀ ਚੀਜ਼।"

ਇਹ ਗੱਲ ਕਹਿੰਦਿਆਂ ਹੀ ਕਰਮ ਸਿੰਘ ਨੇ ਉਸ ਮਾਵੇ ਦੀ ਉਹ ਗੋਲੀ, ਚਿਲਮ ਵਿਚ ਧਰ ਦਿੱਤੀ। ਖ਼ਾਂ ਸਾਹਿਬ ਬੋਲਿਆ:

 www.sikhbookclub.com

"ਫਿਰ ਵੀ ਪਟਿਆਲਾ ਘਰਾਣੇ ਦਾ ਗਾਇਕ ਹੈ, ਮੇਰੀ ਜ਼ਰੂਰਤ ਨੂੰ ਅੱਛੀ ਤਰ੍ਹਾਂ ਸਮਝਦਾ ਹੈ।"

ਖ਼ੈਰ, ਇਹ ਦੋਵੇਂ ਤਾਂ ਭਾਵੇਂ ਅਜੇ ਸੁਲ੍ਹਾ ਵੱਲ ਦੇ ਪਾਸੇ ਨੂੰ ਆ ਰਹੇ ਸਨ, ਪਰ ਨੱਥੋ ਹੋਰਾਂ ਦਾ ਮਕਸਦ ਕੁਝ ਹੋਰ ਸੀ। ਉਨ੍ਹਾਂ ਨੇ ਕੁਝ ਕੁੰਡਲਦਾਰ ਗੱਲਾਂ ਕਰ ਕਰਵਾ ਕੇ ਇਨ੍ਹਾਂ ਦੋਹਾਂ ਦਾ ਮੁਕਾਬਲਾ ਕਰਵਾ ਦਿੱਤਾ। ਉਂਜ ਇਹ ਸਾਰੀ ਖਿੱਚੋਤਾਣ, ਸਾਰੀ ਰੱਸਾਕਸ਼ੀ, ਸਰਦਾਰ ਬੇਗਮ ਦੀ ਸ਼ਾਗਿਰਦੀ ਕਰਕੇ ਸੀ। ਖ਼ਾਂ ਸਾਹਿਬ ਨੇ ਪਸ਼ਤੋ ਵਿਚ 'ਵਫ਼ਾਦਾਰ ਨਾ ਕੈਮੋ ਜ਼ਾਲਮ ਜ਼ਮਾਨੋ' ਸੁਣਾਇਆ। ਉਸ ਨਾਲ ਸੰਗਤ ਕਰ ਰਹੇ ਸਾਰੰਗੀਏ ਹੁਸੈਨੋ ਨੇ ਦੋ ਤਿੰਨ ਤਾਨਾਂ ਵਿਚ ਐਸੀਆਂ ਲਈਆਂ ਜਿਹੜੀਆਂ ਕੁਝ ਟੇਢੀਆਂ ਸਨ ਅਤੇ ਅੱਖੀਆਂ ਨਾਲ ਕਿਹਾ ਸੀ:

"ਉਸਤਾਦ ਜੀ, ਆਓ ਤਾਂ ਹੁਣ ਮਗਰ।"

ਪਰ ਉਸ ਕੋਲੋਂ ਮਗਰ ਨਹੀਂ ਸੀ ਅਪੜਿਆ ਗਿਆ। ਉਸ ਦਿਨ ਸ਼ਾਇਦ ਉਸ ਨੇ ਵਧੇਰੇ ਨਸ਼ੇ ਕੀਤੇ ਹੋਏ ਸਨ।

ਉਸਦੇ ਜਵਾਬ ਵਿਚ ਚੱਕਰਵਰਤੀ ਨੇ ਪਹਿਲਾਂ ਤਾਂ 'ਲੰਕ ਦਹਿਨ' ਸੁਣਾਈ, ਫਿਰ ਲੰਕ ਦਹਿਨ ਮਲ੍ਹਾਰ। ਉਸ ਮਲ੍ਹਾਰ ਦੇ ਬੋਲ ਇਹ ਸਨ:

*ਪ੍ਰਬਲ ਦਲ ਦਲ ਸਾਜ ਝੂਮ ਝੂਮ*
*ਜਾਂ ਝੂਮ ਪਰ ਬਰਸ ਘਨਘੋਰ ਝਰ ਇੰਦਰ ਲਾਈ*
*ਵਰਸਤ ਮੂਸਲ ਧਾਰ, ਹੋਤ ਪਹਿਰ ਚਾਰ*
*ਕ੍ਰਿਸ਼ਨ ਕੰਬਲੀ ਧਾਰ*
*ਗੋਕਲ ਬਚਾਈਓ। ਪ੍ਰਬਲ ਦਲ ਸਾਜ...।*
[ਪ੍ਰਬਲ: ਬਹੁਤ ਸਾਰੇ ਬੱਦਲ]

ਉਸਦੀ ਪਹਿਲੀ ਚੀਜ਼ ਵੇਲੇ ਆਸ਼ਕ ਅਲੀ ਖ਼ਾਂ ਸਾਰਾ ਸਮਾਂ ਆਲਾ-ਦੁਆਲਾ ਹੀ ਵੇਖਦਾ ਰਿਹਾ ਸੀ। ਇਸ ਮਲ੍ਹਾਰ ਨੂੰ ਸੁਣ ਕੇ ਤਾਂ ਉਹ ਹੋਰ ਵੀ ਹੈਰਾਨ ਹੋ ਗਿਆ। ਜਦੋਂ ਉਹ 'ਵਰਸਤ ਮੂਸਲ ਧਾਰ ਹੋਤ ਪਹਿਰ ਚਾਰ' ਅੰਤਰੇ 'ਤੇ ਆਉਂਦਾ ਸੀ, ਬਸ ਸੁਆਦ ਹੀ ਕਰ ਦਿੰਦਾ ਸੀ। ਵਿਚ ਵਿਚ ਹੁਸੈਨੇ ਦੇ ਮੂੰਹੋਂ ਨਿਕਲ ਰਹੀ ਵਾਹ ਵਾਹ ਨੇ ਹੋਰਨਾਂ ਸਾਰਿਆਂ ਦੀ ਮਾਂ ਵੀ ਮਾਰ ਦਿੱਤੀ।

ਨੱਥੋ ਦੀਆਂ ਅੱਖਾਂ ਤਾਂ ਅੱਗੇ ਹੀ ਬਾਹਰ ਆ ਗਈਆਂ ਸਨ, ਫਿਰ ਧੌਣ ਵੀ ਗੋਡਿਆਂ ਵਿਚ ਡਿਗ ਪਈ। ਸਰਦਾਰ ਮਾਣ ਨਾਲ ਖ਼ੂਬ ਨਸ਼ਿਆ ਰਿਹਾ ਸੀ। ਮਲ੍ਹਾਰ ਖ਼ਤਮ ਹੋਣ 'ਤੇ ਆਸ਼ਕ ਅਲੀ ਖ਼ਾਂ ਕਹਿਣ ਲੱਗਾ:

"ਸਾਡਾ ਓੜਕ ਕੋਈ ਰੱਬ ਹੈ, ਸਾਡਾ ਦੀਨ ਈਮਾਨ ਕਾਇਮ ਹੈ। ਅਸੀਂ ਦੁੱਧ ਨੂੰ ਦੁੱਧ ਅਤੇ ਪਾਣੀ ਨੂੰ ਪਾਣੀ ਕਹਾਂਗੇ? ਅਸਲੀਅਤ ਇਹ ਹੈ ਇਸ ਵੇਲੇ ਕਰਮ ਸਿੰਘ ਸਾਡੇ ਨਾਲੋਂ ਬਹੁਤ ਉਤੋਂ ਦੀ ਹੈ। ਪਟਿਆਲਾ ਘਰਾਣੇ ਦੇ ਗਾਇਕਾਂ ਵਿੱਚੋਂ ਇਸ ਵੇਲੇ ਇਹਦਾ ਕੋਈ ਮੁਕਾਬਲਾ ਹੀ ਨਹੀਂ।"

ਹਾਂ, ਤੇ ਇਹ ਗੱਲ ਬਿਲਕੁਲ ਸੱਚਾਈ 'ਤੇ ਆਧਾਰਿਤ ਸੀ। ਸੰਗੀਤ ਦੀ ਐਨੀ ਸੂਝ ਸਮਝ ਦੇ ਨਾਲ ਨਾਲ ਸੰਸਕ੍ਰਿਤ ਦੇ ਅਤਿਅੰਤ ਅਧਿਐਨ ਨੇ ਸੋਨੇ 'ਤੇ ਸੁਹਾਗੇ ਦਾ ਕੰਮ ਕਰ ਦਿੱਤਾ ਸੀ। ਭਰਪੂਰ ਵਿਦਵਤਾ ਦੇ ਕਾਰਨ ਹੀ ਉਸਤਾਦ ਲੋਕ ਉਸ ਨੂੰ ਪੰਡਿਤ ਕਹਿੰਦੇ ਹੁੰਦੇ ਸਨ।


www.sikhbookclub.com

ਇਸ ਮਹਾਨ ਕਲਾਕਾਰ ਦਾ ਦੋ ਰਾਗਾਂ, ਅੜਾਨਾ ਬਹਾਰ ਤੇ ਕਮੋਧ 'ਤੇ ਪੂਰਾ ਪੂਰਾ ਪਹਿਰਾ ਸੀ। ਇਕ ਵਾਰੀ ਆਪ ਨਕੋਦਰ ਕਿਸੇ ਦੇ ਚੁਬਾਰੇ ਵਿਚ ਗਾ ਰਹੇ ਸਨ ਕਿ ਪ੍ਰਸਿੱਧ ਸੰਗੀਤ ਰਸੀਆ ਪੰਡਿਤ ਜਮਨਾ ਦਾਸ ਕਹਿਣ ਲੱਗਾ:

"ਏਸ ਤਰ੍ਹਾਂ ਲੱਗ ਰਿਹੈ ਜਿਵੇਂ ਭਾਸਕਰ ਰਾਓ ਗਾ ਰਹੇ ਹੋਣ।"

ਏਸੇ ਤਰ੍ਹਾਂ ਇਕ ਵਾਰੀ ਉਸ ਨੇ ਮਲੇਰਕੋਟਲੇ ਇਕ ਠੇਕੇਦਾਰ ਦੇ ਘਰ ਕਮੋਧ ਗਾਇਆ ਤਾਂ ਰਹਿਮਤ ਖ਼ਾਂ ਕੱਵਾਲ ਦਾ ਪਿਓ ਨਸ਼ਿਆ ਕੇ ਕਹਿੰਦਾ,

"ਹੁਣ ਅਸੀਂ ਸਮਝੇ ਤੁਸੀਂ ਕੀ ਹੋ, ਪਰ ਇਹ ਦੱਸੋ ਤੁਸੀਂ ਇਹ ਚੀਜ਼ ਸਮਝੀ ਕਿਥੋਂ ਹੈ?"

ਉਸਤਾਦ ਮੀਆਂ ਜਾਨ ਖ਼ਾਂ ਦਾ ਨਾਂ ਸੁਣ ਕੇ ਉਹ ਸਾਰੇ 'ਸੁਭਾਨ ਅੱਲ੍ਹਾ ਸੁਭਾਨ ਅੱਲ੍ਹਾ' ਕਰ ਉਠੇ।

ਏਸੇ ਤਰ੍ਹਾਂ ਇਕ ਵਾਰੀ ਇਹ ਦਰਿਆ ਸਿੰਧ ਦੇ ਕੰਢਿਆਂ 'ਤੇ ਸਥਿਤ ਇਕ ਸ਼ਹਿਰ ਲਾੜਕਾਣਾ ਵਿਖੇ ਗਾ ਰਹੇ ਸਨ:

*ਵਜਾਵੇ ਬੰਸਰੀ ਕਾਨ੍ਹਾ ਸੁਨਾਵੇ ਪ੍ਰੇਮ ਰਸ ਗਾਨਾ।*

ਇਸ ਨੂੰ ਸੁਣ ਕੇ ਸੜਕਾਂ 'ਤੇ ਜਾਂਦਾ ਸਾਰਾ ਟਰੈਫ਼ਿਕ ਰੁਕ ਗਿਆ। ਬੱਸਾਂ, ਟਰੱਕ, ਤਾਂਗੇ, ਗੱਡੇ, ਰੇੜ੍ਹੀਆਂ ਵਾਲੇ ਸਭ ਖੜੇ ਹੋਈ ਜਾ ਰਹੇ ਸਨ ਤੇ ਸੰਗੀਤ ਦਾ ਰਸ ਮਾਣ ਰਹੇ ਸਨ। ਵਿੱਚੋਂ ਵਿੱਚੋਂ ਕੁਝ ਕਾਹਲੀਆਂ ਸਵਾਰੀਆਂ ਨੇ ਜਦ ਬੱਸਾਂ ਤਾਂਗਿਆਂ ਦੇ ਡਰਾਈਵਰਾਂ ਨੂੰ ਅੱਗੇ ਤੁਰਨ ਲਈ ਆਖਿਆ ਤਾਂ ਉਸੇ ਵੇਲੇ ਕਈ ਕੰਨ-ਰਸ ਰੱਖਣ ਵਾਲੀਆਂ ਸਵਾਰੀਆਂ ਬੋਲ ਉਠੀਆਂ:

"ਆਗੇ ਕੈਸੇ ਜਾਏਂ? ਭਈ ਕਾਨ ਜਾਨੇ ਨਹੀਂ ਦੇਤੇ।"

ਚਾਰੇ ਕੂਟਾਂ ਤੋਂ 'ਸੁੱਠੋ ਸਾਈਂ ਸੁੱਠੋ ਸਾਈਂ' ਦਾ ਹੁੰਨ ਵਰ੍ਹ ਰਿਹਾ ਸੀ।

ਇਸ ਮਹਾਨ ਗਵੱਈਏ ਨੇ ਭਾਰਤ ਦੀਆਂ ਵੱਡੀਆਂ ਛੋਟੀਆਂ ਸਭ ਮਹਿਫ਼ਲਾਂ ਵਿਚ ਗਾਇਆ। ਵੀਹਵੀਂ ਸਦੀ ਦੇ ਪਹਿਲੇ ਹਿੱਸੇ ਵਿਚ ਉਸ ਨੇ ਗਵਾਲੀਅਰ ਉਰਸ 'ਤੇ ਵੀ ਗਾਇਆ ਅਤੇ ਹਰਿਵੱਲਭ (ਜਲੰਧਰ) ਵਿਖੇ ਵੀ ਗਾਉਂਦਾ ਰਿਹਾ। ਜਲੰਧਰ ਦੀ 1921 ਈ. ਵਾਲੀ ਕਾਨਫਰੰਸ ਵਿਚ ਤਾਂ ਉਸ ਨੇ ਐਸਾ ਠੱਠ ਬੰਨ੍ਹਿਆ ਕਿ ਉਸ ਨੂੰ ਦੁਬਾਰਾ ਗਾਉਣ ਲਈ ਕਿਹਾ ਗਿਆ।

1959 ਈ. ਵਿਚ ਆਪ ਜਦੋਂ ਸਮੁੰਦਰੀ ਜਹਾਜ਼ ਰਾਹੀਂ ਅਫ਼ਰੀਕਾ ਜਾਣ ਲੱਗੇ ਤਾਂ ਜਹਾਜ਼ ਤੁਰਦੇ ਸਾਰ ਹੀ ਉਸ ਦੇ ਕੋਮਲ ਮਨ 'ਤੇ ਐਸੀ ਸੱਟ ਵੱਜੀ ਕਿ ਆਪ ਡੈੱਕ 'ਤੇ ਬੈਠ ਕੇ ਸੋਜ਼ ਭਰੀ ਆਵਾਜ਼ ਵਿਚ ਗਾਉਣ ਲੱਗ ਪਏ:

*ਹਰੇ ਰਹੋ ਮੇਰੇ ਦੇਸ਼ ਕੇ ਮੈਦਾਨੋ,*
*ਜਹਾਜ਼ ਪਰ ਸੇ ਹਮ ਤੁਮੇਂ ਸਲਾਮ ਕਰਤੇ ਹੈਂ।*

ਜਹਾਜ਼ ਹੌਲੀ ਹੌਲੀ ਪਿਆਰੇ ਵਤਨ ਤੋਂ ਦੂਰ ਹੁੰਦਾ ਜਾ ਰਿਹਾ ਸੀ ਪਰ ਜਹਾਜ਼ ਵਿਚਲੀਆਂ ਸਵਾਰੀਆਂ ਉਸੇ ਰਫ਼ਤਾਰ ਨਾਲ ਇਸ ਗਵੱਈਏ ਵੱਲ ਨੂੰ ਸਰਕੀ ਜਾ ਰਹੀਆਂ ਸਨ।

ਚੱਕਰਵਰਤੀ ਅੰਬਾਂ ਦੇ ਬਹੁਤ ਸ਼ੌਕੀਨ ਸਨ। ਮੇਰਾ ਵੀ ਇਹ ਮਨ ਭਾਉਂਦਾ ਫਲ

ਹੈ। ਅਕਬਰ ਇਸ ਨੂੰ ਆਬਿਹਯਾਤ ਅਰਥਾਤ (ਐਸਾ ਪਾਣੀ ਜਾਂ ਰਸ) ਜਿਸ ਨਾਲ ਨਿਜਾਤ ਜਾਂ ਛੁਟਕਾਰਾ ਮਿਲ ਸਕੇ, ਕਹਿੰਦਾ ਹੁੰਦਾ ਸੀ। ਮਹਾਰਾਜਾ ਰਣਜੀਤ ਸਿੰਘ ਨਿੱਤ ਦਿਹਾੜੇ ਪੰਜ ਸੇਰ ਅੰਬ ਚੂਪਦਾ ਹੁੰਦਾ ਸੀ। ਦੀਨਾ ਨਗਰ (ਗੁਰਦਾਸਪੁਰ) ਵਿਚ ਉਸ ਨੇ ਅੰਬਾਂ ਦੇ ਭਦਵਾੜੀ ਬੂਟੇ (ਭਾਦੋਂ ਮਹੀਨੇ ਪੱਕਣ ਵਾਲੇ) ਲਵਾਏ ਹੋਏ ਸਨ। ਮਾਲੀ ਬੜੀਆਂ ਕੋਸ਼ਿਸ਼ਾਂ ਨਾਲ ਦੂਰੋਂ ਦੂਰੋਂ ਦਾਬਾਂ ਲਿਆ ਕੇ ਲਾਉਂਦੇ ਰਹਿੰਦੇ ਸਨ।

ਸ਼ਾਇਰ ਗ਼ਾਲਿਬ ਦਾ ਵੀ ਅੰਬਾਂ ਲਈ ਸ਼ੌਕ ਆਮ ਪ੍ਰਸਿੱਧ ਹੈ।

ਅਮੀਰ ਖ਼ੁਸਰੋ ਦੇ ਵਿਹੜੇ ਵਿਚ ਤਰੰਜਬੀਨ ਦਾ ਬੂਟਾ ਸੀ। ਗ਼ਾਲਿਬ ਕਹਿੰਦਾ ਹੁੰਦਾ ਸੀ, ਕਿ ਜੇਕਰ ਖ਼ੁਸਰੋ ਨੂੰ ਇਕ ਅੱਧ ਵੇਰ ਵੀ ਕੋਈ ਸੁਹਣਾ ਅੰਬ ਚੂਪਣ ਦਾ ਮੌਕਾ ਮਿਲਿਆ ਹੁੰਦਾ ਤਾਂ ਉਹ ਜ਼ਰੂਰ ਆਪਣੇ ਵਿਹੜੇ ਵਿੱਚੋਂ ਤਰੰਜਬੀਨ ਨੂੰ ਪੁੱਟ ਕੇ ਉਸਦੀ ਥਾਂ ਅੰਬ ਬੀਜਦਾ। ਠੀਕ ਹੈ, ਫਲਾਂ ਵਿੱਚੋਂ ਅੰਬ ਨੂੰ ਉਹ ਸਥਾਨ ਪ੍ਰਾਪਤ ਹੈ ਜਿਹੜਾ ਪੰਛੀਆਂ ਵਿੱਚੋਂ ਮੋਰ ਨੂੰ।

ਕਰਮ ਸਿੰਘ ਨੇ ਪਹਿਲਾਂ ਪਹਿਲਾਂ ਕਈ ਕਲਾਸੀਕਲ ਬੰਦਸ਼ਾਂ ਵੀ ਕੀਤੀਆਂ, ਪਰ ਉਨ੍ਹਾਂ ਦੇ ਉਸਤਾਦ ਨੇ ਐਸਾ ਕਰਨ ਤੋਂ ਸਿਰਫ਼ ਇਸ ਲਈ ਹਟਾ ਦਿੱਤਾ ਕਿ ਕਈ ਵੇਰ ਬੰਦਸ਼ਾਂ ਕਰਨ ਵਾਲਿਆਂ ਦੇ ਕੋਈ ਉਲਾਦ ਨਹੀਂ ਹੁੰਦੀ, ਕਿਉਂਕਿ ਸ਼ਾਹ ਸਦਾ ਰੰਗ ਦੇ ਕੋਈ ਉਲਾਦ ਨਹੀਂ ਸੀ। ਵੇਖੋ ਕਿੰਨੇ ਸਿੱਧੇ ਸਾਦੇ ਲੋਕ ਸਨ - ਕਿਸੇ ਦੇ ਤਜਰਬੇ ਤੋਂ ਹੀ ਕਈ ਗੱਲਾਂ ਸਿੱਖ ਕੇ ਪੱਲੇ ਬੰਨ੍ਹ ਲੈਂਦੇ ਸਨ। ਬੁਨਿਆਦੀ ਤੌਰ 'ਤੇ ਉਹ ਇਕ ਸ਼ਾਸਤ੍ਰੀ ਗਾਇਕ ਸੀ, ਪਰ ਸੀ ਬੜਾ ਚਮੁਖੀਆ। ਲੋੜ ਪੈਣ 'ਤੇ ਉਹ ਠੁਮਰੀ ਦਾਦਰਾ ਵੀ ਗਾ ਲੈਂਦਾ, ਬੜਾ ਰਸਭਿੰਨਾ ਕੀਰਤਨ ਕਰ ਲੈਂਦਾ, ਭਜਨ ਵੀ ਗਾ ਲੈਂਦਾ ਅਤੇ ਪੁਰਜ਼ੋਰ ਅਸਰਾਰ 'ਤੇ ਕਿਸੇ ਤਕੜੇ ਉਰਦੂ ਸ਼ਾਇਰ ਦੀ ਗ਼ਜ਼ਲ ਵੀ ਗਾ ਲੈਂਦਾ। ਗੱਲ ਕੀ, ਹਰ ਤਰ੍ਹਾਂ ਦੇ ਸਰੋਤੇ ਦੀ ਤੱਸਲੀ ਹੋ ਜਾਂਦੀ।

ਰਾਗਾਂ ਦੀਆਂ ਬੰਦਸ਼ਾਂ ਤੋਂ ਛੁੱਟ ਕਦੇ ਕਦੇ ਉਹ ਸਾਦ-ਮੁਰਾਦੀ ਕਵਿਤਾ ਵੀ ਕਰਦਾ ਸੀ। ਨਮੂਨੇ ਵਜੋਂ ਉਸਦੀ ਇਕ ਰਚਨਾ ਵੇਖੋ, ਜਿਸ ਵਿਚ ਕਲਾਈ ਦੀ ਇਕ ਟੁੰਬ ਪੌਹੰਚੀ ਦਾ ਵਰਣਨ ਹੈ:

*ਲਿਖਾ ਥਾ ਏਕ ਫ਼ੈਸ਼ਨਦਾਰ*
*ਬਾਲਮ ਭੇਜਦੋ ਪੌਹੰਚੀ।*
*ਮੇਰੀ ਤਹਿਰੀਰ ਨਹੀਂ ਪੌਹੰਚੀ*
*ਯਾ ਵੋਹ ਪੌਹੰਚੀ ਨਹੀਂ ਪਹੁੰਚੀ।*
*ਹਰੀ ਕਾ ਹਾਰ ਆ ਪਹੁੰਚਾ,*
*ਵਿਮਲਾ ਕੀ 'ਕਾਰ' ਆ ਪਹੁੰਚੀ*
*ਕਾਂਟੇ ਕਾਂਤਾ ਕੇ ਆਏ,*
*ਮੇਰੀ ਪੌਹੰਚੀ ਨਹੀਂ ਪਹੁੰਚੀ।*
*ਯੇਹ ਰਖਨਾ ਯਾਦ*
*ਕਰਵਾਚੌਥ ਭੀ ਨਜ਼ਦੀਕ ਆ ਪਹੁੰਚੀ*
*ਬਰਤ ਕੇ ਬਾਅਦ*
*ਯੇਹ ਪੌਹੰਚੀ ਅਗਰ ਪਹੁੰਚੀ*
*ਤੋ ਕਯਾ ਪਹੁੰਚੀ।*

ਅਫ਼ਰੀਕਾ ਦੇ ਅਣਗਿਣਤ ਸਰੋਤਿਆਂ ਨੂੰ ਨਿਹਾਲ ਕਰਦਾ ਕਰਾਉਂਦਾ ਇਹ ਮਹਾਨ ਗੁਣੀ, ਮਹਾਨ ਗਾਇਕ 1960 ਈ. ਵਿਚ ਇੰਗਲੈਂਡ ਆ ਗਿਆ। ਪਰ ਅਫ਼ਸੋਸ! ਇਸ ਦੇਸ਼ ਵਿਚ ਉਹ ਆਮ ਨਾ-ਕਦਰੀ ਦਾ ਸ਼ਿਕਾਰ ਹੀ ਰਿਹਾ। ਭੈੜੇ ਮੌਸਮ ਵਾਲੇ ਇਸ ਦੇਸ਼ ਵਿਚ ਉਸ ਨੂੰ ਫ਼ਾਲਿਜ ਨੇ ਆ ਘੇਰ ਲਿਆ। 17 ਨਵੰਬਰ 1968 ਨੂੰ ਆਪਣਾ ਇਲਾਜ ਕਰਵਾਉਣ ਉਹ ਭਾਰਤ ਪਰਤ ਆਇਆ। ਸਾਢੇ ਕੁ ਤਿੰਨ ਸਾਲ ਉਹ ਉਥੇ ਇਸ ਬਿਮਾਰੀ ਨਾਲ ਲੜਦਾ ਭਿੜਦਾ ਓੜਕ 17 ਮਈ, 1972 ਨੂੰ ਆਪਣੇ ਅਣਗਿਣਤ ਕਦਰਦਾਨਾਂ ਨੂੰ ਸਦੀਵੀ ਵਿਛੋੜਾ ਦੇ ਗਿਆ!

SIKHBOOKCLUB.COM

 www.sikhbookclub.com

# ਭਾਈ ਸੁਰਜਨ ਸਿੰਘ

ਪੰਜਾਬੀ ਦੇ ਪ੍ਰਸਿੱਧ ਲੇਖਕ ਪ੍ਰੋ. ਸ.ਸ. ਅਮੋਲ ਅਤੇ ਭਾਈ ਸੁਰਜਨ ਸਿੰਘ ਹਾਣੀ ਸਨ ਅਤੇ ਯਤੀਮਖ਼ਾਨੇ ਵਿਚ ਪਰਵਰਿਸ਼ ਪਾਉਣ ਦੇ ਦਿਨਾਂ ਤੋਂ, ਦੋਸਤ ਵੀ। ਇਕ ਦਿਨ ਗੱਲਾਂ ਬਾਤਾਂ ਕਰਦੇ ਕਰਦੇ ਬਾਤ-ਚੀਤ ਇਸ ਮੁਕਾਮ 'ਤੇ ਆ ਅਪੜੀ: "ਭਾਈ ਸੁਰਜਨ ਸਿੰਘ, ਅੱਜ ਇਕ ਗੱਲ ਦੱਸ - ਇਹ ਕੀਲਣ ਵਾਲੀ ਸ਼ਕਤੀ ਕਿੱਥੋਂ ਲਈ ?"

"ਸੱਚ ਦੱਸਾਂ ! ਮੈਂ ਤਰਨਤਾਰਨ ਦਰਬਾਰ ਸਾਹਿਬ ਕੀਰਤਨ ਕਰਦਾ ਸਾਂ, ਬੜਿਆ ਦੇ ਕੀਰਤਨ ਸੁਣਦਾ ਸਾਂ, ਲੋਕ ਵੀ ਚੰਗਾ ਕਹਿੰਦੇ ਸਨ, ਪਰ ਮੇਰੀ ਆਪਣੀ ਤਸੱਲੀ ਨਹੀਂ ਸੀ ਹੁੰਦੀ। ਮਿਹਨਤ ਵੀ ਬੜੀ ਕਰਦਾ ਸਾਂ, ਤੇ ਇਕ ਦਿਨ (ਕੁਝ ਰੁਕ ਕੇ) ਮੈਂ ਇਹ ਗੱਲ ਅੱਜ ਤਕ ਕਿਸੇ ਨੂੰ ਦੱਸੀ ਨਹੀਂ, ਪਰ ਤੈਥੋਂ ਹੁਣ ਲੁਕਾ ਨਹੀਂ ਸਕਦਾ, ਮੈਂ ਇਕ ਦਿਨ ਰਾਤ ਨੂੰ ਇਕ ਵਜੇ ਤਰਨਤਾਰਨ ਦਰਬਾਰ ਸਾਹਿਬ ਦੇ ਦਰਵਾਜ਼ੇ ਦੀਆਂ ਦਲ੍ਹੀਜ਼ਾਂ ਕੋਲ ਜਾ ਬੈਠਾ। ਅੱਧਾ ਘੰਟਾ ਰੋਂਦਾ ਰਿਹਾ, ਤੇ ਅੰਤ ਮੈਂ ਦਲ੍ਹੀਜ਼ਾਂ 'ਤੇ ਸਿਰ ਰੱਖ ਕੇ ਅਰਦਾਸ ਕੀਤੀ—ਗੁਰੂ ਅਰਜਨ ਦੇਵ ਪਾਤਸ਼ਾਹ, ਮੈਥੋਂ ਉਹ ਕੀਰਤਨ ਕਰਾਓ ਜੋ ਤੁਹਾਨੂੰ ਚੰਗਾ ਲੱਗੇ।"

"ਤੇ ਫਿਰ ਗੁਰੂ ਜੀ ਨੇ ਤੁਹਾਨੂੰ ਕੀ ਦਿੱਤਾ ?"

"ਪੂਰੀ ਤਰ੍ਹਾਂ ਪਤਾ ਨਹੀਂ ਕਿ ਪਾਤਸ਼ਾਹ ਨੇ ਕੀ ਦਿੱਤਾ, ਪਰ ਉਸ ਦਿਨ ਸਵੇਰੇ ਜਦ ਮੈਂ ਆਪਣੀ ਡਿਊਟੀ ਉੱਤੇ ਕੀਰਤਨ ਕੀਤਾ ਤਾਂ ਇਕ ਘੰਟੇ ਦੇ ਅੰਦਰ ਅੰਦਰ ਮੇਰੇ ਕੀਰਤਨ ਦੀਆਂ ਧੁੰਮਾਂ ਪਈਆਂ ਹੋਈਆਂ ਸਨ, ਮੈਨੂੰ ਨਹੀਂ ਪਤਾ ਕੀ ਹੋਇਆ।"[1]

ਇਨ੍ਹਾਂ ਸਤਰਾਂ ਦੇ ਲੇਖਕ ਨਾਲ ਉਨ੍ਹਾਂ ਦੇ ਸਪੁੱਤਰ ਸ. ਅਵਤਾਰ ਸਿੰਘ ਨੇ ਵੀ ਇਹ ਰਮਜ਼ ਸਾਂਝੀ ਕਰਦਿਆਂ ਦੱਸਿਆ ਸੀ ਕਿ ਉਹ ਕਦੇ-ਕਦੇ ਆਪਣੇ ਮੁਖਾਰਬਿੰਦ ਤੋਂ ਆਖਦੇ ਹੁੰਦੇ ਸਨ ਕਿ ਐਨੇ ਸੋਜ਼ ਭਰੇ ਕੀਰਤਨ ਦੀ ਇਹ ਦਾਤ ਉਨ੍ਹਾਂ ਨੂੰ ਪੰਚਮ ਪਾਤਸ਼ਾਹ ਵਲੋਂ ਸ੍ਰੀ ਤਰਨ ਤਾਰਨ ਸਾਹਿਬ ਤੋਂ ਮਿਲੀ ਸੀ। ਇਕ ਵੇਰ ਉਨ੍ਹਾਂ ਅੱਗੇ ਇਹ ਅਰਜ਼ੋਈ ਕੀਤੀ ਸੀ ਕਿ ਹੇ ਸੱਚੇ ਪਾਤਸ਼ਾਹ! ਤੁਸੀਂ ਮੈਥੋਂ ਅਜਿਹਾ ਕੀਰਤਨ ਕਰਵਾਉ, ਜਿਹੜਾ ਤੁਹਾਨੂੰ ਅਤੇ ਤੁਹਾਡੀਆਂ ਸੰਗਤਾਂ ਨੂੰ ਭਾਵੇ।

ਆਪ ਦਾ ਜਨਮ ਤਰਨਤਾਰਨ ਦੇ ਨੇੜੇ ਇਕ ਪਿੰਡ ਨੌਸ਼ਹਿਰਾ ਵਿਖੇ 1911 ਈ. ਨੂੰ ਹੋਇਆ। ਆਪ ਦਾ ਸੰਬੰਧ ਇਕ ਜੱਟ ਪਰਿਵਾਰ ਨਾਲ ਸੀ। ਆਪ ਨੇਤਰਹੀਣ

---

1. ਦੇਖੋ ਲੇਖ : "ਕੀਰਤਨੀਆਂ ਦੇ ਆਪਣੇ ਬਾਰੇ ਪ੍ਰਭਾਵ", ਵਲੋਂ ਸ.ਸ. ਅਮੋਲ, *ਸਿੰਘ ਸਭਾ ਪੱਤ੍ਰਿਕਾ*, ਮਾਰਚ 1978, ਸਫ਼ਾ 200.


www.sikhbookclub.com

ਸਨ। ਛੋਟੇ ਹੁੰਦਿਆਂ ਤਰਨਤਾਰਨ ਦੇ ਇਕ ਰਾਗੀ ਭਾਈ ਤਖ਼ਤ ਸਿੰਘ (ਖੜਕ ਸਿੰਘ) ਤੋਂ ਐਨੇ ਪ੍ਰਭਾਵਿਤ ਹੋਏ ਸਨ ਕਿ ਉਨ੍ਹਾਂ ਨੂੰ ਸੁਣਨ ਵਾਸਤੇ ਅੰਮ੍ਰਿਤਸਰ ਤੋਂ ਉਥੇ ਨੂੰ ਉਹ ਅਕਸਰ ਹੀ ਜਾਂਦੇ ਰਹਿੰਦੇ ਅਤੇ ਉਨ੍ਹਾਂ ਨੂੰ ਸੁਣ ਕੇ ਕਾਮਨਾ ਕਰਦੇ ਕਿ ਕਾਸ਼ ਕਦੇ ਮੈਂ ਵੀ ਇਨ੍ਹਾਂ ਵਰਗਾ ਗਾਵਾਂਗਾ ? ਸੰਗੀਤ ਦੀ ਆਰੰਭਿਕ ਸਿੱਖਿਆ ਆਪ ਨੇ ਅੰਮ੍ਰਿਤਸਰ ਦੇ ਪ੍ਰਸਿੱਧ ਯਤੀਮਖ਼ਾਨੇ ਤੋਂ ਪ੍ਰਾਪਤ ਕੀਤੀ। ਪ੍ਰਸਿੱਧ ਰਾਗੀ ਭਾਈ ਸੰਤਾ ਸਿੰਘ ਆਪ ਦੇ ਸਹਿਪਾਠੀ ਸਨ। ਭਾਈ ਸੰਤਾ ਸਿੰਘ ਨੇ ਰਾਗੀ ਜਥਾ ਵੀ ਪਹਿਲਾਂ ਇਨ੍ਹਾਂ ਨਾਲ ਹੀ ਰਲ ਕੇ ਬਣਾਇਆ ਸੀ, ਪਰ ਪਿੱਛੋਂ ਜਦੋਂ ਉਨ੍ਹਾਂ ਨੇ ਆਪਣੇ ਭਰਾਵਾਂ ਨੂੰ ਨਾਲ ਮਿਲਾ ਲਿਆ ਤਾਂ ਭਾਈ ਸੁਰਜਨ ਸਿੰਘ ਨੇ ਵੀ ਆਪਣਾ ਜਥਾ ਬਣਾ ਲਿਆ। ਉਨ੍ਹਾਂ ਦਾ ਆਪਣਾ ਰਿਆਜ਼ ਭਾਵੇਂ ਬਹੁਤ ਸੀ ਅਤੇ ਰਾਗਦਾਰੀ ਦੇ ਵੀ ਪੂਰੇ ਜਾਣੂ ਸਨ, ਪਰ ਉਨ੍ਹਾਂ ਇਹ ਕੰਮ ਕੀਤਾ ਕਿ ਸਿੱਧੇ-ਸਾਦੇ ਸਹਿਲ ਢੰਗ ਨੂੰ ਅਪਣਾਇਆ, ਜਿਸ ਨਾਲ ਬਹੁਤ ਛੇਤੀ ਹੀ ਅਵਾਮ ਵਿਚ ਆਪ ਬਹੁਤ ਮਕਬੂਲ ਹੋ ਗਏ। ਗਲੇ ਵਿਚ ਆਖ਼ਰਾਂ ਦਾ ਸੋਜ਼ ਸੀ, ਇਸ ਲਈ ਉਨ੍ਹਾਂ ਦੀ ਮਾਖਿਉਂ ਮਿੱਠੀ ਆਵਾਜ਼ ਸਰੋਤਿਆਂ 'ਤੇ ਕਾਫ਼ੀ ਪ੍ਰਭਾਵ ਪਾਉਂਦੀ ਸੀ। ਉਨ੍ਹਾਂ ਤੋਂ ਕਿੰਨਾ ਚਿਰ ਪਹਿਲਾਂ ਭਾਵੇਂ ਕਿ ਕਈ ਇਕ ਸਿੱਖ ਰਾਗੀ ਜਿਵੇਂ ਕਿ ਸੁੱਧ ਸਿੰਘ ਪ੍ਰਧਾਨ ਸਿੰਘ ਆਦਿ ਆਸਾ ਦੀ ਵਾਰ ਦੇ ਪੁਰਾਣੇ ਢੰਗ ਨਾਲ ਤਵੇ ਭਰਵਾ ਚੁੱਕੇ ਸਨ, ਪਰ 1964 ਈ. ਵਿਚ ਜਦੋਂ ਇਨ੍ਹਾਂ ਦੇ ਤਵੇ ਭਰੇ ਗਏ ਤਾਂ ਉਸਦੀ ਵਿੱਕਰੀ ਦਾ ਕੋਈ ਹਿਸਾਬ-ਕਿਤਾਬ ਨਾ ਰਿਹਾ। ਉਸ ਰੀਕਾਰਡਿੰਗ ਨੂੰ ਯਾਦ ਕਰਦਿਆਂ, ਉਨ੍ਹਾਂ ਦੇ ਇਕ ਪੁਰਾਣੇ ਸਾਥੀ ਅਰਜਨ ਸਿੰਘ ਹੇਵਿਆਇਆ ਜ਼ਿਲ੍ਹਾ ਸੰਗਰੂਰ (ਜ: 1-4-1934) ਦੱਸਦੇ ਹਨ ਕਿ ਉਹ ਦੋ ਬੈਠਕਾਂ ਵਿਚ ਸੰਪੂਰਨ ਹੋਈ ਸੀ ਜਦਕਿ ਉਨ੍ਹੀਂ ਦਿਨੀ ਉਨ੍ਹਾਂ ਦਾ ਗਲਾ ਵੀ ਪੂਰਾ ਠੀਕ ਨਹੀਂ ਸੀ। ਭਾਈ ਅਰਜਨ ਸਿੰਘ ਤੋਂ ਛੁੱਟ ਉਦੋਂ ਉਨ੍ਹਾਂ ਦੇ ਨਾਲ ਦੂਜੇ ਸਾਥੀ ਇਹ ਸਨ— ਆਸਰਾ ਸਿੰਘ ਸਿੰਧੀ ਅਤੇ ਪ੍ਰੇਮ ਸਿੰਘ ਜਿਹੜੇ ਕਿ ਅੱਜ-ਕੱਲ੍ਹ ਲੈਸਟਰ ਰਹਿ ਰਹੇ ਹਨ। ਬਰੱਕਤ ਬਿਰਤੀ ਦਾ ਮਾਲਿਕ ਇਹ ਕਲਾਕਾਰ ਹਰ ਵੇਲੇ ਸਿਮਰਨ ਨਾਲ ਹੀ ਜੁੜਿਆ ਰਹਿੰਦਾ, ਆਖ਼ਰਾਂ ਦੀ ਯਾਦਾਸ਼ਤ ਦਾ ਮਾਲਿਕ ਸੀ। ਅਕਾਲ ਉਸਤਤ ਅਤੇ ਬਚਿੱਤ੍ਰ ਨਾਟਕ, ਸਭ ਕੁਝ ਜ਼ੁਬਾਨੀ ਯਾਦ ਸੀ। ਦੇਸ਼ ਦੀ ਵੰਡ ਪਿੱਛੋਂ ਭਾਵੇਂ ਆਪ ਦਿੱਲੀ ਰਹਿਣ ਲੱਗ ਪਏ ਸਨ, ਪਰ ਜਲੰਧਰ ਵਿਖੇ ਸ. ਦਿਲਬਾਗ ਸਿੰਘ ਟ੍ਰਾਂਸਪੋਰਟਰ ਦੀ ਕੋਠੀ ਵਿਚ ਕੀਰਤਨ ਕਰਨ ਆਏ, ਆਪ 1965 ਈ. ਵਿਚ ਚੜ੍ਹਾਈ ਕਰ ਗਏ।

ਆਪ ਦਾ ਇਕ ਬੇਟਾ ਅਵਤਾਰ ਸਿੰਘ ਦਿੱਲੀ ਵਿਖੇ ਇਕ ਬੈਂਕ ਵਿਚ ਮੁਲਾਜ਼ਮ ਹੈ ਅਤੇ ਤਿੰਨ ਬੇਟੀਆਂ ਹਨ।

 www.sikhbookclub.com

# ਭਾਈ ਚਾਂਦ

**...ਜਿਸੁ ਮਰਨੇ ਤੇ ਜਗੁ ਡਰੈ, ਮੇਰੈ ਮਨਿ ਆਨੰਦੁ ॥**



*ਰਬਾਬੀ ਪਰੰਪਰਾ ਦਾ ਸੁਪ੍ਰਸਿੱਧ ਆਖ਼ਰੀ ਥੰਮ੍ਹ ਭਾਈ ਚਾਂਦ ਜੀ ਦੇ ਚੜ੍ਹਾਈ ਕਰਨ ਤੋਂ ਇਕ ਸਾਲ ਪਹਿਲਾਂ ਦੀ ਅਦੁੱਤੀ ਤਸਵੀਰ*

ਪੰਜਵੇਂ ਪਾਤਸ਼ਾਹ ਦੇ ਸ਼ਹੀਦੀ ਪੁਰਬ 'ਤੇ ਚਾਂਦਨੀ ਚੌਕ, ਦਿੱਲੀ ਵਿਖੇ, ਰੱਬੀ-ਰੰਗ ਵਿਚ ਰੱਤਿਆ ਇਕ ਰਬਾਬੀ ਗੁਰੂ ਦਾ ਜੱਸ ਗਾਈ ਜਾ ਰਿਹਾ ਸੀ। ਐਨੇ ਵੈਰਾਗ ਵਿਚ ਸੀ ਕਿ ਕਰੁਣਾ ਰਸ ਦੇ ਸਭ ਹੱਦਾਂ ਬੰਨੇ ਟੱਪ ਚੁੱਕਾ ਸੀ। ਕਿੱਡੀਆਂ-ਕਿੱਡੀਆਂ ਲੰਮੀਆਂ ਗਮਕਾਂ ਸਨ ਉਸ ਦੀਆਂ। ਵਿਚ-ਵਿਚ ਪਰਮਾਣ ਦੇ ਰਿਹਾ ਸੀ। ਪਰਮਾਣਾਂ ਦੀ ਵੀ ਹੱਦ ਹੀ ਕਰੀ ਜਾਂਦਾ ਸੀ। ਕੁਝ ਸੈਂਕੜੇ ਪਰਮਾਣ ਤਾਂ ਉਸ ਨੇ ਇਕ ਘੰਟੇ ਦੇ ਵਿਚ ਵਿਚ ਹੀ ਦੇ ਦਿੱਤੇ ਹੋਣੇ ਨੇ। ਪਰਮਾਣ ਦੇਣ ਲਈ ਸਾਰੇ ਭਾਰਤ ਵਿਚ ਕੇਵਲ ਉਹ ਹੀ ਤਾਂ ਇਕ ਰਬਾਬੀ ਸੀ। ਇਕ ਦੋ ਸ਼ਬਦ ਗਾ ਕੇ, ਉਸ ਤੋਂ ਡੇਢ੍ਹ ਦੋ ਘੰਟੇ ਪਰਮਾਣ ਦੇਈ ਜਾਣੇ, ਬਸ ਇਹ ਉਸਦਾ ਕੰਮ ਸੀ। ਉਸ ਦੀ ਯਾਦਾਸ਼ਤ ਸੰਬੰਧੀ, ਗੁਰੂ ਦੀ ਐਨੀ ਬਖ਼ਸ਼ਿਸ਼ ਅਤੇ ਬਰਕਤ ਸੀ ਕਿ ਘੰਟੇ ਕੁ ਦੇ ਵਿਚ ਵਿਚ ਐਨੇ ਕੁ ਪਰਮਾਣਾਂ ਦੀ ਝੜੀ ਲਾ ਜਾਂਦਾ ਕਿ ਜੇਕਰ ਲਿਖਣ ਲੱਗੋ ਤਾਂ ਲਗਭਗ ਅੱਠ ਦੱਸ ਘੰਟੇ ਲੱਗ ਜਾਣ। ਤਾਨਾਂ ਲੈਂਦਾ ਸੀ, ਵੈਰਾਗ ਵਿਚ ਭਿੱਜੀਆਂ ਹੋਈਆਂ ਅਤੇ ਸਰੋਤਿਆਂ ਵਿੱਚੋਂ ਬਹੁਤਿਆਂ ਦੀਆਂ ਅੱਖੀਆਂ ਹੰਝੂਆਂ ਨਾਲ ਛਲਕ ਜਾਂਦੀਆਂ ਸਨ। ਇਹ ਸੀ ਪ੍ਰਸਿੱਧ ਰਬਾਬੀ ਭਾਈ ਚਾਂਦ।

ਆਪ ਦਾ ਜਨਮ 1905 ਈ. (?) ਦੇ ਕਰੀਬ ਭਾਈ ਬੁੱਢਾ ਜੀ ਦੇ ਘਰ ਪਿੰਡ ਮਨਾਵਾਂ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਭਾਈ ਬੁੱਢਾ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਬਾਬੀ ਭਾਈ ਸੱਦੂ ਭਾਈ ਮੱਦੂ ਜੀ ਦੇ ਬੰਸ ਵਿੱਚੋਂ ਸਨ, ਜਿਨ੍ਹਾਂ ਦੀ ਕੁੱਲ ਪਿੱਛੋਂ ਭਾਈ ਮਰਦਾਨਾ ਜੀ ਨਾਲ ਜਾ ਮਿਲਦੀ ਸੀ। ਆਪ ਕੇਵਲ ਅਜੇ ਸੱਤ ਵਰ੍ਹਿਆਂ ਦੇ ਹੀ ਸਨ ਕਿ ਬਾਪ ਦਾ ਸਾਇਆ ਸਿਰ ਤੋਂ ਉਠ ਗਿਆ। ਆਪ ਉਸ ਕਿਸ਼ੋਰ ਅਵਸਥਾ ਵਿਚ ਹੀ ਆਪਣੇ ਤਾਇਆ-ਜ਼ਾਦ ਭਾਈ ਸੁੰਦਰ ਤੋਂ ਤਬਲਾ ਅਤੇ

 www.sikhbookclub.com

ਭਾਈ ਲਾਲ ਤੋਂ ਗਾਇਨ ਸਿੱਖਣ ਲੱਗ ਪਏ। ਪਿੱਛੋਂ ਉਸ ਨਾਲ ਲਗਭਗ 22 ਸਾਲ ਤਬਲੇ 'ਤੇ ਸਾਥ ਦਿੰਦੇ ਰਹੇ। ਫਿਰ ਉਨ੍ਹਾਂ ਦੀ ਆਗਿਆ ਲੈ ਕੇ, ਗੁਰਦੁਆਰਾ ਛੇਹਰਟਾ ਸਾਹਿਬ ਵਿਖੇ ਕੀਰਤਨ ਦੀ ਸੇਵਾ ਸੰਭਾਲ ਲਈ। ਆਪ ਦੀ ਸ਼ਾਦੀ 29 ਸਾਲ ਦੀ ਉਮਰ ਵਿਚ ਹੋਈ ਅਤੇ ਲਗਭਗ ਉਨ੍ਹੀਂ ਦਿਨੀਂ ਹੀ ਆਪ ਦੀ ਨਿਯੁਕਤੀ ਦਰਬਾਰ ਸਾਹਿਬ ਵਿਖੇ ਹੋ ਗਈ।

ਆਪ ਦੇ ਜਥੇ ਨਾਲ ਆਪਦਾ ਛੋਟਾ ਭਰਾ ਭਾਈ ਸੋਮਾ ਤਬਲੇ 'ਤੇ ਸੰਗਤ ਕਰਦਾ ਅਤੇ ਭਾਈ ਚਾਨਣ ਹਾਰਮੋਨੀਅਮ 'ਤੇ ਨਾਲ ਬੈਠਦਾ ਸੀ। ਭਾਈ ਸੋਮਾ ਦੀ ਇਕ ਕਾਰ ਹਾਦਸੇ 'ਚ ਮੌਤ ਪਿੱਛੋਂ ਭਾਈ ਸਾਈਂ ਤਬਲੇ 'ਤੇ ਸੰਗਤ ਕਰਦਾ ਅਤੇ ਕਦੇ ਕਦੇ ਭਾਈ ਤਾਬਾ ਨੂੰ ਵੀ ਬਜ਼ੁਰਗਵਾਰੀ ਦੇ ਆਲਮ 'ਚ ਇਕ ਪਾਸੇ ਆਪਦੇ ਨਾਲ ਬਹਿੰਦਿਆਂ ਵੇਖਿਆ ਗਿਆ। ਉਨ੍ਹਾਂ ਦਾ ਇਹ ਪ੍ਰਭਾਵਸ਼ਾਲੀ ਜਥਾ ਜਦੋਂ ਸਟੇਜ ਸੰਭਾਲਦਾ ਤਾਂ ਉਹ ਰੰਗ ਬੱਝਦਾ ਕਿ ਕੀ ਗੱਲਾਂ। ਜਦੋਂ ਉਹ ਗਾਇਨ ਸ਼ੁਰੂ ਕਰਦੇ ਤਾਂ ਜਾਣੋ ਜਿਵੇਂ ਮਸਤੀ ਵਿਚ ਹਵਾ ਵੀ ਝੂਮਣ ਲੱਗ ਪੈਂਦੀ ਸੀ। ਅਜਿਹੇ ਦ੍ਰਿਸ਼ ਨੂੰ ਪੰਜਾਬੀ ਦੇ ਪ੍ਰਸਿੱਧ ਕਵੀ ਗੁਰਦਿੱਤ ਸਿੰਘ ਕੁੰਦਨ ਨੇ ਇਨ੍ਹਾਂ ਸਤਰਾਂ ਰਾਹੀਂ ਫੜਨ ਦੀ ਕੋਸ਼ਿਸ਼ ਕੀਤੀ ਸੀ :

*ਚਾਂਦ ਗਾਵੇ ਗੀਤ,*<br>
*ਹਰਿਮੰਦਰ 'ਚ ਪਿਆਰੇ ਮੀਤ ਦੇ।*<br>
*ਮਸਤ ਹੋ ਜਾਵੇ ਹਵਾ,*<br>
*ਸੁਣ ਕੇ ਨਗਮੇਂ ਪ੍ਰੀਤ ਦੇ।*

ਭਾਈ ਸਾਹਿਬ ਭਰਪੂਰ ਜਵਾਨੀ 'ਚ ਸਨ ਜਦ ਕਿ ਆਪ ਦਾ ਡੰਕਾ ਸਾਰੇ ਦੇਸ਼ ਵਿਚ ਵੱਜਣ ਲੱਗ ਪਿਆ ਸੀ। ਖ਼ਾਸ ਕਰਕੇ ਸਿੱਖ ਜਗਤ 'ਚ ਭਾਈ ਚਾਂਦ ਇਕ ਬਹੁਤ ਵੱਡਾ ਨਾਂ ਸੀ। ਏਥੋਂ ਤਕ ਕਿ ਉਸ ਨੂੰ ਉਸ ਵੇਲੇ ਦੇ ਵੱਡੇ ਤੋਂ ਵੱਡੇ ਰਾਗੀ ਵੀ ਮੰਨਣ ਲੱਗ ਪਏ ਸਨ। ਉਸਦੀ ਮਸ਼ਹੂਰੀ ਦੀ ਗੁੱਡੀ ਚੜ੍ਹੀ ਹੋਈ ਸੀ ਜਦ ਕਿ 1947 ਵਿਚ ਦੇਸ਼ ਦੇ ਵੰਡਾਰੇ ਦੇ ਬੱਦਲ ਅਸਮਾਨਾਂ 'ਤੇ ਮੰਡਰਾਉਣ ਲੱਗ ਪਏ।

ਇਹ ਨਵਾਂ ਸਾਲ ਕੀ ਚੜ੍ਹਿਆ ਕਿ ਹਰ ਗੱਲ ਹਿੰਦੂ-ਮੁਸਲਿਮ ਦੇ ਸਵਾਲ ਨਾਲ ਤੋਲੀ ਜਾਣ ਲੱਗ ਪਈ। ਏਹੋ ਜਿਹੇ ਹਾਲਾਤ ਵਿਚ ਇਕ ਮੁਸਲਮਾਨ ਗਵੱਈਏ ਨੂੰ ਗੁਰੂ ਘਰ ਵਿਚ ਰਹਿ ਲੈਣ ਦੇਣਾ ਕੁਝ ਖ਼ਤਰਨਾਕ ਜਿਹੀ ਗੱਲ ਸਮਝੀ ਜਾਣ ਲੱਗੀ। ਇਹ ਨਹੀਂ ਕਿ ਇਹ ਬੰਦਾ ਤਾਂ ਸਿੱਖੀ ਦਾ ਇਕ ਬੜਾ ਵੱਡਾ ਸੇਵਕ ਹੈ; ਪਰ ਨਹੀਂ, ਉਹ ਮੁਸਲਮਾਨ ਸੀ। ਕਮੇਟੀ ਵਾਲਿਆਂ ਨੇ ਉਸ ਨੂੰ ਆਖ ਕੇ, ਉਸ ਤੋਂ ਅਸਤੀਫ਼ਾ ਲੈ ਲਿਆ। ਅਸਤੀਫ਼ਾ ਮਨਜ਼ੂਰ ਕੀਤਾ ਗਿਆ। ਕੀਰਤਨਕਾਰ ਨੇ ਆਪਣੀ ਆਖ਼ਰੀ ਚਾਹ ਸੰਗਤਾਂ ਅੱਗੇ ਰੱਖੀ। ਉਹ ਇਹ ਸੀ ਕਿ ਉਸ ਨੂੰ ਅਖ਼ੀਰਲੀ ਵੇਰ ਕੁਝ ਸਮੇਂ ਲਈ ਕੀਰਤਨ ਕਰਨ ਦੀ ਆਗਿਆ ਦੇ ਦਿੱਤੀ ਜਾਏ। ਬਿਨੈ ਸਵੀਕਾਰ ਕੀਤੀ ਗਈ। ਰਬਾਬੀ ਨੇ ਇਹ ਸ਼ਬਦ ਸ਼ੁਰੂ ਕੀਤਾ :

**ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ ॥**

ਕਿਹੜੀ ਅੱਖ ਸੀ, ਜਿਸ ਨੇ ਉਸ ਸਮੇਂ ਅੱਥਰੂ ਨਾ ਬਹਾਏ। ਗਾਇਕ ਨੂੰ ਵਿਯੋਗ ਸੀ ਕਿ ਸਾਰੀ ਉਮਰ ਦੀ ਗੁਰੂ ਘਰ ਦੀ ਸੇਵਾ ਦਾ ਚੰਗਾ ਮੁੱਲ ਪਿਆ ਹੈ ਕਿ ਅੱਜ ਉਸ

ਨੂੰ ਉਸ ਥਾਂ ਤੋਂ ਬਾਹਰ ਕੱਢਿਆ ਜਾ ਰਿਹਾ ਹੈ। ਜਾਣ ਵਾਲੇ ਨੂੰ ਅਤੇ ਸਰੋਤਿਆਂ ਨੂੰ ਇਸ ਗੱਲ ਦਾ ਭਲੀ-ਭਾਂਤ ਪਤਾ ਸੀ; ਉਹ ਚੰਗੀ ਤਰ੍ਹਾਂ ਸੁਚੇਤ ਸਨ ਕਿ ਗਾਇਕ ਦਾ ਇਹ ਅਲਵਿਦਾਈ ਕੀਰਤਨ ਹੈ, ਇਸ ਲਈ ਮਨ ਹੋਰ ਵੀ ਡੁੱਬਦੇ ਜਾ ਰਹੇ ਸਨ।

"ਨਾ ਭਾਈ ਸਾਹਿਬ ਨਾ! ਅਸੀਂ ਤੁਹਾਨੂੰ ਪਾਕਿਸਤਾਨ ਨੂੰ ਨਹੀਂ ਜਾਣ ਦੇਣਾ। ਤੁਹਾਡਾ ਅਸਲ ਘਰ ਇਹ ਹੈ, ਗੁਰੂ ਕੀ ਨਗਰੀ, ਸ੍ਰੀ ਅੰਮ੍ਰਿਤਸਰ ਸਾਹਿਬ!"

"ਨਾ ਜੀ ਨਾ! ਹੁਣ ਨਹੀਂ! ਤੁਸੀਂ ਮੇਰਾ ਬੜਾ ਮੁੱਲ ਪਾਇਆ ਹੈ। ਮੇਰੇ ਨਾਲ ਏਨੀ ਹੀ ਬੜੀ ਹੈ। ਤੁਹਾਡੀ ਬੜੀ ਮਿਹਰਬਾਨੀ!"

ਉਨ੍ਹੀਂ ਦਿਨੀਂ ਆਪ ਨੂੰ ਲਾਇਲਪੁਰ ਤੋਂ ਡਾ. ਫੌਜਾ ਸਿੰਘ ਦੇ ਘਰ ਕੀਰਤਨ ਕਰਨ ਦਾ ਬੁਲਾਵਾ ਆਇਆ। ਓਥੋਂ ਕੀਰਤਨ ਕਰ ਕੇ ਜਦੋਂ ਆਪ ਵਾਪਸ ਅੰਮ੍ਰਿਤਸਰ ਸਟੇਸ਼ਨ 'ਤੇ ਪੁੱਜੇ ਤਾਂ ਸ਼ਹਿਰ ਵਿਚ ਕਰਫ਼ਿਊ ਲੱਗ ਚੁੱਕਾ ਸੀ। ਭਾਈ ਸਾਹਿਬ ਆਪਣੇ ਪਿੰਡ ਮਨਾਵਾਂ ਆ ਗਏ। ਦੂਜੇ ਦਿਨ ਜਦੋਂ ਇਕ ਘੰਟੇ ਲਈ ਕਰਫ਼ਿਊ ਖੁੱਲ੍ਹਿਆ ਤਾਂ ਭਾਈ ਸਾਹਿਬ ਆਪਣੇ ਬੱਚਿਆਂ ਨੂੰ ਵੀ ਆਪਣੇ ਪਿੰਡ ਲੈ ਆਏ। ਯਾਦ ਰਹੇ ਇਹ ਪਿੰਡ ਵਾਘਾ ਸਰਹੱਦ ਕੋਲ ਹੈ ਅਤੇ ਪਾਕਿਸਤਾਨ 'ਚ ਪੈਂਦਾ ਹੈ। ਉਹ ਹਾਲੇ ਵੀ ਇੰਜ ਸੋਚਦੇ ਸਨ ਕਿ ਇਹ ਝਗੜਾ ਦੋ ਚਾਰ ਦਿਨ ਦਾ ਹੈ, ਜਦੋਂ ਖ਼ਤਮ ਹੋ ਜਾਏਗਾ, ਦੁਬਾਰਾ ਫਿਰ ਆਪਣੇ ਘਰ ਆ ਜਾਵਾਂਗੇ। ਪਰ ਇਹ ਹਨੇਰੀ ਹੀ ਕੁਝ ਅਜਿਹੀ ਸੀ ਕਿ ਵਾਪਸ ਪਰਤਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਕੁਝ ਦਿਨ ਪਿੰਡ ਰਹਿਣ ਪਿੱਛੋਂ, ਚਾਂਦ ਜੀ ਲਾਹੌਰ ਚਲੇ ਗਏ। ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਨੂੰ ਮਿਲ ਕੇ ਮੰਗ ਕੀਤੀ, "ਆਪਣੀ ਸਾਰੀ ਉਮਰ ਮੈਂ ਸਿੱਖਾਂ ਦੇ ਸਭ ਤੋਂ ਵੱਡੇ ਗੁਰਦੁਆਰੇ ਸ੍ਰੀ ਦਰਬਾਰ ਸਾਹਿਬ ਵਿਚ ਕੀਰਤਨ ਕਰਦਾ ਰਿਹਾ ਹਾਂ। ਉਥੋਂ ਦਾ ਮੈਂ ਹਜ਼ੂਰੀ ਰਾਗੀ ਸਾਂ। ਮੈਨੂੰ ਉਹ ਸਰਬੋਤਮ ਗਵੱਈਆ ਮੰਨਦੇ ਸਨ। ਇਸਦੇ ਇਵਜ਼ ਵਿਚ ਮੈਂ ਮੰਗ ਕਰਦਾ ਹਾਂ ਕਿ ਮੈਨੂੰ ਘੱਟ ਤੋਂ ਘੱਟ ਪੰਜ ਮੁਰੱਬੇ ਜ਼ਮੀਨ ਦਿੱਤੀ ਜਾਏ, ਤਾਂ ਜੋ ਮੇਰਾ ਜੀਵਨ ਨਿਰਬਾਹ ਹੁੰਦਾ ਰਹੇ।"

"ਜੇਕਰ ਸਾਰੀ ਉਮਰ ਤੁਸੀਂ ਸਿੱਖਾਂ ਦੇ ਉਸ ਗੁਰਦੁਆਰੇ ਵਿਚ ਹੀ ਰਹੇ ਹੋ ਤਾਂ ਫਿਰ ਸਾਨੂੰ ਤੁਹਾਡੇ ਮੁਸਲਮਾਨ ਹੋਣ 'ਤੇ ਵੀ ਸ਼ੱਕ ਹੈ," ਅੱਗੋਂ ਮੁੱਖ ਮੰਤਰੀ ਦਾ ਉੱਤਰ ਸੀ।

"ਪਰ ਜੀ, ਸਿੱਖਾਂ ਦੇ ਆਦਿ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਏਕ ਦੂਜ ਦਾ ਕਿਤੇ ਵੀ ਕੋਈ ਨਿਰਣਾ ਨਹੀਂ ਅਤੇ ਗੁਰੂ ਸਾਹਿਬਾਂ ਦੇ ਖ਼ਿਆਲ ਅਨੁਸਾਰ ਰਾਮ ਰਹੀਮ ਸਭ ਇਕ ਹੀ ਗੱਲ ਹੈ।"

"ਚਲੋ ਏਦਾਂ ਹੀ ਹੋਵੇਗਾ, ਫਿਰ ਵੀ ਪਹਿਲਾਂ ਅਸੀਂ ਤੇਰੀ ਪਰਖ ਕਰਾਂਗੇ ਕਿ ਸੱਚੀ-ਮੁੱਚੀ ਹੀ ਤੂੰ ਮੁਸਲਮਾਨ ਹੈਂ ਜਾਂ ਸਿੱਖ। ਪਿੱਛੋਂ ਸੋਚਾਂਗੇ ਕਿ ਤੈਨੂੰ ਪੰਜ ਮੁਰੱਬੇ ਦਿੱਤੇ ਜਾਣ ਕਿ ਨਹੀਂ। ਇਸ ਲਈ ਪਹਿਲਾਂ ਤੂੰ ਪੰਜ ਛੇ ਮਹੀਨੇ ਕਿਸੇ ਮਸੀਤ ਵਿਚ ਜਾ ਕੇ ਝਾੜੂ ਦੇ।"

ਚਾਂਦ ਜੀ ਦੇ ਦਿਲ ਨੂੰ ਅੱਜ ਦੂਜੀ ਵੇਰ ਧੱਕਾ ਜਿਹਾ ਵੱਜਾ ਕਿ ਅੱਜ ਉਸ ਦੇ ਮੁਸਲਮਾਨ ਹੋਣ 'ਤੇ ਵੀ ਸ਼ੱਕ ਕੀਤਾ ਜਾ ਰਿਹਾ ਹੈ। ਘਰ ਆ ਕੇ ਆਪਣੇ ਪੁੱਤਰ ਭਾਈ ਬਹਾਰ ਨੂੰ (ਜਿਨ੍ਹਾਂ ਨੂੰ ਕਈ ਵੇਰ ਭਾਈ ਮੁਰਾਦ ਵੀ ਕਿਹਾ ਜਾਂਦਾ ਸੀ ਅਤੇ ਜਿਸ ਦੀ ਏਧਰ ਆ ਕੇ ਹੁਣੇ-ਹੁਣੇ ਸ਼ਾਦੀ ਵੀ ਕਰ ਦਿੱਤੀ ਸੀ) ਹਾਰ ਕੇ ਕਹਿਣ ਲੱਗੇ,

"ਬੇਟੇ, ਹੁਣ ਤਾਂ ਰੋਟੀ ਪਾਣੀ ਦੇ ਵਸੀਲੇ ਲਈ ਕੁਝ ਨਾ ਕੁਝ ਕਰੋ।" ਉਸਨੂੰ ਕਿਸੇ ਤਰ੍ਹਾਂ ਦੇ ਕੰਮਕਾਰ ਦਾ ਕੋਈ ਤਜਰਬਾ ਤਾਂ ਹੈ ਨਹੀਂ ਸੀ, ਪਰ 'ਮਰਦਾ ਕੀ ਨਾ ਕਰਦਾ' ਦੇ ਕਥਨ ਅਨੁਸਾਰ ਉਸ ਨੇ ਥੋੜ੍ਹਾ ਜਿਹਾ ਸੌਦਾ ਪਾ ਕੇ ਮਾੜੀ ਜਿਹੀ ਹੱਟੀ ਖੋਲ੍ਹ ਲਈ। ਕਿਰਾਏ 'ਤੇ ਰਹਿੰਦੇ ਸਨ, ਮਕਾਨ ਦਾ ਕਿਰਾਇਆ ਅਤੇ ਦੂਜੇ ਤੀਜੇ ਸਾਰੇ ਖ਼ਰਚ, ਮਾਮੂਲੀ ਆਮਦਨ ਨਾਲ ਸਾਰੇ ਜੀਆਂ ਦਾ ਪੇਟ ਬੜੀ ਮੁਸ਼ਕਲ ਨਾਲ ਭਰਦਾ ਸੀ। ਸਮੇਂ ਦੀ ਸਿਤਮਜ਼ਰੀਫ਼ੀ ਵੇਖ ਲਓ ਕਿ ਗੁਰੂ ਘਰ ਦਾ ਉਹ ਕੀਰਤਨੀਆ, ਜਿਸਦੀ ਆਵਾਜ਼ 'ਚ ਕਦੇ ਐਨਾ ਜਾਦੂ ਸੀ ਕਿ ਉਸ ਤੋਂ ਪ੍ਰਭਾਵਿਤ ਹੋ ਕੇ ਸਵਾਣੀਆਂ ਕਦੇ-ਕਦੇ ਆਪਣੇ ਗਲ਼ ਦੇ ਗਹਿਣੇ ਲਾਹ ਕੇ ਵੀ ਉਸ ਦੇ ਕਦਮਾਂ 'ਚ ਸੁੱਟ ਦਿੰਦੀਆਂ ਸਨ—ਅੱਜ ਵਿਚਾਰਾ ਰੋਟੀ ਤੋਂ ਵੀ ਆਤੁਰ ਹੈ।

ਭਾਈ ਸਾਹਿਬ, ਇਕ ਕੋਮਲ ਭਾਵੀ ਕਲਾਕਾਰ ਹੋਣ ਦੇ ਨਾਤੇ, ਆਪਣੀ ਔਲਾਦ ਨੂੰ ਦੁੱਖ ਵਿਚ ਦੇਖ ਕੇ ਬੜੇ ਪਰੇਸ਼ਾਨ ਰਹਿਣ ਲੱਗ ਪਏ ਸਨ। ਆਪਣੇ ਆਖ਼ਰੀ ਦਿਨੀਂ ਉਨ੍ਹਾਂ ਨੂੰ ਹੱਸਦਿਆਂ ਉਸ ਦੇ ਘਰ ਦੇ ਜੀਆਂ ਜਾਂ ਕਰੀਬੀ ਦੋਸਤਾਂ ਨੇ ਵੀ ਕਦੇ ਨਹੀਂ ਸੀ ਵੇਖਿਆ। ਚੌਹੀਂ ਪਾਸੀਂ ਹਨੇਰਾ ਹੀ ਹਨੇਰਾ ਸੀ। ਸੋਚਿਆ ਕਿ ਜ਼ਿੰਦਗੀ ਦਾ ਕੋਈ ਭਰੋਸਾ ਨਹੀਂ, ਜੀਂਦੇ ਜੀ ਬੇਟੀ ਦੇ ਹੱਥ ਵੀ ਪੀਲੇ ਕਰ ਦੇਵਾਂ। ਬਦਬਖ਼ਤੀ ਦੇ ਉਨ੍ਹਾ ਦਿਨਾਂ ਵਿਚ ਘਰ ਦਾ ਸਾਮਾਨ ਸਾਰੇ ਦਾ ਸਾਰਾ ਜਦ ਕਿ ਇੰਡੀਆ ਵਿਚ ਰਹਿ ਗਿਆ ਸੀ, ਉਹ ਵੀ ਕਾਰਜ ਔਖੇ ਸੌਖੇ, ਰੱਬ ਜਾਣੇ ਕਿਵੇਂ ਸਿਰੇ ਚੜ੍ਹਾਇਆ। ਹਾਰ ਕੇ ਖ਼ੁਦ ਗੰਡੇਰੀਆਂ ਦੀ ਰੇੜ੍ਹੀ ਲਾਉਣ ਦੀ ਸੋਚੀ। ਸਮੇਂ ਦੇ ਦਿੱਤੇ ਗਏ ਝੱਖੜਾਂ ਦੇ ਝੋਰੇ ਦੁਆਰਾ ਆਪ ਨੂੰ ਟਾਈਫ਼ਾਈਡ ਬੁਖ਼ਾਰ ਹੋ ਗਿਆ, ਜਿਹੜਾ ਪਿੱਛੋਂ ਟੀ.ਬੀ. ਵਿਚ ਬਦਲ ਗਿਆ। ਬੇਟੀ ਦਾ ਡੋਲਾ ਘਰੋਂ ਉਠਾਏ ਨੂੰ ਅਜੇ ਮਸਾਂ ਤਿੰਨ ਕੁ ਮਹੀਨੇ ਹੀ ਹੋਏ ਸਨ ਕਿ 1949 ਦੇ ਜੂਨ ਦੀ 22 ਤਰੀਕ ਵਾਲੇ ਅੱਗ ਵਰ੍ਹਾ ਰਹੇ ਦਿਨ ਨੂੰ ਘੜੀਆਂ ਦੀਆਂ ਸੂਈਆਂ ਨੇ ਜਦੋਂ ਸ਼ਾਮ ਦੇ ਛੇ ਵਜਾਏ, ਤਾਂ ਭਾਈ ਸਾਹਿਬ ਉਸ ਦੁਨੀਆਂ ਨੂੰ ਚਲਾਣਾ ਕਰ ਗਏ, ਜਿਥੋਂ ਗਿਆਂ ਅੱਜ ਤਕ ਕੋਈ ਵਾਪਸ ਨਹੀਂ ਪਰਤਿਆ।

ਰਬਾਬੀ ਪਰੰਪਰਾ ਦਾ ਆਖ਼ਰੀ ਥੰਮ੍ਹ ਭਾਈ ਚਾਂਦ ਰੱਬ ਜਾਣੇ ਅੱਜ ਕਿਹੜੇ ਬੱਦਲਾਂ ਪਿੱਛੇ ਅਲੋਪ ਹੋ ਗਿਆ। ਉਨ੍ਹਾਂ ਦੇ ਇਕ ਸ਼ਰਧਾਲੂ ਅਤੇ ਪਰਮ ਮਿੱਤਰ ਸ੍ਰੀ ਟੀ.ਸੀ. ਨਾਗਪਾਲ ਨੇ ਸ਼ਰਧਾ ਦੇ ਫੁੱਲਾਂ ਵਜੋਂ, ਉਦੋਂ ਕੁਝ ਅਜਿਹੇ ਸ਼ਿਅਰ ਕਹੇ ਸਨ:

*ਐ ਚਾਂਦ, ਭਾਈ ਚਾਂਦ, ਤੇਰੀ ਰੌਸ਼ਨੀ ਕਿਆ ਅਜਬ ਥੀ!*
*ਕੋਇਲ ਭੀ ਸ਼ਰਮਿੰਦਾ ਥੀ, ਗੁਲੂਕਾਰੀ ਤੇਰੀ ਗ਼ਜ਼ਬ ਥੀ!!*

*ਕਿਸੇ ਸੁਭਾਗੀ ਮਾਂ ਨੇ ਹੁਣ ਤੱਕ ਨਹੀਂ ਜੰਮਿਆ ਕੋਈ ਚਾਂਦ ਮੁੜ,*
*ਤੂੰ ਆਪਣੀ ਮਿਸਾਲ ਆਪ ਬਣ, ਬਸ ਆਪਣੀ ਨੀਂਦ ਸੌਂ ਗਿਉਂ।*


www.sikhbookclub.com



ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਰਾਗੀ ਨਾਲ ਭਾਈ ਸੁਵਰਨ ਸਿੰਘ ਤਬਲੇ 'ਤੇ ਸਾਥ ਦੇ ਰਹੇ ਹਨ,
ਇਹ ਫ਼ੋਟੋ ਟਰੌਂਟੋ (ਕੈਨੇਡਾ) ਇਕ ਕੀਰਤਨ ਦਰਬਾਰ ਦੀ ਹੈ (25 ਦਸੰਬਰ, 1979)।


www.sikhbookclub.com

# ਭਾਈ ਅਵਤਾਰ ਸਿੰਘ ਗੁਰਚਰਨ ਸਿੰਘ

ਇਹ ਜਥਾ ਇੱਕੋ ਹੀ ਮਾਂ-ਪਿਓ ਦੇ ਜਾਏ ਵੀਰ ਹਨ। ਆਪ ਦਾ ਜਨਮ ਦੇਸ਼ ਦੇ ਸੁਪ੍ਰਸਿੱਧ ਕੀਰਤਨਕਾਰ ਭਾਈ ਜਵਾਲਾ ਸਿੰਘ ਜੀ ਦੇ ਘਰ ਹੋਇਆ। ਬੁੱਧੀਵਾਨ ਬਾਪ ਨੇ ਇਨ੍ਹਾਂ ਨੂੰ ਬਚਪਨ ਵਿਚ ਹੀ ਸੰਗੀਤ ਦੀ ਪਿਤਾ-ਪੁਰਖੀ ਤਾਲੀਮ ਦੇਣੀ ਆਰੰਭ ਕਰ ਦਿੱਤੀ। ਦਿਨ ਰਾਤ ਦੀ ਤਪ-ਸਾਧਨਾ ਕਾਰਨ, ਇਨ੍ਹਾਂ ਦਾ ਗਲਾ ਐਨਾ ਮੋਹਿਕ ਹੋ ਗਿਆ ਕਿ ਛੋਟੀ ਉਮਰ ਵਿਚ ਹੀ ਇਨ੍ਹਾਂ ਦੀ ਪ੍ਰਸਿੱਧੀ ਦੂਰ ਦੂਰ ਤਕ ਫੈਲ ਗਈ। ਦੇਸ਼ ਦੇ ਬਟਵਾਰੇ ਪਿੱਛੋਂ ਆਪ ਦਿੱਲੀ ਆ ਗਏ ਅਤੇ ਏਥੇ ਕਰੀਬਨ ਚਾਰ ਦਹਾਕਿਆਂ ਤੋਂ ਗੁਰਦੁਆਰਾ ਸੀਸ ਗੰਜ ਵਿਚ ਕੀਰਤਨ ਦੀ ਸੇਵਾ ਨਿਭਾ ਰਹੇ ਹਨ।

ਮੇਰੇ ਖ਼ਿਆਲ ਅਨੁਸਾਰ ਸਿੱਖ ਜਗਤ ਨੂੰ ਆਪ ਦੀ ਸਭ ਤੋਂ ਵੱਡੀ ਦੇਣ ਇਹ ਹੈ ਕਿ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਨੂੰ ਗਾਉਣ ਦੇ ਪੁਰਾਣੇ ਰਬਾਬੀਆਂ-ਰਾਗੀਆਂ ਦੇ ਢੰਗ ਦੀਆਂ 492 ਰੀਤਾਂ ਦੀਆਂ ਸੁਰ ਲਿੱਪੀਆਂ ਗਾ ਕੇ, ਫਿਰ ਲਿਖਵਾ ਦਿੱਤੀਆਂ ਜਿਹੜੀਆਂ ਫਿਰ ਪਿੱਛੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਦੇ ਰੂਪ ਵਿਚ ਛਾਪ ਦਿੱਤੀਆਂ ਸਨ। ਇਹ ਇਕ ਅਜਿਹਾ ਕਾਰਜ ਹੈ, ਜਿਹੜਾ ਆਉਣ ਵਾਲੀਆਂ ਸਦੀਆਂ ਤਕ ਹਮੇਸ਼ਾ ਜੀਉਂਦਾ ਰਹੇਗਾ।

ਆਪ ਗੁਰਬਾਣੀ ਸੰਗੀਤ ਬਾਰੇ ਹੋਰ ਵੀ ਖੋਜ ਕਰਦੇ ਰਹਿੰਦੇ ਹਨ ਅਤੇ ਸਮੇਂ ਸਮੇਂ ਸਿਰ ਆਪਣੇ ਵਿਦਵਤਾ ਭਰਪੂਰ ਲੇਖਾਂ ਦੁਆਰਾ ਪਾਠਕਾਂ ਦੀ ਤ੍ਰਿਪਤੀ ਪੂਰੀ ਕਰਦੇ ਰਹਿੰਦੇ ਹਨ। ਇਕ ਲੇਖ 'ਤੇ ਆਪ ਨੂੰ ਸਿੰਘ ਸਭਾ ਸ਼ਤਾਬਦੀ ਵਲੋਂ ਗਿਆਰਾਂ ਸੌ ਰੁਪਏ ਦਾ ਪਹਿਲਾ ਇਨਾਮ ਦਿੱਤਾ ਗਿਆ ਸੀ, 1980 ਈ. ਵਿਚ ਸ਼ਤਾਬਦੀ ਕਮੇਟੀ ਵਲੋਂ ਦਿੱਲੀ ਵਿਚ ਕਰਵਾਏ ਗਏ ਕੀਰਤਨ ਮੁਕਾਬਲੇ ਵਿਚ ਆਪ ਦੇ ਜਥੇ ਨੂੰ ਇੱਕੀ ਸੌ ਰੁਪਏ ਦੇ ਪਹਿਲੇ ਇਨਾਮ ਨਾਲ ਸਨਮਾਨਿਆ ਗਿਆ ਅਤੇ ਫਿਰ 1984 ਈ. ਵਿਚ ਭਾਸ਼ਾ ਵਿਭਾਗ ਪੰਜਾਬ ਸਰਕਾਰ ਵਲੋਂ ਆਪ ਨੂੰ ਸ਼੍ਰੋਮਣੀ ਰਾਗੀ ਐਵਾਰਡ (ਗੋਲਡ ਮੈਡਲ ਸਮੇਤ 5100/- ਰੁਪਏ ਦੇ) ਭੇਟ ਕੀਤਾ ਗਿਆ। ਇਸ ਤੋਂ ਛੁੱਟ ਵੀ ਆਪ ਨੇ ਕਈ ਤਰ੍ਹਾਂ ਦੇ ਪੁਰਸਕਾਰ ਪ੍ਰਾਪਤ ਕੀਤੇ ਹਨ।

ਦੋਵੇਂ ਵੀਰ ਹੁਣ ਤਕ ਦੁਨੀਆਂ ਭਰ ਦੇ ਅਨੇਕ ਬਦੇਸ਼ਾਂ ਦੀ ਯਾਤਰਾ ਕਰ ਚੁੱਕੇ ਹਨ ਅਤੇ ਸੰਗੀਤ ਦੀ ਪਰਸਪਰ ਸੇਵਾ ਕਰਦੇ ਚਲੇ ਆ ਰਹੇ ਹਨ। ਸਿੱਖ ਪੰਥ ਨੂੰ ਆਪ ਤੋਂ ਅਜੇ ਹੋਰ ਕਾਫ਼ੀ ਆਸਾਂ ਹਨ।

ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਭਾਈ ਅਵਤਾਰ ਸਿੰਘ ਨਵੰਬਰ 2006 ਨੂੰ ਜਦੋਂ ਆਪਣੇ ਬੇਟੇ ਕੁਲਤਾਰ ਸਿੰਘ ਨੂੰ ਸਿਖਾ ਰਹੇ ਸਨ ਤਾਂ ਨਵੀਂ ਦਿੱਲੀ ਸਥਿਤ ਆਪਣੇ ਨਿਵਾਸ ਵਿਖੇ ਅਕਾਲ ਚਲਾਣਾ ਕਰ ਗਏ।



ਪ੍ਰੋ. ਦਰਸ਼ਨ ਸਿੰਘ ਕੋਮਲ

 www.sikhbookclub.com

# ਪ੍ਰੋ: ਦਰਸ਼ਨ ਸਿੰਘ ਕੋਮਲ

ਸਿੱਖਾਂ ਦੇ ਇਸ ਮਹਾਨ ਸੰਗੀਤਕਾਰ, ਗਾਇਕ, ਤਬਲਚੀ ਅਤੇ ਪ੍ਰਚਾਰਕ ਦਾ ਜਨਮ ਮਾਹਿਲਪੁਰ ਦੇ ਲਾਗੇ ਇਕ ਪਿੰਡ ਨੰਗਲ ਕਲਾਂ ਵਿਚ 1918 ਈ. ਵਿਚ ਹੋਇਆ। ਆਪ ਦਾ ਸੰਬੰਧ ਜ਼ਿਮੀਂਦਾਰਾ ਪਰਿਵਾਰ ਨਾਲ ਸੀ। ਉਨ੍ਹਾਂ ਦੀ ਮਾਤਾ ਮਹਾਂ ਕੌਰ ਜੀ ਨੇ ਬਚਪਨ ਵਿਚ ਹੀ ਉਨ੍ਹਾਂ ਦੇ ਮਨ ਵਿਚ ਸੰਗੀਤ ਲਈ ਪਿਆਰ ਭਰ ਦਿੱਤਾ। ਅਜੇ ਉਹ ਕੇਵਲ ਦੋ ਸਾਲ ਦੇ ਹੀ ਸਨ ਕਿ ਰੱਬ ਨੇ ਉਨ੍ਹਾਂ ਦੀ ਅੱਖੀਆਂ ਦੀ ਜੋਤ ਖੋਹ ਲਈ। ਬਦਲਦੇ ਹਾਲਾਤ ਅਨੁਸਾਰ ਸੂਰਮੇ ਸਿੰਘ ਨੇ ਆਪਣੀ ਮੁੱਢਲੀ ਵਿਦਿਆ ਅੰਮ੍ਰਿਤਸਰ ਜਾ ਕੇ ਸੰਗੀਤ ਵਿਦਿਆਲਾ ਚੀਫ਼ ਖ਼ਾਲਸਾ ਦੀਵਾਨ ਦੇ ਅਨਾਥਾਲਯ ਵਿਚ ਉਸਤਾਦ ਸਾਈਂ ਦਿੱਤਾ ਕੋਲੋਂ ਤਕਰੀਬਨ ਸੱਤ ਸਾਲ ਪ੍ਰਾਪਤ ਕੀਤੀ ਅਤੇ ਇਸ ਤੋਂ ਉਪਰੰਤ ਮੁਲਤਾਨ ਜਾ ਕੇ ਉਥੋਂ ਦੇ ਇਕ ਪੰਡਿਤ ਹੁਕਮ ਚੰਦ ਕੋਲ ਵੀ ਲਗਭਗ ਐਨੇ ਸਾਲ ਹੀ ਸਿੱਖਦੇ ਅਤੇ ਉਥੇ ਫਿਰ ਸਿਖਾਉਂਦੇ ਵੀ ਰਹੇ। ਉਥੇ ਉਨ੍ਹਾਂ ਦੇ ਗਲੇ ਦੇ ਨਾਲ ਨਾਲ ਹੱਥਾਂ ਵਿਚ ਵੀ ਖ਼ੂਬ ਨਿਖਾਰ ਆ ਗਿਆ ਕਿਉਂਕਿ ਉਥੇ ਇਕ ਭੀਮੂ ਖ਼ਾਂ ਨਕਾਰਚੀ ਰਹਿੰਦਾ ਸੀ, ਜਿਹੜਾ ਬਹੁਤ ਟੇਢੀਆਂ ਤਿਰਛੀਆਂ ਲੈਆਂ ਵਿਚ ਨਕਾਰਾ ਵਜਾਉਂਦਾ ਸੀ। ਉਸ ਨੇ ਉਹ ਬੋਲ ਇਸ ਨੂੰ ਤਬਲੇ 'ਤੇ ਕੱਢਵਾ ਦਿੱਤੇ ਅਤੇ ਇਸ ਤਰ੍ਹਾਂ ਨਾਲ ਇਹ ਤਬਲੇ ਵਿਚ ਵੀ ਬੇਜੋੜ ਬਣ ਗਏ। ਉਥੋਂ ਪੂਰੀ ਤਰ੍ਹਾਂ ਤਿਆਰ ਹੋ ਕੇ ਉਹ ਫਿਰ ਆਪਣੇ ਪਿੰਡ ਆ ਗਏ ਅਤੇ ਗੁਰੂ ਨਾਨਕ ਸੰਗੀਤ ਵਿਦਿਆਲਯ ਖੋਲ੍ਹ ਕੇ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਲੱਗ ਪਏ। ਇਸ ਦੇ ਨਾਲ ਨਾਲ ਆਪ ਨੇ ਆਪਣੇ ਲਾਗਲੇ-ਚਾਗਲੇ ਪਿੰਡਾਂ, ਜਿਵੇਂ ਕਿ ਬੰਗਾ, ਫ਼ਗਵਾੜਾ, ਬੋਹਣ ਪੱਟੀ, ਠੱਕਰਵਾਲ, ਚੀਮਾ ਕਲਾਂ, ਬੜਾ ਪਿੰਡ, ਗੁਰਾਇਆ ਅਤੇ ਹੁਸ਼ਿਆਰਪੁਰ ਜਾ ਜਾ ਕੇ ਸੰਗੀਤ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਅਤੇ ਅਨੇਕ ਸ਼ਿਸ਼ ਬਣਾਏ। ਸੰਗੀਤ ਵਿਚ ਉਨ੍ਹਾਂ ਦੀ ਪਹੁੰਚ ਪਕੜ ਅਤੇ ਪ੍ਰਪੱਕਤਾ ਨੂੰ ਕੇਵਲ ਹਿੰਦੂ ਸਿੱਖ ਗਵੱਈਏ ਹੀ ਨਹੀਂ, ਮੁਸਲਮਾਨ ਉਸਤਾਦ ਵੀ ਮੰਨਦੇ ਸਨ। ਏਥੋਂ ਤਕ ਕਿ ਪੰਜਾਬ ਦੇ ਸੁਪ੍ਰਸਿੱਧ ਤਬਲਚੀ ਬਾਬਾ ਮਲੰਗ ਖ਼ਾਂ ਬੋਹਣ ਪੱਟੀ ਵਾਲਿਆਂ ਨੇ ਆਪਣਾ ਭਤੀਜਾ ਆਪ ਕੋਲ ਆਪ ਆ ਕੇ ਇਨ੍ਹਾਂ ਦਾ ਸ਼ਾਗਿਰਦ ਕਰਵਾਇਆ ਸੀ। ਪ੍ਰਯਾਗ ਸੰਗੀਤ ਸੰਮਤੀ ਅਲਾਹਾਬਾਦ ਵਾਲੇ ਤਾਂ ਆਪ ਦੇ ਇਲਮ ਤੋਂ ਕਾਫ਼ੀ ਪ੍ਰਭਾਵਿਤ ਸਨ।

ਇਸ ਕਲਾਕਾਰ ਨੇ 'ਕੋਮਲ' ਦੇ ਉਪਨਾਮ ਹੇਠ ਕਾਫ਼ੀ ਕਵਿਤਾ ਦੀ ਰਚਨਾ ਵੀ ਕੀਤੀ ਹੈ। *ਨਜ਼ਰਾਨਾ*, *ਕੋਮਲ ਟਕੋਰਾਂ* ਅਤੇ *ਵੱਡਮੁੱਲੇ ਹੀਰੇ* ਆਪ ਦੀਆਂ ਕੁਝ ਕੁ ਕਿਰਤਾਂ ਹਨ। ਆਪ ਦੀਆਂ ਵਧੇਰੇ ਰਚਨਾਵਾਂ ਧਾਰਮਿਕ ਹੋਣ ਕਾਰਨ, ਆਮ ਕਰਕੇ ਕੀਰਤਨਕਾਰ ਅਤੇ ਭਜਨੀਕ ਗਵੱਈਏ ਹੀ ਗਾਉਂਦੇ ਸਨ। ਧਰਮ, ਸਮਾਜਿਕ ਸਰੋਕਾਰ

ਅਤੇ ਦੇਸ਼-ਭਗਤੀ ਆਦਿ ਆਪ ਦੀ ਕਵਿਤਾ ਦੇ ਮੁੱਖ ਵਿਸ਼ੇ ਸਨ। ਨਮੂਨੇ ਵਜੋਂ ਆਪ ਦੀ ਥੱਲੜੀ ਰਚਨਾ ਪੜ੍ਹੋ :

*ਆਪਣੇ ਢਾਹ ਕੇ ਮਹਿਲ ਪਰਾਏ,*
*ਕਦੇ ਨਾ ਕੋਈ ਬਣਾਉਂਦਾ ਡਿੱਠਾ।*
*ਆਪਣੇ ਕੋਝੇ ਪੁੱਤ ਨਾਲ ਸੋਹਣਾ,*
*ਕਦੇ ਨਾ ਕੋਈ ਵਟਾਉਂਦਾ ਡਿੱਠਾ।*
*ਮਹਿਲ ਮਾੜੀਆਂ ਸੁੰਨੀਆਂ ਛੱਡ ਕੇ*
*ਮਾਛੀਵਾੜੇ ਦੇ ਜੰਗਲਾਂ ਵਿਚ*
*ਯਾਰੜੇ ਦਾ ਸਾਨੂੰ ਸੱਥਰ ਚੰਗਾ*
*ਇਹ ਗੀਤ ਨਾ ਕੋਈ ਗਾਉਂਦਾ ਡਿੱਠਾ।*

ਉਨ੍ਹਾਂ ਦੀਆਂ ਕਵਿਤਾਵਾਂ ਤੋਂ ਸਿੱਧ ਹੁੰਦਾ ਹੈ ਕਿ ਉਹ ਇਕ ਸੋਹਣੇ ਸ਼ਾਇਰ ਸਨ। ਇਸ ਤੋਂ ਛੁੱਟ ਉਹ ਇਕ ਚੰਗੇ ਜੋਤਸ਼ੀ ਵੀ ਸਨ। ਪਰ ਅਫ਼ਸੋਸ! ਉਮਰ ਨੇ ਵਫ਼ਾ ਨਾ ਕੀਤੀ ਅਤੇ 44 ਸਾਲ ਦੀ ਉਮਰ ਵਿਚ ਉਹ ਜੂਨ ਦੇ ਮਹੀਨੇ 1962 ਵਿਚ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਦੱਸਿਆ ਜਾਂਦਾ ਹੈ ਕਿ ਆਪਣੇ ਪਿੱਛੇ ਸੰਗੀਤ ਸੰਬੰਧੀ ਕਾਫ਼ੀ ਖਰੜੇ ਛੱਡ ਗਏ ਹਨ। ਉਨ੍ਹਾਂ ਦੇ ਕੁਝ ਖਰੜੇ ਗੁਰਬਚਨ ਸਿੰਘ ਬੀਕਾ (ਬੰਗਾ) ਕੋਲ ਵੀ ਦੱਸੇ ਜਾਂਦੇ ਹਨ। ਉਨ੍ਹਾਂ ਦੀ ਪ੍ਰਤਿਭਾ ਨੂੰ ਸਮਝਣ ਜਾਨਣ ਲਈ, ਉਨ੍ਹਾਂ ਉੱਤੇ ਭਰਪੂਰ ਖੋਜ ਕਰਨ ਦੀ ਲੋੜ ਹੈ। ਉਨ੍ਹਾਂ ਦੇ ਸ਼ਾਗਿਰਦਾ ਦੀ ਗਿਣਤੀ ਦੋ ਢਾਈ ਹਜ਼ਾਰ ਤਕ ਉਪੜਦੀ ਹੈ। ਭਾਰਤ ਵਿਚ ਜਿਥੇ ਭਾਈ ਧਰਮ ਸਿੰਘ ਸ਼ਮਸ਼ੇਰ ਸਿੰਘ 'ਜ਼ਖ਼ਮੀ' ਮਾਣਕੋ ਘੜਿਆਲ ਅਤੇ ਭਗਤ ਸਿੰਘ ਸਾਂਗਰਾ ਵਰਗੇ ਮਹਾਨ ਵਿਦਵਾਨ ਉਨ੍ਹਾਂ ਦੇ ਸ਼ਾਗਿਰਦ ਸਨ, ਉਥੇ ਬਦੇਸ਼ਾਂ ਵਿਚ ਅਜੀਤ ਸਿੰਘ ਮੁਤਲਾਸ਼ੀ (ਫਿਲੌਰ ਲਾਗੇ ਇਕ ਪਿੰਡ ਖਹਿਰਾ ਦੇ ਜੰਮਪਲ), ਗੁਰਬਚਨ ਸਿੰਘ 'ਹਮਦਰਦ', ਗਿਆਨ ਸਿੰਘ ਸੁਰਜੀਤ ਅਤੇ ਸੀਤਲ ਸਿੰਘ ਸਿਤਾਰਾ ਵਰਗੇ ਸੋਹਣੇ ਸੰਗੀਤਕਾਰ ਸੰਗੀਤ ਦੀ ਸੇਵਾ ਨਿਭਾ ਰਹੇ ਹਨ। ਚੰਨਣ ਸਿੰਘ ਮਜਬੂਰ, ਜਿਹੜੇ ਹੁਸ਼ਿਆਰਪੁਰ ਵਿਖੇ ਅਮਰ ਸੰਗੀਤ ਵਿਦਿਆਲਾ ਚਲਾ ਰਹੇ ਸਨ, ਪਿੱਛੇ ਜਿਹੇ ਉਨ੍ਹਾਂ ਨੇ ਇਕ ਹੋਰ ਗੁਰੂ ਹਰਿ ਰਾਏ ਨੇਤਰਹੀਣ ਕੋਮਲ ਕਲਾ ਕੇਂਦਰ ਖੋਲ੍ਹਿਆ ਹੈ, ਜਿਹੜਾ ਕਿ ਮੁਹੱਲਾ ਫ਼ਤਿਹਗੜ੍ਹ ਰਹੀਮਪੁਰ ਰੋਡ 'ਤੇ ਸਥਿਤ ਹੈ। ਕੋਮਲ ਜੀ ਦੇ ਆਪ ਵੀ ਬੜੇ ਸਿਆਣੇ ਸ਼ਾਗਿਰਦਾਂ 'ਚੋਂ ਇਕ ਹਨ, ਜਿਨ੍ਹਾਂ ਨੂੰ ਭਾਸ਼ਾ ਵਿਭਾਗ ਨੇ 2000 ਈ. ਵਿਚ ਸ਼੍ਰੋਮਣੀ ਰਾਗੀ ਦੇ ਮਾਣਮੱਤੇ ਸਨਮਾਨ ਨਾਲ ਨਿਵਾਜਿਆ ਸੀ। ਆਪ ਦੇ ਸ਼ਾਗਿਰਦ ਸੀਤਲ ਸਿੰਘ ਸਿਤਾਰਾ ਨੇ ਆਪਣੇ ਗੁਰਭਾਈ ਗਿਆਨੀ ਗਿਆਨ ਸਿੰਘ ਸੁਰਜੀਤ ਨਾਲ ਰਲ ਕੇ ਪਿੱਛੇ ਜਿਹੇ ਇਕ ਬੜੀ ਵਡਮੁੱਲੀ ਕਿਤਾਬ ਛਾਪੀ ਹੈ ਜਿਸਦਾ ਨਾਂ ਹੈ, *ਕੋਮਲ ਗੁਰਬਾਣੀ ਸੰਗੀਤ*, ਜਿਹੜੀ ਕਿ ਸਿਖਿਆਰਥੀਆਂ ਲਈ ਲਾਭਦਾਇਕ ਕਿਰਤ ਹੈ।


ਉਨ੍ਹਾਂ ਦੇ ਅਕਾਲ ਚਲਾਣੇ ਪਿੱਛੋਂ, ਦੀਦਾਰ ਸਿੰਘ ਨੰਗਲ ਖੁਰਦ ਉਨ੍ਹਾਂ ਦੇ ਜਾਨਸ਼ੀਨ ਥਾਪੇ ਗਏ ਸਨ, ਜਿਹੜੇ ਕਿ ਉਨ੍ਹਾਂ ਵਾਂਗ ਹੀ ਬੜੇ ਸੁਰੀਲੇ ਸਨ। ਪਰ ਅਫ਼ਸੋਸ! ਕੁਝ ਸਮਾਂ ਹੋਇਆ, ਉਹ ਵੀ ਚੜ੍ਹਾਈ ਕਰ ਗਏ।

ਤਾਂ ਵੀ, ਉਨ੍ਹਾਂ ਦੇ ਕੁਝ ਸ਼ਾਗਿਰਦ ਅੱਜ ਵੀ ਬੜੀ ਤਨਦੇਹੀ ਨਾਲ ਕੋਮਲ ਦੀ ਕਲਾ ਦੀ ਖ਼ੁਸ਼ਬੂ ਨੂੰ ਏਧਰ ਉਧਰ ਫੈਲਾ ਰਹੇ ਹਨ।

 www.sikhbookclub.com

# ਭਾਈ ਧਰਮ ਸਿੰਘ ਸ਼ਮਸ਼ੇਰ ਸਿੰਘ ਜ਼ਖ਼ਮੀ

ਕੁਝ ਸਾਲ ਹੋਏ, ਅਮਰੀਕਾ ਵਿਚ ਮੇਰੇ ਇਕ ਦੋਸਤ ਪ੍ਰਗਟ ਸਿੰਘ ਮਠਾਰੂ ਦੇ ਘਰ ਹਿੰਦ-ਪਾਕ ਦੀ ਮਾਇਆ-ਨਾਜ਼ ਸੰਗੀਤ ਸ਼ਖ਼ਸੀਅਤ ਉਸਤਾਦ ਸਲਾਮਤ ਅਲੀ ਖ਼ਾਂ ਅਤੇ ਉਨ੍ਹਾਂ ਦੇ ਸਪੁੱਤਰ ਠਹਿਰੇ ਹੋਏ ਸਨ। ਕੰਵਲ ਅਤੇ ਜੀਤੇ ਨੂੰ ਖ਼ਬਰੇ ਸ਼ਰਾਰਤ ਸੁੱਝੀ ਜਾਂ ਸ਼ਰਧਾਵੱਸ ਹੋ ਕੇ ਸੁਣਨ ਲਈ ਭਾਈ ਸਾਹਿਬ ਦੀ ਰੀਕਾਰਡ ਕੀਤੀ ਹੋਈ ਟੇਪ ਲਾ ਦਿੱਤੀ। ਸਾਰਾ ਸ਼ਬਦ ਸੁਣ ਕੇ ਖ਼ਾਂ ਸਾਹਿਬ ਅਵਸੋਂ ਹੀ ਕਹਿ ਉੱਠੇ,



*ਜ਼ਖ਼ਮੀ ਭਰਾਵਾਂ ਦੀ ਪੰਜਾਹਵਿਆਂ ਦੀ ਇਕ ਯਾਦਗਾਰੀ ਤਸਵੀਰ : (ਖੱਬਿਓਂ ਸੱਜੇ) ਭਾਈ ਸ਼ਮਸ਼ੇਰ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਗੁਰਚਰਨ ਸਿੰਘ*

"ਭਈ ਵਾਹ ! ਕਿਆ ਬਾਤ ਹੈ !! ਇਹਨੂੰ ਕਹਿੰਦੇ ਨੇ ਕੀਰਤਨ। ਹੁਣ ਇਸ ਨਾਲੋਂ ਚੰਗਾ ਭਲਾ ਹੋਰ ਕੋਈ ਕੀ ਗਾਏਗਾ।"

ਇਕ ਐਨੇ ਵੱਡੇ ਕਲੌਂਤੀਏ ਵਲੋਂ, ਇਕ ਕੀਰਤਨਕਾਰ ਦੀ ਇਸ ਨਾਲੋਂ ਵੱਧ ਹੋਰ ਤਾਰੀਫ਼ ਕੀ ਹੋ ਸਕਦੀ ਹੈ ? ਸੱਚ-ਮੁੱਚ ਹੀ ਭਾਈ ਸਾਹਿਬ ਅਜਿਹੀ ਤਾਰੀਫ਼ ਦੇ ਹੱਕਦਾਰ ਸਨ।

ਆਪ ਦਾ ਜਨਮ, ਆਦਮਪੁਰ ਦੇ ਨੇੜੇ ਇਕ ਪਿੰਡ ਮਾਣਕੋ ਘੜਿਆਲ ਵਿਖੇ ਹੋਇਆ। ਸੰਜੋਗਵੱਸ, ਇਹ ਪਿੰਡ ਸੰਗੀਤ ਦੇ ਸੁਪ੍ਰਸਿੱਧ ਘਰਾਣੇ ਸ਼ਾਮ ਚੌਰਾਸੀ ਦੇ ਬਿਲਕੁਲ ਨੇੜੇ ਪੈਂਦਾ ਹੈ। ਆਪ ਦਾ ਸੰਬੰਧ ਮਰਦਾਨੇਕਿਆਂ, ਭਾਵ ਰਬਾਬੀ ਖ਼ਾਨਦਾਨ ਨਾਲ ਸੀ। ਸੰਗੀਤ ਦੀ ਤਾਲੀਮ ਘਰੋਂ ਲੈਣ ਉਪਰੰਤ, ਆਪ ਪ੍ਰੋ: ਦਰਸ਼ਨ ਸਿੰਘ ਕੋਮਲ ਦੇ ਸ਼ਾਗਿਰਦ ਹੋ ਗਏ। ਗਾਉਣ ਸਮੇਂ ਆਪ ਨੇ ਸਦਾ ਸੁਖੈਣ ਸ਼ੈਲੀ ਦੀ ਬਜਾਏ ਸ਼ਾਸਤ੍ਰੀਅਤਾ ਨੂੰ ਮੁੱਖ ਰੱਖਿਆ ਅਤੇ ਅਸਲੋਂ ਆਪਣਾ ਇਕ ਨਵਾਂ ਨਵੇਕਲਾ ਸਟਾਈਲ ਬਣਾ ਲਿਆ। ਵੱਡੇ ਵੀਰ ਰਸਿਕ, ਕਸਕਾਂ ਭਰੇ ਅਤੇ ਗੁਦਾਜ਼ ਗਰਦੇ ਦੇ ਮਾਲਿਕ ਸਨ, ਇਸ ਲਈ ਜਦ ਵੀ ਕਥਾ ਕਰਦੇ, ਸਰੋਤਿਆਂ 'ਤੇ ਭਰਪੂਰ ਅਸਰ ਛੱਡਦੇ। ਬਾ-ਦਲੀਲ ਗੱਲ ਕਰਦੇ। ਨਿੱਕੀ ਨਿੱਕੀ ਗੱਲ ਵਿਚ ਵੀ ਰਮਜ਼ ਅਤੇ ਸਾਇੰਟਿਫ਼ਿਕ

ਸੋਚ ਸ਼ਾਮਲ ਹੁੰਦੀ। "ਓ ਭਈ ਹੰਕਾਰ! ਆਕੜ! ਅਕੜਾਂਦ! ਨਿਰੀ ਮੌਤ ਅਤੇ ਮੁਰਦਾ ਚੀਜ਼ ਦਾ ਚਿੰਨ੍ਹ! ਲਚਕ ਜੀਂਦੀ ਜਾਗਦੀ ਜਾਨ ਦੀ ਨਿਸ਼ਾਨੀ! ਨਿਮਰਤਾ ਆਪਣੇ ਆਪ ਵਿਚ ਇਕ ਗਹਿਣਾ ਹੈ, ਜਿਸਦਾ ਆਪਣਾ ਮੁੱਲ ਹੈ।"

ਆਖ਼ਰੀ ਉਮਰੇ ਆਪ ਢਿੱਲੇ ਮੱਠੇ ਰਹਿਣ ਲੱਗ ਪਏ ਸਨ। ਸ੍ਰੀ ਬੰਗਲਾ ਸਾਹਿਬ ਗੁਰਦੁਆਰਾ ਗਏ ਤਾਂ ਕੀਰਤਨ ਕਰਦਿਆਂ, ਦਿਮਾਗ਼ ਦੀ ਨਾਲ ਫੱਟ ਗਈ। ਆਪਣਾ ਪੈਂਡਾ ਖ਼ਤਮ ਕੀਤੇ ਦਾ ਅਨੁਭਵ ਕਰਦਿਆਂ, ਆਪਣੇ ਇਕ ਸੁਨੇਹੀ ਸੰਤ ਬਾਬਾ ਹਰਭਜਨ ਸਿੰਘ ਜੀ ਨੂੰ ਕਹਿਣ ਲੱਗੇ, "ਗੁਰੂ ਨਾਨਕ ਦੇਵ ਜੀ ਤੋਂ ਮੈਂ ਪਿਛਲੇ 18 ਸਾਲ ਮੰਗ ਕੇ ਲਏ ਸਨ। ਉਨ੍ਹਾਂ ਨੇ ਮੇਰੇ 'ਤੇ ਅਪਾਰ ਕਿਰਪਾ ਕੀਤੀ, ਪਰ ਅੱਜ ਸਾਡੀ ਅਖ਼ੀਰਲੀ ਰਾਤ ਹੈ।" ਓੜਕ ਉਹੀ ਗੱਲ ਹੋਈ, 19 ਜਨਵਰੀ, 1980 ਨੂੰ ਅਜੇ ਅੱਧੀ ਰਾਤ ਵੀ ਨਹੀਂ ਸੀ ਬੀਤੀ ਕਿ ਸਾਢੇ ਗਿਆਰਾਂ ਦੇ ਲਾਗੇ, ਰੂਹ ਪਰਵਾਜ਼ ਕਰ ਗਈ ਅਤੇ ਆਪ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਛੋਟੇ ਵੀਰ ਭਾਈ ਸ਼ਮਸ਼ੇਰ ਸਿੰਘ ਉਨ੍ਹਾਂ ਪਿੱਛੋਂ ਕੁਝ ਜੀਵਤ ਰਹੇ, ਪਰ ਕਾਹਦਾ! ਉਸ ਤੋਂ ਪੂਰੇ ਅੱਠ ਸਾਲ ਬਾਅਦ ਕੀਰਤਨ ਦੇ ਸਿਲਸਿਲੇ ਵਿਚ ਦਿੱਲੀ ਠਹਿਰੇ ਹੋਏ ਸਨ ਕਿ 19 ਜਨਵਰੀ, 1988 ਨੂੰ ਸਵੇਰੇ ਉੱਠ ਕੇ ਕਹਿਣ ਲੱਗੇ, "ਚਾਚੀ ਜੀ, ਭਾ ਜੀ ਭਲਾ ਅੱਜ ਦੇ ਦਿਨ ਪੂਰੇ ਹੋਏ ਸਨ?" ਉਨ੍ਹਾਂ ਅੱਗੋਂ ਹਾਂ ਵਿਚ ਹਾਂ ਮਿਲਾਈ। ਉਸ ਪਿੱਛੋਂ ਆਪ ਨੇ ਨਿੱਤਨੇਮ ਕੀਤਾ ਅਤੇ ਥੋੜ੍ਹਾ ਜਿਹਾ ਆਰਾਮ ਕਰਨ ਲਈ ਮੰਜੇ 'ਤੇ ਰਜ਼ਾਈ ਲੈ ਕੇ ਲੇਟ ਗਏ। ਸਵੇਰ ਦੇ ਛੇ ਵਜੇ ਪਰਿਵਾਰ ਵਾਲਿਆਂ ਦੇਰ ਹੋ ਜਾਣ ਦੇ ਡਰੋਂ ਜਦੋਂ ਹਾਕਾਂ ਮਾਰੀਆਂ ਤਾਂ ਅੱਗੋਂ ਕੋਈ ਜਵਾਬ ਨਾ ਆਇਆ। ਰਜ਼ਾਈ ਚੁੱਕ ਕੇ ਵੇਖੀ ਤਾਂ ਆਪ ਦੀ ਰੂਹ ਪਰਵਾਜ਼ ਕਰ ਚੁੱਕੀ ਸੀ!

ਅੱਜ-ਕੱਲ੍ਹ ਉਨ੍ਹਾਂ ਦੀ ਇਸ ਪਿਤਾ-ਪੁਰਖੀ ਪੁਸ਼ਤੈਨੀ ਪਿਰਤ ਨੂੰ ਉਨ੍ਹਾਂ ਦੇ ਬੇਟੇ ਭਾਈ ਅਮਰੀਕ ਸਿੰਘ ਜ਼ਖ਼ਮੀ, ਬ੍ਰਤਪਾਲ ਸਿੰਘ, ਅੰਮ੍ਰਿਤਪਾਲ ਸਿੰਘ ਅਤੇ ਹਰਜੋਤ ਸਿੰਘ ਦਾ ਜਥਾ ਬੜੀ ਤਨਦੇਹੀ ਨਾਲ ਅੱਗੇ ਤੋਰ ਰਿਹਾ ਹੈ। ਉਨ੍ਹਾਂ ਦੀ ਗਣਤਾ ਵੀ ਅੱਜ ਦੇ ਪੰਥ ਦੇ ਸ਼੍ਰੋਮਣੀ ਰਾਗੀਆਂ ਵਿਚ ਹੁੰਦੀ ਹੈ। ਮੂਡ ਵਿਚ ਹੋਣ ਤਾਂ ਗਾਇਨ ਕਰਦਿਆਂ ਐਨੀਆਂ ਖ਼ੂਬਸੂਰਤੀਆਂ ਪੈਦਾ ਕਰ ਜਾਂਦੇ ਹਨ ਕਿ ਸਰੋਤੇ ਸੁਣਦੇ ਰਹਿ ਜਾਂਦੇ ਹਨ। ਆਪਣੇ ਪੁਰਖਾਂ ਵਾਂਗ ਆਪ ਵੀ ਧੁਮਾਰ, ਆੜਾ ਚੁਤਾਲਾ ਵਰਗੇ ਔਖੇ ਤਾਲਾਂ ਵਿਚ ਵੀ ਸੁਰੀਲਤਾ ਨਿਭਾਉਂਦਿਆਂ ਸਰਲਤਾ ਨਾਲ ਗਾ ਜਾਂਦੇ ਹਨ। ਆਪ ਨੂੰ ਵੀ ਹੁਣ ਤਕ ਅਨੇਕ ਮਾਣ-ਮੱਤੇ ਸਨਮਾਨ ਮਿਲ ਚੁੱਕੇ ਹਨ। ਅੱਜ-ਕੱਲ੍ਹ ਆਪ ਗੁਰੂ ਤੇਗ਼ ਬਹਾਦਰ ਨਗਰ, ਜਲੰਧਰ ਰਹਿ ਰਹੇ ਹਨ।


ਭਾਈ ਅਮਰੀਕ ਸਿੰਘ ਜ਼ਖ਼ਮੀ ਦਾ ਜਥਾ


www.sikhbookclub.com

# ਉਸਤਾਦ ਸੋਹਨ ਸਿੰਘ - ਪਦਮ-ਸ਼੍ਰੀ

ਸਮੂਹ ਭਾਰਤ, ਖ਼ਾਸ ਕਰਕੇ ਸਿੱਖ ਜਗਤ, ਇਸ ਗਾਇਕ 'ਤੇ ਸਦਾ ਸਦਾ ਲਈ ਮਾਣ ਕਰਦਾ ਰਹੇਗਾ। ਕਈ ਸਰੋਤੇ ਅੱਜ ਵੀ ਇਹ ਗੱਲ ਕਹਿੰਦੇ ਸੁਣਾਈ ਦਿੰਦੇ ਹਨ, "ਰਾਤੀਂ ਯਾਰ ਸੋਹਨ ਸਿੰਘ ਦਾ ਰੇਡੀਓ ਪ੍ਰੋਗ੍ਰਾਮ ਸੁਣਿਆ, ਸਾਨੂੰ ਤਾਂ ਕੁਝ ਪਤਾ ਨਹੀਂ ਲੱਗਾ ਕਿ ਆਫ਼ਤਾਬਿ-ਮੌਸੀਕੀ ਗਾ ਰਿਹਾ ਸੀ, ਜਾਂ ਕਿ ਇਹ।"

ਇਸ ਨੇ ਸੱਠ ਸਾਲ ਦੀ ਸੇਵਾ ਅਤੇ ਤਪ-ਸਾਧਨਾ ਪਿੱਛੋਂ ਉਸਤਾਦ ਫ਼ਿਆਜ਼ ਖ਼ਾਂ ਕੋਲੋਂ ਇਸ ਇਲਮ ਦੀ ਪ੍ਰਾਪਤੀ ਕੀਤੀ ਸੀ ਅਤੇ ਅੱਜ ਇਹ ਭੁਲੇਖਾ ਪਵੇ ਵੀ ਕਿਉਂ ਨਾ? ਕੁਦਰਤ ਨੇ ਇਸ ਦੀ ਆਵਾਜ਼ ਵਿਚ ਓਨਾ ਹੀ ਸੋਜ਼ ਭਰ ਦਿੱਤਾ ਹੈ ਜਿੰਨਾ ਇਸ ਦੇ ਉਸਤਾਦ ਵਿਚ ਸੀ। ਇਸ ਦੇ ਗਲੇ ਦੀ ਫੜਕ ਦੀਆਂ ਕੀ ਰੀਸਾਂ। ਵਿਲੰਬਤ ਲਯ ਵਿਚ ਗਾਉਂਦਾ ਤਾਂ ਇਹ ਸੁਆਦ ਲਿਆ ਦਿੰਦਾ ਹੈ।

ਇਹ ਕਲਾਕਾਰ ਆਗਰੇ ਦੇ ਉਸ ਮਹਾਨ ਉਸਤਾਦ ਕੋਲ 1935 ਈ. ਤੋਂ ਲੈ ਕੇ 1944 ਈ. ਤਕ ਰਿਹਾ ਅਤੇ 1939 ਈ. ਵਿਚ ਜਦੋਂ ਇਸ ਨੇ ਕਲਕੱਤਾ ਮਿਊਜ਼ਿਕ ਕਾਨਫ਼੍ਰੰਸ ਵਿਚ ਭਾਗ ਲਿਆ ਤਾਂ ਉਸ ਥਾਂ ਫ਼ਿਆਜ਼ ਖ਼ਾਂ ਤੋਂ ਛੁੱਟ, ਇਨਾਇਤ ਖ਼ਾਂ, ਨੱਥੂ ਖ਼ਾਂ, ਹਾਫ਼ਜ਼ ਅਲੀ ਖ਼ਾਂ ਅਤੇ ਕੇਸਰ ਬਾਈ ਕੇਰਕਰ ਆਦਿ ਵੀ ਆਏ ਹੋਏ ਸਨ। ਓਥੇ ਇਕ ਬੜੀ ਦਿਲਚਸਪ ਘਟਨਾ ਵਾਪਰੀ : ਸੰਮੇਲਨ ਹਾਲ ਵਿਚ ਜਦੋਂ ਫ਼ਿਆਜ਼ ਖ਼ਾਂ ਪੁੱਜਾ, ਉਸਤਾਦ ਨੱਥੂ ਖ਼ਾਂ ਨੇ ਉਸ ਨੂੰ ਕਿਸੇ ਪੜਦੇ ਪਿੱਛੇ ਲੁਕ ਕੇ ਚੰਗਾ ਗਾਉਣ ਦੀ ਵਧਾਈ ਦਿੱਤੀ। ਇਹ ਸੁਣ ਕੇ ਉਸ ਨੇ ਉੱਤਰ ਦਿੱਤਾ ਕਿ ਉਹ ਤਾਂ ਪੰਡਾਲ ਵਿਚ ਹੁਣੇ ਹੀ ਆਇਆ ਹੈ ਅਤੇ ਇਹ ਗੱਲ ਉਸ ਦੀ ਅਣਹੋਂਦ ਵਿਚ ਕਿਵੇਂ ਹੋ ਸਕਦੀ ਹੈ? ਉਸਦਾ ਇੰਜ ਗਾਉਣ ਦਾ ਤਾਂ ਸਵਾਲ ਹੀ ਨਹੀਂ ਉੱਠਦਾ, ਜਦ ਕਿ ਉਹ ਓਥੇ ਹੈ ਹੀ ਨਹੀਂ ਸੀ।

ਇਹ ਗੱਲ ਸੁਣ ਕੇ ਉਸ ਉਸਤਾਦ ਦਾ ਇਹ ਸ਼ਿਸ਼ ਆਪਣੇ ਆਪ ਵਿਚ ਅਤਿਅੰਤ ਖ਼ੁਸ਼ ਹੋਇਆ। ਐਡੀ ਵੱਡੀ ਦਾਦ ਤੋਂ ਵੱਧ ਹੋਰ ਕਿਹੜੀ ਦਾਦ ਹੋ ਸਕਦੀ ਸੀ ਕਿ ਐਨੇ ਪਤਲੇ ਕੰਨਾਂ ਵਾਲੇ ਉਸਤਾਦ ਨੂੰ ਵੀ ਉਸਤਾਦ-ਸ਼ਾਗਿਰਦ ਦੀ ਗਾਇਕੀ ਵਿਚ ਭੋਰਾ ਫ਼ਰਕ ਨਾ ਜਾਪੇ, ਸਗੋਂ ਭੁਲੇਖਾ ਪੈ ਜਾਏ ਅਤੇ ਸੋਹਨ ਸਿੰਘ ਏਥੋਂ ਤਕ ਬਸ ਐਵੇਂ ਹੀ ਨਹੀਂ ਸੀ ਪੁੱਜ ਗਿਆ। ਇਸ ਥਾਂ 'ਤੇ ਪੁੱਜਣ ਲਈ ਇਸ ਨੂੰ ਅਣਗਿਣਤ ਘਾਲਾਂ ਘਾਲਣੀਆਂ ਪਈਆਂ ਸਨ।

ਇਸ ਮਹਾਨ ਗਾਇਕ ਦਾ ਜਨਮ ਲੁਧਿਆਣੇ ਜ਼ਿਲ੍ਹੇ ਦੇ ਪ੍ਰਸਿੱਧ ਕਸਬੇ ਕਿਲ੍ਹਾ ਰਾਏਪੁਰ ਵਿਖੇ 1920 ਈ. ਵਿਚ ਹੋਇਆ। ਸੰਗੀਤ ਨਾਲ ਇਸ ਨੂੰ ਬਚਪਨ ਤੋਂ ਹੀ

 www.sikhbookclub.com



ਉਸਤਾਦ ਸੋਹਨ ਸਿੰਘ ਪਦਮ-ਸ਼੍ਰੀ

 www.sikhbookclub.com

ਲਗਨ ਸੀ, ਇਸ ਲਈ ਇਹ ਧਰੁੱਪਦ ਧਮਾਰ ਸਿੱਖਣ ਲਈ ਭਾਈ ਪ੍ਰਤਾਪ ਸਿੰਘ ਦਾ ਸ਼ਾਗਿਰਦ ਬਣ ਗਿਆ। ਇਸ ਤੋਂ ਪਹਿਲਾਂ ਇਹ ਭਾਈ ਲਾਲ ਕੋਲੋਂ ਸਾ-ਰੇ-ਗਾ ਦੀ ਸਿੱਖਿਆ ਲੈ ਚੁੱਕਾ ਸੀ। ਕੁਝ ਸਮਾਂ ਇਸ ਨੇ ਦਲੀਪ ਚੰਦਰ ਬੇਦੀ ਅਤੇ ਉਮਰਾਓ ਖ਼ਾਂ ਕੋਲੋਂ ਵੀ ਸਿੱਖਿਆ ਲਈ ਪਰ ਇਸ ਦੀ ਰੂਹ ਅਜੇ ਹੋਰ ਵੀ ਉਚੇਰੀਆਂ ਉਡਾਰੀਆਂ ਮਾਰਨੀਆਂ ਚਾਹੁੰਦੀ ਸੀ। ਇਸ ਕੰਮ ਲਈ ਕਾਫ਼ੀ ਧਨ ਦੀ ਲੋੜ ਸੀ। ਹੌਸਲੇ ਅਤੇ ਕਿਸੇ ਚੰਗੇ ਗੁਰੂ ਦੀ ਵੀ। ਇਸ ਥਾਂ ਫਿਰ ਨਾਰੰਗਵਾਲ ਵਾਲੇ ਸੰਤ ਬਾਬਾ ਕਰਤਾਰ ਸਿੰਘ ਅੱਗੇ ਵਧੇ ਜਿਨ੍ਹਾਂ ਇਸ ਨੂੰ ਹੌਸਲਾ ਅਤੇ ਪੈਸੇ ਧੇਲੇ ਤੋਂ ਛੁੱਟ ਅਸ਼ੀਰਵਾਦ ਵੀ ਦਿੱਤੀ।

ਬਸ ਫਿਰ ਕੀ ਸੀ। ਇਹ ਫ਼ਿਆਜ਼ ਖ਼ਾਂ ਦਾ ਸ਼ਾਗਿਰਦ ਬਣ ਗਿਆ। ਹੁਣ ਤਾਂ ਜਾਣੋਂ ਸਾਰੀ ਗੱਲ ਦਾ ਸੁਆਦ ਹੀ ਆ ਗਿਆ। ਉਸਤਾਦ ਨੇ ਪੂਰੀ ਤਨਦੇਹੀ ਨਾਲ ਇਸ ਨੂੰ ਤਾਲੀਮ ਦਿੱਤੀ। ਫ਼ਿਆਜ਼ ਖ਼ਾਂ ਦੀ ਮੌਤ ਪਿੱਛੋਂ ਵੀ ਇਹ ਵਲਾਇਤ ਹੁਸੈਨ ਖ਼ਾਂ ਕੋਲ ਆਮ ਆਉਂਦਾ ਜਾਂਦਾ ਰਿਹਾ, ਜਿਸ ਨਾਲ ਕਈ ਹੋਰ ਚੀਜ਼ਾਂ ਦੀ ਵੀ ਪ੍ਰਾਪਤੀ ਹੁੰਦੀ ਰਹੀ।

ਇਹ ਗਲੇਬਾਜ਼, ਹੁਣ ਤਕ ਦੇਸ਼ ਭਰ ਦੀਆਂ ਵੱਡੀਆਂ ਛੋਟੀਆਂ ਕਈ ਮਹਿਫ਼ਲਾਂ ਵਿਚ ਭਾਗ ਲੈ ਚੁੱਕਾ ਅਤੇ ਨਾਮਣਾ ਖੱਟ ਚੁੱਕਾ ਹੈ। ਰਾਸ਼ਟਰੀ ਕਾਰਯਕ੍ਰਮ ਵਿਚ ਭਾਗ ਲੈਣ ਲਈ ਹੁਣ ਤਕ ਇਸ ਨੂੰ ਪੰਜ ਛੇ ਵਾਰ ਉਚੇਚਾ ਸੱਦਿਆ ਗਿਆ ਹੈ ਅਤੇ ਮੀਆਂ ਤਾਨਸੈਨ ਉਰਸ ਗਵਾਲੀਅਰ ਵਿਚ ਵੀ ਭਾਗ ਲੈ ਚੁੱਕਿਆ ਹੈ।

1951 ਈ. ਵਿਚ ਇਸ ਨੂੰ ਰੇਡੀਓ ਸਟੇਸ਼ਨ ਜਲੰਧਰ ਵਿਖੇ ਸੁਪਰਵਾਈਜ਼ਰ ਨਿਯੁਕਤ ਕੀਤਾ ਗਿਆ। ਓਥੇ ਇਹ ਮਿਊਜ਼ਿਕ ਪ੍ਰੋਡਿਊਸਰ ਦੇ ਅਹੁਦੇ ਤਕ ਪੁੱਜਿਆ। ਜਨਵਰੀ 1967 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਾਲਿਆਂ ਨੇ ਇਸ ਨੂੰ ਰੀਡਰ ਇਨ ਮਿਊਜ਼ਿਕ ਦੀ ਪੇਸ਼ਕਸ਼ ਕੀਤੀ ਜਿਹੜੀ ਇਸ ਨੇ ਸਵੀਕਾਰ ਕਰ ਲਈ ਅਤੇ ਹੁਣ ਇਹ ਗੌਰਮਿੰਟ ਕਾਲਜ ਫ਼ਾਰ ਵੂਮੈਨ ਵਿਚ ਪ੍ਰੋਫ਼ੈਸਰ ਲੱਗਾ ਹੋਇਆ ਹੈ ਅਤੇ ਐੱਮ.ਏ. ਦੀਆਂ ਜਮਾਤਾਂ ਨੂੰ ਪੜ੍ਹਾਉਂਦਾ ਹੈ।

ਦੇਸੀ, ਬਰਵਾ, ਟੋਡੀ, ਲੱਲਿਤ ਅਤੇ ਜੈ ਜੈ ਵੰਤੀ, ਇਸ ਦੇ ਕੁਝ ਕੁ ਚਹੇਤੇ ਰਾਗ ਹਨ। ਨੋਮ ਤੋਮ, ਅਲਾਪ, ਖ਼ਿਆਲ, ਠੁਮਰੀ ਅਤੇ ਗ਼ਜ਼ਲ ਆਦਿ 'ਤੇ ਇਸ ਦਾ ਪੂਰਾ ਠੁੱਕ ਹੈ।

ਐਡੇ ਵੱਡੇ ਰੁਤਬੇ ਦੇ ਕਲਾਕਾਰ ਭਾਵੇਂ ਕਿਸੇ ਖ਼ਾਸ ਸੂਬੇ ਜਾਂ ਧਰਮ ਨਾਲ ਬੱਧੇ ਨਹੀਂ ਹੁੰਦੇ, ਫਿਰ ਵੀ ਪੰਜਾਬੀਆਂ ਲਈ, ਖ਼ਾਸ ਕਰਕੇ ਸਿੱਖਾਂ ਲਈ ਇਹ ਮਹਾਨ ਕੰਮ ਕਰ ਰਿਹਾ ਹੈ, ਕਿਉਂਕਿ ਅੱਜ-ਕੱਲ੍ਹ ਇਹ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ ਗਏ ਸ਼ਬਦਾਂ ਦੀਆਂ ਸੁਰ-ਲਿਪੀਆਂ ਲਿਖਣ ਵਿਚ ਵੀ ਮਗਨ ਹੈ। ਸੰਗੀਤ ਸੰਬੰਧੀ ਇਸ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਹੋਇਆਂ ਭਾਰਤ ਸਰਕਾਰ ਨੇ ਇਸ ਨੂੰ 1983 ਈ. ਵਿਚ ਪਦਮ-ਸ਼੍ਰੀ ਦੇ ਕੇ ਸਨਮਾਨ ਕੀਤਾ। ਦਿੱਲੀ ਤੋਂ ਇਹ ਉਪਾਧੀ ਲੈ ਕੇ ਜਦੋਂ ਆਪ ਪੰਜਾਬ ਆਏ, ਕਿਸੇ ਨੇ ਪੁੱਛਿਆ, "ਸਰਦਾਰ ਸਾਹਿਬ, ਰਾਸ਼ਟਰਪਤੀ ਭਵਨ ਵਿਚ ਜਾ ਕੇ ਤੁਸੀਂ ਕੀ ਮਹਿਸੂਸ ਕੀਤਾ," ਤਾਂ ਅੱਗੋਂ ਉਨ੍ਹਾਂ ਦਾ ਇਹ ਉੱਤਰ ਸੀ, "ਆਹ ਦੇਖ ਲਓ, ਇਕ ਕਾਗਜ਼ ਦਾ ਟੁਕੜਾ ਦੇ ਕੇ ਤੋਰ ਦਿੱਤਾ, ਇਸਨੂੰ ਧੂਫ਼ ਟਿੱਕਾ ਦੇਵਾਂ ਜਾਂ

ਚੱਟਾਂ ? ਆਰਥਿਕ ਹਾਲਤ ਵਿਚ ਇਹ ਮੇਰੀ ਕੀ ਸਹਾਇਤਾ ਕਰੇਗਾ ? ਇਸ ਤੋਂ ਚੰਗਾ ਹੁੰਦਾ ਜੇਕਰ ਉਹ ਮੈਨੂੰ ਦੋ ਚਾਰ ਲੱਖ ਰੁਪਿਆ ਦੇ ਦਿੰਦੇ, ਇਕ ਕੋਠੀ ਬਣਾ ਦਿੰਦੇ, ਇਕ ਕਾਰ ਦੇ ਦਿੰਦੇ ਤਾਂ ਆਪਣੀ ਆਖ਼ਰੀ ਉਮਰ ਤਾਂ ਆਰਾਮ ਨਾਲ ਬਤੀਤ ਕਰ ਸਕਦਾ। ਰਿਆਸਤੀ ਦੌਰ 'ਚ ਮਹਾਰਾਜੇ ਆਪਣੇ ਆਪਣੇ ਦਰਬਾਰੀ ਕਲਾਕਾਰਾਂ ਨੂੰ ਕਹਿੰਦੇ ਹੁੰਦੇ ਸਨ, 'ਬਸ ਖਾਓ ਔਰ ਗਾਓ'; ਹੁਣ ਉਹ ਗੱਲਾਂ ਕਿਥੇ! ਚਲੋ, ਜੋ ਹੈ, ਠੀਕ ਹੈ॥"

ਆਪ ਦਾ ਬੇਟਾ ਸ. ਹਰਪਾਲ ਸਿੰਘ ਕਈ ਸਾਲਾਂ ਤੋਂ ਵੈਨਕੂਵਰ ਕਨੇਡਾ ਰਹਿ ਰਿਹਾ ਹੈ।

1987 ਈ. ਵਿਚ ਸ. ਸੋਹਣ ਸਿੰਘ ਚੜ੍ਹਾਈ ਕਰ ਗਏ ਸਨ।

[ਨੋਟ : ਇਹ ਲੇਖ ਉਨ੍ਹਾਂ ਦੇ ਜੀਉਂਦੇ-ਜੀ 1967 ਈ. ਵਿਚ ਲਿਖਿਆ ਗਿਆ ਸੀ।]

SIKHBOOKCLUB.COM

# ਪਿਆਰਾ ਸਿੰਘ

## (ਦਿਲਰੁਬਾ ਅਤੇ ਤਾਰ ਸ਼ਹਿਨਾਈ ਵਾਦਕ)



*ਭਾਈ ਪਿਆਰਾ ਸਿੰਘ*

ਇਸ ਸੰਗੀਤ ਨਿਰਦੇਸ਼ਕ ਦਾ ਜਨਮ ਦਸੰਬਰ 1924 ਨੂੰ ਤਹਿਸੀਲ ਡਸਕਾ, ਜ਼ਿਲ੍ਹਾ ਸਿਆਲਕੋਟ ਵਿਚ ਹੋਇਆ। ਬਚਪਨ ਵਿਚ ਆਪਣੇ ਪਿਤਾ ਭਾਈ ਕੇਸਰ ਸਿੰਘ ਰਾਗੀ ਤੋਂ ਸ਼ਾਸਤ੍ਰੀ ਗਾਇਨ ਅਤੇ ਪ੍ਰਾਚੀਨ ਸ਼ਬਦ-ਰੀਤਾਂ ਸਿੱਖੀਆਂ। ਅਠਾਰਾਂ ਸਾਲ ਦੀ ਉਮਰ ਹੋਣ 'ਤੇ ਇਸਨੂੰ ਤੰਤੀ ਸਾਜ਼ ਵਜਾਉਣ ਦਾ ਸ਼ੌਕ ਜਾਗਿਆ। ਇਸਦੇ ਸ਼ੌਕ ਨੂੰ ਮੁੱਖ ਰੱਖਦਿਆਂ, ਇਸ ਦੇ ਪਿਤਾ ਨੇ ਇਸ ਨੂੰ ਦਿਲਰੁਬਾ ਵਜਾਉਣ ਲਈ ਪ੍ਰੇਰਿਆ, ਕਿਉਂਕਿ ਉਹ ਇਸ ਸਾਜ਼ ਵਿਚ ਇਸਦੀ ਚੰਗੀ ਤਰ੍ਹਾਂ ਮਦਦ ਕਰ ਸਕਦੇ ਸਨ। ਉਹ ਉਸਤਾਦ ਇਮਾਮਦੀਨ ਸਿਆਲਕੋਟੀ ਦੇ ਸ਼ਾਗਿਰਦ ਸਨ, ਜਿਹੜਾ ਇਕ ਚੰਗਾ ਗਵੱਈਆ ਅਤੇ ਸਾਰੰਗੀਆ ਸੀ। ਇਸ ਲਈ ਉਨ੍ਹਾਂ ਇਸ ਨੂੰ ਸਾਰੰਗੀ ਦੇ ਆਧਾਰ 'ਤੇ ਦਿਲਰੁਬਾ ਸਿਖਾਉਣਾ ਸ਼ੁਰੂ ਕਰਵਾ ਦਿੱਤਾ। ਚਾਰ ਪੰਜ ਸਾਲ ਦੀ ਮਿਹਨਤ ਪਿੱਛੋਂ ਇਸ ਨੂੰ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਸੇਵਾ ਕਰਨ ਦਾ ਮੌਕਾ ਜੁੜਿਆ। ਇਥੇ ਭਾਈ ਤਾਬਾ ਜੀ ਇਸ ਦੇ ਸੰਪਰਕ ਵਿਚ ਆਏ ਅਤੇ ਉਨ੍ਹਾਂ ਕੋਲੋਂ ਵੀ ਇਸ ਨੇ ਕੁਝ ਪੁਰਾਤਨ ਸ਼ਬਦ ਰੀਤਾਂ ਪ੍ਰਾਪਤ ਕੀਤੀਆਂ। ਇਹ ਕਲਾਕਾਰ ਅਗਸਤ 1947 ਵਿਚ ਆਲ ਇੰਡੀਆ ਰੇਡੀਓ ਲਖਨਊ ਵਿਚ ਨੌਕਰ ਹੋ ਗਿਆ ਅਤੇ ਦੋ ਸਾਲ ਉਥੇ ਰਹਿਣ ਪਿੱਛੋਂ ਦਿੱਲੀ ਆ ਗਿਆ। ਸੇਵਾ-ਮੁਕਤੀ ਤਕ ਇਹ ਫਿਰ ਦਿੱਲੀ ਸਟੇਸ਼ਨ 'ਤੇ ਹੀ ਰਹੇ।

ਅਗਸਤ 1959 ਵਿਚ ਇਹ ਇਕ ਸੰਗੀਤ ਪਾਰਟੀ ਨਾਲ ਕਾਬਲ ਵੀ ਗਿਆ ਸੀ। 1966 ਈ. ਵਿਚ ਇਹ ਸਰਕਾਰ ਵਲੋਂ ਵਲੈਤ ਆਇਆ ਅਤੇ ਉਦੋਂ ਇਸ ਨਾਲ ਹਿੰਮਤ ਕੁਮਾਰ, ਆਸਾ ਸਿੰਘ ਮਸਤਾਨਾ ਅਤੇ ਸੁਰਿੰਦਰ ਕੌਰ ਵੀ ਸਨ। 1971 ਈ. ਵਿਚ ਇਹ ਦੁਬਾਰਾ ਇੰਗਲੈਂਡ ਆਇਆ ਅਤੇ ਕਈ ਸ਼ਹਿਰਾਂ ਵਿਚ ਆਪਣੀ ਕਲਾ ਦੀ ਪ੍ਰਦਰਸ਼ਨੀ ਕੀਤੀ। ਇਸ ਨੇ *ਗੁਰ ਸ਼ਬਦ ਸੰਗੀਤ* (1970) ਨਾਂ ਦੀ ਇਕ ਕਿਤਾਬ ਵੀ ਰਚੀ ਹੈ ਜਿਹੜੀ ਕਿ ਸਿਖਿਆਰਥੀਆਂ ਲਈ ਲਾਭਦਾਇਕ ਹੈ। ਨਾਮਧਾਰੀ ਪ੍ਰਸਿੱਧ ਕੀਰਤਨੀਏ ਭਾਈ ਬਲਜੀਤ ਸਿੰਘ ਦਿੱਲੀ ਵਾਲਿਆਂ ਨੇ ਤਾਰ ਸ਼ਹਿਨਾਈ ਆਪ ਤੋਂ ਹੀ ਸਿੱਖੀ ਸੀ।

[ਨੋਟ: ਪਤਾ ਲੱਗਾ ਹੈ ਕਿ 1996 ਈ. ਦੇ ਨੇੜੇ ਆਪ ਚੜ੍ਹਾਈ ਕਰ ਗਏ ਸਨ। ਆਪ ਦਾ ਇਕ ਬੇਟਾ ਅੱਜ-ਕੱਲ੍ਹ ਬਰਮਿੰਘਮ (ਯੂ.ਕੇ.) ਰਹਿ ਰਿਹਾ ਹੈ।]


www.sikhbookclub.com

# ਨਰਿੰਦਰ ਸਿੰਘ ਵਿਰਦੀ



ਨਰਿੰਦਰ ਸਿੰਘ ਵਿਰਦੀ
ਵਚਿੱਤ੍ਰ ਵੀਣਾ ਵਾਦਕ

ਇਹ ਕਲਾਕਾਰ ਪੰਜਾਬ ਦਾ ਇੱਕੋ ਇਕ ਵਚਿੱਤਰ ਵੀਣਾ ਵਾਦਕ ਹੈ, ਜਿਸ ਨੇ ਉੱਤਰੀ ਭਾਰਤ ਵਿਚ ਖ਼ੂਬ ਨਾਮ ਖੱਟਿਆ ਹੈ।

ਇਸਦਾ ਜਨਮ ਅੰਮ੍ਰਿਤਸਰ ਵਿਖੇ 1919 ਈ. ਵਿਚ ਹੋਇਆ। ਬਚਪਨ ਤੋਂ ਹੀ ਇਸਨੂੰ ਅਨੇਕ ਸਾਜ਼ ਵਜਾਉਣ ਦਾ ਸ਼ੌਕ ਸੀ, ਜਿਨ੍ਹਾਂ ਵਿੱਚੋਂ ਸਿਤਾਰ ਅਤੇ ਸਾਰੰਗੀ ਇਸ ਦੇ ਮਨ-ਭਾਉਂਦੇ ਸਨ। ਜਦੋਂ ਇਸਦੀ ਉਮਰ ਵੀਹਵਾਂ ਸਾਲ ਟੱਪੀ ਤਾਂ ਇਸਨੂੰ ਵਚਿੱਤਰ ਵੀਣਾ ਸਿਖਾਉਣ ਲਈ ਇਕ ਸਹੀ ਮੁਰਸ਼ਦ ਮਿਲ ਗਿਆ : ਉਸਤਾਦ ਅਹਿਮਦ ਹੁਸੈਨ ਖ਼ਾਂ। ਉਸਤਾਦ ਨੇ ਅਜੇ ਕੁਝ ਸਾਲ ਹੀ ਤਾਲੀਮ ਦਿੱਤੀ ਸੀ ਕਿ ਅਚਾਨਕ ਉਸਦੀ ਮੌਤ ਹੋ ਗਈ।

ਉਸ ਪਿੱਛੋਂ ਇਕ ਨਵੇਂ ਉਸਤਾਦ ਦੀ ਤਲਾਸ਼ ਕਰਨੀ ਪਈ। ਆਖ਼ਰ ਰੱਬ ਨੇ ਸੁਣ ਲਈ, ਜਦ ਕਿ ਉਸਤਾਦ ਅਹਿਮਦ ਰਜ਼ਾ ਖ਼ਾਂ ਨੇ ਇਸਨੂੰ ਆਪਣਾ ਸ਼ਾਗਿਰਦ ਬਣਾ ਲਿਆ। ਚੰਗੀ ਸਿਖਸ਼ਾ ਅਤੇ ਕਈ ਸਾਲਾਂ ਦੇ ਮਿਹਨਤ ਰਿਆਜ਼ ਦਾ ਇਹ ਅਸਰ ਹੋਇਆ ਕਿ ਵਿਰਦੀ ਦੀ ਕਲਾ ਖ਼ੂਬ ਨਿਖਰ ਗਈ।

ਇਹ ਕਲਾਕਾਰ 1953 ਈ. ਤੋਂ ਰੇਡੀਓ ਪ੍ਰੋਗਰਾਮ ਦੇ ਰਿਹਾ ਹੈ। ਜਦੋਂ ਕਿਤੇ ਇਹ ਰਾਗ ਜੋਗੀਆ, ਬਾਗੇਸ਼ਰੀ, ਦਰਬਾਰੀ, ਭੈਰਵੀ ਆਦਿ ਵਜਾ ਰਿਹਾ ਹੋਵੇ, ਤਾਂ ਬਸ ਨਸ਼ਾ ਹੀ ਆ ਜਾਂਦਾ ਹੈ।

1970 ਈ. ਵਿਚ ਇਹ ਅਤੇ ਪ੍ਰਸਿੱਧ ਆਰਟਿਸਟ ਫੂਲਾਂ ਰਾਣੀ ਜੀ ਵਲੈਤ ਵੀ ਆਏ ਸਨ। ਇਸਨੇ ਏਧਰ ਕੁਝ ਪ੍ਰੋਗਰਾਮ ਵੀ ਦਿੱਤੇ, ਜਿਹੜੇ ਕਾਫ਼ੀ ਸਫਲ ਰਹੇ।

ਵਿਰਦੀ ਨੂੰ ਸਾਹਿਤ ਨਾਲ ਵੀ ਖ਼ਾਸਾ ਇਸ਼ਕ ਹੈ। ਹੁਣ ਤਕ ਉਹ ਕੁਝ ਕਿਤਾਬਾਂ ਵੀ ਲਿਖ ਚੁੱਕੇ ਹਨ। ਇਹ ਬੱਚਿਆਂ ਦੀਆਂ ਕਿਤਾਬਾਂ ਦੇ ਛਾਪਕ ਵੀ ਹਨ। ਕਈ ਸਾਲਾਂ ਤੋਂ ਆਪ ਹੁਣ ਕਨੇਡਾ ਰਹਿ ਰਹੇ ਹਨ।

ਇਹਨਾਂ ਤੋਂ ਛੁੱਟ ਇਸ ਸਾਜ਼ ਨੂੰ ਵਜਾਉਣ ਵਾਲਾ ਅੰਮ੍ਰਿਤਸਰ ਵਿਖੇ ਇਕ ਹੋਰ ਕਲਾਕਾਰ ਵੀ ਹੈ, ਜਿਸਦਾ ਨਾਂ ਬ੍ਰਹਮ ਸਰੂਪ ਸਿੰਘ ਹੈ। ਉਸਦਾ ਹੱਥ ਵੀ ਚੰਗਾ ਹੈ।


www.sikhbookclub.com

# ਪ੍ਰੋ. ਹਰਚੰਦ ਸਿੰਘ ਗੁਰਦਿਆਲ ਸਿੰਘ ਕਲਸੀ

ਆਪ ਦਾ ਜਨਮ ਧਰਮਕੋਟ ਤੋਂ ਪੰਜ ਕੁ ਮੀਲ ਦੂਰ ਪਿੰਡ ਕਿਸ਼ਨਪੁਰਾ ਵਿਚ ਹੋਇਆ। ਧਰਮਕੋਟ ਦੇ ਸੁਪ੍ਰਸਿੱਧ ਪੰਥ ਦੇ ਮਹਾਨ ਰਾਗੀ ਭਾਈ ਪ੍ਰਤਾਪ ਸਿੰਘ ਜੀ ਆਪ ਦੇ ਮਾਤਾ ਜੀ ਦੇ ਨਾਨੇ ਲੱਗਦੇ ਸਨ। ਆਪ ਦਾ ਸੰਬੰਧ ਰਾਗੀਆਂ ਦੇ ਇਕ ਪ੍ਰਸਿੱਧ ਪਰਿਵਾਰ ਨਾਲ ਹੈ।

ਛੋਟੀ ਉਮਰ ਵਿਚ ਹੀ ਮੋਗੇ ਆ ਗਏ ਅਤੇ ਏਥੇ ਬਾਘਾਪੁਰਾਣਾ ਵਾਲੀ ਸੜਕ 'ਤੇ ਉਸ ਥਾਂ ਰਹਿਣ ਲੱਗ ਪਏ ਜਿਹੜਾ ਕਿ ਰਾਗੀਆਂ ਦਾ ਮੁਹੱਲਾ ਅਖਵਾਉਂਦਾ ਸੀ। ਆਪ ਏਥੇ ਭਾਈ ਗੰਗਾ ਸਿੰਘ ਮੇਵਾ ਸਿੰਘ ਚੰਨਣ ਸਿੰਘ ਪਾਸੋਂ ਰਾਗ ਵਿਦਿਆ ਸਿੱਖਣ ਲੱਗ ਪਏ। ਇਨ੍ਹਾਂ ਦੇ ਇਕ ਹੋਰ ਗੁਰੂ ਗੁਰਦਿੱਤ ਸਿੰਘ ਦੇ ਦਾਦੇ ਕਦੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਮੁੱਖ ਰਾਗੀ ਰਹਿ ਚੁੱਕੇ ਸਨ। ਇਨ੍ਹਾਂ ਸਭਨਾਂ ਧਨੰਤਰ ਰਾਗੀਆਂ ਤੋਂ ਆਪ 1932 ਤੋਂ ਲੈ ਕੇ 1934 ਈ. ਤਕ ਸਿੱਖਦੇ ਰਹੇ। ਉਨ੍ਹਾਂ ਦਿਨਾਂ 'ਚ ਮੋਗੇ ਇਕ ਮਸ਼ਹੂਰ ਸਾਰੰਗੀ ਮਾਸਟਰ ਰਹਿੰਦਾ ਸੀ ਜਿਸਦਾ ਨਾਂ ਸਾਦਕ ਅਲੀ ਸੀ, ਉਹ ਸਾਧੂ ਸਾਰੰਗੀਆ ਕਰ ਕੇ ਪ੍ਰਸਿੱਧ ਸੀ। ਕੁਝ ਸਮਾਂ ਆਪ ਉਸ ਤੋਂ ਵੀ ਸਿੱਖਦੇ ਰਹੇ। ਉਹ ਗੁਣੀ ਬੰਦਾ ਸੀ ਜਿਹੜਾ ਉਨ੍ਹਾਂ ਭਲੇ ਦਿਨਾਂ 'ਚ ਆਪਣੀ ਕਲਾ ਦਾ ਸਦਕਾ ਦਸ ਪੰਦਰਾਂ ਰੁਪਏ ਰੋਜ਼ਾਨਾ ਕਮਾ ਲੈਂਦਾ ਸੀ, ਜਿਹੜੀ ਕਮਾਈ ਕਿ ਉਨ੍ਹਾਂ ਸਸਤੇ ਸਮਿਆਂ ਮੁਜਬ ਤਸੱਲੀਬਖ਼ਸ਼ ਸੀ। ਪਰ ਕਿਉਂਕਿ ਇਨ੍ਹਾਂ ਦੋਹਾਂ ਭਰਾਵਾ ਨੂੰ ਸ਼ੌਕ ਸੀ ਕਿ ਹੋਰ ਅੱਗੇ ਵਧੀਏ, ਇਸ ਲਈ ਇਹ ਦੋਵੇਂ ਫਿਰ ਇਕ ਹੋਰ ਉਸਤਾਦ ਕੋਲੋਂ ਸਿੱਖਣ ਲੱਗ ਪਏ, ਜਿਹੜਾ ਕਿ ਅੱਗੋਂ ਪੰਡਿਤ ਵਿਸ਼ਨੂੰ ਦਿਗੰਬਰ ਦਾ ਸ਼ਾਗਿਰਦ ਸੀ। ਚਾਰ ਸਾਲ ਦਾ ਕੋਰਸ ਪੂਰਾ ਕੀਤਾ। ਸੋ ਇਨ੍ਹਾਂ ਦੀ ਗਾਇਕੀ 'ਤੇ ਹੁਣ ਗਵਾਲੀਅਰ ਘਰਾਣੇ ਦਾ ਰੰਗ ਚੜ੍ਹਨਾ ਇਕ ਕੁਦਰਤੀ ਅਮਲ ਸੀ। ਪੰਜਾਬ ਦੇ ਮਾਇਆਨਾਜ਼ ਮਾਸਟਰ ਰਤਨ ਫ਼ਗਵਾੜਾ ਵਾਲੇ ਲਖਨਊ ਤੋਂ ਜਦੋਂ ਪੰਜਾਬ ਪਰਤ ਆਏ ਤਾਂ ਆਪ ਉਨ੍ਹਾਂ ਕੋਲੋਂ ਸਿੱਖਣ ਲਈ ਵੀ ਕਦੇ-ਕਦੇ ਫ਼ਗਵਾੜੇ ਆਉਂਦੇ ਜਾਂਦੇ ਰਹੇ। ਏਧਰੋਂ ਓਧਰੋਂ ਐਨੀ ਵਿਦਿਆ ਪ੍ਰਾਪਤ ਕਰਨ ਉਪਰੰਤ ਇਨ੍ਹਾਂ ਦੇ ਗਾਇਨ ਅੰਗ 'ਚ ਫਿਰ ਨਿਖਾਰ ਤਾਂ ਆਉਣਾ ਹੀ ਸੀ। ਹੁਣ ਤਕ ਸ਼ਾਸਤ੍ਰੀ ਸੰਗੀਤ ਆਧਾਰ ਬਣ ਚੁੱਕਾ ਸੀ, ਨਤੀਜਾ ਇਹ ਹੋਇਆ ਕਿ ਉਸ ਪਿੱਛੋਂ ਇਹ ਜਿਸ ਥਾਂ ਵੀ ਗਏ, ਹਰ ਤਰ੍ਹਾਂ ਦੇ ਸਰੋਤਿਆਂ ਦੀ ਤਸੱਲੀ ਕਰਵਾ ਦਿੱਤੀ। ਇਨ੍ਹਾਂ ਦੀ ਗਾਇਨ ਸ਼ੈਲੀ ਕਿਉਂਕਿ ਬੜੀ ਸੁਰੀਲੀ ਅਤੇ ਸੁਰੰਗੜੀ ਸੀ, ਇਸ ਲਈ 1942 ਈ. ਵਿਚ ਇਨ੍ਹਾਂ ਦੀ ਨਿਯੁਕਤੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਹੋ ਗਈ ਜਿਥੇ ਇਹ ਫਿਰ ਤਿੰਨ ਸਾਲ ਰਹੇ। 1944 ਈ.



ਪ੍ਰੋ. ਹਰਚੰਦ ਸਿੰਘ ਗੁਰਦਿਆਲ ਸਿੰਘ ਕਲਸੀ, ਕਰਤਾ ਬਲਬੀਰ ਸਿੰਘ ਕੰਵਲ (ਖੱਬੇ ਪਾਸੇ) ਦੇ ਗ੍ਰਹਿ ਲੰਡਨ ਵਿਖੇ ਸੰਨ 1976 'ਚ


www.sikhbookclub.com

'ਚ ਆਪਣੇ ਸ਼ਹਿਰ ਮੋਗੇ ਵਾਪਸ ਪਰਤ ਆਏ ਅਤੇ ਏਥੇ ਵਿਦਿਆਰਥੀਆਂ ਨੂੰ ਸਿਖਾਉਣ ਲਈ ਸੰਗੀਤ ਦਾ ਇਕ ਵਿਦਿਆਲਾ ਖੋਲ੍ਹ ਲਿਆ। 1947 ਵਿਚ ਫ਼ਰੀਦਕੋਟ ਰਿਆਸਤ ਵਿਚ ਜਦੋਂ ਰੇਡੀਓ ਸਟੇਸ਼ਨ ਖੁੱਲ੍ਹਾ ਤਾਂ ਮਹਾਰਾਜੇ ਨੇ ਇਨ੍ਹਾਂ ਦੀ ਨਿਯੁਕਤੀ ਬਤੌਰ ਮਿਊਜ਼ਿਕ ਡਾਇਰੈਕਟਰ ਦੇ ਕਰ ਦਿੱਤੀ। ਇਸ ਸਟੇਸ਼ਨ ਦੇ ਰੇਡੀਓ ਡਾਇਰੈਕਟਰ ਉਦੋਂ ਡਾ. ਗੁਰਨਾਮ ਸਿੰਘ ਤੀਰ ਦੇ ਭਾਈ ਐੱਸ.ਐੱਸ. ਸਰੋਜ ਲੱਗੇ ਹੋਏ ਸਨ।

ਇਸ ਜਥੇ ਨੂੰ ਮੈਂ ਸਭ ਤੋਂ ਪਹਿਲਾਂ ਉਦੋਂ ਸੁਣਿਆ ਜਦੋਂ ਡਾ. ਗੁਰਨਾਮ ਸਿੰਘ ਤੀਰ (ਜਿਹੜੇ ਕਿ ਲੇਖਕ ਨੂੰ ਆਪਣਾ ਛੋਟਾ ਵੀਰ ਸਮਝਦੇ ਸਨ) ਦੇ ਇਕਲੌਤੇ ਬੇਟੇ ਨੇ ਕਿਸੇ ਕਾਰਨ ਆਤਮ ਹੱਤਿਆ ਕਰ ਲਈ ਸੀ। ਤੀਰ ਸਾਹਿਬ ਅਜੇ ਉਦੋਂ ਆਪਣੀ ਕੋਠੀ ਸਰਦਾਰ ਨਗਰ, ਮੋਗੇ ਰਹਿੰਦੇ ਹੁੰਦੇ ਸਨ। ਕਿਉਂਕਿ ਇਸ ਪਰਿਵਾਰ ਨਾਲ ਇਸ ਜਥੇ ਦੇ ਘਰੇਲੂ ਸੰਬੰਧ ਸਨ, ਇਸ ਲਈ ਇਨ੍ਹਾਂ ਨੇ ਓਥੇ ਸੋਗ ਵਿਚ ਡੁੱਬ ਕੇ ਅਜਿਹਾ ਕੀਰਤਨ ਕੀਤਾ ਕਿ ਸਰੋਤਿਆਂ 'ਚੋਂ ਉਥੇ ਕਿਹੜੀ ਅੱਖ ਸੀ ਜਿਹੜੀ ਅਸ਼ਕਬਾਰ ਨਾ ਹੋਈ ਹੋਵੇ।

ਉਸ ਪਿੱਛੋਂ ਇਸ ਜਥੇ ਦੇ ਦਰਸ਼ਨ-ਦੀਦਾਰੇ ਮੈਂ ਕਈ ਵੇਰ ਜਲੰਧਰ ਰੇਡੀਓ ਸਟੇਸ਼ਨ 'ਤੇ ਕਰਦਾ ਰਿਹਾ। ਪ੍ਰਸਿੱਧ ਸ਼ਾਇਰ ਐੱਸ.ਐੱਸ. ਮੀਸ਼ਾ ਮੇਰੇ ਜਮਾਤੀ ਓਥੇ ਲੱਗੇ ਹੋਏ ਸਨ। ਜਿਸ ਦਿਨ ਵੀ ਕਿਸੇ ਚੰਗੇ ਰਾਗੀ ਰਬਾਬੀ ਦਾ ਕੀਰਤਨ ਹੋਣਾ ਹੁੰਦਾ, ਉਹ ਮੈਨੂੰ ਅਗਾਊਂ ਦੱਸ ਦਿੰਦੇ।

ਇਹ ਅਕਤੂਬਰ 1976 ਦੀਆਂ ਗੱਲਾਂ ਹਨ। ਯੂ.ਕੇ. ਦੀਆਂ ਸੰਗਤਾਂ ਨੇ ਇਨ੍ਹਾਂ ਦੇ ਜਥੇ ਨੂੰ ਏਧਰ ਕੀਰਤਨ ਕਰਨ ਲਈ ਸੱਦਿਆ। ਇਨ੍ਹਾਂ ਨੇ ਸਾਡੇ ਸ਼ਹਿਰ ਬਾਰਕਿੰਗ ਵੀ ਕੀਰਤਨ ਕੀਤਾ। ਬੜਾ ਆਨੰਦ ਆਇਆ। ਭਾਈ ਗੁਰਦਿਆਲ ਸਿੰਘ ਦਾ ਬੇਟਾ, ਜਿਹੜਾ ਇਨ੍ਹਾਂ ਦਾ ਤਬਲੀਆ ਸੀ, ਨਾਲ ਸਾਥ ਦਿੰਦਾ-ਦਿੰਦਾ ਵਿਚ-ਵਿਚ ਬੜੇ ਖ਼ੂਬਸੂਰਤ ਤਾਨ ਪਲਟੇ ਵੀ ਲੈਂਦਾ। ਉਨ੍ਹਾਂ ਦਿਨਾਂ 'ਚ ਪਾਕਿਸਤਾਨ ਦੇ ਸੁਪ੍ਰਸਿੱਧ ਗਾਇਕ ਉਸਤਾਦ ਨਜ਼ਾਕਤ ਅਲੀ ਸਲਾਮਤ ਅਲੀ ਦਾ ਸਾਡੇ ਘਰ ਆਮ ਆਉਣਾ ਜਾਣਾ ਸੀ। ਉਸ ਦੀ ਰੀਕਾਰਡਿੰਗ ਸੁਣ ਕੇ ਉਹ ਬੇਹੱਦ ਮੁਤਾਸਰ ਹੋਏ। ਇਨ੍ਹਾਂ ਦੇ ਤਬਲਚੀ ਨੇ ਉਸਤਾਦ ਸਲਾਮਤ ਅਲੀ ਖ਼ਾ ਦੀ ਸ਼ਾਗਿਰਦੀ ਕਰਨ ਦੀ ਇੱਛਾ ਪ੍ਰਗਟ ਕੀਤੀ। ਅਸੀਂ ਇਸ ਜਥੇ ਦੇ ਕੁਝ ਸ਼ਬਦ ਵੀ ਟੇਪ ਰੀਕਾਰਡ ਕੀਤੇ। ਕਈ ਦਿਨ ਖ਼ੂਬ ਗੱਪਸ਼ੱਪ ਲੱਗਦੀ ਰਹੀ। ਬੜਾ ਆਨੰਦ ਆਇਆ।

1952 ਈ. ਵਿਚ ਇਨ੍ਹਾਂ ਦਾ ਜਥਾ ਮੋਗਾ ਛੱਡ ਕੇ ਲੁਧਿਆਣੇ ਆ ਗਿਆ ਸੀ ਅਤੇ ਇਹ ਏਥੋਂ ਦੀ ਘੁਮਾਰ ਮੰਡੀ ਰਹਿਣ ਲੱਗ ਪਏ ਸਨ। ਪਰ ਅਫ਼ਸੋਸ ਕਿ ਪ੍ਰੋ. ਹਰਚੰਦ ਸਿੰਘ ਦੇ ਛੋਟੇ ਭਾਈ ਗੁਰਦਿਆਲ ਸਿੰਘ ਕਲਸੀ ਦਸੰਬਰ 2001 'ਚ ਚੜ੍ਹਾਈ ਕਰ ਗਏ ਹਨ।

# ਸੋਹਨ ਸਿੰਘ ਪਦਮ

ਇਸ ਸੰਗੀਤਕਾਰ ਦਾ ਜਨਮ ਅੰਮ੍ਰਿਤਸਰ ਸ਼ਹਿਰ ਵਿਖੇ 1926 ਈ. ਨੂੰ ਹੋਇਆ। ਬਚਪਨ ਤੋਂ ਇਸ ਦੇ ਮਨ ਵਿਚ ਲਾਊ ਬਾਲੀਪਨ ਸੀ ਅਤੇ ਇਹ ਮੁੱਢ ਤੋਂ ਹੀ ਖੋਹਿਆ ਖੋਹਿਆ ਜਿਹਾ ਰਹਿੰਦਾ। ਇਸ ਦੀਆਂ ਅੱਖੀਆਂ ਦੇ ਸਾਹਮਣੇ ਹਰ ਵੇਲੇ ਤਬਲੇ ਦੀ ਤਸਵੀਰ ਰਹਿੰਦੀ ਸੀ। ਭਾਵੇਂ ਇਨ੍ਹਾਂ ਦੇ ਘਰ ਵਿਚ ਕੋਈ ਤਬਲਾ ਨਹੀਂ ਸੀ, ਫਿਰ ਵੀ ਇਹ ਕੋਈ ਭਾਂਡਾ ਟੀਂਡਾ ਲੈ ਕੇ ਉਸਨੂੰ ਹੀ ਵਜਾਉਂਦਾ ਰਹਿੰਦਾ ਸੀ।

ਹੋਸ਼ ਸੰਭਾਲਦਿਆਂ ਇਸ ਨੇ ਆਪਣੇ ਪਿਓ ਨੂੰ ਕਿਹਾ ਕਿ ਮੈਨੂੰ ਇਕ ਤਬਲਾ ਲੈ ਦੇਵੋ ਅਤੇ ਮੇਰੇ ਵਾਸਤੇ ਕੋਈ ਮਾਸਟਰ ਵੀ ਰੱਖ ਦੇਵੋਂ। ਇਸਦਾ ਪਿਓ ਇਸ ਚੀਜ਼ ਦੇ ਵਿਰੁੱਧ ਸੀ, ਫੇਰ ਵੀ ਮੁੰਡੇ ਦੀ ਅੜੀ ਅੱਗੇ ਉਸਨੂੰ ਝੁਕਣਾ ਪਿਆ। ਤਬਲੇ ਦੀ ਤਾਲੀਮ ਲਈ ਇਹ ਭਾਈ ਗੁਲਾਬ ਦਾ ਸ਼ਾਗਿਰਦ ਬਣ ਗਿਆ। ਉਹ ਰਬਾਬੀ ਖ਼ਾਨਦਾਨ ਵਿੱਚੋਂ ਸੀ ਅਤੇ ਪ੍ਰਸਿੱਧ ਭਾਈ ਚਾਂਦ ਦਾ ਮਾਮਾ ਲੱਗਦਾ ਸੀ। ਦੋ ਸਾਲ ਤਬਲਾ ਸਿੱਖਣ ਪਿੱਛੋਂ ਫਿਰ ਇਸਨੇ ਦਿਲਰੁਬਾ ਸਿੱਖਣਾ ਸ਼ੁਰੂ ਕੀਤਾ। ਦੋ ਕੁ ਸਾਲ ਦਿਲਰੁਬਾ ਸਿੱਖ ਕੇ ਫਿਰ ਗਾਉਣ ਦੀ ਤਾਲੀਮ ਭਾਈ ਸੰਤੋਖ ਸਿੰਘ ਤੋਂ ਸ਼ੁਰੂ ਕਰ ਦਿੱਤੀ।

ਉਸ ਦੌਰਾਨ ਇਸਦਾ ਸੰਗੀਤ ਦਾ ਸ਼ੌਕ ਪੂਰੇ ਜ਼ੋਰਾਂ 'ਤੇ ਸੀ। ਇਸਨੂੰ ਸੰਗੀਤ ਤੋਂ ਛੁੱਟ, ਸਾਜ਼ਾਂ ਤੋਂ ਛੁੱਟ, ਦੁਨੀਆਂ ਦੀ ਕੋਈ ਵੀ ਹੋਰ ਚੀਜ਼ ਚੰਗੀ ਨਹੀਂ ਸੀ ਲੱਗਦੀ। ਇਸਦਾ ਇਹ ਹਾਲ ਵੇਖ ਕੇ, ਇਸਦੇ ਪਿਓ ਨੇ ਐਨੀ ਲਗਨ ਅਤੇ ਸ਼ੌਕ ਤੋਂ ਵਰਜਿਆ ਪਰ ਇਸ ਨੇ ਉੱਤਰ ਦਿੱਤਾ, "ਮੈਂ ਹੁਣ ਘਰ-ਬਾਰ ਤਾਂ ਛੱਡ ਸਕਦਾ ਹਾਂ, ਪਰ ਸੰਗੀਤ ਨਹੀਂ।" ਇਸਦਾ ਇਹੋ ਜਿਹਾ ਜਵਾਬ ਸੁਣ ਕੇ, ਮਾਪੇ ਵਿਚਾਰੇ ਫਿਰ ਚੁੱਪ ਕਰਕੇ ਬੈਠ ਗਏ।

ਇਸਦੇ ਨਾਲ ਹੀ ਇਸਨੇ ਉਸਤਾਦ ਮੁਹੰਮਦ ਯੂਸਫ਼ ਤੋਂ ਸਿਤਾਰਾਂ ਬਣਾਉਣ ਦਾ ਕੰਮ ਸਿੱਖ ਲਿਆ ਅਤੇ ਆਪਣੀ ਦੁਕਾਨ ਖੋਲ੍ਹ ਲਈ। ਇਹ ਦੁਕਾਨ ਕੇਵਲ ਇਸ ਲਈ ਖੋਲ੍ਹੀ ਕਿ ਰੋਟੀ ਪਾਣੀ ਤੁਰਨ ਦੇ ਸਾਧਨ ਤੋਂ ਛੁੱਟ ਇਸ ਕੋਲ ਬੜੇ ਬੜੇ ਗੁਣੀ ਆਇਆ ਕਰਨਗੇ। ਸੋ ਉਹ ਹੀ ਗੱਲ ਹੋਈ। ਇਸਦੀ ਦੁਕਾਨ 'ਤੇ ਕੋਈ ਨਾ ਕੋਈ ਗੁਣੀ ਆਇਆ ਹੀ ਰਹਿੰਦਾ। ਨਜ਼ਾਕਤ ਅਲੀ, ਸਲਾਮਤ ਅਲੀ, ਫ਼ਿਰੋਜ਼ ਨਿਜ਼ਾਮੀ, ਪੰਡਿਤ ਮਹਾਂਦੇਵ ਕੱਥਕ, ਏ. ਖ਼ਾਨ, ਅਬਦੁਲ ਹਲੀਮ ਜਾਫ਼ਰ ਖ਼ਾਂ (ਸਿਤਾਰ), ਆਰ. ਐਨ. ਭਟਾਚਾਰੀਆ, ਭਾਈ ਪ੍ਰੀਤਮ ਸਿੰਘ (ਤਾਊਸ ਨਵਾਜ਼) ਅਤੇ ਭਾਈ ਲਾਲ ਰਬਾਬੀ ਆਦਿ ਦੀ ਸੰਗਤ ਨੇ ਇਸਦੀ ਕਲਾ ਨੂੰ ਖ਼ੂਬ ਤਿਖਿਆਂ ਕਰ ਦਿੱਤਾ।

ਇਸਦੀ ਦੁਕਾਨ ਖ਼ੂਬ ਚੱਲੀ। ਨਾਲ ਨਾਲ ਸਿਤਾਰ ਵਜਾਉਣ ਵਿਚ ਵੀ ਇਹ ਖ਼ੂਬ ਚਮਕਿਆ। ਇਹ ਰੇਡੀਓ ਆਰਟਿਸਟ ਸੀ ਅਤੇ ਲਖਨਊ ਰੇਡੀਓ ਤੋਂ ਛੁੱਟ, ਸੀਤਾਪੁਰ ਹਿੰਦੂ ਕੰਨਿਆ ਮਹਾਂਵਿਦਿਆਲਾ ਅਤੇ ਕਦੇ ਕਦੇ ਮੌਰਿਸ ਕਾਲਜ ਵਿਚ ਵੀ ਇਸਦੇ ਪ੍ਰੋਗਰਾਮ ਹੁੰਦੇ ਰਹਿੰਦੇ ਸਨ।

ਪਤਾ ਲੱਗਾ ਹੈ ਕਿ ਆਪ 1986 ਈ. 'ਚ ਚੜ੍ਹਾਈ ਕਰ ਗਏ ਸਨ।

SIKHBOOKCLUB.COM

 www.sikhbookclub.com

# ਮਾਸਟਰ ਮਦਨ (ਗਾਇਨ ਆਚਾਰਯ)



ਮਾਸਟਰ ਮਦਨ*

ਤੇਰ੍ਹਾਂ ਸਾਲ ਦੇ ਇਕ ਬੱਚੇ ਨੇ ਇਕ ਸਵੇਰ ਜਦੋਂ ਬਹੁਤ ਮਿੱਠੀ ਜੌਨਪੁਰੀ ਗਾਈ, ਤਾਂ ਸਰੋਤੇ ਕੀ ਵੇਖਦੇ ਹਨ ਕਿ ਰਾਗਨੀ ਇਕ ਲੜਕੀ ਦਾ ਰੂਪ ਧਾਰ ਕੇ ਸਾਕਾਰ ਆ ਖੜੀ ਹੋਈ ਹੈ। ਇਹ ਹਾਲਤ ਵੇਖ ਕੇ ਸੰਤ ਨੰਦ ਸਿੰਘ ਜੀ ਨੇ ਗਾਇਕ ਨੂੰ ਇਕਦਮ ਬੰਦ ਕਰ ਦਿੱਤਾ ਅਤੇ ਕਿਹਾ ਕਿ ਉਹ ਭੈਰੋਂ ਗਾਏ ਤਾਂ ਜੋ ਉਹ ਲੜਕੀ ਕਿਧਰੇ ਭੱਜ ਜਾਏ।[1]

ਇਹ ਬੱਚਾ ਮਾਸਟਰ ਮਦਨ ਸੀ, ਮਾਸਟਰ ਮੋਹਨ ਦਾ ਛੋਟਾ ਵੀਰ, ਜਿਸਨੇ ਛੋਟੀ ਉਮਰ ਵਿਚ ਹੀ ਸੰਗੀਤ ਦੀ ਦੁਨੀਆਂ ਵਿਚ ਇਕ ਥਲਕਾ ਮਚਾ ਦਿੱਤਾ ਸੀ!

---

1. *ਕੌਮੀ ਸੁਤੰਤਰ* (ਸ਼ਿਮਲਾ) 19 ਅਗਸਤ, 1939.

The audience went back to the days of Tansen, Baiju Bawra, Hari Dass and others by dint of their high class music which presented spiritual eyes the real form of a girl of a deer. We have but read about such phenomena in stories, but it was left to Master Madan, a boy of thirteen, to produce the form of a *Ragni* in the twentieth century. A Jaunpuri Ragni was sung so melodiouly and efficaciously by Master Madan that the Ragni was produced in the form of a girl which was seen by His Holiness Sant Ji Maharaj and which was dispelled when Master Madan sang a Bhairon Raga as desired by His Holiness Sant Nand Singh Ji. Not only His Holiness but all the audience were so much impressed with this phenomenon that His Holiness was pleased once more to award the two brothers *Saropas* (Mark of Honour) and costly shawls. His Holiness took the boys to Chail, the summer seat of His Highness the Maharaja of Patiala, and then to Panjaur from where they were allowed to come home.

The science of music will receive a great impetus if only India could give birth to half a dozen musical prodigies like Master Mohan and Master Madan.

*(The Hindu Outlook, November 2, 1939)*

* ਫੁਲ ਤੋ ਦੋ ਦਿਨ, ਬਹਾਰਿ ਜਾਂ ਫ਼ਿਜ਼ਾ ਦਿਖਲਾ ਗਏ,
ਹਸਰਤ ਉਨ ਗੁੰਚੋਂ ਪੇ ਹੈ, ਜੋ ਬਿਨ ਖਿਲੇ ਮੁਰਝਾ ਗਏ।
ਮਾਸਟਰ ਮਦਨ ਗਾਇਨ ਆਚਾਰਯ, ਜਿਹੜੇ ਪੰਦਰਾਂ ਸਾਲਾਂ ਦੀ ਛੋਟੀ ਜਿਹੀ ਉਮਰ 'ਚ ਅਕਾਲ ਚਲਾਣਾ ਕਰ ਗਏ ਸਨ।

 www.sikhbookclub.com

ਉਸਦਾ ਜਨਮ 28 ਦਸੰਬਰ, 1927 ਨੂੰ ਜਲੰਧਰ ਜ਼ਿਲ੍ਹੇ ਦੇ ਗੁਣਾਚੌਰ ਲਾਗੇ ਦੇ ਇਕ ਪਿੰਡ ਖ਼ਾਨਖ਼ਾਨਾ ਵਿਖੇ, ਬਾਬੂ ਅਮਰ ਸਿੰਘ ਦੇ ਘਰ ਹੋਇਆ। ਧੰਨ ਸੀ ਉਸਦੀ ਮਾਤਾ ਬੀਬੀ ਪੂਰਨ ਦੇਵੀ, ਜਿਸ ਨੇ ਐਡੇ ਵੱਡੇ ਸਪੂਤ ਨੂੰ ਜਨਮ ਦਿੱਤਾ। ਉਸਦੇ ਪਿਤਾ ਜਿਹੜੇ ਉਸ ਸਮੇਂ ਵਿਦਿਆ ਮਹਿਕਮੇ ਵਿਚ ਦਿੱਲੀ ਵਿਖੇ ਹੋਸਪੀਟੈਲੇਟੀ ਅਸਿਸਟੈਂਟ ਸਨ, ਨੂੰ ਬਹੁਤ ਸ਼ੌਕ ਸੀ ਕਿ ਉਸਦੇ ਪੁੱਤਰ ਸੰਗੀਤ ਵਿਦਿਆ ਸਿੱਖਣ। ਸੋ ਮਾਸਟਰ ਮੋਹਨ ਅਤੇ ਮਦਨ ਨੇ ਪੰਡਿਤ ਅਮਰ ਨਾਥ ਨੂੰ ਆਪਣਾ ਗੁਰੂ ਧਾਰ ਲਿਆ। ਅਜੇ ਉਹ ਸਿਰਫ਼ ਸਾਢੇ ਤਿੰਨ ਸਾਲਾਂ ਦਾ ਸੀ ਜਦ ਕਿ ਉਸ ਨੇ ਪਹਿਲੀ ਵੇਰ ਸ਼ਿਮਲੇ ਗਾਇਆ ਅਤੇ ਸਰੋਤਿਆਂ ਨੂੰ ਦੰਗ ਕਰ ਦਿੱਤਾ। ਉਸ ਪਿੱਛੋਂ ਬਸੰਤ ਮੇਲਾ ਦਿੱਲੀ, ਆਰੀਆ ਸਮਾਜ ਦਿੱਲੀ, ਇੰਦਰ ਪ੍ਰਸਤ ਦਿੱਲੀ, ਗੁਰੂ ਕੁਲ ਦਿੱਲੀ, ਗੱਲ ਕੀ ਜਿਸ ਜਿਸ ਥਾਂ ਵੀ ਉਸ ਨੇ ਭਾਗ ਲਿਆ, ਗੋਲਡ ਮੈਡਲ ਹੀ ਜਿੱਤੇ।

ਹੋਰ ਤਾਂ ਹੋਰ, ਇਕ ਵੇਰ ਉਸਨੇ ਖ਼ੁਰਜਾ ਵਿਖੇ ਗਾਇਆ ਤਾਂ ਵੀ ਸਿਲਵਰ ਜੁਬਲੀ ਮੈਡਲ ਜਿੱਤਿਆ। ਯਾਦ ਰਹੇ ਇਸ ਥਾਂ ਵੀ ਕਦੇ ਸੰਗੀਤ ਦਾ ਇਕ ਵਾਹਵਾ ਜਿਹਾ ਘਰਾਣਾ ਹੁੰਦਾ ਸੀ ਜਿਸਨੇ ਦੇਸ਼ ਨੂੰ ਕੁਝ ਸੁਹਣੇ ਉਸਤਾਦ ਵੀ ਦਿੱਤੇ ਹਨ। 1931-32 ਈ. ਵਿਚ ਉਸਨੇ ਹਰਿਵੱਲਭ ਸੰਗੀਤ ਮੇਲੇ 'ਤੇ ਜਲਤ੍ਰੰਗ ਵਜਾਇਆ ਤਾਂ ਵੀ ਪਹਿਲਾ ਇਨਾਮ ਅਤੇ ਤਮਗ਼ਾ ਜਿੱਤਿਆ। ਇਹ ਮੈਡਲਾਂ ਐਵੇਂ ਹੀ ਨਹੀਂ ਸਨ ਮਿਲ ਜਾਂਦੀਆਂ—ਉਸਦਾ ਅੱਠ ਅੱਠ ਘੰਟੇ ਦਾ ਰੋਜ਼ ਦਾ ਰਿਆਜ਼ ਸੀ। ਉਸਦੀ ਓੜ੍ਹਨੀ ਵਿਛਾਉਣੀ ਹੀ ਸੰਗੀਤ ਸੀ :

*ਤਾਜ ਹੈ ਗਾਇਨ ਕਾ ਤੂੰ, ਔਰ ਰਾਗ ਤੇਰਾ ਤਾਜ ਹੈ,*
*ਇਸਕੋ ਤੁਝ ਪਰ ਫ਼ਖ਼ਰ ਹੈ, ਔਰ ਤੁਝ ਕੋ ਇਸ ਪਰ ਨਾਜ਼ ਹੈ।*

ਉਸ ਦੇ ਮਧੁਰ ਗਲੇ ਨੂੰ ਮੁਖ ਰੱਖਦਿਆਂ ਨਿਊ ਥੀਏਟਰ ਕਲਕੱਤਾ ਵਾਲਿਆਂ 1938 ਈ. ਦੇ ਕਰੀਬ ਉਸਨੂੰ ਤਿੰਨ ਹਜ਼ਾਰ ਰੁਪਿਆ ਮਹੀਨੇ ਦੀ ਪੇਸ਼ਕਸ਼ ਵੀ ਕੀਤੀ ਸੀ, ਜਿਹੜੀ ਉਸਦੇ ਮਾਪਿਆਂ ਸਵੀਕਾਰ ਨਾ ਕੀਤੀ। ਅਸਲ ਵਿਚ ਇਸ ਪਰਿਵਾਰ ਦਾ ਗੁਜ਼ਾਰਾ ਬਹੁਤ ਸੁਹਣਾ ਸੀ ਅਤੇ ਦਿੱਲੀ ਵਿਖੇ ਤਿੰਨ ਮਕਾਨਾਂ ਤੋਂ ਛੁੱਟ, ਇਹਨਾਂ ਦੀ ਛੋਟੇ ਸ਼ਿਮਲੇ ਬਹੁਤ ਜਾਇਦਾਦ ਸੀ।

ਸਾਗਰ ਨਜ਼ਾਮੀ ਦੀਆਂ ਇਹ ਗ਼ਜ਼ਲਾਂ :

*ਹੈਰਤ ਸੇ ਤੱਕ ਰਹਾ ਹੈ, ਜਹਾਨਿ-ਵਫ਼ਾ ਮੁਝੇ।*

ਅਤੇ *ਯੂੰ ਨਾ ਰਹਿ ਰਹਿ ਕਰ, ਹਮੇਂ ਤਰਸਾਈਏ,*
*ਆਈਏ, ਆ ਜਾਈਏ, ਆ ਜਾਈਏ!*

ਉਸ ਜਾਦੂਗਰ ਨੇ ਹੀ ਗਾ ਕੇ ਅਮਰ ਕੀਤੀਆਂ ਹਨ। ਉਸ ਦੀਆਂ ਹੀ ਗਾਈਆ ਦੋ ਠੁਮਰੀਆਂ—ਇਕ ਖਮਾਜ ਦੀ ਅਤੇ ਦੂਜੀ ਲੱਛਾ ਸਾਗ ਦੀ—ਵੀ ਕਹਿਰ ਦੀਆਂ ਹਨ। ਇਹਨਾਂ ਤੋਂ ਛੁੱਟ ਉਸਦੇ ਗਾਏ ਗਏ ਦੋ ਪੰਜਾਬੀ ਗੀਤ 'ਬਾਗਾਂ ਵਿਚ ਪੀਂਘਾਂ ਪਈਆਂ' ਅਤੇ 'ਰਾਵੀ ਦੇ ਪਰਲੇ ਕੰਢੇ ਵੇ ਮਿੱਤਰਾ, ਵੱਸਦਾ ਹੈ ਦਿਲ ਦਾ ਚੋਰ' ਅਤੇ ਦੋ ਸ਼ਬਦ ਵੀ ਬੜੇ ਪਿਆਰੇ ਹਨ। ਇਹ ਸਾਰੇ ਦੇ ਸਾਰੇ ਤਵੇ ਬਹੁਤ ਅਦੁੱਤੀ ਹਨ।

ਗਾਉਣ ਤੋਂ ਛੁੱਟ ਆਪ ਜਲਤ੍ਰੰਗ ਵਜਾਉਣ ਦੇ ਵੀ ਬੜੇ ਮਾਹਿਰ ਸਨ। ਏਥੋਂ ਤਕ ਕਿ ਬੜੀ ਛੋਟੀ ਜਿਹੀ ਉਮਰ 'ਚ ਹੀ ਇਕ ਵੇਰ ਹਰਿਵੱਲਭ ਸੰਗੀਤ ਸੰਮੇਲਨ ਵਿਚ ਭਾਗ ਲਿਆ ਅਤੇ ਜਲਤ੍ਰੰਗ ਵਜਾ ਕੇ ਗੋਲਡ ਮੈਡਲ ਪ੍ਰਾਪਤ ਕੀਤਾ। ਭਾਵੇਂ

ਕਿ ਗ਼ਜ਼ਲ ਗਾਇਕੀ 'ਚ ਆਪ ਨੇ ਬਹੁਤ ਵੱਡਾ ਨਾਂ ਪੈਦਾ ਕੀਤਾ, ਸ਼ਬਦ ਕੀਰਤਨ ਵਿਚ ਵੀ ਇਕ ਨਿਵੇਕਲਾ ਅਸਥਾਨ ਪ੍ਰਾਪਤ ਕੀਤਾ। ਆਪ ਦੀ ਇਕ ਰਿਸ਼ਤੇਦਾਰ ਭੈਣ ਨੇ, ਜਿਹੜੀ ਕਿ ਜਲੰਧਰ ਦੇ ਗੌਰਮਿੰਟ ਕਾਲਜ ਵਿਚ ਸੰਗੀਤ ਦੀ ਪ੍ਰੋਫ਼ੈਸਰ ਲੱਗੀ ਹੋਈ ਸੀ, ਸਾਡੇ ਮਿਊਜ਼ੀਅਮ ਲਈ ਦੋ ਤਵੇ ਭੇਂਟ ਕੀਤੇ ਸਨ, ਜਿਹੜੇ ਕਿ ਸਾਡਾ ਇਕ ਦੋਸਤ, ਸਾਡਾ ਨਾਂ ਲੈ ਕੇ, ਹੱਥ 'ਤੇ ਹੱਥ ਮਾਰ ਕੇ, ਉਸ ਕੋਲੋਂ ਹੱਥਿਆ ਕੇ, ਉਹ ਗਿਆ, ਉਹ ਗਿਆ। ਇਕ ਵਿਚ ਆਪ ਨੇ ਇਹ ਸ਼ਬਦ ਗਾਇਆ ਹੋਇਆ ਸੀ :

**ਚੇਤਨਾ ਹੈ ਤਉ ਚੇਤ ਲੈ, ਨਿਸਿ ਦਿਨਿ ਮੈ ਪ੍ਰਾਨੀ॥**
**ਛਿਨੁ ਛਿਨੁ ਅਉਧ ਬਿਹਾਤੁ ਹੈ, ਫੂਟੈ ਘਟ ਜਿਉ ਪਾਨੀ॥**

*(ਤਿਲੰਗ ਮਹਲਾ ੯ ਕਾਫੀ, ਪੰਨਾ 726)*

ਗਾਉਣ ਦੇ ਨਾਲ-ਨਾਲ ਮਾਸਟਰ ਮਦਨ ਪੜ੍ਹਾਈ ਵਿਚ ਵੀ ਬਹੁਤ ਚੰਗਾ ਸੀ। ਦਸਵੀਂ ਪਾਸ ਕਰਨ ਪਿੱਛੋਂ ਉਹ ਹਿੰਦੂ ਕਾਲਜ, ਦਿੱਲੀ ਵਿਚ ਦਾਖ਼ਲ ਹੋ ਗਿਆ ਸੀ।

ਉਸਦੀ ਆਵਾਜ਼ ਦੀ ਇਹ ਖ਼ੂਬੀ ਹੈ ਕਿ ਬਹੁਤ ਮਦੀਨ ਹੈ ਅਤੇ ਇੰਜ ਜਾਪਦਾ ਹੈ ਜਿਵੇਂ ਕੋਈ ਮਰਦ ਨਹੀਂ, ਸਗੋਂ ਕੋਈ ਬਿਹਾ-ਕੁੱਠੀ ਤ੍ਰੀਮਤ, ਕੋਇਲ ਵਾਂਗ ਕੂਕਾਂ ਮਾਰ ਰਹੀ ਹੈ।

ਬੜੇ ਅਫ਼ਸੋਸ ਦੀ ਗੱਲ ਹੈ ਕਿ ਕੁਝ ਲੋਕੀ ਇਨ੍ਹਾਂ ਇਕ ਦੋ ਗ਼ਜ਼ਲਾਂ ਤੋਂ ਹਿਸਾਬ ਲਾ ਕੇ, ਉਸ ਨੂੰ ਸਿਰਫ਼ ਇਕ ਹਲਕਾ ਫੁਲਕਾ ਗਾਉਣ ਵਾਲਾ ਹੀ ਸਮਝਦੇ ਹਨ, ਹਾਲਾਂਕਿ ਉਹ ਸ਼ਾਸਤ੍ਰੀ ਗਾਇਨ ਵਿਚ ਐਨਾ ਮਾਹਿਰ ਸੀ। ਸੰਗੀਤ ਦੇ ਵੱਡੇ ਵੱਡੇ ਉਸਤਾਦਾਂ 'ਤੇ ਪਤਾ ਨਹੀਂ ਉਹ ਕੀ ਕੀ ਆਫ਼ਤ ਢਾਹੁੰਦਾ, ਜੇਕਰ ਉਮਰ ਕੁਝ ਵਫ਼ਾ ਕਰ ਜਾਂਦੀ। ਆਖ਼ਰ ਸਾਡੇ ਸੰਗੀਤ ਦਾ ਇਹ ਹੁਸਨਕਾਰ, ਸ਼ਾਸਤ੍ਰੀ ਸੰਗੀਤ ਦਾ ਸਿਤਾਰਾ, ਜਿਸਨੇ ਸਾਰੇ ਦੇਸ਼ ਵਿਚ ਆਪਣੀ ਮਧੁਰ ਆਵਾਜ਼ ਦੀਆਂ ਧੁੰਮਾਂ ਪਾ ਦਿੱਤੀਆਂ ਸਨ, 5 ਜੂਨ, 1942 ਦੀ ਰਾਤ ਨੂੰ ਸਾਢੇ ਗਿਆਰਾਂ ਵਜੇ ਆਪਣੇ ਲੱਖਾਂ ਕਦਰਦਾਨਾਂ ਨੂੰ ਸਦੀਵੀ ਵਿਛੋੜਾ ਦੇ ਗਿਆ। ਉਸ ਸਮੇਂ ਉਹ ਸੈਕੰਡ ਯੀਅਰ ਦਾ ਵਿਦਿਆਰਥੀ ਸੀ ਅਤੇ ਉਸ ਵੇਲੇ ਉਸਦੀ ਉਮਰ ਸਿਰਫ਼ ਪੰਦਰਾਂ ਕੁ ਸਾਲਾਂ ਦੀ ਹੀ ਸੀ।

ਕੁਝ ਬੰਦੇ ਸੁਣੀ ਸੁਣਾਈ ਗੱਲ 'ਤੇ ਵਿਸ਼ਵਾਸ ਕਰਦਿਆਂ ਉਸ ਦੀ ਮੌਤ ਦਾ ਕਰਤਾ ਬੇਦੋਸ਼ੇ ਸਹਿਗਲ ਨੂੰ ਮੰਨਦੇ ਹਨ, ਜਿਹੜੀ ਸਰਾਸਰ ਗ਼ਲਤ ਗੱਲ ਹੈ। ਅਸਲ ਵਿਚ ਇਕ ਵੇਰ ਜਦੋਂ ਉਹ ਕਲਕੱਤੇ ਗਾ ਰਿਹਾ ਸੀ ਤਾਂ ਉਥੇ ਇਕ ਕਲਾਕਾਰ ਨੇ ਕੀਨਾ ਕਰਦਿਆਂ, ਦੁੱਧ ਵਿਚ ਪਾਰਾ ਪਾ ਕੇ ਉਸ ਨੂੰ ਪਿਆ ਦਿੱਤਾ ਸੀ ਜਿਸ ਨਾਲ ਉਸਨੂੰ ਸਲੋ ਪੁਆਏਜ਼ਨਿੰਗ ਹੋ ਗਈ ਸੀ। ਹੌਲੀ ਹੌਲੀ ਉਸਦੀਆਂ ਹੱਡੀਆਂ ਗਲ ਗਈਆਂ ਅਤੇ ਤਿੰਨਾਂ ਮਹੀਨਿਆਂ ਦੇ ਵਿਚ ਵਿਚ ਹੀ ਇਹ ਅਦੁੱਤੀ ਹੀਰਾ ਸਾਨੂੰ ਸ਼ਿਮਲੇ ਵਿਖੇ ਸਦਾ ਸਦਾ ਲਈ ਅਲਵਿਦਾ ਕਹਿ ਗਿਆ। ਜਾਣ ਵਾਲੇ ਨੇ ਆਪਣੇ ਮਾਤਾ ਪਿਤਾ ਦਾ ਲੱਕ ਤਾਂ ਤੋੜਨਾ ਹੀ ਸੀ, ਆਪਣੇ ਤਬਲਚੀ ਹੀਰਾ ਲਾਲ ਨੂੰ ਵੀ ਅਧਮੋਇਆ ਕਰ ਗਿਆ। ਉਸ ਦੇ ਪਿਤਾ (ਉਮਰ 90 ਸਾਲ) ਅਤੇ ਤਬਲਚੀ ਵਿਚਾਰੇ ਅਜੇ ਵੀ ਜੀਉਂਦੇ ਹਨ ਅਤੇ ਉਸਨੂੰ ਯਾਦ ਕਰ ਕਰ ਕੇ, ਰੋਜ਼ ਦੀਆਂ ਪਤਾ ਨਹੀਂ ਕਿੰਨੀਆਂ ਕੁ ਮੌਤਾਂ ਮਰਦੇ ਹਨ। ਪਰ ਨਹੀਂ, ਨਹੀਂ, ਮਾਸਟਰ ਮਦਨ ਅਮਰ ਹੈ, ਉਸ ਦੀ ਤਵਿਆਂ ਵਿਚ ਭਰੀ ਹੋਈ ਆਵਾਜ਼ ਅੱਜ ਵੀ ਇਹ ਦੱਸਦੀ ਹੈ ਕਿ ਉਸ ਦਾ ਮੁਕਾਮ ਆਪਣਾ ਹੈ, ਜਿਸਨੂੰ ਕੋਈ ਵੀ ਸੰਗੀਤਕਾਰ, ਕੋਈ ਵੀ ਮਾਈ ਦਾ ਲਾਲ, ਛੂਹ ਨਹੀਂ ਸਕਦਾ।

# ਉਸਤਾਦ ਲਛਮਣ ਸਿੰਘ ਸੀਨ


ਉਸਤਾਦ ਲਛਮਣ ਸਿੰਘ ਸੀਨ

ਉਸਤਾਦ ਲਛਮਣ ਸਿੰਘ ਸੀਨ ਦਾ ਜਨਮ ਠਾਕੁਰ ਮੰਗਤ ਸਿੰਘ ਸੀਨ ਦੇ ਘਰ ਮਾਤਾ ਈਸ਼ਵਰ ਦੇਵੀ ਜੀ ਦੇ ਉਦਰ ਤੋਂ 3 ਦਸੰਬਰ, 1927 ਨੂੰ ਝੰਗ, ਜ਼ਿਲ੍ਹਾ ਸਿਆਲਕੋਟ ਵਿਖੇ ਹੋਇਆ। ਉਨ੍ਹਾਂ ਦਿਨਾਂ 'ਚ ਨਾਟਕ ਮੰਡਲੀਆਂ ਕਾਫ਼ੀ ਲੋਕ-ਪ੍ਰਿਯ ਹੁੰਦੀਆਂ ਸਨ। ਆਪ ਦੀ ਉਮਰ ਜਦੋਂ ਅੱਠ ਸਾਲ ਦੀ ਹੋਈ, ਤਾਂ ਇਕ ਨਾਟਕ ਮੰਡਲੀ 'ਚ ਸ਼ਾਮਲ ਹੋ ਗਏ ਜਿਥੇ ਆਪ ਨੇ ਧਰੁੱਪਦ, ਧਮਾਰ, ਖ਼ਿਆਲ ਆਦਿ ਦੀਆਂ ਗਾਇਨ ਸ਼ੈਲੀਆਂ, ਹਾਰਮੋਨੀਅਮ ਅਤੇ ਤਬਲਾ ਆਦਿ ਦੀ ਸਿੱਖਿਆ ਪ੍ਰਾਪਤ ਕੀਤੀ। ਉਸ ਪਿੱਛੋਂ ਆਪ ਨੇ ਜੰਮੂ ਦੇ ਰਾਜ ਪ੍ਰੋਹਿਤ ਪੰਡਿਤ ਜਗਦੀਸ਼ ਦੱਤ ਤੋਂ ਗਾਇਨ, ਸਾਰੰਗੀ ਅਤੇ ਤਬਲਾ ਵਾਦਨ ਦੀ ਸਿੱਖਿਆ ਹਾਸਲ ਕੀਤੀ। ਫਿਰ ਆਪ ਕੁਝ ਸਮਾਂ ਲਾਹੌਰ ਰਹੇ ਅਤੇ ਮਾਸਟਰ ਜੀਆ ਲਾਲ ਬਸੰਤ ਤੋਂ ਸਿਤਾਰ-ਵਾਦਨ ਦੀ ਸਿਖਲਾਈ ਲਈ। ਪਰ ਕਿਉਂਕਿ ਆਪ ਦਾ ਅਸਲ ਨਿਸ਼ਾਨਾ ਤਬਲਾ ਵਾਦਨ 'ਚ ਨਾਂ ਪੈਦਾ ਕਰਨਾ ਸੀ, ਇਸ ਲਈ ਆਪ ਲਾਹੌਰ ਦੇ ਸੁਪ੍ਰਸਿੱਧ ਉਸਤਾਦ ਮੀਆਂ ਕਾਦਰ ਬਖ਼ਸ਼ ਦੇ ਸ਼ਾਗਿਰਦ ਹੋ ਗਏ। ਇਸ ਹਿਸਾਬ ਨਾਲ ਆਪ ਉਸਤਾਦ ਅੱਲਾ ਰੱਖਾ ਦੇ ਗੁਰ-ਭਾਈ ਹਨ।

ਦੇਸ਼ ਦੇ ਵੰਡਾਰੇ ਤੋਂ ਕੁਝ ਸਾਲ ਪਹਿਲਾਂ ਆਪ ਨੇ ਮਹਾਰਾਣੀ ਮਹਿਲਾ ਕਾਲਜ, ਜੰਮੂ ਵਿਖੇ ਤਬਲਾ ਵਾਦਕ ਇਨਸਟਰੱਕਟਰ ਦੇ ਤੌਰ 'ਤੇ ਬਿਤਾਏ। ਵੰਡ ਪਿੱਛੋਂ ਆਪ ਆਲ ਇੰਡੀਆ ਰੇਡੀਓ ਦਿੱਲੀ ਦੇ ਸਟਾਫ਼ ਆਰਟਿਸਟ ਬਣ ਗਏ। ਕੁਝ ਸਮੇਂ ਬਾਅਦ ਆਪ ਜਲੰਧਰ ਦੇ ਸਟੇਸ਼ਨ 'ਤੇ ਆ ਗਏ। 1962 ਈ. ਵਿਚ ਆਪ ਦੀ ਨਿਯੁਕਤੀ ਹੰਸ ਰਾਜ ਮਹਿਲਾ ਮਹਾਂ ਵਿਦਿਆਲਾ, ਜਲੰਧਰ ਵਿਖੇ ਹੋ ਗਈ ਜਿਥੇ ਆਪ 1988 ਈ. ਤਕ ਰਹੇ ਅਤੇ ਇਸ ਅਦਾਰੇ 'ਚੋਂ ਆਪ ਨੇ ਸੈਂਕੜੇ ਬੜੇ ਬੜੇ ਅੱਛੇ ਵਿਦਿਆਰਥੀ ਤਿਆਰ ਕੀਤੇ। ਉਨ੍ਹਾਂ ਵਿੱਚੋਂ ਅੱਜ-ਕੱਲ੍ਹ ਕਈ ਪੰਜਾਬ ਦੇ ਸਕੂਲਾਂ, ਕਾਲਜਾਂ, ਰੇਡੀਓ


www.sikhbookclub.com

ਅਤੇ ਟੀ. ਵੀ. ਸਟੇਸ਼ਨਾਂ ਉੱਤੇ ਬੜੇ ਉੱਚੇ ਅਹੁਦਿਆਂ 'ਤੇ ਲੱਗੇ ਹੋਏ ਹਨ। ਜੀਵਨ ਵਿਚ ਆਪ ਨੇ ਦੇਸ਼ ਭਰ ਦੇ ਵੱਡੇ ਵੱਡੇ ਅਨੇਕ ਉਸਤਾਦਾਂ ਨਾਲ ਤਬਲੇ 'ਤੇ ਸੰਗਤ ਕੀਤੀ ਹੈ ਜਿਨ੍ਹਾਂ ਵਿੱਚੋਂ ਬੜੇ ਗ਼ੁਲਾਮ ਅਲੀ ਖ਼ਾਂ, ਅਮੀਰ ਖ਼ਾਂ, ਮਾਸਟਰ ਰਤਨ, ਡੀ. ਵੀ. ਪੁਲਸਕਰ, ਓਂਕਾਰ ਨਾਥ ਠਾਕੁਰ ਅਤੇ ਪੰਡਿਤ ਰਵੀ ਸ਼ੰਕਰ ਆਦਿ ਦੇ ਨਾਂ ਖ਼ਾਸ ਮਹਾਨਤਾ ਰੱਖਦੇ ਹਨ। ਆਪ ਨੇ ਰਾਸ਼ਟਰੀ ਆਰਕਾਈਵਜ਼ ਦਿੱਲੀ ਵਾਸਤੇ ਪੰਜਾਬ ਘਰਾਣੇ ਦੀਆਂ ਕੁਝ ਨਾਯਾਬ ਅਤੇ ਰਵਾਇਤੀ ਪਰਨਾਂ ਅਤੇ ਸ਼ੈਲੀਆਂ ਰੀਕਾਰਡ ਕਰਵਾਈਆਂ ਹਨ ਜਿਹੜੀਆਂ ਆਉਣ ਵਾਲੀਆਂ ਨਸਲਾਂ ਲਈ ਸਾਂਭ ਲਈਆਂ ਗਈਆਂ ਹਨ।

ਆਪ ਦੀਆਂ ਸੰਗੀਤ ਸੇਵਾਵਾਂ ਨੂੰ ਮੁੱਖ ਰੱਖਦਿਆਂ ਹੁਣ ਤਕ ਆਪ ਨੂੰ ਕਈ ਪੁਰਸਕਾਰਾਂ ਨਾਲ ਸਨਮਾਨਤ ਕੀਤਾ ਜਾ ਚੁੱਕਾ ਹੈ ਜਿਨ੍ਹਾਂ ਵਿੱਚੋਂ "ਸਵਾ ਲੱਖ ਉੱਖਲੀ ਵਾਲੇ", "ਸਵੱਰ ਤਾਲ ਮਾਰਤੰਡ" ਅਤੇ ਵੈਨਕੂਵਰ ਵਿਚ ਵਿਰਾਸਤ ਫ਼ਾਊਂਡੇਸ਼ਨ ਵਲੋਂ 2002 ਈ. ਵਿਚ ਦਿੱਤਾ ਸਨਮਾਨ ਵਿਸ਼ੇਸ਼ ਹਨ। ਆਪ ਦੇ ਬੇਟਿਆਂ ਵਿੱਚੋਂ ਕਿੰਨਰ ਕੁਮਾਰ ਅਤੇ ਮਨੂ ਕੁਮਾਰ (ਸਿਤਾਰ) ਨੇ ਸੰਗੀਤ ਦੇ ਖੇਤਰ ਵਿਚ ਅੱਛਾ ਨਾਂ ਪੈਦਾ ਕੀਤਾ ਹੈ।

SIKHBOOKCLUB.COM

# ਭਾਈ ਦੇਵਿੰਦਰ ਸਿੰਘ

ਭਾਵੇਂ ਇਹ ਗੱਲ ਪਰਪੱਕਤਾ ਨਾਲ ਕਹਿਣੀ ਬੜੀ ਕਠਨ ਹੈ, ਤਾਂ ਵੀ ਕੁਝ ਇਸ ਤਰ੍ਹਾਂ ਭਾਸਦਾ ਹੈ ਜਿਵੇਂ ਭਾਈ ਸਮੁੰਦ ਸਿੰਘ ਅਤੇ ਸੰਤਾ ਸਿੰਘ ਦੌਰ ਦੇ ਪਿੱਛੋਂ ਭਾਈ ਦੇਵਿੰਦਰ ਸਿੰਘ ਜੀ ਨੇ ਆਪਣੇ ਸਭ ਤੋਂ ਵੱਧ ਮੱਦਾਹ ਪੈਦਾ ਕੀਤੇ।

ਆਪ ਦਾ ਜਨਮ ਸਾਂਝੇ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੀ ਤਹਿਸੀਲ ਸ਼ੱਕਰਗੜ੍ਹ (ਜੋ ਅੱਜ-ਕੱਲ੍ਹ ਪਾਕਿਸਤਾਨ ਵਿਚ ਪੈਂਦੀ ਹੈ) ਦੇ ਇਕ ਪਿੰਡ ਦੌਲਤ ਚੱਕ ਵਿਖੇ 10 ਦਸੰਬਰ, 1929 ਨੂੰ ਹੋਇਆ। ਆਪ ਦੇ ਪਿਤਾ ਭਾਈ ਮਹਿਤਾਬ ਸਿੰਘ ਆਪਣੇ ਸਮੇਂ ਦੇ ਪ੍ਰਸਿੱਧ ਰਾਗੀ ਸਨ, ਜਿਹੜੇ ਪੰਜਾਬੀ ਦੇ ਪ੍ਰਸਿੱਧ ਕਿੱਸਾਕਾਰ ਸ਼ਾਇਰ ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਜੀ ਦੀ ਧੀ ਨਾਲ ਵਿਆਹੇ ਹੋਏ ਸਨ। ਕਲਾਸਵਾਲੀਆ ਜੀ ਨੇ ਕੁਝ ਸਮਾਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਬਤੌਰ ਹੈੱਡ ਗ੍ਰੰਥੀ ਦੇ ਵੀ ਸੇਵਾ ਨਿਬਾਹੀ ਹੋਈ ਸੀ। ਇਸ ਤਰ੍ਹਾਂ ਨਾਲ ਸੰਗੀਤ ਅਤੇ ਸਿੱਖ ਇਤਿਹਾਸ ਨਾਲ ਡੂੰਘੀ ਲਗਨ ਆਪ ਨੂੰ ਵਿਰਸੇ 'ਚੋਂ ਹੀ ਪ੍ਰਾਪਤ ਹੋਈ। ਆਪ ਦਾ ਪਿਛੋਕੜ ਵਲਾਇਤ ਦੇ ਪ੍ਰਸਿੱਧ ਕੀਰਤਨੀਏ ਭਾਈ ਅਮੋਲਕ ਸਿੰਘ ਵਾਂਗ ਭਾਵੇਂ ਜੱਟ ਪਰਿਵਾਰ ਨਾਲ ਸੀ, ਪਰ ਤਾਂ ਵੀ, ਉਹ ਖੇਤੀਬਾੜੀ ਦੇ ਧੰਦੇ ਨਾਲੋਂ ਇਸ ਸੂਖਮ ਕਲਾ ਵੱਲ ਵਧੇਰੇ ਆਕਰਸ਼ਿਤ ਹੋਏ।

ਦੇਸ਼ ਦੀ 1947 ਵਾਲੀ ਵੰਡ ਪਿੱਛੋਂ ਆਪ ਦਾ ਪਰਿਵਾਰ ਗੁਰਦਾਸਪੁਰ ਦੇ ਬਿਲਕੁਲ ਨੇੜੇ ਇਕ ਪਿੰਡ ਨਬੀਪੁਰ ਵਿਖੇ ਪੱਕੇ ਤੌਰ 'ਤੇ ਰਹਿਣ ਲੱਗ ਪਿਆ। ਇਸ ਪਿੰਡ ਨੂੰ ਸ਼ਹਿਰਾਂ ਦੀ ਦਿਨ-ਬਦਿਨ ਵੱਧ ਰਹੀ ਵੱਸੋਂ ਅਨੁਸਾਰ ਹੁਣ ਗੁਰਦਾਸਪੁਰ ਦਾ ਹਿੱਸਾ ਹੀ ਸਮਝ ਲੈਣਾ ਚਾਹੀਦਾ ਹੈ। ਹੁਣ ਤਕ ਦੇਵਿੰਦਰ ਸਿੰਘ ਭਾਵੇਂ ਬੜਾ ਅੱਛਾ ਕੀਰਤਨ ਕਰਨ ਲੱਗ ਪਏ ਸਨ, ਪਰ ਇਲਮ ਦੇ ਇਸ ਮੁਤਲਾਸ਼ੀ ਦੀ ਅਜੇ ਤਕ ਪੂਰੀ ਤਸੱਲੀ ਨਹੀਂ ਸੀ ਹੋਈ। ਇਹ ਕੁਦਰਤ ਦਾ ਕਰਮ ਕਹਿ ਲਓ ਜਾਂ ਕੁਝ ਹੋਰ, ਗੁਰਦਾਸਪੁਰ ਵਿਚ ਵਿਸ਼ਨੂੰ ਦਿਗੰਬਰ ਜੀ ਦਾ ਇਕ ਸ਼ਾਗਿਰਦ ਮਾਸਟਰ ਜਗਦੀਸ਼ ਰਾਜ ਕੋਹਲੀ ਰਹਿੰਦਾ ਸੀ, ਜਿਹੜਾ ਸ਼ਾਸਤ੍ਰੀ ਸੰਗੀਤ ਵਿਚ ਬੜਾ ਨਿਪੁੰਨ ਸੀ। ਇਸ ਲਈ ਆਪ ਉਸਦੇ ਸ਼ਾਗਿਰਦ ਹੋ ਗਏ। ਮਾਸਟਰ ਜੀ ਨੇ ਇਨ੍ਹਾਂ ਨੂੰ ਖ਼ਿਆਲ, ਠੁਮਰੀ, ਦਾਦਰਾ, ਕਜਰੀ—ਗੱਲ ਕੀ ਸੰਗੀਤ ਦੇ ਵੱਖ-ਵੱਖਰੇ ਅੰਗਾਂ ਤੋਂ ਭਲੀਭਾਂਤ ਜਾਣੂ ਕਰਵਾ ਕੇ ਹਰ ਚੀਜ਼ ਦਾ ਕਾਫ਼ੀ ਰਿਆਜ਼ ਕਰਵਾ ਦਿੱਤਾ ਅਤੇ ਇਸ ਤਰ੍ਹਾਂ ਨਾਲ ਇਸ ਸੁਯੋਗ ਅਗਵਾਈ ਹੇਠ ਇਨ੍ਹਾਂ ਦਾ ਸਵਰ-ਗਿਆਨ ਅਤੇ ਸ਼ਾਸਤ੍ਰੀ-ਗਾਇਕੀ, ਸ਼ੁੱਧ ਰੂਪ ਵਿਚ ਵਿਕਸਤ ਹੁੰਦੀ ਚਲੇ ਗਈ। 1962 ਈ. ਵਿਚ ਆਪ ਨੇ ਭਾਵੇਂ ਪ੍ਰਯਾਗ ਸੰਗੀਤ ਸੰਮਤੀ



ਭਾਈ ਦੇਵਿੰਦਰ ਸਿੰਘ (ਗੱਭੇ) ਦਾ ਕੀਰਤਨੀ ਜਥਾ, ਭਗਤ ਸਿੰਘ ਸਹਾਇਕ (ਖੱਬੇ) ਅਤੇ ਗੁਰਦੀਪ ਸਿੰਘ ਤਬਲਾ ਵਾਦਕ (ਸੱਜੇ)


www.sikhbookclub.com

ਇਲਾਹਾਬਾਦ ਤੋਂ ਸੰਗੀਤ ਦੀ ਐੱਮ.ਏ. ਵੀ ਪਾਸ ਕਰ ਲਈ ਸੀ, ਪਰ ਦਿਨ ਰਾਤ ਦੀ ਮਿਹਨਤ ਨਾ ਛੱਡਦੇ ਹੋਏ, ਕੀਰਤਨ ਸ਼ੈਲੀ ਵਿਚ ਉਨ੍ਹਾਂ ਡਗਰਾਂ 'ਤੇ ਚੱਲੇ ਕਿ ਕੁਝ ਨਵੀਆਂ ਪੈੜਾਂ ਛੱਡਦੇ ਚਲੇ ਗਏ। ਜਲੰਧਰ ਆਕਾਸ਼ਬਾਣੀ ਕੇਂਦਰ ਤੋਂ ਉਨ੍ਹਾਂ ਦੀਆਂ ਗਾਈਆਂ, ਖ਼ਾਸ ਕਰਕੇ ਇਹ ਚੀਜ਼ਾਂ ਬਹੁਤ ਮਕਬੂਲ ਹੋਈਆਂ : "ਐ ਪੰਜਾਬ ਕਰਾਂ ਕੀ ਸਿਫ਼ਤ ਤੇਰੀ" (ਰਚਨਾ ਲਾਲਾ ਧਨੀ ਰਾਮ ਚਾਤ੍ਰਿਕ), "ਆਦੇਸੁ ਤਿਸੈ ਆਦੇਸੁ", "ਮਿਟਿਆ ਹਨੇਰਾ ਚੰਨ ਚੜ੍ਹਿਆ", "ਦੇਹ ਸਿਵਾ ਬਰ ਮੋਹਿ ਇਹੈ", "ਸੂਰਾ ਸੋ ਪਹਿਚਾਨੀਐ" ਆਦਿ।

ਆਪ ਦੀਆਂ ਸੰਗੀਤ ਸੇਵਾਵਾਂ ਨੂੰ ਮੁੱਖ ਰੱਖਦਿਆਂ ਪੰਜਾਬ ਸਰਕਾਰ ਨੇ 1968 ਈ. ਵਿਚ ਆਪ ਨੂੰ ਸੰਗੀਤ ਦੇ ਸ਼੍ਰੋਮਣੀ ਐਵਾਰਡ ਨਾਲ ਸਨਮਾਨਿਆ ਸੀ। ਲੇਖਕ ਨੇ ਉਨ੍ਹਾਂ ਨੂੰ ਆਖ਼ਰੀ ਵੇਰ 1985 ਈ. ਵਿਚ ਲੇਟਨ (ਲੰਦਨ) ਦੇ ਗੁਰਦੁਆਰਾ ਸਾਹਿਬ ਵਿਖੇ ਇਕ ਕੀਰਤਨ ਦਰਬਾਰ ਵਿਚ ਸੁਣਿਆ ਸੀ। ਉਸ ਪਿੱਛੋਂ ਉਹ ਦੇਸ਼ ਵਾਪਸ ਪਰਤੇ ਤਾਂ ਇਕ ਬੇਰਹਿਮ ਕਾਤਲਾਨਾ ਹਮਲੇ ਦਾ ਸ਼ਿਕਾਰ ਹੋ ਗਏ।

 www.sikhbookclub.com

# ਸੰਤ ਸਰਵਣ ਸਿੰਘ ਗੰਧਰਵ

ਸੰਤ ਸਰਵਣ ਸਿੰਘ, ਜਿਨ੍ਹਾਂ ਨੇ ਸੰਗੀਤ ਦੀ ਡਬਲ ਐੱਮ.ਏ. ਕੀਤੀ ਹੋਈ ਸੀ, ਕੀਰਤਨ ਤੋਂ ਛੁੱਟ ਬੜਾ ਸੋਹਣਾ ਜਲਤ੍ਰੰਗ ਅਤੇ ਸਿਤਾਰ ਵੀ ਵਜਾਉਂਦੇ ਸਨ।

ਜਦੋਂ ਇਨ੍ਹਾਂ ਦੀ ਉਮਰ ਨੌਂ ਸਾਲ ਦੀ ਹੋਈ ਤਾਂ ਇਨ੍ਹਾਂ ਨਾਲ ਕਿਸਮਤ ਨੇ ਬਹੁਤ ਵੱਡਾ ਮਜ਼ਾਕ ਕੀਤਾ, ਜਿਸ ਨਾਲ ਚੀਚਕ ਕਾਰਨ, ਇਨ੍ਹਾਂ ਦੀ ਅੱਖਾਂ ਦੀ ਲੋਅ ਸਦਾ ਵਾਸਤੇ ਜਾਂਦੀ ਰਹੀ। ਇਨ੍ਹਾਂ ਦੇ ਪਿਤਾ ਨੇ ਇਨ੍ਹਾਂ ਨੂੰ ਡੁਮੇਲੀ ਵਾਲਿਆਂ ਸੰਤਾਂ ਬਾਬਾ ਦਲੀਪ ਸਿੰਘ ਕੋਲ ਛੱਡ ਦਿੱਤਾ। ਸੰਤਾਂ ਨੇ ਇਨ੍ਹਾਂ ਦੀ ਰੁਚੀ ਵੇਖ ਕੇ, ਫ਼ਕੀਰੀਆ ਨਾਮੀ ਇਕ ਮਿਰਾਸੀ ਨੂੰ ਇਸ ਨੂੰ ਰਾਗ ਸਿਖਾਉਣ ਲਈ ਰੱਖ ਦਿੱਤਾ। ਢਾਈ ਸਾਲ ਉਸ ਕੋਲੋਂ ਸਿੱਖ ਕੇ, ਇਹ ਫਿਰ ਮਾਸਟਰ ਰਣਬੀਰ ਸਿੰਘ ਕੋਲੋਂ ਸਿੱਖਣ ਲੱਗ ਪਏ। ਉਸ ਕੋਲੋਂ ਚਾਰ ਸਾਲ ਦਿਲਰੁਬਾ ਸਿੱਖਿਆ। ਉਸ ਪਿੱਛੋਂ ਭੀਸ਼ਮ ਗਿਰ ਬ੍ਰਹਮਚਾਰੀ ਜਿਹੜੇ ਕਦੇ ਗੰਧਰਵ ਕਾਲਜ, ਲਾਹੌਰ ਦੇ ਪ੍ਰਿੰਸੀਪਲ ਰਹਿ ਚੁੱਕੇ ਸਨ, ਕੋਲੋਂ ਜਲਤ੍ਰੰਗ ਅਤੇ ਸਿਤਾਰ ਸਿੱਖਣ ਲੱਗ ਪਏ। 1954 ਈ. ਵਿਚ ਇਨ੍ਹਾਂ ਨੇ ਸਿਤਾਰ ਦਾ ਅਤੇ 1957 ਈ. ਵਿਚ ਕੰਠ ਵਿਦਿਆ ਦਾ ਇਮਤਿਹਾਨ ਦਿੱਤਾ ਅਤੇ ਫ਼ਸਟ ਡਿਵੀਜ਼ਨ ਪ੍ਰਾਪਤ ਕੀਤੀ। ਉਸ ਪਿੱਛੋਂ ਇਹ ਦੋ ਕੁ ਸਾਲ ਪੰਡਿਤ ਰਵੀ ਸ਼ੰਕਰ ਹੋਰਾਂ ਕੋਲੋਂ ਵੀ ਸਿਤਾਰ ਸਿੱਖਦੇ ਰਹੇ। ਸਭ ਤੋਂ ਵੱਡੀ ਖ਼ੂਬੀ ਇਹ ਸੀ ਕਿ ਸੰਗੀਤ ਕਲਾ ਦੇ ਨਾਲ ਨਾਲ, ਇਨ੍ਹਾਂ ਦੀ ਰੂਹਾਨੀਅਤ ਦੀ ਵੀ ਬਹੁਤ ਕਮਾਈ ਸੀ।

ਇਹ ਸੰਤ ਡੁਮੇਲੀ (ਬਰਾਸਤਾ ਫਗਵਾੜਾ) ਰਹਿੰਦੇ ਸਨ ਜਿਥੇ ਇਨ੍ਹਾਂ ਨੇ ਇਕ ਸੰਗੀਤ ਵਿਦਿਆਲਾ ਖੋਲ੍ਹਿਆ ਹੋਇਆ ਸੀ। ਇਸ ਥਾਂ ਵਿਦਿਆ ਮੁਫ਼ਤ ਦਿੱਤੀ ਜਾਂਦੀ ਹੈ। ਏਥੋਂ ਹੁਣ ਤਕ ਅਨੇਕ ਵਿਦਿਆਰਥੀ ਵਿਦਿਆ ਪ੍ਰਾਪਤ ਕਰ ਚੁੱਕੇ ਹਨ।

ਇਸ ਤਰ੍ਹਾਂ ਇਨ੍ਹਾਂ ਸੰਤਾਂ ਦੀ ਇਹ ਘਾਲ ਕਾਫ਼ੀ ਸ਼ਲਾਘਾ ਯੋਗ ਸੀ। ਆਪ ਨੇ ਕੁਝ ਕਿਤਾਬਾਂ ਵੀ ਰਚੀਆਂ ਸਨ। *ਸੁਰ ਸਿਮਰਨ ਸੰਗੀਤ* (ਸੱਤ ਭਾਗ) ਆਪ ਦੀ ਅੱਛੀ ਰਚਨਾ ਹੈ। ਵੀਹਵੀਂ ਸਦੀ ਦੇ ਸੱਠਵਿਆਂ ਵਿਚ ਅਤੇ ਫਿਰ ਪਿੱਛੋਂ ਵੀ ਉਨ੍ਹਾਂ ਨੇ ਯੂ.ਕੇ. ਅਤੇ ਅਮਰੀਕਾ ਦੇ ਦੌਰੇ ਵੀ ਕੀਤੇ ਸਨ। ਇੰਗਲੈਂਡ ਵਿਚ ਜਦ ਵੀ ਆਪ ਆਉਂਦੇ, ਸਾਡੇ ਇਕ ਦੋਸਤ ਮੱਖਣ ਸਿੰਘ ਹੋਰਾਂ ਦੇ ਘਰ ਬਾਰਕਿੰਗ ਠਹਿਰਦੇ ਹੁੰਦੇ ਸਨ। ਆਪ ਰੰਗੀਨ ਕਿਸਮ ਦੇ ਕੀਰਤਨੀਏ ਸਨ। ਆਪ 9 ਫ਼ਰਵਰੀ, 1992 ਈ. ਨੂੰ ਚੜ੍ਹਾਈ ਕਰ ਗਏ ਸਨ।

ਕਾਹਲਾ ਸਿੰਘ, ਲਾਲ ਸਿੰਘ ਅਲਮਸਤ ਅਤੇ ਅਵਤਾਰ ਸਿੰਘ (ਸ਼ਿਨੀਆਲ, ਜ਼ਿਲ੍ਹਾ ਸੰਗਰੂਰ) ਜਿਹੜੇ ਸੰਤ ਅਤਰ ਸਿੰਘ ਮਸਤੂਆਣਿਆਂ ਦੇ ਵਰੋਸਾਏ ਹੋਏ ਸਨ, ਵੀ ਅਤੀ ਮਿੱਠਾ ਗਾਉਂਦੇ ਸਨ। ਜਲੰਧਰ ਵਾਲੇ ਭਾਈ ਬਹਾਦਰ ਸਿੰਘ ਦੀਆਂ ਵੀ ਕੀ ਰੀਸਾਂ ?

 www.sikhbookclub.com

# ਸਿੰਘ ਬੰਧੂ
# ਸੁਰਿੰਦਰ ਸਿੰਘ ਤੇਜਪਾਲ ਸਿੰਘ ਸੱਚਦੇਵ

ਪਿਛਲੇ ਕੁਝ ਦਹਾਕਿਆਂ 'ਚ ਭਾਈ ਸਮੁੰਦ ਸਿੰਘ ਭਾਈ ਸੰਤਾ ਸਿੰਘ ਜੀ ਵਾਂਗ ਸ਼ਾਸਤ੍ਰੀਯ ਸੰਗੀਤ 'ਤੇ ਆਧਾਰਿਤ ਜੇਕਰ ਕਿਸੇ ਨੇ ਕੀਰਤਨ ਕੀਤਾ - ਆਪਾਂ ਜੇਕਰ ਥੋੜ੍ਹਾ ਜਿਹਾ ਧਿਆਨ ਇਸ ਪਾਸੇ ਦੇਈਏ, ਤਾਂ ਸਾਡੇ ਦਿਲ ਦਿਮਾਗ ਦੀ ਤਖ਼ਤੀ 'ਤੇ ਜਿਹੜਾ ਇਕ ਬੜਾ ਨਾਂ ਉੱਭਰ ਕੇ ਸਾਹਮਣੇ ਆਉਂਦਾ ਹੈ, ਉਹ ਨਾਂ ਸਿੰਘ ਬੰਧੂਆਂ ਦਾ ਹੈ, ਭਾਵ ਕਿ ਸ. ਸੁਰਿੰਦਰ ਸਿੰਘ ਅਤੇ ਤੇਜਪਾਲ ਸਿੰਘ ਸੱਚਦੇਵ ਦਾ।

ਸੰਗੀਤ ਦੀ ਆਰੰਭਕ ਸਿੱਖਿਆ ਆਪ ਨੇ ਪਹਿਲਾਂ ਆਪਣੇ ਭਰਾਤਾ ਸ਼੍ਰੀ ਜੀ. ਐਸ. ਸਰਦਾਰ ਤੋਂ ਪ੍ਰਾਪਤ ਕੀਤੀ। ਦੋਵੇਂ ਵੀਰ ਪੜ੍ਹਾਈ ਲਿਖਾਈ 'ਚ ਬਹੁਤ ਲਾਇਕ ਸਨ, ਇਸ ਲਈ ਯੂਨੀਵਰਸਿਟੀ ਤੋਂ ਆਹਲਾ ਵਿਦਿਆ ਲੈ ਕੇ ਦੋਵੇਂ ਹੀ ਆਹਲਾ ਅਹੁਦਿਆਂ 'ਤੇ ਲੱਗ ਗਏ। ਪਰ ਕਿਉਂਕਿ ਸੰਗੀਤ ਦੀ ਸਹੀ ਚੇਟਕ ਚੁੰਬਤ ਚੁੱਕੀ ਸੀ, ਇਸ ਲਈ ਦੋਵੇਂ ਹੀ ਵੱਡੀਆਂ ਤਨਖ਼ਾਹਾਂ ਲੈਣ ਉਪਰੰਤ ਵੀ ਨਾਖ਼ੁਸ਼ ਹੀ ਰਹਿੰਦੇ। ਹਾਰ ਕੇ ਪਰਿਵਾਰ ਦੀ ਅਸਹਿਮਤੀ ਅਤੇ ਨਾਖ਼ੁਸ਼ੀ ਮੁੱਲ ਲੈ ਕੇ, ਦੋਹਾਂ ਨੇ ਨੌਕਰੀਆਂ ਛੱਡ ਦਿੱਤੀਆਂ ਅਤੇ 1963 ਈ. ਵਿਚ ਉਸਤਾਦ ਅਮੀਰ ਖ਼ਾਂ ਸਾਹਿਬ ਦੇ ਸ਼ਾਗਿਰਦ ਹੋ ਗਏ। ਸਿੰਘ ਬੰਧੂਆਂ ਨੇ ਦਿਨ ਰਾਤ ਦਾ ਤੱਪ ਕਰ ਕੇ ਇਸ ਖੇਤਰ ਵਿਚ ਉਹ ਮੁਕਾਮ ਪੈਦਾ ਕੀਤਾ ਜਿਥੇ ਕਿ ਹਰ ਬੰਦੇ ਦਾ ਪੁੱਜਣਾ ਬੜਾ ਮੁਸ਼ਕਲ ਹੈ। ਡੋਗਰੀ ਦੀ ਪ੍ਰਸਿੱਧ ਸ਼ਾਇਰਾ ਪਦਮਾ ਸੱਚਦੇਵ, ਸੁਰਿੰਦਰ ਸਿੰਘ ਦੀ ਸੁਪਤਨੀ ਹੈ। ਦੋਵੇਂ ਭਰਾ ਕੁਝ ਦਹਾਕਿਆਂ ਤੋਂ ਬੰਬਈ ਰਹਿ ਰਹੇ ਹਨ ਅਤੇ ਸਦਾ ਪੱਕੇ ਰਾਗਾਂ ਵਿਚ ਹੀ ਗਾਇਨ ਕਰਦੇ ਹਨ। ਇਨ੍ਹਾਂ ਨੇ ਹੁਣ ਤਕ ਕਈ ਇਕ ਬਾਹਰਲੇ ਦੇਸ਼ਾਂ ਦਾ ਦੌਰਾ ਵੀ ਕੀਤਾ ਹੈ। ਹੁਣ ਤਕ ਇਨ੍ਹਾਂ ਦੇ ਛੇ ਐੱਲ.ਪੀ. (ਵੱਡੇ ਤਵੇ) ਤਿਆਰ ਹੋ ਚੁੱਕੇ ਹਨ ਜਦ ਕਿ ਇਕ ਡਿਸਕ ਸਵੀਡਨ ਵਿਚ ਵੀ ਕੱਟੀ ਗਈ ਸੀ। ਕੀਰਤਨ ਦੀਆਂ ਸਭ ਤੋਂ ਪਹਿਲੀਆਂ ਕੈਸਿਟਾਂ ਸ਼ਾਇਦ ਇਨ੍ਹਾਂ ਦੀਆਂ ਹੀ ਬਣੀਆਂ ਸਨ, ਜਿਹੜੀਆਂ ਕਿ ਪਹਿਲਾਂ ਪਹਿਲਾਂ ਕਾਫ਼ੀ ਨਾ-ਕਦਰੀ ਦਾ ਸ਼ਿਕਾਰ ਰਹੀਆਂ। ਇਸਦਾ ਜ਼ਿਕਰ ਆਪ ਸਾਡੇ ਇਕ ਪੁਰਾਣੇ ਦੋਸਤ ਦੂਰਦਰਸ਼ਨ ਦੇ ਡਿਪਟੀ ਡਾਇਰੈਕਟਰ ਸ. ਅਲਬੇਲ ਸਿੰਘ ਗਰੇਵਾਲ ਕੋਲ ਅਕਸਰ ਕਰਿਆ ਕਰਦੇ ਸਨ। ਠੀਕ ਵੀ ਹੈ ਕਿਉਂਕਿ ਕਾਰੋਬਾਰੀ ਨੁਕਤਾ-ਨਿਗਾਹ ਮੁੱਖ ਰੱਖਦਿਆਂ ਜਣਾ ਖਣਾ ਹੀਰਿਆਂ ਦਾ ਮੁੱਲ ਨਹੀਂ ਪਾ ਸਕਦਾ। ਪਰ ਪਹਾੜ ਵਰਗੀਆਂ ਰੁਕਾਵਟਾਂ, ਮੁਸ਼ਕਲਾਂ ਦੇ ਪਹੀਏ ਨੇ ਹੁਣ ਆਪਣਾ ਚੱਕਰ ਪੂਰਾ



ਸਿੰਘ ਬੰਧੂ (ਭਾਈ ਤੇਜਪਾਲ ਸਿੰਘ, ਭਾਈ ਸੁਰਿੰਦਰ ਸਿੰਘ)


www.sikhbookclub.com

ਕਰ ਲਿਆ ਹੈ ਅਤੇ ਅੱਜ-ਕੱਲ੍ਹ ਕਲਾਸਿਕੀ ਸ਼ਬਦ ਕੀਰਤਨ 'ਚ ਸਿੰਘ ਬੰਧੂਆਂ ਦਾ ਇਕ ਬੜਾ ਵੱਡਾ ਨਾਂ ਹੈ। ਸੰਗੀਤ ਪ੍ਰਤੀ ਆਪ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਸਾਡੇ ਰਾਸ਼ਟਰਪਤੀ ਨੇ ਪਿਛਲੇ ਦਿਨੀਂ (2005) ਆਪ ਨੂੰ ਸੰਗੀਤ ਨਾਟਕ ਅਕੈਡਮੀ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਹੈ। ਇਸ ਤੋਂ ਇਕ ਸਾਲ ਪਹਿਲਾਂ ਅਰਥਾਤ 2004 ਦੇ ਗਣਤੰਤਰ ਦਿਵਸ ਦੇ ਮੌਕੇ 'ਤੇ ਆਪ ਨੂੰ 'ਪਦਮ-ਸ਼੍ਰੀ' ਐਵਾਰਡ ਨਾਲ ਵੀ ਵਿਭੂਸ਼ਤ ਕੀਤਾ ਗਿਆ ਸੀ। ਇਨ੍ਹਾਂ ਵਲੋਂ ਸੰਗੀਤ ਦੇ ਖੇਤਰ ਵਿਚ ਪਾਏ ਗਏ ਯੋਗਦਾਨ ਵਜੋਂ ਮਿਲ ਚੁੱਕੇ ਇਨਾਮਾਂ ਇਕਰਾਮਾਂ ਦੀ ਲਿਸਟ ਦੀ ਲੜੀ ਲੰਮੀ ਹੈ, ਜਿਵੇਂ ਕਿ ਸਾਹਿਤ ਕਲਾ ਪ੍ਰੀਸ਼ਦ ਐਵਾਰਡ, ਪੰਜਾਬੀ ਅਕੈਡਮੀ ਐਵਾਰਡ, ਜਥੇਦਾਰ ਸੰਤੋਖ ਸਿੰਘ ਐਵਾਰਡ, ਇੰਟਰਨੈਸ਼ਨਲ ਅੰਡਰਸਟੈਂਡਿੰਗ ਲਈ ਰਾਜੀਵ ਗਾਂਧੀ, ਸ਼ੋਭਨਾ ਐਵਾਰਡ ਅਤੇ ਸੰਗੀਤ ਦੇ ਪੁਜਾਰੀ ਐਵਾਰਡ, ਭਾਈ ਵੀਰ ਸਿੰਘ ਐਵਾਰਡ ਅਤੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਆਦਿ।

 www.sikhbookclub.com




ਭਾਈ ਗੁਲਬਾਗ ਸਿੰਘ ਦਿਲਬਾਗ ਸਿੰਘ ਬੋਦਲਾਂ ਵਾਲੇ

# ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ

ਭਾਈ ਕਾਨ੍ਹ ਸਿੰਘ ਨਾਭਾ ਆਪਣੀ ਜਗਤ ਵਿਖਿਆਤ ਕਿਰਤ *ਮਹਾਨਕੋਸ਼* ਵਿਚ ਇਕ ਥਾਂ ਇੰਜ ਲਿਖਦੇ ਹਨ :

ਬੋਦਲਾਂ ਦੇ ਮੁੱਢ ਗਰੂਨਾ ਸਾਹਿਬ ਵਿਖੇ ਗੁਰੂ ਹਰਿ ਗੋਬਿੰਦ ਸਾਹਿਬ ਦਾ ਗੁਰਦੁਆਰਾ ਹੈ। ਏਥੇ ਪਹਿਲਾਂ ਵੱਡਾ ਘਣਾ ਜੰਗਲ ਸੀ, ਜਿਥੇ ਗੁਰੂ ਜੀ ਕਰਤਾਰਪੁਰੋਂ ਏਥੇ ਸ਼ਿਕਾਰ ਖੇਡਣ ਲਈ ਆਏ ਸਨ ਤਾਂ ਗਰੂਨੇ ਬਿਰਛ ਹੇਠ ਕੁਝ ਸਮਾਂ ਬਿਰਾਜੇ। ਇਸ ਪਿੰਡ ਦੇ ਚੂਹੜ ਮਿਰਾਸੀ ਨੂੰ ਬੁਲਾ ਕੇ ਗੁਰੂ ਜੀ ਨੇ ਕਿਹਾ ਕਿ ਤੂੰ ਕੀਰਤਨ ਕੀਤਾ ਕਰ, ਉਸਨੂੰ ਇਕ ਰਬਾਬ ਦਿੱਤਾ, ਜੋ ਹੁਣ ਸ੍ਰੀ ਹਰਿਗੋਬਿੰਦਪੁਰ ਸਤਿਕਰਤਾਰੀਆਂ ਦੇ ਡੇਰੇ ਮੌਜੂਦ ਹੈ।

ਧੰਨ ਗੁਰੂ ਮਹਾਰਾਜ ਇਸ ਪਰਿਵਾਰ ਨੂੰ ਵਰ ਦੇ ਗਏ ਸਨ। ਭਾਈ ਚੂਹੜ ਪਿੱਛੋਂ ਵੀ ਇਨ੍ਹਾਂ ਵਿਚ ਬੜੇ ਬੜੇ ਧਨੰਤਰ ਰਬਾਬੀ ਪੈਦਾ ਹੋਏ ਜਿਵੇਂ ਕਿ ਭਾਈ ਲੱਖਾ ਜੀ, ਭਾਈ ਬਾਬਾ ਦੱਤਾ, ਭਾਈ ਬੂਟਾ ਸਿੰਘ ਜੀ ਅਤੇ ਅਗਾਹ ਫਿਰ ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ। ਆਪ ਦਾ ਜਨਮ ਏਸੇ ਇਤਿਹਾਸਕ ਪਿੰਡ ਹੋਇਆ। ਯਾਦ ਰਹੇ, ਇਸ ਪਿੰਡ ਨੂੰ ਅੰਤਰਰਾਸਟਰੀ ਪ੍ਰਸਿੱਧੀ ਰੱਖਣ ਵਾਲੇ, ਪੰਜਾਬੀਅਤ ਦੇ ਸ਼ੈਦਾਈ, ਦੇਸ਼ ਵਿਚ ਹਰੇ ਇਨਕਲਾਬ ਦੇ ਮੋਢੀ, ਡਾ. ਮਹਿੰਦਰ ਸਿੰਘ ਰੰਧਾਵਾ ਦਾ ਜਨਮ ਅਸਥਾਨ ਹੋਣ ਦਾ ਗੌਰਵ ਹਾਸਲ ਹੈ। ਡਾ. ਰੰਧਾਵਾ ਸਾਹਿਬ ਨੇ ਜਿਹੜਾ ਲੇਖ 'ਮੇਰੇ ਪਿੰਡ ਦੇ ਲੋਕ' ਨਾਂ ਦਾ ਲਿਖਿਆ ਹੈ, ਉਸਨੂੰ ਮੈਂ 'ਕਲਾਸਿਕ' ਮੰਨਦਾ ਹਾਂ। ਉਹ ਲੇਖ ਏਸੇ ਪਿੰਡ ਬੋਦਲਾਂ ਬਾਰੇ ਹੈ। ਭਾਈ ਸਾਹਿਬ ਦੇ ਪਿਤਾ ਤਬਲੇ ਦੇ ਬੜੇ ਮਾਹਿਰ ਸਨ, ਭਾਈ ਗਾਹੋ ਵਾਂਗ; ਜਦਕਿ ਆਪ ਦਾ ਨਾਨਾ ਭਾਈ ਨੰਦ (1892-1965 ਈ.) ਜੀ ਆਪਣੇ ਸਮੇਂ ਦੇ ਇਕ ਪ੍ਰਸਿੱਧ ਗਾਇਕ ਸਨ। ਸੰਗੀਤ ਦੀ ਮੁੱਢਲੀ ਵਿਦਿਆ ਆਪ ਨੇ ਪਹਿਲਾਂ ਆਪਣੇ ਘਰੋਂ ਪ੍ਰਾਪਤ ਕੀਤੀ, ਪਿੱਛੋਂ ਪੰਜਾਬ ਭਰ ਦੇ ਮੰਨੇ ਪ੍ਰਮੰਨੇ ਪੇਟੀ ਵਾਦਕ ਪੰਡਿਤ ਬਾਬੂ ਰਾਮ ਦਸੂਹਾ ਵਾਲੇ ਦੇ ਸ਼ਾਗਿਰਦ ਹੋ ਗਏ।

ਉੱਨ੍ਹੀਵੀਂ ਸਦੀ ਵਿਚ ਆਗਰਾ ਦੇ ਸੰਗੀਤ ਘਰਾਣੇ 'ਚ ਇਕ ਗਾਇਕ ਹੋ ਗੁਜ਼ਰਿਆ ਹੈ, ਜਿਸਦਾ ਨਾਂ 'ਘੱਗੇ' ਖ਼ੁਦਾ ਬਖ਼ਸ਼ ਸੀ। ਗੱਲਾਂ-ਬਾਤਾਂ ਕਰਦਿਆਂ ਤਾਂ ਉਸਦੀ ਆਵਾਜ਼ ਘਿੱਗਿਆਉਂਦੀ ਪਰ ਥੋੜ੍ਹਾ ਜਿਹਾ ਗਾਉਣ ਪਿੱਛੋਂ, ਗਲਾ ਗਰਮ ਹੋਣ 'ਤੇ, ਉਹ ਠੱਠ ਬੰਨ੍ਹਦਾ ਕਿ ਕੀ ਗੱਲਾਂ। ਏਹੋ ਹੀ ਹਾਲ ਭਾਈ ਦਿਲਬਾਗ ਸਿੰਘ ਦਾ ਸੀ। ਗੱਲਬਾਤ ਸਮੇਂ ਤਾਂ ਉਸਨੂੰ ਮਮੂਲੀ ਜਿਹੀ ਹੱਕ ਪੈਂਦੀ (ਭਾਵ ਮਾੜੀ ਜਿਹੀ ਅਟਕਲ ਜਾਂ ਰੁਕਾਵਟ ਪੈਂਦੀ) ਸੀ, ਪਰ ਗਾਉਣ ਸਮੇਂ ਆਵਾਜ਼ ਦਾ ਏਹੀ ਔਗੁਣ

'ਗਮਕ' ਦੇ ਅਜਿਹੇ ਗੁਣ ਵਿਚ ਬਦਲ ਜਾਂਦਾ ਕਿ ਉਹ ਸੁਆਦ ਬੱਝਦਾ ਕਿ ਕੀ ਗੱਲਾਂ। ਦਿਨ ਰਾਤ ਦੀ ਮਿਹਨਤ ਦੁਆਰਾ ਇਸ ਕਮਜ਼ੋਰੀ ਜਾਂ ਔਗੁਣ ਨੂੰ ਇਨ੍ਹਾਂ ਨੇ ਇਕ ਕਿਸਮ ਦੇ ਗਹਿਣੇ 'ਚ ਬਦਲ ਲਿਆ ਹੋਇਆ ਸੀ। ਵੱਡੇ ਵੀਰ ਦੀ ਆਵਾਜ਼ ਜਦਕਿ ਗੰਭੀਰ ਹੈ, ਕਿਸੇ ਡੂੰਘੇ ਸਾਗਰ ਵਾਂਗ, ਉਥੇ ਛੋਟੇ ਦੀ ਆਵਾਜ਼ ਤੇਜ਼ ਤਰਾਰ ਤਿੱਖੀ ਅਤੇ ਉਚਾਣਾਂ ਛੋਹਣ ਤਕ ਜਾਂਦੀ ਹੈ। ਇਨ੍ਹਾਂ ਨੇ ਆਪਣੇ ਕੀਰਤਨ ਦਾ ਸਭ ਤੋਂ ਪਹਿਲਾ ਪ੍ਰੋਗਰਾਮ 1974 ਈ. ਵਿਚ ਗੁਰਦੁਆਰਾ ਸ੍ਰੀ ਮੰਜੀ ਸਾਹਿਬ, ਅੰਮ੍ਰਿਤਸਰ ਵਿਖੇ ਹੋਏ ਇਕ ਕੀਰਤਨ ਦਰਬਾਰ ਵਿਚ ਪੇਸ਼ ਕੀਤਾ ਸੀ, ਜਿਸ ਤੋਂ ਇਨ੍ਹਾਂ ਦੀ ਪ੍ਰਸਿੱਧੀ ਛੇਤੀ ਹੀ ਬੜੀ ਦੂਰ ਦੂਰ ਤਕ ਫੈਲ ਗਈ। ਉਸ ਤੋਂ ਅਗਲੇ ਸਾਲ 1975 ਈ. ਵਿਚ ਇਨ੍ਹਾਂ ਨੇ ਆਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਕੀਰਤਨ ਦਰਬਾਰ ਵਿਚ ਰਾਗ ਬਸੰਤ ਦਾ ਗਾਇਨ ਕਰ ਕੇ ਜਿਹੜਾ ਰੰਗ ਬੰਨ੍ਹਿਆ, ਉਹ ਇਕ ਯਾਦਗਾਰੀ ਅਤੇ ਇਤਿਹਾਸਕ ਮੁਕਾਮ ਰੱਖਦਾ ਹੈ। ਇਹ ਉਹ ਸਾਲ ਸੀ ਜਦੋਂ ਇਨ੍ਹਾਂ ਨੇ ਕੀਰਤਨ ਦਰਬਾਰ ਵਿਚ ਭਾਗ ਲੈਣ ਤੋਂ ਪਹਿਲਾਂ ਉਥੇ ਅੰਮ੍ਰਿਤ ਛਕਿਆ ਸੀ। 1988 ਈ. ਵਿਚ ਇਨ੍ਹਾਂ ਨੂੰ ਸਵਾਮੀ ਹਰੀਦਾਸ ਸੰਗੀਤ ਕਲਾ ਪ੍ਰੀਸ਼ਦ ਭੋਪਾਲ ਨੇ 'ਸੰਗੀਤ ਚੂੜਾਮਣਿ' ਦਾ ਖ਼ਿਤਾਬ ਦਿੱਤਾ ਅਤੇ 1991 ਈ. ਵਿਚ (ਪੱਛੜ ਕੇ) ਭਾਸ਼ਾ ਵਿਭਾਗ ਪੰਜਾਬ ਨੇ ਸ਼੍ਰੋਮਣੀ ਰਾਗੀ ਦੇ ਸਨਮਾਨ ਨਾਲ ਨਿਵਾਜਿਆ। ਵਲੈਤ ਦੀਆਂ ਦੋ ਆਰਟਿਸਟ ਭੈਣਾਂ ਰਵਿੰਦਰ ਕੌਰ ਤੇ ਅੰਮ੍ਰਿਤਪਾਲ ਕੌਰ ਨੇ ਇਨ੍ਹਾਂ ਦੀ ਗਾਇਕੀ ਤੋਂ ਪ੍ਰਭਾਵਿਤ ਹੋ ਕੇ, ਇਨ੍ਹਾਂ ਦੀ ਇਕ ਬੜੀ ਖ਼ੂਬਸੂਰਤ ਪੇਂਟਿੰਗ ਬਣਾਈ ਸੀ। ਪਿਛਲੀ ਸਦੀ ਦੇ ਮਹਾਨ ਕੱਵਾਲਾਂ ਉਸਤਾਦ ਨੁਸਰਤ ਫ਼ਤਿਹ ਅਲੀ ਖ਼ਾਂ ਤੇ ਹੌਮਨਵਾਵਾਂ[1] ਦੇ ਪਿੱਛੋਂ ਗਾ ਜਾਣਾ, ਇਹ ਇਨ੍ਹਾਂ ਸੰਗੀਤਕਾਰਾਂ ਦਾ ਹੀ ਹਿੱਸਾ ਸੀ। ਉਹ ਯਾਦਗਾਰੀ ਪ੍ਰੋਗਰਾਮ ਨਵੇਂ ਸਾਲ ਦੀ ਖ਼ੁਸ਼ੀ ਵਿਚ 31 ਦਸੰਬਰ, 1989 ਵਾਲੀ ਸ਼ਾਮ ਨੂੰ ਰਾਮਗੜ੍ਹੀਆ ਸਿੱਖ ਟੈਂਪਲ ਸਲੋਹ, ਇੰਗਲੈਂਡ ਵਿਖੇ ਹੋਇਆ ਸੀ। ਖਚਾਖਚ ਭਰੇ ਹੋਏ ਵੱਡੇ ਹਾਲ ਵਿਚ "ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ" ਅਤੇ "ਮਿੱਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ" ਇਹ ਸ਼ਬਦ ਗਾ ਕੇ ਕੱਵਾਲਾਂ ਨੇ ਬੜਾ ਰੰਗ ਬੰਨ੍ਹ ਦਿੱਤਾ ਸੀ। ਉਨ੍ਹਾਂ ਪਿੱਛੋਂ ਆਪ ਦਾ ਜਥਾ ਬੈਠਾ ਤਾਂ ਰਾਗਦਾਰੀ ਦੀਆਂ ਛਹਿਬਰਾਂ ਲਾ ਦਿੱਤੀਆਂ ਸਨ। ਪਟਿਆਲਾ ਘਰਾਣੇ ਦੀ ਝਲਕ ਮਾਰਦੀਆਂ ਤੇਜ਼ ਤਰਾਰ ਤਾਨਾਂ, ਭਈ ਵਾਹ! ਉਨ੍ਹੀਂ ਦਿਨੀਂ ਲੇਖਕ ਨੇ ਉਨ੍ਹਾਂ ਬਾਰੇ ਇਕ ਛੋਟੀ ਜਿਹੀ ਕਵਿਤਾ ਲਿਖੀ ਸੀ, ਜਿਸਦੇ ਕੁਝ ਸ਼ਿਅਰ ਸਨ:

*ਸ਼ਾਸਤ੍ਰੀਅਤਾ ਦਾ ਸਮੁੰਦਰ ਗਲੇ 'ਚ,*
*ਜਾਪਦੇ ਨੇ ਦੋਵੇਂ ਇਹ ਵੈਰਾਗ ਸਿੰਘ।*
*ਐਨਾ ਸੋਹਣਾ ਗਾਉਂਦੇ ਨੇ ਦੋਵੇਂ ਭਰਾ,*
*ਜੀ ਕਰੇ ਨਾਂ ਰੱਖ ਲਈਏ ਰਾਗ ਸਿੰਘ।*

2004 ਈ. ਨੂੰ ਮੇਰੇ ਮਿਸਿਜ਼ ਪੂਰੇ ਹੋ ਗਏ ਤਾਂ ਉਨ੍ਹਾਂ ਦੀ ਰੂਹ ਦੀ ਸ਼ਾਂਤੀ ਲਈ ਅਸੀਂ ਆਪਣੇ ਘਰ ਪਾਠ ਰਖਵਾਇਆ। ਤਮੰਨਾ ਸੀ ਕਿ ਉਸ ਮੌਕੇ 'ਤੇ ਅਸੀਂ ਉਨ੍ਹਾਂ ਨੂੰ ਘਰ ਬੈਠ ਕੇ ਸੁਣੀਏ। ਪਰ ਇਤਫ਼ਾਕ ਦੇਖੋ ਕਿ ਐਨ ਓਸੇ ਦਿਨ ਹੀ ਦਿੱਲੀ ਦੀ

1. ਸੰਗੀਆਂ, ਸਾਥੀਆਂ ਜਾਂ ਜੋੜੀਦਾਰਾਂ।

ਚੀਫ਼ ਮਨਿਸਟਰ ਸ਼ੀਲਾ ਦੀਕਸ਼ਤ ਨੇ ਉਨ੍ਹਾਂ ਨੂੰ ਇਕ ਵਿਸ਼ੇਸ਼ ਸਮਾਗਮ 'ਤੇ ਸਨਮਾਨਿਤ ਕਰਨਾ ਸੀ। ਜਦ ਹੀ ਸੰਤੋਖ ਐਟਮ ਬੰਬ ਨੇ ਉਨ੍ਹਾਂ ਦਾ ਸੁਨੇਹਾ ਮੈਨੂੰ ਆ ਕੇ ਦਿੱਤਾ ਤਾਂ ਦਿਲ ਬੜਾ ਉਦਾਸ ਹੋਇਆ। ਭਾਈ ਅਮਰੀਕ ਸਿੰਘ ਜ਼ਖ਼ਮੀ ਹੋਰਾਂ ਦੇ ਘਰ ਗਏ ਤਾਂ ਉਹ ਵੀ ਆਪਣੇ ਪ੍ਰੋਗਰਾਮਾਂ ਦੇ ਸਿਲਸਿਲੇ 'ਚ ਕਿਧਰੇ ਬਾਹਰ ਉੜੀਸਾ ਵੱਲ ਗਏ ਹੋਏ ਸਨ।

ਆਪਣੇ ਪਿੰਡ ਉਨ੍ਹਾਂ ਨੇ ਭਾਈ ਮਰਦਾਨਾ ਗੁਰਮਤਿ ਅਤੇ ਸ਼ਾਸਤ੍ਰੀ ਸੰਗੀਤ ਅਕੈਡਮੀ ਖੋਲ੍ਹੀ ਹੋਈ ਸੀ, ਜਿਥੇ ਉਹ ਬੱਚਿਆਂ ਨੂੰ ਤਾਲੀਮ ਦਿਆ ਕਰਦੇ ਸਨ। ਪਿਛਲੇ ਕੁਝ ਸਮੇਂ ਤੋਂ ਭਾਈ ਦਿਲਬਾਗ ਸਿੰਘ ਸ਼ੱਕਰ ਰੋਗ ਦੇ ਮਰੀਜ਼ ਸਨ ਤੇ ਅਕਤੂਬਰ ਨੂੰ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ। ਤੁਰੰਤ ਹੀ ਉਨ੍ਹਾਂ ਨੂੰ ਜਲੰਧਰ ਦੇ ਔਕਸਫੋਰਡ ਹਸਪਤਾਲ ਵਿਚ ਦਾਖ਼ਲ ਕਰਵਾ ਦਿੱਤਾ ਗਿਆ। ਏਥੇ ਉਨ੍ਹਾਂ ਨੂੰ ਘੁਟਨ ਮਹਿਸੂਸ ਹੁੰਦੀ ਸੀ। ਮਨ ਕਾਹਲਾ ਪੈਣ 'ਤੇ ਉਹ ਅਕਸਰ ਇਹ ਗੱਲ ਕਹਿੰਦੇ, "ਮੈਨੂੰ ਐਵੇਂ ਇਨ੍ਹਾਂ ਕੰਧਾਂ ਵਿਚ ਡੱਕਿਆ ਹੋਇਆ ਹੈ, ਛੇਤੀ ਛੇਤੀ ਪਿੰਡ ਲੈ ਚਲੋ।" ਬੱਚਿਆਂ ਨਾਲ ਆਪ ਦਾ ਆਖ਼ਰਾਂ ਦਾ ਮੋਹ ਸੀ, ਖ਼ਾਸ ਕਰਕੇ ਆਪਣੀ ਲਾਡਲੀ ਧੀ ਸੁਰਿੰਦਰ ਕੌਰ ਗੋਲੀ ਅਤੇ ਉਸਦੇ ਪਤੀਦੇਵ ਜਸਪਾਲ ਸਿੰਘ ਜੱਸਾ ਨਾਲ। ਆਖ਼ਰ ਦੇਸ਼ ਭਰ ਦਾ ਇਹ ਮਹਾਨ ਕੀਰਤਨੀਆ 10 ਅਕਤੂਬਰ, 2004 ਦੀ ਰਾਤ ਨੂੰ ਅੱਠ ਵਜੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਜਾ ਬਿਰਾਜਿਆ। ਸੰਜੋਗਵੱਸ, ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦੋ ਘੋੜਿਆਂ ਦਾ ਨਾਂ ਵੀ ਇਨ੍ਹਾਂ ਕੀਰਤਨਕਾਰਾਂ ਵਾਲਾ ਹੀ ਸੀ। ਆਪ ਦਾ ਬੇਟਾ ਭਾਈ ਅਵਤਾਰ ਸਿੰਘ ਅੱਜ-ਕੱਲ੍ਹ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਫ਼ਾਰ ਵੂਮੈਨ, ਦਸੂਹਾ ਵਿਖੇ ਸੰਗੀਤ ਦਾ ਪ੍ਰੋਫ਼ੈਸਰ ਲੱਗਿਆ ਹੋਇਆ ਹੈ, ਜਿਸਦੀ ਗਣਤਾ ਦੇਸ਼ ਭਰ ਦੇ ਉੱਘੇ ਰਾਗੀਆਂ ਵਿਚ ਹੁੰਦੀ ਹੈ।


www.sikhbookclub.com



ਭਾਈ ਬਖਸ਼ੀਸ਼ ਸਿੰਘ

 www.sikhbookclub.com

# ਭਾਈ ਬਖ਼ਸ਼ੀਸ਼ ਸਿੰਘ

ਭਾਈ ਸਾਹਿਬ ਬਖ਼ਸ਼ੀਸ਼ ਸਿੰਘ ਦੀ ਗਾਇਕੀ ਦੀ, ਗਹਿਕ, ਚਹਿਕ, ਟਹਿਕ, ਸਹਿਕ, ਲਹਿਕ, ਠਹਿਕ ਅਤੇ ਮਹਿਕ ਬਿਲਕੁਲ ਆਪਣੀ ਹੀ ਸੀ, ਨਵੀਂ ਅਤੇ ਨਿਰਾਲੀ। ਐਸੀ ਘੁਲੀ ਹੋਈ ਆਵਾਜ਼ ਅਤੇ ਅਦਾਇਗੀ, ਜਿਵੇਂ ਫੁਲਝੜੀਆਂ ਬਿਖਰ ਰਹੀਆਂ ਹੋਣ। ਵਗਦੇ ਦਰਿਆ ਦੀ ਰਵਾਨੀ ਵਰਗੀ, ਟਿਕਵੀਂ, ਰਸੀਲੀ, ਸੁਰੀਲੀ ਆਵਾਜ਼। ਸਹਿਜ ਸੁਭਾਓ, ਆਵਾਜ਼ ਵਿਚ ਠਹਿਰਾਓ ਅਤੇ ਠਰ੍ਹੰਮਾ ਬਿਲਕੁਲ ਆਪਣੀ ਕਿਸਮ ਦਾ। ਫ਼ਰਵਰੀ 1975 ਤੋਂ ਲੈ ਕੇ 1980 ਈ. ਆਰੰਭ ਤਕ ਆਪ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਕੀਰਤਨ ਕਰਦੇ ਰਹੇ। ਇਸ ਤੋਂ ਛੁੱਟ, ਵੱਖ ਵੱਖ ਸਮਿਆਂ 'ਤੇ ਉਹ ਸ੍ਰੀ ਤਰਨਤਾਰਨ ਸਾਹਿਬ, ਗੁਰਦੁਆਰਾ ਦੂਖ ਨਿਵਾਰਨ ਸਾਹਿਬ, ਪਟਿਆਲਾ ਅਤੇ ਸ੍ਰੀ ਆਨੰਦਪੁਰ ਸਾਹਿਬ ਵੀ ਕੀਰਤਨ ਦੀ ਸੇਵਾ ਕਰਦੇ ਰਹੇ ਸਨ। ਭਾਈ ਸੁਰਜੀਤ ਸਿੰਘ ਅਤੇ ਗੁਰਦੀਪ ਸਿੰਘ (ਤਬਲਾ) ਆਪ ਦੇ ਸਹਾਇਕ ਸਨ। ਆਪ ਰੇਡੀਓ ਅਤੇ ਟੀ.ਵੀ. ਦੇ ਵੀ ਏ-ਕਲਾਸ ਕਲਾਕਾਰ ਸਨ ਜਿਹੜੇ 1962 ਤੋਂ ਲੈ ਕੇ 1989 ਈ. ਤਕ ਹਰ ਮਹੀਨੇ ਆਪਣਾ ਇਕ ਪ੍ਰੋਗਰਾਮ ਪ੍ਰਸਤੁਤ ਕਰਦੇ ਰਹੇ।

ਆਪ ਦਾ ਜਨਮ 29 ਜੂਨ, 1933 ਨੂੰ ਪਿੰਡ ਮੱਖਣ ਵਿੰਡੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਂ ਭਾਈ ਕਿਰਪਾਲ ਸਿੰਘ ਰਾਗੀ ਸੀ ਅਤੇ ਮਾਤਾ ਦਾ ਸ੍ਰੀਮਤੀ ਰਾਮ ਕੌਰ। ਆਪਦੇ ਦਾਦਾ ਭਾਈ ਜਵਾਲਾ ਸਿੰਘ ਵੀ ਇਕ ਉੱਚ ਕੋਟੀ ਦੇ ਕੀਰਤਨਕਾਰ ਹੋ ਗੁਜ਼ਰੇ ਹਨ। ਆਪ ਦਾ ਸਬੰਧ ਗੌਰਵਮਈ ਤਰਨਤਾਰਨ ਟਕਸਾਲ ਨਾਲ ਸੀ। ਦੱਸਿਆ ਜਾਂਦਾ ਹੈ ਕਿ ਅਜੇ ਆਪ ਛੋਟੀ ਉਮਰ ਦੇ ਹੀ ਸਨ ਕਿ ਉਨ੍ਹਾਂ ਨੇ ਹਰਖੋਵਾਲ ਦੇ ਪ੍ਰਸਿੱਧ ਗੁਰਦੁਆਰੇ 'ਚ ਕੀਰਤਨ ਕਰਦਿਆਂ ਜਦੋਂ ਇਹ ਸ਼ਬਦ "ਮਾਈ ਗੁਰ ਚਰਣੀ ਚਿਤੁ ਲਾਈਐ" ਪੜ੍ਹਿਆ ਤਾਂ ਸੰਤ ਬਾਬਾ ਖੜਗ ਸਿੰਘ ਉਨ੍ਹਾਂ ਤੋਂ ਐਨਾ ਪ੍ਰਭਾਵਿਤ ਹੋਏ ਕਿ ਉਨ੍ਹਾਂ ਥਾਪੜਾ ਦਿੰਦਿਆਂ ਇਹ ਗੱਲ ਆਖੀ ਸੀ, "ਮਿਹਨਤ ਨਹੀਂ ਛੱਡਣੀ, ਕਰੀ ਜਾਣੀ, ਉਹ ਦਿਨ ਛੇਤੀ ਆ ਜਾਏਗਾ ਜਦੋਂ ਆਪ ਪੰਥ ਦੇ ਇਕ ਬੜੇ ਵੱਡੇ ਕੀਰਤਨੀਏ ਬਣ ਜਾਓਗੇ।" ਸੋ ਉਨ੍ਹਾਂ ਮਹਾਂਪੁਰਖਾਂ ਦੀ ਆਖੀ ਹੋਈ ਗੱਲ ਇਕ ਦਿਨ ਬਿਲਕੁਲ ਠੀਕ ਨਿਕਲੀ। ਆਪ ਨਿਰਧਾਰਤ ਰਾਗਾਂ 'ਚ ਕੀਰਤਨ ਕਰਦੇ ਸਨ। ਪੰਜਾਬ ਦੇ ਦਰਿਆਵਾਂ 'ਚੋਂ ਦਰਿਆ ਝਨਾਂ ਦਾ ਪਾੜ ਬਹੁਤ ਵੱਡਾ ਹੋਣ ਕਰ ਕੇ ਸਭ ਤੋਂ ਤੇਜ਼ ਮੰਨਿਆ ਜਾਂਦਾ ਹੈ। ਏਸੇ ਤਰ੍ਹਾਂ ਹੀ ਉਨ੍ਹਾਂ ਦੀ ਆਵਾਜ਼ ਦਾ ਪਾੜ ਵੀ ਵੱਡਾ ਸੀ ਜਿਸ ਵਿਚ ਸਰਲ ਰਵਾਨੀ ਵੀ ਸੀ। ਰਾਗ ਬਾਣੀ ਵਿਆਕਰਣ ਦੀ ਬੇਹੱਦ ਸੂਝ ਸੀ। ਉਨ੍ਹਾਂ ਕੋਲ ਵੱਖੋ-ਵੱਖਰੀਆਂ ਟਕਸਾਲਾਂ ਦੀਆਂ ਪ੍ਰਾਚੀਨ ਰੀਤਾਂ ਅਤੇ ਬੰਦਸ਼ਾਂ ਆਦਿ ਦਾ ਬੜਾ ਵੱਡਾ ਭੰਡਾਰ ਸੀ। ਆਖਦੇ ਨੇ :

 www.sikhbookclub.com

*ਸੋਰਠ ਮੀਠੀ ਰਾਗਨੀ,*
*ਰਣ ਮੀਠੀ ਤਲਵਾਰ।*

ਸੋਰਠ, ਸਾਰੰਗ, ਜੈਜੈਵੰਤੀ, ਜੈਤਸਿਰੀ, ਧਨਾਸਰੀ ਅਤੇ ਯਮਨ ਕਲਿਆਣ ਆਪ ਦੇ ਪਸੰਦੀਦਾ ਰਾਗ ਸਨ। ਆਪ ਨੂੰ ਬੇਸ਼ੁਮਾਰ ਸ਼ਬਦ ਜ਼ੁਬਾਨੀ ਯਾਦ ਸਨ, ਇਸ ਲਈ ਬਹੁਤੇ ਕੀਰਤਨੀਏ ਉਨ੍ਹਾਂ ਦੀ ਇਸ ਰੱਬੀ ਦਾਤ ਨੂੰ ਪ੍ਰਨਾਮ ਕਰਦੇ ਸਨ। ਇਕ ਵੇਰ ਐਚ.ਐਮ.ਵੀ. ਕੀਰਤਨ ਦਰਬਾਰ ਸਭਾ ਫ਼ਰੀਦਕੋਟ ਨਾਲ ਮਿਲ ਕੇ ਸ੍ਰੀ ਗੁਰੂ ਰਾਮਦਾਸ ਜੀ ਦੇ ਚੋਣਵੇਂ ਸ਼ਬਦਾਂ ਦਾ ਇਕ ਐਲ.ਪੀ. ਕੱਢਿਆ ਸੀ। ਉਸ ਵਿਚ ਪਹਿਲੇ ਦੋ ਸ਼ਬਦਾਂ ਦਾ ਕੀਰਤਨ, "ਗੁਰ ਰਾਮਦਾਸ ਰਾਖਹੁ ਸਰਣਾਈ" ਅਤੇ "ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ" ਭਾਈ ਬਖ਼ਸ਼ੀਸ਼ ਸਿੰਘ ਜੀ ਨੇ ਹੀ ਕੀਤਾ ਸੀ। ਉਸ ਪਿੱਛੋਂ ਵੀ ਉਨ੍ਹਾਂ ਦੀ ਆਵਾਜ਼ ਵਿਚ ਕੁਝ ਕੈਸਟਾਂ ਭਰੀਆਂ ਗਈਆਂ ਸਨ—ਘੱਟੋ ਘੱਟ ਸੋਲ੍ਹਾਂ, ਜਿਹੜੀਆਂ ਕਿ ਐਚ.ਐਮ.ਵੀ. ਜਾਂ ਟੈਕਸਲਾ ਆਦਿ ਕੰਪਨੀਆ ਨੇ ਕੱਢੀਆਂ ਸਨ। ਭਾਵੇਂ ਕਿ ਆਪ ਨੂੰ 'ਸ਼੍ਰੋਮਣੀ ਰਾਗੀ' ਅਤੇ ਭਾਈ ਮਰਦਾਨਾ ਵਰਗੇ ਮਾਣ-ਮੱਤੇ ਐਵਾਰਡਾਂ ਨਾਲ ਵੀ ਸਨਮਾਨਿਤ ਕੀਤਾ ਗਿਆ ਸੀ, ਪਰ ਰੱਬ ਜਾਣੇ ਉਹ ਕਿਉਂ ਅਜਿਹੇ ਇਨਾਮਾਂ ਇਕਰਾਮਾਂ ਤੋਂ ਬੇਨਿਆਜ਼ ਹੀ ਰਹਿਣਾ ਚਾਹੁੰਦੇ ਸਨ। ਇਕ ਵੇਰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦਾ ਇਕ ਉੱਚ ਅਧਿਕਾਰੀ ਉਨ੍ਹਾਂ ਨੂੰ ਜਦੋਂ ਆਪਣੇ ਵਕਾਰੀ ਇਨਾਮ ਦੇਣ ਦੇ ਫ਼ੈਸਲੇ ਬਾਰੇ ਖ਼ੁਸ਼ੀ ਖ਼ੁਸ਼ੀ ਦੱਸਣ ਗਿਆ ਤਾਂ ਉਹ ਇਸ ਨੂੰ ਸਵੀਕਾਰ ਕਰਨ ਲਈ ਰਜ਼ਾਮੰਦ ਨਹੀਂ ਸਨ ਹੋਏ। ਕਾਰਨ ਖ਼ਬਰੇ ਅਗੇਤ-ਪਛੇਤ ਸੀ ਜਾਂ ਕੁਝ ਹੋਰ, ਰੱਬ ਜਾਣੇ। ਕੁਝ ਸਮੇਂ ਪਿੱਛੋਂ ਖੱਬਿਉਂ-ਸੱਜਿਉਂ ਜ਼ੋਰ ਪੈਣ 'ਤੇ 1990 ਵਿਚ ਉਹ ਫਿਰ ਮੰਨ ਗਏ ਸਨ। ਪਰ ਅਫ਼ਸੋਸ ਕਿ ਓਸੇ ਸਾਲ ਹੀ 27 ਨਵੰਬਰ ਨੂੰ ਚੰਡੀਗੜ੍ਹ ਵਿਖੇ ਉਹ ਇਕ ਬੇਰਹਿਮ ਕਤਲ ਦਾ ਸ਼ਿਕਾਰ ਹੋ ਗਏ ਸਨ—ਆਪਣੇ ਧਰਮ ਦੇ ਨੌਜਵਾਨਾਂ ਹੱਥੋਂ ਹੀ! ਅਜਿਹੇ ਮੰਜ਼ਰ ਨੂੰ ਚਿਤਵਦਿਆਂ, ਜੋਸ਼ ਮਲਸਿਆਨੀ ਦਾ ਇਕ ਸ਼ਿਅਰ ਯਾਦ ਆ ਰਿਹਾ ਹੈ, ਜਿਹੜਾ ਉਨ੍ਹਾਂ ਨੇ ਮਹਾਤਮਾ ਗਾਂਧੀ ਦੇ ਕਤਲ 'ਤੇ ਲਿਖਿਆ ਸੀ:

*ਹਮੀਂ ਹੈ ਕਿ ਮੁਹਸਨ ਸ਼ਨਾਸੀ ਛੋੜਨੇ ਵਾਲੇ,*
*ਕਿਨਾਰੇ ਪਰ ਪਹੁੰਚਤੇ ਹੀ ਸਫ਼ੀਨਾ ਤੋੜਨੇ ਵਾਲੇ।*
[ਅਸੀਂ ਹਿੰਦੁਸਤਾਨੀ ਅਜਿਹੇ ਲੋਕ ਹਾਂ, ਜਿਹੜੇ ਆਪਣੇ 'ਤੇ ਅਹਿਸਾਨ ਕਰਨ ਵਾਲੇ ਨੂੰ ਭੁੱਲ ਜਾਂਦੇ ਹਾਂ ਅਤੇ ਬੇੜਾ ਬੰਨੇ ਲਾਉਣ ਵਾਲੀ ਕਿਸ਼ਤੀ ਨੂੰ ਮਗਰੋਂ ਭੰਨ-ਤੋੜ ਦਿੰਦੇ ਹਾਂ।]

ਭਾਈ ਸੁਖਦੇਵ ਸਿੰਘ ਭਾਈ ਬਲਦੇਵ ਸਿੰਘ, ਭਾਈ ਸੁਰਜੀਤ ਸਿੰਘ, ਭਾਈ ਮਨਮੋਹਣ ਸਿੰਘ ਅਤੇ ਭਾਈ ਹਰਜੀਤ ਸਿੰਘ ਉਨ੍ਹਾਂ ਦੇ ਕੁਝ ਕੁ ਮਾਣਯੋਗ ਸ਼ਾਗਿਰਦ ਹਨ। ਉਨ੍ਹਾਂ ਦੀ ਪਰਿਵਾਰਕ ਫੁੱਲਵਾੜੀ ਵਿੱਚੋਂ ਉਨ੍ਹਾਂ ਦੀ ਧਰਮਪਤਨੀ, ਉਨ੍ਹਾਂ ਦਾ ਇਕ ਛੋਟਾ ਬੇਟਾ ਡਾ. ਸੁਖਵਿੰਦਰ ਸਿੰਘ ਅਤੇ ਇਕ ਬੇਟੀ ਜਸਵੀਰ ਕੌਰ ਪ੍ਰਿੰਸੀਪਲ ਅੱਜ-ਕੱਲ੍ਹ ਆਪਣੀ ਸਰਹੰਦ ਰੋਡ ਪਟਿਆਲਾ ਵਾਲੀ ਪੁਰਾਣੀ ਕੋਠੀ ਵਿਚ ਹੀ ਨਿਵਾਸ ਰੱਖ ਰਹੇ ਹਨ, ਜਦ ਕਿ ਉਨ੍ਹਾਂ ਦਾ ਬੜਾ ਬੇਟਾ ਅਤੇ ਦੂਜੀਆਂ ਤਿੰਨੇ ਧੀਆਂ ਵੀ ਆਹਲਾ ਦਰਜੇ ਦੀ ਤਾਲੀਮ ਹਾਸਲ ਕਰ ਕੇ ਸਤਿਕਾਰਤ ਨੌਕਰੀਆਂ 'ਤੇ ਬਿਰਾਜਮਾਨ ਹਨ।


www.sikhbookclub.com

# ਭਾਈ ਬਲਬੀਰ ਸਿੰਘ

ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਠਾਠਾਂ ਮਾਰਦੀ ਸ਼ਖ਼ਸੀਅਤ ਦਾ ਜਾਹੋ-ਜਲਾਲ, ਉਨ੍ਹਾਂ ਦੀ ਸ਼ਾਇਰੀ ਦੇ ਚੰਗਿਆੜੇ ਰੰਗੇ ਗੁਲਮੋਹਰ ਦਾ ਗੁਲਾਲ, ਇਹ ਸਭ ਚੀਜ਼ਾਂ ਤੁਹਾਨੂੰ ਭਾਈ ਸਾਹਿਬ ਭਾਈ ਬਲਬੀਰ ਸਿੰਘ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਗਾਇਕੀ ਵਿੱਚੋਂ ਉਪਲਬਧ ਹੋ ਜਾਏਗਾ। ਆਖਦੇ ਨੇ, 'ਜੈਸਾ ਜੀਵਨ ਵੈਸੀ ਡਾਇਰੀ, ਜੈਸੀ ਸੋਚ ਵੈਸੀ ਸ਼ਾਇਰੀ।' ਗੱਜਦੇ ਵੱਜਦੇ ਬੱਦਲਾਂ ਦੀ ਗੜਗੜਾਹਟ, ਤੇਜ਼ ਤੂਫ਼ਾਨੀ ਤੁਗਿਆਨੀ, ਵੱਡੇ ਪਾੜ ਵਾਲੇ ਵਗਦੇ ਦਰਿਆ ਝਨਾ ਵਰਗਾ ਠਾਠਹਟ, ਮੁਹਿੰਮਾਂ 'ਤੇ ਜਾਂਦੇ ਅੱਥਰੇ, ਮਾਰੋ-ਮਾਰ ਕਰਦੇ ਘੋੜਿਆਂ ਦੀਆਂ ਟਾਪਾ ਦੀ ਦਗੜਾਹਟ, ਖੜਕਦੀਆਂ ਤਲਵਾਰਾਂ ਦੀ ਖੜਖੜਾਹਟ, ਇਹ ਸਾਰੀਆਂ ਝਲਕਾਂ, ਧਾਰੀਆਂ (Shades) ਤੁਹਾਨੂੰ ਇਨ੍ਹਾਂ ਦੀ ਗਾਇਕੀ 'ਚੋਂ ਮਿਲ ਜਾਣਗੀਆਂ, ਜਿਹੜੀਆਂ ਚੀਜ਼ਾਂ ਕਿ ਦਸਮ ਪਿਤਾ ਦੀ ਬਾਣੀ ਗਾਉਣ ਅਤੇ ਉਨ੍ਹਾਂ ਵਿਚਲਾ ਰੰਗ ਉਘਾੜਨ ਲਈ ਬੜੀਆਂ ਜ਼ਰੂਰੀ ਹਨ। ਏਸੇ ਲਈ ਤਾਂ ਭਾਈ ਬਲਬੀਰ ਸਿੰਘ ਇਹ ਗੱਲ ਕਹਿੰਦੇ ਅਕਸਰ ਸੁਣਾਈ ਦੇਣਗੇ, "ਭਈ ਗਾਉਣ ਸਮੇਂ ਸਾਨੂੰ ਵਿਚ ਵਿਚ ਕਈ ਵੇਰ ਗਤਕਾ ਵੀ ਖੇਡਣਾ ਪੈਂਦਾ ਹੈ, ਗਾਇਕੀ ਦਾ।"

ਜਿਸ ਤਰ੍ਹਾਂ ਉਸਤਾਦ ਅਮੀਰ ਖ਼ਾਂ ਦੇ ਗਾਏ ਗਏ ਦੋ ਰਾਗ, ਮਾਰਵਾ ਅਤੇ ਲਲਿਤ ਸੁਣ ਕੇ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਇਹ ਰਾਗ ਉਸਨੇ ਖ਼ਰੀਦ ਕੇ ਆਪਣੇ ਬੋਝੇ ਵਿਚ ਪਾਏ ਹੋਏ ਹੋਣ। ਕੁਛ ਕੁਛ ਏਸੇ ਤਰ੍ਹਾਂ ਦਾ ਹੀ ਅਨੁਭਵ ਆਪ ਜੀ ਦੇ ਗਾਏ ਗਏ ਤਰਾਨੇ ਸੁਣ ਕੇ ਹੋਏਗਾ। ਸਾਡੇ ਵਿਚ ਬਹੁਤ ਹੀ ਘੱਟ ਅਜਿਹੇ ਰਾਗੀ ਹਨ, ਜਿਹੜੇ ਦਸਮ ਗ੍ਰੰਥ ਜੀ ਦੀ ਬਾਣੀ ਦਾ ਸਹੀ ਤਲੱਫ਼ਜ਼, ਸਹੀ ਉਚਾਰਨ ਕਰ ਸਕਦੇ ਹਨ। ਉਹ ਵੀ ਫਿਰ ਗਾ ਕੇ? ਉਨ੍ਹਾਂ ਦਾ ਫ਼ਾਰਸੀ ਭਾਸ਼ਾ 'ਤੇ ਅਬੂਰ ਕਮਾਲ ਦਾ ਹੈ। ਇਨ੍ਹਾਂ ਨੂੰ ਸੁਣ ਕੇ ਤੁਹਾਨੂੰ ਇਕ ਆਪਣੇ ਪੁਰਾਣੇ ਰਬਾਬੀ ਭਾਈ ਧਰਮ ਸਿੰਘ ਜੀ ਜ਼ਖ਼ਮੀ ਯਾਦ ਆ ਜਾਣਗੇ। ਦਰਅਸਲ, ਆਪ ਦਾ ਪਰਿਵਾਰ ਪਿਛਲੀਆਂ ਸੱਤ ਪੀੜ੍ਹੀਆਂ ਤੋਂ ਕੀਰਤਨ ਕਰਦਾ ਆ ਰਿਹਾ ਹੈ। ਅੰਤਰਰਾਸ਼ਟਰੀ ਪ੍ਰਸਿੱਧੀ ਰੱਖਣ ਵਾਲੇ ਉਸਤਾਦ ਵਿਲਾਇਤ ਖ਼ਾਂ ਸਿਤਾਰ ਨਵਾਜ਼ ਹੋਰੀਂ ਵੀ ਆਪਣੀ ਸੱਤਵੀਂ ਪੀੜ੍ਹੀ ਵਿੱਚੋ ਸਨ। ਇਨ੍ਹਾਂ ਦੇ ਪਰਿਵਾਰ ਨੂੰ ਗੁਰੂ ਅਰਜਨ ਦੇਵ ਜੀ ਨੇ ਉਸ ਸਮੇਂ ਵਰ ਦਿੱਤਾ ਸੀ, ਜਦੋਂ ਭਾਈ ਸੱਤਾ ਅਤੇ ਬਲਵੰਡ ਨੇ ਗੁਰੂ ਘਰ ਵਿਚ ਕੀਰਤਨ ਕਰਨਾ ਬੰਦ ਕਰ ਦਿੱਤਾ ਸੀ। ਉਸ ਸਮੇਂ ਉਨ੍ਹਾਂ ਨੇ ਇਨ੍ਹਾਂ ਦੇ ਇਕ ਵਡੇਰੇ ਭਾਈ ਸ੍ਰੀ ਰਾਮ ਜੀ ਨੂੰ ਥਾਪੜਾ ਦਿੰਦਿਆਂ ਕਿਹਾ ਸੀ, "ਤੁਹਾਡੇ ਪਰਿਵਾਰ ਨੇ ਅੱਗੇ


www.sikhbookclub.com



ਭਾਈ ਬਲਬੀਰ ਸਿੰਘ ਸ਼੍ਰੋਮਣੀ ਰਾਗੀ


www.sikhbookclub.com

ਤੋਂ ਹੁਣ ਹੋਰ ਕੋਈ ਕੰਮ ਨਹੀਂ ਕਰਨਾ। ਇਸ ਦਾਤ ਨੂੰ ਵੰਡਦੇ ਰਹੋਗੇ ਤਾਂ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੋਗੇ।"

ਭਾਈ ਸ੍ਰੀ ਰਾਮ ਜੀ ਤੋਂ ਬਾਅਦ ਹਰੀ ਰਾਮ ਜੀ ਹੋਏ। ਤੀਸਰੀ ਪੀੜ੍ਹੀ ਦੇ ਵਡੇਰੇ ਬਾਬਾ ਹਰੀ ਸਿੰਘ ਜੀ ਨੇ ਜਦੋਂ ਅੰਮ੍ਰਿਤ ਛਕ ਲਿਆ ਤਾਂ ਬਾਬਾ ਹੀਰਾ ਸਿੰਘ ਅਖਵਾਉਣ ਲੱਗ ਪਏ। ਉਨ੍ਹਾਂ ਦੇ ਸਪੁੱਤਰ ਸਨ ਬਾਬਾ ਇੰਦਰ ਸਿੰਘ ਜੀ। ਅੱਗੋਂ ਬਾਬਾ ਜੀ ਦੇ ਸਪੁੱਤਰ ਸਨ ਬਾਬਾ ਕੁੰਦਨ ਸਿੰਘ। ਅਗੋਂ ਉਨ੍ਹਾਂ ਦੇ ਸਪੁੱਤਰ ਭਾਈ ਸੰਤਾ ਸਿੰਘ ਜੀ ਨੇ ਤਬਲਾ ਵਜਾਉਣ ਵਿਚ ਬੜਾ ਨਾਂ ਪੈਦਾ ਕੀਤਾ। ਇਨ੍ਹਾਂ ਦੇ ਸਪੁੱਤਰ ਹੀ ਹਨ ਭਾਈ ਬਲਬੀਰ ਸਿੰਘ, ਜਿਨ੍ਹਾਂ ਦਾ ਜਨਮ 1933 ਈ. ਵਿਚ ਸ੍ਰੀ ਤਰਨਤਾਰਨ ਸਾਹਿਬ ਵਿਖੇ ਮਾਤਾ ਪ੍ਰਸਿੰਨ ਕੌਰ ਜੀ ਦੀ ਕੁੱਖੋਂ ਹੋਇਆ। ਬਚਪਨ ਵਿਚ ਹੀ ਸੰਗੀਤ ਦੀ ਸਿੱਖਿਆ ਆਪ ਨੇ ਆਪਣੇ ਤਾਇਆ ਜੀ ਤੋਂ ਲੈਣੀ ਸ਼ੁਰੂ ਕਰ ਦਿੱਤੀ। ਨਾਲ ਨਾਲ ਤਬਲੇ ਦੀ ਤਾਲੀਮ ਵੀ ਜਾਰੀ ਰੱਖੀ, ਜਿਹੜੀ ਆਪ ਨੇ ਪੰਜਾਂ ਉਸਤਾਦਾਂ ਕੋਲੋਂ ਪ੍ਰਾਪਤ ਕੀਤੀ। ਗਾਇਨ ਅਤੇ ਤਬਲੇ ਤੋਂ ਛੁੱਟ ਆਪ ਦਿਲਰੁਬਾ, ਤਾਊਸ ਅਤੇ ਜਲਤ੍ਰੰਗ ਆਦਿ ਆਸਾਨੀ ਨਾਲ ਵਜਾ ਲੈਂਦੇ ਹਨ। ਤਬੀਅਤ ਮੁਸ਼ਕਲ-ਪਸੰਦ ਹੋਣ ਕਾਰਨ ਆਪ ਸਹਿਲ ਸਿੱਧੀ ਗਾਇਕੀ ਦੀ ਬਜਾਏ ਬਿਖੜਾ ਗਾ ਕੇ ਖ਼ੁਸ਼ ਰਹਿੰਦੇ ਹਨ - ਔਖੇ ਤਾਲਾਂ ਵਿਚ ਜਿਵੇਂ ਕਿ ਧਰੁੱਪਦ, ਧਮਾਰ, ਚੁਤਾਲ ਆਦਿ। ਆਪ ਦੀ ਯਾਦਾਸ਼ਤ ਐਨੀ ਕਮਾਲ ਦੀ ਹੈ ਕਿ ਆਪ ਨੂੰ ਹਜ਼ਾਰਾਂ ਸ਼ਬਦ ਜ਼ੁਬਾਨੀ ਯਾਦ ਹਨ। ਆਪ ਦੇ ਜਥੇ ਨਾਲ ਭਾਈ ਚਤਰ ਸਿੰਘ ਨਿਹੰਗ ਹਾਰਮੋਨੀਅਮ 'ਤੇ ਅਤੇ ਭਾਈ ਮਹਿੰਦਰ ਸਿੰਘ ਤਬਲੇ 'ਤੇ ਸੰਗਤ ਕਰਿਆ ਕਰਦੇ ਸਨ। ਆਪ 1955 ਤੋਂ ਲੈ ਕੇ 1991 ਈ. ਤਕ ਅਰਥਾਤ ਪੂਰੇ 36 ਸਾਲ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਹਜ਼ੂਰੀ ਰਾਗੀ ਦੇ ਪਦ 'ਤੇ ਸੇਵਾ ਕਰਦੇ ਰਹੇ। ਸਿੱਖ ਪੰਥ ਨੂੰ ਆਪ ਦੀ ਸਭ ਤੋਂ ਵੱਡੀ ਦੇਣ ਸ਼ਬਰੇ ਇਹ ਹੈ ਕਿ 1999 ਈ. ਵਿਚ ਖ਼ਾਲਸਾ ਸਾਜਨਾ ਦੀ ਤੀਜੀ ਸ਼ਤਾਬਦੀ ਦੇ ਮੌਕੇ, ਕੀਰਤਨ ਪ੍ਰੇਮੀਆਂ ਨੂੰ ਆਪ ਨੇ ਇਕ ਅਨਮੋਲ ਤੋਹਫ਼ਾ ਦਿੱਤਾ, ਜਿਹੜਾ ਕਿ 31 ਰਾਗਾਂ ਨੂੰ ਕਲਾਸੀਕਲ ਅੰਗ ਵਿਚ ਗਾਇਆ ਹੈ। ਸਾਰੇ ਦੇ ਸਾਰੇ ਇਹ ਰਾਗ ਪੰਜਾਹ ਟੇਪਾਂ ਵਿਚ ਉਪਲਬਧ ਹਨ। ਇਨ੍ਹਾਂ ਨੂੰ ਸੁਣ ਕੇ ਜਿਥੇ ਸਾਨੂੰ ਇਨ੍ਹਾਂ ਦੀ ਰਸ ਭਿੰਨੀ ਅਤੇ ਤਿਆਰ ਗਾਇਕੀ ਦਾ ਅੰਦਾਜ਼ਾ ਲੱਗ ਜਾਂਦਾ ਹੈ, ਉਥੇ ਸਾਡਾ ਸਿਰ ਮਾਣ ਨਾਲ ਉੱਚਾ ਵੀ ਹੋ ਜਾਂਦਾ ਹੈ ਕਿ ਸਿੱਖ ਕੌਮ ਵਿਚ ਏਹੋ ਜਿਹੇ ਰਾਗੀ ਵੀ ਹਨ। ਆਪ ਦੇ ਜਥੇ ਦੇ ਪੁਰਾਣੇ ਸਾਥੀ ਤਾਂ ਅੱਜ-ਕੱਲ੍ਹ ਇਸ ਸੰਸਾਰ ਵਿਚ ਨਹੀਂ ਰਹੇ, ਪਰ ਉਨ੍ਹਾਂ ਦੀ ਥਾਂ ਹੁਣ ਉਨ੍ਹਾਂ ਦੇ ਬੇਟੇ ਭਾਈ ਬਹਾਦਰ ਸਿੰਘ ਅਤੇ ਭਾਈ ਸੁਦਾਗਰ ਸਿੰਘ ਇਨ੍ਹਾਂ ਨਾਲ ਬੈਠਦੇ ਹਨ। ਇਨ੍ਹਾਂ ਨੂੰ ਆਪਣੇ ਪੋਤਰੇ ਹਰਮਨਪ੍ਰੀਤ ਸਿੰਘ 'ਤੇ ਬਹੁਤ ਆਸਾਂ ਹਨ ਜਿਹੜੇ ਕਿ ਆਪਣੀ ਛੁਟਕੀ ਜਿਹੀ ਉਮਰ ਵਿਚ ਹੀ ਬੜਾ ਪਿਆਰਾ ਗਾਉਂਦੇ ਹਨ, ਕੀ ਪੜਤਾਲਾਂ ਅਤੇ ਕੀ ਤਰਾਨੇ ਆਦਿ।

ਸੰਗੀਤ ਸਬੰਧੀ ਆਪ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਹੋਇਆਂ ਆਪ ਨੂੰ ਜੀਵਨ ਵਿਚ ਅਨੇਕ ਇਨਾਮ ਇਕਰਾਮ ਮਿਲੇ, ਜਿਨ੍ਹਾਂ ਵਿੱਚੋਂ ਕੁਝ ਕੁ ਇਹ ਹਨ : (1) ਇੰਡੀਅਨ ਕੌਂਸਲ ਆਫ਼ ਸਿੱਖ ਅਫ਼ੇਅਰਜ਼ ਦਿੱਲੀ - 1983, (2) ਕੇਂਦਰੀ ਸਿੰਘ ਸਭਾ, ਅੰਮ੍ਰਿਤਸਰ - 1991, (3) ਵਿਸਮਾਦ ਨਾਦ ਜਵੱਦੀ ਕਲਾਂ, ਲੁਧਿਆਣਾ -

1992, (4) ਭਾਈ ਮਰਦਾਨਾ ਯਾਦਗਾਰ ਕਮੇਟੀ, ਫ਼ੀਰੋਜ਼ਪੁਰ - 1995, (5) ਪੰਜਾਬ ਸਰਕਾਰ ਵਲੋਂ ਸ਼੍ਰੋਮਣੀ ਰਾਗੀ ਪੁਰਸਕਾਰ ਅਤੇ ਕਿੰਨੇ ਸਾਰੇ ਹੋਰ ਜਿਨ੍ਹਾਂ ਦੀ ਲਿਸਟ ਬੜੀ ਲੰਬੀ ਹੈ।

ਪੰਥ ਦੇ ਗੰਧਰਵ ਰਾਗੀ ਗਿਆਨੀ ਗਿਆਨ ਸਿੰਘ ਅਲਮਸਤ ਜੀ ਦੇ ਸਪੁੱਤਰ ਠਾਕੁਰ ਜੀ, ਜਿਹੜੇ ਕਿ ਇਕ ਕੀਰਤਨਕਾਰ ਤੋਂ ਛੁੱਟ ਵੱਡੇ ਵੁਆਇਲਨਿਸਟ ਵੀ ਸਨ, ਇਕ ਵਾਰ ਜਦੋਂ ਉਨ੍ਹਾਂ ਨੇ ਆਪ ਨੂੰ ਗੋਇੰਦਵਾਲ ਸਾਹਿਬ ਵਿਖੇ ਹੋਏ ਕੀਰਤਨ ਦਰਬਾਰ ਵਿਚ ਸੁਣਿਆ ਤਾਂ ਉਹ ਗਦਗਦ ਹੋ ਗਏ ਅਤੇ ਉਨ੍ਹਾਂ ਨੇ ਇਨ੍ਹਾਂ ਨੂੰ 'ਡਾਕਟਰ ਆਫ਼ ਮਿਊਜ਼ਿਕ' ਦੀ ਉਪਾਧੀ ਦਿੱਤੀ। ਲੇਖਕ ਨੂੰ ਅੱਜ ਤੋਂ ਦੋ ਸਾਲ ਪਹਿਲਾਂ ਫ਼ਰਵਰੀ ਵਿਚ ਉਨ੍ਹਾਂ ਨੂੰ ਸ੍ਰੀ ਗੁਰੂਨਾ ਸਾਹਿਬ, ਬੋਦਲਾਂ ਵਿਖੇ ਹੋਏ ਭਾਈ ਦਿਲਬਾਗ ਸਿੰਘ ਯਾਦਗਾਰੀ ਬਸੰਤ ਰਾਗ ਦਰਬਾਰ ਵਿਚ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ। ਇਨ੍ਹਾਂ ਨੇ ਉਥੇ ਉਹ ਰੰਗ ਬੰਨ੍ਹਿਆ ਕਿ ਕੀ ਗੱਲਾਂ। ਜਦੋਂ ਉਨ੍ਹਾਂ ਨੂੰ ਮੈਂ ਨੌਸ਼ਿਹਰਾ ਨੰਗਲੀ ਘਰਾਣੇ ਦੇ ਉਸਤਾਦ ਉਮੀਦ ਅਲੀ ਖ਼ਾਂ ਦੇ ਗਾਏ ਗਏ ਕਾਫ਼ੀ ਕਾਨ੍ਹੜੇ ਦੀ ਇਕ ਅਦੁੱਤੀ ਟੇਪ ਭੇਂਟ ਕੀਤੀ ਤਾਂ ਬੜੇ ਖ਼ੁਸ਼ ਹੋਏ। ਆਪ ਬੜੀ ਮਿਲਾਪੜੀ ਹਸਮੁੱਖ ਤਬੀਅਤ ਦੇ ਸੁਆਮੀ ਹਨ।

SIKHBOOKCLUB.COM

 www.sikhbookclub.com

# ਭਾਈ ਨਿਰਮਲ ਸਿੰਘ ਖ਼ਾਲਸਾ

ਇਕ ਦਿਨ ਟੀ.ਵੀ. ਲਾਇਆ ਤਾਂ ਕੋਈ ਰਾਗੀ ਕੀਰਤਨ ਕਰ ਰਿਹਾ ਸੀ। ਐਸਾ ਹਰਕਤੀ, ਐਸਾ ਕੁਦਰਤੀ ਲਰਜ਼ਈ, ਮੁਰਕਈ, ਮੁਗਲਈ (ਭਾਰੀ ਤਾਕਤਵਰ) ਗਲਾ ਕਿ ਸੁਆਦ ਆ ਗਿਆ। ਸਭ ਕੁਝ ਐਨ ਕੁਦਰਤੀ, ਵਗਦੇ ਝਰਨਿਆਂ ਵਾਂਗ। ਲਹਿਨੇ ਦਾਊਦੀ ਵਰਗੀ ਗੱਲ। ਬੇਹੱਦ ਸੁਰੀਲੀ ਆਵਾਜ਼। ਇਹ ਨਿਰਮਲ ਆਵਾਜ਼ ਭਾਈ ਨਿਰਮਲ ਸਿੰਘ ਖ਼ਾਲਸਾ ਦੀ ਸੀ ਜਿਹੜੇ ਕਿ 1980 ਤੋਂ ਲੈ ਕੇ 1987 ਈ. ਤਕ ਭਾਈ ਗੁਰਮੇਜ ਸਿੰਘ ਦੇ ਸਹਾਇਕ ਵਜੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰਦੇ ਆ ਰਹੇ ਸਨ ਅਤੇ ਪਿੱਛੋਂ ਆਪਣਾ ਵੱਖਰਾ ਜਥਾ ਬਣਾ ਕੇ ਉਥੇ ਹਜ਼ੂਰੀ ਪਦ 'ਤੇ ਸੇਵਾ ਨਿਭਾ ਰਹੇ ਹਨ।

ਆਪ ਦਾ ਜਨਮ 1952 ਈ. ਵਿਚ ਸ. ਚੰਨਣ ਸਿੰਘ ਦੇ ਘਰ ਗੁਰਦੇਵ ਕੌਰ ਦੀ ਕੁੱਖੋਂ ਭੀਮੇਸ਼ਾਹ ਜੰਡਵਾਲਾ (ਫ਼ਿਰੋਜ਼ਪੁਰ) ਵਿਖੇ ਹੋਇਆ। ਅਸਲ ਵਿਚ ਆਪ ਦਾ ਪਰਿਵਾਰ ਪਾਕਿਸਤਾਨ ਬਣਨ ਸਮੇਂ ਉਧਰੋਂ ਉਜੜ ਕੇ ਏਥੇ ਆ ਵੱਸਿਆ ਸੀ। ਆਪ ਦੇ ਚਾਚਾ ਭਾਈ ਗੁਰਬਚਨ ਸਿੰਘ ਕਿਸੇ ਸਮੇਂ ਸ੍ਰੀ ਦਰਬਾਰ ਸਾਹਿਬ ਵਿਖੇ ਹਜ਼ੂਰੀ ਰਾਗੀ ਵੀ ਰਹੇ ਸਨ। ਆਪ ਦੇ ਪਿਤਾ ਸ. ਚੰਨਣ ਸਿੰਘ ਸਿੱਧੀਆਂ ਸਿੱਧੀਆਂ ਧਾਰਨਾ ਵਾਲਾ ਕੀਰਤਨ ਕਰਦੇ ਸਨ। ਉਹ ਖੇਤੀਬਾੜੀ ਕਰਦੇ ਅਤੇ ਨਾਲ ਨਾਲ ਇਹ ਕੰਮ ਵੀ। ਕੁਝ ਸਾਲ ਜੰਡਵਾਲਾ ਰਹਿਣ ਪਿੱਛੋਂ ਆਪ ਦਾ ਪਰਿਵਾਰ ਲੋਹੀਆਂ ਖ਼ਾਸ ਦੇ ਨੇੜਲੇ ਇਕ ਪਿੰਡ ਮੰਡੀ ਮੰਢਾਲਾ ਵਿਖੇ ਆ ਗਿਆ, ਪਰ 1988 ਈ. ਵਿਚ ਜਦੋਂ ਭਾਰੀ ਤੂਫ਼ਾਨਾਂ ਦੁਆਰਾ ਇਹ ਪਿੰਡ ਉੱਜੜ ਗਿਆ ਤਾਂ ਆਪ ਲੋਹੀਆਂ ਖ਼ਾਸ ਆ ਵੱਸੇ। ਦਸਵੀਂ ਪਾਸ ਕਰਨ ਪਿੱਛੋਂ ਆਪ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਦਾਖ਼ਲ ਹੋ ਗਏ ਜਿਥੋਂ ਉਨ੍ਹਾਂ ਪ੍ਰੋ. ਅਵਤਾਰ ਸਿੰਘ ਨਾਜ਼ ਪਾਸੋਂ ਸਿੱਖਿਆ ਗ੍ਰਹਿਣ ਕੀਤੀ। ਅੱਜ-ਕੱਲ੍ਹ ਆਪ ਦੇ ਨਾਲ ਜਦਕਿ ਭਾਈ ਦਰਸ਼ਨ ਸਿੰਘ ਬੈਠਦੇ ਹਨ, ਤੇ ਤਬਲੇ 'ਤੇ ਹੁੰਦੇ ਹਨ ਪ੍ਰਸਿੱਧ ਕੱਵਾਲ ਪੂਰਨ ਚੰਦ ਵਡਾਲੀ ਦਾ ਛੋਟਾ ਭਰਾ ਕਰਤਾਰ ਸਿੰਘ। ਧਰੁੱਪਦ, ਧਮਾਰ, ਛੋਟਾ ਖ਼ਿਆਲ, ਬੜਾ ਖ਼ਿਆਲ, ਆਪ ਬਾਖ਼ੂਬੀ ਗਾ ਸਕਦੇ ਹਨ ਅਤੇ ਗਾਉਣ ਸਮੇਂ ਵਿਚ ਰਾਗ ਦਾ ਗੁਲਦਸਤਾ ਜਿਹਾ ਬਣਾਈ ਤੁਰੇ ਜਾਂਦੇ ਸਮਾਂ ਬੰਨ੍ਹ ਦਿੰਦੇ ਹਨ। ਆਪ ਦੀ ਆਵਾਜ਼ 'ਚ ਮਿਊਜ਼ਿਕ ਮੈਮੋਰੀਅਲ ਫ਼ਗਵਾੜਾ ਅਤੇ ਟੈਕਸਲਾ ਵਾਲਿਆਂ ਨੇ ਕੁਝ ਕੈਸਿਟਾਂ ਕੱਢੀਆਂ ਸਨ, ਜਿਹੜੀਆਂ ਕਿ ਬੇਹੱਦ ਮਕਬੂਲ ਹੋਈਆਂ ਸਨ। ਉਨ੍ਹਾਂ ਦੀ ਲੋਕਪ੍ਰਿਯਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਆਪ ਦੀ ਗਾਈ ਹੋਈ "ਆਸਾ ਦੀ ਵਾਰ" ਐਨੀ ਵਿਕੀ ਸੀ ਕਿ ਸਭ



ਭਾਈ ਨਿਰਮਲ ਸਿੰਘ ਆਪਣੇ ਕੀਰਤਨੀ ਜਥੇ ਨਾਲ

ਹੱਦਾਂ ਬੰਨ੍ਹੇ ਟੱਪ ਗਈ। ਕਿਆਸ ਕੀਤਾ ਜਾਂਦਾ ਹੈ ਕਿ ਭਾਈ ਸੁਰਜਨ ਸਿੰਘ ਤੋਂ ਬਾਅਦ ਐਨੀ ਹੋਰ ਕੋਈ ਟੇਪ ਨਹੀਂ ਵਿਕੀ। ਵਿਕਰੇਤੇ ਦੇ ਦੱਸਣ ਅਨੁਸਾਰ ਅੱਜ ਤੋਂ ਪੰਜ ਸਾਲ ਪਹਿਲਾਂ ਤਕ ਉਸਦੀਆਂ ਤੀਹ ਲੱਖ ਕਾਪੀਆਂ ਵਿਕ ਚੁੱਕੀਆਂ ਸਨ। ਕੀ ਆਮ ਅਤੇ ਕੀ ਖ਼ਾਸ ਸਰੋਤੇ ਉਨ੍ਹਾਂ ਨੂੰ ਓਨੇ ਆਨੰਦ ਨਾਲ ਹੀ ਸੁਣਦੇ ਹਨ। ਪਿਛਲੇ ਦਿਨੀਂ ਭਾਰਤ ਸਰਕਾਰ ਵਲੋਂ ਭਾਰਤ ਦੀ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਰਾਸ਼ਟਰਪਤੀ ਭਵਨ ਦਿੱਲੀ ਵਿਚ ਆਪ ਨੂੰ ਆਪ ਦੀਆਂ ਕੀਰਤਨ ਪ੍ਰਤੀ ਕੀਤੀਆਂ ਗਈਆਂ ਸੇਵਾਵਾਂ ਨੂੰ ਮੁੱਖ ਰੱਖ ਕੇ ਪਦਮ-ਸ਼੍ਰੀ ਦੇ ਗੌਰਵਮਈ ਐਵਾਰਡ ਨਾਲ ਸਨਮਾਨਿਤ ਕੀਤਾ ਹੈ, ਜਿਸਦੇ ਉਹ ਬਜਾ ਤੌਰ 'ਤੇ ਹੱਕਦਾਰ ਵੀ ਹਨ। ਆਪ ਦੇ ਤਿੰਨ ਬੇਟੇ ਅਤੇ ਦੋ ਬੇਟੀਆਂ ਹਨ। ਅੱਜ-ਕੱਲ੍ਹ ਆਪ ਸ੍ਰੀ ਅੰਮ੍ਰਿਤਸਰ ਵਿਖੇ ਰਹਿ ਰਹੇ ਹਨ। ਆਪ ਦਾ ਛੋਟਾ ਭਰਾ ਭਾਈ ਜਸਵੀਰ ਸਿੰਘ ਖ਼ਾਲਸਾ ਆਪਣੇ ਸਮੂਹ ਪਰਿਵਾਰ ਸਮੇਤ ਆਪਣਾ ਇਕ ਸੁਤੰਤਰ ਜਥਾ ਬਣਾ ਕੇ ਸਿੱਖ ਜਗਤ ਦੀ ਸੇਵਾ ਕਰ ਰਿਹਾ ਹੈ।

 www.sikhbookclub.com



ਸ. ਮਹਿੰਦਰ ਸਿੰਘ 'ਨੁਮਰੀ' ਅੰਮ੍ਰਿਤਸਰ ਵਾਲੇ

 www.sikhbookclub.com

# ਉਸਤਾਦ ਮਹਿੰਦਰ ਸਿੰਘ

ਸ਼ੁਰੂ ਤੋਂ ਹੀ ਸ੍ਰੀ ਅੰਮ੍ਰਿਤਸਰ ਰਾਗ ਵਿਦਿਆ ਦਾ ਗੜ੍ਹ ਰਿਹਾ ਹੈ। ਇਸਨੇ ਸਾਨੂੰ ਬੜੇ ਨਾਮੀ ਰਾਗੀ ਰਬਾਬੀ ਦਿੱਤੇ ਹਨ। ਜਿਥੋਂ ਤਕ ਅਰਧ-ਸ਼ਾਸਤ੍ਰੀ ਸੰਗੀਤ ਦਾ ਸੰਬੰਧ ਹੈ, ਮਹਿੰਦਰ ਸਿੰਘ, ਜਿਸ ਨੂੰ 'ਠੁਮਰੀ' ਕਹਿ ਕੇ ਵੀ ਜਾਣਿਆ ਜਾਂਦਾ ਹੈ, ਦਾ ਆਪਣਾ ਹੀ ਇਕ ਮੁਕਾਮ ਹੈ। ਐਸੀ ਸੋਜ਼-ਭਰਪੂਰ ਆਵਾਜ਼ ਕਿ ਕੀ ਕਹਿਣੇ!

ਆਪ ਦਾ ਜਨਮ ਇਸ ਸ਼ਹਿਰ ਵਿਚ 1934 ਈ. ਨੂੰ ਸ. ਸੁੰਦਰ ਸਿੰਘ ਦੇ ਘਰ ਹੋਇਆ, ਜਿਨ੍ਹਾਂ ਦੀ ਏਥੇ ਹਾਲ ਬਾਜ਼ਾਰ ਵਿਚ ਵਾਜੇ ਬਣਾਉਣ ਦੀ 'ਗੋਲਡਨ ਹਾਰਮੋਨੀਅਮ ਵਰਕਸ' ਨਾਂ ਦੀ ਆਪਣੀ ਦੁਕਾਨ ਸੀ। ਇਹ ਛੋਟੀ ਉਮਰ ਵਿਚ ਹੀ ਸੰਗੀਤ ਵੱਲ ਨੂੰ ਪ੍ਰੇਰਤ ਹੁੰਦੇ ਗਏ। ਇਨ੍ਹਾਂ ਦੇ ਪਿਤਾ ਨੇ ਇਨ੍ਹਾਂ ਨੂੰ ਭਗਤ ਸਿੰਘ ਸਾਂਗਰਾ ਦਾ ਸ਼ਾਗਿਰਦ ਬਣਾ ਦਿੱਤਾ। ਬਾਦ 'ਚ ਪੰਡਿਤ ਹੁਸਨ ਲਾਲ, ਪ੍ਰਸਿੱਧ ਫ਼ਿਲਮ ਸੰਗੀਤ ਨਿਰਦੇਸ਼ਕ ਦੀ ਸ਼ਾਗਿਰਦੀ ਵੀ ਕੀਤੀ। ਆਖ਼ਿਰ ਵਿਚ ਪੰਡਿਤ ਦਲੀਪ ਚੰਦਰ ਬੇਦੀ ਨੇ ਇਸ ਹੀਰੇ ਨੂੰ ਤਰਾਸ਼ਣ ਵਿਚ ਕੋਈ ਕਸਰ ਨਾ ਛੱਡੀ। ਬੜੇ ਗ਼ੁਲਾਮ ਅਲੀ ਖ਼ਾਂ ਦੇ ਛੋਟੇ ਭਾਈ ਉਸਤਾਦ ਬਰਕਤ ਅਲੀ ਖ਼ਾਂ ਦਾ ਆਸ਼ੀਰਵਾਦ ਵੀ ਇਨ੍ਹਾਂ ਦੇ ਨਾਲ ਸੀ। ਇਹ ਹੀ ਕਾਰਨ ਹੈ ਕਿ ਜਦ ਵੀ ਇਹ ਠੁਮਰੀ ਦਾਦਰਾ ਜਾਂ ਗ਼ਜ਼ਲ ਆਦਿ ਗਾ ਰਹੇ ਹੋਣ, ਤਾਂ ਇਨ੍ਹਾਂ ਦੀ ਗਾਇਕੀ ਵਿੱਚੋਂ ਉਸਦੇ ਅੰਗ ਦੀਆਂ ਝਲਕਾਂ ਪ੍ਰਤੱਖ ਦਿਸਦੀਆਂ ਹਨ। 1956 'ਚ ਆਪ ਆਲ ਇੰਡੀਆ ਰੇਡੀਓ ਦੇ ਠੁਮਰੀ ਅਤੇ ਦਾਦਰਾ ਦੇ ਸਾਲਾਨਾ ਮੁਕਾਬਲਿਆਂ ਵਿੱਚੋਂ ਦੇਸ਼ ਭਰ 'ਚੋਂ ਪਹਿਲੇ ਦਰਜੇ 'ਤੇ ਆਏ ਤੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸ਼ਾਦ ਜੀ ਨੇ ਸਨਮਾਨਿਤ ਕੀਤਾ। ਇਸ ਤੋਂ ਪਹਿਲਾਂ ਇਹ ਸੁਰ-ਸਿੰਗਾਰ ਸੰਸਦ ਬੰਬਈ ਵਿਖੇ ਹੋਏ ਸੰਗੀਤ ਮੁਕਾਬਲਿਆਂ ਵਿੱਚੋਂ ਵੀ ਲਤਾ ਮੰਗੇਸ਼ਕਰ ਵੱਲੋਂ 'ਸੁਰਮਣੀ' ਦੇ ਸਨਮਾਨ ਨਾਲ ਨਿਵਾਜੇ ਜਾ ਚੁੱਕੇ ਸਨ। ਦੇਸ਼ ਦੇ ਪ੍ਰਸਿੱਧ ਸੰਗੀਤ ਰਸੀਏ ਨਾਮਧਾਰੀ ਮੁਖੀ ਸੰਤ ਬਾਬਾ ਜਗਜੀਤ ਸਿੰਘ ਜੀ ਆਪ ਦੀ ਪ੍ਰਤਿਭਾ ਤੋਂ ਐਨੇ ਪ੍ਰਭਾਵਿਤ ਹੋਏ ਸਨ ਕਿ ਉਨ੍ਹਾਂ ਨੇ ਹੋਣਹਾਰ ਬੱਚਿਆਂ ਨੂੰ ਸੰਗੀਤ ਵਿਦਿਆ ਸਿਖਾਉਣ ਲਈ ਆਪ ਦੀ ਨਿਯੁਕਤੀ ਕਰ ਦਿੱਤੀ ਸੀ, ਜਿਥੇ ਇਹ ਫਿਰ ਕਈ ਵਰ੍ਹੇ ਸੇਵਾ ਨਿਭਾਉਂਦੇ ਰਹੇ। ਹੁਣ ਤਕ ਇਹ ਈਸਟ ਅਫ਼ਰੀਕਾ, ਥਾਈਲੈਂਡ ਅਤੇ ਇੰਗਲੈਂਡ ਆਦਿ ਦੇਸ਼ਾਂ ਦੇ ਦੌਰੇ ਕਰ ਚੁੱਕੇ ਹਨ ਅਤੇ ਆਪਣੀ ਕਲਾ ਦਾ ਪ੍ਰਦਰਸ਼ਨ ਕਰ ਚੁੱਕੇ ਹਨ। ਯੂ.ਕੇ. ਵਿਚ ਵੱਸਦੇ ਇਨ੍ਹਾਂ ਦੇ ਇਕ ਪੁਰਾਣੇ ਦੋਸਤ ਅਤੇ ਮੱਦਾਹ ਸ. ਗੁਰਬਖ਼ਸ਼ ਸਿੰਘ, ਸੰਗੀਤ ਦੇ ਖੇਤਰ ਵਿਚ ਆਪਣੇ ਹਿਸਾਬ ਨਾਲ ਆਪਣਾ ਯੋਗਦਾਨ ਪਾਈ ਜਾ ਰਹੇ ਹਨ।



ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ, ਲੁਧਿਆਣਾ ਕੀਰਤਨ ਦਰਬਾਰ ਦਾ ਇਕ ਦ੍ਰਿਸ਼ ।
ਡਾ. ਜਸਬੀਰ ਕੌਰ ਦਾ ਜਥਾ ਕੀਰਤਨ ਕਰ ਰਿਹਾ ਹੈ ।


www.sikhbookclub.com

# ਡਾ. ਜਸਬੀਰ ਕੌਰ

*ਚਾਂਦੀ ਦੀਆਂ ਟਿੱਕੀਆਂ ਕੀ ਇਹ ਨਕਾਰੀਆਂ।*
*ਬਾਬਲਾ ਤੂੰ ਰੱਬ ਦੇ ਚਪੇੜਾਂ ਮਾਰੀਆਂ।*

ਧੰਨ ਧੰਨ ਬੇਬੇ ਨਾਨਕੀ ਜੀ ਹੀ ਸਨ, ਜਿਨ੍ਹਾਂ ਨੇ ਆਪਣੇ ਵੀਰ ਦੀ ਇਲਾਹੀ ਪ੍ਰਤਿਭਾ ਨੂੰ ਸਭ ਤੋਂ ਪਹਿਲਾਂ ਪਛਾਣਿਆ। ਇਹ ਉਹ ਹੀ ਬੀਬੀ ਜੀ ਸਨ, ਸੁਲਤਾਨਪੁਰ ਲੋਧੀ ਵਾਲੇ, ਜਿਥੇ ਜਗਤ-ਗੁਰੂ ਜੀ ਨੇ ਆਪਣੀ ਉਮਰ ਦਾ ਸਭ ਤੋਂ ਵੱਧ ਅਰਸਾ ਲਗਭਗ ਚੌਦਾਂ ਕੁ ਸਾਲ ਗੁਜ਼ਾਰਿਆ। ਮਹਿਤਾ ਕਾਲੂ ਜੀ ਨੇ ਆਪਣੇ ਜਵਾਨ ਬੇਟੇ ਨੂੰ ਰੋਟੀ ਕਮਾਉਣ ਲਈ ਜਦੋਂ ਕੁਝ ਪੈਸੇ ਦਿੱਤੇ ਤਾਂ ਉਨ੍ਹਾਂ ਨੇ ਉਹ ਪੈਸੇ ਆਪਣੇ ਮਨ ਵਿਚ ਚਿਤਵੇ ਹੋਏ ਸੱਚੇ ਵਣਜ 'ਤੇ ਖ਼ਰਚ ਦਿੱਤੇ ਸਨ, ਜਿਸ ਗੱਲ 'ਤੇ ਉਨ੍ਹਾਂ ਦੇ ਪਰਿਵਾਰ ਵਾਲੇ ਉਨ੍ਹਾਂ ਨਾਲ ਸਖ਼ਤ ਨਾਰਾਜ਼ ਹੋ ਗਏ ਸਨ। ਉਸ ਪ੍ਰਸੰਗ ਨਾਲ ਜੁੜੀ ਉਪਰੋਕਤ ਚੀਜ਼ ਲੇਖਕ ਦੇ ਪੀਰੋ-ਮੁਰਸ਼ਦ ਉਸਤਾਦ ਕਰਮ ਸਿੰਘ ਚੱਕਰਵਰਤੀ ਜਦੋਂ ਗਾਉਂਦੇ ਤਾਂ ਸਰੋਤਿਆਂ ਨੂੰ ਰੁਲਾ-ਰੁਆ ਦਿੰਦੇ ਹੁੰਦੇ ਸਨ। ਇਹ ਉਹ ਹੀ ਬੇਬੇ ਨਾਨਕੀ ਜੀ ਸਨ, ਜਿਨ੍ਹਾਂ ਨੇ ਆਪਣੇ ਵੀਰ ਦੀ ਰਬਾਬ ਵਾਸਤੇ ਸੱਤ ਰੁਪਏ ਦਿੱਤੇ ਸਨ ਅਤੇ ਆਉਣ ਵਾਲੇ ਸਮੇਂ ਲਈ ਇਹ ਇਕ ਬੜੀ ਵੱਡੀ ਇਤਿਹਾਸਕ ਘਟਨਾ ਹੋ ਨਿਬੜੀ ਸੀ। ਭਾਰਤੀ ਉਪ-ਮਹਾਂਦੀਪ ਦੀ ਧਰਤੀ 'ਤੇ ਸਿੱਖੀ ਅਤੇ ਰਬਾਬ ਦੀ ਆਮਦ ਇਕ ਬਹੁਤ ਵੱਡੇ ਇਨਕਲਾਬ ਦੀ ਸੂਚਕ ਸੀ। ਦਰਅਸਲ ਅਜੋਕੀ ਦੁਨੀਆਂ ਵਾਸਤੇ ਸਿੱਖੀ ਵਿਚਾਰਧਾਰਾ ਦਾ ਸੰਕਲਪ ਮਨੁੱਖੀ ਵਿਕਾਸ ਦਾ ਸਭ ਤੋਂ ਸਿਖਰਲੇ ਪੱਧਰ ਦਾ ਸੰਕਲਪ ਹੈ। ਹੁਣ ਤਕ ਦੁਨੀਆਂ ਭਰ ਦੇ ਬਹੁਤੇ ਵੱਡੇ ਲਿਖਾਰੀਆਂ ਅਤੇ ਚਿੰਤਕਾਂ ਨੇ ਔਰਤ ਜ਼ਾਤ ਦੀ ਬੇਹੱਦ ਭੈੜੇ ਤੋਂ ਭੈੜੇ ਸ਼ਬਦਾਂ ਨਾਲ ਨਿੰਦਿਆ-ਦਰ-ਨਿੰਦਿਆ ਕੀਤੀ ਹੋਈ ਸੀ। ਸਾਡੇ ਆਪਣੇ ਭਾਰਤ ਦੇ ਇਕ 'ਕਲਾਸੀਕਲ' ਸ਼ਾਇਰ ਤੁਲਸੀ ਦਾਸ ਦਾ ਕਥਨ ਹੀ ਦੇਖ ਲਓ :

*ਢੋਲ, ਗੰਵਾਰ, ਸ਼ੂਦ੍ਰ, ਪਸ਼ੂ, ਨਾਰੀ,*
*ਸਕਲ ਤਾੜਨਾ ਕੇ ਅਧਿਕਾਰੀ।*

ਜਟਕੇ ਰੂਪ 'ਚ ਭਾਵ ਕਿ ਇਨ੍ਹਾਂ ਪੰਜੇ ਵਸਤਾਂ ਨੂੰ ਜਿੰਨਾ ਮਾਰੋ ਕੁੱਟੋ, ਓਨਾ ਹੀ ਚੰਗਾ। ਅੰਗਰੇਜ਼ੀ ਜ਼ੁਬਾਨ ਦੇ ਸਭ ਤੋਂ ਵੱਡੇ ਸ਼ਾਇਰ ਵਿਲੀਅਮ ਸ਼ੈਕਸਪੀਅਰ ਨੇ ਵੀ ਤ੍ਰੀਮਤਾਂ ਨੂੰ ਦਗ਼ੇ-ਫ਼ਰੇਬ ਦਾ ਦੂਜਾ ਨਾਂ ਦੱਸਿਆ ਸੀ (Infidelity is thy name O Woman !)। ਪੱਛਮ ਦੇ ਦੂਜੇ ਤੀਜੇ ਵੱਡੇ ਚਿੰਤਕਾਂ ਨੇ ਵੀ ਔਰਤ ਨੂੰ 'Vessels of Evil' ਭਾਵ 'ਭੈੜ ਦੀਆਂ ਭੜੋਲੀਆਂ' ਆਦਿ ਵਰਗੀਆਂ ਤੁਲਨਾਵਾਂ ਦਿੱਤੀਆਂ


www.sikhbookclub.com

ਹੋਈਆਂ ਸਨ। ਪਰ ਤਾਰੀਖ਼ ਵਿਚ ਇਹ ਪਹਿਲੀ ਵਾਰ ਸੀ ਕਿ ਧੰਨ ਧੰਨ ਜਗਤ-ਗੁਰੂ ਜੀ ਨੇ ਨਾਰੀ ਜ਼ਾਤ ਨੂੰ ਅਸਲੋਂ ਹੀ ਇਕ ਨਵੇਂ ਨਜ਼ਰੀਏ ਨਾਲ ਵੇਖਿਆ ਸੀ। ਇਹ ਇਸੇ ਕ੍ਰਾਂਤੀਕਾਰੀ ਵਿਚਾਰ ਦਾ ਹੀ ਨਤੀਜਾ ਸੀ ਕਿ ਸਿੱਖ ਧਰਮ ਵਿਚ ਸਮੇਂ ਸਮੇਂ ਸਿਰ ਕੁਝ ਅਜਿਹੀਆਂ ਬੀਬੀਆਂ ਨੇ ਜਨਮ ਲਿਆ, ਜਿਨ੍ਹਾਂ ਦਾ ਕੋਈ ਮੁਕਾਬਲਾ ਹੀ ਨਹੀਂ ਸੀ।

ਕੀ ਤੱਤੇ ਰਣ-ਖੇਤਰ ਵਿਚ ਅਤੇ ਕੀ ਕਲਾਤਮਿਕ ਪਿੜ ਵਿਚ ਸਿੱਖ ਬੀਬੀਆਂ ਨੇ ਬੜੀਆਂ ਮੱਲਾਂ ਮਾਰੀਆਂ ਹਨ। ਸਿੱਖ ਇਤਿਹਾਸ ਦੇ ਖਿੱਲਰੇ ਪੱਤਰਿਆਂ ਵਿਚ ਸਾਨੂੰ ਇਸ ਗੱਲ ਦਾ ਵਰਣਨ ਮਿਲਦਾ ਹੈ ਕਿ ਇਕ ਵੇਰ ਸਿੱਖ ਰਾਜ ਦੇ ਇਕ ਬਲਵਾਨ ਬਾਬਾ ਫ਼ਤਹਿ ਸਿੰਘ ਵਲਟੋਹਾ (1815-1925 ਈ.) ਨੇ ਭੰਗੀਆਂ ਵਾਲੀ ਤੋਪ ਆਪਣੇ ਮੋਢੇ 'ਤੇ ਚੁੱਕ ਲਈ ਸੀ। ਕੁਝ ਇਸੇ ਤਰ੍ਹਾਂ ਦਾ ਹੀ ਹਾਲ ਬਟਾਲੇ ਵੱਲ ਦੀ ਇਕ ਸਿੱਖ ਬੀਬੀ ਸ਼ਾਮ ਕੌਰ 'ਹੱਥਣੀ' ਦਾ ਸੀ, ਜਿਹੜੀ ਸਿੱਖ ਦੌਰ ਸਮੇਂ ਦੀਆਂ ਜੰਗਾਂ-ਯੁੱਧਾਂ ਵਿਚ ਇਕੱਲੀ ਹੀ ਤੋਪਾਂ ਧੂਹ ਕੇ ਮੁਹਾਜ਼ 'ਤੇ ਲੈ ਜਾਇਆ ਕਰਦੀ ਸੀ। 1939-40 ਦੀ ਗੱਲ ਹੈ ਕਿ ਬਾਬੇ ਦੀ ਬੇਰ ਗੁਰਦੁਆਰਾ ਸਿਆਲਕੋਟ ਵਿਚ ਹੋਈ ਆਲ ਇੰਡੀਆ ਵਿਦਿਅਕ ਕਾਨਫ਼ਰੰਸ ਦੌਰਾਨ ਕੀਰਤਨ ਦਰਬਾਰ ਦੇ ਮੁਕਾਬਲਿਆਂ ਵਿਚ ਭਾਈ ਲਾਲ ਰਬਾਬੀ ਦੀ ਇਕ ਸ਼ਾਗਿਰਦ ਬੀਬੀ ਜਸਵੰਤ ਕੌਰ ਨੇ ਸਭ ਜਥਿਆਂ, ਜਿਨ੍ਹਾਂ ਵਿਚ ਕਿ ਸੁਪ੍ਰਸਿੱਧ ਰਾਗੀ ਭਾਈ ਸੁੱਧ ਸਿੰਘ, ਪ੍ਰਧਾਨ ਸਿੰਘ ਅਤੇ ਭਾਈ ਗੁਰਮੁਖ ਸਿੰਘ ਜੀ ਦਾ ਜਥਾ ਵੀ ਸ਼ਾਮਿਲ ਸੀ, ਨੂੰ ਹਰਾ ਕੇ ਪਹਿਲਾ ਇਨਾਮ ਪ੍ਰਾਪਤ ਕੀਤਾ ਸੀ।

ਅੱਜ-ਕੱਲ੍ਹ ਸਾਡੇ ਵਿਚ ਇਕ ਅਜਿਹੀ ਹੀ ਸਿੱਖ ਬੀਬੀ ਡਾ. ਜਸਬੀਰ ਕੌਰ ਹੈ, ਜਿਹੜੀ ਕਿ ਸਿੱਖ ਸੰਕਲਪ 'ਤੇ ਪੂਰਾ ਉਤਰਨ ਦੀ ਕੋਸ਼ਿਸ਼ ਕਰਦਿਆਂ ਇਕ ਸੰਤਣੀ ਵੀ ਹੈ ਅਤੇ ਇਕ ਸਪਹਿਣ ਵੀ। ਉਹ ਰਸ ਭਿੰਨਾ ਕੀਰਤਨ ਵੀ ਕਰਦੀ ਹੈ, ਪਰ ਨਾਲ ਹੀ ਸਿੱਖੀ 'ਤੇ ਹੋਣ ਵਾਲੇ ਹਮਲਿਆਂ ਨੂੰ ਰੋਕਣ ਲਈ ਕਿਰਪਾਨਧਾਰੀ ਵੀ ਹੈ। ਕਈ ਵੇਰ ਉਹ ਰਾਗੀ ਜਥਿਆਂ ਦੀ ਮੋਹਰਨ ਬਣਦੀ ਹੈ ਅਤੇ ਕਈ ਵੇਰ ਸਿੱਖੀ ਨਾਲ ਸੰਬੰਧਿਤ ਕੱਢੇ ਗਏ ਜਲਸੇ, ਜਲੂਸਾਂ, ਮੁਜ਼ਾਹਰਿਆਂ ਦੀ ਮੋਹਰਨ। ਸਮਾਜ ਵਿਚ ਸ਼ੀਹਣੀ ਵਾਂਗ ਵਿਚਰਦਿਆਂ ਕਈ ਵੇਰ ਉਸ ਨੇ ਜੇਲ੍ਹਾਂ ਕੱਟੀਆਂ ਹਨ। 1984-85 ਦੇ ਏੜ-ਗੇੜ ਦੇ ਸਾਲ ਹਰ ਸਿੱਖ ਲਈ ਦੁੱਧ ਵਾਂਗ ਚਿੱਟੇ ਚੜ੍ਹੇ ਦਿਨ ਵੀ ਕਾਲੇ ਭੂਤ ਵਰਗੇ ਸਨ, ਪਰ ਇਸ ਲਈ ਹੋਰ ਵੀ ਘਨੇਰੇ। ਇਸ ਜਰਵਾਣੀ ਬੀਬੀ ਦਾ ਜਨਮ 21 ਅਕਤੂਬਰ, 1958 ਈ. ਵਾਲੇ ਦਿਨ ਰਸੂਲਪੁਰ ਕਲਾਂ (ਜਲੰਧਰ) ਸ. ਪ੍ਰੀਤਮ ਸਿੰਘ ਦੇ ਘਰ ਮਾਤਾ ਗੁਰਸ਼ਰਨ ਕੌਰ ਦੀ ਕੁੱਖੋਂ ਇਕ ਜੱਟ ਪਰਿਵਾਰ ਵਿਚ ਹੋਇਆ। ਇਨ੍ਹਾਂ ਦਾ ਪਿਛੋਕੜ ਕੱਟੜ ਅਕਾਲੀ ਪਰਿਵਾਰ ਦਾ ਹੈ। ਨਾਨਾ ਜੀ ਨਿਹੰਗ ਸਿੰਘ ਸਨ, ਪਿਤਾ ਜੀ ਢਾਡੀ ਪ੍ਰੰਪਰਾ ਦੇ ਗਿਆਤਾ ਅਤੇ ਮਾਤਾ ਜੀ ਗੁਰਬਾਣੀ ਦਾ ਗੁਣ-ਗਾਇਨ ਕਰਨ ਵਾਲੇ ਜੀਉੜੇ। ਮੁੱਢ ਤੋਂ ਹੀ ਸਿੱਖੀ ਸਿਦਕ ਨੂੰ ਪੱਲੇ ਬੰਨ੍ਹ ਲਿਆ।

ਜਦੋਂ ਇਨ੍ਹਾਂ ਦੇ ਬਚਪਨ ਦੇ ਦਿਨ ਸਨ, ਉਨ੍ਹੀਂ ਦਿਨੀਂ ਇਨ੍ਹਾਂ ਦੇ ਇਲਾਕੇ 'ਚ ਦੇਵਿੰਦਰ ਸਿੰਘ ਰਾਗੀ ਨੱਥੀਪੁਰ ਵਾਲਿਆਂ ਦਾ ਬੜਾ ਨਾਮ ਸੀ। ਜ਼ਾਹਿਰ ਹੈ ਕਿ ਇਨ੍ਹਾਂ ਨੇ ਉਨ੍ਹਾਂ ਦੀ ਸ਼ੈਲੀ ਦਾ ਮਾੜਾ ਮੋਟਾ ਪ੍ਰਭਾਵ ਵੀ ਕਬੂਲਿਆ ਹੋਵੇਗਾ। ਵੱਡੇ ਹੋ ਕੇ ਸੰਗੀਤਕ ਸਿੱਖਿਆ ਇਨ੍ਹਾਂ ਨੇ ਗਵਾਲੀਅਰ ਘਰਾਣੇ ਦੇ ਸੁਪ੍ਰਸਿੱਧ ਪੰਡਿਤ ਓਂਕਾਰ

ਨਾਥ ਠਾਕੁਰ ਦੇ ਇਕ ਸ਼ਾਗਿਰਦ ਪੰਡਿਤ ਸੂਰਜ ਪ੍ਰਕਾਸ਼ ਤੋਂ ਪ੍ਰਾਪਤ ਕੀਤੀ। ਇਸ ਤੋਂ ਛੁੱਟ ਸੰਗੀਤ ਦੇ ਖੇਤਰ ਵਿਚ ਕੰਮ ਕਰ ਰਹੀਆਂ ਕੁਝ ਹੋਰ ਸ਼ਖ਼ਸੀਅਤਾਂ ਵੀ ਜਿਵੇਂ ਕਿ ਪੰਡਿਤ ਚਮਨ ਲਾਲ, ਪ੍ਰੋ. ਤਾਰਾ ਸਿੰਘ, ਪ੍ਰੋ. ਗੁਰਪ੍ਰਤਾਪ ਸਿੰਘ ਗਿੱਲ ਅਤੇ ਜਸਵੰਤ ਸਿੰਘ ਭੰਵਰਾ, ਇਨ੍ਹਾਂ ਦੇ ਸੰਪਰਕ ਵਿਚ ਆਈਆਂ, ਜਿਸ ਨਾਲ ਇਨ੍ਹਾਂ ਦੀ ਪੜ੍ਹਾਈ-ਪਕਿਆਈ ਹੋਰ ਵੀ ਪ੍ਰੋੜ੍ਹ ਹੁੰਦੀ ਚਲੇ ਗਈ। ਇਸ ਤਰ੍ਹਾਂ ਗੰਭੀਰ ਸ਼ਾਸਤਰੀਯ ਜਾਂ ਨਿਰਧਾਰਿਤ-ਰਾਗ ਗਾਇਨ ਸ਼ੈਲੀ ਕਹਿ ਲਓ, ਦੇ ਨਾਲ ਨਾਲ ਪੰਜਾਬ ਦੇ ਲੋਕਾਇਣ (ਫੋਕ-ਲੋਰ) ਦਾ ਅਧਿਐਨ ਵੀ ਜਾਰੀ ਰਿਹਾ। ਜੇਲ੍ਹਾਂ ਅੰਦਰ ਰੁਲਦੇ-ਖੁਲਦੇ ਇਹ ਪੜ੍ਹਾਈ ਹੋਈ। ਫਿਰ ਸੰਗੀਤ ਪ੍ਰਭਾਕਰ (ਐਮ.ਏ.) ਅਤੇ 'ਗੁਰਮਤਿ ਸੰਗੀਤ ਦਾ ਇਤਿਹਾਸਕ ਵਿਕਾਸ' ਵਿਸ਼ੇ 'ਤੇ ਸ਼ੋਧ-ਪ੍ਰਬੰਧ ਲਿਖ ਕੇ ਪੀਐੱਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਅੱਜ-ਕੱਲ੍ਹ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰਧਾਰਿਤ ਰਾਗਾਂ ਵਿਚ ਕੀਰਤਨ ਕਰਨ ਦੇ ਮਾਹਿਰ ਹਨ, ਭਾਵੇਂ ਕਿ 'ਫੋਕ' ਗਾਉਣ 'ਤੇ ਵੀ ਇਨ੍ਹਾਂ ਦੀ ਮਜ਼ਬੂਤ ਪਕੜ ਹੈ। ਪਿੱਛੇ ਜਿਹੇ ਪਾਕਿਸਤਾਨ ਵਿਚ ਸ਼ਹੀਦ ਭਗਤ ਸਿੰਘ ਦੀ ਸ਼ਤਾਬਦੀ ਸਮੇਂ ਉਸ ਸਿਰਲੱਥ ਸੂਰਮੇ ਦੀ ਘੋੜੀ ਗਾਈ ਤਾਂ ਸੂਝਵਾਨ ਸਰੋਤਿਆਂ ਨੂੰ ਹਿਲਾ ਕੇ ਰੱਖ ਦਿੱਤਾ। ਪੰਜਾਬੀ ਸਾਹਿਤ ਨੂੰ ਹੁਣ ਤਕ ਆਪ ਦੋ ਮੌਲਿਕ ਪੁਸਤਕਾਂ, ਵੀਹ ਖੋਜ-ਪੱਤਰਾਂ ਤੋਂ ਛੁੱਟ ਅਠਾਰਾਂ ਵਿਭਾਗੀ ਪੁਸਤਕਾਂ ਦੇ ਚੁੱਕੇ ਹਨ, ਜਿਹੜਾ ਕਿ ਸਾਰੇ ਦਾ ਸਾਰਾ ਮਿਆਰੀ ਕਾਰਜ ਹੈ। ਇਸ ਸਮੇਂ ਤਕ ਆਪ ਸ਼ਹੀਦ ਭਗਤ ਸਿੰਘ 'ਤੇ ਇਕ ਡਾਕੂਮੈਂਟਰੀ ਫ਼ਿਲਮ ਬਣਾ ਚੁੱਕੇ ਹਨ ਅਤੇ ਗੁਰਬਾਣੀ ਦੀਆਂ ਦੋ ਕੈਸਟਾਂ ਕੱਢ ਚੁੱਕੇ ਹਨ। ਇਨ੍ਹਾਂ ਦੇ ਗਾਇਨ ਵਿਚ ਕਿਧਰੇ ਕਿਧਰੇ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਦੇ ਧਰੁੱਪਦੀ ਅੰਗ-ਢੰਗ ਅਤੇ ਭਾਈ ਬਲਬੀਰ ਸਿੰਘ ਹਜ਼ੂਰੀ ਰਾਗੀ ਦੀ ਸ਼ੈਲੀ ਦੇ ਝਲਕਾਰੇ ਪੈਂਦੇ ਹਨ। ਇਹ ਬੀਬੀ ਜਿਹੜੀ ਕੀਰਤਨ ਕਰਦੇ ਹੋਏ ਜਾਂ ਲੋਕਾਇਣ-ਗਾਇਨ ਸਮੇਂ ਫੁੱਲਝੜੀਆਂ ਬਖੇਰਦੀ ਹੈ, ਲੈਕਚਰ ਜਾਂ ਤਕਰੀਰ ਕਰਦਿਆਂ, ਜਿਸ ਆਤਮ-ਵਿਸ਼ਵਾਸ ਜਾਂ ਧੱਕ-ਧੜੱਲ ਨਾਲ ਬੋਲਦੀ ਹੈ, ਉਹ ਸਿਰਫ਼ ਇਸਦਾ ਹੀ ਹਿੱਸਾ ਹੈ। ਗੁਰਮਤਿ ਸੰਗੀਤ ਸੰਬੰਧੀ ਕੀਤੀਆਂ ਗਈਆਂ ਸੇਵਾਵਾਂ ਬਦਲੇ ਹੁਣ ਤਕ ਇਹ ਕਈ ਇਕ ਵਕਾਰੀ ਇਨਾਮ ਜਿਵੇਂ ਕਿ 'ਅਕਾਲੀ ਕੌਰ ਸਿੰਘ ਪੁਰਸਕਾਰ', 'ਡਾ. ਐੱਮ.ਐੱਸ. ਰੰਧਾਵਾ ਪੁਰਸਕਾਰ', 'ਭਾਈ ਸੱਤਾ ਬਲਵੰਡ ਪੁਰਸਕਾਰ' ਅਤੇ 'ਭਾਈ ਮਿਹਰ ਸਿੰਘ ਪੁਰਸਕਾਰ' ਆਦਿ ਹਾਸਲ ਕਰ ਚੁੱਕੀ ਹੈ। ਵਿਸਮਾਦ ਨਾਦ, ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾਂ ਟਕਸਾਲ ਲੁਧਿਆਣਾ, ਜਿਹੜੀ ਗੁਰਮਤਿ ਸੰਗੀਤ ਦੀ ਪੁਨਰ-ਸੁਰਜੀਤੀ ਲਈ ਬੜੇ ਨਿੱਗਰ ਉਪਰਾਲੇ ਕਰ ਰਹੀ ਹੈ, ਉਸਦੇ ਆਪ ਮੋਢੀ ਮੈਂਬਰਾਂ ਵਿੱਚੋਂ ਹਨ, ਜਿਨ੍ਹਾਂ ਨੇ ਆਪ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ 1995 ਵਿਚ ਆਪ ਨੂੰ ਸਨਮਾਨਿਤ ਵੀ ਕੀਤਾ ਸੀ।


www.sikhbookclub.com



# ਭਾਈ ਬਲਜੀਤ ਸਿੰਘ ਗੁਰਮੀਤ ਸਿੰਘ

ਨਾਮਧਾਰੀ ਸੰਪ੍ਰਦਾਇ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਉਨ੍ਹਾਂ ਨੇ ਗੁਰਮਤਿ ਅਤੇ ਸ਼ਾਸਤ੍ਰੀ ਸੰਗੀਤ ਨੂੰ ਹਮੇਸ਼ਾ ਆਪਣੇ ਗਲੇ ਨਾਲ ਲਾਇਆ ਹੈ। ਉਹ ਮੁੱਢ ਕਦੀਮ ਤੋਂ ਹੀ ਗੁਣੀ ਕਲਾਕਾਰਾਂ ਦੀ ਸਰਪ੍ਰਸਤੀ ਕਰਦੇ ਚਲੇ ਆ ਰਹੇ ਹਨ।

ਭਾਈ ਬਲਜੀਤ ਸਿੰਘ ਗੁਰਮੀਤ ਸਿੰਘ ਜੀ ਦਾ ਜਥਾ ਵੀ ਇਸੇ ਸੰਪ੍ਰਦਾਇ ਵੱਲੋਂ ਪਾਲਿਆ ਪੋਸਿਆ, ਪ੍ਰਵਾਨ ਚੜ੍ਹਿਆ ਜਥਾ ਹੈ। ਇਹ ਮਹਾਰਾਜ ਜਗਜੀਤ ਸਿੰਘ ਦੀ ਅਸ਼ੀਰਵਾਦ ਸਦਕਾ ਹੀ ਸੀ ਕਿ ਇਹ ਜਥਾ ਉੱਚੀ ਤੋਂ ਉੱਚੀ ਅਤੇ ਵਿਵਿਧ ਸਿੱਖਿਆ ਪ੍ਰਾਪਤ ਕਰ ਕੇ, ਅੱਜ ਇਸ ਮੁਕਾਮ 'ਤੇ ਪੁੱਜਾ ਹੈ। ਜਿਨ੍ਹਾਂ ਜਿਨ੍ਹਾ ਉਸਤਾਦਾਂ ਤੋਂ ਆਪ ਨੇ ਵਿਦਿਆ ਗ੍ਰਹਿਣ ਕੀਤੀ, ਜੇਕਰ ਉਨ੍ਹਾਂ ਦੀ ਫ਼ਹਿਰਿਸਤ ਤਿਆਰ ਕਰੀਏ, ਤਾਂ ਇਕ ਲੰਮੀ ਲੜੀ ਬਣ ਜਾਂਦੀ ਹੈ।

ਇਸ ਜੋੜੀ ਦਾ ਪਿਛੋਕੜ ਮਾਝੇ ਦਾ ਹੈ। ਬਲਜੀਤ ਸਿੰਘ ਦਾ ਜਨਮ 12 ਨਵੰਬਰ, 1962 ਨੂੰ ਅਤੇ ਗੁਰਮੀਤ ਸਿੰਘ ਦਾ ਜਨਮ 9 ਸਤੰਬਰ, 1974 ਨੂੰ ਪਿੰਡ ਖਾਪੜ ਖੇੜੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸ. ਗੁਰਬਚਨ ਸਿੰਘ ਦੇ ਘਰ ਮਾਤਾ ਪ੍ਰੀਤਮ ਕੌਰ ਜੀ ਦੀ ਕੁੱਖ ਤੋਂ ਹੋਇਆ। ਸੰਗੀਤ ਦੀ ਸਿੱਖਿਆ ਲਈ ਪਹਿਲਾਂ ਆਪ ਨੇ ਮਹਾਰਾਜ ਜਗਜੀਤ ਸਿੰਘ ਅੱਗੇ ਝੋਲੀ ਫੈਲਾਈ, ਫਿਰ ਮਹਿੰਦਰ ਸਿੰਘ ਠੁਮਰੀ ਅੱਗੇ। ਪਿਆਰਾ ਸਿੰਘ ਤਾਰ ਸ਼ਹਿਨਾਈ, ਪੰਡਿਤ ਗੋਪਾਲ ਕ੍ਰਿਸ਼ਨ ਦਿੱਲੀ, ਬਿਸਮਿੱਲਾ ਖ਼ਾਂ ਅਤੇ ਪੰਡਿਤ ਰਾਜਨ ਸਾਜਨ ਮਿਸ਼ਰਾ—ਗੱਲ ਕੀ ਇਹੋ ਜਿਹੇ ਅਨੇਕ ਹੋਰ ਗੁਣੀਜਨਾਂ ਤੋਂ ਵੀ ਕੁਝ ਨਾ ਕੁਝ ਸਿੱਖਦੇ ਰਹੇ।

ਹੁਣ ਤਕ ਇਨ੍ਹਾਂ ਦੇ ਗਾਏ ਗਏ ਸ਼ਬਦਾਂ ਦੀਆਂ ਕਿੰਨੀਆਂ ਸਾਰੀਆਂ ਆਡੀਓ ਕੈਸਟਾਂ ਜਿਵੇਂ ਕਿ "ਤੇਰਾ ਦਿੱਤਾ ਖਾਵਣਾ", "ਧੁਰ ਕੀ ਬਾਣੀ ਆਈ", "ਜਲੇ ਭਰੀ ਥਲੇ ਹਰੀ" ਆਦਿ ਤਿਆਰ ਹੋ ਚੁੱਕੀਆਂ ਹਨ, ਜਿਹੜੀਆਂ ਕਿ ਕਾਫ਼ੀ ਮਕਬੂਲ ਹਨ। ਉਨ੍ਹਾਂ ਦੀਆਂ ਟੈਕਸਲਾ ਵੱਲੋਂ ਕੱਢੀਆਂ ਗਈਆਂ ਕੈਸਟਾਂ "ਭਾਗ ਹੋਆ ਗੁਰ ਸੰਤ ਮਿਲਾਇਆ" ਅਤੇ "ਮਾਧੋ ਹਮ ਐਸੇ ਤੂੰ ਐਸਾ" ਵੀ ਕਾਫ਼ੀ ਪ੍ਰਸਿੱਧ ਹਨ।

ਆਪ ਜੀ ਨੇ ਦੇਸ਼ ਤੇ ਵਿਦੇਸ਼ਾਂ ਵਿਚ ਵੱਡੀਆਂ ਵੱਡੀਆਂ ਸਟੇਜਾਂ 'ਤੇ ਵੀ ਗਾਇਆ ਹੈ। ਹੁਣ ਤਕ ਇਨ੍ਹਾਂ ਨੂੰ ਕਈ ਤਰ੍ਹਾਂ ਦੇ ਇਨਾਮਾਂ-ਇਕਰਾਮਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਜਿਸ ਵਿਚ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਵੱਲੋਂ ਦਿੱਤਾ ਗਿਆ ਵਕਾਰੀ ਇਨਾਮ ਵੀ ਸ਼ਾਮਿਲ ਹੈ। ਪਿਛਲੇ ਸਾਲ ਸਾਡੇ ਸ਼ਹਿਰ ਵਿਚ ਹੋਈ ਇਕ ਮੁਲਾਕਾਤ ਦੌਰਾਨ, ਉਨ੍ਹਾਂ ਦੱਸਿਆ ਕਿ ਸਾਲ 2004 ਵਿਚ ਆਪ ਨੂੰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਨੇ ਵੀ ਸ਼੍ਰੋਮਣੀ ਰਾਗੀ ਦੇ ਐਵਾਰਡ ਨਾਲ ਸਨਮਾਨਿਤ ਕੀਤਾ ਸੀ।

# ਵਿਦੇਸ਼ਾਂ ਵਿਚ ਕੁਝ ਗੁਰਮਤਿ ਸੰਗੀਤ ਸੇਵੀ

## ਗਿਆਨੀ ਸੰਤੋਖ ਸਿੰਘ ਨਿਰਪੱਖ

ਗਿਆਨੀ ਸੰਤੋਖ ਸਿੰਘ ਨਿਰਪੱਖ ਦੀ ਸਭ ਤੋਂ ਵੱਡੀ ਦੇਣ ਇਹ ਹੈ ਕਿ ਉਨ੍ਹਾਂ ਦਾ ਜਥਾ 1950 ਈ. ਵਿਚ ਜਦੋਂ ਇੰਗਲੈਂਡ ਦੇ ਦੌਰੇ 'ਤੇ ਆਇਆ ਤਾਂ ਏਥੇ ਉਹ ਤਿੰਨ ਗੁਰੂ ਘਰਾਂ ਦੀ ਨੀਂਹ-ਪੱਥਰ ਰੱਖਣ ਵਿਚ ਸਹਾਈ ਹੋਏ : ਇਕ ਗ੍ਰੇਵਜ਼ੈਂਡ ਵਾਲਾ ਗੁਰੂ ਨਾਨਕ ਦਰਬਾਰ ਗੁਰਦੁਆਰਾ, ਜਿਹੜਾ ਕਿ ਉਦੋਂ 55-ਐਡਮੰਡ ਸਟ੍ਰੀਟ 'ਤੇ 1956 ਈ. ਵਿਚ ਉਸਾਰਿਆ ਗਿਆ ਸੀ, ਦੂਜਾ 55-ਕਰਾਊਨ ਸਟ੍ਰੀਟ ਨਿਊਕਾਸਨ ਉਪੌਨ ਟੀਨ-4 'ਤੇ ਅਤੇ ਤੀਜਾ ਈਸਟ ਲੰਡਨ ਭਾਟੜਾ ਬਰਾਦਰੀ ਵਾਲਾ ਗੁਰਦੁਆਰਾ ਜਿਹੜਾ ਉਦੋਂ ਲਾ-ਕੈਂਪਬੈਲ ਸੜਕ 'ਤੇ ਮਾਈਲ ਐਂਡ ਜਾਂ ਪਿੱਛੋਂ ਹਾਰਲੇ ਗਰੋਵ 'ਤੇ ਉਸਾਰਿਆ ਗਿਆ ਸੀ। ਆਪ ਦਾ ਖ਼ਾਨਦਾਨ ਰਾਗੀਆਂ ਦਾ ਪਰਿਵਾਰ ਕਰਕੇ ਵਧੇਰੇ ਪ੍ਰਸਿੱਧ ਸੀ।

ਆਪ ਦਾ ਜਨਮ 1910 ਈ. ਵਿਚ ਹੋਇਆ। ਪਿੱਛੋਂ ਆਪ ਸਿਆਲਕੋਟ ਦੇ ਰਹਿਣ ਵਾਲੇ ਸਨ। ਆਪ ਦੇ ਪਿਤਾ ਸ. ਤਾਰਾ ਸਿੰਘ ਬ੍ਰਿਟਿਸ਼ ਇੰਡੀਅਨ ਆਰਮੀ



*ਬਾਬਾ ਤਾਰਾ ਸਿੰਘ ਦਾ ਪ੍ਰਸਿੱਧ ਜਥਾ :*
*ਖੱਬਿਓ ਸੱਜੇ ਭਾਈ ਗਿਆਨ ਸਿੰਘ, ਤਾਰਾ ਸਿੰਘ ਅਤੇ ਗਿਆਨੀ ਸੰਤੋਖ ਸਿੰਘ ਨਿਰਪੱਖ*
*ਇਹ ਤਸਵੀਰ ਕੁਆਲਾਲੰਪੁਰ ਮਲੇਸ਼ੀਆ ਵਿਖੇ 1935 'ਚ ਖਿੱਚੀ ਗਈ ਸੀ।*


www.sikhbookclub.com

ਵਿਚ ਗੁੰਥੀ ਸਨ। ਗਿਆਨੀ ਸੰਤੋਖ ਸਿੰਘ ਨੇ ਸੰਗੀਤ ਦੀ ਤਾਲੀਮ ਉਸ ਸਮੇਂ ਦੇ ਮਹਾਨ ਰਬਾਬੀ ਭਾਈ ਲਾਲ ਜੀ ਤੋਂ ਪ੍ਰਾਪਤ ਕੀਤੀ। ਜਦੋਂ ਆਪ ਜਵਾਨ ਹੋਏ ਤਾਂ ਆਪ ਦੀ ਨਿਯੁਕਤੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਹਜ਼ੂਰੀ ਰਾਗੀ ਦੇ ਤੌਰ 'ਤੇ ਹੋ ਗਈ। ਅਪਰੈਲ, 1940 ਵਿਚ ਭੂਰੀਵਾਲੇ ਸੰਤਾਂ ਨੇ ਪਰਿਕਰਮਾਂ ਦੀ ਉਸਾਰੀ ਲਈ ਬਿਦੇਸ਼ਾਂ ਵਿੱਚੋਂ ਫ਼ੰਡ ਇਕੱਠਾ ਕਰ ਕੇ ਲਿਆਉਣ ਦੀ ਆਪ ਦੀ ਸੇਵਾ ਲਾ ਦਿੱਤੀ। ਪਹਿਲੀ ਅਗਸਤ 1940 ਨੂੰ ਆਪ ਦਾ ਜਥਾ ਜਿਸ ਵਿਚ ਕਿ ਗਿਆਨ ਸਿੰਘ ਅਤੇ ਜਗਜੀਤ ਸਿੰਘ ਨਨ੍ਹੜਾ ਵੀ ਸ਼ਾਮਲ ਸਨ, ਵਲੈਤ ਪੁੱਜ ਗਿਆ। ਸਭ ਤੋਂ ਪਹਿਲਾਂ ਇਹ ਜਥਾ ਯੂ.ਕੇ. ਵਿਚ ਸਿੱਖਾਂ ਦੇ ਸਭ ਤੋਂ ਪਹਿਲੇ ਗੁਰਦੁਆਰੇ ਅਰਥਾਤ ਸ਼ੈਪਰਡ ਬੁੱਸ਼ ਵਿਖੇ, ਜਿਹੜਾ ਕਿ ਉਦੋਂ ਸਿਨਕਲੇਅਰ ਰੋਡ 'ਤੇ ਹੁੰਦਾ ਸੀ, ਪੁੱਜਾ ਅਤੇ ਸਮੂਹ ਸੰਗਤਾਂ ਨੂੰ ਆਪਣੇ ਦੌਰੇ ਦਾ ਮਨੋਰਥ ਦੱਸਿਆ। ਸੰਗਤਾਂ ਜਾਣ ਕੇ ਬੇਹੱਦ ਖ਼ੁਸ਼ ਹੋਈਆਂ ਅਤੇ ਉਨ੍ਹਾਂ ਨੇ ਇਸ ਨੇਕ ਕਾਰਜ ਵਿਚ ਆਪਣਾ ਵੱਧ ਚੜ੍ਹ ਕੇ ਹਿੱਸਾ ਪਾਇਆ। ਕਾਫ਼ੀ ਮਾਇਆ ਇਕੱਠੀ ਹੋ ਗਈ। ਪਿੱਛੋਂ ਉਨ੍ਹਾਂ ਨੇ ਦੇਸ਼ ਦੇ ਕੁਝ ਹੋਰ ਸ਼ਹਿਰਾਂ ਦਾ ਵੀ ਦੌਰਾ ਕੀਤਾ। ਸੰਗਤਾਂ ਨੇ ਆਪ ਨੂੰ ਭਰਪੂਰ ਹੁੰਗਾਰਾ ਦਿੱਤਾ। ਕੁਝ ਸਮਾਂ ਗੁਜ਼ਾਰ ਕੇ ਆਪ ਦੇਸ਼ ਵਾਪਸ ਪਰਤ ਗਏ, ਪਰ 1954 ਈ. ਵਿਚ ਫਿਰ ਦੁਬਾਰਾ ਏਥੇ ਆ ਗਏ। ਉਦੋਂ ਦਾ ਆਪ ਦਾ ਪਰਿਵਾਰ ਗ੍ਰੇਵਜ਼ੈਂਡ ਵਿਖੇ ਰਹਿ ਰਿਹਾ ਹੈ। ਆਪ ਦੇ ਬੇਟੇ ਸ. ਹਰਚਰਨ ਸਿੰਘ ਅਤੇ ਅਵਿਨਾਸ਼ ਸਿੰਘ ਦੋਵੇਂ ਘੁੱਗ ਵੱਸਦੇ ਹਨ ਅਤੇ ਬੜੇ ਮਿਲਾਪੜੇ ਸੁਭਾਅ ਦੇ ਸੁਆਮੀ ਹਨ।

## ਮੋਹਨ ਸਿੰਘ ਮੁਸਾਪੁਰੀ

ਆਪ ਦਾ ਜਨਮ 26 ਦਸੰਬਰ, 1931 ਨੂੰ ਇਕ ਰਾਮਗੜ੍ਹੀਆ ਪਰਿਵਾਰ ਵਿਚ ਪੰਜਾਬ ਦੇ ਪ੍ਰਸਿੱਧ ਪਿੰਡ ਮੁਸਾਪੁਰ ਵਿਖੇ ਹੋਇਆ। ਸੰਗੀਤ ਦੀ ਬੇਹੱਦ ਲਗਨ ਸੀ, ਇਸ ਲਈ ਸ਼ੁਰੂ ਵਿਚ ਬਾਬੂ ਖ਼ਾਂ ਕਰਨਾਲੇ ਵਾਲੇ ਤੋਂ ਸਿੱਖਦੇ ਰਹੇ। 1953 ਈ. ਪਿੱਛੋਂ ਪੰਜਾਬ ਦੀ ਮਹਾਨ ਹਸਤੀ ਬਾਬਾ ਬਤਨ ਸਿੰਘ (1887-1959 ਈ.) ਮੇਹਲੀ ਵਾਲੇ ਪ੍ਰਸਿੱਧ ਬੰਦਸ਼ਕਾਰ ਨੂੰ ਆਪਣੇ ਘਰ ਲੈ ਆਂਦਾ। ਉਨ੍ਹਾਂ ਦਿਨਾਂ 'ਚ ਆਪਣੇ ਉਸਤਾਦ ਨੂੰ ਆਪ ਸੌ ਰੁਪਿਆ ਮਹੀਨਾ ਦਿੰਦੇ ਹੁੰਦੇ ਸਨ। ਉਸਤਾਦ ਨੇ ਪੂਰੀ ਤਨਦੇਹੀ ਨਾਲ ਆਪ ਨੂੰ ਸਿੱਖਿਆ ਦਿੱਤੀ। ਸਿਖਸ਼ਿਤ ਹੋ ਕੇ ਅੰਨ-ਜਲ ਵੱਸ ਆਪ ਈਸਟ ਅਫ਼ਰੀਕਾ ਚਲੇ ਗਏ। ਉਥੇ ਕਈ ਵਰ੍ਹੇ ਰਹਿ ਕੇ ਯੂ.ਕੇ. ਆ ਗਏ ਅਤੇ ਸਲੋਹ ਰਹਿਣ ਲੱਗ ਪਏ। ਸ਼ਾਸਤ੍ਰੀ ਸੰਗੀਤ ਸੰਬੰਧੀ ਆਪ ਕਾਫ਼ੀ ਸਿਆਣੇ ਅਤੇ ਪਾਰਖੂ ਸਨ। ਐਨੇ ਸੂਝਵਾਨ, ਬਾਰੀਕ ਅਤੇ ਬੇਬਾਕ ਕਿ ਗਾਉਂਦਿਆਂ ਜੇਕਰ ਕੋਈ ਵੱਡਾ ਉਸਤਾਦ ਵੀ ਗ਼ਲਤ ਗਾ ਰਿਹਾ ਹੋਵੇ ਤਾਂ ਬਰਦਾਸ਼ਤ ਨਹੀਂ ਸਨ ਕਰਦੇ। ਯੂ.ਕੇ. ਰਹਿੰਦਿਆਂ ਆਪ ਨੇ ਕਈ ਹੋਣਹਾਰ ਬੱਚਿਆਂ ਨੂੰ ਇਸ ਵਿਦਿਆ ਦੀ ਤਾਲੀਮ ਦਿੱਤੀ। ਆਪ ਤਰਾਸੀ ਵਰ੍ਹਿਆਂ ਦੇ ਸਨ ਕਿ 18 ਫ਼ਰਵਰੀ, 2007 ਨੂੰ ਚੜ੍ਹਾਈ ਕਰ ਗਏ।

## ਤਰਸੇਮ ਸਿੰਘ ਮੋਰਾਂਵਲੀ

ਆਪ ਇੰਟਰਨੈਸ਼ਨਲ ਢਾਡੀ ਸਭਾ ਯੂ.ਕੇ. ਦੇ ਪ੍ਰਧਾਨ ਹਨ ਅਤੇ ਬਰਮਿੰਘਮ ਰਹਿ

ਰਹੇ ਹਨ। ਆਪ ਦੇ ਪਿਤਾ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਬਰਮਿੰਘਮ ਦੇ ਹੈੱਡ ਗ੍ਰੰਥੀ ਹਨ। ਆਪ ਪ੍ਰਸਿੱਧ ਰਾਗੀ ਗਿਆਨ ਸਿੰਘ ਸੁਰਜੀਤ ਦੇ ਭਤੀਜੇ ਹਨ। ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਆਪਣਾ ਢੁੱਕਵਾਂ ਯੋਗਦਾਨ ਪਾ ਰਹੇ ਹਨ।

## ਗਿਆਨੀ ਗੁਰਬਚਨ ਸਿੰਘ ਹਮਦਰਦ

ਆਪ ਤਬਲੇ ਦੇ ਮਾਹਿਰ ਹਨ। ਆਪ ਮਹਾਨ ਵਿਦਵਾਨ ਪ੍ਰੋ. ਦਰਸ਼ਨ ਸਿੰਘ ਕੋਮਲ ਦੇ ਸ਼ਾਗਿਰਦ ਹਨ। ਪੰਜਾਬ ਦੇ ਪ੍ਰਸਿੱਧ ਤਬਲਾ ਨਵਾਜ਼ ਬਾਬਾ ਮਲੰਗ ਖ਼ਾਂ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਵੀ ਮੇਲ-ਮਿਲਾਪ ਰੱਖਦੇ ਰਹੇ। ਦੇਰ ਹੋਈ ਵਲਾਇਤ ਆ ਗਏ ਸਨ ਅਤੇ ਭਾਈ ਗਿਆਨ ਸਿੰਘ ਸੁਰਜੀਤ ਨਾਲ ਜਥਾ ਬਣਾ ਕੇ ਸੰਗੀਤ ਦੀ ਸੇਵਾ ਕਰਦੇ ਰਹੇ। ਅੱਜ-ਕੱਲ੍ਹ ਆਪ ਗ੍ਰੇਵਜ਼ੈਂਡ ਰਹਿ ਰਹੇ ਹਨ।



*ਪ੍ਰੋ. ਦਰਸ਼ਨ ਸਿੰਘ ਕੋਮਲ ਦੇ ਦੋ ਪ੍ਰਸਿੱਧ ਸ਼ਾਗਿਰਦ ਗਿਆਨੀ ਗੁਰਬਚਨ ਸਿੰਘ ਹਮਦਰਦ ਅਤੇ ਗਿਆਨ ਸਿੰਘ ਸੁਰਜੀਤ*

## ਭਾਈ ਗਿਆਨ ਸਿੰਘ ਸੁਰਜੀਤ

ਆਪ ਦਾ ਜਨਮ 2 ਅਗਸਤ, 1940 ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪ੍ਰਸਿੱਧ ਪਿੰਡ ਮੋਰਾਂਵਾਲੀ ਵਿਖੇ ਸ. ਬੰਤਾ ਸਿੰਘ ਜੀ ਦੇ ਘਰ ਹੋਇਆ। ਛੋਟੇ ਹੁੰਦਿਆਂ ਹੀ ਕਿਸੇ ਗ਼ਲਤ ਦੁਆਈ ਪਾਉਣ ਕਾਰਣ ਅੱਖੀਆਂ ਦੀ ਜੋਤ ਗੁਆ ਬੈਠੇ ਅਤੇ ਨੇਤਰਹੀਣ ਹੋ ਗਏ। ਸੰਗੀਤ ਦੀ ਸਿੱਖਿਆ ਲਈ ਆਪ ਦਸ ਸਾਲ ਦੀ ਉਮਰ ਵਿਚ ਦਾਊਧਰ ਚਲੇ ਗਏ। ਉਥੋਂ ਆ ਕੇ ਪ੍ਰੋ. ਦਰਸ਼ਨ ਸਿੰਘ ਕੋਮਲ ਦੇ ਸ਼ਾਗਿਰਦ ਹੋ ਗਏ। 1968 ਈ. ਵਿਚ ਆਪ ਇੰਗਲੈਂਡ ਆ ਗਏ। 1974 ਈ. ਵਿਚ ਆਪ ਨੇ ਇੰਡੀਅਨ ਉਵਰਸੀਜ਼ ਮਿਊਜ਼ਿਕ ਸੰਸਥਾ ਦੀ ਸਥਾਪਨਾ ਕੀਤੀ। ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਨੂੰ ਦੇਰ ਤੋਂ ਸਿਖਾਉਂਦੇ ਚੱਲੇ ਆ ਰਹੇ ਸਨ। ਨਵੰਬਰ 2006 ਨੂੰ ਆਪ ਬੇਵਕਤ ਚੜ੍ਹਾਈ ਕਰ ਗਏ।

## ਅਵਤਾਰ ਸਿੰਘ ਰਾਗੀ

ਆਪ ਮਹਿਤਪੁਰ ਨੇੜਲੇ ਇਕ ਪਿੰਡ ਊਧੋਵਾਲ ਦੇ ਇਕ ਸੰਗੀਤਕ ਪਰਿਵਾਰ ਨਾਲ ਸੰਬੰਧ ਰੱਖਦੇ ਹਨ। ਦੇਸ਼ ਦੇ ਵੰਡਾਰੇ ਤੋਂ ਪਹਿਲਾਂ ਆਪ ਦੇ ਪਿਤਾ ਭਾਈ ਸਮੁੰਦ

ਸਿੰਘ ਜੀ ਨਾਲ ਨਨਕਾਣਾ ਸਾਹਿਬ ਵਿਖੇ ਤਬਲਾ ਵਜਾਉਂਦੇ ਰਹੇ, ਪਿੱਛੋਂ ਕੁਝ ਸਮਾਂ ਅੰਮ੍ਰਿਤਸਰ ਵੀ ਸੇਵਾ ਕੀਤੀ। ਆਪ ਦੇ ਚਾਚਾ ਸ. ਜੋਗਾ ਸਿੰਘ ਨੇ ਤਬਲੇ ਦੀ ਤਾਲੀਮ ਪ੍ਰਸਿੱਧ ਮਹਾਂਰਥੀ ਅਰਜਨ ਸਿੰਘ ਤ੍ਰੰਗੜ (1900-1995 ਈ.) ਤੋਂ ਪ੍ਰਾਪਤ ਕੀਤੀ। ਆਪ ਏਧਰ ਆ ਕੇ ਸੰਗੀਤ ਪ੍ਰਤਿ ਆਪਣੀਆਂ ਸੇਵਾਵਾਂ ਨਿਭਾਉਂਦੇ ਰਹੇ। ਆਪ ਦੀ ਸਭ ਤੋਂ ਵੱਡੀ ਦੇਣ ਸ਼ਾਇਦ ਇਹ ਹੈ ਕਿ ਆਪ ਨੇ 1984 ਈ. ਵਿਚ ਗਿਆਨੀ ਗੁਰਬਚਨ ਸਿੰਘ ਹਮਦਰਦ ਅਤੇ ਸੀਤਲ ਸਿੰਘ ਸਿਤਾਰਾ ਨਾਲ ਰਲ ਕੇ ਸਪਰੋੜ ਨੰਗਲ ਵਿਖੇ ਜੀ.ਟੀ. ਰੋਡ ਉੱਤੇ ਗੁਰੂ ਨਾਨਕ ਆਸ਼ਰਮ ਦੀ ਉਸਾਰੀ ਕਰਨੀ ਸ਼ੁਰੂ ਕਰ ਦਿੱਤੀ ਜਿਸਦੀ ਹੁਣ ਦੀ ਕੀਮਤ ਕਰੀਬਨ ਬਾਰ੍ਹਾਂ ਕਰੋੜ ਰੁਪਏ ਹੋਵੇਗੀ। ਨੇਤਰਹੀਣਾਂ ਵਲੋਂ ਇਹ ਇਕ ਅਜਿਹਾ ਕਾਰਨਾਮਾ ਹੈ ਜਿਸਨੂੰ ਕਿ ਕੁਝ ਸੁਜਾਖੇ ਬੰਦੇ ਵੀ ਨਹੀਂ ਸਰਅੰਜਾਮ ਦੇ ਸਕੇ। ਇਸ ਥਾਂ ਲੋੜਵੰਦ ਨੇਤਰਹੀਣ ਬੱਚਿਆਂ ਨੂੰ ਸੰਗੀਤ ਦੀ ਸਿੱਖਿਆ ਮੁਫ਼ਤ ਦਿੱਤੀ ਜਾਂਦੀ ਹੈ। ਕੁਝ ਬੇਸਹਾਰਾ ਬਿਰਧ ਵੀ ਇਸ ਥਾਂ ਸ਼ਰਨ ਲੈ ਕੇ ਆਪਣਾ ਜੀਵਨ ਬਤੀਤ ਕਰ ਰਹੇ ਹਨ।

## ਪ੍ਰੋ਼ਫੈਸਰ ਸੀਤਲ ਸਿੰਘ ਸਿਤਾਰਾ



*ਪ੍ਰੋਫੈਸਰ ਸੀਤਲ ਸਿੰਘ 'ਸਿਤਾਰਾ'*

ਆਪ ਦਾ ਜਨਮ ਫ਼ਗਵਾੜਾ ਨੇੜੇ ਨੰਗਲ ਖੇੜਾ ਜ਼ਿਲ੍ਹਾ ਕਪੂਰਥਲਾ ਵਿਚ 1939 ਈ. ਨੂੰ ਸ. ਧਰਮ ਸਿੰਘ ਤੇ ਮਾਤਾ ਚੰਨਣ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ। ਅਜੇ ਦੋ ਸਾਲ ਦੇ ਹੀ ਸਨ ਕਿ ਬਿਮਾਰੀ ਕਾਰਨ ਅੱਖਾਂ ਦੀ ਜੋਤ ਜਾਂਦੀ ਰਹੀ। ਬਾਲ ਅਵਸਥਾ ਵਿਚ ਹੀ ਪ੍ਰੋ. ਦਰਸ਼ਨ ਸਿੰਘ ਕੋਮਲ ਦੇ ਸ਼ਾਗਿਰਦ ਹੋ ਗਏ। ਅੱਠ ਸਾਲ ਉਨ੍ਹਾਂ ਤੋਂ ਵਿਦਿਆ ਪ੍ਰਾਪਤ ਕਰਦੇ ਰਹੇ, ਫਿਰ ਆਪਣੇ ਪਿਤਾ ਨਾਲ ਨਰੋਬੀ ਚਲੇ ਗਏ। 1972 ਈ. ਵਿਚ ਯੂ.ਕੇ. ਆ ਗਏ ਅਤੇ ਏਥੇ ਆ ਕੇ ਵੀ ਕੀਰਤਨ ਕਰਨ ਤੋਂ ਛੁੱਟ ਬੱਚਿਆਂ ਨੂੰ ਸਿਖਾਉਣ ਲਈ ਕਲਾਸਾਂ ਵੀ ਲੈਂਦੇ ਰਹੇ। ਕਾਫ਼ੀ ਸਿਆਣੇ ਪੁਰਸ਼ ਹਨ। ਆਪ ਦੀ ਵੱਡੀ ਦੇਣ ਇਹ ਹੈ ਕਿ ਆਪ ਨੇ ਗਿਆਨ ਸਿੰਘ ਸੁਰਜੀਤ ਹੋਰਾਂ ਨਾਲ ਮਿਲ ਕੇ *ਗੁਰਬਾਣੀ ਕੋਮਲ ਸੰਗੀਤ* ਇਕ ਕਿਤਾਬ ਛਾਪੀ ਹੈ ਜਿਹੜੀ ਸੰਗੀਤ ਦੇ ਵਿਸ਼ੇ 'ਤੇ ਇਕ ਵਧੀਆ ਕਿਰਤ ਹੈ।

## ਸੁਰਿੰਦਰ ਸਿੰਘ ਮਠਾਰੂ

ਆਪ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਸਿੱਧਵਾਂ ਦੋਨਾ ਵਿਚ ਸ. ਸਵਰਨ ਸਿੰਘ ਦੇ

ਘਰ ਮਾਤਾ ਸੁਰਜੀਤ ਕੌਰ ਦੀ ਕੁੱਖੋਂ 1969 ਈ. ਵਿਚ ਪੈਦਾ ਹੋਏ। ਜਲੰਧਰ ਤੋਂ ਐਮ.ਏ. ਮਿਊਜ਼ਿਕ ਕਰਨ ਉਪਰੰਤ ਵਿਦੇਸ਼ ਆ ਗਏ। ਪਹਿਲਾਂ ਡੈਨਮਾਰਕ ਰਹੇ, ਫਿਰ ਵਲੈਤ ਆ ਗਏ। ਅੱਜ-ਕੱਲ੍ਹ ਸਾਊਥਾਲ ਰਿਹਾਇਸ਼ ਰੱਖ ਰਹੇ ਹਨ। ਪੁਰਾਤਨ ਤੰਤੀ ਸਾਜ਼ਾਂ ਨਾਲ ਕੀਰਤਨ ਕਰਦੇ ਹਨ। ਸਿੱਖ ਮਿਊਜ਼ੀਕਲ ਹੈਰੀਟੇਜ ਨਾਂ ਦੀ ਸੰਸਥਾ ਦੇ ਸੰਸਥਾਪਕ ਹਨ ਅਤੇ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿੱਖਿਆ ਦੇ ਰਹੇ ਹਨ।

## ਪਰਗਟ ਸਿੰਘ ਮਠਾਰੂ

ਆਪ ਦਾ ਜਨਮ ਫ਼ਗਵਾੜਾ ਨੇੜੇ ਪਿੰਡ ਭੁੱਲਾ ਰਾਈ ਵਿਖੇ ਹੋਇਆ। ਸੱਤ ਸਾਲ ਦੀ ਉਮਰ ਵਿਚ ਆਪ ਮਾਸਟਰ ਭਗਤ ਸਿੰਘ ਦੇ ਸ਼ਾਗਿਰਦ ਹੋ ਗਏ। ਦਸਵੀਂ ਪਾਸ ਕਰਨ ਪਿੱਛੋਂ ਡਾਈ-ਮੇਕਰ ਦਾ ਕੰਮ ਸਿੱਖਿਆ ਅਤੇ ਕੁਝ ਵਰ੍ਹੇ ਕੀਤਾ। ਸੰਗੀਤ ਦੀ ਚੇਟਕ ਕਿਉਂਕਿ ਧੁਰੋਂ ਸੀ, ਇਸ ਲਈ ਆਪ ਪੰਜਾਬ ਦੇ ਪ੍ਰਸਿੱਧ ਗਾਇਕ ਮਾਸਟਰ ਰਤਨ ਫ਼ਗਵਾੜੇ ਵਾਲਿਆਂ ਦੇ ਸ਼ਾਗਿਰਦ ਹੋ ਗਏ। 1971 ਈ. ਵਿਚ ਸੰਗੀਤ ਦੀ ਐਮ.ਏ. ਪਾਸ ਕੀਤੀ, ਗੋਲਡ ਮੈਡਲ ਜਿੱਤਿਆ। 1972 ਈ. ਵਿਚ ਯੂ.ਕੇ. ਆ ਗਏ। 1974 ਈ. ਵਿਚ ਏਥੇ ਇੰਡੀਅਨ ਯੂਵਰਸੀਜ਼ ਕਾਲਜ ਦੀ ਨੀਂਹ ਰੱਖੀ। ਉਸ ਪਿੱਛੋਂ ਛੇਤੀ ਹੀ ਅਮਰੀਕਾ ਚਲੇ ਗਏ। ਗੁਣੀ ਅਤੇ ਪ੍ਰਤਿਭਾਵਾਨ ਕਲਾਕਾਰ ਹੋਣ ਕਰਕੇ ਨਿਊਯਾਰਕ ਸਭ ਤੋਂ ਵੱਡੇ ਰਿਚਮੰਡ ਹਿੱਲ ਗੁਰਦੁਆਰੇ ਦੇ ਜਨਰਲ ਸੈਕਟਰੀ ਥਾਪੇ ਗਏ। ਇਸ ਪਦ 'ਤੇ ਕਈ ਸਾਲ ਸੇਵਾ ਨਿਭਾਈ। ਆਪ ਦੇ ਦੋਵੇਂ ਬੇਟੇ ਸੰਗੀਤ ਦੀ ਭਰਪੂਰ ਸਿੱਖਿਆ ਪ੍ਰਾਪਤ ਕਰਕੇ ਅੱਜ-ਕੱਲ੍ਹ ਓਥੇ ਬੜਾ ਅੱਛਾ ਕੀਰਤਨ ਕਰ ਰਹੇ ਹਨ।

## ਭਾਈ ਬਲਦੀਪ ਸਿੰਘ



ਭਾਈ ਬਲਦੀਪ ਸਿੰਘ ਦਿੱਲੀ ਵਾਲੇ

ਭਾਈ ਸਾਹਿਬ ਜ਼ਿਆਦਾਤਰ ਉਂਜ ਤਾਂ ਦਿੱਲੀ ਵਿਖੇ ਨਿਵਾਸ ਰੱਖਦੇ ਹਨ, ਪਰ ਗੁਰਬਾਣੀ ਸੰਗੀਤ ਦੇ ਫੈਲਾਵੇ ਲਈ ਬਾਹਰਲੇ ਦੇਸ਼ਾਂ ਵਿਚ ਅਕਸਰ ਹੀ ਜਾਂਦੇ ਰਹਿੰਦੇ ਹਨ। ਚੱਕਰਵਰਤੀ ਬਿਰਤੀ ਦੇ ਸੁਆਮੀ ਇਹ ਕਲਾਕਾਰ ਦਿੱਲੀ ਦੇ ਸੁਪ੍ਰਸਿੱਧ ਕੀਰਤਨ ਪਰਿਵਾਰ ਭਾਈ ਗੁਰਚਰਨ ਸਿੰਘ ਅਵਤਾਰ ਸਿੰਘ ਨਾਲ ਸਬੰਧਤ ਹਨ ਅਤੇ ਸੰਗੀਤ ਪ੍ਰਦਰਸ਼ਨ - ਲੈਕਚਰਾਂ ਲਈ ਦੇਸ਼ਾਂ ਦੇਸ਼ਾਂਤਰਾਂ ਵਿਚ ਵਿਚਰਦੇ ਰਹਿੰਦੇ ਹਨ। ਪਖਾਵਜ-ਮ੍ਰਿਦੰਗ ਦੀ ਤਾਲੀਮ ਆਪ ਨੇ ਭਾਈ ਅਰਜਣ ਸਿੰਘ ਤ੍ਰੰਗੜ ਤੋਂ ਪ੍ਰਾਪਤ ਕੀਤੀ। ਬੀਬੀ ਜਸਵੰਤ ਕੌਰ ਤੋਂ ਵੀ ਫ਼ੈਜ਼ ਪਾਇਆ,


www.sikhbookclub.com

ਅਤੇ ਕੁਝ ਨਾਦਰ ਚੀਜ਼ਾਂ ਨਾਮਧਾਰੀ ਆਗੂ ਮਹਾਰਾਜ ਬੀਰ ਸਿੰਘ ਤੋਂ ਵੀ ਪ੍ਰਾਪਤ ਕੀਤੀਆਂ। ਧਰੁੱਪਦ ਦੀ ਤਾਲੀਮ ਆਪ ਨੇ ਉਸਤਾਦ ਫਹੀਮਉਦੀਨ ਡਾਗਰ ਅਤੇ ਉਸਤਾਦ ਐਮ.ਹਫ਼ੀਜ਼ ਖ਼ਾਂ ਤਲਵੰਡੀ ਘਰਾਣਾ ਪਾਕਿਸਤਾਨ ਤੋਂ ਵੀ ਪ੍ਰਾਪਤ ਕੀਤੀ।

ਹੋਰ ਤਾਂ ਹੋਰ, ਪੁਰਾਤਨ ਸਾਜ਼ ਜਿਵੇਂ ਕਿ ਤਾਊਸ, ਦਿਲਰੁਬਾ ਆਦਿ ਬਣਾਉਣ ਦੀ ਸਿੱਖਿਆ ਆਪ ਨੇ ਇਕ ਕਾਰੀਗਰ ਗਿਆਨੀ ਹਰਭਜਨ ਸਿੰਘ ਤੋਂ ਪ੍ਰਾਪਤ ਕੀਤੀ। ਸ਼ੌਕੀਆ ਤੌਰ 'ਤੇ ਆਪ ਇਨ੍ਹਾਂ ਅਦੁੱਤੀ ਸਾਜ਼ਾਂ ਨੂੰ ਬਣਾਉਂਦੇ ਹਨ ਜਿਨ੍ਹਾਂ ਦੀ ਮੰਗ ਖ਼ਾਸ ਤੌਰ 'ਤੇ ਬਦੇਸ਼ਾਂ ਵਿਚ ਜ਼ਿਆਦਾ ਹੈ। ਆਪ ਦਾ ਬਣਿਆ ਹੋਇਆ ਤਾਊਸ ਛੇ ਹਜ਼ਾਰ ਡਾਲਰ ਦੀ ਕੀਮਤ ਤੋਂ ਸ਼ੁਰੂ ਹੋ ਕੇ ਚੌਦਾਂ ਪੰਦਰਾਂ ਹਜ਼ਾਰ ਡਾਲਰ ਤਕ ਜਾਂਦਾ ਹੈ। ਦਿਲਰੁਬਾ ਦੀ ਕੀਮਤ ਪੰਜ ਹਜ਼ਾਰ ਡਾਲਰ ਤਕ ਹੈ।

ਗੁਰਮਤਿ ਸੰਗੀਤ ਦੀ ਸੇਵਾ ਆਪ ਆਪਣੇ ਨਿਵੇਕਲੇ ਅੰਦਾਜ਼ ਨਾਲ ਕਰੀ ਜਾ ਰਹੇ ਹਨ। ਪਿੱਛੇ ਜਿਹੇ ਆਪ ਨੇ 'ਧਰੁੱਪਦੀ ਰਬਾਬ ਅਤੇ ਜੋੜੀ' ਬਾਰੇ ਇਕ ਸੀ.ਡੀ. ਕੱਢੀ ਸੀ ਜਿਹੜੀ ਕਿ ਗੁਰਮਤਿ ਸੰਗੀਤ ਦੇ ਗੰਭੀਰ ਰਸੀਆਂ ਅਤੇ ਤਾਰੀਖ਼ਦਾਨਾਂ ਲਈ ਇਕ ਵੱਡ-ਮੁੱਲਾ ਤੋਹਫ਼ਾ ਹੈ। ਗੁਰੂ ਮਿਹਰ ਕਰੇ।

ਇਨ੍ਹਾਂ ਕਲਾਕਾਰਾਂ ਤੋਂ ਛੁੱਟ ਅਜੀਤ ਸਿੰਘ ਮੁਤਲਾਸ਼ੀ ਮਠਾਰੂ (ਫ਼ਿਲੌਰ ਨੇੜਲੇ ਪਿੰਡ ਖਹਿਰਾ ਦੇ ਜੰਮਪਲ, ਬਰਮਿੰਘਮ ਵਿਖੇ), ਗਿਆਨੀ ਦਰਸ਼ਨ ਸਿੰਘ ਸੋਹਲ (ਸਾਊਥਾਲ ਵਿਖੇ) ਅਤੇ ਗਿਆਨੀ ਧਰਮ ਸਿੰਘ ਜ਼ਖ਼ਮੀ ਦੇ ਇਕ ਕਰੀਬੀ ਰਿਸ਼ਤੇਦਾਰ ਗਿਆਨੀ ਗੁਰਬਚਨ ਸਿੰਘ (ਸਲੋਹ ਵਿਖੇ) ਬਰਤਾਨੀਆ ਦੇ ਇਨ੍ਹਾਂ ਵੱਖੋ-ਵੱਖਰੇ ਸ਼ਹਿਰਾਂ ਵਿਚ ਬੱਚਿਆਂ ਨੂੰ ਗੁਰਮਤਿ ਸੰਗੀਤ ਸਿਖਾਉਣ ਦੀ ਸੇਵਾ ਵਿਚ ਜੁੱਟੇ ਹੋਏ ਹਨ।

## ਭਾਈ ਦੇਵਿੰਦਰ ਪ੍ਰਤਾਪ ਸਿੰਘ ਮੁਹਿੰਦਰ ਪ੍ਰਤਾਪ ਸਿੰਘ

**(ਅਮਰੀਕਾ ਵਾਲੇ)**

ਕੋਈ ਸਮਾਂ ਸੀ ਜਦੋਂ ਭਾਈ ਰਾਮਾ ਭਾਈ ਪ੍ਰਤਾਪਾ ਦੀ ਜੋੜੀ ਦੇਸ਼ ਭਰ ਵਿਚ ਪ੍ਰਸਿੱਧ ਸੀ। ਉਹ ਦੋਵੇਂ ਭਾਈ ਬੜਾ ਸੁਰੀਲਾ ਕੀਰਤਨ ਕਰਿਆ ਕਰਦੇ ਸਨ। ਕਿੰਨਾ ਸਮਾਂ ਭਾਰਤ ਭਰ ਵਿਚ ਗਾ ਕੇ ਫਿਰ ਇਹ ਜੋੜੀ ਈਸਟ ਅਫ਼ਰੀਕਾ ਚਲੀ ਗਈ ਅਤੇ ਉਥੇ ਸੰਗਤਾਂ ਨੂੰ ਨਿਹਾਲ ਕਰਦੀ ਰਹੀ।

ਅੱਜ ਤੋਂ 25 ਕੁ ਵਰ੍ਹੇ ਪਹਿਲਾਂ ਭਾਈ ਰਾਮਾ ਦੀ ਮੌਤ ਹੋਣ ਕਾਰਨ ਭਾਈ ਪ੍ਰਤਾਪ ਸਿੰਘ ਜੀ ਨੇ ਆਪਣੇ ਬੇਟਿਆਂ ਦੇਵਿੰਦਰ ਪ੍ਰਤਾਪ ਸਿੰਘ ਮੁਹਿੰਦਰ ਪ੍ਰਤਾਪ ਸਿੰਘ ਨੂੰ ਤਿਆਰ ਕਰ ਕੇ ਆਪਣਾ ਜਥਾ ਬਣਾ ਲਿਆ ਅਤੇ ਅੱਜ-ਕੱਲ੍ਹ ਇਹ ਪਰਿਵਾਰ ਨਿਊਯਾਰਕ ਰਹਿੰਦਾ ਹੈ। ਕਈ ਵੇਰ ਇਹ ਯੂ.ਕੇ. ਵੀ ਆਉਂਦੇ ਰਹੇ ਹਨ। ਪਟਿਆਲਾ ਘਰਾਣੇ ਦਾ ਅਸਰ ਸਵੀਕਾਰ ਕਰਦਿਆਂ ਇਨ੍ਹਾਂ ਨੇ ਆਪਣੀ ਮੁੱਢਲੀ ਵਿਦਿਆ ਦਿੱਲੀ ਤੋਂ ਪ੍ਰਾਪਤ ਕੀਤੀ। 1988 ਈ. ਵਿਚ ਇਨ੍ਹਾਂ ਦਾ ਇਕ ਐੱਲ.ਪੀ. "ਸਤਿਗੁਰ ਆਇਓ ਸਰਣਿ ਤੁਹਾਰੀ" ਹਰਭਜਨ ਸਿੰਘ ਵਿਰਦੀ ਨੇ ਕੱਢਿਆ ਸੀ, ਜਿਸ ਵਿਚ ਹੋਰ ਸ਼ਬਦ ਇਹ ਸਨ : "ਫਰੀਦਾ ਕਾਲੇ ਮੈਡੇ ਕਪੜੇ", "ਧੰਨੁ ਧੰਨੁ ਸੁਹਾਵੀ ਸਫਲ ਘੜੀ", "ਹਰਿ ਚਰਨ ਸਰਨ", "ਮੇਰੇ ਮਨੁ ਜਪਿ ਗੁਰ ਗੋਪਾਲ ਪ੍ਰਭੁ ਸੋਈ" ਅਤੇ "ਲਾਲਨ ਰਾਵਿਆ ਕਵਨ ਗਤੀ ਰੀ"।

 www.sikhbookclub.com

# ਪੁਰਾਤਨ ਗੁਰਮਤਿ ਸੰਗੀਤ ਦੇ ਕੁਝ ਸ੍ਰੇਸ਼ਟ ਸੰਗ੍ਰਹਿਕਾਰ

## ਗੁਰਮੁਖ ਸਿੰਘ ਲਾਲੀ


ਭਾਈ ਗੁਰਮੁਖ ਸਿੰਘ ਲਾਲੀ

ਹਲਕੇ-ਫੁਲਕੇ ਗੀਤਾਂ ਦੇ ਬਹੁਤ ਵੱਡੇ ਇਸ ਸੰਗ੍ਰਹਿਕਾਰ ਕੋਲ ਕੁਝ ਯਾਦਗਾਰੀ ਤਵੇ ਸਾਡੇ ਰਾਗੀਆਂ ਰਬਾਬੀਆਂ ਨਾਲ ਵੀ ਸੰਬੰਧ ਰੱਖਦੇ ਹਨ। ਆਪ ਦਾ ਜਨਮ ਬਰਨਾਲਾ ਤੋਂ ਅੱਠ ਕੁ ਮੀਲ ਦੀ ਵਿੱਥ 'ਤੇ ਇਤਿਹਾਸਕ ਪਿੰਡ ਨਾਈਵਾਲਾ ਵਿਖੇ ਜਥੇਦਾਰ ਪ੍ਰਗਟ ਸਿੰਘ ਸਰਪੰਚ ਦੇ ਘਰ ਮਾਤਾ ਗੁਰਜੀਤ ਕੌਰ ਦੀ ਕੁੱਖੋਂ ਹੋਇਆ। ਬਚਪਨ ਵਿਚ ਹੀ ਪੁਰਾਣੇ ਤਵੇ ਇਕੱਠੇ ਕਰਨ ਦਾ ਸ਼ੌਕ ਜਾਗ ਪਿਆ, ਜਿਹੜਾ ਹੁਣ ਤਕ ਉਸੇ ਤਰ੍ਹਾਂ ਜਾਰੀ ਹੈ। ਪੰਜਾਬੀ ਦੇ ਕਿਸੇ ਵੀ ਗਾਣੇ ਦਾ ਤੁਸੀਂ ਨਾਂ ਲਉ, ਤੁਹਾਨੂੰ ਉਹ ਆਵਾਜ਼ ਸੁਣਨ ਨੂੰ ਮਿਲ ਜਾਏਗੀ। ਆਪ ਕੋਲ ਗੁਰਮਤਿ ਸੰਗੀਤ ਦੇ ਵੀ ਕੁਝ ਦੁਰਲੱਭ ਤਵੇ ਸਾਂਭੇ ਪਏ ਹਨ, ਜਿਵੇਂ ਕਿ ਭਾਈ ਛੈਲਾ, ਭਾਈ ਘਸੀਟਾ, ਭਾਈ ਹਰਨਾਮ ਸਿੰਘ, ਭਾਈ ਸੁੱਧ ਸਿੰਘ, ਪ੍ਰਧਾਨ ਸਿੰਘ, ਭਾਈ ਸੰਤਾ ਸਿੰਘ, ਭਾਈ ਸੁਰਜਨ ਸਿੰਘ ਅਤੇ ਭਾਈ ਪੂਰਨ ਸਿੰਘ ਆਦਿ।

## ਹਰਜਾਪ ਸਿੰਘ ਔਜਲਾ

ਕਪੂਰਥਲਾ ਦੇ ਇਕ ਰਈਸ ਸਰਦਾਰ ਬਹਾਦਰ ਸਰਦਾਰ ਸੁਚੇਤ ਸਿੰਘ ਦੇ ਫ਼ਰਜ਼ੰਦ, ਜਿਹੜੇ ਕਿ ਪੰਜਾਬ ਦੇ ਅਜੋਕੇ ਡੀ.ਜੀ.ਪੀ.(ਰੂਲਜ਼) ਪੰਜਾਬ, ਡਾ.ਜੀ.ਐਸ. ਔਜਲਾ ਸਾਹਿਬ—I.P.S. ਦੇ ਵੱਡੇ ਭਰਾਤਾ ਹਨ, ਗੁਰਮਤਿ ਸੰਗੀਤ ਦੇ ਬਹੁਤ ਵੱਡੇ ਸੰਗ੍ਰਹਿਕਾਰ ਹਨ। ਆਪ ਕੋਲ ਬੁੱਧ ਸਿੰਘ ਤਾਨ ਦੀ 'ਆਸਾ ਦੀ ਵਾਰ' ਸੰਪੂਰਨ ਰੂਪ ਵਿਚ ਸੁਰੱਖਿਅਤ ਹੈ, ਬਾਰ੍ਹਾਂ ਰੀਕਾਰਡ ਹਨ, ਹਰ ਇਕ ਉੱਪਰ ਦੋ ਫੱਕੇ ਹਨ। ਇਹ 1939 ਈ. ਦੀ ਰੀਕਾਰਡਿੰਗ ਜਾਪਦੀ ਹੈ। ਸ਼ਬਦਾਂ ਦਾ ਇਕ ਤਵਾ ਗੁਰਮੁਖ ਸਿੰਘ ਸਰਮੁਖ ਸਿੰਘ ਫੱਕਰ ਦਾ ਵੀ ਹੈ। ਇਨ੍ਹਾਂ ਨੇ ਭਾਈ ਗੁਰਮੁਖ ਸਿੰਘ ਫੱਕਰ ਦੇ ਸਪੁੱਤਰ ਭਾਈ ਜਗਤਾਰ ਸਿੰਘ ਦੀਆਂ ਵੀਹ ਦੇ ਕਰੀਬ ਟੇਪਾਂ ਬਣਾਈਆਂ ਹਨ। ਗੀਤਾਂ ਸਾਰੀਆਂ

 www.sikhbookclub.com

ਉਨ੍ਹਾਂ ਦੇ ਪਿਤਾ ਦੀਆਂ ਹਨ। ਭਾਈ ਸੰਤਾ ਸਿੰਘ ਦੇ ਗਾਏ ਗਏ 8 ਸ਼ਬਦ ਵੀ ਸੁਰੱਖਿਅਤ ਹਨ। ਭਾਈ ਦਰਸ਼ਨ ਸਿੰਘ ਕੋਮਲ ਦੇ ਸਹੀ ਜਾਨਸ਼ੀਨ ਭਾਈ ਦੀਦਾਰ ਸਿੰਘ, ਪਿੰਡ ਨੰਗਲ ਖੁਰਦ, ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਬਾਰ੍ਹਾਂ ਟੇਪਾਂ ਵੀ ਇਨ੍ਹਾਂ ਕੋਲ ਸਾਂਭੀਆਂ ਪਈਆਂ ਹਨ। ਆਪਣੇ ਸਭਿਆਚਾਰ ਦੇ ਸ਼ੈਦਾਈ, ਬੜੇ ਵੱਡੇ ਕਲਾ ਪਾਰਖੂ ਅੱਜ-ਕੱਲ੍ਹ ਨਿਊ ਜੈਰਿਸੀ ਅਮਰੀਕਾ ਵਿਖੇ ਰਹਿ ਰਹੇ ਹਨ। ਪੰਜਾਬ ਦੇ ਸੰਗੀਤ ਬਾਰੇ, ਵਿਰਾਸਤ ਜਾਂ ਵਿਰਾਸਤੀ ਮੇਲਿਆਂ ਬਾਰੇ ਆਪ ਦੇ ਲੇਖ ਦੇਸ਼ਾਂ ਵਿਦੇਸ਼ਾਂ ਦੀਆਂ ਅਖ਼ਬਾਰਾਂ ਵਿਚ ਗਾਹੇ-ਬਗਾਹੇ ਛਪਦੇ ਰਹਿੰਦੇ ਹਨ, ਜਿਹੜੇ ਕਿ ਬੇਹੱਦ ਸਲਾਹੇ ਜਾਂਦੇ ਹਨ।

## ਬਲਕੀਅਤ ਸਿੰਘ

ਸਾਡੇ ਇਕ ਦੋਸਤ ਮਾਸਟਰ ਹਰਚਰਨ ਸਿੰਘ ਪਿੰਡ ਹੀਰਾਂ ਦੇ ਦੱਸਣ ਅਨੁਸਾਰ ਬਲਕੀਅਤ ਸਿੰਘ ਪਿੰਡ ਬਰਵਾਲਾ ਰੀਟਾਇਰਡ ਡ੍ਰਾਫਟਸਮੈਨ, ਜ਼ਿਲਾ ਲੁਧਿਆਣਾ ਕੋਲ ਵੀ ਪੁਰਾਣੇ ਤਵਿਆਂ ਦਾ ਜ਼ਖ਼ੀਰਾ ਹੈ, ਪਰ ਉਹ ਉਨ੍ਹਾਂ ਨੂੰ ਕਿਸੇ ਨੂੰ ਦੱਸਣ ਦਸਾਉਣ ਜਾਂ ਸੁਣਾਉਣ ਦੇ ਹੱਕ ਵਿਚ ਨਹੀਂ। ਉਹ ਅੱਜ-ਕੱਲ੍ਹ ਕਨੇਡਾ ਵਿਚ ਰਹਿ ਰਹੇ ਹਨ।

## ਐੱਮ.ਐੱਸ. ਬਿੰਦਰਾ

ਸ਼ਬਦ ਕੀਰਤਨ ਦੇ ਬੇਹੱਦ ਸ਼ੌਕੀਨ ਸੰਗ੍ਰਹਿਕਾਰ ਜਿਹੜੇ ਕਈ ਸਾਲਾਂ ਤੋਂ ਇਕ ਜ਼ਖ਼ੀਰਾ ਇਕੱਠਾ ਕਰਦੇ ਆ ਰਹੇ ਹਨ। ਉਨ੍ਹਾਂ ਕੋਲ ਵੀ ਕੁਝ ਦੁਰਲੱਭ ਆਵਾਜ਼ਾਂ ਸਾਂਭੀਆਂ ਪਈਆਂ ਹਨ। ਅੱਜ-ਕੱਲ੍ਹ ਗਰੇਟਰ ਕੈਲਾਸ਼ ਪਾਰਟ-1, ਨਵੀਂ ਦਿੱਲੀ ਵਿਖੇ ਰਹਿ ਰਹੇ ਹਨ।

## ਸਾਹਿਬਜ਼ਾਦਾ ਗ਼ੁਲਾਮ ਅਲੀ

ਸਾਡੇ ਇਕ ਪੁਰਾਣੇ ਪਰਮ ਮਿਤ੍ਰ ਪਾਕਿਸਤਾਨ ਦੇ ਗੁਲਾਮ ਅਲੀ ਲਾਹੌਰ ਕੋਲ ਸਾਡੇ ਸ਼ਾਸਤ੍ਰੀ ਅਤੇ ਫੋਕ ਸੰਗੀਤ ਦਾ ਇਕ ਬੜਾ ਵੱਡਾ ਖ਼ਜ਼ਾਨਾ ਸੁਰੱਖਿਅਤ ਹੈ, ਜਿਸ ਵਿਚ ਕਿਸੇ ਸਿੱਖ ਰਾਗੀ ਦੀ ਆਵਾਜ਼ ਤਾਂ ਕੋਈ ਹੈ ਨਹੀਂ, ਪਰ ਹਾਂ, ਡੇਢ ਕੁ ਦਰਜਨ ਪੁਰਾਣੇ ਰਬਾਬੀਆਂ ਦੇ ਤਵੇ ਮੌਜੂਦ ਹਨ।

## ਰਵਿੰਦਰ ਸਿੰਘ ਖਹਿਰਾ

ਰਾਗੀ ਧਰਮ ਸਿੰਘ ਜ਼ਖ਼ਮੀ ਦੇ ਗਰਾਈਂ ਰਵਿੰਦਰ ਸਿੰਘ ਖਹਿਰਾ 1960 ਈ. ਵਿਚ ਯੂ.ਕੇ. ਆਏ। ਪਹਿਲਾਂ ਕੁਝ ਸਾਲ ਗ੍ਰੇਵਜ਼ੈਂਡ ਇਕ ਕਾਗਜ਼ ਮਿੱਲ 'ਚ ਕੰਮ ਕੀਤਾ, ਫਿਰ 1972 ਈ. ਵਿਚ ਇੰਸ਼ੋਰੈਂਸ ਦੇ ਕਾਰੋਬਾਰ 'ਚ ਆ ਕੇ ਬੇਹੱਦ ਨਾਂ ਕਮਾਇਆ। ਮਿੱਠ-ਬੋਲੜੇ, ਮਿਲਾਪੜੇ ਇਹ ਵਿਅਕਤੀ ਭਾਰਤੀ ਭਾਈਚਾਰੇ ਵਿਚ ਬਹੁਤ ਮਕਬੂਲ ਹਨ ਅਤੇ ਅੱਛੇ ਸੰਗੀਤ ਦੇ ਰਸੀਆ ਵੀ। ਇਸ ਵਰ੍ਹੇ ਆਪ ਨੇ ਆਪਣੇ ਸਹਿਯੋਗੀਆਂ ਦੇ ਸਾਥ ਨਾਲ ਇਕ ਬੜਾ ਵੱਡਾ ਕੀਰਤਨ ਦਰਬਾਰ ਕਰਵਾਇਆ ਜਿਹੜਾ ਬਹੁਤ ਕਾਮਯਾਬ ਰਿਹਾ।

## ਕੁਲਦੀਪ ਸਿੰਘ ਤੱਖਰ

"ਓ ਯਾਰ, ਨਰਕ ਦਾ ਤਾਂ ਮੈਨੂੰ ਕੁਝ ਪਤਾ ਨਹੀਂ ਕਿ ਕਿਹੋ ਜਿਹਾ ਹੋਵੇਗਾ, ਪਰ ਦੁਨੀਆਂ 'ਤੇ ਜੇ ਕੋਈ ਸਵਰਗ ਵਰਗੀ ਚੀਜ਼ ਹੈ, ਤਾਂ ਉਹ ਜ਼ਰੂਰ ਕੈਲੇਫ਼ੋਰਨੀਆ ਦੇ ਬਾਗ਼ ਹਨ। ਐਤਕੀਂ ਤਾਂ ਤੂੰ 'ਕੱਲਾ ਆ ਗਿਆ, ਅਗਲੀ ਵੇਰ ਆਪਣੀ ਮਿਸਿਜ਼ ਨੂੰ ਆਪਣੇ ਨਾਲ ਜ਼ਰੂਰ ਲਿਆਵੀਂ ਅਤੇ ਸਾਡੇ ਕੋਲ ਕੁਝ ਹਫ਼ਤੇ ਰਹੀਂ।"

ਕੁਲਦੀਪ ਇਹ ਗੱਲਾਂ ਮੇਰੇ ਨਾਲ ਅਕਤੂਬਰ 1996 'ਚ ਕਰ ਰਿਹਾ ਸੀ, ਜਦ ਮੈਂ ਓਥੇ ਤੀਜੇ ਇੰਟਰਨੈਸ਼ਨਲ ਕਬੱਡੀ ਟੂਰਨਾਮੈਂਟ ਦੇਖਣ ਲਈ ਇਕ ਵਿਸ਼ੇਸ਼ ਸੱਦੇ 'ਤੇ ਕੈਲੇਫ਼ੋਰਨੀਆ ਗਿਆ ਹੋਇਆ ਸਾਂ।

ਇਸ ਦਾ ਜਨਮ ਮਿੰਟਗੁਮਰੀ ਜ਼ਿਲ੍ਹੇ ਦੇ ਇਕ ਪਿੰਡ ਚੱਕ ਨੰਬਰ 57/4-ਆਰ ਵਿਚ ਹੋਇਆ, ਜਿਸਨੂੰ ਅੱਜ-ਕੱਲ੍ਹ ਸਾਹੀਵਾਲ ਆਖਦੇ ਹਨ। ਇਹ ਪਿੰਡ ਸਾਹੀਵਾਲ ਤੋਂ ਲਾਹੌਰ ਜਾਂਦਿਆਂ ਹੋਇਆਂ ਕਾਦਰਾਬਾਦ ਸਟੇਸ਼ਨ ਦੇ ਨੇੜੇ ਹੈ ਅਤੇ ਇਸਦੇ ਕੋਲੋਂ ਪੰਜਾਬ ਦੀ ਸਭ ਤੋਂ ਵੱਡੀ ਨਹਿਰ ਲੋਅਰ ਬਾਰੀ ਦੁਆਬ ਲੰਘਦੀ ਹੈ। ਦੇਸ਼ ਦੀ ਵੰਡ ਉਪਰੰਤ ਇਨ੍ਹਾਂ ਦਾ ਪਰਿਵਾਰ ਇੰਡੀਆ ਆ ਗਿਆ। ਕੁਲਦੀਪ 1962 ਈ. 'ਚ ਯੂ.ਕੇ. ਆ ਗਿਆ ਅਤੇ ਦੋ ਕੁ ਦਹਾਕੇ ਏਥੇ ਰਹਿ ਕੇ ਅਮਰੀਕਾ ਚਲਾ ਗਿਆ। ਸਾਫ਼-ਸੁਥਰੇ ਸੰਗੀਤ ਦਾ ਬੇਹੱਦ ਸ਼ੌਕੀ ਏ, ਭਾਵੇਂ ਗ਼ੈਰ-ਦੇਸੀ ਹੀ ਹੋਵੇ। ਕੱਵਾਲੀ ਦੇ ਤਵਿਆਂ, ਕੈਸਟਾਂ ਦੀ ਸਭ ਤੋਂ ਵੱਧ ਰੀਕਾਰਡਿੰਗ ਸ਼ਾਇਦ ਓਸੇ ਕੋਲ ਹੀ ਏ। ਯਾਰਾਂ ਦਾ ਯਾਰ ਇਹ ਵਿਅਕਤੀ ਪਹਿਲਾਂ ਸਟੌਕਟਨ (ਕੈਲੇਫੋਰਨੀਆ) ਰਹਿੰਦਾ ਸੀ, ਹੁਣ ਰੱਬ ਜਾਣੇ!

## ਬਲਬੀਰ ਸਿੰਘ ਕੰਵਲ

ਇਕ ਉਮਰ ਲਾ ਕੇ ਆਪਣੇ ਸ਼ਾਸਤ੍ਰੀ ਸੰਗੀਤ ਨਾਲ ਸੰਬੰਧਤ ਅਤੇ ਪੰਜਾਬੀ ਲੋਕ ਸੰਗੀਤ ਦੇ ਕੋਈ ਦੋ ਹਜ਼ਾਰ ਦੇ ਕਰੀਬ ਪੁਰਾਣੇ ਤਵੇ ਇਕੱਠੇ ਕੀਤੇ ਸਨ। ਉਨ੍ਹਾਂ ਵਿੱਚੋਂ ਥੋੜ੍ਹੇ ਜਿਹੇ ਗੁਰਮਤਿ ਸੰਗੀਤ ਨਾਲ ਵੀ ਸੰਬੰਧਤ ਸਨ, ਪਰ ਅਫ਼ਸੋਸ! ਕਿ ਉਮਰ ਭਰ ਦੇ ਇਕ ਜਿਗਰੀ ਦੋਸਤ ਦੀ ਮੌਤ ਉਪਰੰਤ ਉਨ੍ਹਾਂ ਦਾ ਪਰਿਵਾਰ ਲੋਭ-ਵੱਸ ਹੋ ਕੇ, ਨਾਗ ਵਾਂਗ ਉਨ੍ਹਾਂ 'ਤੇ ਕੁੰਡਲ-ਨੁਮਾ ਕਬਜ਼ਾ ਜਮਾ ਬੈਠਾ। ਯਾਰ-ਮਾਰੀ ਦੇ ਐਸੇ ਸ਼ਿਕਾਰ ਹੋਏ ਕਿ ਸਾਰੀ ਸਮਗਰੀ ਨੂੰ ਯਾਦ ਕਰ ਕੇ ਕਲੇਜਾ ਮੂੰਹ ਨੂੰ ਆਉਂਦਾ ਹੈ। ਤਾਂ ਵੀ ਪੰਜਾਬ ਭਰ ਦੇ ਇਕ ਹਲਕੇ ਨੂੰ ਪਤਾ ਹੈ ਕਿ ਇਹ ਦੁਰਲੱਭ ਸੰਗ੍ਰਹਿ 'ਕੰਵਲ' ਦੀਆਂ ਸਿਰਤੋੜ ਕੋਸ਼ਿਸ਼ਾਂ ਦਾ ਨਤੀਜਾ ਸੀ। ਕਿਥੇ 'ਲਗੌਜੇ' ਸੁਣਨ ਵਾਲੇ ਲੋਕ ਅਤੇ ਕਿਥੇ ਸ਼ਾਸਤ੍ਰੀ ਸੰਗੀਤ ਦੇ ਸ਼ੈਦਾਈ!

### ਪੁਰਾਣੇ ਤਵਿਆਂ ਦਾ ਖ਼ਜ਼ਾਨਾ

ਦਿੱਲੀ ਇਹ ਇਕ ਬਹੁਤ ਪੁਰਾਣੀ ਦੁਕਾਨ ਹੈ, ਜਿਥੇ ਪੁਰਾਤਨ ਤਵਿਆਂ ਦਾ ਖ਼ਜ਼ਾਨਾ ਸਾਂਭਿਆ ਪਿਆ ਹੈ। ਬੜੀ ਗੱਲ ਨਹੀਂ ਕਿ ਉਥੋਂ ਕਦੇ ਕਦਾਈਂ ਤੁਹਾਡੇ ਕੰਮ ਦੀ, ਤੁਹਾਡੇ ਸ਼ੌਕ ਦੀ ਵੀ ਤੁਹਾਨੂੰ ਕੋਈ ਚੀਜ਼ ਮਿਲ ਜਾਏ। ਉਸ ਦਾ ਪਤਾ ਇਹ ਹੈ:

**ਸੱਯਦ ਅਕਬਰ ਸ਼ਾਹ, ਦੁਕਾਨ ਨੰ: 256,**
**ਮੀਨਾ ਬਜ਼ਾਰ, ਨੇੜੇ ਜਾਮਾ ਮਸਜਿਦ, ਦਿੱਲੀ**

# ਇੰਟਰਨੈਸ਼ਨਲ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੋਸਾਇਟੀ, ਫ਼ਿਰੋਜ਼ਪੁਰ

ਫ਼ਿਰੋਜ਼ਪੁਰ, ਕਹਿਣੇ ਨੂੰ ਹੀ ਪੰਜਾਬ ਦਾ ਇਕ ਛੋਟਾ ਜਿਹਾ ਸਰਹੱਦੀ ਸ਼ਹਿਰ ਹੈ, ਪਰ ਮੁੱਢ ਕਦੀਮ ਤੋਂ ਹੀ ਇਸਦਾ ਸੰਗੀਤਕ ਵਿਰਸਾ ਬੜਾ ਅਮੀਰ ਰਿਹਾ ਹੈ। 1901 ਈ. ਵਿਚ ਜਦ ਹੀ ਗ੍ਰਾਮੋਫੋਨ ਵਾਜਾ ਈਜਾਦ ਹੋਇਆ, ਇਸ ਸ਼ਹਿਰ ਦੇ ਹੀ ਇਕ ਕਲਾਕਾਰ ਰਾਏ ਬਹਾਦਰ ਬਖਸ਼ੀ ਰਾਮ ਸਿੰਘ ਦੀ ਇਹ ਡਿਊਟੀ ਲਾਈ ਗਈ ਕਿ ਉਹ ਗ੍ਰਾਮੋਫ਼ੋਨ ਕੰਪਨੀ ਆਫ਼ ਇੰਡੀਆ ਵਾਸਤੇ ਪੰਜਾਬ ਭਰ ਦੇ ਵੱਡੇ ਵੱਡੇ ਕੁਝ ਕਲਾਕਾਰਾਂ ਦੀਆਂ ਆਵਾਜ਼ਾਂ ਰੀਕਾਰਡ ਕਰਵਾਏ। ਉਸ ਕਲਾਕਾਰ ਬਾਰੇ ਭਾਵੇਂ ਸਾਨੂੰ ਬਹੁਤ ਜਾਣਕਾਰੀ ਨਹੀਂ ਮਿਲਦੀ, ਪਰ ਏਨਾ ਜ਼ਰੂਰ ਹੈ ਕਿ ਉਹ ਇਕ ਪ੍ਰਸਿੱਧ ਬੰਸਰੀ ਵਾਦਕ ਸੀ ਜਿਸ ਨੇ 1907-1908 ਈ. ਵਿਚ ਭੂਪ ਕਲਿਆਣ ਤਿਤਾਲਾ ਅਤੇ ਬਿਹਾਗ ਦੇ ਆਪਣੇ ਦੋ ਤਵੇ ਵੀ ਭਰਵਾਏ ਸਨ, ਜਿਨ੍ਹਾਂ ਦੇ ਨੰਬਰ ਸਨ : 4211e-19385 ਅਤੇ 19386। ਅੱਜ ਦੇ ਦੌਰ ਵਿਚ, ਏਸੇ ਹੀ ਸ਼ਹਿਰ ਦੇ ਸ. ਹਰਪਾਲ ਸਿੰਘ ਭੁੱਲਰ ਇਕ ਅਜਿਹੇ ਵਿਅਕਤੀ ਦਾ ਨਾਮ ਹੈ, ਜਿਸਨੂੰ ਆਉਣ ਵਾਲੀਆਂ ਨਸਲਾਂ ਲੰਮੇ ਸਮੇਂ ਤਕ ਯਾਦ ਕਰਦੀਆਂ ਰਹਿਣਗੀਆਂ। ਆਪ ਇੰਟਰਨੈਸ਼ਨਲ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੋਸਾਇਟੀ, ਫ਼ਿਰੋਜ਼ਪੁਰ ਦੇ ਪ੍ਰਧਾਨ ਹਨ ਅਤੇ 1993 ਈ. ਤੋਂ ਲੈ ਕੇ ਹੁਣ ਤਕ ਬੜੇ ਵਿਸ਼ਾਲ ਪੱਧਰ 'ਤੇ ਕੀਰਤਨ-ਦਰਬਾਰ ਕਰਵਾ ਕੇ ਸਿੱਖ ਜਗਤ ਲਈ ਉਹ ਕੰਮ ਕਰ ਚੁੱਕੇ ਹਨ ਜਿਹੜਾ ਕਿ ਹੁਣ ਤਕ ਦੇਸ਼ ਭਰ ਦੀਆਂ ਕਹਿੰਦੀਆਂ ਕਹਾਉਂਦੀਆਂ ਜਥੇਬੰਦੀਆਂ ਵੀ ਨਹੀਂ ਕਰ ਸਕੀਆਂ।

ਗੌਰਵਮਈ, ਮਾਣਮੱਤੀ ਇਸ ਸ਼ਖ਼ਸੀਅਤ ਦਾ ਜਨਮ 9 ਅਪ੍ਰੈਲ, 1950 ਨੂੰ ਸਰਦਾਰ ਕਰਮ ਸਿੰਘ ਜੀ ਦੇ ਘਰ ਫ਼ਿਰੋਜ਼ਪੁਰ ਵਿਖੇ ਹੋਇਆ। ਮੁੱਢ ਤੋਂ ਹੀ ਆਪ ਧਾਰਮਿਕ ਰੁਚੀਆਂ ਦੇ ਸੁਆਮੀ ਸਨ, ਇਸ ਲਈ ਸਭ ਤੋਂ ਪਹਿਲਾਂ ਇਨ੍ਹਾਂ ਨੇ ਸਿੱਖ ਨੌਜਵਾਨ ਸਭਾ ਬਣਾਈ, ਪਿੱਛੋਂ 1969 ਈ. ਵਿਚ ਜਦੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 500 ਸਾਲਾ ਪ੍ਰਕਾਸ਼ ਦਿਹਾੜੇ ਮੌਕੇ ਫ਼ਿਰੋਜ਼ਪੁਰ-ਕਸੂਰ ਸਰਹੱਦ ਰਾਹੀਂ ਪਾਕਿਸਤਾਨ ਗਏ ਤਾਂ ਨਨਕਾਣਾ ਸਾਹਿਬ ਵਿਖੇ ਮੁਸਲਮਾਨ ਰਬਾਬੀਆਂ ਦਾ ਕੀਰਤਨ ਸੁਣ ਕੇ ਐਨਾ ਪ੍ਰਭਾਵਿਤ ਹੋਏ ਕਿ ਏਧਰ ਵਾਪਸ ਪਰਤ ਕੇ ਇਨ੍ਹਾਂ ਨੇ ਇੰਟਰਨੈਸ਼ਨਲ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੋਸਾਇਟੀ ਦੀ ਸਿਰਜਨਾ ਕੀਤੀ। ਇਸ ਸੰਸਥਾ ਦੇ ਆਪ ਪ੍ਰਧਾਨ ਹਨ, ਜਦ ਕਿ ਮੀਤ ਪ੍ਰਧਾਨ ਸੋਹਣ ਸਿੰਘ, ਜਨਰਲ

 www.sikhbookclub.com

ਸਕੱਤਰ ਗੁਰਦਿਆਲ ਸਿੰਘ ਵਿਰਕ ਅਤੇ ਹਰਜੀਤ ਸਿੰਘ ਆਦਿ ਹਨ। ਦੇਸ਼ ਭਰ 'ਚੋਂ ਚੰਗੇ ਤੋਂ ਚੰਗੇ ਰਾਗੀਆਂ, ਬਲਕਿ ਪਾਕਿਸਤਾਨ ਵੱਸਦੇ ਰਬਾਬੀਆਂ ਨੂੰ ਵੀ ਨਿਮੰਤਰਤ ਕਰ ਕੇ, ਵਿਸ਼ਾਲ ਪੱਧਰ 'ਤੇ ਕੀਰਤਨ ਦਰਬਾਰ ਕਰਵਾਉਣੇ ਇਨ੍ਹਾਂ ਦਾ ਟੀਚਾ ਹੈ। ਕੇਵਲ ਏਨਾ ਹੀ ਨਹੀਂ, ਬਤੌਰ ਚੇਅਰਮੈਨ 'ਇੰਡੋ-ਪਾਕ ਪੀਸ ਐਂਡ ਫ਼ਰੈਂਡਸ਼ਿਪ ਸੋਸਾਇਟੀ' ਹਿੰਦ-ਪਾਕ ਵਿਚਕਾਰ ਸਦਭਾਵਨਾ ਅਤੇ ਦੋਸਤੀ ਨੂੰ ਵਧਾਉਣ ਖ਼ਾਤਰ ਗਾਹੇ-ਬਗਾਹੇ ਆਪ ਕਾਫ਼ੀ ਉਪਰਾਲੇ ਕਰਦੇ ਰਹਿੰਦੇ ਹਨ। ਖ਼ੁਸ਼ੀ ਦੀ ਗੱਲ ਹੈ ਕਿ ਆਪ ਦਾ ਇਕ ਸੂਝਵਾਨ ਬੇਟਾ ਜਗਜੀਤ ਸਿੰਘ ਭੁੱਲਰ ਜਿਸਨੇ ਐਮ.ਏ. (ਅੰਗਰੇਜ਼ੀ) ਕੀਤੀ ਹੋਈ ਹੈ, ਸਿੱਖ ਵਿਰਾਸਤ ਨੂੰ ਫੈਲਣ ਫੈਲਾਉਣ ਲਈ ਐਨਾ ਲਾਉਬਾਲੀਪਨ ਰੱਖਦਾ ਹੈ ਕਿ ਉਸ ਨਾਲ ਗੱਲਬਾਤ ਕਰ ਕੇ ਰੂਹ ਨਸ਼ਿਆ ਜਾਂਦੀ ਹੈ। 'ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਉਹ ਕਰ ਆਰਾਮ ਨਹੀਂ ਬਹਿੰਦੇ' ਵਾਲੀ ਗੱਲ। ਸਿੱਖ ਜਗਤ ਨੂੰ ਇਸ ਨੌਜਵਾਨ 'ਤੇ ਵੀ ਬੜੀਆਂ ਆਸਾਂ ਹਨ! ਸਰਹੱਦੀ ਸ਼ਹਿਰ ਬਗਦਾਦੀ ਗੇਟ ਦੇ ਨੇੜੇ ਇਸ ਪਰਿਵਾਰ ਦਾ ਛੋਟਾ ਜਿਹਾ ਆਪਣਾ ਕਾਰੋਬਾਰ ਹੈ, ਪਰ ਮਨਸੂਬੇ ਵੱਡੇ। ਪੰਥ ਹਿਤੈਸ਼ੀ ਪਿਤਾ ਅਤੇ ਉਨ੍ਹਾਂ ਦਾ ਲਾਡਲਾ ਬੇਟਾ ਸਿੱਖੀ ਨਾਲ ਸੰਬੰਧਤ ਵਿਸ਼ਿਆਂ 'ਤੇ ਗਾਹੇ-ਬਗਾਹੇ ਆਪਣੇ ਲੇਖ ਵੱਖ-ਵੱਖ ਅਖ਼ਬਾਰਾਂ ਰਸਾਲਿਆਂ ਲਈ ਲਿਖਦਾ ਰਹਿੰਦਾ ਹੈ, ਜਿਹੜੇ ਪਾਠਕਾਂ ਵੱਲੋਂ ਕਾਫ਼ੀ ਸਲਾਹੇ ਜਾਂਦੇ ਹਨ।

SIKHBOOKCLUB.COM

# ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ, ਲੁਧਿਆਣਾ

ਪੰਜਾਬ ਦੇ ਮਾਨਚੈਸਟਰ ਅਖਵਾਏ ਜਾਣ ਵਾਲੇ ਸ਼ਹਿਰ ਲੁਧਿਆਣਾ ਦੀ ਜੂਹ ਵਿਚ ਘੁੱਗ ਵੱਸਦਾ ਇਕ ਇਤਿਹਾਸਕ ਪਿੰਡ ਜਵੱਦੀ, ਜਿਸਦੀ ਮੋੜ੍ਹੀ, ਦੱਸਦੇ ਹਨ ਕਿ ਏਥੋਂ ਦੇ ਭਾਈ ਜਵੰਦ (ਜਾਂ ਜਵੱਦ) ਜੀ ਨੇ ਗੱਡੀ ਸੀ, ਜਿਹੜੇ ਕਿ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਅਨਿੰਨ ਸੇਵਕ ਸਨ। ਇਸ ਪਿੰਡ ਨੂੰ ਛੇਵੀਂ ਪਾਤਸ਼ਾਹੀ ਦੇ ਚਰਨਾਂ ਦੀ ਛੋਹ ਪ੍ਰਾਪਤ ਕਰਨ ਦਾ ਸ਼ਰਫ਼ ਹਾਸਲ ਹੈ ਤੇ ਅੱਜ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼—ਜਵੱਦੀ ਟਕਸਾਲ—ਸੰਸਥਾ 'ਵਿਸਮਾਦੁ ਨਾਦ' ਗੁਰਮਤਿ ਸੰਗੀਤ ਦੀ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਦੀ ਪੁਰਾਣੀ ਪਰੰਪਰਾ ਨੂੰ ਸੁਰਜੀਤ ਕਰਨ ਲਈ ਜਿਹੜੇ ਉਪਰਾਲੇ ਕਰ ਰਹੀ ਹੈ, ਉਹ ਬੇਮਿਸਾਲ ਹਨ। ਇਸਦਾ ਸੁਪਨਾ ਕਦੇ ਇਸਦੇ ਸੰਚਾਲਕ ਸੰਤ ਬਾਬਾ ਸੁੱਚਾ ਸਿੰਘ ਜੀ (1948-2001 ਈ.) ਨੇ ਲਿਆ ਸੀ, ਜਿਹੜੇ ਕਿ ਬਲਾਚੌਰ ਨੇੜੇ ਪੈਂਦੇ ਇਕ ਪਿੰਡ ਜਮੀਅਤਗੜ੍ਹ, ਜ਼ਿਲ੍ਹਾ ਹੁਸ਼ਿਆਰਪੁਰ ਦੇ ਜੰਮਪਲ ਸਨ। ਉਨ੍ਹਾਂ ਦੇ ਵਡੇਰਿਆਂ ਨੇ ਕਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤਪਾਨ ਕੀਤਾ ਸੀ। ਇਹ ਆਪ ਦੀ ਦੂਰਦਰਸ਼ੀ ਦਾ ਹੀ ਸਿੱਟਾ ਸੀ ਕਿ ਇਹ ਮਹਾਨ ਸੰਸਥਾ 1991 ਈ. ਵਿਚ ਹੋਂਦ ਵਿਚ ਆਈ ਅਤੇ ਉਸ ਪਿੱਛੋਂ ਤਾਂ ਫਿਰ ਚੱਲ ਸੋ ਚੱਲ। ਗੁਰਮਤਿ ਸੰਗੀਤ ਦੀ ਪਰੰਪਰਾ ਅਨੁਸਾਰ ਨਿਰਧਾਰਿਤ ਰਾਗਾਂ ਵਿਚ ਕੀਰਤਨ ਕਰਨ ਕਰਵਾਉਣ ਲਈ ਬੜੇ-ਬੜੇ ਪ੍ਰੋਗਰਾਮ ਉਲੀਕੇ ਗਏ, ਜਿਹੜੇ ਗੁਰੂ ਮਹਾਰਾਜ ਜੀ ਦੀਆਂ ਅਸੀਸਾਂ ਸਦਕਾ ਨੇਪਰੇ ਚੜ੍ਹ ਗਏ। 1992 ਈ. ਵਿਚ 31 ਮਿਸ਼ਰਤ ਰਾਗਾਂ ਦੇ ਨਾਲ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਲੋਕ-ਧੁਨਾਂ ਦਾ ਗਾਇਨ ਵੀ ਕਰਵਾਇਆ ਗਿਆ। ਰਾਗ ਨਿਰਣਾਇਕ ਕਮੇਟੀ ਬਣਾ ਕੇ ਸੁਯੋਗ ਅਗਵਾਈ ਲਈ ਦੇਸ਼ ਭਰ ਦੇ ਮੰਨੇ-ਪ੍ਰਮੰਨੇ ਗਾਇਕ ਪੰਡਿਤ ਦਲੀਪ ਚੰਦਰ ਬੇਦੀ ਜੀ ਦੀਆਂ ਸੇਵਾਵਾਂ ਵੀ ਪ੍ਰਾਪਤ ਕੀਤੀਆਂ ਗਈਆਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਸ਼ੁੱਧ ਰਾਗਾਂ ਦੇ ਸਰੂਪ 16 ਆਡੀਓ ਕੈਸਟਾਂ ਦੇ ਸੈੱਟ ਰਾਹੀਂ ਸੰਭਾਲੇ ਗਏ। ਪ੍ਰਚਾਰ ਪ੍ਰਸਾਰ ਲਈ ਵੀਡੀਓ ਕੈਸਟਾਂ ਰਾਹੀਂ ਵੀ ਇਨ੍ਹਾਂ ਦੇ ਸੰਖੇਪ ਰੂਪ ਵੀ ਤਿਆਰ ਕਰਵਾਏ ਗਏ ਜਿਹੜੇ ਕਿ ਬੇਹੱਦ ਮਕਬੂਲ ਹੋਏ। ਖ਼ੁਸ਼ੀ ਦੀ ਗੱਲ ਹੈ ਕਿ ਇਹ ਗੁਰਮਤਿ ਸੰਗੀਤ ਸਾਡੇ ਗੁਆਂਢੀ ਅਤੇ ਪਰਮ ਮਿੱਤਰ ਡਾ. ਰਘਬੀਰ ਸਿੰਘ ਬੈਂਸ ਵੱਲੋਂ ਤਿਆਰ ਕੀਤੇ ਗਏ *ਇਨਸਾਈਕਲੋਪੀਡੀਆ ਆਫ਼ ਸਿਖਿਜ਼ਮ* ਵਿਚ ਵੀ ਉਪਲਬਧ ਹੈ।

 www.sikhbookclub.com

ਸੰਤ ਬਾਬਾ ਸੁੱਚਾ ਸਿੰਘ ਜੀ 4 ਜਨਵਰੀ, 2001 ਨੂੰ ਜਦੋਂ ਅਚਾਨਕ ਚੜ੍ਹਾਈ ਕਰ ਗਏ, ਤਾਂ ਗੁਰਮਤਿ ਸੰਗੀਤ ਨਾਲ ਪਿਆਰ ਕਰਨ ਵਾਲੀਆਂ ਸੰਗਤਾਂ ਨੂੰ ਇਕ ਬੜਾ ਵੱਡਾ ਧੱਕਾ ਲੱਗਾ। ਹੁਣ ਉਨ੍ਹਾਂ ਦੀ ਥਾਂ ਸੰਤ ਗਿਆਨੀ ਅਮੀਰ ਸਿੰਘ ਜੀ ਉਨ੍ਹਾਂ ਦੇ ਛੋਹੇ ਹੋਏ ਮਹਾਨ ਕਾਰਜਾਂ ਨੂੰ ਅੱਗੇ ਚਲਾ ਰਹੇ ਹਨ। ਉਨ੍ਹਾਂ ਦੇ ਨਾਲ ਕੁਝ ਵਿਅਕਤੀ ਜਿਹੜੇ ਆਪਣਾ ਪੂਰਾ ਤਾਣ ਲਾ ਕੇ ਉਨ੍ਹਾਂ ਨੂੰ ਸਹਿਯੋਗ ਦੇ ਰਹੇ ਹਨ, ਉਹ ਹਨ: ਭਾਈ ਸੋਹਨ ਸਿੰਘ, ਭਾਈ ਖ਼ੁਸ਼ਵੰਤ ਸਿੰਘ (ਪ੍ਰਿੰਸੀਪਲ, ਗੁਰਸ਼ਬਦ ਸੰਗੀਤ ਅਕੈਡਮੀ), ਭਾਈ ਕੁਲਦੀਪ ਸਿੰਘ, ਭਾਈ ਸਾਧੂ ਸਿੰਘ ਅਤੇ ਭਾਈ ਜਸਪਾਲ ਸਿੰਘ ਆਦਿ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਡਾ. ਜਸਵੀਰ ਕੌਰ ਦਾ ਸਹਿਯੋਗ ਵੀ ਆਪ ਦੇ ਨਾਲ ਹੈ। ਲੇਖਕ ਨੂੰ ਇਨ੍ਹਾਂ ਦੇ ਇਸ ਸਾਲ ਦੇ ਚੌਧਵੇਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ। ਓਥੇ ਪੁੱਜਦਿਆਂ ਹੀ ਪਤਾ ਲੱਗਾ ਕਿ ਏਥੇ ਤਾਂ ਗੱਲ ਹੀ ਕੁਝ ਹੋਰ ਹੈ। ਆਲੇ-ਦੁਆਲੇ ਦਾ ਸਮੂਹ ਵਾਤਾਵਰਣ ਰਾਗ-ਰੰਗ ਵਿਚ ਹੀ ਰੰਗਿਆ ਪਿਆ ਸੀ।

 www.sikhbookclub.com

# ਭੈਣੀ : ਰਾਗ ਦੀ ਤ੍ਰਿਵੇਣੀ



ਨਾਮਧਾਰੀ ਮੁਖੀ
ਸੰਤ ਬਾਬਾ ਜਗਜੀਤ ਸਿੰਘ ਜੀ

ਨਾਮਧਾਰੀ ਸੰਪਰਦਾ ਮੁੱਢ ਕਦੀਮ ਤੋਂ ਬਾਣੀ, ਬਾਣੇ ਅਤੇ ਤੰਤੀ ਸਾਜ਼ਾਂ ਨਾਲ ਜੁੜੀ ਹੋਈ ਹੈ। ਜਿਥੇ ਇਨ੍ਹਾ ਦੀ ਦੇਣ ਦੇਸ਼ ਦੀ ਆਜ਼ਾਦੀ ਲਈ ਬੜੀ ਤਕੜੀ ਹੈ, ਓਥੇ ਇਨ੍ਹਾਂ ਨੇ ਗੁਰੂ ਸਾਹਿਬਾਨ ਵਲੋਂ ਚਲਾਈ ਗਈ ਨਿਰਧਾਰਤ ਰਾਗਾਂ ਵਿਚ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਦੀ ਸ਼ੈਲੀ ਅਤੇ ਪ੍ਰੰਪਰਾ ਨੂੰ ਵੀ ਕਾਇਮ ਰੱਖਿਆ ਹੈ। ਬ੍ਰਹਮ ਗਿਆਨੀ ਬਾਬਾ ਪ੍ਰਤਾਪ ਸਿੰਘ ਜੀ ਜਿਥੇ ਸੰਗੀਤ ਦੇ ਬੜੇ ਵੱਡੇ ਪਾਰਖੂ ਅਤੇ ਕਦਰਦਾਨ ਸਨ, ਓਥੇ ਉਨ੍ਹਾਂ ਦੇ ਸਾਹਿਬਜ਼ਾਦਿਆਂ ਬਾਬਾ ਜਗਜੀਤ ਸਿੰਘ ਅਤੇ ਮਹਾਰਾਜ ਬੀਰ ਸਿੰਘ ਨੇ ਦੇਸ਼ ਦੇ ਵੱਡੇ ਵੱਡੇ ਉਸਤਾਦਾਂ ਕੋਲੋਂ ਤਾਲੀਮ ਲਈ ਅਤੇ ਅਗਾਂਹ ਇਸ ਤੋਰੇ ਨੂੰ ਚੱਲਦੇ ਰੱਖਿਆ। ਇਸ ਸੰਪਰਦਾ ਨੇ ਸੰਤ ਦਰਸ਼ਨ ਸਿੰਘ ਖਜ਼ਾਨ ਸਿੰਘ ਵਰਗੇ ਸਿਆਣੇ ਰਾਗੀ ਵੀ ਪੈਦਾ ਕੀਤੇ। ਮਹਿੰਦਰ ਸਿੰਘ 'ਠੁਮਰੀ' ਅੰਮ੍ਰਿਤਸਰ ਵਰਗੇ ਪੁਰਜੋਸ਼ ਗਾਇਕ ਵੀ ਇਨ੍ਹਾਂ ਦੇ ਬੱਚਿਆਂ ਨੂੰ ਤਾਲੀਮ ਦਿੰਦੇ ਰਹੇ। ਸਹੀ ਅਰਥਾਂ ਵਿਚ ਭੈਣੀ–ਰਾਗ ਦੀ ਅਜਿਹੀ ਤ੍ਰਿਵੇਣੀ ਹੈ ਜਿਥੇ ਗੁਰਮਤਿ ਅਤੇ ਸ਼ਾਸਤ੍ਰੀ ਸੰਗੀਤ ਦਾ ਪਰਵਾਹ ਚੱਲਦਾ ਰਹਿੰਦਾ ਹੈ। ਅਸੀਂ ਇਹ ਲੇਖ, ਇਸ ਦਰਬਾਰ ਨੂੰ ਸਮਰਪਿਤ ਕਰਦੇ ਹੋਏ, ਅਕੀਦਤ ਵਜੋਂ ਇਸ ਨੂੰ ਛਾਪਣ ਦੀ ਖ਼ੁਸ਼ੀ ਲੈ ਰਹੇ ਹਾਂ।

ਹਿੰਦੁਸਤਾਨੀ ਸ਼ਾਸਤ੍ਰੀ ਸੰਗੀਤ ਦਾ ਇਤਿਹਾਸ ਬੜਾ ਵਚਿੱਤਰ ਹੈ। ਇਸਦੇ ਅਨੇਕ ਘਰਾਣਿਆਂ ਨੇ ਸਮੇਂ ਸਮੇਂ ਸਿਰ ਕੁਝ ਅਜਿਹੇ ਉਸਤਾਦਾਂ ਨੂੰ ਜਨਮ ਦਿੱਤਾ ਜਿਨ੍ਹਾ ਦਾ ਸਾਰੀ ਦੁਨੀਆ ਵਿਚ ਕੋਈ ਮੁਕਾਬਲਾ ਹੀ ਨਹੀਂ ਸੀ। ਪੰਝੱਤਰ ਸਾਲ ਦੀ ਵੱਡੀ ਉਮਰ ਵਿਚ ਵੀ ਕੁਦਰਤ ਅੱਲਾ ਖਾਂ ਦੀ ਦਰੁੱਤ ਤਾਨ ਵੀ, ਉਸਦੀ ਜੁਆਨੀ ਦਾ ਪਤਾ ਦਿੰਦੀ ਰਹੀ। ਸੌ ਵਰ੍ਹਿਆਂ ਦੀ ਬੁੱਢੀ ਉਮਰ ਵਿਚ ਧਰੁੱਪਦ ਗਾਇਕ ਕਰਾਮਤ ਖ਼ਾਂ ਜੈਪੁਰੀ ਨੇ ਰਾਗ ਆਸਾਵਰੀ ਨੂੰ ਅਲਾਪਦਿਆਂ, "ਧੈਵਤ" ਨੂੰ ਪੁਰਜੋਸ਼ ਢੰਗ ਨਾਲ ਕੀ ਹਿਲਾਇਆ ਕਿ ਦਿਲ ਹਿੱਲ ਗਿਆ। ਸੁਣਦਿਆਂ ਸਾਰ, ਅੱਖੀਆਂ 'ਚੋਂ ਆਪ-ਮੁਹਾਰੇ ਹੰਝੂ ਵਹਿ ਤੁਰੇ। ਨੱਬੇ ਸਾਲ ਦੀ ਵਡੇਰੀ ਉਮਰ ਵਿਚ ਆਗਰਾ ਘਰਾਣੇ ਦੇ ਪ੍ਰਸਿੱਧ ਉਸਤਾਦ ਮੀਆਂ ਗੁਲਾਮ ਅੱਬਾਸ ਖ਼ਾਂ ਸਾਹਿਬ ਨੇ, "ਨੇਵਰ ਕੀ ਝਨਕਾਰ"



ਨਾਮਧਾਰੀ ਬਾਬਾ ਸ੍ਰੀ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਰਾਗੀ ਭਾਈ ਕਾਲੂ, ਉਨ੍ਹਾਂ ਦੇ ਭਤੀਜੇ ਭਾਈ ਸੁੰਦਰ ਵਾਜੇ ਵਾਲੇ, ਭਾਈ ਸੰਦਲ ਜੋੜੀ ਵਾਲੇ ਅਤੇ ਮਰੂ,
ਸੰਤ ਲਾਲ ਜੀ ਕੂਕੇ ਗਿੱਲਾਂ ਵਾਲਿਆਂ ਸਮੇਤ ਕੀਰਤਨ ਕਰਦੇ ਹੋਏ। ਨਾਰੋਵਾਲ (ਸਿਆਲਕੋਟ) ਦਰਪ ਦੇ ਇਲਾਕੇ ਦਾ ਇਹ ਜਥਾ ਆਪਣੇ ਸਮਿਆਂ 'ਚ ਕਾਫ਼ੀ ਮਸ਼ਹੂਰ ਸੀ।


www.sikhbookclub.com

ਪੂਰੀ ਅਸਥਾਈ ਦੋ ਸਾਹਾਂ 'ਚ ਗਾ ਕੇ ਨੌਜਵਾਨ ਗਵੱਈਆਂ ਨੂੰ ਹੈਰਤ ਦੇ ਸਮੁੰਦਰ ਵਿਚ ਗ਼ਰਕ ਕਰ ਦਿੱਤਾ। ਅਲਵਰ ਦੇ ਸੁਪ੍ਰਸਿੱਧ ਧਰੁੱਪਦ ਗਾਇਕ ਅੱਲਾ ਬੰਦੇ ਖ਼ਾਂ (1860-1925 ਈ.) ਨੇ ਇਕ ਵੇਰ ਲਖਨਊ ਵਿਖੇ ਮਾਲਕੌਂਸ ਅਲਾਪਦੇ ਹੋਏ, ਗਮਕ ਦੀਆਂ ਤਾਨਾਂ ਕੁਝ ਅਜਿਹੇ ਢੰਗ ਨਾਲ ਲਈਆਂ ਕਿ ਇੰਜ ਪ੍ਰਤੀਤ ਹੋਣ ਲੱਗਾ ਜਿਵੇਂ ਗਲੇ ਵਿਚ ਉਸਨੇ ਕੋਈ ਵੀਣਾ ਉਤਾਰੀ ਹੋਈ ਹੋਵੇ। ਉਸਦੇ ਪੁੱਤਰ ਨਸੀਰਉਦੀਨ ਖ਼ਾਂ ਦਾ ਵੀ ਏਹੋ ਹਾਲ ਸੀ। ਬੜੌਦਾ ਦੇ ਜਮਾਲ ਖ਼ਾਂ ਅਤੇ ਮੰਗੇਸ਼ ਰਾਓ ਤੇਲੰਗ ਬੁਢਾਪੇ 'ਚ ਵੀ ਵੀਣਾ ਵਜਾਉਣੀ ਸ਼ੁਰੂ ਕਰਦੇ ਤਾਂ ਇੰਜ ਮਲੂਮ ਹੁੰਦਾ ਜਿਵੇਂ ਅਸਮਾਨ 'ਤੇ ਬੱਦਲ ਜਮ੍ਹਾਂ ਹੋ ਕੇ ਹੁਣ ਇਕਦਮ ਝਮ ਝਮ ਵਰ੍ਹਨ ਲੱਗ ਪਏ ਹੋਣ। ਅਮੀਰ ਖ਼ਾਂ ਸਰੋਦ ਨਵਾਜ਼ ਨੇ ਵੀ ਆਪਣੇ ਬੁਢਾਪੇ ਦੇ ਆਲਮ ਵਿਚ ਕੁਝ ਅਜਿਹੀ ਸਰੋਦ ਵਜਾਈ ਕਿ ਦੁਨੀਆਂ ਝੂਮ ਝੂਮ ਉੱਠੀ। ਬਰਕਤ ਅੱਲਾ ਖ਼ਾਂ, ਇਸਮਾਇਲ ਅਤੇ ਭਾਈ ਮਹਿਬੂਬ ਅਲੀ ਉਰਫ਼ ਬੂਬਾ ਰਬਾਬੀ ਵਰਗੇ ਸਿਤਾਰ ਨਵਾਜ਼ ਦੁਬਾਰਾ ਸੁਣਨ ਵਿਚ ਨਹੀਂ ਆਏ। ਇਹ ਸਭ ਲੋਕ, ਜਿੰਨੇ ਤਿਆਰ ਸਨ, ਓਨੇ ਹੀ ਸੁਰੀਲੇ ਵੀ, ਰਾਗ ਅਤੇ ਤਾਲ ਦੇ ਵੀ ਪੱਕੇ। ਹੱਦੂ ਖ਼ਾਂ ਗਵਾਲੀਅਰ ਦੇ ਬੇਟੇ ਰਹਿਮਤ ਖ਼ਾਂ ਦੀ ਪੰਝੱਤਰ ਸਾਲ ਦੀ ਉਮਰ 'ਚ ਵੀ ਆਵਾਜ਼ ਐਨੀ ਸੁਰੀਲੀ ਸੀ ਕਿ ਸੁਣਨ ਉਪਰੰਤ ਇੰਜ ਪ੍ਰਤੀਤ ਹੁੰਦਾ ਸੀ ਜਿਵੇਂ ਸ਼ਹਿਦ ਵਿਚ ਅੰਗੂਰ ਭਿਗੋਏ ਹੋਏ ਹੋਣ। ਬਾਹਠ ਸਾਲ ਦੀ ਉਮਰ ਵਿਚ, ਉਹ ਵੀ ਲਕਵੇ ਵਰਗੇ ਮੂਜ਼ੀ ਰੋਗ ਦੇ ਹਮਲੇ ਪਿੱਛੋਂ, ਬੜੇ ਗ਼ੁਲਾਮ ਅਲੀ ਖ਼ਾਂ (1901-1968 ਈ.) ਨੇ ਇਕ ਵੇਰ ਜਲੰਧਰ ਦੇ ਸੁਪ੍ਰਸਿੱਧ ਹਰਿਵੱਲਭ ਮੇਲੇ 'ਤੇ ਦੂਜਾ 'ਆਈਟਮ' 'ਕਾ ਕਰੂੰ ਸੱਜਨੀ, ਆਏ ਨਾ ਬਾਲਮ,' ਕੁਝ ਇਸ ਅੰਦਾਜ਼ ਨਾਲ ਪੇਸ਼ ਕੀਤਾ ਕਿ ਸਰੋਤੇ ਝੂਮ ਝੂਮ ਕੇ ਮਤਵਾਲੇ ਮਸਤਾਨੇ ਹੋ ਗਏ।

ਪਰ ਅੱਜ 4-12-1998 ਵਾਲੀ ਸ਼ਾਮ ਲੰਡਨ ਦੇ ਮਹਾਂ ਨਗਰ ਵਿਚ ਵੀ ਸੰਗੀਤ ਦੀ ਇਕ ਯਾਦਗਾਰੀ ਅਤੇ ਇਤਿਹਾਸਕ ਸ਼ਾਮ ਸੀ, ਜਦ ਕਿ ਜਗਤ-ਵਿਖਿਆਤ ਭੈਣੀ ਸਾਹਿਬ ਵਾਲੇ ਬਾਬਾ ਜਗਜੀਤ ਸਿੰਘ ਜੀ ਨੇ ਆਪਣੀ ਅਠੱਤਰ ਸਾਲ ਦੀ ਉਮਰ ਵਿਚ ਸੰਗੀਤ ਦਾ ਇਕ ਲਾਸਾਨੀ ਪ੍ਰੋਗਰਾਮ ਪੇਸ਼ ਕਰ ਕੇ ਯੂ.ਕੇ. ਭਰ ਦੇ ਚੀਦਾ ਚੀਦਾ ਕਲਾ ਪ੍ਰੇਮੀਆਂ ਨੂੰ ਨਿਹਾਲ ਕਰ ਦਿੱਤਾ। ਇਹ ਪ੍ਰੋਗਰਾਮ ਜਿਹੜਾ ਨਾਮਧਾਰੀ ਦਰਬਾਰ ਫ਼ਾਰੈਸਟ ਗੇਟ ਦੇ ਖੱਲੜੇ ਹਾਲ ਵਿਚ ਆਯੋਜਿਤ ਕੀਤਾ ਗਿਆ ਸੀ, ਕਰੀਬਨ ਢਾਈ ਤਿੰਨ ਘੰਟੇ ਲਗਾਤਾਰ ਚੱਲਦਾ ਰਿਹਾ। ਗਿਣਵੇਂ-ਚੁਣਵੇਂ ਸੰਗੀਤ ਰਸੀਆਂ ਤੋਂ ਛੁੱਟ, ਇਸ ਥਾਂ ਭਾਰਤ ਦੇ ਹਾਈ ਕਮਿਸ਼ਨਰ ਵੀ ਪਧਾਰੇ ਹੋਏ ਸਨ।

ਸਭ ਤੋਂ ਪਹਿਲਾਂ ਮਹਾਂਪੁਰਖਾਂ ਦੇ ਹਜ਼ੂਰੀ ਰਾਗੀਆਂ ਮੋਹਨ ਸਿੰਘ, ਸੁਖਦੇਵ ਸਿੰਘ ਅਤੇ ਬਲਵੰਤ ਸਿੰਘ ਦੇ ਜਥੇ ਨੇ ਗਾਇਨ ਸ਼ੁਰੂ ਕਰਨ ਦੀ ਆਗਿਆ ਮੰਗੀ। ਤਬਲੇ 'ਤੇ ਸੰਗਤ ਲਈ ਸੁਖਵਿੰਦਰ ਸਿੰਘ ਪਿੰਕੀ ਵੀ ਉਚੇਚੇ ਤੌਰ 'ਤੇ ਪੁੱਜਿਆ ਹੋਇਆ ਸੀ। ਹਜ਼ੂਰੀ ਰਾਗੀਆਂ ਨੇ ਕੀਰਤਨ ਸ਼ੁਰੂ ਕਰਦਿਆਂ ਆਪਣਾ ਖ਼ੂਬ ਰੰਗ ਬੰਨ੍ਹਿਆ। ਜਥੇ ਦੇ ਆਗੂ ਤਾਂ ਭਾਵੇਂ ਮੋਹਨ ਸਿੰਘ ਸੁਖਦੇਵ ਸਿੰਘ ਸਨ, ਪਰ ਅਠਾਰਾਂ ਸਾਲਾ ਬਲਵੰਤ ਸਿੰਘ ਦੀ ਗੱਦਰ ਅਤੇ ਪਾਟਦਾਰ ਆਵਾਜ਼ ਨੇ ਸਰੋਤਿਆਂ ਨੂੰ ਖ਼ਾਸ ਤੌਰ 'ਤੇ ਪ੍ਰਭਾਵਿਤ ਕੀਤਾ। ਪਿੰਕੀ ਦਾ ਤਬਲੇ 'ਤੇ ਸਾਥ ਵੀ ਸ਼ਾਸਤ੍ਰੀਅਤਾ ਦੇ ਸਾਗਰ ਨੂੰ ਹੋਰ ਵੀ ਸੁਰੰਗੜਾ ਬਣਾ ਰਿਹਾ ਸੀ।


www.sikhbookclub.com

ਜਦ ਨੂੰ ਸੰਗੀਤ ਦੇ ਸ਼ਾਹਸਵਾਰ ਨੇ ਸਟੇਜ ਸੰਭਾਲ ਲਈ ਅਤੇ ਰਸ-ਭਿੰਨੜੇ ਸ਼ਬਦਾਂ ਵਿਚ ਨਾਂ-ਮਾਤਰ ਜਿਹਾ ਆਪਣੇ ਪਿਛੋਕੜ ਬਾਰੇ ਦੱਸਣਾ ਸ਼ੁਰੂ ਕਰ ਦਿੱਤਾ, "ਸਾਡੀ ਦੀਨੀ ਤਾਲੀਮ ਮਹਾਂਪੁਰਖ ਬਾਬਾ ਪ੍ਰਤਾਪ ਸਿੰਘ ਜੀ ਦੇ ਪ੍ਰਤਾਪ ਸਦਕਾ ਹੋਈ ਜਿਹੜੇ ਅਕਸਰ ਕਿਹਾ ਕਰਦੇ ਸਨ ਕਿ ਗੁਰੂ ਦੇ ਹਰ ਸਿੱਖ 'ਚੋਂ ਰਾਗ ਦੀ ਖ਼ੁਸ਼ਬੂ ਆਉਣੀ ਚਾਹੀਦੀ ਹੈ। ਰਸਮੀ ਅਤੇ ਦੁਨਿਆਵੀ ਤੌਰ 'ਤੇ ਸਾਡੇ ਉਸਤਾਦ ਭਾਈ ਹਰਨਾਮ ਸਿੰਘ ਚਵਿੰਡਾ, ਜ਼ਿਲ੍ਹਾ ਅੰਮ੍ਰਿਤਸਰ ਵਾਲੇ ਵੀ ਰਹੇ ਹਨ।" ਇਸ ਸੰਦਰਭ ਵਿਚ ਇਨ੍ਹਾਂ ਦੋ ਵਿਅਕਤੀਆਂ ਤੋਂ ਛੁੱਟ ਉਨ੍ਹਾਂ ਪੰਜਾਬ ਦੀ ਮੁਮਤਾਜ਼ ਅਤੇ ਮਹਾਨ ਹਸਤੀ ਭਾਈ ਨਸੀਰਾ ਪਖਾਵਜੀ ਦਾ ਵੀ ਸਰਸਰੀ ਜਿਹਾ ਜ਼ਿਕਰ ਕੀਤਾ। ਉਸ ਪਿੱਛੋਂ ਤਾਂ ਫਿਰ ਚੱਲ ਸੋ ਚੱਲ ਸੀ। ਉਨ੍ਹਾਂ ਨਮੂਨੇ ਮਾਤਰ ਹੀ ਵੱਖੋ-ਵੱਖਰੇ ਰਾਗ ਰਾਗਨੀਆਂ 'ਚ ਕੋਈ ਪੰਦਰਾਂ ਕੁ ਕਿਸਮ ਦੀਆਂ ਤਾਂ ਹੋਰੀਆਂ ਹੀ ਸੁਣਾ ਦਿੱਤੀਆਂ। "ਬਾਜਨ ਲਾਗੀ ਬਾਂਸੁਰੀ ਬ੍ਰਿਜ ਨੰਦ ਲਾਲ ਕੀ" (ਦੇਸ) "ਹੈ ਮਾਂ ਗਰਜ ਗਰਜ ਬਰਸ ਰਹੀਆਂ ਬੂੰਦਰੀਆਂ" (ਦੇਸ) "ਚਤੁਰੰਗ ਕੋ ਗਾਈਐ ਰਸ ਰੰਗਤ ਸੇ", "ਦਾ ਦਾ ਕੜਾਨ ਦਾ" (ਪਿਛਲੀਆਂ ਤਿੰਨੋ ਚੀਜ਼ਾਂ ਤਿੰਨ ਤਾਲ 'ਚ ਸਨ)। ਉਸ ਪਿੱਛੋਂ ਉਨ੍ਹਾਂ ਦੁਨੀਆਂ ਭਰ 'ਚ ਮੰਨੇ ਪ੍ਰਮੰਨੇ ਸਿਤਾਰ ਨਵਾਜ਼ ਉਸਤਾਦ ਵਲਾਇਤ ਖ਼ਾਂ ਦੇ ਮਾਮਾ ਉਸਤਾਦ ਅੱਬਣ ਖ਼ਾਂ ਸਹਾਰਨਪੁਰ ਵਾਲਿਆਂ ਦੀ ਪੰਜਾਬੀ ਦੀ ਇਕ ਬੰਦਸ਼ ਝੱਪਤਾਲ 'ਚ ਸੁਣਾਈ:

*ਤੇਰੇ ਮਿਲਣ ਦਾ ਚਾਵ ਨੀ ਸਈਓ ਮੈਨੂੰ -*
*ਸੋਹਣੀ ਸੂਰਤ ਮਨ ਪਰ ਵਸਦੀ*
*ਨੈਣਾਂ ਦੀ ਤਪਸ਼ ਬੁਝਾਵੇ, ਲੋਰੀ ਦੇ।* (ਕੁਕਬ ਬਿਲਾਵਲ)

ਸੰਗੀਤ ਨਾਲ ਮਸ ਰੱਖਣ ਵਾਲੇ ਪ੍ਰੇਮੀ ਇਹ ਗੱਲ ਭਲੀਭਾਂਤ ਜਾਣਦੇ ਹਨ ਕਿ ਉਸਤਾਦ ਵਲਾਇਤ ਖ਼ਾਂ ਸਿਤਾਰ ਵਜਾਉਂਦੇ ਵਜਾਉਂਦੇ ਜੇਕਰ ਮੂਡ 'ਚ ਹੋਣ ਤਾਂ ਕਦੇ ਕਦੇ ਨਾਲ ਵਿਚ ਗਾਉਣ ਵੀ ਲੱਗ ਪੈਂਦੇ ਹਨ ਅਤੇ ਫਿਰ ਓਹੀ ਚੀਜ਼ ਆਪਣੀ ਸਿਤਾਰ 'ਚੋਂ ਕੱਢਦੇ ਹਨ। ਇਸ ਦੀ ਤਾਲੀਮ ਉਨ੍ਹਾਂ ਆਪਣੇ ਮਾਤਾ ਅਤੇ ਮਾਮਾ ਜੀ ਤੋਂ ਪ੍ਰਾਪਤ ਕੀਤੀ ਸੀ। ਸਿਤਾਰੀਆ ਦੇ ਇਸ ਸਿਰਮੌਰ ਖ਼ਾਨਦਾਨ ਦੀ ਹਿੰਦੁਸਤਾਨ ਦੇ ਸੰਗੀਤ ਨੂੰ ਸਭ ਤੋਂ ਵੱਡੀ ਦੇਣ ਇਹ ਹੈ ਕਿ ਉਨ੍ਹਾਂ, ਖ਼ਾਸ ਕਰਕੇ ਉਸਤਾਦ ਇਮਦਾਦ ਖ਼ਾਂ ਅਤੇ ਇਨਾਇਤ ਖ਼ਾਂ ਹੋਰਾਂ ਨੇ ਆਪਣੀਆਂ ਆਪਣੀਆਂ ਸਾਰੀਆਂ ਉਮਰਾਂ ਲਾ ਕੇ, ਘਾਲਾਂ ਘਾਲ ਕੇ, ਤਰ੍ਹਾਂ ਤਰ੍ਹਾਂ ਦੇ ਤਜਰਬੇ ਕਰ ਕਰ ਕੇ, ਸਿਤਾਰ ਵਰਗੇ ਸਾਜ਼ ਦਾ ਮਿਆਰੀਕਰਨ (Standardisation) ਕਰ ਕੇ, ਇਸ ਦੀ ਸਹੀਖ਼ਾਨੀ ਕੀਤੀ, ਨਹੀਂ ਤਾਂ ਉਸ ਤੋਂ ਪਹਿਲਾਂ ਸਿਤਾਰਾਂ ਜਾਂ ਤਾਂ ਬਹੁਤ ਵੱਡੀਆਂ ਹੁੰਦੀਆਂ ਸਨ ਅਤੇ ਜਾਂ ਫਿਰ ਬਹੁਤ ਛੋਟੀਆਂ, ਜਿਹੜੀਆਂ ਕਿ ਟਿਕਾਉਣ ਵਜਾਉਣ ਲਈ ਮੁਸ਼ਕਲਾਂ ਪੇਸ਼ ਕਰਦੀਆਂ ਸਨ ਅਤੇ ਐਨੀਆਂ ਸੁਰੀਲੀਆਂ ਵੀ ਨਹੀਂ ਸਨ ਹੁੰਦੀਆਂ। ਪੰਜਾਬੀ ਦੀ ਕਿਉਂਕਿ ਇਹ ਇਕ ਬੜੀ ਫੜਕਦਾਰ ਬੰਦਸ਼ ਸੀ ਜਿਸ ਨੂੰ ਸੁਣ ਕੇ ਸਰੋਤੇ ਖ਼ੂਬ ਲੱਟੂ ਹੋ ਗਏ।

ਉਸ ਤੋਂ ਅਗਲਾ 'ਆਈਟਮ' ਹੋਰ ਵੀ ਆਨੰਦਮਈ ਸੀ ਜਦ ਕਿ ਮਹਾਂਪੁਰਖਾਂ ਨੇ ਸਰੋਤਿਆਂ ਨੂੰ ਮੁਖ਼ਾਤਿਬ ਹੁੰਦਿਆਂ ਇਹ ਗੱਲ ਕਹੀ, "ਏਥੇ ਬੜੇ ਬੜੇ ਲਯਕਾਰ ਆਏ ਹੋਏ ਨੇ—ਉਨ੍ਹਾਂ ਨੂੰ ਵੀ ਕੁਝ ਸੁਣਾ ਦੇਈਏ।" ਸਹਿਜ ਦੀ ਸ਼ਬਦਾਵਲੀ ਅਤੇ ਅਵਸਥਾ 'ਚ ਖ਼ਬਰੇ ਉਨ੍ਹਾਂ ਦਾ ਰਮਜ਼ੀ ਭਾਵ ਇਹ ਸੀ ਕਿ ਹੁਣ ਇਨ੍ਹਾਂ ਦਾ ਵੀ

ਕਲਿਆਣ ਕਰ ਦੇਈਏ। ਸੋ ਉਨ੍ਹਾਂ 'ਗੁਣ ਨਾਦ ਧੁੰਨ ਅਨੰਦ ਬੇਦ' ਕਲਿਆਣ ਦੀ ਇਹ ਚੀਜ਼ ਚਾਰ ਤਾਲ ਪੌਣੇ ਅੱਠ ਮਾਤਰਾਂ 'ਚ ਕੀ ਛੇੜੀ ਕਿ ਸਭ ਪਾਸੀਂ ਹੈਰਾਨੀ ਭਰੀ ਖ਼ੁਸ਼ੀ ਦਾ ਮਾਹੌਲ ਪਸਰ ਗਿਆ। ਇਸ ਤੋਂ ਅਗਲੇ 'ਆਈਟਮ' ਧਮਾਰ ਤਾਲ 'ਚ ਸਨ—"ਚੋਰੀ ਚੋਰੀ ਮਰਿਤ ਹੋ ਕੁੰਮ ਕੁੰਮਾ" (ਕੈਦਾਰਾ), "ਲਚਕਤ ਆਵੈ ਹੋ ਗੋਰੀ" (ਛਾਇਆ ਨਟ) "ਏ ਜੁ ਕਾਲ ਕੀ ਗੁਆਲਨੀਆ" (ਅਲੀਆ ਬਿਲਾਵਲ), ਅਤੇ "ਅਬ ਕੋਉ ਕੈਸੇ ਹੋਰੀ ਖੇਲੈ", (ਸ਼ੁਕਲ ਬਿਲਾਵਲ)।

"ਏ ਜੁ ਕਾਲ ਕੀ ਗੁਆਲਨੀਆ" ਦੇ ਨਾਲ ਬਿਲਾਵਲਾਂ ਚੱਲ ਪਈਆਂ ਸਨ। ਹੁਣ ਬਿਲਾਵਲਾਂ ਦਾ ਦੌਰ ਦੌਰਾ ਸੀ, ਘੱਟੋ-ਘੱਟ ਬਿਲਾਵਲ ਦੀਆਂ ਪੰਜ ਚੀਜ਼ਾਂ ਸੁਣਨ ਵਿਚ ਆਈਆਂ। ਪਹਿਲੀ ਅਲੀਆ ਬਿਲਾਵਲ ਦੀ ਚੀਜ਼ ਸੀ, ਉਸ ਪਿੱਛੋਂ ਸ਼ੁਕਲ ਬਿਲਾਵਲ ਦੀ ਚੀਜ਼ ਅਤੇ ਉਸ ਪਿੱਛੋਂ ਬਿਲਾਵਲ ਦੀਆਂ ਹੀ ਤਿੰਨ ਚੀਜ਼ਾਂ ਹੋਰ: "ਮੋਹਨ ਨੀਂਦ ਨਾ ਆਵੇ", "ਸੁਆਮੀ ਤੈਨੂੰ ਉਹ ਦਿਨ ਭੂਲ ਗਏ" ਨਾਲ 16 ਮਾਤਰੇ ਦਾ ਪੰਜਾਬੀ ਠੇਕਾ। ਇਹ ਦੋਵੇਂ ਚੀਜ਼ਾਂ ਵੀ ਬਹੁਤ ਵਸੀਆਂ। ਜਾਪ ਰਿਹਾ ਸੀ ਕਿ ਹੁਣ ਮਹਾਂਪੁਰਖਾਂ ਨੂੰ ਕੋਈ ਕਾਹਲ ਨਹੀਂ ਹੈ, ਉਹ ਗਾ ਰਹੇ ਸਨ ਟਿਕ ਕੇ ਅਤੇ ਆਪਣਾ ਆਨੰਦ ਮਾਣ ਰਹੇ ਸਨ। ਇਨ੍ਹਾਂ ਦੋਹਾਂ ਚੀਜ਼ਾਂ ਵਿਚ ਸੁਰ ਸਰਗਮ ਵੀ ਆਪਣੀ ਪੂਰੀ ਮੁਰਾਦ ਨੂੰ ਪੁੱਜਾ।

"ਸਹੰਸਰ ਗੋਪੀ ਏਕ ਘਨਈਆ", ਅਗਲੀ ਚੀਜ਼ ਵੀ ਬਿਲਾਵਲ ਦੀ ਸੀ ਜਿਸ ਵਿਚ ਸੁੱਘੜ ਗਾਇਕ ਨੇ ਸ਼ੁਰੂ ਸ਼ੁਰੂ ਵਿਚ ਹੀ ਅਨੇਕ ਤਰ੍ਹਾਂ ਨਾਲ ਅਦਾਇਗੀ ਕਰ ਕੇ ਕਿੰਨਾ ਕੁਝ ਦਿਖਾ ਦਿੱਤਾ:

*ਦੇਹਿਰੇ ਮੇਂ ਮਸੀਤ ਮੇਂ*
*ਬੁੱਤ ਖ਼ਾਨੇ ਮੇਂ ਮੈਖ਼ਾਨੇ ਮੇਂ*
*ਕੋਈ ਪੜ੍ਹਾਵੇ ਕਲਮਾ ਹਰਿ ਹਰਿ,*
*ਕੋਈ ਜਪਾਵੇ ਰਾਮ ਰਾਮ।*

ਇਸ ਚੀਜ਼ ਦੇ ਬੋਲ ਜਦੋਂ ਏਥੇ ਤਕ ਆਏ ਤਾਂ ਸਮੂਹ ਗਾਇਕ ਆਪਣੇ ਗਾਇਨ ਕਾਰਜ ਵਿਚ ਮਸਤ ਸਨ, ਸੁਰ-ਸੰਗਤੀਆ ਦਾ ਮਿਸ਼ਰਨ ਕਰਨ ਵਿਚ ਮੁਗਧ ਸਨ—ਜਦ ਕਿ ਸਰੋਤੇ ਆਪਣੇ ਕੰਮ ਵਿਚ ਮਸਤ, ਅਰਥਾਤ ਝੂਮਣ ਵਿਚ!

ਗੁਣੀ ਗਾਇਕਾਂ ਨੇ ਅਗਲਾ ਰਾਗ ਮਾਲਕੌਂਸ ਚੁਣਿਆ। ਇਸ ਵਿਚ ਉਨ੍ਹਾਂ ਤਿੰਨ ਚੀਜ਼ਾਂ ਗਾਈਆਂ—"ਅਹੋ ਧੁੰਨ ਧੁਕਾਰ ਧੰਨ", "ਯਾ ਰੱਬਾ ਮੇਰੀ ਬੇੜੀ ਨੂੰ ਪਾਰ ਲੰਘਾਵੀਂ, ਆਪਣਾ ਤੂੰ ਫਜ਼ਲ ਕਰੀਂ" ਅਤੇ "ਆਜ ਮੋਰੇ ਘਰ ਆਏ ਰੇ ਬਲਮਾ" ਅਤੇ ਉਹ ਵੀ ਬਹੁਤ ਹੀ ਭਿੱਜ ਕੇ। ਨਾਲ ਦੇ ਸਹਾਇਕਾਂ ਨੇ ਪਹਿਲਾਂ ਇਸ ਰਾਗ ਦਾ ਆਕਾਰ ਜਾਂ ਪਿੰਜਰ ਬੜੀ ਖ਼ੂਬਸੂਰਤੀ ਨਾਲ ਘੜਿਆ ਅਤੇ ਫਿਰ ਉਸ ਵਿਚ ਪੂਰੀ ਰੂਹ ਭਰਨ ਦੀ ਕੋਸ਼ਿਸ਼ ਕੀਤੀ। ਇਸ ਵਿਚ ਉਨ੍ਹਾਂ ਨੇ ਵਿਚ ਵਿਚ ਬੜੀਆਂ ਬੜੀਆਂ ਖ਼ੂਬਸੂਰਤ ਤਾਨਾਂ ਲਈਆਂ, ਮੀਂਡਾਂ, ਗਮਕਾਂ, ਗੱਲ ਕੀ ਸਭ ਕੁਝ। ਤੌਬਾ! ਸਰੋਤੇ ਕੁਰਬਾਨ ਹੋਣ ਤਕ ਗਏ। ਇਸ ਵਿਚ ਜਥੇ ਦੇ ਉਸਤਾਦੀ ਅੰਗ ਨਿੱਖਰ ਕੇ ਖ਼ੂਬ ਸਾਹਮਣੇ ਆਏ। ਸਰੋਤਿਆਂ ਦਾ ਵਿਸਮਾਦੀ ਰੰਗ 'ਚ ਰੰਗਿਆ ਜਾਂ ਗੜੂੰਦ ਜਾਣਾ ਇਕ ਕੁਦਰਤੀ ਕਰਮ ਸੀ।

ਇਸ ਤੋਂ ਅਗਲਾ 'ਆਈਟਮ' ਵੀ, ਕਿਸੇ ਵੀ ਤਰ੍ਹਾਂ, ਘੱਟ ਪੁਰਤਾਸੀਰ ਨਹੀਂ ਸੀ। ਇਹ ਇਕ ਕੰਨ੍ਹੜ ਭਗਤੀ-ਭਜਨ ਸੀ, ਕਰਨਾਟਕੀ ਅੰਗ 'ਚ, ਜਿਹੜਾ ਇਕੱਲਿਆਂ 18 ਸਾਲਾ ਬਲਵੰਤ ਸਿੰਘ ਨੇ ਪੇਸ਼ ਕੀਤਾ। ਆਈਟਮ ਕਾਹਦਾ ਸੀ, ਇਕ ਤਰ੍ਹਾਂ ਦਾ ਬੰਬ ਸੀ। ਪਾਠਕ-ਜਨ ਇਹ ਗੱਲ ਸੋਚ ਸਕਦੇ ਹਨ ਕਿ ਭਗਤੀ-ਸੰਗੀਤ ਦੀ ਗੱਲ-ਕੱਥ ਕਰਦਿਆਂ, ਵਿਚ 'ਬੰਬ' ਨਾਂ ਦੀ ਚੀਜ਼ ਦਾ ਕੀ ਦਖ਼ਲ ? ਗੱਲ ਬੜੀ ਬੇਤੁਕੀ ਅਤੇ ਬੇਸੁਰੀ ਹੈ—ਪਰ ਨਹੀਂ, ਇਹ ਬੰਬ ਤਬਾਹੀ ਮਚਾਉਣ ਵਾਲਾ ਨਹੀਂ ਸੀ—ਸਗੋਂ ਦਿਲਾਂ ਨੂੰ ਆਤਮਿਕ ਸ਼ਾਂਤੀ ਅਤੇ ਸੁਆਦ ਨਾਲ ਠਾਰਨ ਵਾਲਾ ਸੀ। ਹਨੇਰ ਸਾਈਂ ਦਾ! ਕੰਨ੍ਹੜ ਬੋਲੀ ਦੇ ਸ਼ਬਦਾਂ ਦੀ ਕਿਸੇ ਨੂੰ ਵੀ ਕੋਈ ਸਮਝ ਨਹੀਂ, ਕੋਈ ਦੂਰ ਨੇੜੇ ਦਾ ਵੀ ਗਿਆਨ ਨਹੀਂ, ਤਾਂ ਵੀ ਰਾਗ ਦੀਆਂ ਸੁਰ-ਸੰਗਤੀਆਂ ਹੀ ਕੁਝ ਅਜਿਹੀਆਂ ਸ਼ਾਂਤਮਈ ਅਤੇ ਸ਼ਕਤੀਸ਼ਾਲੀ ਸਨ ਕਿ ਦਿਲਾਂ ਅੰਦਰ ਧੱਸਦੀਆਂ ਜਾ ਰਹੀਆਂ ਸਨ ਅਤੇ ਸਰੋਤੇ ਮਹਿਵੀਅਤ ਦੇ ਆਲਮ ਵਿਚ ਮੁਗਧ ਹੋ ਕੇ ਝੂਮ ਰਹੇ ਸਨ। ਏਸੇ ਲਈ ਤਾਂ ਇਹ ਗੱਲ ਅਕਸਰ ਕਹੀ ਜਾਂਦੀ ਹੈ ਕਿ ਸੰਗੀਤ ਇਕ ਆਲਮੀ ਜ਼ੁਬਾਨ ਹੈ। ਅੱਜ ਬਲਵੰਤ ਦੇ ਇਸ 'ਆਈਟਮ' ਨੇ ਕਾਹਿਰਾ, ਮਿਸਰ ਦੀ ਮਸ਼ਹੂਰ ਮਗਨੀਆਂ, ਉਮਿ-ਕਲਸੂਮ (1922- ?) ਦੀ ਯਾਦ ਤਾਜ਼ਾ ਕਰਵਾ ਦਿੱਤੀ, ਜਿਹੜੀ ਕਿ ਕਦੇ ਅਰਬ ਦੇਸ਼ਾਂ ਦੀ ਰਾਗ-ਰਾਣੀ ਰਹੀ ਹੈ। ਉਹ ਅਰਬੀ ਦਾ ਕਲਾਮ ਪੇਸ਼ ਕਰ ਰਹੀ ਹੈ, ਫ਼ਾਰਸੀ ਗਾ ਰਹੀ ਹੈ ਜਿਸਦਾ ਸਰੋਤਿਆਂ ਨੂੰ ਇਕ ਸ਼ਬਦ ਵੀ ਸਮਝ ਨਹੀਂ ਆ ਰਿਹਾ—ਪਰ ਤਾਂ ਵੀ ਉਸਦੇ ਸੰਗੀਤ ਦਾ ਜਾਦੂ ਕਾਇਮ ਹੈ—ਉਸਦੇ ਸੰਗੀਤ ਦੀਆਂ ਸੁਰਾਂ ਦੀ ਸੱਚਾਈ ਅਤੇ ਨਰਗਸੀਅਤ ਹੀ ਐਨੀ ਪ੍ਰਬਲ, ਅਜਿਹੀ ਨਵੀ-ਨਰੋਈ ਅਤੇ ਨਿਆਰੀ-ਨਿਰਾਲੀ ਹੈ ਕਿ ਦਿਲ ਕਰਦਾ ਹੈ ਇਸਨੂੰ ਬਾਰ ਬਾਰ ਸੁਣਦੇ ਚਲੇ ਜਾਈਏ। ਅੱਜ ਕੁਝ ਇਸ ਤਰ੍ਹਾਂ ਦਾ ਹੀ ਅਸਰ, ਕੁਝ ਇਸ ਤਰ੍ਹਾਂ ਦਾ ਹੀ ਮਾਹੌਲ ਇਸ ਨੌਜਵਾਨ ਗਾਇਕ ਨੇ ਪੈਦਾ ਕਰ ਕੇ ਦਿਖਾ ਦਿੱਤਾ। ਖ਼ਾਤਮੇ 'ਤੇ, ਹਾਲ ਵਿਚ ਭਰਪੂਰ ਤਾੜੀਆਂ ਦੀ ਆਵਾਜ਼ ਇਸ ਗੱਲ ਦਾ ਅਕੱਟ ਪ੍ਰਮਾਣ ਸੀ ਕਿ ਸਰੋਤਿਆ ਨੇ ਉਸਦੀ ਸੁਰ ਦੀ ਸੁੱਚਤਾ ਅਤੇ ਰਾਗ ਦੀ ਰਾਗਮਤਾ ਅਤੇ ਸਹੀਖ਼ਾਨੀ ਨੂੰ ਕਿੰਨਾ ਕੁ ਮਾਣਿਆ ਹੈ। ਇਸ ਗੱਲ ਦਾ ਬਾਅਦ ਵਿਚ ਸੰਤ ਕਿਰਪਾਲ ਸਿੰਘ ਜੀ ਤੋਂ ਪਤਾ ਲੱਗਾ ਕਿ ਇਸ ਹੋਣਹਾਰ ਗਾਇਕ ਨੂੰ ਤਬਲੇ, ਹਾਰਮੋਨੀਅਮ ਅਤੇ ਸੰਤੂਰ 'ਤੇ ਵੀ ਐਨਾ ਕੁ ਹੀ ਆਬੂਰ ਹਾਸਲ ਹੈ। ਇਹ ਉਸਦੇ ਪ੍ਰਵੀਨ ਦਿਲ ਦਿਮਾਗ਼ ਅਤੇ ਮਿਹਨਤ ਰਿਆਜ਼ ਦਾ ਸਾਖਸ਼ਾਤ ਸਬੂਤ ਹੈ।

ਅਗਲੀ ਚੀਜ਼ ਬਿਲਾਸਖਾਨੀ ਤੋੜੀ ਜਾਂ ਟੋਡੀ ਦੀ ਸੀ—"ਕਾਨ੍ਹਾ ਰੇ ਮੁਰਲੀ ਕਾਹੇ ਨਾ ਤੂੰ ਵਜਾਈ"; ਜਿਸ ਬੰਦਸ਼ ਦਾ ਸਾਰਾਂਸ਼ ਇਹ ਸੀ ਕਿ ਕਾਨ੍ਹਾ ਤੂੰ ਸਾਡੇ ਨਾਲ ਚੰਗੀ ਕੀਤੀ—ਕਿਸੇ ਕਾਰਨ ਤੂੰ ਮੁਰਲੀ ਵਜਾਉਣੋਂ ਭੁੱਲ ਗਿਆ ਜਿਸਦਾ ਅਸਰ ਇਹ ਹੋਇਆ ਕਿ ਅੱਜ ਸੂਰਜ ਵੀ ਉਦੇ ਨਹੀਂ ਹੋਇਆ। ਇਸ ਰਾਗ ਦੀ ਪਿੱਠ-ਭੂਮੀ ਅਤੇ ਖ਼ੂਬੀ ਇਹ ਹੈ ਕਿ ਇਸਦਾ ਨਾਮਕਰਨ ਮੀਆਂ ਤਾਨ ਸੈਨ ਦੇ ਪੁੱਤਰ ਬਿਲਾਸ ਖ਼ਾਂ ਦੇ ਨਾਂ ਤੋਂ ਅਜਿਹਾ ਹੋਇਆ ਸੀ, ਕਿਉਂਕਿ ਉਸਨੇ ਇਸ ਰਾਗ ਨੂੰ ਵੈਰਾਗ ਵਿਚ ਗਾ ਕੇ ਆਪਣੇ ਮਰੇ ਹੋਏ ਬਾਪ ਦੀ ਲਾਸ਼ ਨੂੰ ਲਰਜ਼ਸ਼ (ਹਿੱਲਜੁੱਲ) ਦੇ ਦਿੱਤੀ ਸੀ। ਤੇ ਅੱਜ ਵੀ ਇਸ ਰਾਗ ਨੇ ਸਰੋਤਿਆਂ 'ਤੇ ਆਪਣੀ ਤਾਸੀਰ ਛੱਡਦਿਆਂ, ਉਨ੍ਹਾਂ ਦੇ ਦਿਲਾਂ ਨੂੰ ਖ਼ੂਬ ਖ਼ੂਬ ਰੰਗ ਕੇ ਰੱਖ ਦਿੱਤਾ ਸੀ।


www.sikhbookclub.com

ਇਸ ਤੋਂ ਅਗਲੀ ਚੀਜ਼ "ਰੁੱਤ ਬਸੰਤ ਸਿਉਂ ਅਪਨੇ ਮਨ ਕੋ" ਬਾਗੇਸ਼ਰੀ ਬਹਾਰ ਦੀ ਸੀ। ਆਸਾ ਵਾਂਗ, ਜਿਹੜੀ ਕਿ ਪੰਜਾਬ ਦੀ ਖ਼ਾਸ ਚੀਜ਼ ਹੈ, ਬਾਗੇਸ਼ਰੀ ਦਾ ਵੀ ਪੰਜਾਬ 'ਚ ਬੜਾ ਰਿਵਾਜ ਰਿਹਾ ਹੈ। ਇਸ ਰਾਗ ਨੂੰ ਜ਼ਿਲ੍ਹਾ ਵੀ ਕਿਹਾ ਜਾਂਦਾ ਹੈ ਅਤੇ ਅਵਾਮੀ ਜਾਂ ਖੇਤਰੀ ਬੋਲੀ ਵਿਚ ਸਿੰਧੜਾ ਵੀ। "ਲੰਘ ਆ ਜਾ ਪੱਤਣ ਝਨਾਂ ਦਾ"—ਦੀ ਤਰਜ਼ ਪੰਜਾਬ ਦੇ ਹਰ ਛੇੜੂ ਅਤੇ ਮਲਾਹ ਨੂੰ ਯਾਦ ਹੈ। ਸੰਗੀਤ ਨਾਲ ਗੂੜ੍ਹਾ ਪਿਆਰ ਰੱਖਣ ਵਾਲੇ ਪ੍ਰੇਮੀਆਂ ਨੂੰ ਇਸ ਗੱਲ ਦਾ ਵੀ ਭਲੀਭਾਂਤ ਪਤਾ ਹੋਸੀ ਕਿ ਸਾਂਝੇ ਪੰਜਾਬ ਦੀ ਅਤਿ ਲੋਕ-ਪ੍ਰਿਯ ਇਹ ਧੁਨ (ਲੰਘ ਆ ਜਾ ਪੱਤਣ ਝਨਾਂ ਦਾ ਯਾਰ) ਬੰਗਾਲੀਆਂ ਦੀ ਭਟਿਆਲੀ ਵਾਂਗ ਸਾਡੇ ਲੌਕਿਕ ਸੰਗੀਤਕ ਵਿਰਸੇ ਦਾ ਇਕ ਅਟੁੱਟਵਾਂ ਅੰਗ ਬਣ ਚੁੱਕੀ ਹੈ, ਇਸਨੂੰ ਸੁਰ-ਬੱਧ ਕਰਨ ਦੇ ਪਹਿਲੇ ਜਨਮ ਦਾਤਾ ਭਾਈ ਲਾਲ ਰਬਾਬੀ (1887-1962 ਈ.)—ਸਿੱਖ ਪੰਥ ਦੇ ਪ੍ਰਸਿੱਧ ਕੀਰਤਨਕਾਰਾਂ ਭਾਈ ਸੰਤਾ ਸਿੰਘ ਅਤੇ ਸੁਰਜਨ ਸਿੰਘ ਦੇ ਉਸਤਾਦ ਹੀ ਸਨ। ਖ਼ੈਰ, ਗਾਇਕਾਂ ਵਲੋਂ, ਬਾਗੇਸ਼ਰੀ ਦੀ ਗਾਈ ਗਈ ਇਹ ਚੀਜ਼ ਵੀ ਕਾਫ਼ੀ ਵਸੀ।

ਅਗਲੀ ਬੰਦਸ਼ "ਕਤ ਐ ਥ੍ਰਿਤ ਔਗਨ ਨਾਦ" ਸਾਰੰਗ ਦੀ ਸੀ, ਜਿਹੜੀ ਪੰਜਾਬ ਦੇ ਵਿਰਾਟ ਸੰਗੀਤ ਘਰਾਣੇ ਤਲਵੰਡੀ ਦੇ ਇਕ ਨਾਇਕ ਉਸਤਾਦ ਮੌਲਾਦਾਦ ਖ਼ਾਂ ਦੀ ਸੀ। ਰੂਪਕ ਤਾਲ 'ਚ ਇਸਦਾ ਵੀ ਆਪਣਾ ਸਹੀ ਰੂਪ ਸਰੂਪ ਖ਼ੂਬ ਨਿਖਰਿਆ। ਇਸ ਤੋਂ ਅਗਲੀ ਚੀਜ਼, "ਝਿੜਕਾਂ ਨਾਲ ਜਿੰਦ ਕੱਢ ਲਈ, ਤੇਰਾ ਕੀ ਦਮੜੀ ਦਾ ਲੈਣਾ ?" ਵੀ ਬੜੀ ਕਮਾਲ ਦੀ ਸੀ।

ਇਸ ਤੋਂ ਪਿੱਛੋਂ ਵੀ ਉਨ੍ਹਾਂ ਕੋਈ ਅਠਾਰਾਂ ਦੇ ਕਰੀਬ ਹੋਰ ਆਈਟਮ ਪੇਸ਼ ਕੀਤੇ, ਜਿਹੜੇ ਆਪਣੇ ਆਪ ਵਿਚ ਬੜੇ ਆਨੰਦ-ਮਈ ਸਨ ਅਤੇ ਆਪਣੀ ਆਪਣੀ ਹੀ ਸੰਗੀਤਕ-ਸੁਗੰਧ ਰੱਖਦੇ ਸਨ। "ਚੜ੍ਹਕੇ ਘੋੜ ਤੇ ਕੁੰਦ ਪਕੜੇ ਖੂੰਡੀ ਦੇ ਖੇਡਾਰੀ" (ਆਸਾ), "ਤੁਮ ਬਿਨ ਧੀਰਜ ਕੋ ਨ ਕਰੇ ਮਿਲ ਰਾਮ ਪਿਆਰੇ" (ਆਸਾ), "ਬਾਦਰਵਾ ਘਿਰ ਘਿਰ ਆਏ" (ਮਲ੍ਹਾਰ), "ਕੋਇਲੀਆ ਕੂਕ ਸੁਨਾਵੇ, ਪੀਆ ਬਿਨ ਕਿਛੁ ਨਾ ਸੁਹਾਵੇ" (ਖਮਾਜ), "ਆਵਨ ਕਹ ਗਏ ਅਜੂ ਹੂ ਨ ਆਏ, ਲਿਖ ਲਿਖ ਚਿੱਠੀਆ ਪੀਆ ਵਲ ਭੇਜੂੰ" (ਮਾਲਸ਼ਰੀ), "ਸੁਗੰਧ ਰੰਗ ਚੋਲੜਾ" (ਮਾਲਸ਼ਰੀ), "ਹਰਿ ਕੀ ਗਤਿ ਨ ਕੋਊ ਜਾਨੇ" (ਖਟ), "ਢੋਲਨ ਦੇ ਦਰਸ਼ਨ" (ਹਿੰਡੋਲ), "ਤਾਂਡਵ ਰਾਤ ਮੁੰਡਨ ਪੁਰ ਨਿਰਤਕ ਬਨਵਾਰੀ" (ਕਮੋਦ) "ਜਾ ਰੇ ਕਾਗਾ ਜਾ" (ਹਮੀਰ), "ਮਥੁਰਾ ਮੰਡਲ ਕੇ ਬਿਖੇ ਜਨਮ ਧਰਿਉ ਹਰਿ ਰਾਏ" (ਪੂਰੀਆ ਕਲਿਆਣ - ਪੌਣੇ ਗਿਆਰਾਂ ਮਾਤਰਾਂ 'ਚ), "ਮਥੁਰਾ ਨ ਜਾਵੇ ਮੇਰਾ ਸ਼ਾਮ" (ਪੂਰਬੀ), "ਤੀਬਰ ਵਾਦੀ ਗੰਧਾਰ" (ਪੂਰਬੀ), "ਗਾਵੇ ਚਤੁਰੰਗ" (ਬਹਾਰ), ਅਤੇ ਉਸ ਪਿੱਛੋਂ "ਜਿੰਦ ਜਾਨ ਤੁਸਾਂ ਪੁਰ ਘੋਲੀ ਨੀ, ਬਾਬਲ ਜਾਈਓ ਨੀ, ਭਰਜਾਈਓ ਨੀ" (ਤੋੜੀ ਜਾਂ ਟੋਡੀ) ਤ੍ਰਿੰਨ ਤਾਲ ਪੰਜਾਬੀ ਠੇਕੇ 'ਚ, ਇਹ ਚੀਜ਼ ਵੀ ਬੇਹੱਦ ਵਸੀ।

*ਪੈਰ ਡੋਲੀ ਵਿਚ ਮੂਲ ਨਾ ਧਰਸਾਂ*
*ਸਈਓ ਤੁਸਾਂ ਤੋਂ ਵਿਛੜੀ ਮਰਸਾਂ।*
*ਕਰ ਕਮ ਯਾਦ ਤੁਸਾਂ ਨੂੰ ਕਰਸਾਂ,*
*ਡੋਲੀ ਪਕੜ ਬਿਠਾਲੀ ਭਾਈਆਂ।*

 www.sikhbookclub.com

ਕੇਹੀ 'ਵਾ ਤੇ ਵਗੇ ਵਰੋਲੇ, ਆਲੇ ਵਿਚ ਰੋਣ ਪਏ ਗੁੱਡੀਆਂ ਪਟੋਲੇ, ਖੇਡਣ ਦਾ ਅਜੇ ਚਾਅ ਨਾ ਲੱਥਿਆ...ਗਾਇਕ ਜਦੋਂ ਇਸ ਮੁਕਾਮ ਤੋਂ ਹੁੰਦੇ ਹੋਏ, 'ਡੋਲੀ ਪਕੜ ਬਿਠਾਲੀ ਭਾਈਆਂ' ਤੱਕ ਪੁੱਜੇ ਤਾਂ ਜਾਪ ਰਿਹਾ ਸੀ ਜਿਵੇਂ ਸਰੋਤੇ ਵੀ ਉਨ੍ਹਾਂ ਦੇ ਨਾਲ ਚੱਲ ਰਹੇ ਹਨ ਅਤੇ ਉਨ੍ਹਾਂ ਦੀਆਂ ਅੱਖੀਆਂ ਵੀ ਸਿਲ੍ਹੀਆਂ ਹੋ ਚੁੱਕੀਆਂ ਹਨ। 'ਸਈਓ ਤੁਸਾਂ ਤੋਂ ਵਿਛੜੀ ਮਰਸਾਂ'—ਇਸ ਚੀਜ਼ ਨੂੰ ਜਦੋਂ ਉਨ੍ਹਾਂ ਨੇ ਬਾਰਮਬਾਰ ਝੁਲਾ ਦਿੱਤਾ ਤਾਂ ਵੈਰਾਗ ਅਤੇ ਸੁਹਜ-ਸੁਆਦ ਦੇ ਰਲਵੇਂ ਮਿਲਵੇਂ ਭਾਵਾਂ ਨੇ ਝੜੀ ਲਾਈ ਹੋਈ ਸੀ। ਇਸ ਤੋਂ ਪਿੱਛੋਂ ਤਿੰਨ ਹੋਰ ਆਈਟਮ ਪੇਸ਼ ਕਰ ਕੇ, ਅੱਜ ਦੀ ਸ਼ਾਮ ਸੰਪੰਨ ਕੀਤੀ ਗਈ! ਉਸ ਪਿੱਛੋਂ ਕੁਝ ਸੰਗੀਤ ਪ੍ਰੇਮੀਆਂ ਨੂੰ ਮਿਲੇ ਜਿਵੇਂ ਕਿ ਐਚ.ਐਸ. ਰੰਧਾਵਾ, ਜੈ. ਮਠਾੜੂ, ਰਮਾਕੰਤ, ਉਦੇ ਕੰਤ, ਕਿਰਪਾਲ ਸਿੰਘ ਅਤੇ ਲੂੰਬਾ ਆਦਿ ਜਿਹੜੇ ਕਿ ਅੱਜ ਦੀ ਸ਼ਾਮ ਬਾਰੇ ਖ਼ਬਰੇ ਆਪਣੇ ਆਪਣੇ ਪ੍ਰਭਾਵ ਦੇਣਾ ਚਾਹੁੰਦੇ ਸਨ, ਪਰ ਹੁਣ ਮੇਰੀ ਏਹੋ ਜਿਹੀ ਕਿਸੇ ਵੀ ਗੱਲ 'ਚ ਕੋਈ ਦਿਲਚਸਪੀ ਨਹੀਂ ਸੀ ਰਹੀ। ਹੋਰ ਕਿਸੇ ਦੀ ਗੱਲ ਹੁਣ ਮੈਂ ਕੀ ਸੁਣਨੀ ਸੀ, ਮੈਨੂੰ ਤਾਂ ਆਪਣੇ ਆਪ ਦਾ ਹੀ ਕੋਈ ਪਤਾ ਨਹੀਂ ਸੀ ਰਿਹਾ ਕਿ ਹੁਣ ਮੈਂ ਕਿਥੇ ਹਾਂ—ਕਿਸੇ ਧਰਤ ਪਾਤਾਲ 'ਚ ਧੱਸਿਆ ਹੋਇਆ, ਖ਼ਲਾਅ 'ਚ ਲਟਕਦਾ ਜਾਂ ਉੱਚੇ ਗਗਨਾਂ ਦਾ ਵਾਸੀ। ਪਰ ਇਕ ਗੱਲ ਪ੍ਰਪੱਕ ਅਤੇ ਅਟੱਲ ਸੀ ਕਿ ਹੁਣ ਮੈਂ ਇਸ ਘੜਮੱਸ-ਭਰਪੂਰ, ਹਲ੍ਹਾ ਹਲ੍ਹਾ ਕਰਦੀ ਦੌੜ-ਭੱਜ ਵਾਲੀ ਜ਼ਿੰਦਗੀ ਅਤੇ ਦੁਨੀਆਂ ਤੋਂ ਉੱਕਾ ਦੂਰ ਜਾ ਚੁੱਕਾ ਸਾਂ। ਇਹ ਭਗਤੀ ਸੰਗੀਤ ਦੇ ਅਥਾਹ ਸਾਗਰ 'ਚੋਂ ਪ੍ਰਾਪਤ ਹੋਏ ਕੁਝ ਚਰਨਾਮਤ ਦਾ ਚਮਤਕਾਰਾ ਸੀ ਜਾਂ ਕੁਝ ਹੋਰ, ਮੈਂ ਆਪਣੀ ਛੋਟੀ ਜਿਹੀ ਖ਼ਿਆਲੀ ਦੁਨੀਆ ਸਿਰਜ ਕੇ ਉਸਦਾ ਬਾਦਸ਼ਾਹ-ਨੁਮਾ ਕੈਦੀ ਬਣ ਚੁੱਕਾ ਸਾਂ। ਇਸ ਗੱਲ ਦੀ ਮਾਮੂਲੀ ਜਿਹੀ ਸਮਝ ਮੈਨੂੰ ਅੱਜ ਆਈ ਸੀ ਕਿ ਭਾਰਤ ਦੇ ਵੱਡੇ ਤੋਂ ਵੱਡੇ ਅਜੋਕੇ ਉਸਤਾਦ, ਵਿਸ਼ਵ-ਪ੍ਰਸਿੱਧੀ ਦੇ ਮਾਲਿਕ, ਮਹਾਂਪੁਰਖਾਂ ਦੇ ਅਸ਼ੀਰਵਾਦ ਲਈ ਕਿਉਂ ਸਹਿਕਦੇ ਰਹਿੰਦੇ ਹਨ। ਉਸਤਾਦ ਵਲਾਇਤ ਖ਼ਾਂ ਕਿਉਂ ਕਹਿੰਦਾ ਹੈ ਕਿ ਹੁਣ ਮੈਂ ਇਸ ਗੱਲ ਦੀ ਵਸੀਅਤ ਕਰ ਦੇਣੀ ਹੈ ਕਿ ਸਾਡੇ ਪਿਤਾ-ਪੁਰਖੀ, ਪੁਰਾਣੇ ਤੋਂ ਪੁਰਾਣੇ ਸਾਜ਼ ਵੀ ਸਾਰੇ ਮਹਾਂਪੁਰਖਾਂ ਦੇ ਹਨ। ਅਮਜਦ ਅਲੀ ਖ਼ਾਂ ਕਿਉਂ ਕਹਿੰਦਾ ਹੈ ਕਿ ਮੈਨੂੰ ਮਾਰਗ-ਦਰਸ਼ਨ ਹੀ ਮਹਾਂਪੁਰਖਾਂ ਕਰ ਕੇ ਹੋਏ, ਰਾਜਨ ਮਿਸ਼ਰਾ, ਸਾਜਨ ਮਿਸ਼ਰਾ ਭੈਣੀ ਸਾਹਿਬ ਆ ਕੇ ਕਿਉਂ ਆਖਦੇ ਹਨ ਕਿ ਮਹਾਰਾਜ, ਅਸੀਂ ਤੁਹਾਨੂੰ ਕੁਝ ਸੁਣਾਉਣ ਲਈ ਨਹੀਂ ਬਲਕਿ ਤੁਹਾਡੇ ਕੋਲੋਂ ਕੁਝ ਗੁਹਜ ਚੀਜ਼ਾਂ ਸਿੱਖਣ ਸਮਝਣ ਲਈ ਆਏ ਹਾਂ।

ਸੰਗੀਤ ਦੇ ਬਾਕੀ ਪੰਡਿਤ ਇਹ ਗੱਲ ਭਾਵੇਂ ਪਏ ਕਹੀ ਜਾਣ ਕਿ ਪ੍ਰੋਗਰਾਮ ਦੇ ਸ਼ੁਰੂ ਵਿਚ ਤਾਂ ਮਹਾਂਪੁਰਖਾਂ ਦੀ ਆਵਾਜ਼ ਨਹੀਂ ਸੀ ਲੱਗ ਰਹੀ, ਪਰ ਘੱਟੋ-ਘੱਟ ਮੈਂ ਅੱਜ ਬੜਾ ਕੁਝ ਪਾਇਆ, ਘੱਟੋ-ਘੱਟ ਉਨ੍ਹਾਂ ਦੀ ਤਾਲ ਦੀ ਪੁਖ਼ਤਗੀ, ਇਸ ਉਮਰੇ ਵੀ ਸੈਂਕੜੇ ਕਿਸਮ ਦੀਆਂ ਅਦੁੱਤੀ ਬੰਦਸ਼ਾਂ ਅਤੇ ਚੀਜ਼ਾਂ ਦਾ ਖ਼ਜ਼ਾਨਾ ਉਹ ਵੀ ਮੂੰਹ ਜ਼ੁਬਾਨੀ ਯਾਦ ਅਤੇ ਬਿਖੜੇ ਤੋਂ ਬਿਖੜੇ ਸੁਰ ਸਰਗਮ ਦੀ ਵੀ ਸਰਲਤਾ ਨਾਲ ਅਦਾਇਗੀ - ਇਹ ਚੀਜ਼ਾਂ ਕੁੱਲ ਮਿਲਾ ਕੇ ਮੇਰੇ ਲਈ ਬੜਾ ਕੁਝ ਸਨ। ਨਿਰਸੰਦੇਹ ਲੰਡਨ ਦੀ ਅੱਜ ਦੀ ਇਹ ਇਕ ਯਾਦਗਾਰੀ ਅਤੇ ਇਤਿਹਾਸਕ ਸ਼ਾਮ ਸੀ।

# ਸੰਗੀਤ ਦੀ ਸ਼ਬਦਾਵਲੀ

ਸ਼ਾਸਤ੍ਰੀ ਸੰਗੀਤ ਦੀ ਆਪਣੀ ਹੀ ਸ਼ਬਦਾਵਲੀ (terminology) ਹੈ, ਜਿਸਦੀ ਵਧੇਰੇ ਸਮਝ ਸੂਝ ਨਾਲ ਹੀ ਇਸਦੀ ਵਿਵਿਧ ਅਤੇ ਸੂਖਮ ਸੁਗੰਧੀ ਮਾਣੀ ਜਾ ਸਕਦੀ ਹੈ। ਸਾਡੇ ਸੰਗੀਤ ਨੇ ਕਿਉਂਕਿ ਕੁਝ ਬਾਹਰੀ ਬਦੇਸ਼ੀ ਪ੍ਰਭਾਵਾਂ ਨੂੰ ਵੀ ਕਬੂਲਿਆ, ਇਸ ਲਈ ਇਸ ਵਿਚ ਕੁਝ ਹੋਰਨਾਂ ਜ਼ੁਬਾਨਾਂ ਦੇ ਸ਼ਬਦ ਵੀ ਸਮੋ ਗਏ। ਹੇਠ ਅਸੀਂ ਕੁਝ ਤਕਨੀਕੀ ਸ਼ਬਦਾਵਲੀ ਦਾ ਨੇੜਲੇ ਢੁੱਕਵੇਂ ਭਾਵ ਦੇਣ ਵਾਲੇ ਸ਼ਬਦਾਂ ਦੁਆਰਾ ਉਲਥਾ ਜਿਹਾ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਸ ਨਾਲ ਸ਼ਬਰੇ ਸਾਧਾਰਨ ਪਾਠਕ-ਜਨ ਵੀ ਸਾਡੇ ਸੰਗੀਤ ਦੇ ਸੌਂਦਰਯ ਨੂੰ ਵਧੇਰੇ ਮਾਣ ਸਕਣ।

| | | |
|---|---|---|
| ਅਲਾਪ (ਰਾਗ ਦਾ ਸ਼ੁਰੂਆਤੀ ਆਰੰਭ-ਅਰਦਾਸੀ ਅਰਜ਼ੋਈ ਭਾਵਨਾ ਸਹਿਤ) | : | Spiritual or sensuous expression of notes |
| ਮੀਂਡ/ਸੂਤ | : | Glissando /Glide |
| ਸੁਰਾਂ ਦਾ ਰਚਾਓ/ ਸੱਚੇ ਸੁਰਾਂ ਦਾ ਲਗਾਓ/ਸ਼ੁਅਲਾ | : | Purity of Intonation |
| ਸ਼ਰੁੱਤੀਆਂ ਦੀ ਵਰਤੋਂ | : | Microtonal music |
| ਮੁਰਕੀ/ਹਰਕਤ/ਜ਼ਮਜ਼ਮਾ | : | Shake, trill, graces or quivers |
| ਕਣ-ਸੁਰ ਛੁਹ ਦੀ ਹਲਕੀ ਜਿਹੀ ਝਲਕ | : | Touch note |
| ਲਹਿਰਾ | : | Repetitive cyclic phrases or lines |
| ਤਾਨ | : | Tonal passages of phrases |
| ਪਕੜ ਤਾਨ | : | Catch phrase |
| ਫਿਰਤ ਤਾਨ | : | Intricate flurry of tonal passages, curbaceous or convulsive production of voice |
| ਲਯਕਾਰੀ | : | Fast rhythm passages |
| ਆਕਾਰ | : | Mode of vocal intonation |
| ਬੜ੍ਹਤ/ਬਹਿਲਾਵੇ | : | Delineation/modulation/ inflection |



www.sikhbookclub.com

| | |
|---|---|
| ਬੋਲ-ਤਾਨ | : Taans sung to syllables of text |
| ਰਾਗ ਦਾ ਸਹੀ ਸਰੂਪ ਬਣਾਉਣ/ ਵਿਖਾਲਣ ਦੀ ਤਰਕੀਬ/ਢੰਗ | : Tonal forms |
| ਆਵਾਜ਼ ਦੀ ਲੋਚ/ਲਚਕ | : Resilience/elasticity |
| ਰਾਗ ਦਾ ਸਰੂਪ | : Image form |
| ਰਾਗ ਦਾ ਪਿੰਜਰ/ਬੁੱਤ | : Imagery/Skeleton |
| ਰਸ/ਭਾਵ | : Emotional content |
| ਰੰਗ ਆਮੇਜ਼ੀ/ਰੰਗਤ ਦੇਣੀ | : Colour compositon |
| ਬੋਲ | : Vocables |
| ਲਾਗ-ਡਾਟ—ਸਾਜ਼ਿੰਦਿਆਂ ਦੀ ਗਾਇਕ ਨਾਲ ਲੜੰਤ-ਭਿੜੰਤ— ਸਟੇਜ 'ਤੇ ਮੁਕਾਬਲਾਬਾਜ਼ੀ/ਦੰਗਲ | : Syncopation |
| ਦਰੁੱਤ ਲਯ | : Tempo allegro |
| ਗਿਰ੍ਹਾ ਲਗਾਉਣੀ (ਕੱਵਾਲੀ ਵਿਚ) | : Inserted verse |
| ਬੋਲ-ਵੰਡ | : Use of text (bols) for purposes of rhythmic play |
| ਜਵਾਹਰੀ (ਸਿਤਾਰ) | : Bone-bridge |
| ਡੰਡੀ/ਡਾਂਡ (ਸਿਤਾਰ) | : Cross-bar |
| ਕੱਦੂ (ਸਿਤਾਰ) | : Sound-board |
| ਖ਼ਾਲੀ—ਕਿਸੇ ਗਤ ਦੇ ਉਹ ਮਾਤਰੇ ਜਿਸ 'ਤੇ ਤਾਲੀ ਨਹੀਂ ਲਗਦੀ— ਖ਼ਾਲੀ ਹੁੰਦੇ ਹਨ | : Empty beat |
| ਵਿਲੰਬਤ—ਧੀਮੀ, ਹੌਲੀ | : Slow |
| ਦਰੁੱਤ—ਤੇਜ਼ | : Fast |
| ਚੀਜ਼/ਬੰਦਸ਼—ਕਿਸੇ ਰਾਗ ਵਿਚ ਬੰਨ੍ਹੀ ਹੋਈ ਸ਼ਾਇਰੀ | : Fixed song compositon |
| ਬੰਦਸ਼ਕਾਰ—ਵਾਗੇਅਕਾਰ | : Composer of musical compositon |
| ਸੱਟਾ (ਤਾਨ) (ਤਿੰਨ ਸਪਤਕ ਦੀ ਤਾਨ ਨੂੰ ਸੱਟਾ ਆਖਦੇ ਹਨ) | : Rehmat Haddu Khan was a great master of producing such Taans |

# ਗੁਰੂ ਸਾਹਿਬਾਨ ਦੇ ਰਾਗੀ ਰਬਾਬੀ

| *ਗੁਰੂ ਸਾਹਿਬਾਨ* | *ਰਾਗੀ/ਰਬਾਬੀ* | *ਹਕੂਮਤ* |
|---|---|---|
| 1. ਗੁਰੂ ਨਾਨਕ ਦੇਵ ਜੀ (1469 ਈ. - 1539 ਈ.) | ਭਾਈ ਮਰਦਾਨਾ (ਮੋਢੀ ਰਬਾਬੀ ਪ੍ਰੰਪਰਾ) | ਬਾਬਰ |
| 2. ਗੁਰੂ ਅੰਗਦ ਦੇਵ ਜੀ (1504 ਈ. - 1552 ਈ.) | ਭਾਈ ਸਜਾਦਾ, ਭਾਈ ਰਜ਼ਾਦਾ, ਭਾਈ ਸਾਦੂ, ਭਾਈ ਬਾਦੂ, ਭਾਈ ਸੱਤਾ-ਬਲਵੰਡ | ਬਾਬਰ |
| 3. ਗੁਰੂ ਅਮਰਦਾਸ ਜੀ (1479 ਈ. - 1574 ਈ.) | ਭਾਈ ਸੱਤਾ-ਬਲਵੰਡ, ਭਾਈ ਪਾਂਧਾ, ਭਾਈ ਬੂਲਾ ਰਬਾਬੀ | ਅਕਬਰ |
| 4. ਗੁਰੂ ਰਾਮਦਾਸ ਜੀ (1534 ਈ. - 1581 ਈ.) | ਭਾਈ ਅਬਦੁੱਲਾ, ਨੱਥ ਮੱਲ | ਅਕਬਰ |
| 5. ਗੁਰੂ ਅਰਜਨ ਦੇਵ ਜੀ (1563 ਈ. - 1606 ਈ.) | ਭਾਈ ਸੱਤਾ-ਬਲਵੰਡ, ਭਾਈ ਅਬਦੁੱਲਾ | ਜਹਾਂਗੀਰ |
| 6. ਗੁਰੂ ਹਰਿਗੋਬਿੰਦ ਜੀ (1595 ਈ. - 1644 ਈ.) | ਭਾਈ ਬਾਬਕ, ਭਾਈ ਛਬੀਲਾ, ਭਾਈ ਅਬਦੁੱਲਾ, ਪਰਸ ਰਾਮ | ਸ਼ਾਹ ਜਹਾਨ |
| 7. ਗੁਰੂ ਹਰਿਰਾਇ ਜੀ (1630 ਈ. - 1661 ਈ.) | ਭਾਈ ਬਾਬਕ, ਭਾਈ ਭਗਵਾਨ, ਭਾਈ ਫੇਰੂ | ਸ਼ਾਹ ਜਹਾਨ |


www.sikhbookclub.com

| ਗੁਰੂ ਸਾਹਿਬਾਨ | ਰਾਗੀ/ਰਬਾਬੀ | ਹਕੂਮਤ |
|---|---|---|
| 8. ਗੁਰੂ ਹਰਿਕ੍ਰਿਸ਼ਨ ਜੀ (1656 ਈ. - 1664 ਈ.) | ਭਾਈ ਗੁਲਾਬ, ਭਾਈ ਗੁਰਬਖ਼ਸ਼, ਭਾਈ ਭੈਲ, ਭਾਈ ਮਹੰਦ | ਔਰੰਗਜ਼ੇਬ |
| 9. ਗੁਰੂ ਤੇਗ ਬਹਾਦਰ ਜੀ (1621 ਈ. - 1675 ਈ.) | ਭਾਈ ਰੱਖੂ ਤੇ ਉਨ੍ਹਾਂ ਦਾ ਜਥਾ | ਔਰੰਗਜ਼ੇਬ |
| 10. ਗੁਰੂ ਗੋਬਿੰਦ ਸਿੰਘ ਜੀ (1666 ਈ. - 1708 ਈ.) | ਭਾਈ ਨੰਦ, ਭਾਈ ਚੰਦ, ਭਾਈ ਮੌਲੂ (ਭਾਈ ਮੌਲੂ ਦੇ ਦੋ ਬੇਟੇ ਭਾਈ ਸਜਾਦਾ ਤੇ ਭਾਈ ਰਜਾਦਾ ਗੁਰੂ ਮਹਾਰਾਜ ਜੀ ਦਾ ਦਰਬਾਰ ਛੱਡ ਕੇ ਅਫ਼ਗਾਨਿਸਤਾਨ ਚਲੇ ਗਏ ਸਨ ਅਤੇ ਫਿਰ ਓਥੇ ਹੀ ਉਨ੍ਹਾਂ ਵਫ਼ਾਤ ਪਾਈ ਸੀ।) | ਔਰੰਗਜ਼ੇਬ |

SIKHBOOKCLUB.COM

# ਕੁਝ ਵੱਡੇ ਰਬਾਬੀ ਖ਼ਾਨਦਾਨਾਂ ਦਾ ਪਰਿਵਾਰਕ ਪਿਛੋਕੜ ਜਾਂ ਸ਼ਜਰਾ ਨਸਬ

## ਖਡੂਰੀਏ ਰਬਾਬੀ

**ਮੁੱਢਲਾ ਪਰਿਵਾਰ ਨੰ: 1**

(ਸ੍ਰੀ ਖਡੂਰ ਸਾਹਿਬ ਤੋਂ ਥੋੜ੍ਹਾ ਪਹਿਲਾਂ)

ਮੀਰਜ਼ੀ ਭਾਈ ਮਰਦਾਨਾ ਜੀ

↓

ਭਾਈ ਸ਼ਾਹਜ਼ਾਦਾ - ਭਾਈ ਰਜ਼ਾਦਾ

(ਇਹ ਦੋਵੇਂ ਬੇਔਲਾਦੇ ਵਫ਼ਾਤ ਪਾ ਗਏ)

SIKHBOOKCLUB.COM

**ਪਰਿਵਾਰ ਨੰ: 2**

ਭਾਈ ਸੱਤਾ ਤੇ ਬਲਵੰਡ

↓

ਭਾਈ ਬਾਗ਼

↓

ਭਾਈ ਅਮੀਰ

(ਤਬਲਾ ਵਾਦਕ, ਸ੍ਰੀ ਖਡੂਰ ਸਾਹਿਬ)

↓

ਭਾਈ ਨਸੀਰਾ

(ਤਬਲਾ ਵਾਦਕ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ)

↓

ਰਈਸ ਅਲੀ

↓

ਭਾਈ ਵਧਾਵਾ, ਹੁਸੈਨ ਬਖ਼ਸ਼ - ਭਾਈ ਰਲੀਆ, ਹਾਕਮ ਅਲੀ

↓

ਸਿਰਾਜ - ਗ਼ੁਲਾਮ ਹੈਦਰ - ਮਿਰਾਜ - ਜ਼ੈਨਬ ਬੀਬੀ - ਅਤਰ ਬੀਬੀ - ਬੀਬੀ ਜਾਨਾ

 www.sikhbookclub.com

**ਪਰਿਵਾਰ ਨੰ: 3**

ਭਾਈ ਅਬਦੁੱਲਾ, ਨੱਥ ਮੱਲ

↓

ਮਾਸਟਰ ਗ਼ੁਲਾਮ ਹੈਦਰ

↓

ਮਾਸਟਰ ਚੰਨੇ

↓

ਭਾਈ ਮੁਖ਼ਤਾਰ
(ਤਬਲਾ ਵਾਦਕ, ਸ੍ਰੀ ਪੰਜਾ ਸਾਹਿਬ;
ਹੁਣ ਫ਼ੈਸਲਾਬਾਦ ਦੇ ਪ੍ਰਸਿੱਧ ਕੱਵਾਲ ਉਸਤਾਦ ਨੁਸਰਤ ਅਲੀ ਦੇ
ਪਰਿਵਾਰ ਦਾ ਤਬਲਚੀ)

## ਗਿੱਲੇ ਜਾਂ ਅੰਮ੍ਰਿਤਸਰੀਏ ਰਬਾਬੀ

**ਪਰਿਵਾਰ ਨੰ: 4**

ਭਾਈ ਬਾਬਕ
ਭਾਈ ਸਲੀਮ - ਭਾਈ ਕਰਮ ਮਿੱਠਾ,
ਭਾਈ ਛਤਰਾ - ਭਾਈ ਅਤਰਾ

↓

ਭਾਈ ਅਤਾ ਮੁਹੰਮਦ
(ਸ਼ਾਗਿਰਦ ਬੰਨੇ ਖ਼ਾਂ
ਗਵਾਲੀਅਰ ਘਰਾਣਾ)

↓

| | | |
|---|---|---|
| ਭਾਈ ਚਰਾਗ - ਕਰੀਮ ਬਖ਼ਸ਼ ---- | ਭਾਈ ਲਾਲ -------- | (ਭਾਈ ਲਾਲ ਦਾ ਸਹੁਰਾ ਪਰਿਵਾਰ) |
| ↓ | ↓ | **ਗੜ੍ਹਰੀਏ ਰਬਾਬੀ** |
| ਫ਼ਕੀਰ ਮੁਹੰਮਦ - ਫ਼ਿਰੋਜ਼ ਮੁਹੰਮਦ | ਨਿਸਾਰ ਹੁਸੈਨ, ਗ਼ੁਲਾਮ ਹਸਨ ਸ਼ਗਨ | ਨਿਆਮਤ ਖ਼ਾਂ, ਜਾਵੇਦ ਅਖ਼ਤਰ, ਸ਼ਾਹਦ-ਜ਼ਾਹਦ |
| ↓ | ↓ | ↓ |
| ਵਜ਼ੀਰ ਅਲੀ | ਕਾਦਰ, ਮਜ਼ਹਰ, ਅਜ਼ਹਰ, ਕਾਮਰਾਨ ਅਨਵਰ | ਭਾਈ ਮਹਿੰਗਾ |
| | | ↓ |
| | | ਤਾਰੀ ਖ਼ਾਂ ਤਬਲਾ ਨਵਾਜ਼, ਸ਼ਬੀਰ ਤਾਰੀ ਖ਼ਾਂ (ਹੁਣ ਅਮਰੀਕਾ ਵਿਚ) |


www.sikhbookclub.com

## ਮਨਾਵੀਏ ਜਾਂ ਮਨਾਵਾਂ ਵਾਲੇ ਰਬਾਬੀ

### ਪਰਿਵਾਰ ਨੰ: 5

ਭਾਈ ਬੁੱਢਾ ------- ਭਾਈ ਖ਼ੈਰ-ਭਾਈ ਲੱਭੂ

↓ ਭਾਈ ਗਾਮੂ

ਭਾਈ ਚਾਂਦ ------- ਭਾਈ ਸੁੰਦਰ ------- ਭਾਈ ਚਾਨਣ

ਮੁਰਾਦ ਅਲੀ -
ਗੁਲਜ਼ਾਰ ਅਲੀ -
ਨਿਸਾਰ ਅਲੀ

ਭਾਈ ਸੁੰਦਰ
↓
ਭਾਈ ਸ਼ਾਮ
(ਮੁਹੰਮਦ ਸ਼ਫ਼ੀ)
ਭਾਈ ਗਿਆਨ
(ਗ਼ੁਲਾਮ ਮੁਹੰਮਦ)

## ਲਾਹੌਰੀਏ ਰਬਾਬੀ

### ਪਰਿਵਾਰ ਨੰ: 6

ਭਾਈ ਕਾਲੂ
↓
ਭਾਈ ਸੋਧਾ
(ਦਰਬਾਰੀ ਮਹਾਰਾਜਾ ਰਣਜੀਤ ਸਿੰਘ)
↓
ਭਾਈ ਅਤਰਾ
↓
ਭਾਈ ਖੁਸ਼ੀਆ
↓
ਰਸ਼ੀਦ ਅਤਰੇ
↓
ਵਜਾਹਤ ਅਤਰੇ

ਭਾਈ ਵਧਾਵਾ
↓
ਆਗ਼ਾ ਫ਼ੈਜ਼
↓
ਆਗ਼ਾ ਕੁਰਬਾਨ ਅਲੀ
↓
ਆਗ਼ਾ ਜਾਨ ਮੁਹੰਮਦ
↓
ਉਸਤਾਦ ਕਾਲੇ ਖ਼ਾਂ
(? - 1985)
↓
ਸਿਬਤ ਹਸਨ
(ਵਾਇਲਨ)

ਆਗ਼ਾ ਵਲਾਇਤ
↓
ਆਗ਼ਾ ਜ਼ਹੂਰ
↓
ਗੌਹਰ ਅਲੀ
ਫ਼ਤਹਿ ਅਲੀ
(ਸਿਤਾਰ)
ਤਸੱਦਕ ਹੁਸੈਨ


www.sikhbookclub.com

## ਡੱਬੇ ਅੰਮ੍ਰਿਤਸਰੀਏ ਰਬਾਬੀ

**ਪਰਿਵਾਰ ਨੰ: 7**

ਭਾਈ ਵਸਾਵਾ
↓
ਭਾਈ ਮੁਹੰਮਦ ਹੁਸੈਨ
↓
ਜ਼ੁਲਫ਼ਕਾਰ ਅਲੀ

ਭਾਈ ਹਾਕਮ
↓
ਭਾਈ ਮੋਤੀ
ਸਾਈਂ ਅਖ਼ਤਰ ਹੁਸੈਨ (ਗਾਇਕ)
ਸਾਈਂ ਖ਼ਾਵਰ (ਗਾਇਕ)
ਸ਼ਨਾਵਰ ਹੁਸੈਨ ਤਬਲਾ
ਜਾਬਰ ਹੁਸੈਨ

## ਲਾਹੌਰੀਏ ਰਬਾਬੀ (ਖ਼ਾਨਦਾਨ ਦੂਜਾ)

**ਪਰਿਵਾਰ ਨੰ: 8**

ਭਾਈ ਸੌਂਧਾ
ਭਾਈ ਮਾਲੀ
ਤਰਬ ਅਲੀ ਉਰਫ਼ ਭਾਈ ਰੁੜੇ ਖ਼ਾਂ
(ਸ਼ਾਗਿਰਦ ਫ਼ਤਹਿ ਅਲੀ ਖ਼ਾਂ
ਕਰਨੈਲ ਸਾਹਿਬ)
ਗ਼ੁਲਾਮ ਹੁਸੈਨ ਖ਼ਾਂ
(ਗਾਇਕ)
ਅਮਜਦ ਸ਼ੌਖੀ
*ਰੁੜੇ ਖ਼ਾਂ ਦੇ ਸ਼ਾਗਿਰਦ :*
ਭਾਈ ਗਾਮ, ਭਾਈ ਹੁਸੈਨ ਬਖ਼ਸ਼ - ਰਫ਼ੀਕ ਗ਼ਜ਼ਨਵੀ
ਭਾਈ ਅਬਦੁੱਲ ਹੱਕ,
ਭਾਈ ਪੀਰਾਂ ਦਿੱਤਾ ਦੇ ਬੇਟੇ ਭਾਈ ਮਿਹਰ
ਭਾਈ ਮਿਹਰ ਦੇ ਬੇਟੇ—ਤੁਫ਼ੈਲ
ਫ਼ਾਰੂਕੀ - ਅਸਗਰ ਅਲੀ
ਅਕਰਮ ਫ਼ਾਰੂਕੀ (ਵਾਇਲਨ)
*ਭਾਈ ਮਿਹਰ ਦੇ ਸ਼ਾਗਿਰਦ :*
ਸ਼ਰੀਫ਼ ਹੁਸੈਨ - ਨਜ਼ਰ ਹੁਸੈਨ (ਸਰੋਦ)

ਭਾਈ ਅਬਦੁੱਲਾ ਉਰਫ਼ ਬੁੜੇ ਖ਼ਾਂ
ਦੇ ਸ਼ਾਗਿਰਦ
(ਸ਼ਾਗਿਰਦ ਉਸਤਾਦ ਵਜ਼ੀਰ ਖ਼ਾਂ
ਸੈਨੀਏ, ਰਾਮਪੁਰ ਰਿਆਸਤ)
↓
ਖ਼ਾਦਮ ਹੁਸੈਨ
(ਪਲੇ ਬੈਕ ਸਿੰਗਰ)
ਮੁਹੰਮਦ ਇਕਬਾਲ
(ਤਬਲਾ, ਰੇਡੀਓ ਪਾਕਿਸਤਾਨ
ਲਾਹੌਰ)
ਆਬਿਦ ਅਲੀ
(ਵਾਇਲਨ)


www.sikhbookclub.com

## ਦਿਓਕੇ ਜਾਂ ਪਟਿਆਲੀਏ ਰਬਾਬੀ

### ਪਰਿਵਾਰ ਨੰ: 9

| | | |
|---|---|---|
| ਭਾਈ ਕਾਲੂ | | |
| ਭਾਈ ਮਹਿਬੂਬ ਅਲੀ | ਭਾਈ ਬਰਕਤ ਅਲੀ | ਕਾਦਰ ਫ਼ਰੀਦੀ |
| (ਸਿਤਾਰ ਨਵਾਜ਼) | ਅਬਦੁੱਲ ਗ਼ਨੀ | (ਗਾਇਕ) |
| ਫ਼ਤਹਿ ਅਲੀ ਖ਼ਾਂ (ਸਿਤਾਰ) | ਜੀ.ਐੱਮ. ਫ਼ਰੀਦੀ | ↓ |
| ਮੁਹੰਮਦ ਨਫ਼ੀਸ - | ਭਾਈ ਰਹਿਮਤ ਅਲੀ | ਖ਼ਾਲਦ ਫ਼ਰੀਦੀ |
| ਮੁਹੰਮਦ ਅਦਰੀਸ | ਫ਼ੈਜ਼ ਫ਼ਰੀਦ (ਸਰੋਦ) | |
| ਮੁਹੰਮਦ ਰਈਸ | ਤਸਕੀਨ ਫ਼ਰੀਦੀ (ਗਿਟਾਰ) | |
| ਭਾਈ ਉੱਤਮ ਅਲੀ | ਭਾਈ ਛੱਜੂ ਖ਼ਾਂ | |
| | ਜ਼ਹੀਰ ਪਟਿਆਲਵੀ (ਵਾਇਲਨ) | |
| ਭਾਈ ਹੁਸੈਨ ਬਖ਼ਸ਼ | ਭਾਈ ਲਾਲ ਦੀਨ | |
| ਉਸਤਾਦ ਉਲਫ਼ਤ ਅਲੀ - | ਭਾਈ ਫ਼ੈਲਾ | |
| ਸਾਦਕ ਅਲੀ | ਅਬਦੁੱਲ ਗ਼ਨੀ, | |
| ਤਸੱਦਕ ਹੁਸੈਨ - | ਜਾਵੇਦ ਇਕਬਾਲ- | |
| ਮਜ਼ਹਰ ਅਲੀ, ਮੁਹੰਮਦ ਅਲੀ, | ਹਨੀਫ਼-ਡੋਨੀ | |
| ਜ਼ਫ਼ਰ ਅਲੀ | | |

SIKHBOOKCLUB.COM

## ਕਪੂਰਥਲੀਏ ਰਬਾਬੀ

### ਪਰਿਵਾਰ ਨੰ: 10

ਮੋਢੀ : ਸਰਦਾਰ ਜੱਸਾ ਸਿੰਘ ਆਹਲੂਵਾਲੀਆ
(ਪ੍ਰਤਿਪਾਲਕ ਕੀਰਤਨਕਾਰ; 1718 ਈ. - 1783 ਈ.)

| | | |
|---|---|---|
| ਸਾਈਂ ਅਲਿਆਸ | ----- | ਪੰਡਿਤ ਸੁਧਾਰਕ ਦਿਨਕਰ |
| ਭਾਈ ਬਰਕਤ ਅਲੀ ਉਰਫ਼ ਬੱਕੋ | | |
| (ਸ਼ਾਗਿਰਦ ਸਾਈਂ ਅਲਿਆਸ) | | |
| ਭਾਈ ਮਹਿਬੂਬ ਅਲੀ ਉਰਫ਼ | ----- | ਭਾਈ ਬੋਗਾ |
| ਬੂਬਾ ਰਬਾਬੀ | | ↓ |
| | | ਖ਼ਾਦਮ ਹੁਸੈਨ - ਤਾਲਿਬ ਹੁਸੈਨ, |
| | | ਜ਼ਹੂਰ ਹੁਸੈਨ |
| | | ਪ੍ਰੋ. ਵਲੀ ਮੁਹੰਮਦ |
| | | ਤੁਫ਼ੈਲ ਨਿਆਜ਼ੀ |
| | | ਬਾਬਰ ਨਿਵਾਜ਼ੀ - ਜਾਵੇਦ |
| | | ਨਿਆਜ਼ੀ |

(ਨੋਟ : ਉਪਰੋਕਤ ਸ਼ਜਰਿਆਂ ਵਿੱਚੋਂ ਪੀੜ੍ਹੀ-ਦਰ-ਪੀੜ੍ਹੀ ਕੁਝ ਲੜੀਆਂ-ਕੜੀਆਂ ਗ਼ਾਇਬ ਵੀ ਹਨ।)


www.sikhbookclub.com